
ਬਸੰਤ ਅੰਕ

ਸਤਿਜੁਗ

੧੯੯੬





ਰਹਿਤਨਾਮਾ
ਪਾਤਸ਼ਾਹੀ ੧੨

"....ਹੋਰ ਜੀ ਕਿਸੇ ਨੇ ਮੰਦਾ ਫਿਕਾ ਨਹੀਂ ਬੋਲਣਾ। ਖਿਮਾ ਕਰਨੀ ਬੋਲੁ ਕੁਬੋਲੁ ਸਹਿ ਜਾਣਾ ਸਭਦਾ। ਜੋ ਕੋਈ ਮਾਰੇ ਕੁਛੁ ਤਾ ਭੀ ਖਿਮਾ ਕਰਨੀ ਤੁਸਾ ਦਾ ਰਛਕ ਗੁਰੂ ਹੈ।"

".... ਜੋ ਕੋਈ ਮੰਦਾ ਕਰਮੁ ਕਰੇ ਜਾਰੀ ਚੋਰੀ ਤਾ ਕਿਸੇ ਥਾਂ ਦੁਆਨ ਬਿਚ ਨਹੀ ਬੜਨ ਦੇਣਾ। ਜੇਕਰ ਜੋਰਾਬਰ ਹੋਵੇ ਤਾਂ ਸਭਨਾਂ ਨੇ ਏਹੁ ਅਰਦਾਸ ਕਰਨੀ ਜੀ ਏਹ ਆਦਮੀ ਏਥੇ ਆਉਣ ਜੋਗਾ ਈ ਨਾ ਰਹੇ।

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ ੧੯੭੭ (੧੯੨੦ ਈ:) ਤੋਂ ਸਥਾਪਿਤ

ਸਤਿਜੁਗ

ਬਸੰਤ ਅੰਕ ੨੦੫੨

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

ਚੜਿਆ ਸਦਾ ਬਸੰਤੁ

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ॥
ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ॥੧॥
ਭੋਲਿਆ ਹਉਮੈ ਸੁਰਤਿ ਵਿਸਾਰਿ॥ ਹਉਮੈ ਮਾਰਿ ਬੀਚਾਰਿ
ਮਨ ਗੁਣ ਵਿਚਿ ਗੁਣੁ ਲੈ ਸਾਰਿ॥੧॥ ਰਹਾਉ॥
ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥
ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ॥ ੨॥
ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ॥
ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨੁ॥ ੩॥
ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ॥ ਨਾਨਕ ਹਰੇ
ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ॥੪॥੧॥ ਬਸੰਤੁ ਮਹਲਾ ੧॥

ਸਤਿਜੁਗ

ਬਸੰਤ ਅੰਕ ੨੦੫੨

੨੪ - ੩੦ ਫਗਣ ੨੦੫੨
(੭-੧੩ ਮਾਰਚ ੧੯੯੬)
ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੧
ਜਿਲਦ - ੪
ਨੰਬਰ - ੮

ਸਤਿਜੁਗ
ਨਾਮਧਾਰੀ ਧਰਮਸ਼ਾਲਾ, ਰਮੇਸ਼ ਨਗਰ,
ਨਵੀਂ ਦਿੱਲੀ-੧੧੦੦੧੫
ਫ਼ੋਨ : ੩੨੮੬੭੯੨, ੨੨੪੨੫੫੨

ਐਡੀਟਰ, ਛਾਪਕ ਤੇ ਪ੍ਰਕਾਸ਼ਕ :
ਮਾਸਟਰ ਨਿਹਾਲ ਸਿੰਘ ਦੇ ਪ੍ਰਬੰਧ ਨਾਲ,
ਵਿਜੇਤਾ ਪ੍ਰਿੰਟਿਗ ਪ੍ਰੈਸ,
ਨਵੀਂ ਦਿੱਲੀ - 2 ਵਿੱਚ ਛਪਿਆ,
ਦਫਤਰ ਸਤਿਜੁਗ, ਨਾਮਧਾਰੀ ਧਰਮਸ਼ਾਲਾ,
ਰਮੇਸ਼ ਨਗਰ, ਨਵੀਂ ਦਿੱਲੀ-੧੧੦੦੧੫
ਤੋਂ ਪ੍ਰਕਾਸ਼ਤ ਹੋਇਆ
(ਨਾਮਧਾਰੀ ਦਰਬਾਰ ਵਾਸਤੇ)

THE SATJUG,
Namdhari Dharamsala,
Ramesh Nagar,
New Delhi.-110015
RNI No. 55658/93-------
Postal Regd. No. DL-11303/96
Licence No. U(C)- 169/96 to
post without pre-payment at
New Delhi PSO.

ਇਕ ਸਾਲ : ਦੇਸ- ੧੦੦ ਰੁ.
ਪ੍ਰਦੇਸ -੨੦ ਪੌਂਡ
ਪੰਜ ਸਾਲ : ਦੇਸ- ੪੦੦ ਰੁ.
ਪ੍ਰਦੇਸ- ੮੦ ਪੌਂਡ

Designed and Typeset at :
CADCON, New Delhi
Ph. : 5505283, 5524527

ਪੱਤਰ ਵਿਹਾਰ ਦਾ ਪਤਾ:
ਮੈਨੇਜਰ ਸਤਿਜੁਗ
੧੦, ਦਰਿਆ ਗੰਜ
ਨਵੀਂ ਦਿੱਲੀ-੧੧੦੦੦੨

ਤਤਕਰਾ

Ram Singh has no pretention to be the saintly Fakir. He visits you attended by half a dozen horsemen, he is followed by scores of men on foot; he comes into your room surrounded by a Court like a prince. He and his people are dressed in exquisitely fine white clothes.

(J.W. Macnabb,
Commissioner Ambala,
4-11-1871.)

ਇਹ ਅੰਕ ਪੜ੍ਹ ਕੇ ਦੱਸੋ ਨਾ!

ਸਤਿਜੁਗ ਤੋਂ ਸਿੱਖ ਗੁਰੂ ਪਰੰਪਰਾ ਰਹੀ ਹੈ। ਸਿੱਖ ਆਪਣੇ ਸਤਿਗੁਰੂ ਦੀ ਮਹਿਮਾ ਕਰਦਾ, ਸੁਣਦਾ ਕਦੀ ਵੀ ਨਹੀਂ ਥੱਕਿਆ। ਜਿਵੇਂ ਕਈ ਬਸੰਤਾਂ-ਬਹਾਰਾਂ ਹੰਢਾਉਣ ਬਾਅਦ ਵੀ ਬਸੰਤ ਦੀ ਉਡੀਕ ਸਦਾ ਖਿੜੇ ਮੱਥੇ ਕਰੀਦੀ ਹੈ ਉਸੇ ਤਰ੍ਹਾਂ ਸਤਿਗੁਰ ਦਾ ਇਤਿਹਾਸ ਪੜ੍ਹ ਸੁਣ ਕੇ ਚਿੱਤ ਨਹੀਂ ਰੱਜਦਾ।

ਸਤਿਜੁਗ ਪਿਛਲੇ ੭੫ ਸਾਲਾਂ ਤੋਂ ਕਲਿਜੁਗ ਵਿਚ ਸਤਿਜੁਗ ਵਰਤਾਉਣ ਵਾਲੇ ਸਤਿਗੁਰ ਸੱਚੇ ਪਾਤਸ਼ਾਹ ਜੀ ਦੀ ਸੋਭਾ ਕਰਦਾ ਆ ਰਿਹਾ ਹੈ, ਫਿਰ ਵੀ ਇਸਦੇ ਬਸੰਤ ਵਿਸ਼ੇਸ਼ ਅੰਕ ਦੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਵਸ ਬਸੰਤ ਪੰਚਮੀ ਦਾ ਹੋਣ ਕਰਕੇ ਨਿਵੇਕਲੀ ਹੀ ਥਾਂ ਹੈ ਤੇ ਉਡੀਕ ਰਹੀ ਹੈ।

ਇਸ ਵਾਰ ਦਾ ਅੰਕ ਇਤਿਹਾਸਿਕ ਮਹੱਤਤਾ ਤੇ ਮਰਯਾਦਾ ਸੰਬੰਧੀ ਸਮੱਗਰੀ ਸਮੋਏ ਹੋਏ ਪਾਠਕਾਂ ਸਾਹਮਣੇ ਹਾਜ਼ਰ ਹੈ। ਇਸ ਸਮੱਗਰੀ ਦਾ ਆਦਿ ਨਾਮ ਅਤੇ ਗੁਰੂ ਦੀ ਮਹਿਮਾਂ ਨਾਲ ਜੁੜਦਾ ਹੈ ਤੇ ਵਰਤਮਾਨ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਜੀ ਨਾਲ ਜਿਨ੍ਹਾਂ ਦਾ ਇਸ ਸਾਲ ਦੇ ਦੌਰਿਆਂ ਜਾਂ ਉਹਨਾਂ ਦੇ ਵਿਸ਼ੇਸ਼ ਵਿਅਕਤੀਆਂ ਨੂੰ ਦਰਸ਼ਨ ਦੇਣ ਦਾ ਨਮੂਨਾ ਟਾਈਟਲਾਂ ਦੀਆਂ ਤਸਵੀਰਾਂ ਪੇਸ਼ ਕਰਦੀਆਂ ਹਨ।

ਇਸ ਵਰ੍ਹੇ ਵਿੱਚ ਸਤਿਗੁਰੂ ਹਰਿਗੋਬਿੰਦ ਜੀ ਦੇ ਪ੍ਰਕਾਸ਼ ਦਿਵਸ ਦੀ ਚੌਥੀ ਸਦੀ ਸਮਾਪਤ ਹੋ ਚੁੱਕੀ ਹੈ ਸੋ ਉਹਨਾਂ ਪ੍ਰਤੀ ਸ਼ਰਧਾ ਸਤਿਕਾਰ ਲਈ ਵੀ ਕੁਝ ਲੇਖ, ਉਹਨਾਂ ਦੀ ਮੀਰੀ ਅਤੇ ਪੀਰੀ ਦੀ ਮਹਿਮਾ ਨੂੰ ਪੇਸ਼ ਕਰਦੇ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਇਤਿਹਾਸ ਹੁਣ ਵਿਦਿਆਰਥੀਆਂ ਲਈ ਤਿਆਰ ਪਾਠ ਪੁਸਤਕਾਂ ਰਾਹੀਂ ਵੀ ਉਜਾਗਰ ਕੀਤਾ ਜਾ ਰਿਹਾ ਹੈ। ਜਿਸਨੂੰ ਆਪਣੇ ਪਾਠਕਾਂ ਨਾਲ ਸਾਂਝਾ ਕਰਨ ਲਈ ਸੁਖਦੇਵ ਮਾਦਪੁਰੀ ਅਤੇ ਪਿਆਰਾ ਸਿੰਘ ਦਾਤਾ ਹੁਰਾਂ ਦੀਆਂ ਅਤੇ ਇਕ ਹਿੰਦੀ ਦੀ ਪੰਜਾਬ ਸਕੂਲ ਸਿਖਿਆ ਬੋਰਡ ਵਲੋਂ ਛਾਪੀਆਂ ਰਚਨਾਵਾਂ ਦੁਬਾਰਾ ਛਾਪੀਆਂ ਜਾ ਰਹੀਆਂ ਹਨ।

ਗੁਰਸਿੱਖ ਨੂੰ ਮਾਸ ਮਿੱਟੀ ਨਾਲ ਦੂਰ ਦਾ ਰਿਸ਼ਤਾ ਵੀ ਨਾ ਰੱਖਣ ਬਾਰੇ ਦੱਸਣ ਲਈ ਲੋੜੀਂਦੀ ਸਮੱਗਰੀ ਵੀ ਇਸ ਅੰਕ ਵਿਚ ਦਿੱਤੀ ਗਈ ਹੈ।

ਇਸ ਅੰਕ ਨੂੰ ਜਿਨ੍ਹਾਂ ਲੇਖਕਾਂ, ਕਵੀਆਂ ਦੀਆਂ ਰਚਨਾਵਾਂ ਨੇ ਸ਼ਿੰਗਾਰਿਆ ਹੈ ਉਹਨਾਂ ਦੇ ਸਹਿਯੋਗ ਦਾ ਬਹੁਤ ਬਹੁਤ ਧੰਨਵਾਦ। ਸਤਿਜੁਗ ਦੇ ਸਟਾਫ ਦੀ ਦਿਨ ਰਾਤ ਦੀ ਮਿਹਨਤ ਹੀ ਇਹ ਅੰਕ ਤੁਹਾਡੇ ਹੱਥਾਂ ਤਕ ਪਹੁੰਚਣ ਵਿਚ ਸਹਾਈ ਹੋਈ ਹੈ। ਸ੍ਰ. ਹਰਵਿੰਦਰ ਸਿੰਘ 'ਹੰਸਪਾਲ' ਨੇ ਆਪਣੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਵਿਚਰਨ ਦੇ ਅਣਗਿਣਤ ਰੁਝੇਵਿਆਂ ਦੇ ਬਾਵਜੂਦ ਇਸ ਅੰਕ ਦੀ ਵਿਉਂਤਬੰਦੀ ਲਈ ਉਚੇਚਾ ਸਮਾਂ ਦਿੱਤਾ ਅਤੇ 'ਸਟਾਫ ਦਾ ਮਾਰਗ ਦਰਸ਼ਨ ਕੀਤਾ ਹੈ।

ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਇਹ ਕਾਰਜ ਕਿਵੇਂ ਕਰਵਾਇਆ ਹੈ, ਆਪਣੀ ਮਹਿਮਾ ਉਹੀ ਜਾਣਦੇ ਹਨ। ਹਾਂ! ਇਹ ਅੰਕ ਕਿਹੋ ਜਿਹਾ ਲੱਗਾ ਤੁਸੀਂ, ਪਾਠਕ, ਪੜ੍ਹ ਕੇ ਹੀ ਦੱਸੋਗੇ ਨਾ!

ਤੁਹਾਡੇ ਹੁੰਗਾਰੇ ਦੀ ਉਡੀਕ ਰਹੇਗੀ।

–ਤਾਰਾ ਸਿੰਘ ਅਨਜਾਣ

ਪ੍ਰਵਚਨ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸਤਿਗੁਰੂ ਜੀ ਦੇ ਦਰਸ਼ਨ ਨਮਿਤ ਨਾਮ ਸਿਮਰਨ ਤੇ ਪਾਠ ਕਰੋ

ਤੁਸੀਂ ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮੇਂ ਪੜ੍ਹਦੇ ਸੁਣਦੇ ਹੋ। ਸਤਿਗੁਰੂ ਪਰਤਾਪ ਸਿੰਘ ਸੱਚੇ ਪਾਤਸ਼ਾਹ ਦਾ ਉਪਦੇਸ਼ ਸੁਣਿਐ– ਬਾਰ ਬਾਰ ਸੁਣਦੇ ਹੋ। ਬਾਣੀ ਵਿਚ ਸਾਰੇ ਗੁਰੂ ਸਾਹਿਬਾਂ ਨੇ ਨਾਮ ਦੀ ਮਹਿਮਾ ਲਿਖੀ ਐ। ਸਾਰੇ ਗੁਰੂ ਸਾਹਿਬਾਂ ਨੇ ਨਾਮ ਜਪਾਇਆ– ਭਜਨ ਕਰਾਇਆ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਨਾਮ ਬਾਣੀ ਨੂੰ ਬਹੁਤ ਸਰੰਜਾਮਿ ਦਿੱਤਾ ਹੈ। ਸਤਿਗੁਰੂ ਪਰਤਾਪ ਸਿੰਘ ਸੱਚੇ ਪਾਤਸ਼ਾਹ ਨੇ ਬਾਣੀ ਸ਼ੁੱਧ ਕਰਾਈ ਹੈ। ਇਕ ਵੇਰਾਂ ਫਰੀਦ ਜੀ, ਸੰਤ ਹਾਕਮ ਸਿੰਘ ਜੀ, ਹੋਰ ਜਿਹੜੇ ਸਾਧੂ ਸਨ ਵੱਡੇ ਵੱਡੇ, ਪਾਠ ਕਰਾਇਆ ਸਾਰਾ ਸਤਿਗੁਰਾਂ ਨੇ। ਪਾਠ ਉਹਨਾਂ ਦਾ ਸ਼ੁੱਧ ਕਰਵਾ ਦਿੱਤਾ। ਉਹਨਾਂ ਆਖਿਆ–ਸੱਚੇ ਪਾਤਸ਼ਾਹ ਤੁਸੀਂ ਬੜੀ ਕਿਰਪਾ ਕੀਤੀ ਹੈ–ਪਾਠ ਸ਼ੁਧ ਕਰਵਾਇਆ ਹੈ। ਸੱਚੇ ਪਾਤਸ਼ਾਹ ਆਖਿਆ– ਮੈਂ ਭੀ ਕੁਝ ਮੰਗਦਾ ਹਾਂ। ਉਹਨਾਂ ਆਖਿਆ– ਦੱਸੋ ਕੀ ਚਾਹੀਦੈ? ਸਤਿਗੁਰਾਂ ਆਖਿਆ–ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਚਾਹੀਦੇ ਐ। ਸੋ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ (ਸਤਿਗੁਰਾਂ ਦੇ ਹੁਕਮ ਅਨੁਸਾਰ) ਜਿਨ੍ਹਾਂ ਸਰਬੰਸ ਲਾਉਣੈ, ਕੁਰਬਾਨੀ ਕਰਨੀ ਐ, ਉਹ ਸਾਡੇ ਵਾਸਤੇ ਨਾਮ ਸਿਮਰਨ ਤੇ ਭਜਨ ਬੰਦਗੀ ਕਰੋ।

ਬੜੀ ਕਿਰਪਾ ਸਾਧ ਸੰਗਤ ਉੱਤੇ ਏ। ਅਜ ਮੈਂ ਅਰਦਾਸ 'ਚ ਸੁਣਿਆ ਸੀ, ਪਤਾ ਨਹੀਂ ਕਿੰਨੇ ਹਜ਼ਾਰ ਭਜਨ ਤੇ ਭਗਉਤੀਆਂ ਦੀਆਂ ਮਾਲਾ ਹੋਈਆਂ ਨੇ। ਸੋ ਜਿਸ ਵੇਲੇ ਥਾਂ ਤਰੱਕੀ ਵਿਚ ਆ ਜਾਂਦੈ, ਉਹਨੂੰ ਅਗੋਂ ਹੋਰ ਤਰੱਕੀ ਦੀ ਲੋੜ ਹੁੰਦੀ ਹੈ। ਤੁਸੀਂ ਵੇਖਿਆ ਐ ਐਥੇ (ਸ੍ਰੀ ਭੈਣੀ ਸਾਹਿਬ ਵਿਚ) ਕਦੇ ਸਮਾਂ ਸੀ, ਕੋਈ ਸਫ ਨਹੀਂ ਸੀ ਲਭਦੀ, ਕੋਈ ਡੇਰਾ ਨਹੀਂ ਸੀ ਲਭਦਾ, ਕਮਰਾ ਨਹੀਂ ਸੀ ਲਭਦਾ। ਅਜ ਜਿੰਨੇ ਕਮਰੇ ਬਣ ਗਏ ਨੇ, ਸਾਰੇ ਥੋੜ੍ਹੇ ਹੋ ਗਏ ਨੇ। ਹੋਰਨਾਂ ਦੀ ਲੋੜ ਹੈ। ਇਸੇ ਤਰ੍ਹਾਂ ਜਿੰਨਾਂ ਭਜਨ ਬਾਣੀ ਕੀਤਾ ਹੈ ਉਹ ਬਹੁਤ ਹੈ। ਸਾਧ ਸੰਗਤ ਇਸ ਤੋਂ ਹੋਰ ਵੱਧ ਕਰੇ।

ਨਾਮ ਦਾ ਛੱਟਾ

■ ਬਾਬਾ ਸੰਤੋਖ ਸਿੰਘ ਬਾਹੂਵਾਲ

ਮੈਣ ਦੋਆਬ ਦੀ ਮਾਈ-ਏਕ ਮਾਈ ਆਈ। ਚਰਨਾਂ ਪਰ ਸੀਸ ਨਿਵਾਇਆ। ਹਾਥ ਜੋੜ ਕੇ ਅਰਜ਼ ਕੀਤੀ ਜੀ ਮੈਂ ਜਸ ਸੁਣ ਕੇ ਆਈ ਹਾਂ। ਤੁਸੀਂ ਗੱਦੀ ਪਰ ਬੈਠੇ ਹੋ, ਮੈਨੂੰ ਭੀ ਭਜਨ ਮਿਲੇ। ਮੈਂ ਦੂਰੋਂ ਚਲ ਕੇ ਆਈ ਹਾਂ। ਦੁਨੀਆਂ ਕਹਿੰਦੀ ਹੈ ਜਿਸਨੂੰ ਭਜਨ ਦਿੰਦੇ ਹਨ, ਕੰਨ ਵਿਚ ਫੂਕ ਮਾਰਦੇ ਹੈਂ, ਉਸੀ ਵਕਤ ਸਰੀਰ ਕੀ ਸੁਧ ਬੁਧ ਭੁਲ ਜਾਂਦੀ ਹੈ। ਮਸਤ ਹੋਇ ਜਾਂਦਾ ਹੈ। ਸ਼ਬਦ ਪੜਦਾ ਹੈ, ਖੇਡਣ ਲਗ ਪੈਂਦਾ ਹੈ। ਖਵਰੇ ਕੀ ਮੰਤਰ ਕੰਨ ਵਿਚ ਸੁਣਾਉਂਦੇ ਹਨ ਸਰੀਰ ਕੀ ਤਾਸੀਰ ਬਦਲ ਜਾਂਦੀ ਹੈ। ਰੰਗ ਭੀ ਵੱਟ ਜਾਂਦਾ ਹੈ। ਔਖ ਕੇ ਝਮਕੇ ਮੇਂ ਮੰਤਰ ਸੁਣਾਇਕੇ ਕਮਲਾ ਕਰ ਦਿੰਦੇ ਹਨ। ਮਾਈ ਨੇ ਕਹਾ ਜੀ ਏਸ ਤਰ੍ਹਾਂ ਕੀ ਉਪਮਾ ਤੇਰੇ ਪੰਥ ਕੀ ਹੋ ਰਹੀ ਹੈ। ਮੈਂ ਭੀ ਸੁਣ ਕੇ ਆਈ ਹਾਂ। ਮੇਰਾ ਜਨਮ ਮਰਨ ਕੱਟ ਦਿਓ। ਚੁਰਾਸੀ ਕੀ ਫਾਂਸੀ ਮੇਰੀ ਕੱਟੀ ਜਾਵੇ। ਮੇਰੀ ਵਾਸ਼ਨਾ ਪੂਰੀ ਕਰੋ। ਉਸ ਮਾਈ ਕੀ ਬੇਨਤੀ ਸੁਣ ਕੇ ਮੇਹਰਬਾਨ ਹੋਇਕੇ ਭਜਨ ਸੁਣਾਇਆ ਸਤਿਗੁਰੂ ਜੀ ਨੇ। ਸੰਗਤ ਨਾਲ ਰਲਾਈ। ਬਚਨ ਕੀਤਾ ਕਿਸੇ ਨੂੰ ਦਸੀਂ ਨਾ ਨਾਮ ਸੁਣਦੇ ਸਾਰ ਸ਼ਾਂਤ ਆਇ ਗਈ।

ਸਿੰਘ ਸੁਣ ਕੇ ਦੂਰੋਂ ਦੂਰੋਂ ਆਏ। ਬਹੁਤ ਖਾਲਸਾ ਇਕੱਠਾ ਹੋਇਆ। ਸਿੰਘਾਂ ਕੋ ਦੇਖ ਕੇ ਫਰੰਗੀਆਂ ਕੋ. ਭੀ ਭੈ ਪ੍ਰਾਪਤ ਹੂਆ। ਨਯਾ ਪੰਥ ਪੈਦਾ ਹੋਇਆ ਹੈ। ਬਿਨਾਂ ਦਮਾਂ ਬੀਂ ਆਇਕੇ ਸੀਸ ਵੇਚਦੇ ਹੈਂ। ਐਸੇ ਹਮਾਰੇ ਨੌਕਰ ਨਹੀਂ ਕਹਾ ਮੰਨਦੇ ਜੈਸੇ ਇਹ ਮੰਨਦੇ ਹੈਂ। ਤੇਜ ਪ੍ਰਤਾਪ ਸਭ ਪਰ ਛਾਇ ਗਿਆ ਹੈ। ਜੈਸੇ ਸੂਰਜ ਕੇ ਚੜ੍ਹੇ ਤੇ ਚਾਨਣਾ ਹੋ ਆਉਂਦਾ ਹੈ।

ਮਾਘੀ ਤੋਂ ਵਾਪਸੀ– ਆਗੇ ਮਾਲਵੇ ਕੋ ਨਿਹਾਲ ਕਰਦੇ ਲੋਪੋ ਹੁਕਮ ਦੇ ਆਏ ਕਿ ਹਜਰੋ ਨੂੰ ਜਾਵਾਂਗੇ। ਰੂਮੀਂ, ਜਗਰਾਵਾਂ ਵਿਚ ਦੀ ਆਏ ਨਾਮ ਦਾ ਛਿੱਟਾ ਦੇਂਦੇ। ਰਾਮਦਾਸ ਪੁਰੇ ਮੇਂ ਆਏ। ਸਿੰਘਾਂ ਨੇ ਚਰਨਾਂ ਪਰ ਸੀਸ ਨਿਵਾਇਆ। ਬੜੀ ਖੁਸ਼ੀ ਹੋਈ ਦਰਸ਼ਨ ਕਰਕੇ ਸਿੰਘਾਂ ਕੋ।

ਦਿਨੋ ਦਿਨ ਪ੍ਰਤਾਪ ਫੈਲਣੇ ਲਗਾ ਜੈਸੇ ਪਾਣੀ ਪਰ ਤੇਲ ਫੈਲਦਾ ਹੈ। ਸਤਿਗੁਰੂ ਜੀ ਕੀ ਸੋਭਾ ਸੁਣ ਕੇ ਸਿੰਘ ਆਉਂਦੇ ਹੈਂ। ਜੇੜਾ ਭਜਨ ਲੈ ਜਾਂਦਾ ਹੈ ਜਾਇਕੇ ਹੋਰਨਾਂ ਨੂੰ ਕੈਂਹਦਾ ਹੈ ਕਿ ਨਵਾਂ ਪੰਥ ਪੈਦਾ ਹੋਇਆ ਹੈ। ਜਿਸ ਕੋ ਭਜਨ ਕੰਨ ਮੇ ਦਸਦੇ ਹੈਂ ਸੋਈ ਸੂਤਰ ਖੇਡਣ ਲਗ ਪੈਂਦਾ ਹੈ। ਪੱਗ ਕਿਧਰੇ ਜਾਇ ਪੈਂਦੀ ਹੈ, ਕਪੜੇ ਕਿਧਰੇ ਜਾਏ ਪੈਂਦੇ ਹੈਨ ਅਤੇ ਬੇਸੁਧ ਹੋਇ ਜਾਂਦਾ ਹੈ। ਕੇਸ ਮਿਟੀ ਮੇਂ ਰੁਲਦੇ ਹੈਨ। ਹੋਰ ਤਾਂ ਸਭ ਕੁਝ ਅੱਛਾ ਹੈ ਪਰ ਏਕ ਕੇਸਾਂ ਕੀ ਬੇਅਦਬੀ ਮਾੜੀ ਹੈ। ਲੋਕਾਂ ਨੂੰ ਭੈ ਹੋਇਆ। ਜੋ ਜਿਸਨੇ ਭਜਨ ਸੁਣ ਲਿਆ ਹੈ ਸੋ ਸਾਡੇ ਕੰਮੋਂ ਗਿਆ। ਖਵਰੇ ਕੀ ਪੌਣ ਚਾੜ ਦੇਂਦੇ ਹੈਨ। ਖਵਰੇ ਕੀ ਮੰਤਰ ਜਾਦੂ ਦਸਦੇ ਹੈਨ। ਬੜਾ ਬਲੀ ਗੁਰੂ ਪ੍ਰਗਟ ਹੋਇਆ ਹੈ। ਜਿਨ੍ਹਾਂ ਕੇ ਮਸਤਕ ਮੇਂ ਲਿਖਿਆ ਹੈ ਤਿਨ੍ਹਾਂ ਨੂੰ ਸੁਣਕੇ ਪ੍ਰੇਰਨਾ ਹੋਈ ਕਿ ਦੇਖਣਾਂ ਚਾਹੀਏ ਕਿ ਕੀ ਕੰਨ ਮੇ ਸੁਣਾਉਂਦੇ ਹੈਂ। ਸ਼ਬਦ ਹੈ ਕਿ ਕੋਈ ਮੰਤਰ ਹੈ। ਜਾਂ ਆਇ ਕੇ ਦਰਸ਼ਨ ਕਰਨਾ ਤਾਂ ਸ਼ਾਂਤ ਆਇ ਜਾਣੀ। ਜਿਤਨੇ ਸੰਸੇ ਹੋਣੇ ਸੋ ਸਭ ਦੂਰ ਹੋਇ ਜਾਣੇ। ਇਸ਼ਨਾਨ ਕਰਾ ਕੇ ਭਜਨ ਦੇਣਾ। ਧਰਮ ਕੀ ਵੇਲ ਵਧਣੇ ਲਗੀ। ਦਿਨੋਂ ਦਿਨ ਪ੍ਰਤਾਪ ਵਧਣ ਲਗਾ। ਅਕਾਲ ਪੁਰਖ ਸ੍ਰੀ ਸਤਿਗੁਰੁ ਰਾਮ ਸਿੰਘ ਜੀ ਆਪ ਮਾਲੀ ਬਣਕੇ ਪੰਥ ਰੂਪ ਬਗੀਚੇ ਕੋ ਪਾਲਣ ਲਗੇ ਹੈਂ ਨਾਮ ਕਾ ਪਾਣੀ ਪਾ ਕੇ। ਸੁਣ ਸੁਣ ਕੇ ਸਿੰਘ ਆਵਣੇ ਲਗੇ। ਗੁਰੂ ਬਾਲਕ ਸਿੰਘ ਜੀ ਕਾ ਬਚਨ ਹੈ ਅਸਾਂ ਤਾਂ ਸੰਨ੍ਹ ਲਾਈ ਸੀ ਪਰ ਠਾਕਰਾਂ ਨੇ ਘਰਲਾ ਹੀ ਖੋਲ੍ਹ ਦਿੱਤਾ ਹੈ। ਸੋ ਘਰਲਾ ਕੁਲ ਦੇਸ ਕੋ ਤਾਰ ਦੇਊਗਾ।

–ਸਤਿਗੁਰੂ ਬਿਲਾਸ

ਪ੍ਰਵਚਨ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਸਤਿਗੁਰੂ ਰਾਮ ਸਿੰਘ ਜੀ ਦੇ ਜਿਹਨਾਂ ਨੇ ਦਰਸ਼ਨ ਕੀਤੇ ਹਨ, ਉਹ ਪੁਰਾਣੇ ਲੋਕ ਬਗੈਰ ਨਾਮਧਾਰੀਆਂ ਤੋਂ ਵੀ ਉਹ ਇਹ ਕਹਿੰਦੇ ਸੀ ਕਿ ਏਦੂੰ ਉੱਚਾ ਆਦਮੀ ਕੋਈ ਨਹੀਂ ਸੀ ਆਉਂਦਾ, ਬੈਠਿਆਂ ਵਿੱਚ ਵੀ ਐਨੇ ਉੱਚੇ, ਖਲੋਤਿਆਂ ਵਿੱਚ ਵੀ। ਇੱਕ ਬ੍ਰਾਹਮਣ-ਗੰਡੂ ਰਾਮ ਉਹਦਾ ਨਾਮ ਲਹੀਆਂ ਪਿੰਡ ਦਾ ਰਹਿਣ ਵਾਲਾ-ਭਾਈ ਗੁਰਦਿੱਤ ਸਿੰਘ ਇੱਕ ਸਤਿਗੁਰਾਂ ਦੇ ਸੇਵਕ ਉੱਥੇ ਸਨ ਚੇਲੇਕਿਆਂ ਦੇ ਉਹਨਾਂ ਦੀ ਕੋਈ ਰਿਸ਼ਤੇਦਾਰੀ ਸੀ - ਉਹਨੂੰ ਵੀ ਪਤਾ ਲੱਗਾ ਕਿ ਅਵਤਾਰ ਪਰਗਟ ਹੋਇਐ। ਉਹਨਾਂ ਆਖਿਆ, "ਮੈਂ ਦੇਖਣਾ ਹੈ ਕਿ ਅਵਤਾਰ ਦੀ ਛਾਂ ਨਹੀਂ ਹੁੰਦੀ।" ਸਤਿਗੁਰ ਉੱਥੇ ਘੋੜੀ ਤੇ ਚੜ੍ਹਕੇ ਗਏ, ਜਿਸ ਵੇਲੇ ਦੌਰੇ ਗਏ ਪੰਡਿਤ ਜੀ ਆਏ ਕੋਲ- ਪੰਡਿਤ ਜੀ ਹੁੱਕਾ ਪੀਂਦੇ ਹੁੰਦੇ ਸੀ। ਸਤਿਗੁਰਾਂ ਨੇ ਆਖਿਆ।

ਲੱਗੇ ਚਰਣੀ ਹੱਥ ਲਾਉਣ-ਸਤਿਗੁਰੂ ਕਹਿਣ ਲਗੇ, "ਪੰਡਿਤ ਜੀ, ਹੱਥ ਨਾ ਲਾਉਣਾ, ਤੁਸੀਂ ਹੁੱਕਾ ਪੀਂਦੇ ਹੋ।"

ਤਾਂ ਪੰਡਿਤ ਜੀ ਪਿਛੋਂ ਹੀ ਮੱਥਾ ਟੇਕ ਕੇ ਕਹਿੰਦੇ ਹਨ, "ਚਲੋ ਜੀ ਕੋਈ ਗੱਲ ਨਹੀਂ, ਤੁਸੀਂ ਹੱਥ ਨਾ ਲਾਉਣ ਦਿਓ, ਮੈਨੂੰ ਦਰਸ਼ਨ ਤੇ ਅਵਤਾਰ ਦਾ ਹੋ ਗਿਆ।"

ਦਸ ਵਜੇ ਦਿਨ ਦੇ ਹਨ ਘੋੜੀ ਦੀ ਛਾਇਆ ਹੈ- ਸਤਿਗੁਰਾਂ ਦੀ ਛਾਇਆ ਨਹੀਂ। ਸਾਹਮਣੇ ਦਰਸ਼ਨ ਕਰਦੇ ਹਨ- ਇੱਕ ਗੈਰਨਾਮਧਾਰੀ ਦੀ ਗੱਲ ਹੈ। ਨਾਮਧਾਰੀਆਂ ਦੀ ਗੱਲ ਨਹੀਂ ਮੈਂ ਕਰ ਰਿਹਾ। ਜਿਹਨਾਂ ਦਾ ਲੰਬਾ ਹੈ ਸਰੀਰ- ਲੰਬੀ ਹੈ ਜਿਹਨਾਂ ਦੀ ਡੀਲ।

ਮ੍ਰਿਦੁਲ ਬਾਕ ਪੂਰਨ ਗੁਣ ਸੀਲ।

ਜਿਹਨਾਂ ਦੇ ਬਚਨ ਹਨ ਮਿੱਠੇ ਪੂਰਣ ਗੁਣਾਂ ਦੇ ਭਰੇ ਹੋਏ:

ਛਟੀ ਹਾਥ ਸੁੰਦਰ ਨਿਜ ਮੌਜ।

ਹੱਥ ਵਿੱਚ ਛਟੀ ਪਕੜੀ ਹੋਈ ਹੈ ਬੜੀ ਸੁੰਦਰ, ਜਿੰਨ੍ਹਾਂ ਦਾ ਸਰੂਪ ਹੈ-ਸੁੰਦਰ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ:

ਕੰਜਲਕ ਨੈਨ ਕੰਬੁ ਗ੍ਰੀਵਹਿ ਕਟਿ ਕੇਹਰ ਕੁੰਜਰ ਗਵਨ।।
ਕਦਲੀ ਕੁਰੰਕ ਕਰਪੂਰ ਗਤ ਬਿਨ ਅਕਾਲ ਦੂੱਜੋ ਕਵਨ।। (ਪੰ: ੧੩੧, ਦਸਮ ਗ੍ਰੰਥ)

ਕੌਣ ਦੂਸਰਾ ਹੋ ਸਕਦੈ ਜਿਹਦੇ ਵਿੱਚ ਸੰਪੂਰਣ ਸੁੰਦਰਤਾ ਆ ਜਾਵੇ। ਫਿਰ ਉਹਦੇ ਵਿੱਚ ਇੱਕ ਹੋਰ ਵੱਡੀ ਭਾਰੀ ਸਿਫਤ ਹੈ ਕਿ ਉਹ ਸਯਾਮ ਸੁੰਦਰ ਹੈ। ਲੋਕ ਗੋਰੇ ਰੰਗ ਦੇ ਹੁੰਦੇ ਹੋਏ ਸੁੰਦਰ ਹੁੰਦੇ ਹਨ, ਉਹ ਸਯਾਮ ਹੁੰਦਾ ਹੋਇਆ ਸੁੰਦਰ ਹੈ, ਇਹ ਉਹਦੀ ਸਿਫਤ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਸਕ੍ਰਿਤ ਵਿਸ਼ਵ ਵਿਦਿਆਲੇ ਆਗਮਨ

ਗੁਰੂ–ਸਿੱਖ ਪਰੰਪਰਾ ਦੇ ਵਿਕਾਸ ਹਿਤ

ਸਿੱਖਾਂ ਵਿਚ ਆਪਸੀ ਸੰਘਰਸ਼ ਕਾਰਨ ਈਰਖਾ ਪੈਦਾ ਹੋਈ। ਅੰਗਰੇਜ਼ ਸ਼ਾਸਕ, ਸਿੱਖਾਂ ਦੀ ਪ੍ਰਭੁਸੱਤਾਂ ਨੂੰ ਗਿਰਝਾਂ ਵਾਂਗ ਵੇਖਦੇ ਸਨ। ਇਸ ਸਮੇਂ (ਗੁਰੂ) ਰਾਮ ਸਿੰਘ ਨੇ ਸਿੱਖਾਂ ਦੇ ਵੈਰ ਭਾਵ ਤੇ ਈਰਖਾ ਨੂੰ ਦੂਰ ਕਰਨ ਦੀ ਕੋਸ਼ਸ਼ ਕੀਤੀ। ਤਾਂ ਹੀ ਗਿਆਰਵੇਂ ਗੁਰੂ ਬਾਲਕ ਸਿੰਘ ਨੇ ਇਹਨਾਂ ਦੇ ਤਪ ਤੇਜ ਤੋਂ ਪ੍ਰਭਾਵਿਤ ਹੋ ਕੇ ਨਾਮਧਾਰੀ ਸਿੱਖ ਪੰਥ ਦੀ ਸਰਪ੍ਰਸਤੀ ਲਈ ਬਾਰਵੇਂ ਗੁਰੂ ਦੇ ਰੂਪ ਵਿੱਚ ਉਹਨਾਂ ਨੂੰ ਪ੍ਰਵਾਨ ਕੀਤਾ।

ਸਤਿਗੁਰੂ ਜਗਜੀਤ ਸਿੰਘ ਨਾਮਧਾਰੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉੱਤਰਾਧਿਕਾਰੀ ਹਨ। ਉਹ ਸਿੱਖ-ਗੁਰੂ ਪਰੰਪਰਾ ਦੇ ਨਾਲ ਹਿੰਦੂ ਧਰਮ ਦੇ ਸਰਪ੍ਰਸਤ, ਆਪਣੇ ਸਮੁਦਾਏ ਦੇ ਪਰੰਪਰਾ ਵਿੱਚ ਆਏ ਦੋਸ਼ਾਂ ਦੇ ਸੁਧਾਰਕ, ਸ਼ਾਂਤ ਮੂਰਤੀਮਾਨ, ਸਾਧੂ ਸਰੂਪ, ਦੈਵੀ ਅਲੌਕਿਕ ਪ੍ਰਭਾਵ ਵਾਲੇ, ਸਤਿ ਅਤੇ ਨਿਮਰਤਾ ਨੂੰ ਪ੍ਰਤੱਖ ਰੂਪ ਵਿਚ ਮੂਰਤੀਮਾਨ ਕਰਦੇ ਹਨ। ਉਹਨਾਂ ਰਾਹੀਂ ਭਗਤੀ ਭਾਵ ਦਾ ਪ੍ਰਚਾਰ ਕੀਤਾ ਗਿਆ, ਸ਼ਰਾਬ ਪੀਣ ਦੀ ਨਿਖੇਧੀ ਕੀਤੀ ਗਈ, ਅਨੰਦ ਕਾਰਜਾਂ ਵਿਚ ਸਾਦਗੀ ਤੇ ਸਰਲਤਾ ਲਿਆਂਦੀ ਗਈ, ਗਊ ਦੀ ਸਰਪ੍ਰਸਤੀ ਕੀਤੀ ਗਈ। ਸੰਤ ਭਾਵ ਨਾਲ ਮਨੁੱਖਾਂ ਵਿਚ ਧਾਰਮਿਕ ਭਾਵਨਾ ਲਿਆਂਦੀ ਗਈ ਤੇ ਨਿਸ਼ਕਾਮ ਕਰਮ ਕਰਨ ਦੀ ਪ੍ਰਵਿਰਤੀ ਪੈਦਾ ਕੀਤੀ ਗਈ। ਉਹ ਨਾਮਧਾਰੀ ਪਰੰਪਰਾ ਦੇ ਪ੍ਰਸਾਰਕ ਸੰਸਕ੍ਰਿਤ ਪਰੰਪਰਾ ਦੇ ਪਾਲਣਹਾਰੇ ਹਨ। ਇਸ ਤਰ੍ਹਾਂ ਨਿਵੇਦਨ ਕਰਦੇ ਹੋਏ ਉਹਨਾਂ ਦੀ ਪਰੰਪਰਾ ਦਾ ਵੇਰਵਾ ਪੇਸ਼ ਹੈ:-

ਇਹ ਸਭ ਨੂੰ ਪਤਾ ਹੈ ਕਿ ਸਿੱਖ ਧਰਮ ਦਾ ਪ੍ਰਾਦੁਰਭਾਵ ਗੁਰੂ ਨਾਨਕ ਜੀ ਤੋਂ ਹੋਇਆ। ਉਹਨਾਂ ਸੰਮਤ ੧੫੨੬ ਨੂੰ ਕੱਤਕ ਦੀ ਪੂਰਨਮਾਸੀ ਦੇ ਦਿਨ ਅਵਤਾਰ ਧਾਰਿਆ। ਸੁਣਨ ਵਿਚ ਆਇਆ ਹੈ ਕਿ ਉਹਨਾਂ ਦਾ ਪ੍ਰਾਦੁਰਭਾਵ ਵੇਦੀ ਵੰਸ ਵਿੱਚ ਹੋਇਆ। ਜਨਮ ਕਾਲ ਤੋਂ ਹੀ ਸੰਤ ਸੁਭਾ ਹੋਣ ਕਾਰਨ ਉਹਨਾਂ ਸਾਰੇ ਮਨੁੱਖਾਂ ਵਿੱਚ ਆਪਸੀ ਪ੍ਰੇਮ ਭਾਵ ਵਧਾਉਣ ਲਈ ਕਾਰਜ ਕੀਤਾ। ਉਹਨਾਂ ਦੇ ਦੋ ਸਾਹਿਬਜ਼ਾਦੇ ਸਨ। ਉਹਨਾਂ ਰਾਹੀ ਚਲਾਇਆ ਧਰਮ ਬਾਅਦ ਵਿੱਚ ਸਿੱਖ ਧਰਮ ਦੇ ਰੂਪ ਵਿਚ ਮੰਨਿਆਂ ਗਿਆ। ਅਤੇ ਪੁੱਤਰ ਸ੍ਰੀ ਚੰਦ ਰਾਹੀਂ ਚਲਾਇਆ ਗਿਆ ਧਰਮ ਉਦਾਸੀ ਸੰਪਰਦਾ ਦੇ ਰੂਪ ਵਿਚ ਸੰਸਾਰ ਵਿਚ ਸੁਣਿਆਂ ਜਾਂਦਾ ਹੈ। ਦਸ ਗੁਰੂ ਪ੍ਰਸਿਧ ਹਨ। ਉਹਨਾਂ ਦੇ ਨਾਂ ਹਨ: (ਗੁਰੂ) ਨਾਨਕ ਦੇਵ, (ਗੁਰੂ) ਅੰਗਦ ਦੇਵ, (ਗੁਰੂ) ਅਮਰ ਦਾਸ, (ਗੁਰੂ) ਰਾਮ ਦਾਸ, (ਗੁਰੂ) ਅਰਜਨ ਦੇਵ, (ਗੁਰੂ) ਹਰਗੋਬਿੰਦ, (ਗੁਰੂ) ਹਰੀਕਿਸ਼ਨ, (ਗੁਰੂ) ਤੇਗ ਬਹਾਦਰ ਅਤੇ (ਗੁਰੂ) ਗੋਬਿੰਦ ਸਿੰਘ। ਇਹਨਾਂ ਗੁਰੂਆਂ ਵਿਚੋਂ ਕਈਆਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਹਨਾਂ ਦੇ ਨਾਲ ਜੈ ਦੇਵ ਦਾ ਇਕ ਸ਼ਬਦ, ਸ਼ੇਖ ਫਰੀਦ ਦੇ ੧੩੪ ਸ਼ਬਦ ਜਾਂ ਸਲੋਕ, ਤਿਰਲੋਚਨ ਦੇ ੪ ਸ਼ਬਦ, ਨਾਮਦੇਵ ਦੇ ੬੦ ਸ਼ਬਦ, ਰਾਮਾ ਨੰਦ ਦਾ ਇਕ ਸ਼ਬਦ ਅਤੇ ਸਧਨਾ ਸਾਹਿਬ ਦਾ ਵੀ ਇਕ ਸ਼ਬਦ, ਬੇਨੀ ਮਹਾਸ਼ਾ ਜੀ ਦੇ ਤਿੰਨ ਸ਼ਬਦ, ਰਵਿਦਾਸ ਦੇ ੧੪੦ ਸ਼ਬਦ, ਸੰਤ ਕਬੀਰ ਦੇ ਸ਼ਬਦਾਂ ਸਲੋਕਾਂ ਦੀ ਗਿਣਤੀ ੨੯੨, ਧੰਨਾ ਸਾਹਿਬ ਦੇ ਚਾਰ ਸ਼ਬਦ, ਪੀਪਾ ਸੈਨ ਦਾ ਇਕ, ਪਰਮਾਨੰਦ ਤੇ ਸੂਰਦਾਸ ਦਾ ਵੀ ਇਕ ਇਕ ਸ਼ਬਦ, ਭੀਖਣ ਦਾਸ ਦੇ ਦੋ ਸ਼ਬਦ, ਮੀਰਾ ਬਾਈ ਦਾ ਇਕ ਸ਼ਬਦ, ਗੁਰੂ ਨਾਨਕ

ਦੇ ੯੭੪ , ਗੁਰੂ ਅੰਗਦ ਦੇਵ ਦੇ ੬੨ ਸ਼ਬਦ, ਗੁਰੂ ਅਮਰਦਾਸ ਦੇ ੯੦੭ ਸ਼ਬਦ, ਗੁਰੂ ਰਾਮਦਾਸ ਦੇ ੬੭੯ ਸ਼ਬਦ, ਗੁਰੂ ਅਰਜਨ ਦੇਵ ਦੇ ੨੨੧੮ ਸ਼ਬਦ ਹਨ। ਇਹਨਾਂ ਸਭਨਾਂ ਦਾ ਗੁਰੂ ਅਰਜਨ ਦੇਵ ਜੀ ਨੇ ਖ਼ੁਦ ਸੰਪਾਦਨ ਕੀਤਾ। ਉਸਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਦੇ ੧੧੫ ਸਲੋਕ, ਗੁਰੂ ਗੋਬਿੰਦ ਸਿੰਘ ਦਾ ਇਕ ਸਲੋਕ, ਭਾਈ ਮਰਦਾਨੇ ਦੇ ਤਿੰਨ ਸਲੋਕ, ਬਾਬਾ ਸੁੰਦਰ ਦਾਸ ਦੇ ਛੇ ਸ਼ਬਦ, ਸਤਾ ਡੂਮ ਰਾਇ ਬਲਵੰਡ ਦੇ ੮ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਸੰਗ੍ਰਹਿ ਕੀਤੇ ਹੋਏ ਹਨ। ਇਹਨਾਂ ਪਦਾਂ ਵਿਚ ਜਪੁਜੀ ਸਾਹਿਬ ਦਾ ਮਹੱਤਵ ਸਭ ਤੋਂ ਵੱਧ ਹੈ। ਓਥੇ ਓਅੰਕਾਰ ਦੀ ਮਹਿਮਾ ਗੁਰੂ ਨਾਨਕ ਜੀ ਨੇ ਖ਼ੁਦ ਕੀਤੀ ਹੈ, ਉਹ ਇਸ ਪ੍ਰਕਾਰ ਹੈ:

ੴ ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ॥

ਇਸ ਤਰ੍ਹਾਂ ਇਸ ਰਾਹੀ ਓਅੰਕਾਰ ਦਾ ਮਹੱਤਵ ਉਜਾਗਰ ਹੁੰਦਾ ਹੈ। ਸੁਪ੍ਰਸਿਧ ਦਸ ਗੁਰੂ ਪਹਿਲਾਂ ਹੀ ਕਹੇ ਗਏ ਹਨ। ਗੁਰੂ ਗੋਬਿੰਦ ਸਿੰਘ ਦਾ ਦਸਮ ਗ੍ਰੰਥ, ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਬਹੁਤ ਪ੍ਰਸਿਧ ਗ੍ਰੰਥ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗੀਤਾ ਦੇ ਆਧਾਰ ਉੱਤੇ ਕੁਝ ਕਾਵਿ ਰਚਨਾ ਕੀਤੀ ਹੈ ਇਹ ਵੀ ਸੁਣਿਆਂ ਹੈ। ਉਹਨਾਂ ਨੇ ਹੀ ਤਾਂ ਖਾਲਸਾ ਸੰਪਰਦਾਇ ਦੀ ਸਥਾਪਨਾ ਕੀਤੀ ਸੀ।

ਕਈ ਲੋਗ ਇਹਨਾਂ ਦੇ ਜੋਤੀ ਜੋਤ ਸਮਾਉਣ ਪਿਛੋਂ ਗੁਰੂ ਪਰੰਪਰਾ ਛਿੰਨ ਭਿੰਨ ਹੋ ਗਈ ਕਹਿੰਦੇ ਹਨ। ਪਰ ਸਿੱਖਾਂ ਵਿਚ ਕੁਝ ਵਿਅਕਤੀ ਐਸੇ ਵੀ ਨਜ਼ਰ ਆਉਂਦੇ ਹਨ ਜੋ ਗੁਰੂ ਪਰੰਪਰਾ ਦੇ ਟੁਟ ਜਾਣ ਨੂੰ ਸਵੀਕਾਰ ਨਹੀਂ ਕਰਦੇ। ਉਹਨਾਂ ਵਿਚੋਂ ਨਾਮਧਾਰੀ ਗੁਰੂ ਪ੍ਰਸਿਧ ਹਨ। ਇਸ ਤਰ੍ਹਾਂ ਮੰਨਿਆਂ ਜਾਂਦਾ ਹੈ ਕਿ ਗਿਆਰਵੇਂ ਗੁਰੂ ਸਤਿਗੁਰੂ ਬਾਲਕ ਸਿੰਘ ਜੀ ਨੇ ਸਤਿਗੁਰੂਆਂ ਦੇ ਜੋਤੀ ਜੋਤ ਸਮਾਉਣ ਬਾਅਦ ਹੀ ਪੈਦਾ ਹੋਏ। ਜਿਨ੍ਹਾਂ ਨੇ ਨਾਮਧਾਰੀ ਸਿੱਖਾਂ ਵਿਚ ਨਾਮ ਬਾਣੀ ਦਾ ਕੀਰਤਨ ਪ੍ਰਾਰੰਭ ਕੀਤਾ। ਅਤੇ ਫਿਰ ਇਹਨਾਂ ਵਿਚ ਹੀ ਦੂਸਰੇ ਗੁਰੂ ਰਾਮ ਸਿੰਘ ਭੈਣੀ ਸਾਹਿਬ ਜਿਲ੍ਹਾ ਲੁਧਿਆਣਾ ਦੇ ਨੇੜੇ ਹੋਏ ਹਨ। ਇਹ ਭਰ ਜਵਾਨੀ ਸਮੇਂ ਖਾਲਸਾ ਫ਼ੌਜ ਵਿਚ ਭਰਤੀ ਹੋਏ। ਪਰ ਸਿੱਖਾਂ ਵਿਚ ਆਪਸੀ ਸੰਘਰਸ਼ ਕਾਰਨ ਈਰਖਾ ਪੈਦਾ ਹੋਈ। ਅੰਗਰੇਜ਼ ਸ਼ਾਸਕ, ਸਿੱਖਾਂ ਦੀ ਪ੍ਰਭੁਸੱਤਾ ਨੂੰ ਗਿਰਝਾਂ ਵਾਂਗ ਵੇਖਦੇ ਸਨ। ਇਸ ਸਮੇਂ (ਗੁਰੂ) ਰਾਮ ਸਿੰਘ ਨੇ ਸਿੱਖਾਂ ਦੇ ਵੈਰ ਭਾਵ ਤੇ ਈਰਖਾ ਨੂੰ ਦੂਰ ਕਰਨ ਦੀ ਕੋਸ਼ਸ਼ ਕੀਤੀ। ਤਾਂ ਹੀ ਗਿਆਰਵੇਂ ਗੁਰੂ ਬਾਲਕ ਸਿੰਘ ਨੇ ਇਹਨਾਂ ਦੇ ਤਪ ਤੇਜ ਤੋਂ ਪ੍ਰਭਾਵਿਤ ਹੋ ਕੇ ਨਾਮਧਾਰੀ ਸਿੱਖ ਪੰਥ ਦੀ ਸਰਪ੍ਰਸਤੀ ਲਈ ਬਾਰਵੇਂ ਗੁਰੂ ਦੇ ਰੂਪ ਵਿੱਚ ਉਹਨਾਂ ਨੂੰ ਪ੍ਰਵਾਨ ਕੀਤਾ।

ਇਸਤਰ੍ਹਾਂ ਸਤਿਗੁਰੂ ਰਾਮ ਸਿੰਘ ਨੇ ਫੌਜ ਦੀ ਨੌਕਰੀ ਛੱਡ ਕੇ ਲੁਧਿਆਣਾ ਸ਼ਹਿਰ ਲਾਗੇ ਭੈਣੀ ਸਾਹਿਬ ਵਾਪਸ ਆ ਕੇ ਕੂਕਾ ਅੰਦੋਲਨ ਦਾ ਆਰੰਭ ਕੀਤਾ। ਉਦੋਂ ਤਕ ਅੰਗਰੇਜ਼ਾਂ ਰਾਹੀਂ ਖਾਲਸਾ ਰਾਜ ਦਾ ਪਤਨ ਕਰ ਦਿੱਤਾ ਗਿਆ ਸੀ। ਪਰ ਗੁਰੂ ਰਾਮ ਸਿੰਘ ਰਾਹੀਂ ੧੮੭੨ ਵਿਚ ਤਿੰਨ ਵਾਰ, ਅੰਮ੍ਰਿਤਸਰ ਦੇ, ਰਾਏ ਕੋਟ ਦੇ, ਮਲੇਰ ਕੋਟਲੇ ਨਾਮਕ ਗਊ ਹੱਤਿਆ ਸਥਾਨ ਉੱਤੇ ਹਮਲਾ ਕਰਨ ਅਤੇ ਅਨੇਕ ਅੰਗਰੇਜ਼ਾਂ ਨੂੰ ਮਾਰ ਦਿੱਤਾ। ਇਸ ਤਰ੍ਹਾਂ ਕਰਨ ਤੇ ਗਊ ਦੇ ਸਰਪ੍ਰਸਤ ਗੁਰੂ ਅੰਗਰੇਜ਼ਾਂ ਰਾਹੀਂ ਛਲ ਨਾਲ ਫੜੇ ਗਏ ਅਤੇ ਬਰ੍ਹਮਾ ਦੇਸ ਦੀ ਜੇਲ੍ਹ ਵਿਚ ਕੈਦ ਕਰ ਦਿੱਤੇ ਗਏ ਅਤੇ ਦੂਸਰੇ ਕੂਕੇ ਅੰਗਰੇਜ਼ਾਂ ਰਾਹੀਂ ਗੋਲੀ ਨਾਲ ਮਾਰ ਦਿੱਤੇ ਗਏ ਅਤੇ ਕੁਛ ਅੰਦੋਲਨ ਕਾਰੀਆਂ ਨੂੰ ਸੂਲੀ ਉੱਤੇ ਲਟਕਾ ਕੇ ਮਾਰ ਦਿਤਾ ਗਿਆ।

(ਬੁਚੜਖਾਨਿਆਂ ਉੱਤੇ ਹਮਲੇ ੧੮੭੧-੭੨ ਵਿਚ ਸਿੱਖਾਂ ਕੀਤੇ ਸਨ, ਸਤਿਗੁਰੂ ਜੀ ਨੇ ਨਹੀਂ। ਉਹਨਾਂ ਹਮਲਿਆਂ ਵਿਚ ਬੁਚੜ ਮਾਰੇ ਗਏ ਸਨ ਅੰਗਰੇਜ਼ ਨਹੀਂ। ਸਤਿਗੁਰੂ ਤੇ ਸੂਬਿਆਂ ਨੂੰ ਸਰਕਾਰ ਨੇ ਫੜ ਲਿਆ ਪਰ ਛਲ ਨਾਲ ਨਹੀਂ। ਸਾਰੇ ਬਰ੍ਹਮਾਂ ਕੈਦ ਨਹੀਂ ਕੀਤੇ ਗਏ। ਬੰਦੂਕ ਦੀ ਗੋਲੀ ਨਾਲ ਨਹੀਂ ਮਾਰਿਆ ਗਿਆ ਤੋਪਾਂ ਦੇ ਗੋਲਿਆਂ ਨਾਲ ਉਡਾ ਕੇ ਸ਼ਹੀਦ ਕੀਤਾ ਗਿਆ - ਸੰਪਾਦਕ)

ਇਸ ਤਰ੍ਹਾਂ ਗੁਰੂ ਰਾਮ ਸਿੰਘ ਦੇ ਭੈਣੀ ਸਾਹਿਬ ਤੋਂ ਦੂਰ ਜਾਣ ਉੱਤੇ ਉਹਨਾਂ ਦੇ ਛੋਟੇ ਵੀਰ ਗੁਰੂ ਹਰੀ ਸਿੰਘ ਸਾਹਿਬ ਨੇ ਗੁਰੂ ਗੱਦੀ ਨੂੰ ਸੁਸ਼ੋਭਤ ਕੀਤਾ।

ਉਹਨਾਂ ਰਾਹੀਂ ਵੀ ਕੂਕਾ ਅੰਦੋਲਨ ਨੂੰ ਓਸ ਤਰ੍ਹਾਂ ਚਲਾਇਆ ਗਿਆ। ਉਦੋਂ ਸੋਵੀਅਤ ਰੂਸ ਨੂੰ ਸੰਦੇਸ਼ ਭੇਜ ਕੇ ਸਹਾਇਤਾ ਲਈ ਕਿਹਾ ਗਿਆ। ਪਰ ਏਨੇ ਵਿਚ ਉਹਨਾਂ ਦੇ ਛੋਟੇ ਭਰਾ ਗੁਰੂ ਹਰੀ ਸਿੰਘ ਜੀ ਜੋਤੀ ਜੋਤ ਸਮਾ ਗਏ। ਇਸ ਲਈ ਉਹਨਾਂ (ਗੁਰੂ ਹਰੀ ਸਿੰਘ) ਦੇ ਵੱਡੇ ਸਪੁੱਤਰ ਨੇ ਗੁਰੂ ਗਦੀ ਨੂੰ ਸ਼ੁਸ਼ੋਭਤ ਕੀਤਾ। ਉਹਨਾਂ ਦਾ ਸੰਤ (ਸਤਿ) ਗੁਰੂ ਪ੍ਰਤਾਪ ਸਿੰਘ ਨਾਮ ਸੀ। ਇਹਨਾਂ ਦੁਆਰਾ ਸਿੱਖਾਂ ਦੇ ਅਤੇ ਹੋਰ ਹਿੰਦੂ ਸੰਮੇਲਨ ਕਰਵਾ ਕੇ ਇਕ ਮੰਚ ਸਥਾਪਿਤ ਕੀਤਾ ਗਿਆ। ਓਦੋਂ ਇਹਨਾਂ ਕਾਂਗਰਸ ਦਲ ਨਾਲ ਸੰਬੰਧ ਵੀ ਸਥਾਪਤ ਕੀਤੇ। ਇਹਨਾਂ ਨੂੰ ਧਰਮ ਨਿਰਪੇਖਤਾ ਦਾ ਪਹਿਲਾ ਉਪਾਸ਼ਕ ਕਿਹਾ ਜਾਂਦਾ ਹੈ। ਇਹਨਾਂ ਦੀ ਅਗਵਾਈ ਹੇਠ ਮਲੇਰ ਕੋਟਲਾ ਦੇ ਸਥਾਨ ਉੱਤੇ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਇਕ ਸੰਮੇਲਨ ਭੀ ਸ਼ੁਰੂ ਕੀਤਾ ਗਿਆ। ਇਸ ਸੰਮੇਲਨ ਵਿਚ ਮੁਸਲਮਾਨ ਨੇਤਾ ਭੀ ਸ਼ਾਮਿਲ ਹੋਏ। ਇਹ ਸੰਮੇਲਨ ਅੰਗਰੇਜ਼ਾਂ ਦੇ ਵਿਰੁਧ ਪ੍ਰਚਲਿਤ ਕੀਤਾ ਗਿਆ। ਇਹ ਅੰਦੋਲਨ ਤੁਰਕ ਦੇਸਾਂ ਵਿਚ ਉਹਨਾਂ ਦੇ ਸ਼ਾਸਨ ਵਿਰੁਧ ਜਨ ਅੰਦੋਲਨ ਵਾਂਗ ਸੀ। ਅਤੇ ਮਹਾਤਮਾ ਗਾਂਧੀ ਦੁਆਰਾ ਇਸ ਦਾ ਸਮਰਥਨ ਕੀਤਾ ਗਿਆ। ਉਦੋਂ ਤੋਂ ਹੀ ਕੂਕਾ ਅੰਦੋਲਨ ਵਿਚ ਸਾਰੇ ਮੁਸਲਮਾਨ, ਕਾਂਗਰਸੀ ਅਤੇ ਸਿੱਖਾਂ ਨੇ ਹਿੱਸਾ ਲੈ ਕੇ ਰਾਸ਼ਟਰ ਵਿਚ ਏਕਤਾ ਸਥਾਪਿਤ ਕਰਨ ਦਾ ਜਤਨ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਨੇ ਦੂਸਰੇ ਕਾਰਜ ਵੀ ਕੀਤੇ ਜਿਨ੍ਹਾਂ ਨੂੰ ਉਸ ਸਮੇਂ ਭਾਰਤੀ ਸਮਾਜ ਸੁਧਾਰ ਦੇ ਰੂਪ ਵਿਚ ਸਵੀਕਾਰ ਕੀਤਾ ਗਿਆ। ਉਹਨਾਂ ਨੂੰ ਹੁਣ ਸਤਿਗੁਰੂ ਜਗਜੀਤ ਸਿੰਘ ਰਾਹੀਂ ਮੂਰਤੀਮਾਨ ਕੀਤਾ ਜਾ ਰਿਹਾ ਹੈ।

-ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲੇ
ਵਾਰਾਨਸੀ ਦੇ ਗਾਂਡੀਵਮ.
ਸਪਤਾਹਿਕ (੨-੮ ਅਕਤੂਬਰ ੧੯੯੫)
ਵਿਚੋਂ ਧੰਨਵਾਦ ਸਹਿਤ.

✍ ਗਿਆਨ ਮਾਰਤੰਡ ਪੰਡਤ ਗੋਪਾਲ ਸਿੰਘ

ਬਿਨੁ ਗੁਰ ਮੁਕਤਿ ਨਾ ਪਾਈਐ ਭਾਈ

ਧਰਮ ਗ੍ਰੰਥਾਂ ਅਨੁਸਾਰ ਇਹ ਪੱਕੀ ਤੇ ਅਟਲ ਸਚਾਈ ਹੈ ਕਿ ਗੁਰੂ ਤੋਂ ਬਿਨਾਂ ਇਨਸਾਨ ਨੂੰ ਕਦੀ ਵੀ ਆਤਮਕ ਸ਼ਾਂਤੀ ਨਹੀਂ ਮਿਲ ਸਕਦੀ। ਗੁਰੂ ਹਰ ਜੁਗ ਭੂਤ, ਭਵਿੱਸ਼, ਵਰਤਮਾਨ ਵਿਚ ਵਿਦਮਾਨ ਰਹਿੰਦਾ ਹੈ।



ਗੁਰੂ ਗੁਰੂ ਗੁਰੁ ਕਰਿ ਮਨ ਮੋਰ॥
ਗੁਰੂ ਬਿਨਾ ਮੈ ਨਾਹੀ ਹੋਰ॥
-ਗੋਂਡ ਮਹਲਾ ੫

ਗੁਰੁ ਕਰਤਾ ਗੁਰੁ ਕਰਣੈ ਜੋਗੁ॥
ਗੁਰੁ ਪਰਮੇਸਰੁ ਹੈ ਭੀ ਹੋਗੁ॥
ਕਹੁ ਨਾਨਕ ਪ੍ਰਭਿ ਇਹੈ ਜਨਾਈ॥
ਬਿਨੁ ਗੁਰ ਮੁਕਤਿ
ਨ ਪਾਈਐ ਭਾਈ॥

ਧਰਮ ਗ੍ਰੰਥਾਂ ਅਨੁਸਾਰ ਇਹ ਪੱਕੀ ਤੇ ਅਟਲ ਸਚਾਈ ਹੈ ਕਿ ਗੁਰੂ ਤੋਂ ਬਿਨਾਂ ਇਨਸਾਨ ਨੂੰ ਕਦੀ ਵੀ ਆਤਮਕ ਸ਼ਾਂਤੀ ਨਹੀਂ ਮਿਲ ਸਕਦੀ। ਗੁਰੂ ਹਰ ਜੁਗ ਭੂਤ, ਭਵਿੱਸ਼, ਵਰਤਮਾਨ ਵਿਚ ਵਿਦਮਾਨ ਰਹਿੰਦਾ ਹੈ। ਇਸ ਦੀ ਪੁਸ਼ਟੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਮਹਾਂਵਾਕ ਦੁਆਰਾ ਹੁੰਦੀ ਹੈ ਕਿ :-

ਜਬ ਜਬ ਹੋਤ ਅਰਿਸਟ ਅਪਾਰਾ॥
ਤਬ ਤਬ ਦੇਹ ਧਰਤ ਅਵਤਾਰਾ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥

ਆਦਿ ਸ੍ਰੀ ਗ੍ਰੰਥ ਸਾਹਿਬ ਦੀ ਬਾਣੀ ਵਿਚ ਭਟਾਂ ਦੁਆਰਾਂ ਵੀ ਇਸ ਦੀ ਪੁਸ਼ਟੀ ਕੀਤੀ ਹੈ:-

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥
ਉਗ੍ਰਸੈਣ ਕਉ ਰਾਜ ਅਭੈ ਭਗਤਹ ਜਨ ਦੀਓ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥

ਏਥੇ ਉਸ ਵਕਤ ਦੇ ਗੁਰੂਆਂ ਦੇ ਨਾਮ ਲਿਖੇ ਹਨ। ਅੰਤ ਵਿਚ ਇਹ ਕਹਿਆ ਹੈ ਗੁਰੂ ਰਾਜ ਅਬਿਚਲ ਅਟਲ ਹੈ ਭਾਵ ਸਦਾ ਸੀ ਤੇ ਸਦਾ ਹੀ ਰਹੇਗਾ। ਏਹ ਨਹੀਂ ਕਿ ੧੫੨੬ ਤੋਂ ੧੭੬੫ ਨੂੰ ੧੩੯ ਸਾਲਾਂ ਵਿਚ ਖ਼ਤਮ ਹੈ। ਨ ਅਗੇ ਨ ਪਿਛੇ।

ਗੁਰੂ ਦੀ ਹਮੇਸ਼ਾਂ ਹੀ ਲੋੜ ਰਹਿੰਦੀ ਹੈ। ਇਹ ਅਟਲ ਸਚਾਈ ਹੈ ਕਿ ਗੁਰੂ ਬਿਨਾ ਜੀਵ ਆਤਮਾ ਦਾ ਕੱਖ ਵੀ ਨਹੀਂ ਬਣਦਾ। ਪ੍ਰਭੂ ਜਦੋਂ ਵੀ ਕਿਸੇ ਨੂੰ ਭਗਤੀ ਦੀ ਦਾਤ ਬਖਸ਼ਦਾ ਹੈ ਤਾਂ ਗੁਰੂ ਦੁਆਰਾ ਹੀ ਬਖ਼ਸ਼ਦਾ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ:

ਬਿਨੁ ਸਤਿਗੁਰ ਨਾਉ ਨ ਪਾਈਐ
ਬਿਨੁ ਨਾਵੈ ਕਿਆ ਸੁਆਉ॥ -ਪੰਨਾ ੫੮
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ
ਬਿਨੁ ਨਾਮੈ ਭਰਮੁ ਨ ਜਾਈ॥ -ਪੰਨਾ ੬੩੫

ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਗੁਰੂ ਬਿਨਾਂ ਨਾਮ ਕਿਸੇ ਤੋਂ ਨਹੀਂ ਮਿਲਿਆ। "ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ" ਮ:੩, ਪੰਨਾ ੫੯੧। ਅਪਨੇ ਏਸ ਵਾਕ ਦੀ ਪੁਸ਼ਟੀ ਲਈ ਤਿੰਨ ਉਦਾਹਰਨ ਪੇਸ਼ ਕਰਦੇ ਹਨ। ਇਕ ਬਾਲ ਭਗਤ ਪ੍ਰਹਿਲਾਦ ਦੀ, ਜਿਸ ਵਿਚ ਮੁਕਾਬਲੇ ਵਿਚ ਹਰਨਾਖਸ ਜਿਹੇ ਮਹਾਂਬਲੀ ਨੂੰ ਮੂੰਹ ਦੀ ਖਾਣੀ ਪਈ। ਦੂਜੀ ਜਨਕ ਦੀ ਜਿਸ ਤੋਂ ਸੁਕਦੇਵ ਜਿਹੇ ਰਿਸ਼ੀਆਂ ਨੇ ਸਿਖਿਆ ਪ੍ਰਾਪਤ ਕੀਤੀ ਤੇ ਤੀਜੀ ਵਸ਼ਿਸ਼ਟ ਦੀ ਜਿਸ ਪਾਸੋਂ ਉਸ ਸਮੇਂ ਦੇ ਅਵਤਾਰ ਰਾਮ ਚੰਦਰ ਜੀ ਨੇ ਨਾਮ ਉਪਦੇਸ਼ ਲਿਆ। ਜਿਸ ਦੇ ਉਚਾਰਨ ਕੀਤੇ ਹੋਏ ਮੰਤਰਾਂ ਨੂੰ ਰਿਗ ਵੇਦ ਵਿਚ ਲਿਖਿਆ ਗਿਆ-

ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ॥
ਗੁਰਮੁਖਿ ਜਨਕਿ ਹਰਿ ਨਾਮੁ ਲਿਵਲਾਈ॥
ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ॥
ਮ: ੩, ਪੰਨਾ ੫੯੧

ਇਹ ਸਿਰਜਨਹਾਰ ਦਾ ਆਪ ਨੀਅਤ ਕੀਤਾ ਵਿਧਾਨ ਹੈ ਕਿ ਸਤਿਗੁਰੂ ਬਾਝੋਂ ਨਾਮ ਸਿਮਰਿਆ ਹੀ ਨਹੀਂ ਜਾ ਸਕਦਾ:

ਧੁਰਿ ਖਸਮੈ ਕਾ ਹੁਕਮੁ ਪਇਆ
ਵਿਣੁ ਸਤਿਗੁਰ ਚੇਤਿਆ ਨ ਜਾਇ॥
ਮ: ੩ ਪੰਨਾ ੫੫੬

ਬਿਨੁ ਸਤਿਗੁਰ ਕੋ ਨਾਉ ਨ ਪਾਏ
ਪ੍ਰਭਿ ਐਸੀ ਬਣਤ ਬਣਾਈ ਹੇ।
ਮ: ੩, ਪੰਨਾ ੧੦੪੬

ਇਸ ਨਿਯਮ ਦੀ ਉਲੰਘਣਾ ਕਰਨੀ ਕਿਸੇ ਵਾਸਤੇ ਵੀ ਲਾਭਕਾਰੀ ਨਹੀਂ। ਜੇ ਕਰ ਕੋਈ ਸਤਿਗੁਰੂ ਦੀ ਸਹਾਇਤਾ ਬਿਨਾ ਚੇਤ ਹੀ ਨਹੀਂ ਸਕਦਾ ਤਾਂ ਉਸਦਾ ਉਧਾਰ ਕਿਸਤਰਾਂ ਹੋ ਸਕਦਾ ਹੈ। ਇਸ ਹਕੀਕਤ ਤੋਂ ਕਮਲੇ ਲੋਕ ਕਈ ਕਿਸਮ ਦੇ ਉਪਰਾਲੇ ਕਰਨੋਂ ਵੀ ਸੰਕੋਚ ਨਹੀਂ ਕਰਦੇ। ਪਰ ਫੇਰ ਵੀ ਉਹਨਾਂ ਨੂੰ ਸਫਲਤਾ ਪ੍ਰਾਪਤ ਨਹੀਂ ਹੁੰਦੀ।

ਕੋਟਿ ਜਤਨਾ ਕਰਿ ਰਹੇ ਗੁਰ ਬਿਨੁ ਤਰਿਓ ਨ ਕੋਇ॥
ਮ: ੫ ਪੰਨਾ ੫੧

ਨਾਨਕ ਮਨਮੁਖਿ ਅੰਧੁ ਪਿਆਰੁ॥
ਬਾਝੁ ਗੁਰੂ ਡੁਬਾ ਸੰਸਾਰੁ॥ -ਮ: ੧, ਪੰਨਾ ੧੩੮

ਕਿਸੇ ਦਾ ਆਪਣੀ ਮਤ ਪਿਛੇ ਲਗ ਕੇ ਸ਼ੁਭ ਖਿਆਲ ਕੀਤੇ ਜਾਂਦੇ ਕਰਮਾਂ ਪਿਛੇ ਲਗ ਉਸ ਵਿਚ ਪਰਵਿਰਤ ਰਹਿਣਾ ਏਸੇ ਤਰ੍ਹਾਂ ਹੈ ਜਿਵੇਂ ਕੋਹਲੂ ਦੇ ਬੈਲ ਦਾ ਇਕੋ ਚਕਰ ਵਿਚ ਘੁੰਮੀ ਜਾਣਾ। ਬੈਲ ਨੂੰ ਤਾਂ ਸਫਰ ਦੀ ਵਿਅਰਥਤਾ ਦਾ ਕੁਝ ਅਹਿਸਾਸ ਹੋ ਹੀ ਜਾਂਦਾ ਹੋਵੇ ਪਰ ਇਨਸਾਨ ਨੂੰ ਤਾਂ ਮਾਇਆ ਦੀਆਂ ਪਟੀਆਂ ਬੰਨ੍ਹੀਆਂ ਹੋਈਆਂ, ਕੁਝ ਵੀ ਨਹੀਂ ਦਿਸਣ ਦੇਂਦੀਆਂ:

ਸਤਿਗੁਰ ਬਾਝੁ ਨ ਪਾਇਓ ਸਭ ਮੋਹੀ ਮਾਇਆ ਜਾਲਿ ਜੀਉ॥
ਮ: ੧, ਪੰਨਾ ੭੧

ਸਤਿਗੁਰ ਬਾਝੁ ਨ ਪਾਇਓ ਸਭ ਥਕੀ ਕਰਮ ਕਮਾਇ ਜੀਉ॥
ਮ: ੧, ਪੰਨਾ ੭੨

ਗੁਰੂ ਨਾਨਕ ਆਸਾ ਦੀ ਵਾਰ ਵਿਚ ਬੜੀ ਦਲੇਰੀ ਨਾਲ ਜੀਆਂ ਨੂੰ ਸੂਚਿਤ ਕਰਦੇ ਹਨ ਕਿ ਗੁਰੂ ਦੀ ਸਰਨ ਤਕੇ ਬਗੈਰ ਪਰਮੇਸ਼ਰ ਦਾ ਮਿਲਾਪ ਹੋ ਹੀ ਨਹੀਂ ਸਕਦਾ "*ਬਿਨੁ ਸਤਿਗੁਰ ਕਿਨੈ ਨ ਪਾਇਓ॥*" ਤੇ ਫੇਰ ਫੁਰਮਾਉਂਦੇ ਹਨ, "*ਬਿਨੁ ਸਤਿਗੁਰ ਕਿਨੈ ਨ ਪਾਇਆ॥*"ਜੇਕਰ ਕੋਈ ਬੇਨਤੀ ਕਰਕੇ ਮੋੜ ਕੇ ਪੁਛੇ ਕਿ ਸਤਿਗੁਰੂ ਕੀ ਜਾਦੂ ਹੈ? ਜਿਸ ਨਾਲ ਉਸ ਦਾ ਮਿਲਾਪ ਹੋ ਜਾਂਦਾ ਹੈ ਤਾਂ ਬੜੇ ਪ੍ਰੇਮ ਨਾਲ ਉਤਰ ਦੇਂਦੇ ਹਨ ਕਿ "*ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥* ਭਾਵ ਉਹ ਆਪ ਹੀ ਤਾਂ ਸਤਿਗੁਰ ਦਾ ਰੂਪ ਧਾਰ ਕੇ ਆਉਂਦਾ ਹੈ। ਜਦੋਂ ਸਤਿਗੁਰੂ ਜੀ ਆਪਣੇ ਮੁਖਾਰ ਬਿੰਦ ਤੋਂ ਕੋਈ ਬਚਨ ਉਚਾਰਦਾ ਹੈ ਤਾਂ ਸਮਝ ਲਵੋ ਕਿ ਆਪ ਖੁਦ ਪਰਮੇਸਰ ਹੀ ਬੋਲ ਰਿਹਾ ਹੈ। ਮਨ ਨੂੰ ਸੁਖ ਸ਼ਾਂਤੀ ਬਖਸ਼ਣ ਵਾਲੀ ਇਕੋ ਹੀ ਚੀਜ ਹੈ-ਸ਼ਬਦ। ਤੇ ਸ਼ਬਦ ਦੀ ਗੁਰੂ ਉਪਦੇਸ ਬਿਨਾ ਸੋਝੀ ਨਹੀਂ ਹੁੰਦੀ।

ਨਾਨਕ ਬਿਨੁ ਸਤਿਗੁਰ ਭੇਟੇ ਜਗੁ ਅੰਧੁ ਹੈ ਅੰਧੇ ਕਰਮ ਕਮਾਇ॥
ਸਬਦੈ ਸਿਉ ਚਿਤੁ ਨਾ ਲਾਵਈ ਜਿਤੁ ਸੁਖੁ ਵਸੈ ਮਨਿ ਆਇ॥
ਤਾਮਸਿ ਲਗਾ ਸਦਾ ਫਿਰੈ ਅਹਿਨਿਸਿ ਜਲਤੁ ਬਿਹਾਇ॥
ਮ: ੩, ਪੰਨਾ ੫੫੪

ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ॥
ਮ: ੩, ਪੰਨਾ ੮੮

ਪੂਜਾ ਬੇਸ਼ਕ ਪਰਮੇਸ਼ਰ ਦੀ ਹੀ ਕੀਤੀ ਜਾਂਦੀ ਹੈ ਜੇ ਸਤਿਗੁਰੂ ਜੀ ਦੀ ਦਯਾ ਵਿਚ ਸ਼ਾਮਲ ਨਹੀਂ ਉਸ ਦੀ ਪ੍ਰਾਪਤੀ ਵਲੋਂ ਰਤੀ ਭਰ ਵੀ ਫਾਇਦਾ ਨਹੀਂ ਕਿਉਂਕਿ ਸਤਿਗੁਰੂ ਵਿਚ ਪਏ ਬਿਨਾ ਪ੍ਰਭੂ ਅਪਨੀ ਭਗਤੀ ਵੀ ਸਵੀਕਾਰ ਨਹੀਂ ਕਰਦਾ, ਜਿਹੜਾ ਮਾਰਗ ਸਾਖਿਆਂਤਕਾਰ ਕਰਾਉਂਦਾ ਹੈ। ਸਤਿਗੁਰੂ ਦੀ ਅਗਵਾਈ ਬਿਨਾ ਉਸ ਦਾ ਭੇਦ ਨਹੀਂ ਲਭਦਾ। ਰਾਹ ਦੀ ਸੋਧ ਬਿਨਾ ਭਾਵੇਂ ਕਿੰਨੇ ਹੀ ਪੈਂਡੇ ਤਹਿ ਕਰ ਛਡੀਏ ਮੰਜਲ ਦੀ ਪ੍ਰਾਪਤੀ ਨਹੀਂ ਹੁੰਦੀ।

ਬਿਨੁ ਸਤਿਗੁਰ ਕੋ ਮਗੁ ਨ ਜਾਣੈ ਅੰਧੇ ਠਉਰ ਨ ਕਾਈ॥
ਮ: ੧, ਪੰਨਾ ੬੫

ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ॥
ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ॥
ਮ: ੧, ਪੰਨਾ ੬੫

ਆਤਮ ਮਾਰਗ ਤੇ ਤੋਰਨ ਵਾਲੀਆਂ ਔਖਾਂ ਗੁਰੂ ਤੋਂ ਹੀ ਮਿਲਦੀਆਂ ਹਨ। ਜੇਕਰ ਕੋਈ ਇਸ ਸਚਾਈ ਤੋਂ ਹੀ ਅਨਜਾਣ ਹੈ ਤਾਂ ਉਹ ਅਕਲ ਦਾ ਅੰਨਾ ਹੈ। ਪਰਮਾਰਥ ਦਾ ਰਸਤਾ ਬੜਾ ਬਿਖੜਾ ਹੈ, ਖੰਡੇ ਦੀ ਧਾਰ ਤੇ ਤੁਰਨ ਸਮਾਨ। *ਏਹੁ ਮਾਰਗੁ ਖੰਡੇ ਧਾਰ। ਮਹਲਾ ੫, ਪੰ: ੫੩੪।* ਉਸ ਨੂੰ ਪਾਰ ਕਰਨ ਲਈ ਕਦਮ ਕਦਮ ਤੇ ਗੁਰੂ ਦੀ ਲੋੜ ਪੈਂਦੀ ਹੈ। ਉਸ ਦੀ ਸਹਾਇਤਾ ਤੋਂ ਬਿਨਾਂ ਰਜੋ, ਤਮੋ, ਸਤੋ ਗੁਣਾਂ ਦੇ ਬੰਧਨ ਨਹੀਂ ਟੁਟਦੇ।

ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ....॥ -ਮ: ੧, ਪੰਨਾ ੧੮

ਆਪੇ ਦੀ ਪਛਾਨ ਨਹੀਂ ਹੁੰਦੀ।

ਗੁਰ ਬਿਨੁ ਆਪੁ ਨ ਚੀਨੀਐ॥.... -ਮ: ੧, ਪੰਨਾ ੫੯
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ॥
ਮ: ੨ ਪੰਨਾ ੧੨੩੭

ਅਗਿਆਨ ਦੀ ਨਵਿਰਤੀ ਨਹੀਂ ਹੁੰਦੀ:

ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ॥
ਮ: ੧, ਪੰਨਾ ੨੨੯

ਧਰਮ ਪਦ ਦੀ ਪਰਾਪਤੀ ਨਹੀਂ ਹੁੰਦੀ:

ਬਿਨ ਸਤਿਗੁਰ ਕਿਨੈ ਨ ਪਾਈ ਪਰਮਗਤੇ॥
ਮ: ੫, ਪੰਨਾ ੧੩੪੮

ਮੁਕਦੀ ਗੱਲ ਇਹ ਕਿ ਸਤਿਗੁਰੂ ਬਾਝੋਂ ਖਜਲ ਖੁਆਰੀ ਹੀ ਹੈ। ਬਸ ਨਰਕ ਭੋਗੋ, ਜਨਮਾਂ ਵਿਚ ਧਕੇ ਖਾਓ, ਭਾਵੇ ਸੰਸਾਰ ਵਿਚ ਸੜਦੇ ਭੁਜਦੇ ਰਹੋ,

ਬਿਨੁ ਸਤਿਗੁਰ ਸੁਖੁ ਨ ਪਾਵਈ....॥ -ਮ: ੩, ਪੰਨਾ ੨੬

ਮੇਰੀਆਂ ਇਹਨਾਂ ਬੇਨਤੀਆਂ ਵਲ ਧਿਆਨ ਦੇ ਕੇ ਕਟੜਪੁਣੇ ਤੋਂ ਉਚੇ ਹੋ ਕੇ, ਮੁਤਸਬਪੁਣਾ ਛੱਡ ਕੇ ਸੱਚ ਦੀ ਭਾਲ ਕਰੋ, ਗੁਰੂ ਦੇ ਚਰਣ ਗ੍ਰਹਿਨ ਕਰੋ ਅਤੇ ਸਦਾ ਸੁਖ ਦੀ ਜਿੰਦਗੀ ਬਤੀਤ ਕਰੋ।

■

ਹਰਵਿੰਦਰ ਸਿੰਘ ਹੰਸਪਾਲ

'ਬਾਣੀਆ ਸਿਰਿ ਬਾਣੀ' ਦਾ ਸ਼ੁਧ ਉਚਾਰਨ

ਬਾਣੀ ਸ਼ਬਦ ਦਾ ਇੱਕ ਅਰਥ ਹੈ, ਬਣੀ ਹੋਈ। ਉਦਾਹਰਣ ਵਜੋਂ *"ਅਗਨਿ ਬਿੰਬ ਪਵਣੈ ਕੀ ਬਾਣੀ ਤੀਨਿ ਨਾਮ ਕੇ ਦਾਸਾ"* ਭਾਵ ਅਗਨਿ, ਜਲ ਅਤੇ ਪਵਣ ਦਾ ਹੀ ਇਹ ਸਾਰਾ ਜਗਤ ਬਣਿਆ ਹੋਇਆ ਹੈ ਅਤੇ ਤਿੰਨ ਪ੍ਰਕਾਰ ਦੇ ਜੀਵ ਹਨ, ਤਾਮਸੀ, ਰਾਜਸੀ ਅਤੇ ਸਾਤਵਿਕ। ਬਾਣੀ ਸ਼ਬਦ ਦਾ ਭਾਵ ਕਾਵਿ ਰਚਨਾ ਜਾਂ ਗ੍ਰੰਥ ਰਚਨਾ ਦਾ ਵੀ ਹੈ।



ਪ੍ਰੰਤੂ ਹੁਣ ਆਮ ਕਰਕੇ ਬਾਣੀ ਸ਼ਬਦ ਗੁਰਬਾਣੀ ਦਾ ਪ੍ਰਯਾਯਵਾਚੀ ਹੀ ਮੰਨਿਆਂ ਜਾਂਦਾ ਹੈ। ਜਦੋਂ ਬਾਣੀ ਸ਼ਬਦ ਦਾ ਉਚਾਰਨ ਕੋਈ ਕਰਦਾ ਹੈ ਤਾਂ ਭਾਵ ਗੁਰਬਾਣੀ ਦਾ ਹੁੰਦਾ ਹੈ। ਗੁਰਬਾਣੀ ਵਿਚ ਆਇਆ ਹੈ:-

"ਬਾਣੀ ਤ ਗਾਵਹੁ ਗੁਰੂ ਕੇਰੀ
ਬਾਣੀਆ ਸਿਰਿ ਬਾਣੀ॥"

ਉਹ ਬਾਣੀ ਗਾਵਹੁ ਜਿਹੜੀ ਗੁਰੂ (ਵੱਡੀ) ਬਾਣੀ ਹੈ, ਜਿਹੜੀ ਗੁਰੂ ਦੀ ਉਚਾਰੀ ਹੋਈ ਹੈ। *"ਗੁਰਬਾਣੀ ਇਸੁ ਜਗ ਮਹਿ ਚਾਨਣੁ"* ਗੁਰੂ ਦੀ ਉਚਾਰੀ ਹੋਈ ਬਾਣੀ ਇਸ ਸੰਸਾਰ ਵਿਚ ਰਸਤਾ ਦਿਖਾਉਂਦੀ ਹੈ।

ਚੌਥੇ ਸਤਿਗੁਰੂ ਜੀ ਲਿਖਦੇ ਹਨ: *"ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥"* ਗੁਰੂ ਜੀ ਬਾਣੀ ਰਾਹੀਂ ਸੇਵਕਾਂ ਨੂੰ ਕਹਿੰਦੇ ਹਨ ਸੇਵਕ ਹੁਕਮ ਮੰਨ ਕੇ ਲਾਭ

> **ਏਡੀ ਉੱਚੀ ਤੇ ਸੁੱਚੀ ਬਾਣੀ ਜਿਹੜੀ "ਬਾਣੀਆ ਸਿਰਿ ਬਾਣੀ" ਹੈ ਉਸ ਦਾ ਸਤਿਕਾਰ, ਕਰਨਾ ਸੁਚ ਸੋਧ ਵਿਚ ਰਹਿ ਕੇ ਉਸ ਦਾ ਅਧਿਐਨ ਕਰਨਾ, ਪਾਠ ਕਰਨਾ, ਜਿਥੇ ਹਰ ਗੁਰਸਿਖ ਦਾ ਕਰਤਵ ਬਣਦਾ ਹੈ, ਉਥੇ ਅਤਿ ਜ਼ਰੂਰੀ ਹੈ ਕਿ ਇਸ ਦਾ ਉਚਾਰਨ ਵੀ ਪੂਰਾ ਸ਼ੁਧ ਰੂਪ ਵਿਚ ਕੀਤਾ ਜਾਵੇ। ਨਹੀਂ ਤੇ ਗੁਰਬਾਣੀ ਦੇ ਭਾਵ ਹੀ ਬਦਲ ਜਾਂਦੇ ਹਨ, ਕਈ ਵਾਰੀ ਤੇ ਅਰਥ ਉਲਟੇ ਹੀ ਹੋ ਜਾਂਦੇ ਹਨ।**

ਲੈਂਦੇ ਹਨ। ਜ਼ਾਹਿਰ ਗੁਰੂ ਜਿਹੜਾ ਅੱਖਾਂ ਦੇ ਸਾਹਮਣੇ ਹੈ, ਉਹ ਇਸ ਸੰਸਾਰ ਯਾਤਰਾ ਤੋਂ ਪਾਰ ਲਾਉਂਦਾ ਹੈ, ਉੱਧਾਰ ਕਰਦਾ ਹੈ, ਮੋਖ ਦੀ ਪ੍ਰਾਪਤੀ ਕਰਾਉਂਦਾ ਹੈ।

ਗੁਰਬਾਣੀ ਦਾ ਭਾਵ ਉਹ ਬਾਣੀ ਹੈ ਜਿਹੜੀ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੀ ਜੋਤ ਸਤਿਗੁਰੂ ਸਾਹਿਬਾਨ ਦੀ ਉਚਾਰੀ ਬਾਣੀ, ਭਾਵ ਜੋ ਜ਼ਾਹਿਰ ਗੁਰੂ ਸਾਹਿਬਾਨ ਤੋਂ ਸਾਨੂੰ ਪ੍ਰਾਪਤ ਹੋਈ ਹੈ।

ਏਡੀ ਉੱਚੀ ਤੇ ਸੁੱਚੀ ਬਾਣੀ ਜਿਹੜੀ *"ਬਾਣੀਆ ਸਿਰਿ ਬਾਣੀ"* ਹੈ ਉਸ ਦਾ ਸਤਿਕਾਰ ਕਰਨਾ, ਸੁਚ ਸੋਧ ਵਿਚ ਰਹਿ ਕੇ ਉਸ ਦਾ ਅਧਿਐਨ ਕਰਨਾ, ਪਾਠ ਕਰਨਾ, ਜਿਥੇ ਹਰ ਗੁਰਸਿੱਖ ਦਾ ਕਰਤਵ ਬਣਦਾ ਹੈ, ਉਥੇ ਅਤਿ ਜ਼ਰੂਰੀ ਹੈ ਕਿ ਇਸ ਦਾ ਉਚਾਰਨ ਵੀ ਪੂਰਾ ਸ਼ੁਧ ਰੂਪ ਵਿਚ ਕੀਤਾ ਜਾਵੇ। ਨਹੀਂ ਤੇ ਗੁਰਬਾਣੀ ਦੇ ਭਾਵ ਹੀ ਬਦਲ ਜਾਂਦੇ ਹਨ, ਕਈ ਵਾਰੀ ਤੇ ਅਰਥ ਉਲਟੇ ਹੀ ਹੋ ਜਾਂਦੇ ਹਨ।

ਇਕ ਸਮੇਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਸਵੇਂ ਪਾਤਸ਼ਾਹ ਗੁਰਬਾਣੀ ਦਾ ਪਾਠ ਇਕ ਸਿੱਖ ਪਾਸੋਂ ਸੁਣ ਰਹੇ ਸਨ। ਸਿੱਖ ਨੇ *"ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ"* ਨੂੰ *"ਕੇ ਜਾਣੈ ਗੁਰੁ ਸੂਰਾ"* ਪੜ੍ਹਿਆ। ਗੁਰੂ ਸਾਹਿਬ ਆਕਰੋਸ਼ (ਗੁੱਸੇ) ਵਿਚ ਆ ਕੇ ਫ਼ਰਮਾਇਆ ਭਈ

ਸਿੱਖਾ ਤੂੰ ਤੇ ਅਸ਼ੁਧ ਉਚਾਰਨ ਕਰ ਕੇ ਏਡਾ ਵੱਡਾ ਅਨਰਥ ਕਰ ਰਿਹਾ ਹੈਂ, ਬਾਣੀ ਦਾ ਭਾਵ ਹੀ ਬਦਲ ਗਿਆ ਹੈ। 'ਕੋ ਜਾਣੈ ਦਾ ਅਰਥ ਹੈ ਗੁਰੂ ਸੂਰਾ ਕੀ ਜਾਣਦਾ ਹੈ। ਗੁਰੂ ਸੂਰੇ ਨੂੰ ਕਰਤੇ ਦੀਆਂ ਹੱਦਾਂ ਦਾ ਪਤਾ ਨਹੀਂ। ਐਸਾ ਨਹੀਂ ਹੈ। ਸ਼ੁਧ ਪਾਠ ਦਾ ਭਾਵ ਹੈ ਕਰਤੇ ਦੀ ਮਿਤ ਨੂੰ ਕਰਤਾ ਆਪ ਜਾਣਦਾ ਹੈ "ਕੈ ਜਾਣੈ" ਜਾਂ ਕਰਤੇ ਦੀ ਹੱਦਾਂ ਨੂੰ ਗੁਰੂ ਜਾਣਦਾ ਹੈ। ਅਸ਼ੁਧ ਪਾਠ ਕਰਨ ਤੇ ਗੁਰੂ ਸਾਹਿਬ ਨੇ ਸਿੱਖ ਨੂੰ ਚਪੇੜਾਂ ਮਰਵਾਈਆਂ ਅਤੇ ਸਿੱਖਾਂ ਨੂੰ ਸ਼ੁਧ ਪਾਠ ਕਰਨ ਦੀ ਤਾੜਨਾ ਕੀਤੀ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਇਕ ਸਿੱਖ ਪਾਸੋਂ ਇਕ ਸਮੇਂ ਜਪੁਜੀ ਸਾਹਿਬ ਦਾ ਪਾਠ ਸੁਣਿਆ। ਸਿੱਖ ਸ਼ੁਧ ਅਤੇ ਸਪਸ਼ਟ ਪਾਠ ਕਰ ਰਿਹਾ ਸੀ, ਗੁਰੂ ਸਾਹਿਬ ਬੜੇ ਅਨੰਦਿਤ ਹੋ ਰਹੇ ਸਨ। ਪਾਠ ਸੁਣਦੇ ਸੁਣਦੇ ਆਪ ਆਪਣੇ ਆਸਣ ਤੋਂ ਲਾਂਭੇ ਹੋਈ ਜਾ ਰਹੇ ਸੀ। ਸਿੱਖ ਨੇ ਭੀ ਮਹਿਸੂਸ ਕਰ ਲਿਆ ਅਤੇ ਮਨ ਵਿਚ ਸੋਚਿਆ ਕਿ ਪਾਤਸ਼ਾਹ ਬੜੀ ਪ੍ਰਸੰਨ ਮੁਦਰਾ ਵਿਚ ਪਾਠ ਸੁਣ ਰਹੇ ਹਨ। ਕਿਉਂ ਨਾ ਮੈਂ ਹਜ਼ੂਰ ਪਾਸੋਂ ਸਭ ਤੋਂ ਵਧੀਆ ਗੁਰੂ ਜੀ ਦਾ ਘੋੜਾ ਮੰਗ ਲਵਾਂ। ਪਾਠ ਸਮਾਪਤੀ ਤੇ ਗੁਰੂ ਜੀ ਨੇ ਪ੍ਰਸੰਨਤਾ ਦਾ ਇਜ਼ਹਾਰ ਕਰਦਿਆਂ ਬਚਨ ਕੀਤਾ "ਤੂੰ ਸਾਨੂੰ ਸ਼ੁਧ ਪਾਠ ਸੁਣਾਇਆ ਹੈ ਅਤੀ ਪ੍ਰਸੰਨ ਕੀਤਾ ਹੈ। ਮੰਗ ਜੋ ਤੂੰ ਮੰਗਣਾ ਹੈ।"

ਸਿੱਖ ਨੇ ਆਪਣੀ ਸੋਚ ਅਨੁਸਾਰ ਉਹੋ ਸਭ ਤੋਂ ਵਧੀਆ ਘੋੜਾ ਲੈਣ ਦੀ ਅਰਜ਼ ਕਰ ਗੁਜ਼ਾਰੀ। ਹਜ਼ੂਰ ਨੇ ਫੁਰਮਾਇਆ "ਭਾਈ ਸਿੱਖਾ! ਅਸੀਂ ਤੇ ਤੇਰੇ ਵਾਸਤੇ ਆਸਣ ਖਾਲੀ ਕਰੂ ਸਾਂ। ਤੂੰ ਘੋੜੇ ਤੇ ਹੀ ਰੀਝ ਗਿਆ ਹੈਂ। ਠੀਕ ਹੈ ਤੈਨੂੰ ਘੋੜਾ ਚਾਹੀਦਾ ਹੈ ਤਾਂ ਘੋੜਾ ਲੈ ਜਾ।" ਸੋ ਬਹੁਤ ਮਹਾਨਤਾ ਹੈ ਸ਼ੁਧ ਪਾਠ ਕਰਨ ਦੀ।

ਸਤਿਗੁਰੂ ਰਾਮ ਸਿੰਘ ਜੀ ਨੇ ਅਧੋਗਤੀ ਨੂੰ ਪ੍ਰਾਪਤ ਅਤੇ ਗੁਰਬਾਣੀ ਤੋਂ ਦੂਰ ਗਏ ਸਿੱਖਾਂ ਨੂੰ ਗੁਰਬਾਣੀ ਦਾ ਪਾਠ ਕਰਨ ਅਤੇ ਨਾਮ ਜਪਣ ਦਾ ਉਪਦੇਸ਼ ਕੀਤਾ। ਆਪ ਨੇ ਉਹਨਾਂ ਨੂੰ ਸ਼ੁਧ ਪਾਠ ਕਰਨ ਲਈ ਸੰਥਾ ਲੈ ਕੇ ਪਾਠ ਕਰਨ ਦਾ ਹੁਕਮ ਦਿੱਤਾ। ਆਪ ਜੀ ਨੇ ਇਹ ਵੀ ਫੁਰਮਾਇਆ ਕਿ ਜਿਨ੍ਹਾਂ ਨੂੰ ਬਾਣੀਆਂ ਕੰਠ ਹਨ ਉਹ ਵੀ ੩-੪ ਦਿਨਾਂ ਬਾਅਦ ਸ੍ਰੀ ਆਦਿ ਗ੍ਰੰਥ ਸਾਹਿਬ ਜਾਂ ਸ੍ਰੀ ਦਸਮ ਗ੍ਰੰਥ ਸਾਹਿਬ ਤੋਂ ਵੇਖ ਕੇ ਪਾਠ ਕਰਿਆ ਕਰਨ ਤਾਂ ਕਿ ਅਸ਼ੁਧ ਪਾਠ ਕਰਨ ਦੀ ਸੰਭਾਵਨਾ ਹੀ ਨਾ ਰਹੇ।

ਪਰ ਅਜ ਦੇ ਮਾਹੌਲ ਵਿਚ ਸੋਚ ਇਸ ਪਾਸਿਓਂ ਹਟਦੀ ਜਾ ਰਹੀ ਹੈ, ਪ੍ਰਚਾਰ ਹੀ ਕੁਝ ਐਸਾ ਹੈ। ਹਰ ਚੀਜ਼ ਨੂੰ ਤਜ਼ਾਰਤੀ ਨਜ਼ਰੀਏ (commercial view point) ਨਾਲ ਪ੍ਰਚਾਰਿਆ ਪ੍ਰਸਾਰਿਆ ਜਾ ਰਿਹਾ ਹੈ। ਗੁਰਬਾਣੀ ਦੀਆਂ ਟੇਪਾਂ ਗੁਰਬਾਣੀ ਦੇ ਛੋਟੇ ਵੱਡੇ ਤਰ੍ਹਾਂ ਤਰ੍ਹਾਂ ਦੇ ਗੁਟਕੇ, ਹੁਣ ਵੀਡੀਓ ਭੀ ਬਣੇ ਹੋਏ ਬਾਜ਼ਾਰ ਵਿਚ ਉਪਲਬਧ ਹਨ। ਬਨਾਣ-ਵੇਚਣ ਵਾਲਿਆਂ ਨੂੰ ਚਿੰਤਾ ਇਸ ਗੱਲ ਦੀ ਹੈ ਕਿ ਕਿਵੇਂ ਇਸ ਵਪਾਰ ਵਿਚੋਂ ਜ਼ਿਆਦਾ ਤੋਂ ਜ਼ਿਆਦਾ ਮੁਨਾਫਾ ਕਮਾਇਆ ਜਾ ਸਕਦਾ ਹੈ। ਕਿਸੇ ਨੂੰ ਚਿੰਤਾ ਨਹੀਂ ਕਿ ਅਸ਼ੁਧ ਬਾਣੀ ਜਦੋਂ ਕੰਨਾਂ ਵਿਚ ਪਵੇਗੀ ਉਸ ਨਾਲ ਕੀਹ ਨੁਕਸਾਨ ਹੋਵੇਗਾ? ਗੁਰੂ ਗੋਬਿੰਦ ਸਿੰਘ ਜੀ ਤਾਂ ਅਸ਼ੁਧ ਬਾਣੀ ਪੜ੍ਹਨ ਵਾਲੇ ਸਿੱਖ ਨੂੰ ਚਪੇੜਾਂ ਮਰਵਾਉਂਦੇ ਸਨ, ਪਰ ਅਸੀਂ ਉਹਨਾਂ ਦੇ ਸ਼ੁਧ ਬਾਣੀ ਪੜ੍ਹਨ ਦੇ ਹੁਕਮਾਂ ਤੋਂ ਉਲਟ ਚਲ ਰਹੇ ਹਾਂ।

ਸਿੱਖ ਆਖਦੇ ਸੁਣੇ ਜਾਂਦੇ ਹਨ, "ਪਾਠ ਕਰਵਾਇਆ ਸੀ, ਕੰਮ ਨਹੀਂ ਹੋਇਆ।" ਪਾਠ ਦਾ ਲਾਭ ਤਾਂ ਤਦ ਹੀ ਹੋ ਸਕਦਾ ਹੈ ਜੇ ਸੁਚ-ਸੋਧ ਸੰਪੂਰਨ ਮਰਿਯਾਦਾ ਨਾਲ ਸ਼ੁਧ ਪਾਠ ਕੀਤਾ ਜਾਵੇ।

ਪਰਤੂੰ ਕੋਈ ਐਸੀ ਹਸਤੀ (Authority) ਹੀ ਨਹੀਂ ਜਿਹੜੀ ਏਸ ਪਾਸੇ ਧਿਆਨ ਦੇਵੇ। ਸਤਿਗੁਰੂ ਪ੍ਰਤਾਪ ਸਿੰਘ ਜੀ ਆਪਨੇ ਸਮੇਂ ਵਿਚ ਦਸਮ ਅਤੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਸ਼ੁਧ ਪਾਠ ਮੁਕਾਬਲੇ ਲਗਾਤਾਰ ਕਰਵਾ ਕੇ ਸ਼ੁਧ ਪਾਠ ਕਰਨ ਵਾਲੇ ਪਾਠੀ ਤਿਆਰ ਕਰਦੇ ਸੀ। ਸਤਿਗੁਰੂ ਜੀ ਇਕ ਸਮੇਂ ਕੁਝ ਸਿੱਖਾਂ ਨੂੰ ਸ਼ੁਧ ਪਾਠ ਸਿਖਾਇਆ ਅਤੇ ਸ਼ੁਧ ਪਾਠ ਕਰਨ ਦੀ ਵਿਧੀ ਦੱਸੀ। ਜਦੋਂ ਪਾਠੀ ਤਿਆਰ ਹੋ ਗਏ ਸਤਿਗੁਰੂ ਜੀ ਹੁਕਮ ਕੀਤਾ ਤੁਸੀਂ ਮੈਨੂੰ ਸ਼ੁਧ ਪਾਠ ਸਿਖਾਉਣ ਦੀ ਕੀਹ ਦਕਸ਼ਣਾ ਦੇਂਦੇ ਹੋ, ਦਿਓ! ਸਿੱਖਾਂ ਅਰਜ਼ ਕੀਤੀ ਅਸੀਂ ਆਪ ਨੂੰ ਕੀਹ ਦੇ ਸਕਦੇ ਹਾਂ, ਆਪ ਸਮਰੱਥ ਹੋ। ਸਤਿਗੁਰੂ ਜੀ ਹੁਕਮ ਕੀਤਾ, ਮੈਂ ਤੁਹਾਨੂੰ ਗੁਰਬਾਣੀ ਦਾ ਸ਼ੁਧ ਪਾਠ ਕਰਨਾ ਸਿਖਾਇਆ ਹੈ। ਤੁਸੀਂ ਮੈਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਵਾਓ।

ਸ਼ੁਧ ਪਾਠ ਦੀ ਏਸੇ ਪਰੰਪਰਾ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਏਡੀ ਦ੍ਰਿੜਤਾ ਅਤੇ ਵਿਸ਼ਵਾਸ ਨਾਲ ਅਗੇ ਤੋਰ ਰਹੇ ਹਨ ਕਿ ਗੁਰਬਾਣੀ ਭਾਵੇਂ ਅੰਮ੍ਰਿਤ ਵੇਲੇ ਆਸਾ ਦੀ ਵਾਰ ਸਮੇਂ ਪੜ੍ਹੀ ਜਾ ਰਹੀ ਹੋਵੇ ਜਾਂ ਦੁਪਹਿਰ ਦਾ ਕੀਰਤਨ ਹੋ ਰਿਹਾ ਹੋਵੇ, ਕੋਈ ਲਗ ਮਾਤਰਾ ਅੱਖਰ ਗ਼ਲਤ ਨਹੀਂ ਪੜ੍ਹਨ ਦੇਂਦੇ। ਰਾਗੀਆਂ ਨੂੰ ਉਸੇ ਸਮੇਂ ਰੋਕ ਕੇ ਅਸ਼ੁਧ ਨੂੰ ਸ਼ੁਧ ਕਰਵਾ ਕੇ ਅੱਗੇ ਪੜ੍ਹਨ ਦੀ ਆਗਿਆ ਦੇਂਦੇ ਹਨ। ਭਾਵੇਂ ਬਹੁਤ ਸਾਰਾ ਗੁਰਬਾਣੀ

ਸਤਿਗੁਰੂ ਪ੍ਰਤਾਪ ਸਿੰਘ ਜੀ ਆਪਨੇ ਸਮੇਂ ਵਿਚ ਦਸਮ ਅਤੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਸ਼ੁਧ ਪਾਠ ਮੁਕਾਬਲੇ ਲਗਾਤਾਰ ਕਰਵਾ ਕੇ ਸ਼ੁਧ ਪਾਠ ਕਰਨ ਵਾਲੇ ਪਾਠੀ ਤਿਆਰ ਕਰਦੇ ਸੀ। ਸਤਿਗੁਰੂ ਜੀ ਇਕ ਸਮੇਂ ਕੁਝ ਸਿਖਾਂ ਨੂੰ ਸ਼ੁਧ ਪਾਠ ਸਿਖਾਇਆ ਅਤੇ ਸ਼ੁਧ ਪਾਠ ਕਰਨ ਦੀ ਵਿਧੀ ਦੱਸੀ। ਜਦੋਂ ਪਾਠੀ ਤਿਆਰ ਹੋ ਗਏ ਸਤਿਗੁਰੂ ਜੀ ਹੁਕਮ ਕੀਤਾ ਤੁਸੀਂ ਮੈਨੂੰ ਸ਼ੁਧ ਪਾਠ ਸਿਖਾਉਣ ਦੀ ਕੀਹ ਦਕਸ਼ਣਾ ਦੇਂਦੇ ਹੋ। ਦਿਓ! ਸਿਖਾਂ ਅਰਜ਼ ਕੀਤੀ ਅਸੀਂ ਆਪ ਨੂੰ ਕੀਹ ਦੇ ਸਕਦੇ ਹਾਂ, ਆਪ ਸਮਰੱਥ ਹੋ। ਸਤਿਗੁਰੂ ਜੀ ਹੁਕਮ ਕੀਤਾ, ਮੈਂ ਤੁਹਾਨੂੰ ਗੁਰਬਾਣੀ ਦਾ ਸ਼ੁਧ ਪਾਠ ਕਰਨਾ ਸਿਖਾਇਆ ਹੈ। ਤੁਸੀਂ ਮੈਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਵਾਓ।

ਦਾ ਹਿੱਸਾ ਆਪ ਨੂੰ ਕੰਠਸਤ ਹੈ, ਫਿਰ ਵੀ ਗੁਰਬਾਣੀ ਬੜੀ ਵਿਸ਼ਾਲ ਹੈ, ਲਗਾਤਾਰ ਆਪ ਉਸਦਾ ਅਧਿਐਨ ਕਰਦੇ ਰਹਿੰਦੇ ਹਨ। ਆਪਨੇ ਸੰਦਰਭ (reference) ਵਾਸਤੇ ਹਰ ਸਮੇਂ ਆਪ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਕ੍ਰਿਤ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼', ਅਕਾਲੀ ਕੌਰ ਸਿੰਘ ਹੁਰਾਂ ਦਾ 'ਗੁਰਸ਼ਬਦ ਰਤਨ ਪ੍ਰਕਾਸ਼' (ਤੁਕ ਤਤਕਰਾ) ਅਤੇ ਗੁਰਬਾਣੀ ਦੀਆਂ ਸੈਂਚੀਆਂ ਜ਼ਰੂਰ ਆਪਣੇ ਨਾਲ ਰਖਦੇ ਹਨ।

ਇਕ ਦਿਨ ਮੈਂ ਸੁਭਾਗ ਨਾਲ ਹਜ਼ੂਰ ਦੀ ਕਾਰ ਵਿਚ ਸਫ਼ਰ ਕਰ ਰਿਹਾ ਸੀ। ਕੁਝ ਦਿਨਾਂ ਤੋਂ ਮੇਰੇ ਮਨ ਵਿਚ ਉਗ੍ਰਦੰਤੀ (ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬਾਣੀ ਜਿਹੜੀ ਪਟਨਾ ਸਾਹਿਬ ਦੀ ਹਸਤ ਲਿਖਤ ਬੀੜ ਦੇ ਅੰਕ ੩੧੯ ਤੋਂ ਅੰਕਿਤ ਹੈ) ਦੇ ਪਾਠ ਵਿਚ ਇਕ ਤੁਕ *"ਕਰਹੁ ਖਾਲਸਾ ਪੰਥ ਤੀਸਰ ਪ੍ਰਵੇਸਾ॥ ਜਗਹਿ ਸਿੰਘ ਜੋਧੇ ਧਰਹਿ ਨੀਲ ਭੇਸਾ॥"* ਬਾਰੇ ਬਾਰ ਬਾਰ ਸ਼ੰਕਾ ਆ ਰਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤੇ ਨੀਲ ਦਾ ਖੰਡਨ ਕੀਤਾ ਹੈ ਅਤੇ ਨੀਲੇ ਬਸਤਰ ਧਾਰਨ ਕਰਨ ਤੋਂ ਸਿੱਖਾਂ ਨੂੰ ਵਿਵਰਜਿਤ ਕੀਤਾ ਹੈ। ਪਰ ਇਸ ਤੁਕ ਅਨੁਸਾਰ ਜੋਧੇ ਸਿੰਘ ਜਾਗੇ ਨੀਲੇ ਬਸਤਰ ਧਾਰਨ ਕਰਕੇ। ਇਹ ਕਿਸਤਰ੍ਹਾਂ ਹੋ ਸਕਦਾ ਹੈ। ਕਾਰ ਵਿਚ ਸਫ਼ਰ ਕਰਦਿਆਂ ਹੀ ਅਰਜ਼ ਕੀਤੀ, ਗ਼ਰੀਬ ਨਿਵਾਜ਼ ਜੀ 'ਧਰਹਿ ਨੀਲ ਭੇਸਾ' ਦਾ ਕੀ ਭਾਵ ਹੈ? ਤੁਰੰਤ ਸੇਵਕ ਰਛਪਾਲ ਸਿੰਘ ਨੂੰ ਹੁਕਮ ਹੋਇਆ, ਕੋਸ਼ ਕਿੱਥੇ ਹੈ? ਸੇਵਕ ਨੇ ਕਾਰ ਦੀ ਢੋਹ ਤੋਂ ਮਹਾਨ ਕੋਸ਼ ਕੱਢਿਆ, ਹੁਕਮ ਹੋਇਆ 'ਧਰਹਿ' ਸ਼ਬਦ ਵੇਖੋ। ਸੇਵਕ ਨੇ ਵੇਖ ਕੇ ਅਰਜ਼ ਕੀਤੀ, ਸਚੇ ਪਾਤਸ਼ਾਹ ਜੀ 'ਧਰਹਿ' ਸ਼ਬਦ ਕੋਸ਼ ਵਿਚ ਹੈ ਨਹੀਂ। ਹੁਕਮ ਹੋਇਆ 'ਧਰੇ' ਜਾਂ ਧਰ ਵੇਖੋ। ਮਹਾਨ ਕੋਸ਼' ਵਿਚ ਭਾਈ ਕਾਨ੍ਹ ਸਿੰਘ ਜੀ 'ਧਰ' ਸ਼ਬਦ ਦਾ ਅਰਥ 'ਪਕੜ' ਲਿਖਦੇ ਹਨ। ਸੋ ਸਪਸ਼ਟ ਹੋਇਆ 'ਧਰਹਿ ਨੀਲ ਭੇਸਾ' ਦਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਭਾਵ ਹੈ ਜਦੋਂ ਜੋਧੇ ਸਿੰਘ ਜਾਗੇ ਤਿਆਰ ਹੋਏ ਉਹਨਾਂ ਨੀਲ ਬਸਤਰਾਂ ਵਾਲਿਆਂ ਨੂੰ ਭਾਵ ਮੁਸਲਮਾਨਾਂ ਨੂੰ ਫੜ ਲਿਆ ਪਕੜ ਲਿਆ।

ਹੁਕਮ ਹੋਇਆ ਬਾਣੀ ਨੂੰ ਧਿਆਨ ਨਾਲ ਵਿਚਾਰ ਕੇ ਪੜ੍ਹੀਏ ਤਾਂ ਸਹੀ ਭਾਵਾਂ ਦਾ ਪਤਾ ਲਗਦਾ ਹੈ। ਗ਼ਰੀਬ ਨਿਵਾਜ਼ ਜੀ ਫ਼ੁਰਮਾਇਆ, "ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੁਕਮ ਹੈ ਜਿਹੜੀ ਬਾਣੀ ਦੀ ਤੁਕ ਦਾ ਅਰਥ ਜਾਂ ਭਾਵ ਨਾ ਸਮਝ ਆਵੇ, ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰ ਕੇ ਸਿੱਖ ਸੌ ਵਾਰੀ ਉਸ ਤੁਕ ਦਾ ਪਾਠ ਕਰੇ ਭਾਵ ਆਪੇ ਸਮਝ ਆ ਜਾਵੇਗਾ।

ਕਾਰ ਵਿਚ ਚਰਚਾ ਤਾਂ ਗੁਰਬਾਣੀ ਦੀ ਹੋ ਹੀ ਰਹੀ ਸੀ, ਸੱਚੇ ਪਾਤਸ਼ਾਹ ਹੁਕਮ ਕੀਤਾ ਇਕ ਬਾਣੀ ਦੀ ਤੁਕ ਹੈ *"ਸੀਲੁ ਬਿਗਾਰਿਓ ਤੇਰਾ ਕਾਮ"*। ਇਸ ਦਾ ਭਾਵ ਛੇਤੀ ਤੇ ਇਹ ਹੀ ਸਮਝ ਆਉਂਦਾ ਹੈ ਕਿ ਸੀਲ ਸੰਤੋਖ ਨੇ ਤੇਰਾ ਕੰਮ ਵਿਗਾੜ ਦਿੱਤਾ ਹੈ। ਪਰ ਐਸਾ ਕਦਾਚਿਤ ਹੋ ਹੀ ਨਹੀਂ ਸਕਦਾ ਕਿ ਸੀਲ ਸੰਤੋਖ ਨਾਲ ਕੰਮ ਵਿਗੜੇ। ਅਰਜ਼ ਕਰਨ ਤੇ ਗ਼ਰੀਬ ਨਿਵਾਜ਼ ਜੀ ਹੁਕਮ ਕੀਤਾ, "ਇਸ ਤੁਕ ਦਾ ਭਾਵ ਗੁਰੂ ਅਰਜਨ ਦੇਵ ਮਹਾਰਾਜ ਪੰਜਵੇਂ ਪਾਤਸ਼ਾਹ *ਜੀ ਦੀ ਇਸ ਤੋਂ ਪਹਿਲੀ ਤੁਕ ਪੜ੍ਹ ਕੇ ਸਪਸ਼ਟ ਹੁੰਦਾ ਹੈ, "ਸੁਇਨਾ ਰੁਪਾ ਤੁਝ ਪਹਿ ਦਾਮ॥ ਸੀਲੁ ਬਿਗਾਰਿਓ ਤੇਰਾ ਕਾਮ॥"* ਸੋਨਾ ਚਾਂਦੀ ਤੇ ਪੈਸੇ ਤੇਰੇ ਪਾਸ ਵਰਤਣ ਨੂੰ ਅਕਾਲ ਪੁਰਖ ਨੇ ਦਿੱਤੇ ਹਨ ਪ੍ਰੰਤੂ ਕਾਮ ਨੇ ਤੇਰਾ ਸੀਲ (ਆਚਰਣ) ਵਿਗਾੜ ਦਿੱਤਾ ਹੈ।

'ਧੰਨ ਕਹਿ ਕੇ', ਕਿਉਂ ਕਿ ਚਰਚਾ ਗੁਰਬਾਣੀ ਬਾਰੇ ਚਲ ਹੀ ਰਹੀ ਸੀ, ਮੈਂ ਅਰਜ਼ ਕੀਤੀ, ਗ਼ਰੀਬ ਨਿਵਾਜ਼ ਜੀ ਗਉੜੀ ਵਿਚ ਕਬੀਰ ਜੀ ਦੀ ਇਕ ਤੁਕ ਹੈ *"ਹੋਇਗਾ ਖਸਮੁ ਤ ਲੇਇਗਾ ਰਾਖਿ"॥* ਕੀ ਕਬੀਰ ਜੀ ਸ਼ੰਕਾ ਭਾਵਨਾ ਵਿਚ ਆਖਦੇ ਹਨ ਕਿ ਜੇ ਕਰ ਖਸਮ (ਮਾਲਕ) ਹੋਏਗਾ ਤਾਂ ਤੇਰੀ ਰਖਿਆ ਕਰੇਗਾ। ਮਾਲਕ ਦੀ ਹੋਂਦ ਬਾਰੇ ਕੀਹ ਕਬੀਰ ਜੀ ਨੂੰ ਸ਼ੰਕਾ ਸੀ? ਫੇਰ ਸੇਵਕ ਰਛਪਾਲ ਸਿੰਘ ਨੂੰ ਹੁਕਮ ਹੋਇਆ, "ਕੋਸ਼ ਚੋਂ 'ਖਸਮ' ਸ਼ਬਦ ਕੱਢੋ।" ਭਾਈ ਕਾਨ੍ਹ ਸਿੰਘ ਜੀ ਖਸਮ ਸ਼ਬਦ ਦਾ ਅਰਥ ਲਿਖਦੇ ਹਨ- "ਵੈਰੀ, ਦੁਸ਼ਮਨ।" ਸੋ ਕਬੀਰ ਜੀ ਦੀ ਇਸ ਤੁਕ ਦਾ ਅਰਥ ਹੋਇਆ- ਜੇ ਤੇਰਾ ਕੋਈ ਅਕਾਰਨ ਵੈਰੀ ਹੋਵੇਗਾ ਤਾਂ ਰਾਮ ਤੇਰੀ ਰਖਿਆ ਕਰੇਗਾ।

ਗ਼ਰੀਬ ਨਿਵਾਜ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਫ਼ੁਰਮਾਇਆ ਬਾਣੀ ਸਾਰੀ ਦੀ ਸਾਰੀ ਦਾ ਜੇ ਕਰ ਸਹੀ ਸ਼ੁਧ ਲਗਾਂ ਮਾਤਰਾ ਅਤੇ ਭਾਵ ਸਮਝ ਕੇ ਪਾਠ ਕੀਤਾ ਜਾਵੇ ਤਾਂ ਇਸ ਦਾ ਬਹੁਤ ਵੱਡਾ ਮਹਾਤਮ ਹੈ। ਗੁਰਬਾਣੀ ਦਾ ਪੂਰੀ ਸਰਧਾ ਨਾਲ ਅਧਿਐਨ ਕਰਨਾ ਚਾਹੀਦਾ ਹੈ। ਬੇਸਰਧਾ ਨੂੰ ਜਾਂ ਵਾਧੂ ਵਖਾਵਾ ਕਰਨ ਵਾਲਿਆਂ ਨੂੰ ਕੁਝ ਪ੍ਰਾਪਤ ਨਹੀਂ ਹੋ ਸਕਦਾ। ਏਸ ਸਮੇਂ ਆਪ ਨੇ ਕਿਰਪਾ ਕਰ ਕੇ ਨਾਭਾ ਪਤੀ ਮਹਾਰਾਜਾ ਹੀਰਾ ਸਿੰਘ ਦੇ ਵਕਤ ਦੀ ਇਕ ਕਥਾ ਸੁਨਾਈ। ਜੋ ਇਸ ਪ੍ਰਕਾਰ ਹੈ:-

ਬਾਬਾ ਨਾਰਾਯਣ ਸਿੰਘ ਗੁਰਦੁਵਾਰਾ ਬਾਬਾ ਅਜਾਪਾਲ ਸਿੰਘ ਜੀ ਨਾਭੇ ਦੇ ਮਹੰਤ ਸਨ। ਆਪ ਬਾਬਾ ਸਰੂਪ ਸਿੰਘ ਜੀ ਦੇ ਪੋਤੇ ਸਨ। ਬਾਬਾ ਸਰੂਪ ਸਿੰਘ ਜੀ ਤੋਂ ਬਾਦ ਆਪ ਨੂੰ ਬਾਬਾ ਅਜਾਪਾਲ ਸਿੰਘ ਜੀ ਦੇ ਗੁਰਦੁਆਰੇ ਦਾ ਮਹੰਤ ਥਾਪਿਆ ਗਿਆ ਸੀ। ਆਪ ਨੂੰ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਸਾਰਾ ਪਾਠ ਕੰਠੋਂ ਯਾਦ ਸੀ। ਹਰ ਮਹੀਨੇ ਚਾਰ ਸ਼ੁਧ ਪਾਠ ਆਪ ਕਰਿਆ ਕਰਦੇ ਸਨ। ਤਿੰਨ ਵਾਰ ਆਪ ਨੇ ਇਕੱਲਿਆਂ ਇਕ ਆਸਨ ਬੈਠ ਕੇ ਅਖੰਡ ਪਾਠ ਕੀਤੇ।

ਇੱਕ ਪਾਠ ਮਹਾਰਾਜਾ ਹੀਰਾ ਸਿੰਘ ਨੇ ਬੜੇ ਪ੍ਰੇਮ ਭਾਵ ਨਾਲ ਸੁਣਿਆ। ਮਹਾਰਾਜਾ ਨੇ ਪਾਠ ਦੇ ਭੋਗ ਸਮੇਂ ਮੇਂਖ ਵਜੋਂ ਜਾਗੀਰ ਦੇਣ ਦੀ ਇੱਛਾ ਪ੍ਰਗਟ ਕੀਤੀ। ਬਾਬਾ ਨਾਰਾਯਣ ਸਿੰਘ ਜੀ ਇਹ ਕਹਿ ਕੇ ਕਿ ਗੁਰਬਾਣੀ ਦਾ ਪਾਠ ਅਮੁਲ ਹੈ, ਇਹ ਖਰੀਦਣ-ਵੇਚਣ ਵਾਲੀ ਚੀਜ਼ ਨਹੀਂ ਹੈ ਅਤੇ ਭੇਟਾ ਵਜੋਂ ਜਾਗੀਰ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ। ਮਹਾਰਾਜਾ ਨੇ ਆਪ ਨੂੰ ਆਪਦੇ ਮਹਿਲ ਤੋਂ ਗੁਰਦੁਆਰੇ ਤਕ ਪਾਲਕੀ ਵਿਚ ਬੈਠਾ ਕੇ ਭੇਜਿਆ। ਜਦੋਂ ਆਪ ਪਾਲਕੀ ਵਿਚ ਬੈਠ ਕੇ ਜਾਣ ਲੱਗੇ, ਤਾਂ ਮਹਾਰਾਜਾ ਹੀਰਾ ਸਿੰਘ ਨੇ ਪਾਲਕੀ ਦੇ ਇੱਕ ਕਹਾਰ ਨੂੰ ਹਟਾ ਕੇ ਆਪਣੇ ਮੋਢੇ ਤੇ ਪਾਲਕੀ ਉਠਾਈ।

ਜਿਸ ਭਾਵਨਾ ਅਤੇ ਸਤਿਕਾਰ ਨਾਲ ਬਾਣੀ ਦਾ ਪਾਠ ਸੁਣਿਆ ਜਾਂ ਕੀਤਾ ਜਾਵੇ ਵੈਸਾ ਹੀ ਫਲ ਪ੍ਰਾਪਤ ਹੁੰਦਾ ਹੈ। ਪਰ ਲੋੜ ਇਸ ਗੱਲ ਦੀ ਹੈ ਕਿ 'ਬਾਣੀਆ ਸਿਰਿ ਬਾਣੀ' ਦਾ ਪਾਠ ਪੂਰਨ ਮਰਿਯਾਦਾ ਅਨੁਸਾਰ ਅਤੇ ਸ਼ੁਧ ਕੀਤਾ ਜਾਵੇ। ਸਿੱਖ ਸਮਾਜ ਦੀਆਂ ਆਉਣ ਵਾਲੀਆਂ ਨਸਲਾਂ ਨੂੰ ਸੰਭਾਲਣ ਵਾਸਤੇ, ਉਹਨਾਂ ਨੂੰ ਸਾਬਤ ਸਰੂਪ ਰੱਖਣ ਵਾਸਤੇ ਅਤੇ ਉਚ ਆਚਾਰ ਦੇ ਧਾਰਨੀ ਬਨਾਣ ਵਾਸਤੇ ਗੁਰਬਾਣੀ ਦੇ ਅਧਿਐਨ ਦੀਆਂ ਸਹੂਲਤਾਂ ਪੈਦਾ ਕਰਨੀਆਂ ਅਜ ਦੀ ਸਿੱਖ ਲੀਡਰਸ਼ਿਪ ਦੀ ਵੱਡੀ ਜ਼ੁੰਮੇਵਾਰੀ ਹੈ।

■

ਡਾ. ਮਹੀਪ ਸਿੰਘ

ਕ੍ਰਾਂਤੀ ਦਰਸ਼ੀ ਸਨ ਗੁਰੂ ਹਰਿਗੋਬਿੰਦ

ਜਿਸ ਵੇਲੇ ਗੁਰੂ ਅਰਜਨ ਦੀ ਸ਼ਹਾਦਤ ਹੋਈ, ਗੁਰੂ ਹਰਿਗੋਬਿੰਦ ਦੀ ਆਯੂ ਕੁਲ ੧੧ ਵਰ੍ਹਿਆਂ ਦੀ ਸੀ। ਉਹ ਗੁਰੂ-ਪਰੰਪਰਾ ਦੇ ਛੇਵੇਂ ਉੱਤਰਾਧਿਕਾਰੀ ਸਨ। ਉਨ੍ਹਾਂ ਅੱਗੇ ਉਹੋ ਨਿਰਣਾਇਕ ਘੜੀ ਸੀ। ਜਿਸ ਨਾਲ ਇਤਿਹਾਸ ਨਵੇਂ ਮੋੜ ਲੈਂਦਾ ਹੈ। ਇਸ ਔਖੀ ਤੇ ਵਿਖਮ ਘੜੀ ਵਿਚ ਉਨ੍ਹਾਂ ਨੇ ਜੋ ਨਿਰਣਾ ਲਿਆ ਉਸਨੇ ਨਾ ਕੇਵਲ ਸਿਖ ਲਹਿਰ ਦਾ ਰੂਪ-ਰੰਗ ਬਦਲ ਦਿੱਤਾ ਸਗੋਂ ਸੰਸਾਰ ਦੇ ਇਤਿਹਾਸ ਵਿਚ ਇਕ ਪੂਰੀ ਤਰ੍ਹਾਂ ਵਖਰਾ ਤੇ ਨਵਾਂ ਪੰਨਾ ਜੋੜ ਦਿੱਤਾ।



ਇਤਿਹਾਸ ਵਿਚ ਅਜਿਹੇ ਅਵਸਰ ਕਦੀ-ਕਦੀ ਆਉਂਦੇ ਹਨ, ਜਿਨ੍ਹਾਂ ਵਿਚ ਵਾਪਰੀਆਂ ਘਟਨਾਵਾਂ ਸਮੇਂ ਦਾ ਰੁਖ ਬਦਲ ਦਿੰਦੀਆਂ ਹਨ। ਨਸਲਾਂ, ਰਾਸ਼ਟਰਾਂ, ਧਰਮਾਂ ਦੇ ਇਤਿਹਾਸ ਵਿਚ ਅਜਿਹੇ ਅਵਸਰ ਜਦੋਂ ਵੀ ਆਏ ਹਨ ਉਨ੍ਹਾਂ ਨੇ ਨਾ ਕੇਵਲ ਇਤਿਹਾਸ ਦੀ ਗਤੀ ਬਦਲੀ ਹੈ, ਸਗੋਂ ਆਪਣੀ ਹੋਂਦ ਤੇ ਵਕਾਰ ਨੂੰ ਨਵੀਂ ਪਛਾਣ ਦਿੱਤੀ ਹੈ। ਭਲਾ ਸੋਚੀਏ ਕਿ ਜੇ ਕਲਿੰਗ ਦਾ ਜੁੱਧ ਨਾ ਹੋਇਆ ਹੁੰਦਾ, ਸਮਰਾਟ ਅਸ਼ੋਕ ਨੇ ਉਹ ਵਿਆਪਕ ਕਤਲੇਆਮ ਆਪਣੀਆਂ ਅੱਖਾਂ ਨਾਲ ਨਾ ਵੇਖਿਆ ਹੁੰਦਾ ਤਾਂ ਕੀ ਬੁੱਧ ਦਾ ਸੁਨੇਹਾ ਇੰਨਾ ਵਿਸ਼ਵ ਵਿਆਪੀ ਹੋਇਆ ਹੁੰਦਾ? ਕੀ ਬੁੱਧ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਅੱਜ ਦੁਨੀਆਂ ਵਿਚ ਕਰੋੜਾਂ ਵਿਚ ਹੁੰਦੀ? ਇਸੇ ਤਰ੍ਹਾਂ ਜੇ ਈਸਾ ਨੂੰ ਸੂਲੀ ਤੇ ਨਾ ਚੜ੍ਹਾਇਆ ਗਿਆ ਹੁੰਦਾ, ਜਾਂ ਕਰਬਲਾ ਦੇ ਮੈਦਾਨ ਵਿਚ ਹੁਸੈਨ ਦੀ ਸ਼ਹਾਦਤ ਨਾ ਹੋਈ ਹੁੰਦੀ ਤਾਂ ਕੀ ਈਸਾਈ ਅਤੇ ਇਸਲਾਮ ਧਰਮਾਂ ਦਾ ਉਹੋ ਰੂਪ ਹੁੰਦਾ ਜਿਹੜਾ ਅੱਜ ਹੈ?

ਗੁਰੂ ਅਰਜਨ ਦੀ ਸ਼ਹਾਦਤ ਵੀ ਇਤਿਹਾਸ ਦੀ ਇਕ ਉਸੇ ਤਰ੍ਹਾਂ ਦੀ ਬੜੀ ਅਹਿਮ ਘਟਨਾ ਸੀ ਜਿਸਨੇ ਗੁਰੂ ਨਾਨਕ ਦੁਆਰਾ ਸਥਾਪਿਤ ਅਤੇ ਉਨ੍ਹਾਂ ਪਿਛੋਂ ਆਉਣ ਵਾਲੇ ਤਿੰਨ ਗੁਰੂ ਸਾਹਿਬਾਨ - ਗੁਰੂ ਅੰਗਦ, ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਦੁਆਰਾ ਪ੍ਰਚਾਰੀ ਤੇ ਵਿਗਸਾਈ ਸਿਖ ਲਹਿਰ ਨੂੰ ਉਸ ਮੋੜ ਤੇ ਲਿਆ ਕੇ ਖੜਾ ਕਰ ਦਿੱਤਾ, ਜਿਹੜਾ ਪੂਰੀ ਤਰ੍ਹਾਂ ਨਿਰਣਾਇਕ ਸੀ।

ਜਿਸ ਯੁਗ ਵਿਚ ਗੁਰੂ ਨਾਨਕ ਦਾ ਜਨਮ ਹੋਇਆ ਸੀ, ਉਸ ਵਿਚ ਇਸ ਦੇਸ਼ ਦੇ ਦੱਖਣੀ ਖੇਤਰ ਵਿਚ ਉਭਰੀ ਹੋਈ ਭਗਤੀ ਦੀ ਲਹਿਰ ਉੱਤਰ ਭਾਰਤ ਵਿਚ ਵੀ ਪੂਰੀ ਤਰ੍ਹਾਂ ਵਿਆਪਤ ਹੋ ਚੁਕੀ ਸੀ। ਇਹ ਲਹਿਰ ਵੀ ਦੋ ਮੁਖੀ ਹੋ ਕੇ ਵਗ ਰਹੀ ਸੀ। ਇਸਦਾ ਇਕ ਮੁਖ ਪ੍ਰਭੂ ਸਿਮਰਨ ਵਿਚ ਇਸ ਤਰ੍ਹਾਂ ਲੀਨ ਸੀ ਕਿ ਉਸਦੀ ਚਿੰਤਾ ਦਾ ਇਕੋ ਇਕ ਨਿਸ਼ਾਨਾ 'ਪਰਲੋਕ' ਸੀ। ਸੰਸਾਰ ਉਸਨੂੰ ਪੂਰੀ ਤਰ੍ਹਾਂ ਮਿਥਿਆ ਵਿਖਾਈ ਦਿੰਦਾ ਸੀ ਅਤੇ 'ਇਹ ਲੋਕ' ਦਾ ਹਰ ਕੰਮ ਉਸਨੂੰ ਮਾਇਆ ਦਾ ਝੂਠਾ ਪਸਾਰ ਨਜ਼ਰ ਆਉਂਦਾ ਸੀ। ਸੰਸਾਰ ਅਤੇ ਸੰਸਾਰ ਦੀਆਂ ਸਮੱਸਿਆਵਾਂ ਤੋਂ ਪੂਰੀ ਤਰ੍ਹਾਂ ਨਿਰਲੇਪ ਹੋ ਜਾਣਾ ਆਮ ਲੋਕਾਂ ਲਈ ਉਸਦਾ ਮੁੱਖ ਸੰਦੇਸ਼ ਸੀ।

ਭਗਤੀ ਧਾਰਾ ਦਾ ਦੂਜਾ ਮੁਖ ਪ੍ਰਭੂ ਸਿਮਰਨ ਨੂੰ ਸੰਸਾਰ ਨਾਲੋਂ ਤੋੜ ਕੇ ਨਹੀਂ ਵੇਖਦਾ ਸੀ। ਸੰਸਾਰੀ ਜ਼ਿੰਮੇਵਾਰੀਆਂ ਅਤੇ ਸਮਾਜਿਕ ਸਰੋਕਾਰਾਂ ਬਾਰੇ ਉਹ ਪੂਰੀ ਤਰ੍ਹਾਂ ਸੁਚੇਤ ਸੀ। ਉੱਚੇ ਮਨੋਰਥਾਂ ਨਾਲ ਭਰੀ, ਅਨਿਆਂ-ਅਨੀਤੀ ਅਤੇ ਅਸਮਾਨਤਾ ਦੇ ਵਿਰੁੱਧ ਸੰਘਰਸ਼ਪੂਰਨ ਜੀਵਨ-ਸ਼ੈਲੀ ਉਸਨੂੰ 'ਰੱਬੀ ਕੰਮ' ਹੀ ਲਗਦੀ ਸੀ। ਗੁਰੂ ਨਾਨਕ ਦੀ ਭਗਤੀ ਧਾਰਾ ਇਸੇ ਤਰ੍ਹਾਂ ਦੀ ਸੀ। ਅਜਿਹੀ ਭਗਤੀ ਧਾਰਾ

ਜਿਸ ਜੀਵਨ ਜਾਚ ਨੂੰ ਉਸਾਰਦੀ ਹੈ ਉਸ ਵਿਚ ਲੋਕ ਸੰਗ੍ਰਹਿ ਦੀ ਭਾਵਨਾ ਸਰਵ ਪ੍ਰਮੁਖ ਹੁੰਦੀ ਹੈ। ਇਸੇ ਭਾਵਨਾ ਕਰਕੇ ਗੁਰੂ ਨਾਨਕ ਵੱਲੋਂ ਦੱਸੇ ਰਾਹ ਵਿਚ ਸੰਗਤ' ਤੇ 'ਪੰਗਤ' ਦਾ ਸੰਕਲਪ ਇੰਨਾ ਮਹੱਤਵਪੂਰਣ ਹੋ ਗਿਆ ਸੀ।

ਜਿਹੜੀ ਵੀ ਲਹਿਰ ਲੋਕ-ਸੰਗ੍ਰਹਿ ਨੂੰ ਆਪਣੀ ਕਾਰਜ ਸ਼ੈਲੀ ਦਾ ਆਧਾਰ ਬਣਾਏਗੀ ਅਤੇ ਲੋਕ ਜੀਵਨ ਵਿਚ ਕੁਝ ਨਿਯਮਿਤ ਦੇ ਜੱਥੇਬੰਦਕ ਅਮਲਾਂ ਨੂੰ ਅਹਿਮੀਅਤ ਦੇਣੀ ਸ਼ੁਰੂ ਕਰੇਗੀ ਉਹ ਹੌਲੀ-ਹੌਲੀ ਆਪਣੇ ਵੇਲੇ ਦੀਆਂ ਹਕੂਮਤਾਂ ਤੇ ਦੂਜੇ ਸਥਾਪਿਤ ਨਿਜ਼ਾਮਾਂ ਦਾ ਧਿਆਨ ਆਪਣੇ ਵੱਲ ਖਿੱਚਣ ਦਾ ਕੰਮ ਕਰੇਗੀ। ਅਜਿਹੇ ਨਿਜ਼ਾਮ ਆਰੰਭ ਵਿਚ ਅਜਿਹੀਆਂ ਲਹਿਰਾਂ ਨੂੰ ਉਤਸੁਕਤਾ ਭਰੀਆਂ ਨਜ਼ਰਾਂ ਨਾਲ ਵੇਖਦੇ ਹਨ, ਫਿਰ ਉਹ ਉਸ ਪ੍ਰਤੀ ਸਰਪ੍ਰਸਤੀ ਭਰਿਆ ਰਵਈਆ ਅਪਣਾ ਕੇ ਉਸਨੂੰ ਆਪਣੇ ਅਨੁਕੂਲ ਕਰਨਾ ਚਾਹੁੰਦੇ ਹਨ। ਜੇ ਇਹ ਲਹਿਰ ਵਧੇਰੀ ਲੋਕ ਪ੍ਰਿਅ ਹੁੰਦੀ ਨਜ਼ਰ ਆਵੇ ਤਾਂ ਉਸ ਪ੍ਰਤੀ ਉਨ੍ਹਾਂ ਦੇ ਮਨ ਵਿਚ ਸ਼ਕ ਤੇ ਡਰ ਜਨਮ ਲੈਣੇ ਸ਼ੁਰੂ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿਚ ਮੌਕਾ ਮਿਲਦੇ ਹੀ ਹਕੂਮਤਾਂ ਤੇ ਦੂਜੀਆਂ ਵਿਵਸਥਾਵਾਂ ਉਸਤੇ ਅੰਕੁਸ਼ ਲਗਾਉਣ ਦਾ ਯਤਨ ਕਰਦੀਆਂ ਹਨ, ਦਮਨ ਚੱਕਰ ਸ਼ੁਰੂ ਹੋ ਜਾਂਦਾ ਹੈ ਅਤੇ ਫਿਰ ਸਿੱਧੇ ਟਕਰਾਉ ਦੀ ਨੌਬਤ ਆ ਜਾਂਦੀ ਹੈ।

ਸਿਖ ਲਹਿਰ ਦੇ ਨਾਲ ਵੀ ਇੰਜ ਹੀ ਹੋਇਆ। ਗੁਰੂ ਨਾਨਕ ਨੇ ਜਿਨ੍ਹਾਂ ਆਦਰਸ਼ਾਂ ਤੇ ਮੰਤਵਾਂ ਨੂੰ ਲੋਕਾਂ ਦੇ ਸਾਹਮਣੇ ਰਖਿਆ ਸੀ, ਸਭ ਤੋਂ ਪਹਿਲਾ ਉਸਨੇ ਪ੍ਰੋਹਿਤਾਈ ਵਿਵਸਥਾ ਨੂੰ ਪਰੇਸ਼ਾਨ ਕੀਤਾ ਸੀ ਜਿਸਨੇ ਅੰਧ ਵਿਸ਼ਵਾਸ, ਜਾਤ-ਪਾਤ, ਊਚ-ਨੀਚ ਅਤੇ ਹੋਰ ਬੇਅਰਥ ਹੋ ਚੁਕੀਆਂ ਮਾਨਤਾਵਾਂ ਨੂੰ ਆਪਣਾ ਆਧਾਰ ਬਣਾਇਆ ਹੋਇਆ ਸੀ। ਗੁਰੂ ਨਾਨਕ ਨੇ ਉਨ੍ਹਾਂ ਸਾਰਿਆਂ ਤੇ ਪ੍ਰਸ਼ਨ ਚਿਹਨ ਲਗਾ ਦਿੱਤੇ-ਜੰਞੂ ਕਿਉਂ ਪਾਵਾਂ? ਪੂਰਬ ਵਲ ਮੂੰਹ ਕਰਕੇ ਸੂਰਜ ਨੂੰ ਜਲ ਕਿਉਂ ਦਿਆਂ? ਪਰਲੋਕ ਵਿਚ ਵੱਸਣ ਵਾਲੇ ਪਿਤਰਾਂ ਲਈ ਕੀਤਾ ਗਿਆ ਤਰਪਨ ਕੀ ਸਚਮੁਚ ਉਨ੍ਹਾਂ ਨੂੰ ਲਾਭ ਪਹੁੰਚਾਂਦਾ ਹੈ? ਮਸੀਤ ਵਿਚ ਨਮਾਜ਼ ਪੜ੍ਹਾਉਣ ਵਾਲੇ ਇਮਾਮ ਦਾ ਦਿਲ ਕੀ ਸਚਮੁਚ ਨਮਾਜ਼ ਵਿਚ ਹੁੰਦਾ ਹੈ? ਵਰਗੇ ਅਨੇਕ ਪ੍ਰਸ਼ਨਾਂ ਨੇ ਪ੍ਰੋਹਿਤ ਤਬਕੇ ਨੂੰ ਵਿਆਕੁਲ ਕਰ ਦਿੱਤਾ।

ਗੁਰੂ ਨਾਨਕ ਨੇ ਤਤਕਾਲੀਨ ਸ਼ਾਸਨ-ਵਿਵਸਥਾ ਤੇ ਵੀ ਸਖ਼ਤ ਟਿੱਪਣੀਆਂ ਕੀਤੀਆਂ ਸਨ, ਜਿਸ ਨਾਲ ਉਹ ਵਿਵਸਥਾ ਵੀ ਚੁਕੰਨੀ ਹੋਈ ਹੋਵੇਗੀ।

ਫਿਰ ਕਿਰਪਾ ਤੇ ਸਰਪ੍ਰਸਤੀ ਦਾ ਦੌਰ ਸ਼ੁਰੂ ਹੋਇਆ। ਪ੍ਰੋਹਿਤ ਵਰਗ ਦੇ ਸੁਆਰਥਾਂ ਦੀ ਰਾਖੀ ਕਰਨ ਵਾਲੇ ਮਲਿਕ ਭਾਗੋ ਨੇ ਗੁਰੂ ਨਾਨਕ ਨੂੰ ਬ੍ਰਹਮ ਭੋਜ ਲਈ ਸੱਦਾ ਭੇਜਿਆ, ਪਰ ਗੁਰੂ ਸਾਹਿਬ ਪ੍ਰਾਹੁਣੇ ਬਣੇ ਗ਼ਰੀਬ ਕਿਰਤੀ ਭਾਈ ਲਾਲੋ ਦੇ। ਹੁਮਾਯੂ ਗੁਰੂ ਅੰਗਦ ਕੋਲ ਆਇਆ, ਪਰ ਧਿਆਨ ਮਗਨ ਗੁਰੂ ਸਾਹਿਬ ਨੇ ਉਸਨੂੰ ਗੌਲਿਆ ਹੀ ਨਹੀਂ। ਅਕਬਰ ਗੁਰੂ ਅਮਰਦਾਸ ਦੇ ਕੋਲ ਆਇਆ। ਉਹ ਲੰਗਰ ਲਈ ਚੋਖੀ ਧਨ-ਸੰਪਤੀ ਦੇਣੀ ਚਾਹੁੰਦਾ ਸੀ, ਪਰ ਗੁਰੂ ਸਾਹਿਬ ਨੇ ਨਾਂਹ ਕਰ ਦਿੱਤੀ-ਲੰਗਰ ਤਾਂ ਸਿਖਾਂ ਦੇ ਸੇਵਾ ਭਾਵ ਦਾ ਪ੍ਰਤੀਕ ਹੈ, ਇਸਨੂੰ ਧਨਾਢਾਂ ਅਤੇ ਬਾਦਸ਼ਾਹਾਂ ਦੀ ਕਿਰਪਾ ਤੇ ਸਰਪ੍ਰਸਤੀ ਤੇ ਨਿਰਭਰ ਨਹੀਂ ਹੋਣਾ ਚਾਹੀਦਾ। ਫਿਰ ਵੀ ਅਕਬਰ ਗੁਰੂ-ਪੁੱਤਰੀ ਬੀਬੀ ਭਾਨੀ ਨੂੰ ਆਪਣੀ ਧੀ ਆਖ ਕੇ ਕੁਝ ਜ਼ਮੀਨ ਦੇ ਗਿਆ।

ਪਰ ਇਹ ਲਹਿਰ ਤਾਂ ਅੱਗੇ ਵੱਧਦੀ ਹੀ ਗਈ। ਇਸਦੇ ਪ੍ਰਭਾਵ ਖੇਤਰ ਦਾ ਵਿਸਥਾਰ ਹੁੰਦਾ ਗਿਆ। ਇਸਦੇ ਕਲਾਵੇ ਵਿਚ ਹਿੰਦੂ-ਮੁਸਲਮਾਨ ਦੋਵੇਂ ਹੀ ਆ ਰਹੇ ਸਨ ਅਤੇ ਵੱਡੇ-ਵੱਡੇ ਸ਼ਾਹਜਾਦੇ ਇੱਥੇ ਆ ਕੇ ਦੁਆਵਾਂ ਮੰਗਣ ਲਗ ਪਏ ਸਨ

ਇਹ ਵੇਖ ਕੇ ਸ਼ਾਸ਼ਨ-ਵਿਵਸਥਾ ਸ਼ੰਕਾਵਾਂ ਨਾਲ ਭਰ ਕੇ ਚਿੰਤਾਵਾਨ ਹੋ ਉਠੀ। ਜਹਾਂਗੀਰ ਆਪਣੀ ਸਵੈ ਜੀਵਨੀ "ਤੁਜ਼ਕੇ ਜਹਾਂਗੀਰੀ" ਵਿਚ ਲਿਖਦਾ ਹੈ ਕਿ ਤਿੰਨ-ਚਾਰ ਪੀੜ੍ਹੀਆਂ ਤੋਂ ਇਹ ਕੰਮ ਚਲ ਰਿਹਾ ਸੀ.....ਮੈਂ ਹੁਕਮ ਦਿੱਤਾ ਕਿ ਉਸਨੂੰ (ਗੁਰੂ ਅਰਜਨ ਨੂੰ) ਹਾਜ਼ਿਰ ਕੀਤਾ ਜਾਏ, ਉਸਦੇ ਘਰ-ਦੁਆਰ ਅਤੇ ਬੱਚਿਆ ਨੂੰ ਮੁਰਤਜ਼ਾ ਖਾਨ ਦੇ ਸਪੁਰਦ ਕਰ ਦਿੱਤਾ ਜਾਏ, ਉਸਦੀ ਧਨ-ਸੰਪਤੀ ਜਪਤ ਕੀਤੀ ਜਾਏ ਅਤੇ ਮੈਂ ਆਗਿਆ ਦਿੱਤੀ ਕਿ ਉਸਨੂੰ ਡਰਾਉਣ, ਮਾਰਣ, ਸਜ਼ਾ ਦੇਣ ਅਤੇ ਤਸੀਹੇ ਦੇ ਕੇ ਜਾਨੋ ਮਾਰ ਦੇਣ।

ਸਿਖ ਲਹਿਰ ਦੇ ਮਾਧਿਅਮ ਨਾਲ ਵੱਧਦੀ ਹੋਈ ਲੋਕ ਜਾਗ੍ਰਿਤੀ ਉਤੇ ਉਸ ਵੇਲੇ ਦੀ ਹਕੂਮਤ ਦਾ ਇਹ ਪਹਿਲਾ ਜਬਰਦਸਤ ਹਮਲਾ ਸੀ।

ਇਹ ਉਹ ਸਥਿਤੀ ਹੈ ਜਿੱਥੇ ਅਨੇਕ ਲਹਿਰਾਂ ਜਾਂ ਤਾਂ ਸਰਕਾਰੀ ਦਮਨ-ਚੱਕਰ ਦੇ ਸਨਮੁਖ ਗੋਡੇ ਟੇਕ ਦਿੰਦੀਆਂ ਹਨ, ਜਾ ਪਿਸ ਜਾਂਦੀਆਂ ਹਨ, ਜਾਂ ਆਪਣਾ ਰਾਹ ਬਦਲ ਲੈਂਦੀਆਂ ਹਨ। ਸੰਸਾਰ ਵਿਚ ਇਸਦੀਆਂ ਅਨੇਕ ਮਿਸਾਲਾਂ ਹਨ। ਹਕੂਮਤ ਦੀ ਬੇਅੰਤ ਸ਼ਕਤੀ ਦੇ ਸਾਹਮਣੇ ਟਿਕ ਸਕਣਾ ਸੌਖਾ ਨਹੀਂ ਹੁੰਦਾ। ਅਜਿਹੇ ਉਦਾਹਰਣ ਸੰਸਾਰ ਵਿਚ ਵਿਰਲੇ ਹੀ ਹੋਣਗੇ ਕਿ ਸ਼ਾਂਤੀ ਪੂਰਨ ਧਾਰਮਿਕ ਵਾਤਾਵਰਨ ਵਿਚ ਉਭਰਦੀ ਹੋਈ ਕੋਈ ਲਹਿਰ ਆਪਣੇ ਵੇਲੇ ਦੀ ਸਰਵ ਸ਼ਕਤੀਮਾਨ ਰਾਜ ਸੱਤਾ ਦਾ ਕ੍ਰੋਧ ਲੈ ਲਵੇ ਅਤੇ ਸਿੱਟੇ ਵੱਜੋਂ ਉਸਦਾ ਸਰਵਉੱਚ ਆਗੂ-ਗੁਰੂ-ਅੰਤਾਂ ਦੀ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ ਜਾਏ ਅਤੇ ਉਹ ਲਹਿਰ ਬੜੇ ਧੀਰਜ ਤੇ ਸੰਜਮ ਨਾਲ ਆਪਣੀ ਸ਼ਕਤੀ ਨੂੰ ਇਕੱਤਰ ਕਰਦੀ ਹੋਈ ਇਕ ਦਿਨ ਉਸੇ ਰਾਜ ਸੱਤਾ ਨਾਲ ਖੁਲੀ ਟੱਕਰ ਲੈਂਦੇ ਹੋਏ ਉਸਦੀਆਂ ਜੜਾਂ ਪੁੱਟ ਸੁੱਟੇ।

ਜਿਸ ਵੇਲੇ ਗੁਰੂ ਅਰਜਨ ਦੀ ਸ਼ਹਾਦਤ ਹੋਈ, ਗੁਰੂ ਹਰਿਗੋਬਿੰਦ ਦੀ ਆਯੂ ਕੁਲ ੧੧ ਵਰ੍ਹਿਆਂ ਦੀ ਸੀ। ਉਹ ਗੁਰੂ-ਪਰੰਪਰਾ ਦੇ ਛੇਵੇਂ ਉੱਤਰਾਧਿਕਾਰੀ ਸਨ। ਉਨ੍ਹਾਂ ਅੱਗੇ ਉਹੋ ਨਿਰਣਾਇਕ ਘੜੀ ਸੀ। ਜਿਸ ਨਾਲ ਇਤਿਹਾਸ ਨਵੇਂ ਮੋੜ ਲੈਂਦਾ ਹੈ। ਇਸ ਔਖੀ ਤੇ ਵਿਖਮ ਘੜੀ ਵਿਚ ਉਨ੍ਹਾਂ ਨੇ ਜੋ ਨਿਰਣਾ ਲਿਆ ਉਸਨੇ ਨਾ ਕੇਵਲ ਸਿਖ ਲਹਿਰ ਦਾ ਰੂਪ-ਰੰਗ ਬਦਲ ਦਿੱਤਾ ਸਗੋਂ ਸੰਸਾਰ ਦੇ ਇਤਿਹਾਸ ਵਿਚ ਇਕ ਪੂਰੀ ਤਰ੍ਹਾਂ ਵਖਰਾ ਤੇ ਨਵਾਂ ਪੰਨਾ ਜੋੜ ਦਿੱਤਾ। ਪੂਰੀ ਤਰ੍ਹਾਂ ਧਾਰਮਿਕ ਦਿੱਸਣ ਵਾਲੀ ੭੫ ਵਰ੍ਹੇ ਪੁਰਾਣੀ ਲਹਿਰ ਨੂੰ ਉਨ੍ਹਾਂ ਨੇ ਬਿਲਕੁਲ ਨਵੀਂ ਨੁਹਾਰ ਦੇਣ ਦਾ ਫੈਸਲਾ ਕਰ ਲਿਆ।

ਉਨ੍ਹਾਂ ਦੇ ਦਾਦਾ (ਗੁਰੂ ਰਾਮਦਾਸ) ਨੇ ਅੰਮ੍ਰਿਤਸਰ ਨਗਰ ਨੂੰ ਵਸਾਉਣ ਦਾ ਕੰਮ ਆਰੰਭਿਆ ਸੀ। ਉਨ੍ਹਾਂ ਦੇ ਪਿਤਾ, ਗੁਰੂ ਅਰਜਨ ਨੇ ਅੰਮ੍ਰਿਤ ਸਰੋਵਰ ਵਿਚ ਹਰਿਮੰਦਰ ਦੀ ਉਸਾਰੀ ਕਰਕੇ ਉਸ ਵਿਚ (ਗੁਰੂ) ਗ੍ਰੰਥ ਸਾਹਿਬ ਦੀ ਬੀੜ ਨੂੰ ਸਥਾਪਿਤ ਕਰਕੇ ਅਸੰਖ ਲੋਕਾਂ ਦੀ ਆਤਮਿਕ ਭੁਖ ਨੂੰ ਤ੍ਰਿਪਤ ਕਰਨ ਅਤੇ ਉਨ੍ਹਾਂ ਨੂੰ ਜੀਵਨ ਦੇ ਉਚੇਰੇ ਮੰਤਵਾਂ ਨਾਲ ਜੋੜਨ ਦਾ ਕੰਮ ਕੀਤਾ ਸੀ। ਗੁਰੂ ਹਰਿਗੋਬਿੰਦ ਜੀ ਨੇ ਹਰਿਮੰਦਰ ਦੇ ਸਾਹਮਣੇ

ਕੁਝ ਵਿੱਥ ਤੇ 'ਅਕਾਲ ਬੁੰਗੇ' ਨੂੰ ਉਸਾਰਿਆ, ਜਿਹੜਾ ਕੁਝ ਚਿਰ ਵਿਚ ਹੀ 'ਤਖ਼ਤ' ਬਣ ਗਿਆ। ਹਰਿਮੰਦਰ ਦੀ ਛਤਰ ਛਾਇਆ ਹੇਠ ਜਿਹੜਾ ਨਵਾਂ 'ਤਖ਼ਤ' ਉਭਰਿਆ ਉਹ ਸੰਸਾਰੀ ਸ਼ਕਤੀ ਪਾਪਤ ਕੀਤੇ, ਸ਼ਕਤੀ ਦੇ ਨਸ਼ੇ ਵਿਚ ਅੰਨ੍ਹੇ ਹੋਏ ਹੁਕਮਰਾਨਾਂ ਤੇ ਤਖ਼ਤਾਂ ਲਈ ਇਕ ਵੰਗਾਰ ਸੀ। ਉਨ੍ਹਾਂ ਨੇ ਪਰੰਪਰਾ ਤੋਂ ਚਲੀ ਆ ਰਹੀ ਭਗਤਾਂ ਦੀ ਸ਼ੈਲੀ ਟੋਪੀ ਲਾਹ ਕੇ ਦਸਤਾਰ ਸਜਾਈ ਜਿਹੜੀ ਸਮਾਜਿਕ ਦ੍ਰਿਸ਼ਟੀ ਨਾਲ ਵਡਿਆਈ ਤੇ ਉੱਚਤਾ ਦਾ ਚਿਹਨ ਸੀ। ਆਮ ਜੋਧਾ ਅਤੇ ਸ਼ਾਸਕ ਵਰਗ ਦੇ ਲੋਕੀ ਇਕ ਤਲਵਾਰ ਧਾਰਨ ਕਰਦੇ ਸਨ। ਗੁਰੂ ਸਾਹਿਬ ਨੇ ਦੋ ਤਲਵਾਰਾਂ ਧਾਰਨ ਕੀਤੀਆਂ ਜਿਵੇਂ ਇਹ ਐਲਾਨ ਕੀਤਾ ਕਿ ਗੁਰੂ ਨਾਨਕ ਦੀ ਗੱਦੀ ਦਾ ਉਤਰਾਧਿਕਾਰੀ ਹੋਣ ਦੇ ਨਾਤੇ ਮੈਂ ਲੋਕਾਂ ਦਾ ਆਤਮਿਕ (ਪੀਰੀ) ਮਾਰਗ ਦਰਸ਼ਨ ਤਾਂ ਕਰਾਂਗਾ ਹੀ, ਹੁਣ ਮੈਂ ਲਤਾੜੇ ਹੋਏ, ਸਤਾਏ ਹੋਏ, ਗੁਲਾਮ ਬਣੇ ਹੋਏ ਲੋਕਾਂ ਨੂੰ ਸੰਸਾਰੀ (ਮੀਰੀ) ਦ੍ਰਿਸ਼ਟੀ ਤੋਂ ਉੱਚਾ ਚੁੱਕਣ ਤੇ ਉਨ੍ਹਾਂ ਵਿਚ ਸਵੈਮਾਣ ਪੈਦਾ ਕਰਨ ਦੀ ਮੁਹਿੰਮ ਵੀ ਚਲਾਵਾਂਗਾ।

ਗੁਰੂ ਹਰਿਗੋਬਿੰਦ ਨੇ ਦੂਰ-ਦੁਰੇਡੇ ਫੈਲੀਆਂ ਹੋਈਆਂ ਸੰਗਤਾਂ ਨੂੰ ਹੁਕਮਨਾਮੇ ਭੇਜ ਦਿੱਤੇ-ਹੁਣ ਕਾਰ ਭੇਟ ਵਿਚ ਘੋੜੇ, ਅਸਤਰ-ਸ਼ਸਤਰ ਅਤੇ ਦੂਜੀ ਜੁੱਧ ਸਮੱਗਰੀ ਲਿਆਈ ਜਾਏ। ਪਹਿਲਾ ਹਰਿਮੰਦਰ ਵਿਚ ਸ਼ਬਦ-ਕੀਰਤਨ ਕਰਨ-ਸੁਣਨ ਵਾਲੇ, ਗੁਰਬਾਣੀ ਦਾ ਪਾਠ ਕਰਨ ਵਾਲੇ 'ਸਾਧ ਜਨ' ਆਉਂਦੇ ਸਨ। ਇਹ ਸਾਰੇ ਉਸੇ ਤਰ੍ਹਾਂ ਆਉਂਦੇ ਰਹੇ, ਪਰ ਇਨ੍ਹਾਂ ਨਾਲ ਉਹ ਨੌਜਵਾਨ ਵੀ ਜੁੜੇ ਜੋ ਸ਼ਬਦ ਕੀਰਤਨ ਤੇ ਗੁਰਬਾਣੀ ਦਾ ਰਸ ਲੈਂਦੇ ਸਨ ਤੇ ਨਾਲ ਹੀ ਅਕਾਲ ਤਖ਼ਤ ਦੇ ਸਾਹਮਣੇ ਦੇ ਖੇਤਰ ਵਿਚ ਕੁਸ਼ਤੀ ਲੜਦੇ ਸਨ, ਤਲਵਾਰ ਚਲਾਉਣਾ ਸਿਖਦੇ ਸਨ, ਨੇਜ਼ਾ ਸੁੱਟਣਾ ਤੇ ਤੀਰੰਦਾਜ਼ੀ ਦਾ ਅਭਿਆਸ ਕਰਦੇ ਸਨ, ਘੁੜਸਵਾਰੀ ਕਰਦੇ ਸਨ। ਨੌਜਵਾਨ ਗੁਰੂ ਸਾਹਿਬ ਉਨ੍ਹਾਂ ਨੂੰ ਪ੍ਰੇਰਨਾ ਦਿੰਦੇ ਸਨ, ਉਤਸ਼ਾਹ ਦਿੰਦੇ ਸਨ। ਇਨ੍ਹਾਂ ਸੈਨਿਕ ਅਭਿਆਸਾਂ ਵਿਚ ਆਪ ਵੀ ਹਿੱਸਾ ਲੈਂਦੇ ਸਨ ਅਤੇ ਚਾਹੁੰਦੇ ਸਨ

ਨਿਰੰਕੁਸ਼ ਸ਼ਾਸਨ ਤੰਤਰ ਨੇ ਸੋਚਿਆ ਸੀ ਕਿ ਗੁਰੂ ਅਰਜਨ ਦੀ ਸ਼ਹਾਦਤ ਪਿੱਛੋਂ ਸਿਖੀ ਦੀ ਲਹਿਰ ਆਪਣੇ ਆਪ ਨੂੰ ਸੁਗੇੜ ਲਵੇਗੀ ਅਤੇ ਆਪਣਾ ਸਾਰਾ ਧਿਆਨ ਭਜਨ ਬੰਦਗੀ ਵਿਚ ਹੀ ਲਗਾਉਣ ਲਗ ਪਵੇਗੀ, ਜਿਵੇਂ ਕਿ ਉਸ ਸਮੇਂ ਦੀਆਂ ਦੂਜੀਆਂ ਭਗਤੀ ਲਹਿਰਾਂ ਕਰ ਰਹੀਆਂ ਸਨ। ਉਸ ਨੇ ਇਹ ਵੀ ਸੋਚਿਆ ਸੀ ਕਿ ੧੧ ਵਰ੍ਹਿਆਂ ਦੇ ਬਾਲਕ-ਗੁਰੂ ਆਪਣੇ ਪਿਤਾ ਦੀ ਅਜਿਹੀ ਤਸੀਹੇ ਵਾਲੀ ਮੌਤ ਵੇਖ ਕੇ ਭੈਭੀਤ ਹੋ ਜਾਣਗੇ ਅਤੇ ਉਨ੍ਹਾਂ ਵਿਚ ਕੁਝ ਹੋਰ ਸੋਚਣ ਦੀ ਜੁਰਅਤ ਹੀ ਨਹੀਂ ਰਹੇਗੀ। ਉਨ੍ਹਾਂ ਦੀ ਮਾਤਾ ਅਤੇ ਦੂਜੇ ਮੋਢੀ ਸਿੱਖ ਉਨ੍ਹਾਂ ਨੂੰ ਅਜਿਹਾ ਕੋਈ ਕੰਮ ਨਹੀਂ ਕਰਨ ਦੇਣਗੇ ਜਿਸ ਤੋਂ ਹਕੂਮਤ ਨਾਰਾਜ਼ ਹੁੰਦੀ ਹੋਵੇ। ਪਰ ਅਜਿਹਾ ਨਹੀਂ ਹੋਇਆ। ਨੌਜਵਾਨ ਗੁਰੂ ਹਰਿਗੋਬਿੰਦ ਨੇ ਸਾਰੀ ਲਹਿਰ ਨੂੰ ਨਵੇਂ ਸਰੂਪ ਵਿਚ ਢਾਲਣ ਦਾ ਨਿਸਚਾ ਕਰ ਲਿਆ। ਅਜੇ ਤੀਕ ਲੋਕਾਂ ਨੇ ਸਿੱਖ-ਲਹਿਰ ਦਾ ਸੰਤ ਰੂਪ ਹੀ ਜਾਣਿਆ ਸੀ। ਗੁਰੂ ਹਰਿਗੋਬਿੰਦ ਨੇ ਉਸ ਨਾਲ ਸਿਪਾਹੀ ਰੂਪ ਜੋੜ ਦਿੱਤਾ ਅਤੇ ਇਹ ਸੰਕੇਤ ਦੇ ਦਿੱਤਾ ਕਿ ਸੰਪੂਰਨ ਮਨੁੱਖ ਨਾ ਕੇਵਲ ਸੰਤ ਹੁੰਦਾ ਹੈ, ਨਾ ਸਿਪਾਹੀ।

ਕਿ ਸਮਾਜ ਦੀ ਯੁਵਾ ਸ਼ਕਤੀ ਇਸ ਵਲ ਵੱਧ ਤੋਂ ਵੱਧ ਪ੍ਰੇਰੀ ਜਾਏ।

ਉਸ ਵੇਲੇ, ਬੜੇ ਲੋਕਾਂ ਨੂੰ ਜਾਪਿਆ ਸੀ ਕਿ ਗੁਰੂ ਹਰਿਗੋਬਿੰਦ ਜੀ ਦਾ ਇਹ ਉਪਰਾਲਾ ਤੇ ਕਾਰਜ ਪ੍ਰਣਾਲੀ ਪਰੰਪਰਾ ਤੋਂ ਚਲੀ ਆ ਰਹੀ ਗੁਰੂ-ਪ੍ਰਣਾਲੀ ਦੇ ਅਨੁਕੂਲ ਨਹੀਂ। ਭਾਈ ਗੁਰਦਾਸ ਨੇ ਵੀ ਵਾਰ ੨੬, ਪਉੜੀ ੨੪ ਵਿਚ ਆਮ ਸਿਖਾਂ ਦੇ ਮਨ ਵਿਚ ਪੈਦਾ ਹੋਈ ਇਸ ਸ਼ੰਕਾ ਦਾ ਜ਼ਿਕਰ ਕੀਤਾ ਹੈ- "ਪਹਿਲੇ ਗੁਰੂ ਧਰਮਸਾਲ ਬਣਾ ਕੇ ਬੈਠਦੇ ਸਨ, ਇਹ (ਗੁਰੂ ਹਰਿਗੋਬਿੰਦ) ਤਾਂ ਕਿਸੇ ਥਾਂ ਤੇ ਟਿਕਦੇ ਹੀ ਨਹੀਂ। ਪਹਿਲਾਂ ਬਾਦਸ਼ਾਹ ਗੁਰੂਆਂ ਦੇ ਦਰਸ਼ਨ ਕਰਨ ਲਈ ਆਉਂਦੇ ਸਨ, ਇਨ੍ਹਾਂ ਨੂੰ ਬਾਦਸ਼ਾਹ (ਜਹਾਂਗੀਰ) ਨੇ (ਗਵਾਲੀਅਰ ਦੇ) ਗੜ੍ਹ ਵਿਚ ਭੇਜ ਦਿੱਤਾ ਹੈ। ਹੁਣ ਸਿਖ ਸੰਗਤ ਨੂੰ ਗੁਰੂ ਦੇ ਦਰਸ਼ਨ ਨਹੀਂ ਹੁੰਦੇ ਕਿਉਂਕਿ ਇਹ ਗੁਰੂ ਲੋਕਾਂ ਵਿਚ ਨਠਦੇ-ਫਿਰਦੇ ਹਨ, ਕਿਸੇ ਤੋਂ ਡਰਦੇ ਨਹੀਂ। ਪਹਿਲਾਂ ਗੁਰੂ ਗੱਦੀ ਤੇ ਬੈਠ ਕੇ ਉਪਦੇਸ਼ ਦਿੰਦੇ ਸਨ, ਇਨ੍ਹਾਂ ਨੇ ਸ਼ਿਕਾਰੀ ਕੁੱਤੇ ਪਾਲ ਲਏ ਹਨ ਤੇ ਸ਼ਿਕਾਰ ਖੇਡਦੇ ਹਨ। ਪਹਿਲੇ ਗੁਰੂ ਬਾਣੀ ਦੀ ਰਚਨਾ ਕਰਦੇ ਸਨ, ਸੁਣਦੇ ਸਨ, ਗਾਉਂਦੇ ਸਨ, ਇਹ ਅਜਿਹਾ ਵੀ ਨਹੀਂ ਕਰਦੇ। ਪਹਿਲਾਂ ਦੇ ਗੁਰੂਆਂ ਵਾਂਗ ਇਨ੍ਹਾਂ ਪਾਸ ਸੇਵਕ ਵੀ ਨਹੀਂ। ਇਹ ਤਾਂ ਦੋਖੀਆਂ-ਦੁਸ਼ਟਾਂ ਦੇ ਆਗੂ (ਪੈਂਦੇ ਖਾਂ) ਵਰਗਿਆਂ ਨੂੰ ਮੂੰਹ ਲਾਉਂਦੇ ਹਨ-

ਧਰਮਸਾਲ ਕਰ ਬਹੀਦਾ,
ਇਕੱਤ ਥਾਂ ਨਾ ਟਿਕੈ ਟਿਕਾਯਾ।
ਪਾਤਿਸ਼ਾਹ ਘਰ ਆਂਵਦੇ,
ਗੜ੍ਹ ਚੜ੍ਹਿਆ ਪਾਤਿਸ਼ਾਹ ਚੜ੍ਹਾਯਾ।
ਉਮੱਤ-ਮਹਿਲ ਨ ਪਾਂਵਦੀ,
ਨਠੈ ਫਿਰੈ ਨ ਡਰੈ ਡਰਾਯਾ।
ਮੰਜੀ ਬਹਿ ਸੰਤੋਖਦਾ,
ਕੁੱਤੇ ਰਖ ਸ਼ਿਕਾਰ ਖਿਲਾਯਾ।
ਬਾਣੀ ਕਰ ਸੁਣ ਗਾਂਵਦਾ,
ਕਥੈ ਨ ਸੁਣੈ ਨ ਗਾਵ ਸੁਣਾਯਾ।
ਸੇਵਕ ਪਾਸਿ ਨ ਰਖੀਅਨਿ,
ਦੋਖੀ ਦੁਸ਼ਟ ਆਗੂ ਮੁਹਿ ਲਾਯਾ।

ਅਜਿਹੀਆਂ ਸ਼ੰਕਾਵਾਂ ਦਾ ਉੱਤਰ ਦਿੰਦੇ ਹੋਏ ਭਾਈ ਗੁਰਦਾਸ ਨੇ ਆਪ ਲਿਖਿਆ ਸੀ- ਲੋਕਾਂ ਦੇ ਮਨਾਂ 'ਚ ਕੁਝ ਚਿਰ ਲਈ ਸਚ ਦਾ ਪ੍ਰਕਾਸ਼ ਮਧੱਮ

ਪੈ ਸਕਦਾ ਹੈ ਪਰ ਸਚਾਈ ਲੁਕਾਣ ਨਾਲ ਤਾਂ ਲੁਕ ਨਹੀਂ ਸਕਦੀ। ਸਚ ਦਾ ਸੂਰਜ ਉਗਦੇ ਹੀ ਭਰੋਸੇ ਦਾ ਕੰਵਲ ਖਿੜ ਜਾਂਦਾ ਹੈ ਅਤੇ ਮਨ ਰੂਪੀ ਭੌਰਾ ਉਸ ਤੇ ਮੰਡਰਾਉਣ ਲਗਦਾ ਹੈ-

ਸਚ ਨ ਲੁਕੈ ਲੁਕਾਇਆ
ਚਰਣ ਕਵਲ ਸਿਖ ਭਵਰ ਲੁਭਾਯਾ
ਅਜਰ ਜਰੈ ਨ ਆਪ ਜਣਾਯਾ॥

ਨਿਰੰਕੁਸ਼ ਸ਼ਾਸਨ ਤੰਤਰ ਨੇ ਸੋਚਿਆ ਸੀ ਕਿ ਗੁਰੂ ਅਰਜਨ ਦੀ ਸ਼ਹਾਦਤ ਪਿੱਛੋਂ ਸਿਖੀ ਦੀ ਲਹਿਰ ਆਪਣੇ ਆਪ ਨੂੰ ਸੁਰੰਗੇੜ ਲਵੇਗੀ ਅਤੇ ਆਪਣਾ ਸਾਰਾ ਧਿਆਨ ਭਜਨ ਬੰਦਗੀ ਵਿਚ ਹੀ ਲਗਾਉਣ ਲਗ ਪਵੇਗੀ, ਜਿਵੇਂ ਕਿ ਉਸ ਸਮੇਂ ਦੀਆਂ ਦੂਜੀਆਂ ਭਗਤੀ ਲਹਿਰਾਂ ਕਰ ਰਹੀਆਂ ਸਨ। ਉਸ ਨੇ ਇਹ ਵੀ ਸੋਚਿਆ ਸੀ ਕਿ ੧੧ ਵਰ੍ਹਿਆਂ ਦੇ ਬਾਲਕ-ਗੁਰੂ ਆਪਣੇ ਪਿਤਾ ਦੀ ਅਜਿਹੀ ਤਸੀਹੇ ਵਾਲੀ ਮੌਤ ਵੇਖ ਕੇ ਭੈਭੀਤ ਹੋ ਜਾਣਗੇ ਅਤੇ ਉਨ੍ਹਾਂ ਵਿਚ ਕੁਝ ਹੋਰ ਸੋਚਣ ਦੀ ਜੁਰਅਤ ਹੀ ਨਹੀਂ ਰਹੇਗੀ। ਉਨ੍ਹਾਂ ਦੀ ਮਾਤਾ ਅਤੇ ਦੂਜੇ ਸੋਚੀ ਸਿੱਖ ਉਨ੍ਹਾਂ ਨੂੰ ਅਜਿਹਾ ਕੋਈ ਕੰਮ ਨਹੀਂ ਕਰਨ ਦੇਣਗੇ ਜਿਸ ਤੋਂ ਹਕੂਮਤ ਨਾਰਾਜ਼ ਹੁੰਦੀ ਹੋਵੇ।

ਪਰ ਅਜਿਹਾ ਨਹੀਂ ਹੋਇਆ। ਨੌਜਵਾਨ ਗੁਰੂ ਹਰਿਗੋਬਿੰਦ ਨੇ ਸਾਰੀ ਲਹਿਰ ਨੂੰ ਨਵੇਂ ਸਰੂਪ ਵਿਚ ਢਾਲਣ ਦਾ ਨਿਸਚਾ ਕਰ ਲਿਆ। ਅਜੇ ਤੀਕ ਲੋਕਾਂ ਨੇ ਸਿੱਖ-ਲਹਿਰ ਦਾ ਸੰਤ ਰੂਪ ਹੀ ਜਾਣਿਆ ਸੀ। ਗੁਰੂ ਹਰਿਗੋਬਿੰਦ ਨੇ ਉਸ ਨਾਲ ਸਿਪਾਹੀ ਰੂਪ ਜੋੜ ਦਿੱਤਾ ਅਤੇ ਇਹ ਸੰਕੇਤ ਦੇ ਦਿੱਤਾ ਕਿ ਸੰਪੂਰਨ ਮਨੁੱਖ ਨਾ ਕੇਵਲ ਸੰਤ ਹੁੰਦਾ ਹੈ, ਨਾ ਸਿਪਾਹੀ। ਉਸਨੂੰ ਸੰਤ-ਸਿਪਾਹੀ ਬਣਨਾ ਹੁੰਦਾ ਹੈ। ਤਾਂ ਹੀ ਉਹ ਇਸ ਸੰਸਾਰ ਵਿਚ ਅਨਿਆਂ-ਅਤਿਆਚਾਰ ਦੇ ਵਿਰੁੱਧ ਖੜਾ ਹੋ ਕੇ ਸਨਮਾਨਪੂਰਨ ਜੀਵਨ ਜੀਉਣ ਦਾ ਅਧਿਕਾਰੀ ਹੁੰਦਾ ਹੈ ਅਤੇ ਤਾਂ ਹੀ ਉਹ ਆਪਣੀ ਆਤਮਿਕ ਸ਼ਾਂਤੀ ਵੀ ਪ੍ਰਾਪਤ ਕਰ ਸਕਦਾ ਹੈ।

ਕੋਈ ਵੀ ਨਵੀਂ ਲਹਿਰ, ਨਵੀਂ ਮੁਹਿੰਮ, ਨਵਾਂ ਫੈਸਲਾ, ਆਪਣੀ ਕੀਮਤ ਮੰਗਦਾ ਹੈ। ਇਹ ਨਹੀਂ ਹੋ ਸਕਦਾ ਕਿ ਬੰਦਾ ਸਮੇਂ ਦੇ ਪ੍ਰਵਾਹ ਦੇ ਉਲਟ ਚਲਣਾ ਵੀ ਚਾਹੇ ਅਤੇ ਜੀਵਨ ਦੇ ਸਾਰੇ ਸੁਖ, ਸਾਰੀਆਂ ਸਹੂਲਤਾਂ ਨੂੰ ਭੋਗਦਾ ਵੀ ਚਲੇ। ਜੋ ਸੁਵਿਧਾ ਭੋਗੀ ਹਨ, ਉਹ ਕ੍ਰਾਂਤੀਕਾਰੀ ਨਹੀਂ ਹੋ ਸਕਦੇ। ਕਿਉਂਕਿ ਰਤਾ ਵੀ ਪਰਿਵਰਤਨਵਾਦੀ ਤੇ ਅਗਾਂਹਵਧੂ ਕਦਮ ਚੁੱਕਣ ਦਾ ਸਭ ਤੋਂ ਪਹਿਲਾਂ ਜਿਹੜਾ ਮੁੱਲ ਤਾਰਨਾ ਪੈਂਦਾ ਹੈ, ਉਹ ਉਨ੍ਹਾਂ ਸੁਖਾਂ-ਸੁਵਿਧਾਵਾਂ ਤੇ ਤਿਆਗ ਦਾ ਹੁੰਦਾ ਹੈ, ਜਿਨ੍ਹਾਂ ਦਾ ਬੰਦਾ ਆਦੀ ਹੋ ਚੁੱਕਿਆ ਹੁੰਦਾ ਹੈ।

ਪਰ ਗੱਲ ਕੇਵਲ ਸੁਖ-ਸੁਵਿਧਾ ਦੇ ਤਿਆਗਣ ਨਾਲ ਹੀ ਨਹੀਂ ਬਣਦੀ। ਇਸ ਮਾਰਗ ਤੇ ਹੋਰ ਅੱਗੇ ਵੱਧਣ ਦਾ ਅਰਥ ਹੈ ਤਕਲੀਫਾਂ, ਪੀੜਾਂ, ਜ਼ੁਲਮਾਂ ਤੇ ਅੰਤ ਵਿਚ ਮੌਤ ਨੂੰ ਸੱਦਾ ਦੇਣਾ। ਗੁਰੂ ਨਾਨਕ ਇਸਨੂੰ 'ਪ੍ਰੇਮ ਕੀ ਖੇਡ' ਕਹਿੰਦੇ ਹਨ। ਉਹ ਆਖਦੇ ਹਨ ਕਿ ਜੋ ਇਹ ਪ੍ਰੇਮ ਦੀ ਖੇਡ ਖੇਡਣੀ ਹੈ ਤਾਂ ਆਪਣਾ ਸਿਰ ਤਲੀ ਤੇ ਰਖ ਲਓ। ਇਸ ਮਾਰਗ ਤੇ ਤੁਰਣ ਦਾ ਜੋ ਨਿਸ਼ਚਾ ਕਰਦਾ ਹੈ ਉਹ ਬਿਨਾ ਕਿਸੇ ਸੰਕੋਚ ਦੇ ਆਪਣੀ ਜਾਨ ਵੀ ਦੇ ਦਿੰਦਾ ਹੈ-

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ।
ਸਿਰੁ ਦੀਜੈ ਕਾਣਿ ਨ ਕੀਜੈ।

ਗੁਰੂ ਹਰਿਗੋਬਿੰਦ ਨੇ ਜਿਹੜੀ ਮੁਹਿੰਮ ਸ਼ੁਰੂ ਕੀਤੀ ਸੀ ਉਸ ਨਾਲ ਵਕਤ ਦੀ ਹਕੂਮਤ ਦਾ ਚੁਕੰਨਾ ਹੋ ਜਾਣਾ ਸੁਭਾਵਿਕ ਸੀ। ਜਹਾਂਗੀਰ ਕੋਲ ਉਨ੍ਹਾਂ ਦੀ ਨਵੀਂ ਜੀਵਨ-ਸ਼ੈਲੀ ਅਤੇ ਕਾਰਜ ਪ੍ਰਣਾਲੀ ਬਾਰੇ ਬੜੀਆਂ ਖ਼ਬਰਾਂ ਪੁੱਜੀਆਂ। ਨਤੀਜਾ ਉਹੋ ਹੋਇਆ। ਉਨ੍ਹਾਂ ਨੂੰ ਕੈਦ ਕਰਨ ਦਾ ਫੈਸਲਾ ਹੋ ਗਿਆ। ੧੭ ਵਰ੍ਹੇ ਦੀ ਆਯੂ ਵਿਚ ਉਨ੍ਹਾਂ ਨੂੰ ਗਵਾਲੀਅਰ ਦੇ ਕਿਲੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਇਹ ਨਜ਼ਰਬੰਦੀ ਤਕਰੀਬਨ ਦੋ ਸਾਲ ਤੀਕ ਰਹੀ।

ਜਹਾਂਗੀਰ ਦੀ ਮੌਤ ਪਿੱਛੋਂ ਜਦੋਂ ਸ਼ਾਹਜਹਾਨ ਮੁਗਲ ਰਾਜ ਦੀ ਗੱਦੀ ਤੇ ਬੈਠਿਆ ਤਾਂ ਦਮਨ ਤੇ ਅਨਿਆਂ ਦੀ ਹਨੇਰੀ ਹੋਰ ਤੇਜ਼ ਹੋ ਗਈ। ਇਸੇ ਸਮੇਂ ਵਿਚ ਅਜੇਤੂ ਸਮਝੀ ਜਾਣ ਵਾਲੀ ਮੁਗ਼ਲ-ਸ਼ਕਤੀ ਨਾਲ ਸਿੱਖ ਲਹਿਰ ਦਾ ਸਿੱਧਾ ਹਥਿਆਰਬੰਦ ਟਕਰਾਉ ਸ਼ੁਰੂ ਹੋਇਆ। ਗੁਰੂ ਸਾਹਿਬ ਵੱਲੋਂ ਸੰਗਠਿਤ ਸਿੱਖ ਸੈਨਾ ਨੇ ਚਾਰ ਵਾਰ ਮੁਗ਼ਲ ਦਸਤਿਆਂ ਨਾਲ ਟੱਕਰ ਲਈ ਅਤੇ ਉਨ੍ਹਾਂ ਨੂੰ ਸ਼ਿਕਸਤ ਦਿੱਤੀ। ਪਰ ਇਹ ਤਾਂ ਅੱਗੇ ਆਉਣ ਵਾਲੀ ਉਸ ਵਡੀ ਮੁਹਿੰਮ ਦੀ ਰਿਹਰਸਲ ਵਰਗੀ ਸੀ, ਜਿੰਨ੍ਹੇ ਕੁਝ ਚਿਰ ਪਿੱਛੋਂ ਗੁਰੂ ਹਰਿਗੋਬਿੰਦ ਜੀ ਦੇ ਪੋਤਰੇ ਗੁਰੂ ਗੋਬਿੰਦ ਸਿੰਘ ਨੇ ਆਰੰਭ ਕਰਨੀ ਸੀ।

ਗੁਰੂ ਹਰਿਗੋਬਿੰਦ ਜੀ ਮਹਾਨ ਕ੍ਰਾਂਤੀ ਦਰਸ਼ੀ ਸਨ। ਕ੍ਰਾਂਤੀਕਾਰੀ ਹੋਣਾ ਇਕ ਗੱਲ ਹੈ ਤੇ ਕ੍ਰਾਂਤੀ ਦਰਸੀ ਹੋਣਾ ਉਸ ਤੋਂ ਕਿਤੇ ਵੱਡੀ ਗੱਲ ਹੈ। ਕ੍ਰਾਂਤੀਕਾਰੀ ਆਪਣੇ ਸਮੇਂ ਵਿਚ ਤਬਦੀਲੀ ਲਿਆਉਣ ਦਾ ਯਤਨ ਕਰਦਾ ਹੈ ਕ੍ਰਾਂਤੀਦਰਸੀ ਇਨਕਲਾਬ ਦੀ ਨੀਂਹ ਰਖਦਾ ਹੈ ਤੇ ਭਵਿੱਖ ਲਈ ਉਸਦੀ ਪੂਰੀ ਰੂਪਰੇਖਾ ਵੀ ਤਿਆਰ ਕਰ ਦਿੰਦਾ ਹੈ ਅਤੇ ਅਜਿਹੀਆਂ ਲੀਹਾਂ ਪਾ ਦਿੰਦਾ ਹੈ ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਰਾਹ ਲਭ ਪੈਂਦਾ ਹੈ।

ਗੁਰੂ ਹਰਿਗੋਬਿੰਦ ਨੇ ਇਸ ਦੇਸ਼ ਦੇ ਇਤਿਹਾਸ ਦੀ ਧਾਰਾ ਨੂੰ ਇਕ ਨਵਾਂ ਮੋੜ ਦਿੱਤਾ। ਜੇ ਉਨ੍ਹਾਂ ਨੇ ਇਹ ਮੋੜ ਨਾ ਦਿੱਤਾ ਹੁੰਦਾ ਤਾਂ ਉਸ ਸਿਖ ਸ਼ਕਤੀ ਦਾ ਉਭਾਰ ਨਾ ਹੁੰਦਾ ਜਿੰਨੇ ਅਗਲੀ ਸਦੀ ਵਿਚ ਇਸ ਦੇਸ਼ ਉੱਤੇ ਉੱਤਰ-ਪੱਛਮੀ ਖੇਤਰਾਂ ਤੋਂ ਆਉਣ ਵਾਲੇ ਤੁਰਕ, ਪਠਾਣ ਤੇ ਮੁਗ਼ਲ ਹਮਲਾਵਰਾਂ ਦਾ ਮੂੰਹ ਮੋੜ ਦਿੱਤਾ ਸੀ ਅਤੇ ਇਕ ਵਿਸ਼ਾਲ ਸਾਮਰਾਜ ਦੀ ਸਥਾਪਨਾ ਕੀਤੀ ਸੀ। ਗੁਰੂ ਹਰਿਗੋਬਿੰਦ ਨੇ ਪੂਰੀ ਸਿਖ ਲਹਿਰ ਨੂੰ ਜੇ ਉਹ ਤੇਵਰ ਤੇ ਰੂਪ ਰੰਗ ਨਾ ਦਿੱਤਾ ਹੁੰਦਾ ਤਾਂ ਇਹ ਲਹਿਰ ਉਸ ਵੇਲੇ ਉਭਰੀਆਂ ਦੂਜੀਆਂ ਲਹਿਰਾਂ ਵਾਂਗ ਇਕ ਸਾਧਾਰਨ ਧਾਰਮਿਕ ਲਹਿਰ ਬਣ ਕੇ ਰਹਿ ਜਾਂਦੀ। ਇਸ ਲਹਿਰ ਵੱਲੋਂ ਉਹ ਮਹਾਨ ਕਾਰਜ ਸੰਪੰਨ ਨਾ ਹੁੰਦੇ ਜਿਨ੍ਹਾਂ ਨੇ ਅੱਗੇ ਚਲ ਕੇ ਮਨੁੱਖੀ ਇਤਿਹਾਸ ਵਿਚ ਅਨੇਕ ਸੁਨਹਿਰੇ ਪੰਨੇ ਜੋੜੇ।

■

✍ ਅਮਰ ਭਾਰਤੀ

ਭੈਣੀ ਸਾਹਿਬ– ਇਕ ਲੰਮੀ ਯਾਤਰਾ



ਇਸ ਵਾਰ ਗਿਆਰਾਂ ਮਈ ੧੯੯੫ ਨੂੰ ੨੭ ਸਾਲ ਬਾਅਦ ਭੈਣੀ ਸਾਹਿਬ ਗਿਆ ਸਾਂ। ਉਂਜ ਉਸ ਤੋਂ ਪਹਿਲਾਂ ਅਨੇਕਾਂ ਵਾਰ ਭੈਣੀ ਸਾਹਿਬ ਦੇ ਦਰਸ਼ਨ ਕਰਨ ਦਾ ਮੌਕਾ ਮਿਲਦਾ ਰਿਹਾ ਹੈ। ਬਚਪਨ ਵਿਚ ਜਦੋਂ ਅਜੇ ਸੁਰਤ ਵੀ ਨਹੀਂ ਸੀ ਸੰਭਾਲੀ, ਫਿਰ ਸੁਰਤ ਸੰਭਾਲਦਿਆਂ ਹੀ ਅਤੇ ਉਸ ਤੋਂ ਬਾਅਦ ਵੀ ਮੇਲਿਆਂ ਸਮੇਂ ਮਾਤਾ ਪਿਤਾ ਨਾਲ ਜਾਂਦਾ ਰਿਹਾ ਸਾਂ। ਫਿਰ ਜਾਂਦਾ ਰਿਹਾ ਸਾਂ ਆਪਣੀ ਸੋਚ ਅਧੀਨ, ਓਦੋਂ ਲਿਖਣ ਪੜ੍ਹਨ ਦਾ ਕੁਝ ਅਭਿਆਸ ਹੋ ਗਿਆ ਸੀ। ਸਤਿਜੁਗ ਵਿਚ ਵੀ ਲਿਖਦਾ ਰਹਿੰਦਾ ਸਾਂ ਤੇ ਹੋਰ ਪਤਰਕਾਵਾਂ ਵਿਚ ਵੀ।

੧੯੫੯ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਸੰਭਾਲਣ ਤੋਂ ਬਾਅਦ ਭੈਣੀ ਸਾਹਿਬ ਦੇ ਫੇਰੇ ਕਾਫੀ ਵਧ ਗਏ ਸਨ। ੧੯੬੨ ਵਿਚ ਅੱਸੂ ਦੇ ਮੇਲੇ ਸਬੰਧੀ ਪ੍ਰਯੋਗ ਸਮੇਂ ਤਾਂ ਪੂਰਾ ਮਹੀਨਾ ਹੀ ਭੈਣੀ ਸਾਹਿਬ ਵਿਚ ਰਹਿ ਆਇਆ ਸਾਂ। ਫਿਰ ਭੈਣੀ ਸਾਹਿਬ ਦੇ ਫੇਰਿਆਂ ਦਾ ਸਿਲਸਿਲਾ ੧੯੬੮ ਵਿਚ ਜਾਕੇ ਅਚਾਨਕ ਇੰਜ ਰੁਕਿਆ ਕਿ ੨੭ ਸਾਲ ਤਕ ਮੁੜ ਜਾਣਾ ਨਹੀਂ ਹੋ ਸਕਿਆ।

ਹੁਣ ਉਸ ਦਿਨ (ਗਿਆਰਾਂ ਮਈ ੧੯੯੫ ਨੂੰ) ਸਵੇਰੇ ਸਵੇਰੇ ਭੂੰਤਰ (ਹਿਮਾਚਲ ਪ੍ਰਦੇਸ਼) ਜਗਦੀਸ਼ ਸਿੰਘ ਜੀ ਮਲਹੋਤਰਾ ਦੇ ਘਰ ਅੱਖ ਖੁਲ੍ਹਣ ਤੇ ਮਨ ਵਿਚ ਆਈ ਕਿ ਉਠ ਕੇ ਤਿਆਰ ਹੋਵਾਂ ਤੇ ਭੈਣੀ ਸਾਹਿਬ ਦੀ ਯਾਤ੍ਰਾ ਕਰਦਾ ਹੋਇਆ ਦਿੱਲੀ ਪਰਤਾਂ।'

ਸੇਵਕ ਨਰੇਸ਼ ਨੂੰ ਉਠਾਇਆ ਤੇ ਝਟਪਟ ਤਿਆਰ ਹੋਣ ਲਈ ਆਖਿਆ। ਸਾਢੇ ਕੁ ਬਾਰਾਂ ਵਜੇ ਰੋਪੜ ਨਾਮਧਾਰੀ ਇੰਜੀਨੀਅਰਿੰਗ ਵਰਕਸ ਵਾਲੇ ਸ੍ਰ. ਭਗਵੰਤ ਸਿੰਘ ਤੇ ਉਨ੍ਹਾਂ ਦੀ ਪਤਨੀ ਬੀਬੀ ਸੁਰਿੰਦਰ ਕੌਰ ਖਰਲ ਦੇ ਘਰ ਪਹੁੰਚ ਗਏ। ਉਨ੍ਹਾਂ ਨੇ ਜਾਂਦਿਆਂ ਹੀ ਕਿਹਾ 'ਪਰਸ਼ਾਦਾ ਛਕ ਲਓ, ਅਸੀਂ ਭੈਣੀ ਸਾਹਿਬ ਨੂੰ ਜਾ ਰਹੇ ਆਂ।'

ਮੈਂ ਆਖਿਆ ਅਸੀਂ ਵੀ ਭੈਣੀ ਸਾਹਿਬ ਹੀ ਜਾ ਰਹੇ ਆਂ।'

'ਤਾਂ ਤੁਹਾਡੇ ਨਾਲ ਹੀ ਚਲਦੇ ਆਂ।'

'ਠੀਕ ਐ।'

ਅਤੇ ਅਸੀਂ ਚਾਰ ਕੁ ਵਜੇ ਭੈਣੀ ਸਾਹਿਬ ਪੁੱਜ ਗਏ ਸਾਂ। ਬੇਸ਼ੱਕ ਇਸ ਵਾਰ ਦਾ ਭੈਣੀ ਸਾਹਿਬ ਜਾਣਾ ਇਸ ਤੋਂ ਪਹਿਲਾਂ ਦੇ ਸਾਰੇ ਫੇਰਿਆਂ ਨਾਲੋਂ ਕੁਝ ਵੱਖਰੀ ਤਰ੍ਹਾਂ ਦਾ ਪ੍ਰਤੀਤ ਹੋ ਰਿਹਾ ਸੀ। ਲੁਧਿਆਣਾ ਵਾਲੀ ਸੜਕ ਤੋਂ ਭੈਣੀ ਸਾਹਿਬ ਨੂੰ ਮੁੜਦਿਆਂ ਹੀ ਉਚੇ ਸਫੈਦਿਆਂ ਦੇ ਬਿਰਛਾਂ ਵਿਚ ਦੋਹਾਂ ਪਾਸਿਆਂ ਤੋਂ ਘਿਰੀ ਪੱਕੀ ਸੜਕ ਮਿਲੀ- ਜੋ ਭੈਣੀ ਸਾਹਿਬ ਤਕ ਨਾਲ ਨਾਲ ਹੀ ਰਹੀ।

ਇਸ ਤੋਂ ਪਹਿਲਾਂ ਜਦੋਂ ਭੈਣੀ ਸਾਹਿਬ ਜਾਂਦਾ ਰਿਹਾ ਸਾਂ ਓਦੋਂ ਕੱਚੀ ਸੜਕ ਹੁੰਦੀ ਸੀ ਅਤੇ ਆਕਾਸ਼ ਤੇ ਓਨੀ ਕੁ ਧਰਤੀ ਵਿਚਕਾਰ ਬਿਰਛ ਆਪਣੇ ਟਹਿਣਾ-ਪੱਤਿਆਂ ਨਾਲ ਚੰਦੋਏ ਵਾਂਗ ਛਾਂ ਕਰਦੇ ਕਦੇ ਨਹੀਂ ਸਨ ਦਿੱਸੇ। ਉਸ ਤੋਂ ਵੀ ਪਹਿਲਾਂ ਰਾਹ

ਡਾਂਡੇ ਮੀਂਡੇ ਦਾ ਹੀ ਹੁੰਦਾ ਸੀ। 'ਲਾਟੋਂ' ਤੋਂ ਡਾਂਡੇ ਮੀਂਡੇ ਪੈ ਜਾਈਦਾ ਸੀ ਤੇ ਰੇਤ ਦੇ ਥਲ ਜਿਹੇ ਦੇ ਵਿਚੋਂ ਦੀ ਲੰਘਦਿਆਂ ਭੈਣੀ ਸਾਹਿਬ ਪਹੁੰਚੀਦਾ ਸੀ। ਪਰ ਹੁਣ ਤੇ ਸੜਕ ਦੇ ਲਾਗੇ ਚਾਰੇ ਹਰਿਆਵਲੇ ਖੇਤ ਸਨ। ਮੇਨ ਸੜਕ ਤੋਂ ਭੈਣੀ ਸਾਹਿਬ ਤਕ ਦਾ ਇਹ ਦੋ ਕੁ ਮੀਲ ਦਾ ਸਫਰ ਇਹੋ ਜਿਹਾ ਸੀ ਕਿ ਹਿਮਾਚਲ ਦੇ ਉਤੁੰਗ ਠੰਢੇ ਪਹਾੜਾਂ ਤੋਂ ਉਤਰ ਕੇ 'ਸਵਾਰ ਘਾਟ' ਤੋਂ ਲੈਕੇ ਭੈਣੀ ਸਾਹਿਬ ਦੇ ਮੋੜ ਤਕ ਹੇਠੋਂ ਤਪਦੀ ਸੜਕ ਤੇ ਉਪਰੋਂ ਉਤਰਦੀ ਤਪਨ ਸਵਾਮੀ ਦੀ ਤਪਸ਼ ਨੂੰ ਇਹ ਨਿਕੀ ਜਿਹੀ ਸੜਕ ਸੁਖ ਵਿਚ ਬਦਲਦੀ ਲਗ ਰਹੀ ਸੀ। ਭੈਣੀ ਸਾਹਿਬੋਂ ਦੋ ਮੀਲ ਪਹਿਲਾਂ ਤੋਂ ਹੀ ਇਕ ਤਰ੍ਹਾਂ ਦੀ 'ਠੰਢ ਪੈ ਜਾਣ' ਵਰਗਾ ਅਹਿਸਾਸ ਹੋਣ ਲਗ ਪਿਆ ਸੀ।

ਭੈਣੀ ਸਾਹਿਬ ਵਿਚ ਪ੍ਰਵੇਸ਼ ਕਰਦਿਆਂ ਹੀ ਕੱਚੇ ਕੋਠੇ ਨਹੀਂ ਸਗੋਂ ਉਚੀਆਂ ਉਚੀਆਂ ਪੱਸਰ ਪੱਸਰ ਖਲੋਂਦੀਆਂ ਰੰਗਾਰੰਗ ਦੀਆਂ ਇਮਾਰਤਾਂ ਸਨ। ਖੁਲ੍ਹਾ ਮੋਕਲਾ ਗੇਟ, ਵਿਚਕਾਰ ਪਸਰੀ ਹੋਈ ਖਾਲੀ ਖਾਲੀ ਧਰਤੀ ਤੇ ਇਕ ਬੰਨੇ ਮੁਖੀ ਦਫਤਰ।

ਕਾਫੀ ਸਾਰੀ ਹਲਚਲ ਸੀ ਓਨੇ ਕੁ ਦਾਇਰੇ ਵਿਚ। ਪੁਲਿਸ ਸੀ. ਸੀ. ਆਰ. ਪੀ. ਦੇ ਜਵਾਨ ਸਨ ਤੇ ਹੋਰ ਬਹੁਤ ਸਾਰੇ ਬੰਦੂਕਾਂ ਵਾਲੇ। ਅਚਾਨਕ ਇਹਨਾਂ ਸਭਨਾ ਦੇ ਵਿਚਕਾਰ ਆਪਣੇ ਆਪ ਨੂੰ ਪਹੁੰਚ ਗਿਆ ਵੇਖਕੇ ਇਕ ਵਾਰੀ ਤਾਂ ਡੌਰ ਭੌਰਾ ਜਿਹਾ ਹੋ ਗਿਆ ਸਾਂ। ਸਮਝ ਨਹੀਂ ਸੀ ਆ ਰਹੀ ਕਿ ਕਿੱਥੇ ਆ ਗਿਆ ਹਾਂ। ਸਾਹਮਣੇ ਜੋ ਕੁਝ ਵੀ ਸੀ- ਉਹ ਕਿਸੇ ਸਮੇਂ ਦੀ ਵੀ ਪਛਾਣ ਤੋਂ ਬਾਹਰ ਸੀ। ਫਿਰ ਕਾਰ ਤੋਂ ਉਤਰਦਿਆਂ ਹੀ ਦਫਤਰ ਦੇ ਨੇੜੇ ਤੇੜੇ ਕੁਝ ਨਾਮਧਾਰੀ ਦਿੱਸੇ। ਮਨ ਨੂੰ ਏਨਾ ਕੁ ਧਰਵਾਸ ਤਾਂ ਹੋ ਗਿਆ ਕਿ ਆਪਣਿਆਂ ਵਿਚ ਹੀ ਪਹੁੰਚੇ ਹਾਂ-ਭਲੇ ਹੀ ਸਾਡੀ ਪਰਸਪਰ ਪਛਾਣ ਵਾਲਾ ਕੋਈ ਨਹੀਂ।

ਏਨੇ ਨੂੰ ਇਕ ਗੋਰਾ ਸੁਨੱਖਾ ਭਰਵੇਂ ਡੀਲ ਡੌਲ ਵਾਲਾ ਜਵਾਨ ਸਾਡੇ ਵਲ ਵਧਿਆ ਤੇ ਸਰਦਾਰ ਭਗਵੰਤ ਸਿੰਘ ਅਤੇ ਬੀਬੀ ਖਰਲ ਉਸ ਵੱਲ। ਸਤਿ ਸ੍ਰੀ ਅਕਾਲ ਦੇ ਵਟਾਂਦਰੇ ਤੋਂ ਬਾਅਦ ਸੁਰਿੰਦਰ ਨੇ ਸਾਨੂੰ ਦੋਹਾਂ ਨੂੰ ਇਕ ਦੂਜੇ ਵਲ ਤਕਾ ਕੇ ਪੁਛਿਆ- ਤੁਸੀਂ ਜਾਣਦੇ ਓ ਇਹਨਾਂ ਨੂੰ?

'ਨਹੀਂ'

ਦੋਹਾਂ ਦਾ ਹੀ ਜਵਾਬ ਸੀ।

'ਇਹ ਅਮਰ ਭਾਰਤੀ ਜੀ ਨੇ, ਤੇ ਇਹ ਸੁਖਜੀਤ ਸਰਪੰਚ।'

ਮੈਂ ਕਿਹਾ 'ਹੁਣ ਜਾਣਦਾ ਹਾਂ, ਸੁਖਜੀਤ ਕਹਾਣੀਕਾਰ।' ਮੈਨੂੰ ਮੇਰੇ ਸਾਹਿਤਕ ਸਵਾਦ ਵਾਲਾ ਸੁਖਜੀਤ ਪਸੰਦ ਸੀ-ਸਰਪੰਚ ਤਾਂ ਕੋਈ ਵੀ ਹੋ ਸਕਦਾ ਹੈ। ਸੁਖਜੀਤ ਨੇ ਕਿਹਾ 'ਮੈਂ ਕੀ ਆਖਾਂ, ਮੈਂ ਤੁਹਾਡਾ...ਫੈਨ...ਸ਼ਬਦ ਮੇਰੀ ਭਾਵਨਾ ਲਈ ਛੋਟਾ ਏ...ਮੇਰੇ ਲਈ...।'

'ਮੈਂ ਸਮਝ ਸਕਦਾ ਹਾਂ ਤੁਹਾਡੇ ਦਿਲ ਦੀ ਗੱਲ।' ਆਖ ਕੇ ਮੈਂ ਸੁਰਿੰਦਰ ਨੂੰ ਕਿਹਾ-'ਸਾਡੀ ਇਕ ਇਕ ਚਿੱਠੀ ਦੀ ਸਾਂਝ ਏ। ਇਹ ਕਈ ਸਾਲਾਂ ਤੋਂ ਉਸ ਚਿੱਠੀ ਰਾਹੀਂ ਮੇਰੇ ਦਿਲ ਵਿਚ ਇਕ ਖਾਸ ਥਾਂ ਮੱਲੀ ਬੈਠੇ ਨੇ। ਇਹਨਾਂ ਦੀਆਂ ਕਹਾਣੀਆਂ ਤੇ ਬਿਰਤਾਂਤ ਪੜ੍ਹਦਾ ਰਿਹਾ ਹਾਂ।'

ਪਤਾ ਲਗਾ-ਇਕ ਕੇਂਦਰੀ ਮੰਤਰੀ ਆਪਣੇ ਤਿੰਨ ਚਾਰ ਸੌ ਪੈਰੋਕਾਰਾਂ ਨਾਲ ਏਕਤਾ ਯਾਤਰਾ ਤੇ ਨਿਕਲੇ ਹੋਏ ਨੇ, ਭੈਣੀ ਸਾਹਿਬ ਵੀ ਓਹਨਾਂ ਦਾ ਇਕ ਪੜਾਅ ਹੈ। ਥੋੜ੍ਹੇ ਚਿਰ ਤਕ ਪਹੁੰਚਣ ਵਾਲੇ ਨੇ।

ਓਥੇ ਮੌਜੂਦ ਸਾਰੀ ਪੁਲਿਸ ਤੇ ਸੀ. ਆਰ. ਪੀ. ਓਹਨਾਂ ਦੇ ਕਾਰਨ ਹੀ ਸੀ।

ਮੈਂ ਪੁਛਿਆ 'ਸਤਿਗੁਰੂ ਜੀ!'

'ਉਹ ਤਾਂ ਏਥੇ ਨਹੀਂ ਹਨ, ਰਾਤ ਤਕ ਆ ਜਾਣਗੇ।

ਤੁਸੀਂ ਆਓ ਬੈਠੋ, ਕੀ ਲਓਗੇ ਠੰਢਾ, ਗਰਮ? ਚਾਹ?'

'ਚਾਹ ਹੀ ਲੈ ਲਾਂਗੇ।'

ਚਾਹ ਪੀਂਦਿਆਂ ਪੀਂਦਿਆਂ ਮੈਂ ਚਾਰ ਚੁਫੇਰੇ ਕੁਝ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸਾਂ।

'ਕੀ ਵੇਖਦੇ ਓ?' ਸੁਖਜੀਤ ਨੇ ਪੁਛਿਆ।

ਐਥੇ ਕਿਧਰੇ ਇਕ ਡਿਓੜੀ ਜਿਹੀ ਹੁੰਦੀ ਸੀ ਉਸਦੇ ਨਾਲ ਹੀ ਇਕ ਗੈਰਾਜ ਸੀ, ਨਾਲ ਦੋ ਤਿੰਨ ਕੱਚੀਆਂ ਕੋਠੜੀਆਂ ਹੁੰਦੀਆਂ ਸਨ। ਇਕ ਵਾਰ ਸਰਦੀਆਂ ਵਿਚ ਸਤਿਗੁਰਾਂ ਨਾਲ ਕੁੱਲੂ ਮ... ਤੋਂ ਮੁੜਦਿਆਂ ਰਾਤ ਏਥੇ ਪਹੁੰਚੇ ਸਾਂ। ਪ੍ਰੀਤਮ ਸਿੰਘ ਕਵੀ ਵੀ ਨਾਲ ਸਨ। ਗੁਰਦੇਵ ਨੇ ਉਸ ਗੈਰਾਜ ਵਿਚ ਸੌਂ ਜਾਣ ਲਈ ਆਖਿਆ ਸੀ - ਤੇ ਮੈਂ ਓਹਦੀ ਹਵਾੜ ਦੇਖ ਕੇ ਓਥੇ ਸੌਣ ਤੋਂ ਨਾਂਹ ਕਰ ਦਿਤੀ ਸੀ। ਤਦ ਉਸ ਨੇ ਘੱਟੇ ਮਿੱਟੀ ਨਾਲ ਭਰੀ ਇਕ ਕੋਠੜੀ ਵਿਖਾਕੇ ਆਖਿਆ ਸੀ - ਫਿਰ ਹੋਰ ਤਾਂ ਐਹੋ ਕੋਠੜੀ ਹੀ ਏ ਏਥੇ, ਏਸੇ ਵਿਚ ਸੌਂ ਜਾਓ।'

ਉਸ ਕੋਠੜੀ ਵਿਚ ਹੀ ਦੋ ਮੰਜੀਆਂ ਡਾਹ ਕੇ ਰਾਤ ਕੱਟ ਲਈ ਸੀ।

ਮੈਂ ਹੋਰ ਪੁਛਿਆ 'ਐਥੇ ਹੀ ਕਿਧਰੇ ਗੱਡੀਆਂ ਨੂੰ ਧੋਣ ਲਈ ਇਕ ਉਚਾ ਸਟੈਂਡ ਜਿਹਾ ਬਣਿਆ ਹੋਇਆ ਸੀ- ਪੱਕੀਆਂ ਇੱਟਾਂ ਦਾ। ਉਸ ਦੇ ਹੇਠਾਂ ਵਿਚਕਾਰ ਪਾਣੀ ਡਿਗਣ ਲਈ ਇਕ ਡੂੰਘਾ ਟੋਇਆ ਸੀ। ਇਕ ਵਾਰ ਦਿੱਲੀਓਂ ਰਾਤ ਨੂੰ ਪੁਜਾ ਸਾਂ ਤੇ ਤੜਕੇ ਮੂੰਹ ਹਨੇਰੇ ਓਸੇ ਕੋਠੜੀ ਵਿਚੋਂ ਉਠ ਕੇ ਬਾਹਰ ਖੇਤਾਂ ਨੂੰ ਜਾਂਦਿਆਂ ਉਸ ਟੋਏ ਵਿਚ ਡਿਗ ਪਿਆ ਸਾਂ।'

ਏਨੇ ਨੂੰ ਸਾਹਮਣਿਓਂ ਹੰਸਪਾਲ ਜੀ (ਹਰਵਿੰਦਰ ਸਿੰਘ) ਆ ਪਹੁੰਚੇ। ਸਤਿ ਸ੍ਰੀ ਅਕਾਲ ਤੋਂ ਬਾਅਦ ਪੁਛਦੇ ਨੇ, 'ਕਦੋਂ ਆਏ।'

'ਬਸ ਹੁਣੇ ਹੀ ਆਏ ਆਂ। ਇਹਨਾਂ ਨੂੰ ਉਸ ਡਿਓੜੀ ਬਾਰੇ ਪੁਛ ਰਿਹਾ ਸਾਂ - ਐਥੇ ਈ ਕਿਤੇ ਹੁੰਦੀ ਸੀ।'

ਹੰਸਪਾਲ ਜੀ ਹੱਸ ਕੇ ਆਖਣ ਲਗੇ ਏਥੇ ਹੀ ਸੀ ਏਸ ਗੇਟ ਵਾਲੀ ਥਾਂ ਤੇ। ਐਥੇ ਕੱਚੀਆਂ ਕੋਠੜੀਆਂ ਸਨ ਦੋ ਤਿੰਨ - ਸਭ ਢਾਹ ਢਵਾ ਕੇ ਸਾਰਾ ਨਕਸ਼ਾ ਹੀ ਬਦਲ ਦਿਤੇ ਸੱਚੇ ਪਾਤਸ਼ਾਹ ਨੇ।'

ਪਿਛਲੇ ਪੰਦਰਾਂ ਕੁ ਸਾਲਾਂ ਤੋਂ ਭੈਣੀ ਸਾਹਿਬ ਦੀ ਚਰਚਾ ਕੁਝ ਇਸ ਢੰਗ ਨਾਲ ਮੇਰੇ ਕੰਨਾਂ ਤਕ ਪਹੁੰਚਦੀ ਰਹੀ ਸੀ ਜਿਵੇਂ ਓਥੇ ਕੁਝ ਨਵਾਂ ਨਵਾਂ ਹੋ ਰਿਹਾ ਹੈ। ਬਚਪਨ ਤੋਂ ਲੈ ਕੇ ੧੯੬੮ ਤਕ ਦੇ ਫੇਰਿਆਂ ਵਿਚ ਭੈਣੀ ਸਾਹਿਬ ਦਾ ਸਰੂਪ ਲਗਭਗ ਇਕੋ ਜਿਹਾ ਹੀ ਲਗਦਾ ਰਿਹਾ ਸੀ। ਵਿਰਾਟ ਬਿਰਛਾਂ ਵਿਚ ਘਿਰਿਆ ਗਿਣਤੀ ਦੇ ਕੁਝ ਨਿਵਾਸਾਂ ਵਾਲਾ ਸੰਖੇਪ ਜਿਹਾ ਆਸ਼ਰਮ। ਦੂਰੇਡੇ ਪ੍ਰਦੇਸ਼ਾਂ ਤੋਂ ਆਉਣ ਵਾਲੇ ਨੇਤਾ, ਪਤਰਕਾਰ, ਦਾਨਸ਼ਵਰ ਤੇ ਸੰਤ ਮਹਾਤਮਾ ਇਸ ਆਸ਼ਰਮ ਨੂੰ 'ਪੰਚਵਟੀ' ਆਖ ਕੇ ਸਲਾਹ ਜਾਂਦੇ।

ਬੇਸ਼ਕ 'ਪੰਚਵਟੀ' ਦੀ ਅਧਿਆਤਮਕ ਜਗਤ ਵਿਚ ਆਪਣੀ ਮਹਾਨਤਾ ਹੈ। ਪੰਚਵਟੀ ਰਾਮ ਦਾ ਆਸ਼ਰਮ ਤਾਂ ਹੈ ਈ ਸੀ ਪਰ ਸੀਗਾ ਬਨਵਾਸੀ ਰਾਮ ਦਾ। ਪੰਚਵਟੀ ਰਾਜਾ ਰਾਮ ਦਾ ਆਸ਼ਰਮ ਕਦੇ ਨਹੀਂ ਰਿਹਾ। ਉਂਜ ਰਾਜਾ ਰਾਮ ਅਤੇ ਬਨਵਾਸੀ ਰਾਮ ਵਿਚ

ਫਰਕ ਕੋਈ ਨਹੀਂ। ਅਸਲ ਵਿਚ ਤਾਂ ਉਹ ਭਗਵਾਨ ਰਾਮ ਹੀ ਸੀ। ਰਾਜਾ ਰਾਮ-ਬਨਵਾਸੀ ਰਾਮ ਭਗਵਾਨ ਰਾਮ ਦੀ ਹੀ ਲੌਕਿਕ ਲੀਲ੍ਹਾ ਦੇ ਪਾਤਰ ਸਨ। ਫਿਰ ਵੀ ਦੋਹਾਂ ਰੂਪਾਂ ਦੀ ਆਪਣੀ ਆਪਣੀ ਪਛਾਣ ਸੀ ਅਤੇ ਆਪਣੀ ਆਪਣੀ ਮਰਯਾਦਾ।

ਭੈਣੀ ਸਾਹਿਬ ਆਪਣੇ ਵਜੂਦ ਵੱਲੋਂ ਕੋਈ ਸਵਯੰਭੂ ਨਗਰ ਨਹੀਂ - ਸਗੋਂ ਰਾਈਆਂ ਪਿੰਡ ਦੀ ਇਕ ਨਿਵੇਕਲੀ ਪੱਤੀ ਵਜੋਂ ਇਸਦਾ ਜਨਮ ਹੋਇਆ ਸੀ। ਕੁਝ ਕੁ ਘਰਾਂ ਦੀ ਇਸ ਪੱਤੀ ਦੀ ਅੱਲ 'ਭੈਣੀ' ਪੈ ਗਈ।

ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਭਾਵੇਂ ਆਪਣੇ ਜੱਦੀ ਪਿੰਡ ਰਾਈਆਂ ਵਿਚ ਹੀ (ਈਸਵੀ ਸੰਨ ੧੮੧੬) ਹੋਇਆ ਸੀ-ਪਰ ਮਾਤਾ ਪਿਤਾ ਦੇ ਭੈਣੀ ਜਾ ਵਸਣ ਕਰਕੇ ਆਪ ਦੀ ਕਰਮ ਭੂਮੀ ਭੈਣੀ ਹੀ ਬਣੀ ਜੋ ਬਾਅਦ ਵਿਚ ਆਪਣੇ ਧਾਰਮਕ ਆਰਥਕ ਸਮਾਜਕ ਤੇ ਰਾਜਨੀਤਕ ਕਾਰਜ ਕਰਮਾਂ ਨੂੰ ਇਕ ਆਂਦੋਲਨ ਦਾ ਰੂਪ ਮਿਲ ਜਾਣ ਤੇ ਭੈਣੀ ਸਾਹਿਬ ਨਾਮ ਨਾਲ ਪ੍ਰਸਿਧ ਹੋਈ।

ਸਤਿਗੁਰੂ ਰਾਮ ਸਿੰਘ ਜੀ ਨੇ ਜਿਹੜੇ ਕਾਰਜ ਕਰਮ ਭੈਣੀ ਸਾਹਿਬ ਵਿਚੋਂ ਸ਼ੁਰੂ ਕੀਤੇ ਉਹ ਕਿਸੇ ਵੀ ਪੱਖ ਤੋਂ ਉਸ ਸ਼ਰੇਣੀ ਦੇ ਨਹੀਂ ਸਨ ਜਿਨ੍ਹਾਂ ਦੇ ਨੇਪਰੇ ਚੜ੍ਹਨ ਤੇ ਭੈਣੀ ਸਾਹਿਬ ਬਨਵਾਸੀ ਰਾਮ ਦੀ ਪੰਚਵਟੀ ਵਾਂਗ ਆਪਣੀ ਸਾਰਥਕਤਾ ਦਰਸਾਉਂਦਾ। ਸਤਿਗੁਰੂ ਰਾਮ ਸਿੰਘ ਜੀ ਨੇ ੧੪ ਅਪ੍ਰੈਲ ੧੮੫੭ ਵਾਲੇ ਦਿਨ ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ 'ਸੰਤ ਖਾਲਸਾ' ਦੀ ਸਾਜਨਾ ਕੀਤੀ। ਆਜ਼ਾਦੀ ਦੇ ਸੰਗਰਾਮ ਦਾ ਝੰਡਾ ਝੁਲਾਇਆ। ਜੁਝਾਰੂ ਦੇਸ਼ ਭਗਤਾਂ ਦਾ ਸੰਗਠਨ ਬਣਾਇਆ। ਆਪਣੇ ਸਮੁੱਚੇ ਕਾਰਜਕਰਮ ਦੀ ਪੂਰਤੀ ਲਈ ਸਹਿਯੋਗੀ ਸੂਬੇ ਥਾਪੇ ਤੇ ਏਥੋਂ ਹੀ ਉਸ ਸੰਗਰਾਮ ਦਾ ਨਗਾਰਾ ਵਜਾਇਆ ਜੋ ਕੂਕਾ ਆਂਦੋਲਨ ਦੇ ਰੂਪ ਵਿਚ ਇਤਿਹਾਸ ਦਾ ਹਿੱਸਾ ਬਣਿਆ।

ਜ਼ਾਹਰ ਹੈ ਕਿ ਇਹ ਸਭ ਕੁਝ 'ਭੈਣੀ' ਨੂੰ ਤਪੋ ਭੂਮੀ ਬਣਾਨ ਦੇ ਇਰਾਦੇ ਨਾਲ ਨਹੀ ਸੀ ਕੀਤਾ ਗਿਆ ਸਗੋਂ ਭੈਣੀ ਨੂੰ ਆਜ਼ਾਦੀ ਲਈ ਸੰਗਰਾਮ ਦੀ ਰਣਭੂਮੀ ਵਜੋਂ ਹੀ ਚੁਣਿਆ ਗਿਆ ਸੀ। ਬੇਸ਼ੱਕ ਆਜ਼ਾਦੀ ਹਾਸਲ ਕਰਨ ਲਈ ਜਨਤਾ ਵਿਚ ਨੈਤਿਕ ਬਲ ਦੀ ਲੋੜ ਹੁੰਦੀ ਹੈ ਅਤੇ ਨੈਤਿਕ ਬਲ ਹਾਸਿਲ ਕਰਨ ਲਈ ਤਪ ਸਾਧਨਾ ਵੀ ਕੀਤੀ ਜਾਂਦੀ ਹੈ, ਪਰ ਇਸ ਉਦੇਸ਼ ਲਈ ਤਪ ਸਥਲੀ ਵਿਅਕਤੀ ਵਿਸ਼ੇਸ਼ ਦੀ ਸੀਮਾਂ ਅੰਦਰ ਰਹਿੰਦੀ ਹੈ। ਜਿਵੇਂ ਕਿ ਭੈਣੀ ਸਾਹਿਬ ਦੇ ਬਾਹਰਵਾਰ ਅਕਾਲ ਬੁੰਗਾ ਨਾਮ ਨਾਲ ਸਤਿਗੁਰੂ ਰਾਮ ਸਿੰਘ ਜੀ ਦੀ ਤਪਸਥਲੀ ਪਰਸਿਧ ਹੈ- ਜਿਥੇ ਆਪ ਭਜਨ ਬੰਦਗੀ ਕਰਦੇ ਸਨ।

ਉਂਜ ਭਾਰਤੀ ਪਰੰਪਰਾ ਵਿਚ ਸਾਧੂ ਬਿਰਤੀ ਵਾਲੇ ਆਜ਼ਾਦੀ ਦੇ ਸੰਗ੍ਰਾਮੀਏ ਆਪਣੇ ਉਦੇਸ਼ ਦੀ ਪੂਰਤੀ ਪਰਮਾਤਮ ਸ਼ਕਤੀਆਂ ਦੇ ਪ੍ਰਤੀਕ ਮੰਦਿਰਾਂ-ਆਸ਼ਰਮਾਂ ਦੀ ਨੇੜਤਾ ਵਿਚ ਰਹਿਕੇ ਹੀ ਕਰਦੇ ਆਏ ਨੇ। ਇਸ ਪੱਖ ਤੋਂ ਭੈਣੀ ਸਾਹਿਬ ਵੀ ਓਸੇ ਪਰੰਪਰਾ ਦਾ ਅੰਗ ਹੈ।

ਸ਼ੁਭ ਕੰਮਾਂ ਦੀ ਕਰਮ ਸਥਲੀ ਕੋਈ ਵੀ ਧਰਤੀ ਐਵੇਂ ਕਿਵੇਂ ਹੀ ਨਹੀਂ ਬਣ ਜਾਂਦੀ। ਮਨੁੱਖਾਂ ਵਾਂਗ ਹੀ ਜਿਸ ਧਰਤੀ ਦੇ ਇਹੋ ਜਿਹੇ ਪੂਰਬਲੇ ਸੰਸਕਾਰ ਹੋਣ ਓਸੇ ਧਰਤੀ ਨੂੰ ਹੀ ਇਹ ਮਾਣ ਹਾਸਿਲ ਹੁੰਦਾ ਹੈ। ਭੈਣੀ ਸਾਹਿਬ ਦੀ ਚੋਣ ਵੀ ਪਰਮਾਤਮ ਸ਼ਕਤੀਆਂ ਵੱਲੋਂ ਉਨ੍ਹਾਂ ਸੰਸਕਾਰਾਂ ਕਾਰਨ ਹੀ ਹੋਈ ਸੀ। ਇਸ ਗੱਲ ਦਾ ਪਤਾ ਓਦੋਂ ਲੱਗਾ ਜਦੋਂ ਭੈਣੀ ਸਾਹਿਬ ਦੇ ਇਕ ਵਿਲੱਖਣ ਜਲ ਸਰੋਤ ਨੂੰ ਸਰੋਵਰ ਬਣਦਾ ਵੇਖਿਆ ਗਿਆ।

ਏਥੇ ਇਕ ਜਲ ਸਰੋਤ ਹੈ ਜਿਸ ਵਿਚੋਂ ਜਲ ਉਪਰ ਆਉਂਦਾ ਤੇ ਇਕ ਵਡੇ ਟੋਭੇ ਦੇ ਆਕਾਰ ਵਿਚ ਫੈਲਦਾ ਰਹਿੰਦਾ। ਸਤਿਗੁਰੂ ਰਾਮ ਸਿੰਘ ਦੇ ਉਪਾਸ਼ਕ ਭੈਣੀ ਸਾਹਿਬ ਆਉਂਦੇ ਤੇ ਇਸ ਟੋਭੇ ਵਿਚ ਇਸ਼ਨਾਨ ਕਰਦੇ। ਜਲ ਨਾਲ ਭਾਰਤੀ ਮਾਨਸ ਦੀ ਅਧਿਆਤਮਕ ਸਾਂਝ ਹੈ। ਇਹ ਇਕ ਇਹੋ ਜਿਹਾ ਰਿਸ਼ਤਾ ਹੈ ਕਿ ਜਿਥੇ ਵੀ ਕਿਧਰੇ ਜਲ ਧਰਤੀ ਵਿਚੋਂ ਫੁਟ ਕੇ ਨਿਕਲੇ, ਜਲ ਦਾ ਕੋਈ ਪਹਾੜੀ ਸੋਮਾ ਹੋਵੇ, ਕੋਈ ਝੀਲ ਹੋਵੇ ਜਾਂ ਵਹਿੰਦੀ ਨਦੀ ਅਥਵਾ ਬਾਹਰੋਂ ਵਗਦੇ ਜਲ ਨਾਲ ਭਰਿਆ ਜਾਂਦਾ ਤਲਾਅ ਜਾਂ ਸਰੋਵਰ-ਭਾਰਤ ਵਾਸੀਆਂ ਲਈ ਉਹ ਤੀਰਥ ਤੁਲ ਹੁੰਦਾ ਹੈ। ਇਹੋ ਕਾਰਨ ਹੈ ਕਿ ਪੰਜਾਬ ਵਿਚ ਬਹੁਤੇ ਗੁਰਤੀਰਥਾਂ ਨਾਲ ਸਰੋਵਰ ਬਣਾਏ ਗਏ ਹਨ।

ਭੈਣੀ ਸਾਹਿਬ ਦੀ ਧਰਤੀ ਵਿਚੋਂ ਸੋਮੇ ਵਾਂਗ ਫੁਟਦੇ ਜਲ ਸਰੋਤ ਨੂੰ ਟੋਭੇ ਦੇ ਰੂਪ ਵਿਚ ਵੇਖ ਕੇ ਹੀ ਸ਼ਰਧਾਲੂਆਂ ਦੇ ਮਾਨਸ ਦੀ ਤੀਰਥ ਭਾਵਨਾ ਜਾਗੀ ਤੇ ਉਸ ਟੋਭੇ ਨੂੰ 'ਰਾਮ ਸਰ' ਨਾਮ ਮਿਲ ਗਿਆ।

ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਪਿਛੋਂ ਸਿੱਖ ਸੰਗਤ ਇਸ ਰਾਮ ਸਰ ਵਿਚ ਇਸ਼ਨਾਨ ਦੀ ਇੱਛਾ ਜਤਾ ਕੇ ਅੰਗਰੇਜ਼ ਸਰਕਾਰ ਦੀ ਪੁਲਿਸ ਕੋਲੋਂ ਭੈਣੀ ਸਾਹਿਬ ਅੰਦਰ ਜਾਣ ਦੀ ਇਜਾਜ਼ਤ ਲੈਂਦੀ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਵੀ ਕਰ ਆਉਂਦੀ। ਇਸ਼ਨਾਨਾਰਥੀਆਂ ਦੀ ਦਿਨੋ ਦਿਨ ਵਧਦੀ ਗਿਣਤੀ ਵੇਖ ਕੇ ਅੰਗਰੇਜ਼ ਹਾਕਮਾਂ ਦੇ ਮਨੋ ਸ਼ੰਕਾ ਜਾਗੀ। ਉਨ੍ਹਾਂ ਨੂੰ ਲੱਗਾ ਕਿ ਇਸ਼ਨਾਨ ਦੇ ਬਹਾਨੇ ਕੂਕੇ ਫਿਰ ਜਥੇਬੰਦ ਹੋ ਰਹੇ ਨੇ। ਉਨ੍ਹਾਂ ਨੇ ਇਸ਼ਾਰਾ ਕਰਕੇ ਪਿੰਡ ਦੇ ਸਰਕਾਰ ਪ੍ਰਸਤਾਂ ਕੋਲੋਂ ਇਸ ਟੋਭੇ ਨੂੰ ਪਿੰਡ ਦਾ ਸਾਂਝਾ 'ਕੁੱਪਾਂ ਵਾਲਾ ਛਪੜ' ਦਸ ਕੇ ਉਸਦੀ ਮਾਲਕੀ ਦਾ ਝਗੜਾ ਖੜਾ ਕਰਵਾ ਦਿਤਾ ਅਤੇ ਕਬਜ਼ੇ ਲਈ ਅਦਾਲਤ ਦੀ ਸ਼ਰਨ ਚਲੇ ਗਏ। ਅਦਾਲਤ ਵਿਚ ਬਹਿਸ ਮੁਬਾਹਿਸੇ ਦੌਰਾਨ ਤੈ ਹੋਇਆ ਕਿ ਇਕ ਮਿਥੇ ਹੋਏ ਦਿਨ ਅਦਾਲਤ ਵੱਲੋਂ ਭੇਜਿਆ ਹੋਇਆ ਨੁਮਾਇੰਦਾ ਭੈਣੀ ਸਾਹਿਬ ਜਾ ਕੇ ਦੋਹਾਂ ਧਿਰਾਂ ਕੋਲੋਂ ਉਸ ਟੋਭੇ ਦੀ ਮਾਲਕੀ ਦੇ ਸਬੂਤ ਵੇਖੇ- ਪਰਖੇਗਾ ਅਤੇ ਅਦਾਲਤ ਉਸੇ ਅਧਾਰ ਉਪਰ ਮਾਲਕੀ ਦਾ ਹੱਕ ਦੇਵੇਗੀ।

ਨਾਮਧਾਰੀ ਸੰਗਤ ਇਸ ਸੋਚ ਵਿਚ ਸੀ ਕਿ ਆਪਣੇ ਹੱਕ ਵਿਚ ਕਿਹੜੇ ਸਬੂਤ ਪੇਸ਼ ਕਰੇ। ਏਸੇ ਦੌਰਾਨ ਸਤਿਗੁਰੂ ਰਾਮ ਸਿੰਘ ਜੀ ਨੇ ਸਤਿਗੁਰੂ ਹਰੀ ਸਿੰਘ ਜੀ ਨੂੰ ਧਿਆਨ ਸਮੇਂ ਪਰਤੱਖ ਦਰਸ਼ਨ ਦੇ ਕੇ ਹੁਕਮ ਕੀਤਾ ਕਿ ਫਲਾਹੀ ਹੇਠੋਂ ਇਕ ਵਿਸ਼ੇਸ਼ ਸਥਾਨ ਨੂੰ ਪੁਟਣ ਤੇ ਓਥੇ ਹਵਨ ਦੀਆਂ ਨਿਸ਼ਾਨੀਆਂ ਮਿਲਣਗੀਆਂ। ਉਸ ਸਥਾਨ ਤੇ ਅਸੀਂ ਪਿਛਲੇ ਜੁਗ ਵਿਚ ਹਵਨ ਕਰਦੇ ਰਹੇ ਹਾਂ।

ਅਦਾਲਤੀ ਨੁਮਾਇੰਦੇ ਦੇ ਆਉਣ ਤੇ ਸਤਿਗੁਰੂ ਹਰੀ ਸਿੰਘ ਜੀ ਨੇ ਉਸਦੇ ਸਾਹਮਣੇ ਸਿੱਖਾਂ ਕੋਲੋਂ ਉਹ ਸਥਾਨ ਖੁਦਵਾਇਆ। ਹੇਠੋਂ ਤ੍ਰਿਕੋਨਾ ਹਵਨ ਕੁੰਡ ਪ੍ਰਾਪਤ ਹੋਇਆ ਤੇ ਨਾਲ ਹੀ ਥਿੰਧੇ ਕੋਲੇ ਵੀ। ਪਿੰਡ ਵਾਲਿਆਂ ਕੋਲ ਆਪਣੇ ਦਾਅਵੇ ਦੇ ਹੱਕ ਵਾਲਾ ਕੋਈ ਸਬੂਤ ਨਹੀਂ ਸੀ ਸੋ ਫੈਸਲਾ ਭੈਣੀ ਸਾਹਿਬ ਗੁਰਦੁਆਰੇ ਦੇ ਹੱਕ ਵਿਚ ਹੋਇਆ। ਪੁਰਾਤਨ ਹਵਨ ਕੁੰਡ ਅਤੇ ਸਰੋਵਰ ਕਾਰਨ ਭੈਣੀ ਸਾਹਿਬ ਇਕ ਇਹੋ ਜਿਹੇ ਤੀਰਥ ਦੇ ਰੂਪ ਵਿਚ ਪ੍ਰਸਿਧ ਹੋਇਆ ਜੋ ਪਰਮਾਤਮ ਸ਼ਕਤੀਆਂ ਦਾ ਕੇਂਦਰ ਸੀ।

ਤਨ ਮਨ ਤੇ ਆਤਮਾ ਦੀ ਆਜ਼ਾਦੀ ਲਈ ਆਰੰਭ ਹੋਏ ਸੰਗਰਾਮ ਵਿਚ ਸਤਿਗੁਰੂ ਰਾਮ ਸਿੰਘ ਵਰਗੇ ਜਨ ਨਾਇਕ ਲਈ ਭੈਣੀ ਸਾਹਿਬ ਵਰਗੀ ਤਪੋ ਭੂਮੀ ਹੀ ਕਰਮ ਭੂਮੀ ਬਣ ਸਕਦੀ ਸੀ।

ਲੋਕ ਆਉਂਦੇ ਰਹੇ- ਇਸ ਟੋਭੇ ਵਿਚ ਇਸ਼ਨਾਨ ਕਰਦੇ ਰਹੇ-ਪਰ ਇਸਨੂੰ ਸੁਵਿਅਵਸਥਿਤ ਸਰੋਵਰ ਦਾ ਰੂਪ ਦੇਣ ਬਾਰੇ ਉਸ ਸਮੇਂ ਸੋਚਿਆ ਨਹੀਂ ਜਾ ਸਕਿਆ। ਇੰਜ ਕੁਝ ਸਵਾਹਰਾ ਕਰਨ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਫੂਲਾ ਸਿੰਘ ਐਂਡ ਕੰਪਨੀ (ਬੈਂਕੌਕ) ਦੇ ਮਾਲਕ ਸੇਠ ਫੂਲਾ ਸਿੰਘ ਨੇ ਸਰੋਵਰ ਵਿਚ ਇੱਟਾਂ ਦੀਆਂ ਪੌੜੀਆਂ ਬਣਵਾਈਆਂ। ਪਰ ਕੁਝ ਸਮੇਂ ਬਾਅਦ ਜਲ ਦਾ ਤਲ ਨੀਵਾਂ ਹੋ ਜਾਣ ਕਰਕੇ ਉਹ ਪੌੜੀਆਂ ਵੀ ਭੁਰ ਭੁਰ ਕੇ ਟੁਟ ਭੱਜ ਗਈਆਂ। ਸਰੋਵਰ ਦੀ ਕਾਰ ਸੇਵਾ ਵੀ ਕਰਵਾਈ ਗਈ ਪਰ ਸਾਰੇ ਇਲਾਕੇ ਦਾ ਜਲ ਸਤੱਰ ਲਗਾਤਾਰ ਹੇਠਾਂ ਲਹਿੰਦੇ ਜਾਣ ਕਰਕੇ ਇਸ਼ਨਾਨ ਲਈ ਹੇਠਾਂ ਪਹੁੰਚਣਾ ਹੋਰ ਮੁਸ਼ਕਿਲ ਹੁੰਦਾ ਗਿਆ ਤੇ ਹੌਲੀ ਹੌਲੀ ਸਰੋਵਰ ਧਿਆਨ ਪਰੋਖਾ ਹੋ ਕੇ ਰਹਿ ਗਿਆ।

ਹੁਣ ਜਦੋਂ ਏਨੇ ਚਿਰ ਪਿਛੋਂ ਭੈਣੀ ਸਾਹਿਬ ਗਿਆ ਸਾਂ ਤਾਂ ਉਸ ਸਰੋਵਰ ਨੂੰ ਵੇਖ ਕੇ ਆਪਣੀਆਂ ਅੱਖਾਂ ਉਪਰ ਇਤਬਾਰ ਕਰਨਾ ਮੁਸ਼ਕਿਲ ਹੋ ਰਿਹਾ ਸੀ। ਸਤਿਗੁਰੂ ਜਗਜੀਤ ਸਿੰਘ ਨੇ ਜਦੋਂ ਗੁਰਗੱਦੀ ਸੰਭਾਲੀ ਓਦੋਂ ਤਕ ਇਹੋ ਜਿਹੀ ਕੋਈ ਸਮੱਸਿਆ ਆਪ ਜੀ ਦੇ ਸਾਹਮਣੇ ਨਹੀਂ ਸੀ ਜਿਨ੍ਹਾਂ ਸਮਿਸਿਆਵਾਂ ਦਾ ਸਾਹਮਣਾ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਰਨਾ ਪਿਆ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਾਹਮਣੇ ਦੇਸ਼ ਦੀ ਗੁਲਾਮੀ ਦੀ ਸਮਸਿਆ ਸੀ ਤੇ ਉਸ ਦੀ ਆਜ਼ਾਦੀ ਲਈ ਆਪ ਨੇ ਆਪਣੇ ਢੰਗ ਨਾਲ ਅੰਦੋਲਨ ਚਲਾਇਆ। ਸਤਿਗੁਰੂ ਹਰੀ ਸਿੰਘ ਦੇ ਸਾਹਮਣੇ ਉਸ ਅੰਦੋਲਨ ਦੇ ਨਤੀਜੇ ਵਜੋਂ ਸ਼ੁਰੂ ਹੋਈਆਂ ਅੰਗਰੇਜ਼ੀ ਸਰਕਾਰ ਦੀਆਂ ਸਖ਼ਤੀਆਂ ਕਾਰਨ ਨਾਮਧਾਰੀ ਸਮਾਜ ਦਾ ਆਤਮ ਬਲ ਕਾਇਮ ਰਖਦਿਆਂ ਹੋਇਆਂ ਕੂਕਾ ਸੰਗਠਨ ਨੂੰ ਅਤੇ ਉਸ ਸੰਗਠਨ ਦੀ ਮੂਲ ਭਾਵਨਾ ਨੂੰ ਬਚਾਈ ਰਖਣ ਦੀ ਸਮੱਸਿਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਾਹਮਣੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਦੇਸ਼ ਦੀ ਆਜ਼ਾਦੀ ਲਈ ਸ਼ੁਰੂ ਕੀਤੇ ਕੂਕਾ ਅੰਦੋਲਨ ਦੇ ਵਿਵਿਧ ਪ੍ਰਕਾਰੀ ਦੇਸ਼ ਵਿਆਪੀ ਪ੍ਰਸਾਰ ਨਾਲ ਉਸਦੀ ਬੁਨਿਆਦ ਵਿਚ ਖੜੇ ਕੂਕਾ ਅੰਦੋਲਨ ਦੀ ਰਾਸ ਮਿਲਾਉਣੀ, ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੱਛਮੀ ਪੰਜਾਬ ਤੋਂ ਉਜੜ ਕੇ ਆਏ ਲੋਕਾਂ ਨੂੰ ਮੁੜ ਵਸਾਉਣ ਦੀ ਵੱਡੀ ਸਮੱਸਿਆ ਸੀ। ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਸੰਭਾਲਣ ਵੇਲੇ ਤਕ ਇਹ ਸਾਰੀਆਂ ਸਮੱਸਿਆਵਾਂ ਕਿਸੇ ਨਾ ਕਿਸੇ ਰੂਪ ਵਿਚ ਨਿਬੜ ਚੁਕੀਆਂ ਹੋਈਆਂ ਸਨ।

ਗੁਰਗੱਦੀ ਸੰਭਾਲਣ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਹਮਣੇ ਜੋ ਸਵਾਲ ਉਭਰ ਕੇ ਆਏ- ਉਹਨਾਂ ਵਿਚੋਂ ਸਭ ਤੋਂ ਪ੍ਰਮੁਖ ਸਵਾਲ ਸੀ ਨਾਮਧਾਰੀ ਸਮਾਜ ਵੱਲੋਂ ਲੰਮੇ ਸਮੇ ਤਕ ਅੰਗਰੇਜ਼ ਸਰਕਾਰ ਨਾਲ ਸਬੰਧਤ ਸਭ ਸੁਖ ਸਹੂਲਤਾਂ ਲੈਣ ਤੋਂ ਇਨਕਾਰ (ਬਾਈਕਾਟ) ਕਾਰਨ ਬਾਕੀ ਦੇ ਸਮਾਜਾਂ ਦੇ ਮੁਕਾਬਲੇ ਆਪੂੰ ਸਹੇੜੇ ਪਛੜੇਵੇਂ ਵਿਚੋਂ ਸਮਾਜ ਨੂੰ ਬਾਹਰ ਕੱਢਣਾ, ਆਜ਼ਾਦ ਦੇਸ਼ ਦੀ ਨਵ-ਉਸਾਰੀ ਵਿਚ ਨਾਮਧਾਰੀ ਸਮਾਜ ਦਾ ਯੋਗਦਾਨ ਤੇ ਆਪਣੇ ਸਮਾਜ ਲਈ ਸਨਮਾਨਯੋਗ ਸਥਾਨ ਦੀ ਪ੍ਰਾਪਤੀ।

ਇਹਨਾਂ ਕੰਮਾਂ ਲਈ ਸਭ ਤੋਂ ਪਹਿਲੀ ਲੋੜ ਸੀ - ਆਪਣੇ ਸਮਾਜ ਵਿਚ ਏਕਤਾ ਤੇ ਵਿਓਂਤੇ ਗਏ ਕਾਰਜ ਕ੍ਰਮਾਂ ਲਈ ਆਪਣਿਆਂ ਵੱਲੋਂ ਭਰਪੂਰ ਸਹਿਯੋਗ ਦੀ।

ਇਸ ਦਿਸ਼ਾ ਵਿਚ ਆਪ ਨੇ ਜਿਹੜੇ ਕਦਮ ਉਠਾਏ ਓਹਨਾਂ ਵਿਚੋਂ ਪਹਿਲਾ ਕਦਮ ਇਹ ਸੀ ਕਿ ਜੋ ਅਨੇਕਾਂ ਮੁਕੱਦਮੇ ਸਮਾਜ ਦੇ ਅੰਦਰੋਂ ਹੀ ਸਮਾਜ ਨੂੰ ਤੋੜ ਰਹੇ ਸਨ ਓਹਨਾਂ ਮੁਕੱਦਮਿਆਂ ਦਾ ਜਿਸ ਤਰ੍ਹਾਂ ਵੀ ਹੋਵੇ ਤੁਰਤ ਨਿਪਟਾਰਾ।

ਸਰੋਵਰ ਦਾ ਨਵਾਂ ਸਰੂਪ :

ਹੁਣ ਜਦੋਂ ਏਨੇ ਚਿਰ ਪਿਛੋਂ ਭੈਣੀ ਸਾਹਿਬ ਗਿਆ ਤਾਂ ਉਸ ਸਰੋਵਰ ਨੂੰ ਵੇਖ ਕੇ ਆਪਣੀਆਂ ਅੱਖਾਂ ਉਪਰ ਇਤਬਾਰ ਕਰਨਾ ਮੁਸ਼ਕਿਲ ਲਗ ਰਿਹਾ ਸੀ। ਜੋ ਵੇਖ ਰਿਹਾ ਸਾਂ- ਉਸ ਬਾਰੇ ਸ੍ਰੀ ਹਰਵਿੰਦਰ ਸਿੰਘ ਹੰਸਪਾਲ ਨੇ ਇੰਜ ਲਿਖਿਆ ਹੈ- ਭੈਣੀ ਸਾਹਿਬ ਦੇ ਕਾਇਆ ਕਲਪ ਦੀ ਇਸ ਮੁਹਿੰਮ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਤਕਨੀਕੀ ਤੇ ਆਰਕੀਟੇਕਚਰ ਖੇਤਰ ਦਾ ਅਨੋਖਾ ਪ੍ਰਯੋਗ ਸ਼ੁਰੂ ਕੀਤਾ। ਆਪ ਨੇ ਰਾਮ ਸਰ ਨੂੰ ਨਵੇਂ ਨਕਸ਼ੇ ਤੇ ਨਵੀਂ ਜੁਗਤ ਨਾਲ ਨਵਾਂ ਰੂਪ ਦੇਣ ਦਾ ਫੈਸਲਾ ਕੀਤਾ। ਆਪ ਨੇ ਕਈ ਐਂਜੀਨੀਅਰਾਂ ਤੇ ਆਰਕੀਟੇਕਟਾਂ (ਭਵਨ ਨਿਰਮਾਤਾਵਾਂ) ਨੂੰ ਇਸ ਸਰੋਵਰ ਦਾ ਨਕਸ਼ਾ ਬਣਾਉਣ ਲਈ ਕਿਹਾ। ਕਿਸੇ ਨੇ ਸੁਝਾਓ ਦਿੱਤਾ ਕਿ ਏਥੇ ਵਡਾ ਸਾਰਾ ਟੈਂਕ (ਜਲ ਭੰਡਾਰ) ਬਣਾ ਕੇ ਉਸ ਵਿਚ ਨਹਿਰ ਦਾ ਜਲ ਪਾ ਦਿਓ। ਕਿਸੇ ਕਿਹਾ ਟਿਊਬਵੈਲ ਨਾਲ ਜਲ ਭਰ ਲਿਆ ਜਾਵੇ। ਇਕ ਸੁਝਾਓ ਇਹ ਵੀ ਸੀ ਕਿ ਟਿਊਬਵੈਲ ਦੇ ਪਾਣੀ ਨੂੰ ਜ਼ਮੀਨ ਦੀ ਕੱਚੀ ਆਡ ਰਾਹੀਂ ਦੋ ਚਾਰ ਖੇਤਾਂ ਵਿਚੋਂ ਲੰਘਾ ਕੇ ਸਰੋਵਰ ਵਿਚ ਪਾਇਆ ਜਾਵੇ ਤਾ ਕਿ ਸਰੋਵਰ ਦਾ ਜਲ ਵਗਦਾ ਹੋਣ ਕਰਕੇ ਸੋਧ ਦਾ ਹੋ ਜਾਵੇ। ਇਕ ਤਜਵੀਜ਼ ਦੋ ਤਲਾਅ ਬਣਾਉਣ ਦੀ ਵੀ ਆਈ ਕਿ ਉਪਰ ਖੁਲ੍ਹਿਆਂ ਲਈ ਟਿਊਬਵੈਲਾਂ ਦਾ ਪਾਣੀ ਭਰਿਆ ਜਾਵੇ ਤੇ ਹੇਠਾਂ ਸੋਧੀਆਂ ਲਈ ਬਾਓਲੀ ਬਣਾ ਦਿਤੀ ਜਾਵੇ। ਪਰ ਇਹ ਸਭ ਤਜਵੀਜਾਂ ਇਸ ਇਕ ਕਾਰਨ ਕਰਕੇ ਹੀ ਅਪਰਵਾਨ ਹੋ ਗਈਆਂ ਕਿ ਸਤਿਗੁਰੂ ਜੀ ਸਰੋਵਰ ਨੂੰ ਸੋਧ ਦੇ ਜਲ ਵਾਲਾ ਹੀ ਬਣਾਉਣ ਵਾਸਤੇ ਦ੍ਰਿੜ ਸਨ। ਕਰੀਬ ਡੇਢ੍ਹ ਸਾਲ ਇਹਨਾਂ ਸੁਝਾਵਾਂ ਤੇ ਤਜਵੀਜ਼ਾਂ ਨੂੰ ਵੇਖਦਿਆਂ ਲੰਘ ਗਿਆ। ਅੰਤ ਸਰਦਾਰ ਮੇਹਰਬਾਨ ਸਿੰਘ ਆਰਕੀਟੇਕਟ ਨੇ ਕੰਪਿਊਟਰ ਦੀ ਸਹਾਇਤਾ ਨਾਲ ਇਕ ਡੀਜ਼ਾਇਨ ਤਿਆਰ ਕੀਤਾ. ਜਿਸ ਵਿਚ ਬਹੁਤ ਸਾਰੇ ਸੰਸ਼ੋਧਨਾਂ ਤੋਂ ਬਾਅਦ ਉਹ ਡੀਜ਼ਾਇਨ ਪਾਸ ਹੋਇਆ। ਜਲ ਦਾ ਸਤੱਰ ਇਸ ਵੇਲੇ ਸਾਰੇ ਸਾਲ ਦੀ ਔਸਤ ੨੫ ਫੁਟ ਤੇ ਹੈ। ਪਿਛਲੇ ਤਜਰਬੇ ਦੀ ਬਿਨਾ ਤੇ ਪਾਣੀ ਨੀਵੇ ਹੀ ਜਾ ਰਹੇ ਨੇ। ਸੋ ਡੀਜ਼ਾਈਨ ਦਾ ਆਧਾਰ ਇਹ ਰਖਿਆ ਗਿਆ ਕਿ ਜਲ ਕਿੰਨਾ ਵੀ ਨੀਵਾਂ ਹੋ ਜਾਵੇ-ਸਰੋਵਰ ਦੀਆਂ ਪੌੜੀਆਂ ਫਿਰ ਵੀ ਹਮੇਸ਼ਾ ਜਲ ਵਿਚ ਡੁਬੀਆਂ ਰਹਿਣ। ਸੋ ਫੈਸਲਾ ਹੋਇਆ ਕਿ ਜਲ ਦੀ ਪੱਧਰ ੩੦ ਫੁਟ ਤੇ ਰਖੀ ਜਾਵੇ। ਭਾਵ ਕਿ ਜੇ ਜਲ ਦੀ ਪੱਧਰ ਪੰਜ ਫੁਟ ਵੀ ਹੇਠਾਂ ਰਹਿ ਜਾਵੇ ਤਦ ਵੀ ਸਰੋਵਰ ਵਿਚ ਜਲ ਪੂਰਾ ਭਰਿਆ ਰਵ੍ਹੇ। ਇਸ ਮਾਪ ਨੂੰ ਆਧਾਰ ਬਣਾ ਕੇ ਅੰਤਿਮ ਡੀਜ਼ਾਇਨ ਤਿਆਰ ਕੀਤਾ ਗਿਆ।

ਸਤਿਗੁਰਾਂ ਨੇ ਸਰੋਵਰ ਦੀ ਨੀਂਹ ਰਖੀ ਤੇ ਕਾਰਜ ਸ਼ੁਰੂ ਹੋ ਗਿਆ। ਸਭ ਤੋਂ ਪਹਿਲਾਂ ੨੦ ਫੁਟ ਗੋਲ ਇਕ ਖੂਹ ਬਣਾਕੇ ਗਾਲਿਆ, ਜਿਸ ਦੀ ਕੰਧ ਰੋੜੀ ਸਰੀਏ ਦੀ ਦੋ ਫੁਟ ਚੌੜੀ ਸੀ। ਇਸ ਚੌਵੀ ਫੁਟ ਉਚੇ ਖੂਹ ਦਾ ਹੇਠਲਾ ਸਿਰਾ ਜ਼ਮੀਨ ਦੇ ਲੈਵਲ ਤੋਂ ਕਰੀਬ ੬੪ ਫੁਟ ਹੇਠਾਂ ਹੈ। ਖੂਹ ਦੇ ਉਪਰਲੇ ਸਿਰੇ ਤੋਂ ਸਰੋਵਰ

ਦੀਆਂ ਪੌੜੀਆਂ ਸ਼ੁਰੂ ਹੁੰਦੀਆਂ ਹਨ। ਇਕ ਇਕ ਫੁਟ ਦੀ ਵਿੱਥ ਤੇ ਦਸ ਪੌੜੀਆਂ। ਭਾਵ ਸਰਵੋਰ ਵਿਚ ਦਸ ਫੁਟ ਪਾਣੀ ਰਹੇਗਾ। ਪੰਜ ਲੈਂਡਿੰਗਜ਼ ਨਾਲ ਪੌੜੀਆਂ ਰਾਹੀਂ ਉਤਰ ਕੇ ਸਰੋਵਰ ਤਕ ਪੁਜਿਆ ਜਾ ਸਕੇਗਾ। ਮਾਈਆਂ ਤੇ ਭਾਈਆਂ ਲਈ ੧੬-੧੬ ਫੁਟ ਦੀਆਂ ਅਲਗ ਅਲਗ ਪੌੜੀਆਂ ਹਨ। ਇਕ ਰਸਤਾ ਕਾਰ ਵਾਸਤੇ ਵੀ ਬਣਾਇਆ ਗਿਆ ਹੈ- ਬਿਰਧਾਂ ਅਤੇ ਅਪਾਹਜਾਂ ਦੀ ਵਰਤੋਂ ਵਿਚ ਵੀ ਉਹ ਕੰਮ ਆ ਸਕਦਾ ਹੈ।

'੩੦ ਫੁਟ ਜਲ ਦਾ ਲੈਵਲ ਰਖਣ ਦਾ ਅਰਥ ਹੈ ਘੱਟੋ ਘੱਟ ਪੰਜ ਫੁਟ ਪਾਣੀ ਦੇ ਵਿਚ ਸਰੋਵਰ ਦਾ ਨਿਰਮਾਣ ਕਰਨਾ। ਜੋ ਐਂਜੀਨੀਅਰਿੰਗ ਦੇ ਹਿਸਾਬ ਵੀ ਸੌਖਾ ਨਹੀਂ। ਸਰੋਵਰ ਦਾ ਸਾਰਾ ਢਾਂਚਾ ਇਕ ਪਰਾਤ ਦੀ ਨਿਆਈ ਹੈ। ਪਰਾਤ ਜਲ ਉਪਰ ਤਰਦੀ ਹੈ। ਇਸ ਤਰ੍ਹਾਂ ਦੇ ਸਰੋਵਰ ਦੇ ਢਾਂਚੇ ਨੇ ਜਲ ਵਿਚ ਰਹਿਣਾ ਹੈ, ਲਗਾਤਾਰ ਥੱਲਿਓਂ ਜਲ ਦਾ ਦਬਾਅ ਇਸਨੂੰ ਉਤਾਂਹ ਚੁਕਣ ਦੀ ਕੋਸ਼ਿਸ਼ ਕਰੇਗਾ। ਜੇ ਢਾਂਚਾ ਕਮਜ਼ੋਰ ਹੋਵੇਗਾ ਤਾਂ ਪਾਣੀ ਲੀਕ ਕਰਨ ਦਾ ਅੰਦੇਸ਼ਾ ਵੀ ਹੋ ਸਕਦਾ ਹੈ। ਇਸ ਸਭ ਕਾਸੇ ਦਾ ਧਿਆਨ ਰਖਦਿਆਂ ਹੋਇਆਂ ਇਸ ਦਾ ਨਿਰਮਾਣ ਸ੍ਰੀ ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਨਾਲ ਹੋ ਰਿਹਾ ਹੈ। ਮਾਤਾ ਜੀ ਦੀ ਡਿਊਟੀ ਹਜ਼ੂਰ ਲਗਾ ਕੇ ਓਹਨਾਂ ਪਾਸੋਂ ਦਿਨ ਰਾਤ ਸੇਵਾ ਲੈ ਰਹੇ ਹਨ।

ਸਾਰੇ ਦਾ ਸਾਰਾ ਢਾਂਚਾ ਰੋੜੀ ਬਜਰੀ ਤੇ ਸਰੀਏ ਦਾ ਬਣ ਰਿਹਾ ਹੈ ਤਾਂਕਿ ਸਰੋਵਰ ਦੀ ਆਯੂ ਲੰਮੀ ਹੋ ਸਕੇ। ਸੂਝਵਾਨਾਂ ਦੇ ਧਿਆਨ ਵਿਚ ਆਏਗਾ ਕਿ ਜੇ ਪਾਣੀ ਦਾ ਲੈਵਲ ੨੫ ਫੁਟ ਡੂੰਘਾ ਹੈ ਤਾਂ ਫਿਰ ਸਰੋਵਰ ਦਾ ਜਲ ੩੦ ਫੁਟ ਡੂੰਘਾ ਕਿਵੇਂ ਟਿਕੇਗਾ? ਪਰਕਰਮਾ ਜਿਹੜੀ ਚਾਰ ਚੁਫੇਰੇ ਅੱਠ ਪਹਿਲੂ ੨੬ ਫੁਟ ਹੈ ਉਸ ਵਿਚ ਜਲ ਭਰ ਜਾਵੇਗਾ। ਹਾਂ ਇਹ ਠੀਕ ਹੈ, ਇਸੇ ਲਈ ਸਾਰਾ ਢਾਂਚਾ ਲੀਕਪਰੂਫ ਬਣਾਇਆ ਗਿਆ ਹੈ। ਮੋਟੀ ਰੋੜੀ ਪਾਈ ਗਈ ਹੈ।

'ਮੁਖ ਖੂਹ ਦੇ ਅੰਦਰਵਾਰ ਧਰਤੀ ਤੋਂ ੫੦ ਫੁਟ ਥੱਲੇ ਪਾਣੀ ਦਬਾਉਣ ਲਈ ਇਕ ਕੰਕਰੀਟ ਦੀ ਛੱਤ ਬਣਾਈ ਗਈ ਹੈ। ਇਸ ਨਾਲ ਪਾਣੀ ਦੇ ਆਮ ਲੈਵਲ ਤੋਂ ਪੰਜ ਫੁਟ ਥੱਲੇ ਤਕ ਪਾਣੀ ਦਬਾਕੇ ਰੱਖਿਆ ਜਾ ਸਕੇਗਾ।

ਪਾਣੀ ਦਾ ਲੈਵਲ ਘਟ ਵੱਧ ਵੀ ਜਾਵੇ ਤਾਂ ਵੀ ਇਸ ਨਾਲ ਸਰੋਵਰ ਦਾ ਲੈਵਲ ਆਪਣੇ ਕੰਟਰੋਲ ਵਿਚ ਰਖਿਆ ਜਾ ਸਕੇਗਾ। ਇਸ ਵਿਚ ਚਾਰ ਇੰਚ ਮੋਟੀਆਂ ਦੋ ਪਾਈਪਾਂ ਸਟੇਨਲੈਸ ਸਟੀਲ ਦੀਆਂ ਲਾਈਆਂ ਗਈਆਂ ਹਨ। ਇਸ ਵਿਚ ਵਾਲਵ ਗਨ ਮੇਟਲ ਦੇ ਹਨ। ਕਾਰਨ ਇਹ ਕਿ ਸਟੇਨਲੈਸ ਸਟੀਲ ਅਤੇ ਗਨ ਮੇਟਲ ਨੂੰ ਜੰਗਾਲ ਵੀ ਨਹੀਂ ਲਗਦਾ ਅਤੇ ਸੋਧ ਵਿਚ ਵੀ ਪ੍ਰਵਾਨ ਹਨ। ਇਹਨਾਂ ਵਾਲਵਾਂ ਰਾਹੀਂ ਪਾਣੀ ਉਪਰ ਕਾਬੂ ਰਖਿਆ ਜਾ ਸਕੇਗਾ। ਸਰੋਵਰ ਅੱਠ ਪਹਿਲੂ ਗੋਲ ਮੰਦਿਰ ਨੂੰ ਧਿਆਨ ਵਿਚ ਰਖ ਕੇ ਬਣਾਇਆ ਗਿਆ ਹੈ। ਪਹਿਲੂ ਤੋਂ ਪਹਿਲੂ ਕਰੀਬ ੬੪ ਫੁਟ ਚੌੜਾ ਹੈ। ਚਾਰ ਚੁਫੇਰੇ ਇਕ ਡਰੇਨ (ਨਾਲੀ) ਬਣਾਈ ਗਈ ਹੈ ਜਿਸ ਦੇ ਹੋਣ ਨਾਲ ਵਾਧੂ ਜਲ ਅਤੇ ਕਛਹਿਰੇ ਆਦਿ ਦਾ ਨੁਚੜਿਆ ਜਲ ਵਾਪਸ ਸਰੋਵਰ ਵਿਚ ਨਹੀਂ ਜਾਵੇਗਾ। ਇਕ ਵਖਰੇ ਗੋਲ ਟੈਂਕ ਵਿਚ ਇਕੱਠਾ ਹੋਵੇਗਾ ਤੇ ਓਥੋਂ ਪੰਪ ਰਾਹੀਂ ਬਾਹਰ ਕੱਢ ਦਿਤਾ ਜਾਇਆ ਕਰੇਗਾ।

ਸਤਿਗੁਰੂ ਜੀ ਨੇ ਸਰੋਵਰ ਦੇ ਨਿਰਮਾਨ ਸਮੇਂ ਇਸ ਗੱਲ ਦਾ ਧਿਆਨ ਰਖਿਆ ਹੈ, ਖਰਚ ਭਾਵੇਂ ਕਿੰਨਾ ਹੋਵੇ ਸਰੋਵਰ ਵਿਚਲਾ ਜਲ ਸੋਧੀਆਂ ਦੀ ਮਰਯਾਦਾ ਦੇ ਅਨੁਕੂਲ ਪ੍ਰਾਪਤ ਰਵ੍ਹੇ। ਬਾਹਰੋਂ ਭਾਵੇਂ ਖੁਲ੍ਹੇ ਸੱਜਣ ਹੋਣ ਤੇ ਭਾਵੇਂ ਸੋਧੀ ਖੂਹ ਦੇ ਜਲ ਨਾਲ ਪਹਿਲੋਂ ਇਸ਼ਨਾਨ ਕਰਕੇ ਫਿਰ ਸਰੋਵਰ ਵਿਚ ਇਸ਼ਨਾਨ ਕਰਨ ਜਾਣ।' (ਵਰਿਆਮ ਦਾ ਬਸੰਤ ਵਿਸ਼ੇਸ਼ ਅੰਕ-੧੯੯੨)

ਨਵੇਂ ਜਤਨ

ਇਤਿਹਾਸ ਦਾ ਸਬਕ ਇਹੋ ਹੀ ਹੈ ਕਿ ਪਛੜੇ ਨੂੰ ਕੋਈ ਲਗਦੀ ਵਾਹ ਅਗਾਂਹ ਨਹੀਂ ਹੋਣ ਦੇਂਦਾ। ਹੋਰ ਪਿਛਾਂਹ ਨੂੰ ਜ਼ਰੂਰ ਧੱਕ ਦਿੱਤਾ ਜਾਂਦਾ ਹੈ ਤਾ ਕਿ ਜਿਥੇ ਉਹ ਖੜਾ ਹੈ ਉਸ ਥਾਂ ਤੇ ਵੀ ਕਬਜ਼ਾ ਕੀਤਾ ਜਾ ਸੱਕੇ।

ਉਂਨਤੀ ਦੀਆਂ ਪਲਾਂਘਾਂ ਪੁਟਦੇ ਅਤਿ ਉਂਨਤ ਦੇਸ਼ਾਂ ਦੇ ਮੁਕਾਬਲੇ ਸਦੀਆਂ ਦੀ ਗੁਲਾਮੀ ਵਿਚੋਂ ਨਿਕਲੇ ਭਾਰਤ ਲਈ ਉਂਨਤੀ ਵਾਸਤੇ ਜਿਵੇਂ ਬਹੁਤ ਵਡੀ ਛਾਲ ਮਾਰਨੀ ਜ਼ਰੂਰੀ ਮੰਨੀ ਗਈ- ਓਵੇਂ ਹੀ ਹਰ ਪ੍ਰਕਾਰ ਦੇ ਗਿਆਨ-ਵਿਗਿਆਨ ਵਿਚ ਘੱਟੋ ਘੱਟ ਆਪਣੇ ਦੇਸ਼ ਦੇ ਗ਼ੈਰ ਨਾਮਧਾਰੀ ਸਮਾਜਾਂ ਦੇ ਹਾਣ ਦਾ ਹੋਣ ਲਈ ਨਾਮਧਾਰੀ ਸਮਾਜ ਲਈ ਵੀ ਵੱਡੀ ਸਾਰੀ ਛਾਲ ਦੀ ਤਿਆਰੀ ਜ਼ਰੂਰੀ ਸੀ।

ਉਂਨਤੀ ਦੀਆਂ ਪਲਾਂਘਾਂ ਪੁਟਦੇ ਅਤਿ ਉਂਨਤ ਦੇਸ਼ਾਂ ਦੇ ਮੁਕਾਬਲੇ ਸਦੀਆਂ ਦੀ ਗ਼ੁਲਾਮੀ ਵਿਚੋਂ ਨਿਕਲੇ ਭਾਰਤ ਲਈ ਉਂਨਤੀ ਵਾਸਤੇ ਜਿਵੇਂ ਬਹੁਤ ਵਡੀ ਛਾਲ ਮਾਰਨੀ ਜ਼ਰੂਰੀ ਮੰਨੀ ਗਈ- ਓਵੇਂ ਹੀ ਹਰ ਪ੍ਰਕਾਰ ਦੇ ਗਿਆਨ-ਵਿਗਿਆਨ ਵਿਚ ਘੱਟੋ ਘੱਟ ਆਪਣੇ ਦੇਸ਼ ਦੇ ਗ਼ੈਰ ਨਾਮਧਾਰੀ ਸਮਾਜਾਂ ਦੇ ਹਾਣ ਦਾ ਹੋਣ ਲਈ ਨਾਮਧਾਰੀ ਸਮਾਜ ਲਈ ਵੀ ਵੱਡੀ ਸਾਰੀ ਛਾਲ ਦੀ ਤਿਆਰੀ ਜ਼ਰੂਰੀ ਸੀ।

ਅਤੇ ਇਸ ਛਲਾਂਗ ਲਈ ਸਭ ਤੋਂ ਵਡੀ ਸ਼ਰਤ ਸੀ ਘਰ ਵਿਚ ਏਕਤਾ ਦੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਝਗੜਾਲੂਆਂ, ਵਿਰੋਧੀਆਂ ਤੇ ਮੁਕੱਦਮੇ ਬਾਜ਼ਾਂ ਨੂੰ ਵਰਚਾਇਆ ਮਨਾਇਆ ਤੇ ਪਿਆਰ ਨਾਲ ਅੰਗ ਲਗਾਇਆ। ਭੈਣੀ ਸਾਹਿਬ ਗੁਰਦਵਾਰੇ ਦੀ ਧਰਤੀ ਨੂੰ ਜੱਦੀ ਖ਼ਾਨਦਾਨੀ ਦੱਸ ਕੇ ਉਸ ਦੀਆਂ ਵੰਡੀਆ ਪਾਉਣ ਲਈ ਕੀਤੇ ਮੁਕੱਦਮੇ ਦਾ ਸਾਹਮਣਾ ਕੀਤਾ ਤੇ ਉਸਨੂੰ ਹਮੇਸ਼ਾਂ ਲਈ ਵਰਤਮਾਨ ਸਤਿਗੁਰੂ ਦੀ ਸਰਪ੍ਰਸਤੀ ਹੇਠ ਨਾਮਧਾਰੀ ਪੰਥ ਦੀ ਮਾਲਕੀ ਵਾਲੇ ਗੁਰਦਵਾਰੇ ਵਜੋਂ ਅਦਾਲਤੀ ਪਰਵਾਨਗੀ ਜਿੱਤੀ ਤੇ ਮਹਾਰਾਜ ਨਿਹਾਲ ਸਿੰਘ ਜੀ ਦੇ ਪਰਵਾਰ ਨਾਲ ਮੁੜ ਆਤਮਕ ਸਾਂਝ ਬਣਾਈ।

ਕਾਫ਼ੀ ਲੰਮੀ ਅਦਾਲਤੀ ਜੱਦੋ ਜਹਿਦ ਤੋਂ ਬਾਅਦ ਰਾਈਆਂ ਪਿੰਡ ਦੇ ਉਸ ਸਥਾਨ ਦਾ ਕਬਜ਼ਾ ਵੀ ਭੈਣੀ ਸਾਹਿਬ ਦੇ ਗੁਰਦਵਾਰੇ

ਸਿੱਖ ਸਮਾਜ ਮੂਲ ਰੂਪ ਵਿਚ ਗੁਰੂ ਨਾਨਕ ਪਰੰਪਰਾ ਦੇ ਗੁਰੂਆਂ ਨਾਲ ਜੁੜ ਕੇ ਚਲਦਾ ਹੈ। ਪਿਛਲੀ ਸਦੀ ਵਿਚ ਕੁਝ ਲੋਕਾਂ ਨੇ ਇਸ ਗੁਰੂ ਪਰੰਪਰਾ ਵਿਚੋਂ ਆਪਣੇ ਆਪ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਵੀ ਕੀਤੀ- ਪਰ ਉਸ ਕੋਸ਼ਿਸ਼ ਦਾ ਨਤੀਜਾ ਏਸ ਰੂਪ ਵਿਚ ਸਾਹਮਣੇ ਆਇਆ ਕਿ ਬਹੁਤ ਸਾਰੇ ਸਿੱਖ ਸਮੂਹ ਬਹੁਤ ਸਾਰੇ ਸਾਧਾਂ-ਸੰਤਾਂ ਦੇ ਅਨੁਯਾਈ ਬਣ ਕੇ ਲਗਭਗ ਓਸੇ ਪੁਰਾਣੀ ਲੀਹ ਉਪਰ ਹੀ ਚੱਲ ਰਹੇ ਹਨ।

ਲਈ ਹਾਸਿਲ ਕੀਤਾ। ਜਿੱਥੇ ਸਤਿਗੁਰੂ ਰਾਮ ਸਿੰਘ ਜੀ ਦਾ ਸੰਨ ੧੮੧੬ ਨੂੰ ਪ੍ਰਕਾਸ਼ ਹੋਇਆ ਸੀ। ਕਬਜ਼ੇ ਸਮੇਂ ਪਹਿਲੇ ਕਾਬਜ਼ਾਂ ਨੂੰ ਇਕ ਸ਼ਾਨਦਾਰ ਸਮਾਰੋਹ ਵਿਚ ਧਨ, ਮਾਨ ਤੇ ਕਾਰ ਨਾਲ ਸਨਮਾਨਤ ਕਰਕੇ ਵਿਦਾ ਕੀਤਾ।

ਇਸ ਵੇਲੇ ਉਸ ਪ੍ਰਕਾਸ਼ ਸਥਾਨ ਤੇ ਭਜਨ ਬੰਦਗੀ ਦਾ ਪ੍ਰਵਾਹ ਚਲ ਰਿਹਾ ਹੈ ਅਤੇ ਤੀਰਥ ਰੂਪ ਵਿਚ ਉਸਾਰੀ ਹੋ ਰਹੀ ਹੈ।

ਭੈਣੀ ਸਾਹਿਬ ਦਾ ਬਦਲਦਾ ਸਰੂਪ :

ਆਪਣੀ ਉਮਰ ਦੇ ਪਹਿਲੇ ਚਾਲੀ ਕੁ ਸਾਲਾਂ ਵਿਚ ਜਦੋਂ ਵੀ ਭੈਣੀ ਸਾਹਿਬ ਗਿਆ ਹਾਂ-ਉਸਦੇ ਆਕਾਰ ਪ੍ਰਕਾਰ ਤੇ ਸੁਭਾਅ ਵਿਚ ਕਦੇ ਕੋਈ ਇਹੋ ਜਿਹੀ ਤਬਦੀਲੀ ਨਹੀਂ ਸੀ ਵੇਖਣ ਵਿਚ ਆਈ ਜਿਹੜੀ ਬਰਬਸ ਧਿਆਨ ਖਿੱਚ ਲਵੇ।

ਪਰ ਹੁਣ ਦੇ ਫੇਰੇ ਸਮੇਂ ਲਗ ਰਿਹਾ ਸੀ ਕਿ ਜਿਹੜਾ ਬਦਲਿਆ ਹੋਇਆ ਭੈਣੀ ਸਾਹਿਬ ਅੱਜ ਵੇਖ ਰਿਹਾ ਹਾਂ-ਇਸ ਦਾ ਮੁੱਢ ੧੯੬੨ ਵਿਚ ਮੇਰੇ ਸਾਹਮਣੇ ਹੀ ਬੱਝ ਗਿਆ ਸੀ।

ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਬਾਅਦ ਸ਼ਾਇਦ ਉਹ ਪਹਿਲਾ ਮੌਕਾ ਸੀ- ਜਦੋਂ ਭੈਣੀ ਸਾਹਿਬ ਵਿਚ ਸਤਿਗੁਰਾਂ ਨੇ ਪੜ੍ਹੇ ਲਿਖੇ ਨਾਮਧਾਰੀ ਨੌਜਵਾਨਾਂ ਨੂੰ ਬੁਲਾ ਕੇ ਨਾਮਧਾਰੀ ਇਤਿਹਾਸ, ਕੂਕਾ ਅਾਂਦੋਲਣ ਤੇ ਆਜ਼ਾਦੀ ਤੋਂ ਬਾਅਦ ਦੀਆਂ ਪਰਸਥਿਤੀਆਂ ਵਿਚੋਂ ਉਪਜੇ ਸਵਾਲਾਂ ਨੂੰ ਉਨ੍ਹਾਂ ਨਾਲ ਸਾਂਝਿਆਂ ਕੀਤਾ। ਇਹਨਾਂ ਨੌਜਵਾਨਾਂ ਦੇ ਮੁਖੋਂ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਉਹ ਇਸ ਸਭ ਬਾਰੇ ਕਿਵੇਂ ਸੋਚਦੇ ਹਨ। ਕੀ ਉਨ੍ਹਾਂ ਦੇ ਕੋਈ ਸ਼ੰਕੇ ਹਨ? ਕੋਈ ਸਵਾਲ ਹਨ? ਨਾਮਧਾਰੀ ਸਮਾਜ ਦੀ ਉਨੱਤੀ ਬਾਰੇ ਕੋਈ ਤਜਵੀਜ਼ਾਂ ਹਨ! ਇਹਨਾਂ ਨੌਜਵਾਨਾਂ ਨਾਲ ਉਹ ਬੈਠਕ ਹੀ ਕੁਝ ਸਮੇਂ ਬਾਅਦ ਨਾਮਧਾਰੀ ਵਿਦਿਅਕ ਜਥੇ ਦੀ ਕਾਇਮੀ ਦਾ ਆਧਾਰ ਬਣੀ ਸੀ।

ਇਸ ਗੱਲ ਨੂੰ ਤਾਂ ਕੋਈ ਵੀ ਸਮਝ ਸਕਦਾ ਹੈ ਕਿ ਧਾਰਮਕ ਅਕੀਦਿਆਂ ਨਾਲ ਜੁੜ ਕੇ ਬਣੇ ਵਿਸ਼ੇਸ਼ ਤਰ੍ਹਾਂ ਦੇ ਸਮਾਜ ਦੀ ਪੁਰਾਣੀ ਪੀੜੀ ਅਤੇ ਨਵੀਂ ਪੀੜ੍ਹੀ ਦੇ ਸੰਸਕਾਰਾਂ ਤੇ ਸੋਚ ਵਿਚ ਬਹੁਤ ਫਰਕ ਹੋਣਾ ਸੁਭਾਵਿਕ ਹੈ। ਨੌਜਵਾਨਾਂ ਦੇ ਉਸ ਇਕੱਠ ਵਿਚੋਂ ਵੀ ਉਸ ਸੋਚ ਦੇ ਫਰਕ ਦਾ ਝਲਕਾਰਾ ਜਿਹਾ ਮਿਲਿਆ ਸੀ।

ਵਿਲੱਖਣ ਪਰੰਪਰਾ :

ਸਾਰੇ ਭਾਰਤ ਵਿਚ ਪੰਜਾਬ ਇਸ ਗੱਲੋਂ ਵਿਲੱਖਣ ਹੈ ਕਿ ਪੰਜਾਬ ਵਿਚ ਗੁਰੂਆਂ ਦੀ ਪੈਰੋਕਾਰੀ ਵਿਚ ਜੁੜੇ ਭਗਤ-ਸਮਾਜ ਗ੍ਰਿਹਸਤੀ ਹਨ। ਉਹਨਾਂ ਦੇ ਅਧਿਆਤਮਕ ਅਤੇ ਗ੍ਰਿਹਸਥੀ ਜੀਵਨ ਨਾਲ ਸੰਬੰਧਤ ਵਿਅਕਤੀਗਤ, ਪਰਵਾਰਕ ਤੇ ਸਮਾਜਕ ਮਾਮਲਿਆਂ ਅਤੇ ਰਸਮੋ ਰਿਵਾਜਾਂ ਵਿਚ ਬਹੁਤ ਹੱਦ ਤਕ ਗੁਰੂ ਦਾ ਦਖ਼ਲ ਤੇ ਅਗਵਾਈ ਪਰਵਾਨਤ ਹੈ। ਉਹਨਾਂ ਦੇ ਲੋਕ-ਪਰਲੋਕ ਦਾ ਕਰਨਧਾਰ ਗੁਰੂ ਨੂੰ ਹੀ ਮੰਨਿਆ ਜਾਂਦਾ ਹੈ। ਪੰਜਾਬ ਵਿਚ ਗੁਰੂਆਂ ਨਾਲ ਜੁੜੇ ਪੰਥ ਹਨ ਤੇ ਇਹਨਾਂ ਪੰਥਾਂ ਵਿਚ ਜੁੜੇ ਲੋਕ ਸਮੂਹਾਂ ਦੀ ਗਿਣਤੀ ਲੱਖਾਂ-ਕਰੋੜਾਂ ਵਿਚ ਹੈ। ਗੁਰੂਆਂ ਦੀ ਬਾਕਾਇਦਾ ਗੱਦੀ ਚਲਦੀ ਹੈ। ਜਦੋਂ ਕਿ ਪੰਜਾਬੋਂ ਬਾਹਰ ਕਿਸੇ ਵੀ ਧਾਰਮਕ ਸਮਾਜ ਦਾ ਇਹ ਸਰੂਪ ਕਿਧਰੇ ਕਿਧਰੇ ਹੀ ਵੇਖਣ ਵਿਚ ਆਉਂਦਾ ਹੋਵੇ।

ਸਿੱਖ ਸਮਾਜ ਮੂਲ ਰੂਪ ਵਿਚ ਗੁਰੂ ਨਾਨਕ ਪਰੰਪਰਾ ਦੇ ਗੁਰੂਆਂ ਨਾਲ ਜੁੜ ਕੇ ਚਲਦਾ ਹੈ। ਪਿਛਲੀ ਸਦੀ ਵਿਚ ਕੁਝ ਲੋਕਾਂ ਨੇ ਇਸ ਗੁਰੂ ਪਰੰਪਰਾ ਵਿਚੋਂ ਆਪਣੇ ਆਪ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਵੀ ਕੀਤੀ- ਪਰ ਉਸ ਕੋਸ਼ਿਸ਼ ਦਾ ਨਤੀਜਾ ਏਸ ਰੂਪ ਵਿਚ ਸਾਹਮਣੇ ਆਇਆ ਕਿ ਬਹੁਤ ਸਾਰੇ ਸਿੱਖ ਸਮੂਹ ਬਹੁਤ ਸਾਰੇ ਸਾਧਾਂ-ਸੰਤਾਂ ਦੇ ਅਨੁਯਾਈ ਬਣ ਕੇ ਲਗਭਗ ਓਸੇ ਪੁਰਾਣੀ ਲੀਹ ਉਪਰ ਹੀ ਚੱਲ ਰਹੇ ਹਨ।

ਪਰ ਨਾਮਧਾਰੀ ਸਿੱਖ ਸਮਾਜ ਸਿੱਧੇ ਰੂਪ ਵਿਚ ਉਸ ਗੁਰੂ ਪਰੰਪਰਾ ਦਾ ਅਨੁਸਾਰੀ ਹੈ। ਇਹੋ ਕਾਰਨ ਹੈ ਕਿ ਆਪਣੇ ਪੂਰੇ ਸਮਾਜ ਦੇ ਸੁਖ-ਦੁਖ, ਉੱਨਤੀ-ਅਵਨਤੀ, ਮੰਗਲ-ਅਮੰਗਲ ਵਿਚ ਸਤਿਗੁਰੂ ਇਕ ਨਿਰਨਾਯਕ ਸ਼ਕਤੀ ਦੇ ਰੂਪ ਵਿਚ ਉਪਸਥਿਤ ਰਹਿੰਦੇ ਹਨ।

ਅੰਗਰੇਜ਼ਾਂ ਵਿਰੁੱਧ ਨਾਮਧਾਰੀ ਸਮਾਜ ਦੇ ਇੱਕੋ ਢੰਗ ਦੇ ਵਤੀਰੇ ਦਾ ਇਹੋ ਹੀ ਬੁਨਿਆਦੀ ਕਾਰਨ ਰਿਹਾ ਹੈ ਤੇ ਏਸ ਵਤੀਰੇ ਦੇ ਫਲਸਰੂਪ ਪੂਰਾ ਨਾਮਧਾਰੀ ਸਮਾਜ ਪਦਾਰਥਕ ਅਤੇ ਗਿਆਨ-ਵਿਗਿਆਨ ਦੇ ਖੇਤਰ ਵਿਚ ਸਮੂਹਕ ਤੌਰ ਤੇ ਦੂਜੇ ਸਮਾਜਾਂ ਨਾਲੋਂ ਪਿਛਾਂਹ ਰਹਿ ਗਿਆ।

ਭੈਣੀ ਸਾਹਿਬ ਨਾਲ ਜੁੜੇ ਕੁਝ ਬੇਚੈਨ ਸਵਾਲ :

ਨਾਮਧਾਰੀ ਸਮਾਜ ਹੀ ਇੱਕੋ ਇਕ ਸਮਾਜ ਸੀ ਜਿਸ ਨੇ ਪੰਜਾਬ ਵਿਚੋਂ ਅੰਗਰੇਜ਼ੀ ਸਰਕਾਰ ਵਿਰੁੱਧ ਸਿੱਧਾ ਆਂਦੋਲਨ ਚਲਾਇਆ। ਅੰਗਰੇਜ਼ਾਂ ਨੇ ਪਹਿਲਾਂ ਤਾਂ ਪੂਰੀ ਤਾਕਤ ਅਤੇ ਤਸ਼ੱਦਦ ਨਾਲ ਉਸ ਆਂਦੋਲਨ ਨੂੰ ਦਬਾਨ ਦੀ ਕੋਸ਼ਿਸ਼ ਕੀਤੀ, ਫਿਰ ਅਜਬ ਅਜਬ ਅਫਵਾਹਾਂ ਫੈਲਾ ਕੇ ਜੀਵਨ ਦੇ ਪ੍ਰਤੀ ਉਤਸ਼ਾਹ ਹੀ ਖ਼ਤਮ ਕਰ ਦੇਣ ਦਾ ਉਪਰਾਲਾ ਕੀਤਾ।

ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ਾਂ ਵਿਰੁੱਧ ਆਂਦੋਲਨ ਵੇਲੇ ਸੋਚਿਆ ਅਤੇ ਇਸ ਬਾਰੇ ਕੋਸ਼ਿਸ਼ ਵੀ ਕੀਤੀ ਕਿ ਰੂਸ ਦੀ ਫੌਜੀ ਤਾਕਤ ਨੂੰ ਅੰਗਰੇਜ਼ਾਂ ਖ਼ਿਲਾਫ਼ ਵਰਤਿਆ ਜਾਵੇ। ਉਸ ਵੇਲੇ ਇਹ ਮੰਨਿਆਂ ਜਾਂਦਾ ਸੀ ਕਿ ਇਕ ਰੂਸ ਹੀ ਹੈ ਜਿਹੜਾ ਅੰਗਰੇਜ਼ਾਂ ਨੂੰ ਸਬਕ ਸਿਖਾ ਸਕਦਾ ਹੈ। ਅੰਗਰੇਜ਼ ਰੂਸ ਕੋਲੋਂ ਡਰਦੇ ਵੀ ਬਹੁਤ ਸਨ। ਏਸੇ ਗੱਲ ਨੂੰ ਧਿਆਨ ਵਿਚ ਰੱਖ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਗੁਰਚਰਨ ਸਿੰਘ ਨੂੰ ਰੂਸ ਦੇ ਬਾਦਸ਼ਾਹ ਜ਼ਾਰ ਕੋਲੋਂ ਫੌਜੀ ਸਹਾਇਤਾ ਲੈਣ ਲਈ ਭੇਜਿਆ ਸੀ।

ਰੂਸ ਕੋਲੋਂ ਅੰਗਰੇਜ਼ਾਂ ਵਿਰੁੱਧ ਭਾਰਤ ਵੱਲੋਂ ਫੌਜੀ ਸਹਾਇਤਾ ਮੰਗਣ ਦਾ ਇਹ ਪਹਿਲਾ ਮੌਕਾ ਨਹੀਂ ਸੀ। ਇਸ ਤੋਂ ਪਹਿਲਾਂ-ਸੰਨ ੧੮੫੭ ਦੇ ਸੁਤੰਤਰਤਾ ਯੁੱਧ ਦੀ ਤਿਆਰੀ ਸਮੇਂ ਵੀ ਹਿੰਦੁਸਤਾਨ ਵੱਲੋਂ ਏਸੇ ਮਕਸਦ ਲਈ ਏਲਚੀ ਭੇਜਿਆ ਗਿਆ ਸੀ।

ਅਜ਼ੀਮੁੱਲਾ ਖ਼ਾਂ ਰੂਸ ਅਤੇ ਹੋਰ ਕਈ ਯੂਰਪੀ ਮੁਲਕਾਂ ਵਿਚ ਗਿਆ ਸੀ ਅਤੇ ਅੰਗਰੇਜ਼ਾਂ ਦੇ ਖ਼ਿਲਾਫ਼ ਓਹਨਾਂ ਕੋਲੋਂ ਫੌਜੀ ਸਹਾਇਤਾ ਚਾਹੀ ਸੀ।

ਪੰਡਿਤ ਸੁੰਦਰ ਲਾਲ ਨੇ 'ਭਾਰਤ ਮੇਂ ਅੰਗਰੇਜ਼ੀ ਰਾਜ' ਨਾਮੀ ਆਪਣੇ ਇਤਿਹਾਸ ਗ੍ਰੰਥ ਦੇ ਪੰਨਾ ੮੨੦ ਉਪਰ ਹੇਠ ਲਿਖੇ ਸਿਰਲੇਖ ਤੋਂ ਬਾਅਦ ਦੱਸਿਆ ਹੈ-

ਯੂਰਪ ਦੇ ਦੇਸ਼ਾਂ ਵਿਚ ਅਜ਼ੀਮੁਲਾ ਖ਼ਾਂ :

"ਹੋਰ ਦੇਸਾਂ ਵਿਚ ਹੁੰਦਾ ਹੋਇਆ ਅਜ਼ੀਮੁੱਲਾ ਖ਼ਾਂ ਟਰਕੀ ਦੀ ਰਾਜਧਾਨੀ ਕੁਸਤੁਨਤੁਨੀਆਂ ਪਹੁੰਚਿਆ। ਉਨ੍ਹਾਂ ਦਿਨਾਂ ਵਿਚ ਰੂਸ ਅਤੇ ਇੰਗਲਿਸਤਾਨ ਵਿਚਕਾਰ ਜੰਗ ਜਾਰੀ ਸੀ। ਅਜ਼ੀਮੁੱਲਾ ਖ਼ਾਂ ਨੇ ਸੁਣਿਆ ਕਿ ਹੁਣੇ ਹੁਣੇ ਸੇਬਸਤੇ ਪੋਲ ਦੀ ਲੜਾਈ ਵਿਚ ਰੂਸ ਨੇ ਅੰਗਰੇਜ਼ਾਂ ਨੂੰ ਹਰਾ ਦਿੱਤਾ ਹੈ। ਅਜ਼ੀਮੁੱਲਾ ਖ਼ਾਂ ਰੂਸ ਪਹੁੰਚਿਆ। ਕਈ ਅੰਗਰੇਜ਼ ਇਤਿਹਾਸ ਲੇਖਕਾਂ ਨੇ ਇਹ ਰਾਏ ਪ੍ਰਗਟ ਕੀਤੀ ਹੈ ਕਿ ਅਜ਼ੀਮੁੱਲਾ ਖ਼ਾਂ ਨਾਨਾ ਸਾਹਿਬ ਵੱਲੋਂ ਅੰਗਰੇਜ਼ਾਂ ਦੇ ਖ਼ਿਲਾਫ਼ ਰੂਸ ਨਾਲ ਸੰਧੀ ਕਰਨ ਲਈ ਰੂਸ ਗਿਆ ਸੀ। ਰੂਸ ਵਿਚ ਪ੍ਰਸਿੱਧ ਅੰਗਰੇਜ਼ ਵਿਦਵਾਨ ਰਸਲ ਨਾਲ, ਜੋ ਲੰਦਨ ਦੇ ਅਖ਼ਬਾਰ 'ਟਾਈਮਸ' ਦਾ ਪੱਤਰ-ਪ੍ਰੇਰਕ ਸੀ, ਅਜ਼ੀਮੁੱਲਾ ਖ਼ਾਂ ਦੀ ਮੁਲਾਕਾਤ ਹੋਈ। ਇਕ ਦਿਨ ਰਸਲ ਨਾਲ ਬੈਠ ਕੇ ਅਜ਼ੀਮੁੱਲਾ ਖ਼ਾਂ ਬੜੇ ਸ਼ੌਕ ਨਾਲ ਦਿਨ ਭਰ ਅੰਗਰੇਜ਼ਾਂ ਤੇ ਰੂਸੀਆਂ ਦੀ ਲੜਾਈ ਵੇਖਦਾ ਰਿਹਾ। ਰਸਲ ਨੇ ਲਿਖਿਆ ਹੈ ਕਿ ਰੂਸੀ ਤੋਪ ਦਾ ਇਕ ਗੋਲਾ ਅਜ਼ੀਮੁੱਲਾ ਖ਼ਾਂ ਦੇ ਠੀਕ ਪੈਰ ਦੇ ਕੋਲ ਆ ਕੇ ਫਟਿਆ, ਪਰ ਅਜ਼ੀਮੁੱਲਾ ਖ਼ਾਂ ਆਪਣੀ ਥਾਂ ਤੋਂ ਵਾਲ ਭਰ ਵੀ ਲਾਂਭੇ ਨਾ ਹਟਿਆ। ਪਤਾ ਨਹੀ ਰੂਸ ਤੋਂ ਬਾਅਦ ਅਜ਼ੀਮੁੱਲਾ ਖ਼ਾਂ ਹੋਰ ਕਿਥੇ ਕਿਥੇ ਗਿਆ। ਪਰ ਇਸ ਵਿਚ ਸੰਦੇਹ ਨਹੀਂ ਕਿ ਅਜ਼ੀਮੁੱਲਾ ਖ਼ਾਂ ਨੇ ਇਟਲੀ, ਰੂਸ, ਟਰਕੀ, ਮਿਸਰ ਆਦਿ ਦੇਸ਼ਾਂ ਦੀ ਹਮਦਰਦੀ ਆਪਣੇ ਭਵਿਖਤ ਸਵਾਧੀਨਤਾ ਯੁਧ ਲਈ ਹਾਸਿਲ ਕਰਨ ਦੀ ਕੋਸ਼ਿਸ਼ ਕੀਤੀ। ਲਾਰਡ ਰਾਬਰਟਸ ਨੇ ਆਪਣੀ ਪੁਸਤਕ 'ਫਾਰਟੀ ਈਯਰਸ ਇੰਨ ਇੰਡੀਆ' ਵਿਚ ਲਿਖਿਆ ਹੈ ਕਿ ਉਸ ਨੇ ਅਜ਼ੀਮੁੱਲਾ ਖ਼ਾਂ ਦੀਆਂ ਕਈ ਚਿੱਠੀਆਂ ਇਸ ਸਬੰਧ ਵਿਚ ਟਰਕੀ ਦੇ ਸੁਲਤਾਨ ਅਤੇ ਉਮਰਪਾਸ਼ਾ ਦੇ ਨਾਮ ਲਿਖੀਆਂ ਵੇਖੀਆਂ ਨੇ। ਇਹਨਾਂ ਚਿੱਠੀਆਂ ਵਿਚ ਭਾਰਤ ਦੇ ਅੰਦਰ ਅੰਗਰੇਜ਼ਾਂ ਦੇ ਅਤਿਆਚਾਰਾਂ ਦਾ ਜ਼ਿਕਰ ਹੈ।'

ਗੈਰੀਬਾਲਡੀ ਅਤੇ ਭਾਰਤੀ ਕ੍ਰਾਂਤੀ :

ਪੰਡਿਤ ਸੁੰਦਰ ਲਾਲ ਅੱਗੇ ਚਲ ਕੇ ਉਪਰਲੇ ਸਿਰਲੇਖ ਹੇਠ ਲਿਖਦੇ ਨੇ -ਇਹ ਪਤਾ ਨਹੀਂ ਕਿ ਅਜ਼ੀਮੁੱਲਾ ਖ਼ਾਂ ਨੂੰ ਆਪਣੇ ਇਨ੍ਹਾਂ ਜਤਨਾਂ ਵਿਚ ਕਿਥੋਂ ਤਕ ਸਫਲਤਾ ਹਾਸਿਲ ਹੋਈ, ਪਰ ਦੋ ਗੱਲਾਂ ਧਿਆਨ ਰੱਖਣ ਯੋਗ ਹਨ। ਇਕ ਇਹ ਕਿ ਕ੍ਰਾਂਤੀ ਦੇ ਦਿਨਾਂ ਵਿਚ ਭਾਰਤ ਦੇ ਅੰਦਰ ਇਹ ਇਕ ਆਮ ਅਫਵਾਹ ਸੀ ਕਿ ਨਾਨਾ ਸਾਹਿਬ ਨੇ ਅੰਗਰੇਜ਼ਾਂ ਦੇ ਖਿਲਾਫ ਰੂਸ ਦੇ ਜ਼ਾਰ ਨਾਲ ਕੁਝ ਸੰਧੀ ਕਰ ਲਈ ਹੈ। ਦੂਸਰੀ ਇਹ ਕਿ ਜਿਨ੍ਹਾਂ ਦਿਨਾਂ ਵਿਚ ਭਾਰਤ ਅੰਦਰ ਵਿਦਰੋਹ ਚਲ ਰਿਹਾ ਸੀ, ਉਨ੍ਹਾਂ ਦਿਨਾਂ ਵਿਚ ਇਟਲੀ ਦਾ ਪ੍ਰਸਿਧ ਦੇਸ਼ਭਗਤ ਸੈਨਾਪਤੀ ਗੈਰੀਬਾਲਡੀ, ਭਾਰਤ ਵਾਸੀਆਂ ਦੀ ਮਦਦ ਵਾਸਤੇ ਆਪਣੇ ਦੇਸ਼ ਵਿਚੋਂ ਫੌਜ ਅਤੇ ਸਾਮਾਨ ਲਿਆਉਣ ਦੀ ਤਿਆਰੀ ਕਰ ਰਿਹਾ ਸੀ। ਇਟਲੀ ਦੀਆਂ ਅੰਦਰਲੀਆਂ ਮੁਸ਼ਕਿਲਾਂ ਅਤੇ ਵਿਦਰੋਹਾਂ ਕਾਰਨ ਗੈਰੀਬਾਲਡੀ ਨੂੰ ਓਥੋਂ ਛੇਤੀ ਚਲਣ ਦਾ ਮੌਕਾ ਨਾ ਮਿਲ ਸਕਿਆ ਅਤੇ ਜਿਸ ਵੇਲੇ ਗੈਰੀਬਾਲਡੀ ਆਪਣੇ ਦੇਸ਼ ਦੇ ਜਹਾਜ਼ਾਂ ਵਿਚ ਫੌਜ ਅਤੇ ਸਾਮਾਨ ਚੜ੍ਹਾਕੇ ਭਾਰਤੀ ਕ੍ਰਾਂਤੀਕਾਰੀਆਂ ਦੀ ਮਦਦ ਲਈ ਇਟਲੀ ਤੋਂ ਚੱਲਣ ਨੂੰ ਤਿਆਰ ਹੋਇਆ ਉਸੇ ਵੇਲੇ ਉਹਨੂੰ ਪਤਾ ਲੱਗਾ ਕਿ ਭਾਰਤ ਦੀ ਕ੍ਰਾਂਤੀ ਸ਼ਾਂਤ ਹੋ ਚੁਕੀ ਹੈ। ਗੈਰੀ ਬਾਲਡੀ ਨੇ ਬੜੇ ਦੁਖ ਨਾਲ ਆਪਣੀ ਫੌਜ ਨੂੰ ਜਹਾਜ਼ਾਂ ਵਿਚੋਂ ਉਤਾਰ ਲਿਆ।'

ਗੁਰੂਦੇਵ ਰਵੀਂਦ੍ਰ ਨਾਥ ਟੈਗੋਰ ਦਾ ਜਨਮ ਸੰਨ ੧੮੬੧ ਦਾ ਹੈ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ ਗਮਨ ਸੰਨ ੧੮੭੨ ਵਿਚ ਹੋਇਆ। ਸੰਨ ੧੮੭੨ ਤੋਂ ਬਾਅਦ ਹੀ ਸੂਬਾ ਗੁਰਚਰਨ ਸਿੰਘ ਰੂਸ ਤੋਂ ਜ਼ਾਰ ਦੇ ਰਾਜ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਮੁੜਿਆ ਸੀ। ਇਨ੍ਹਾਂ ਦੋ ਤਿੰਨ ਦਹਾਕਿਆਂ ਵਿਚ ਭਾਰਤ ਦੀ ਅੰਗਰੇਜ਼ੀ ਸਰਕਾਰ ਉਪਰ ਰੂਸੀ ਹਮਲੇ ਦੀ ਅਫ਼ਵਾਹ ਲਗਾਤਾਰ ਗਰਮ ਰਹੀ।

ਰਵੀਂਦ੍ਰ ਨਾਥ ਟੈਗੋਰ ਏਸੇ ਛੇਵੇਂ ਸਤਵੇਂ ਦਹਾਕੇ ਦੇ ਆਪਣੇ ਬਾਲਪਨ ਦਾ ਇਕ ਪ੍ਰਸੰਗ ਸੁਣਾਉਂਦਿਆਂ ਰੂਸ ਬਾਰੇ ਲਿਖਦੇ ਨੇ- 'ਮੈਨੂੰ ਖੂਬ ਯਾਦ ਏ, ਸਾਡੇ ਬਚਪਨ ਵੇਲੇ ਇਕ ਸਮੇਂ ਅੰਗਰੇਜ਼ ਸਰਕਾਰ ਲਈ ਸਦੀਵੀ ਹਊਏ, ਰੂਸ ਵੱਲੋਂ ਭਾਰਤ ਉਤੇ ਹਮਲੇ ਦਾ ਖਤਰਾ ਆਮ ਲੋਕਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ। ਇਕ ਸ਼ੁਭਚਿੰਤਕ ਰਿਸ਼ਤੇਦਾਰ ਔਰਤ ਮੇਰੀ ਮਾਂ ਕੋਲ ਆਈ ਤੇ ਰੂਸ ਦੇ ਹਮਲੇ ਦੇ ਖਤਰੇ ਬਾਰੇ ਖੂਬ ਵਧਾ ਚੜ੍ਹਾ ਕੇ ਦੱਸ ਗਈ। ਪਿਤਾ ਜੀ ਓਦੋਂ ਪਹਾੜਾਂ ਉਪਰ ਗਏ ਹੋਏ ਸਨ। ਉਸ ਔਰਤ ਨੇ ਦੱਸਿਆ ਸੀ ਕਿ ਤਿੱਬਤ ਨੂੰ ਉਲੰਘਦਾ ਹੋਇਆ ਰੂਸ ਹਿਮਾਚਲ ਦੇ ਕਿਸੇ ਗਲਿਆਰੇ ਵਿਚੋਂ ਦੀ ਹੋ ਕੇ ਇਕ ਧੂਮਕੇਤੂ ਵਾਂਗ ਪਰਗਟ ਹੋ ਜਾਏਗਾ। ਸੁਣ ਕੇ ਮਾਂ ਦਾ ਦਿਲ ਬੇਹੱਦ ਪਰੇਸ਼ਾਨ ਹੋ ਉਠਿਆ। ਘਰ ਦੇ ਬਾਕੀ ਲੋਕਾਂ ਨੇ ਮਾਂ ਦੇ ਇਸ ਡਰ ਵਲ ਨਾ ਕੋਈ ਧਿਆਨ ਦਿੱਤਾ ਤੇ ਨਾ ਹੀ ਕੋਈ ਦਿਲਚਸਪੀ ਦਿਖਾਉਂਦਿਆਂ ਆਪ ਬੇਚੈਨ ਹੋਏ। ਸੋ ਮਾਂ ਨੇ ਵਡਿਆਂ ਦੀ ਸਹਾਇਤਾ ਵੱਲੋਂ ਨਿਰਾਸ਼ ਹੋ ਕੇ ਅੰਤ ਨੂੰ ਇਸ ਬਾਲਕ ਦਾ ਆਸਰਾ ਤੱਕਿਆ। ਮੈਨੂੰ ਆਖਣ ਲੱਗੀ, 'ਰੂਸੀਆਂ ਦੇ ਹਮਲੇ ਬਾਰੇ ਦੱਸ ਕੇ ਆਪਣੇ ਪਿਤਾ ਨੂੰ ਚਿੱਠੀ ਲਿਖ।' ਮਾਤਾ ਦੀ ਬੇਚੈਨੀ ਨੂੰ ਪਿਤਾ ਤਕ ਪੁਚਾਉਂਦੀ ਉਹ ਚਿੱਠੀ ਮੇਰੀ ਉਮਰ ਦੀ ਪਹਿਲੀ ਚਿੱਠੀ ਸੀ। ਚਿੱਠੀ ਕਿਵੇਂ ਲਿਖੀਦੀ ਹੈ, ਕੀ ਕੀ ਕਰਨਾ ਪੈਂਦਾ ਹੈ-ਮੈਂ ਇਸ ਬਾਰੇ ਕੁਝ ਵੀ ਨਹੀਂ ਸਾਂ ਜਾਣਦਾ। ਸੋ ਦਫਤਰ ਖਾਨੇ ਦੇ ਮੁਨਸ਼ੀ ਮਹਾਨੰਦ ਦੀ ਸ਼ਰਨ ਲਈ। ਇਸ ਵਿਚ ਕੋਈ ਸ਼ਕ ਨਹੀਂ ਕਿ ਚਿੱਠੀ ਜ਼ਰੂਰਤ ਅਨੁਸਾਰ ਬਣ ਗਈ ਸੀ। ਉਸ ਚਿੱਠੀ ਦਾ ਜਵਾਬ ਮੈਨੂੰ ਮਿਲ ਗਿਆ ਸੀ। ਪਿਤਾ ਜੀ ਨੇ ਲਿਖਿਆ ਸੀ, 'ਡਰਨ ਵਾਲੀ ਕੋਈ ਗੱਲ ਨਹੀਂ, ਰੂਸ ਨੂੰ ਮੈਂ ਆਪੇ ਭਜਾ ਦਿਆਂਗਾ। ਇਸ ਪ੍ਰਬਲ ਧਰਵਾਸ ਬਾਣੀ ਨਾਲ ਵੀ ਮਾਤਾ ਦਾ ਰੂਸ ਬਾਰੇ ਡਰ ਹਟਿਆ ਨਹੀਂ ਸੀ ਜਾਪਦਾ।'

ਅਤੇ ਵੀਹਵੀਂ ਸਦੀ ਵਿਚ ਜਦੋਂ ਮੈਂ ਛੋਟਾ ਜਿਹਾ ਸਾਂ- ਸਾਡੇ ਘਰਾਂ ਵਿਚ ਵੀ ਰੂਸ ਬਾਰੇ ਖੂਬ ਚਰਚਾ ਰਹਿੰਦੀ ਸੀ। ਸਤਿਗੁਰੂ ਰਾਮ ਸਿੰਘ ਜੀ ਵੱਲੋਂ ਰੂਸ ਕੋਲੋਂ ਫੌਜੀ ਸਹਾਇਤਾ ਮੰਗਣ ਦਾ ਪ੍ਰਸੰਗ ਸਿੱਧੇ ਪਾਸਿਓਂ ਉਲਟ ਕੇ ਪੁਠੇ ਪਾਸਿਓਂ ਪਰਚਾਰਤ ਹੋ ਰਿਹਾ ਸੀ। ਉਸ ਪਰਸੰਗ ਅਨੁਸਾਰ ਰੂਸ ਕਿਸੇ ਦਾਨਵੀ ਸ਼ਕਤੀ ਵਰਗੀ ਕੋਈ ਚੀਜ਼ ਸੀ। ਉਹ ਰੂਸ ਆਏਗਾ, ਬੜੀ ਤਬਾਹੀ ਮੱਚੇਗੀ। ਓਦੋਂ ਹੀ ਸਤਿਗੁਰੂ ਰਾਮ ਸਿੰਘ ਜੀ ਆਉਣਗੇ। 'ਰਵਾਲ' ਨਾਮ ਦਾ ਨਾਗ ਆਪਣੀ ਕਰੋੜਾਂ ਨਾਗਾਂ ਦੀ ਸੈਨਾ ਨਾਲ ਸਤਿਗੁਰੂ ਰਾਮ ਸਿੰਘ ਜੀ ਦੀ ਸਹਾਇਤਾ ਕਰੇਗਾ ਤੇ ਰੂਸ ਦੇ ਮੱਥੇ ਵਿਚ ਡੰਗ ਮਾਰਕੇ ਉਸਨੂੰ ਖਤਮ ਕਰ ਦਏਗਾ। ਸਤਿਗੁਰੂ ਰਾਮ ਸਿੰਘ ਜੀ

ਆਪਣੇ ਹੱਥੀਂ ਭੈਣੀ ਸਾਹਿਬ ਵਿਚ ਲਗਾਏ ਬਿਰਛਾਂ ਦੇ ਮੁਢਾਂ ਤੋਂ ਭੈਣੀ ਸਾਹਿਬ ਨੂੰ ਪਛਾਨਣਗੇ।

ਇਹ ਪਰਸੰਗ ਮੇਰੀ ਇਕ ਭੈਣ ਆਂਢ ਗੁਆਂਢ ਨੂੰ ਸੁਣਾਇਆ ਕਰਦੀ ਸੀ- ਤੇ ਅਸੀਂ ਨਿਕੇ ਨਿਕੇ ਬਾਲਕ ਵੀ ਸੁਣ ਕੇ ਰੋਮਾਂਚਿਤ ਹੋ ਜਾਇਆ ਕਰਦੇ ਸਾਂ।

ਇਹੋ ਜਿਹੇ ਪ੍ਰਸੰਗ ਵਖ ਵਖ ਰੂਪਾਂ ਵਿਚ ਆਮ ਪ੍ਰਚਲਤ ਸਨ- ਜਿਸ ਨਾਲ ਇਕ ਦਹਿਸ਼ਤ ਦਾ ਮਾਹੌਲ ਬਣਦਾ ਸੀ। ਸਾਡੀ ਪੁਰਾਣੀ ਪੀੜ੍ਹੀ ਪੂਰੀ ਤਰ੍ਹਾਂ ਇਹੋ ਜਹੇ ਪਰਸੰਗਾਂ ਦੇ ਅਸਰ ਹੇਠ ਜਿਊ ਰਹੀ ਸੀ।

ਇਕ ਹੋਰ ਕਵਿਤਾ ਜਿਹੀ ਸੁਨਣ ਵਿਚ ਆਉਂਦੀ ਸੀ-

ਜਦ ਰੂਸ ਪੰਜਾਬੇ ਆਵੇ।
ਰੁਪਈਏ ਸੇਰ ਅੰਨ ਵਿਕਾਵੇ।'

ਉਹਨਾਂ ਦਿਨਾਂ ਵਿਚ ਇਕ ਰੁਪਏ ਦੀ ਅਠਾਰਾਂ ਵੀਹ ਸੇਰ ਕਣਕ ਮਿਲਦੀ ਸੀ। ਰੁਪਈਏ ਸੇਰ ਅੰਨ ਦੀ ਗੱਲ ਸੁਣ ਕੇ ਡਰ ਲਗਦਾ ਸੀ। ਰੂਸ ਤੇ ਆਇਆ ਨਾ-ਪਰ ਅੰਨ ਅਤੇ ਚੌਲ ਤੇ ਛੋਲੇ ਅਠਾਰਾਂ ਵੀਹ ਰੁਪਏ ਸੇਰ ਤਕ ਹੋ ਗਏ ਨੇ। ਜ਼ਾਹਿਰ ਹੈ ਕਿ ਇਹੋ ਜਿਹੀਆਂ ਭਵਿਖ ਬਾਣੀਆਂ ਦਾ ਆਧਾਰ ਮਨੁੱਖੀ ਅੰਦਾਜ਼ੇ ਦੀ ਕਲਪਨਾ ਹੀ ਰਹੀ ਹੈ ਤੇ ਉਸਦੀ ਵੀ ਸੀਮਾ ਓਦੋਂ ਦੇ ਹਾਲਾਤ ਦੀ ਸੀਮਾ ਤਕ ਹੀ ਸੀ।

ਪਰ ਨਵੀਂ ਨੌਜਵਾਨ ਪੀੜ੍ਹੀ ਦੀ ਸੋਚ ਇਹੋ ਜਿਹੇ ਪਰਸੰਗਾਂ ਦੇ ਮੇਚ ਨਹੀਂ ਸੀ ਬੈਠ ਰਹੀ।

ਕੱਚੀ ਇਟ-ਪੱਕੀ ਇਟ :

ਹੁਣ ਜਿਸ ਦਿਨ ਭੈਣੀ ਸਾਹਿਬ ਗਿਆ ਸਾਂ-ਸੁਖਜੀਤ ਫਿਰ ਇਕ ਵਾਰੀ ਆਪਣੇ ਰੁਝੇਵੇਂ ਵਿਚੋਂ ਕੁਝ ਸਮਾਂ ਕੱਢ ਕੇ ਮੈਨੂੰ ਮਿਲਣ ਆ ਗਿਆ। ਮੈਂ ਸਹਿਜ ਭਾ ਨਾਲ ਹੀ ਆਖਿਆ ਕਿ 'ਹੁਣ ਤਾਂ ਬੜੇ ਜ਼ੋਰ ਸ਼ੋਰ ਨਾਲ ਪੱਕੀਆਂ ਇਮਾਰਤਾਂ ਬਣ ਰਹੀਆਂ ਨੇ।'

ਸੁਖਜੀਤ ਨੇ ਤੁਰੰਤ ਹੀ ਪੁਛ ਲਿਆ-ਇਹ ਕੱਚੀ ਇਟ ਦਾ ਹੁਕਮ ਪੱਕੀ ਇਟ ਵਿਚ ਬਦਲ ਜਾਣ ਦਾ ਸਿਲਸਿਲਾ ਕਿਵੇਂ ਬਣ ਗਿਆ?'

ਮੈਂ ਵੀ ਸੁਭਾਵਕ ਹੀ ਜਵਾਬ ਦੇ ਦਿਤਾ-'ਹੁਕਮ ਕਿਹਾ?' ਹਰ ਸਮੇਂ ਦੀ

ਸਤਿਗੁਰੂ ਪ੍ਰਤਾਪ ਸਿੰਘ ਜੀ ਫੁਰਮਾਉਂਦੇ ਹਨ-

ਇੱਥੇ ਭਾਈ ਕਾਲਾ ਸਿੰਘ ਜੀ- ਇੱਕ ਸਾਡੇ ਮਹਾਤਮਾ ਹੋਏ ਹਨ- ਜਿਹਨਾਂ ਨੂੰ ਅਸੀਂ ਨਾਮਧਾਰੀਆਂ ਵਿੱਚ ਦੂਸਰੇ ਕਵੀ ਕਹਿ ਸਕਦੇ ਹਾਂ। ਪਹਿਲੇ ਚੰਦਾ ਸਿੰਘ ਜੀ ਸਨ- ਇੱਕ, ਜਿਹਨਾਂ ਦੇ ਨੇਤਰ ਨਹੀਂ ਸਨ, ਉਹਨਾਂ ਨੇ ਆਪਣਾ ਹਾਲ ਇਸ ਤਰ੍ਹਾਂ ਦੱਸਿਆ :

ਚੰਦਾ ਸਿੰਘ ਸੂਰਮਾ ਰਹੇ ਸਹਾਰਨ
ਦੀਵਾਨ ਸਿੰਘ ਦੇ ਪਾਸ।

ਜਨਮ ਉਹਨਾਂ ਦਾ ਝਬਰਾਂ ਦਾ ਸੀ-ਜ਼ਿਲ੍ਹੇ ਸ਼ੇਖੂਪੁਰੇ ਦਾ। ਉਹਨਾਂ ਨੇ ਪਹਿਲਾਂ ਬਾਰਾਂ ਮਾਂਹ ਸਤਿਗੁਰਾਂ ਦਾ ਬਣਾਇਆ, ਜਿਸ ਤਰ੍ਹਾਂ ਸਤਿਗੁਰਾਂ ਨੇ ਪੰਥ ਚਲਾਇਆ, ਜਿਸ ਤਰ੍ਹਾਂ ਖੇਡ ਵਰਤੀ-ਸਾਰੀ, ਜੋ ਕੁਝ ਹੋਇਆ ਔਰ ਜਿਹੜੀ ਅੱਗੇ ਨੂੰ ਹੋਣ ਵਾਲੀ ਗੱਲ ਹੈ। ਇਹ ਤੁੱਕਾਂ ਜਿਹੜੀਆਂ ਹਨ-ਕਈ ਲੋਕ ਖਿਆਲ ਕਰਦੇ ਹਨ-ਬਈ ਸੌ ਸਾਖੀ ਵਿੱਚ ਲਿਖਿਆ ਹੈ, "ਰੂਸ ਪੰਜਾਬੈ ਆਵੈ" -ਇਹ ਸੌ ਸਾਖੀ ਦੀਆਂ ਤੁੱਕਾਂ ਨਹੀਂ, ਇਹ ਉਹਨਾਂ ਸੰਤਾਂ (ਚੰਦਾ ਸਿੰਘ) ਦੀਆਂ ਤੁੱਕਾਂ ਹਨ:

ਜਦ ਰੂਸ ਪੰਜਾਬੇ ਆਵੈ,
ਪਵੇ ਕਾਲ ਮੁਲਖ ਰੁਲ ਜਾਵੈ,
ਦੁਨੀਆਂ ਮਰੇ ਅੰਨ ਕੇ ਹਾਵੈ

(ਲਾਲ ਏਹਿ ਰਤਨ, ਪੰਨਾ ੨੧)

ਆਪਣੀ ਪਰਸਥਿਤੀ ਹੁੰਦੀ ਏ। ਬਹੁਤ ਘਟ ਲੋਕ ਨੇ ਜਿਹੜੇ 'ਯਥਾ ਸਥਿਤੀ' ਵਿਚੋਂ ਨਿਕਲਣ ਲਈ ਰਾਜ਼ੀ ਹੁੰਦੇ ਨੇ।' ਸੁਖਜੀਤ ਨੂੰ ਤਾਂ ਸੁਨੇਹਾ ਆ ਗਿਆ ਤੇ ਉਹ ਚਲਾ ਗਿਆ ਪਰ ਮੇਰੇ ਮਨ ਵਿਚ ਉਹਦਾ ਸਵਾਲ ਬਰਾਬਰ ਖੜਾ ਰਿਹਾ, ਕੱਚੀ ਇਟ! ਕਿਹੜੇ ਹੁਕਮ ਨਾਮੇ ਵਿਚ ਲਿਖਿਆ ਹੈ ਕਿ ਪੱਕੀ ਇਟ ਨਹੀਂ ਲਗਾਉਣੀ! ਤੇ ਕਿਉਂ ਨਹੀਂ ਲਗਾਉਣੀ?

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਤੋਂ ਬਾਅਦ ਨਾਮਧਾਰੀਆਂ ਨੂੰ ਬਹੁਤ ਵਡੀ ਨਿਰਾਸਤਾ ਦਾ ਸਾਹਮਣਾ ਕਰਨਾ ਪਿਆ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਵਾਪਸ ਪਰਤਣ ਦੇ ਸਾਰੇ ਆਸਾਰ ਇਕ ਇਕ ਕਰਕੇ ਧੁੰਧਲੇ ਹੁੰਦੇ ਜਾ ਰਹੇ ਸਨ। ਨਾਮਧਾਰੀਆਂ ਵਿਚ ਇਹ ਮੰਨਿਆ ਜਾਂਦਾ ਸੀ ਕਿ ਹਿੰਦੁਸਤਾਨ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਆਣ ਕੇ ਆਜ਼ਾਦ ਕਰਵਾਉਣਾ ਹੈ। ਪਰ ਉਹ ਆ ਨਹੀ ਸਨ ਰਹੇ, ਇਸ ਲਈ ਨਿਰਾਸ਼ ਮਨਾਂ ਨੂੰ ਅਫਵਾਹਾਂ ਦਾ ਸਹਾਰਾ ਮਿਲ ਜਾਂਦਾ ਸੀ।

ਵਿਸ਼ਵਾਸ ਦਾ ਇਕ ਆਧਾਰ ਪਰਤੱਖ ਪਦਾਰਥਕ ਹਕੀਕਤਾਂ ਹੁੰਦੀਆਂ ਨੇ ਅਤੇ ਇਕ ਆਧਾਰ ਸ਼ਰਧਾ ਭਾਵਨਾ। ਸ਼ਰਧਾ ਭਾਵਨਾ ਪਦਾਰਥਕ ਘੇਰੇ ਤੋਂ ਬਾਹਰ ਦੀ ਵੀ ਹੋ ਸਕਦੀ ਹੈ ਅਤੇ ਪਦਾਰਥਕ ਘੇਰੇ ਦੇ ਅੰਦਰ ਦੀ ਵੀ। ਪਦਾਰਥਕ ਪਰੀਵਰਤਨ ਆਪਣੇ ਕੁਦਰਤੀ ਨੇਮਾਂ ਅਨੁਸਾਰ ਹੁੰਦੇ ਨੇ- ਇਹਨਾਂ ਪਰੀਵਰਤਨਾਂ ਵਿਚ ਗੁਲਾਮੀ ਵੀ ਸ਼ਾਮਿਲ ਹੈ ਅਤੇ ਆਜ਼ਾਦੀ ਵੀ। ਇਹਨਾਂ ਪਰੀਵਰਤਨਾਂ ਦੇ ਆਪਣੇ ਆਪਣੇ ਕਾਰਨ ਹੁੰਦੇ ਨੇ ਅਤੇ ਆਪਣੇ ਆਪਣੇ ਨਿਮਿੱਤ।

ਸਤਿਗੁਰੂ ਰਾਮ ਸਿੰਘ ਜੀ ਦੇ ਵਾਪਸ ਪਰਤਨ ਦੀ ਆਸ ਸਦੀਵ ਕਾਲੀ ਹੋ ਸਕਦੀ ਹੈ। ਸ਼ਰਧਾ ਕਾਰਨ ਉਡੀਕ ਵੀ ਸੁਭਾਵਿਕ ਹੀ ਹੈ। ਇਹ ਹਰ ਕਿਸੇ ਦੀ ਆਪਣੀ ਵਿਅਕਤੀਗਤ ਭਾਵਨਾ ਦੀ ਗੱਲ ਹੈ।

ਹਾਂ, ਸਤਿਗੁਰੂ ਰਾਮ ਸਿੰਘ ਜੀ ਦੇ ਆਉਣ ਸੰਬੰਧੀ ਵਾਕ ਨਾਲ, ਇਕ ਵਾਕ ਹੋਰ ਵੀ ਸਾਡੇ ਕੰਨੀ ਪੈਂਦਾ ਰਿਹਾ ਹੈ,

ਉਸ ਵਾਕ ਨੂੰ- ਆਜ਼ਾਦੀ ਪ੍ਰਾਪਤੀ ਤੋਂ ਬਾਅਦ ਸਾਰੇ ਪਦਾਰਥਕ ਹਾਲਾਤ ਬਦਲ ਜਾਣ ਕਰਕੇ-ਬਹੁਤੇ ਲੋਕ ਵਿਸਰ ਗਏ ਲਗਦੇ ਨੇ। ਉਹ ਦੂਜਾ ਵਾਕ ਸੀ ......*"ਮੈਂ ਘਰ ਘਰ ਰਾਮ ਸਿੰਘ ਪੈਦਾ ਕਰ ਦਿਆਂਗਾ।"*

ਇਹ ਆਖਣਾ ਤੇ ਸਮਝਣਾ ਏਨਾ ਸੌਖਾ ਨਹੀਂ ਕਿ "ਘਰ ਘਰ ਰਾਮ ਸਿੰਘ" ਦਾ ਅਰਥ ਠੀਕ ਓਸੇ ਸਰੂਪ ਵਿਚ ਪਰਗਟ ਹੋਣਾ ਹੀ ਸੀ, ਜਿਸ ਸਰੂਪ ਵਿਚ ਪਰਦੇਸ ਗਏ ਸਨ। ਏਥੇ ਗੱਲ ਭਾਵਨਾ ਦੀ ਹੈ। ਇਸ ਭਾਵਨਾ ਦਾ ਸੰਬੰਧ ਦੇਸ਼ ਦੀ ਆਜ਼ਾਦੀ ਨਾਲ ਸੀ। ਭਾਵਨਾ ਇਹ ਬਣੀ ਹੋਈ ਸੀ ਕਿ ਆਜ਼ਾਦੀ ਤਦ ਹੀ ਆਏਗੀ ਜੇ ਕਰ ਸਤਿਗੁਰੂ ਰਾਮ ਸਿੰਘ ਜੀ ਆਉਣਗੇ। ਪਰ ਹਰੇਕ ਘਰ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਪਰਤੱਖ ਮੂਰਤਿ ਦੀ ਕ਼ਲਪਨਾ ਕਿਵੇਂ ਕੀਤੀ ਜਾਵੇ? ਘਰ ਘਰ ਰਾਮ ਸਿੰਘ ਦਾ ਅਰਥ ਏਥੇ ਏਹੋ ਹੀ ਸੀ ਕਿ ਆਜ਼ਾਦੀ ਲਈ ਜੂਝਣ ਵਾਲ ਸੂਰਮੇ ਘਰ ਘਰ ਵਿਚ ਪੈਦਾ ਹੋ ਜਾਣਗੇ ਤੇ ਅੰਗਰੇਜ਼ਾਂ ਨੂੰ ਦੇਸ ਵਿਚੋਂ ਕੱਢ ਦੇਣਗੇ।

ਅਤੇ ਸਮੇ ਨੇ ਇਹ ਸਿੱਧ ਵੀ ਕੀਤਾ ਹੈ ਕਿ ਏਸੇ ਤਰ੍ਹਾਂ ਹੀ ਹੋਇਆ ਵੀ ਹੈ। ਜਿਨ੍ਹਾਂ ਦੀ ਭਾਵਨਾ ਸੱਚੀ ਹੈ ਉਹ ਪੂਰੇ ਵਿਸ਼ਵਾਸ ਨਾਲ ਆਖ ਸਕਦੇ ਨੇ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਏਸੇ ਤਰ੍ਹਾਂ ਦੇ ਯੋਗਦਾਨ ਨਾਲ ਹੀ ਹਿੰਦੁਸਤਾਨ ਆਜ਼ਾਦ ਹੋਇਆ ਹੈ।

ਇਸ ਵੇਲੇ ਇਹੋ ਜਿਹਾ ਕੋਈ ਵਿਅਕਤੀ ਸ਼ਾਇਦ ਹੀ ਬਚਿਆ ਹੋਇਆ ਹੋਵੇ-ਜਿਸ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਉਸ ਸਮੇ ਦੇ ਸਰੂਪ ਵਿਚ ਓਦੋਂ ਦਰਸ਼ਨ ਕੀਤੇ ਹੋਣ। ਅੱਜ ਜਿਨ੍ਹਾਂ ਦੀ ਕਲਪਨਾ ਵਿਚ ਉਨ੍ਹਾਂ ਦਾ ਜਿਹੋ ਜਿਹਾ ਸਰੂਪ ਹੈ ਉਹ ਓਸੇ ਸਰੂਪ ਵਿਚ ਆਪਣੇ ਅੰਦਰੋਂ ਓਸੇ ਸਰੂਪ ਨੂੰ ਸੱਚ ਮੰਨਦੇ ਹਨ। ਜਿਹੜਾ ਹੁਕਮ, ਉਹਨਾਂ ਨੇ ਸਤਿਗੁਰੂ ਹਰੀ ਸਿੰਘ ਜੀ ਬਾਰੇ ਕੀਤਾ ਦੱਸਿਆ ਜਾਂਦਾ ਰਿਹਾ ਹੈ-ਕਿ ਇਹਨਾਂ ਨੂੰ ਮੇਰਾ ਹੀ ਰੂਪ ਜਾਣਨਾ। ਉਹ ਸਤਿਗੁਰੂ ਹਰੀ ਸਿੰਘ ਜੀ ਵਿਚੋਂ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰ ਲੈਂਦੇ ਰਹੇ ਨੇ। ਅਤੇ ਬਹੁਤ ਸਾਰੇ ਇਹੋ ਜਿਹੇ ਵੀ ਨੇ-ਜਿਨ੍ਹਾਂ ਨੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਰੂਪ ਹੀ ਮੰਨ ਕੇ ਉਨ੍ਹਾਂ ਦੇ ਨਾਮ ਨਾਲ ਉਹ ਸਾਰੇ ਵਿਸ਼ੇਸ਼ਨ ਜੋੜ ਕੇ ਉਨ੍ਹਾਂ ਦੇ ਪ੍ਰਤੀ ਸ਼ਰਧਾ ਭਾਵਨਾ ਜਤਾਈ ਹੈ- ਜਿਹੜੇ ਵਿਸ਼ੇਸ਼ਨ ਪਹਿਲਾਂ ਕੇਵਲ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਨਾਲ ਹੀ ਜੁੜਦੇ ਸਨ- ਜਿਵੇਂ ਕਿ 'ਸੱਚੇ ਪਾਤਸ਼ਾਹ', 'ਅਕਾਲ ਪੁਰਖ', ਆਦਿ। ਅਤੇ ਫਿਰ ਇਹੋ ਜਿਹੇ ਸ਼ਰਧਾਲੂਆਂ ਦੀ ਵੀ ਕੋਈ ਕਮੀ ਨਹੀਂ ਜਿਹੜੇ ਵਰਤਮਾਨ ਸਤਿਗੁਰੂ -ਜਗਜੀਤ ਸਿੰਘ ਜੀ ਦੇ ਨਾਮ ਨਾਲ ਵੀ ਉਹ ਸਾਰੇ ਵਿਸ਼ੇਸ਼ਨ ਲਗਾ ਕੇ ਉਹਨਾਂ ਦੇ ਪ੍ਰਤੀ ਆਪਣੀ ਸ਼ਰਧਾ ਭਾਵਨਾ ਨੂੰ ਵਿਅਕਤ ਕਰਦੇ ਹਨ ਜਿਹੜੇ ਵਿਸ਼ੇਸ਼ਨ ਕੇਵਲ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਨਾਲ ਹੀ ਜੁੜਦੇ ਸਨ। ਕੋਈ ਸ਼ਬਦ ਐਵੇਂ ਬੇਮਤਲਬ ਹੀ ਨਹੀਂ ਹੁੰਦਾ। ਹਰ ਸ਼ਬਦ ਦਾ ਗੁਣ, ਧਰਮ ਤੇ ਸੁਭਾਵ ਹੁੰਦਾ ਹੈ- ਜੋ ਬੋਲਿਆ ਜਾਂਦਾ ਹੈ। 'ਸੱਚੇ ਪਾਤਸ਼ਾਹ' ਅਤੇ 'ਅਕਾਲ ਪੁਰਖ' ਸ਼ਬਦ ਵੀ ਐਸੇ ਹੀ ਹਨ ਜੋ ਬੇਮਤਲਬ ਨਹੀਂ।

ਗੱਲ ਭਾਵਨਾ ਦੀ ਹੀ ਹੈ। ਭੇਦ ਸਰੀਰਾਂ ਦਾ ਹੁੰਦਾ ਹੈ- ਜੋਤ ਦਾ ਨਹੀਂ। ਜਿਸ ਕਿਸੇ ਦੀ ਜਿਸ ਦੇਹ ਦੇ ਪ੍ਰਤੀ ਭਾਵਨਾ ਹੋਵੇ, ਉਸ ਨੂੰ ਓਸੇ ਦੇਹ ਵਿਚੋਂ ਹੀ ਜੋਤ ਦੇ ਦਰਸ਼ਨ ਹੋ ਜਾਂਦੇ ਨੇ। ਜਿਨ੍ਹਾਂ ਦੀ ਭਾਵਨਾ ਨਹੀਂ ਹੁੰਦੀ ਉਹਨਾਂ ਨੂੰ ਕਿਸੇ ਵੀ ਦੇਹ ਵਿਚੋਂ ਜੋਤ ਦੇ ਦਰਸ਼ਨ ਨਹੀਂ ਹੁੰਦੇ।

ਗੱਲ ਦ੍ਰਿਸ਼ਟੀ ਦੀ ਵੀ ਹੈ- ਉਹ ਜਿਸ ਦੀ ਜਿਹੋ ਜਿਹੀ ਹੋਵੇਗੀ, ਜਿੰਨੀ ਸਾਫ ਹੋਵੇਗੀ-ਓਨੇ ਹੀ ਜੋਤ ਦੇ ਦਰਸ਼ਨ ਪਰਤੱਖ ਹੋਣਗੇ।

ਸ੍ਰ. ਸੋਭਾ ਸਿੰਘ ਜੀ-ਭੈਣੀ ਸਾਹਿਬ ਵਿਚ

ਮੈਂ ਜਦੋਂ ੧੯੬੧ ਜਾਂ ੬੨ ਵਿਚ ਮਹੀਨਾ ਭਰ ਭੈਣੀ ਸਾਹਿਬ ਰਿਹਾ ਸਾਂ-ਅੱਸੂ ਦੇ ਮੇਲੇ ਦਾ ਪਰਯੋਗ ਚਲ ਰਿਹਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਮਹੀਨਾ ਭਰ ਦਰਸ਼ਨ ਕਰਦਾ ਰਿਹਾ ਸਾਂ। ਕਥਾ-ਕੀਰਤਨ, ਨਾਮ ਜਪ ਦਾ ਪ੍ਰਵਾਹ ਚਲਦਾ ਰਹਿੰਦਾ ਸੀ। ਉਨ੍ਹਾਂ ਦਿਨਾਂ ਵਿਚ ਹੀ ਸ੍ਰ: ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਸਪੁੱਤਰ ਨਵਤੇਜ ਸਿੰਘ ਵੀ ਭੈਣੀ ਸਾਹਿਬ ਆਏ, ਪਰਸਿੱਧ ਕਵੀ ਤਾਰਾ ਸਿੰਘ ਕਾਮਲ ਵੀ ਆਏ। ਲੇਖਕ ਧਰਮ ਦੀ ਸਾਂਝ ਦਾ ਤਕਾਜ਼ਾ ਸੀ ਕਿ ਮੈਨੂੰ ਵੀ ਉਹ ਮਿਲਦੇ ਹੀ। ਦੋਹਾਂ ਦੀ ਨਾਮਧਾਰੀਆਂ ਬਾਰੇ ਜਿਗਿਆਸਾ ਪਰਤੱਖ ਸੀ। ਨਵਤੇਜ ਨਾਲ ਕਈ ਘੰਟੇ ਗੱਲਬਾਤ ਹੁੰਦੀ ਰਹੀ- ਪਰ ਮੈਂ ਕਿਸੇ ਕਿਸੇ ਨੁਕਤੇ ਉਪਰ ਆਣਕੇ ਆਪਣੇ ਆਪ ਨੂੰ ਖਾਮੋਸ਼ੀ ਧਾਰਨ ਲਈ ਮਜਬੂਰ ਸਮਝਦਾ। ਤਾਰਾ ਸਿੰਘ ਕਾਮਲ ਆਪਣੀ ਇਕ ਪੁਸਤਕ ਛਾਪਣ ਲਈ ਸਤਿਗੁਰਾਂ ਕੋਲੋਂ ਰਕਮ ਲੈ ਕੇ ਚਲੇ ਗਏ ਪਰ ਨਵਤੇਜ ਕਈ ਸਵਾਲ ਮੇਰੇ ਸਾਹਮਣੇ ਖੜੇ ਕਰ ਗਏ।

ਮੇਲੇ ਦੇ ਆਖਰੀ ਦਿਨਾਂ ਵਿਚ ਸ੍ਰ: ਸੋਭਾ ਸਿੰਘ ਆਰਟਿਸਟ ਵੀ ਆਪਣੇ ਅੰਦਰੇਟੇ ਦੇ ਇਕ ਮਿੱਤਰ- ਨਾਲ ਆਣ ਪਹੁੰਚੇ। ਸਤਿਗੁਰੂ ਜੀ ਇਕ ਦਿਨ ਅਚਾਨਕ ਹੀ ਅੰਦਰੇਟੇ (ਹਿਮਾਚਲ ਪ੍ਰਦੇਸ਼ ਵਿਚ ਪਾਲਮ ਪੁਰ ਤੋਂ ਅੱਠ ਕੁ ਮੀਲ ਅੰਦਰ ਸੋਭਾ ਸਿੰਘ ਜੀ ਦਾ ਨਿਵਾਸ ਸਥਾਨ) ਪਹੁੰਚੇ ਸਨ। ਮੈਂ ਓਹਨਾਂ ਦਿਨਾਂ ਵਿਚ ਅੰਦਰੇਟੇ ਹੀ ਰਹਿੰਦਾ ਸਾਂ ਤੇ ਓਥੇ ਹੀ ਸੋਭਾ ਸਿੰਘ ਜੀ ਨੇ ਮੈਨੂੰ ਇਕ ਦੁਕਾਨ-ਮਕਾਨ ਕਿਰਾਏ ਤੇ ਲੈ ਦਿਤੇ ਹੋਏ ਸਨ-ਜਿਨ੍ਹਾਂ ਵਿਚ ਹੋਮਿਓਪੈਥਿਕ ਡਿਸਪੈਂਸਰੀ ਚਲਾ ਰਿਹਾ ਸਾਂ।

ਸਤਿਗੁਰੂ ਜੀ ਅੰਦਰੇਟੇ ਆਏ। ਹੁਕਮ ਹੋਇਆ ਕਿ ਸਾਮਾਨ ਬੰਨ੍ਹ ਕੇ ਜੀਪ ਵਿਚ ਰੱਖੋ ਤੇ ਸਾਡੇ ਨਾਲ ਭੈਣੀ ਸਾਹਿਬ ਚੱਲੋ। ਉਹਨਾਂ ਦਿਨਾਂ ਵਿਚ ਅੰਤਾਂ ਦਾ ਮੀਂਹ ਪੈ ਰਿਹਾ ਸੀ-ਰਸਤੇ ਸਭ ਰੁਕੇ ਹੋਏ ਸਨ। ਰੋਜ਼ ਆਉਣ ਵਾਲੀ ਬੱਸ ਵੀ ਨਹੀਂ ਸੀ ਆ ਰਹੀ। ਸਗਿਰੂ ਜੀ ਆਪਣੀ ਸ਼ਿਵਰਲੈਟ ਗੱਡੀ ਪਾਲਮਪੁਰ ਹੀ ਕਿਸੇ ਦੇ ਘਰ ਛਡ ਕੇ ਉਨ੍ਹਾਂ ਦੀ ਜੀਪ ਲੈ ਕੇ ਆ ਗਏ ਸਨ। ਏਨਾ ਕਠਿਨ ਸਫਰ ਕਰ ਕੇ ਆਇਆਂ ਵੇਖ ਮੇਰਾ ਤਨ ਮਨ ਪੰਘਰ ਗਿਆ। ਨਾਂਹ ਕਿਵੇਂ ਕਰਦਾ? ਇਕਰਾਰ ਕਰ ਲਿਆ ਕਿ ਦੋ ਚਾਰ ਦਿਨਾਂ ਤਕ ਪੁਜ ਜਾਵਾਂਗੇ। ਸਾਮਾਨ ਸਮੇਟਨਾ ਪਵੇਗਾ-ਸਮਾਂ ਲਗੇਗਾ।

ਸਤਿਗੁਰੂ ਜੀ ਸੋਭਾ ਸਿੰਘ ਜੀ ਨੂੰ ਵੀ ਮੇਲੇ ਤੇ ਪਹੁੰਚਣ ਦਾ ਸੱਦਾ ਦੇ ਆਏ ਸਨ।

ਸੋਭਾ ਸਿੰਘ ਜੀ ਭੈਣੀ ਸਾਹਿਬ ਆ ਗਏ। ਇਕ ਬਿਰਛ ਹੇਠ ਬੜ੍ਹੇ ਉਪਰ ਬੈਠੇ ਸਨ ਕਿ ਮੈਨੂੰ ਕਿਸੇ ਨੇ ਖ਼ਬਰ ਦਿੱਤੀ। ਮੈਂ ਮਿਲ ਕੇ ਸਤਿਗੁਰਾਂ ਕੋਲ ਗਿਆ। ਇਹਨਾਂ ਦੇ ਡੇਰੇ ਬਾਰੇ ਪੁੱਛਿਆ। ਤੰਬੂ ਵਿਚ ਤਾਂ ਡੇਰਾ ਲਗਵਾਣਾ ਚੰਗਾ ਨਹੀਂ ਸੀ ਲਗਦਾ। ਹੋਰ ਕੋਈ ਕਮਰਾ ਹੀ ਕਿੱਥੇ ਸੀ? ਸਾਡੇ ਚੁਬਾਰੇ ਦੇ ਅੱਗੇ ਇਕ ਵਿਹੜਾ ਸੀ। ਚੁਬਾਰੇ ਤੇ ਵਿਹੜੇ ਹੇਠ ਦੋ ਕਮਰੇ ਸਨ। ਇਕ ਕਮਰਾ ਕਬਾੜ ਨਾਲ ਨੱਕੋ ਨੱਕ ਭਰਿਆ ਹੋਇਆ ਸੀ ਤੇ ਦੂਜਾ ਕੁਝ ਕੁ ਖਾਲੀ ਸੀ। ਉਸ ਕੁਝ ਕੁ ਖਾਲੀ ਕਮਰੇ ਨੂੰ ਪੂਰਾ ਖਾਲੀ ਕਰਵਾਣ ਦਾ

ਹੁਕਮ ਹੋਇਆ। ਜਿਸ ਸਿੰਘ ਦੀ ਡਿਊਟੀ ਲੱਗੀ ਉਹ ਘੇਸ ਮਾਰ ਗਿਆ। ਮੈਂ ਫਿਰ ਜਾਕੇ ਅਰਜ਼ ਕੀਤੀ। ਸਤਿਗੁਰਾਂ ਆਪ ਉਸ ਨੂੰ ਬੁਲਾ ਕੇ ਹੁਕਮ ਦਿੱਤਾ। ਕਮਰਾ ਖਾਲੀ ਹੋ ਗਿਆ ਤੇ ਸੋਭਾ ਸਿੰਘ ਜੀ ਆਪਣੇ ਮਿਤਰ ਸਮੇਤ ਉਸ ਵਿਚ ਟਿਕ ਗਏ।

ਰਾਤ ਮੀਂਹ ਆਇਆ। ਖੇਤਾਂ ਵਿਚ ਲੱਗੇ ਸਭ ਤੰਬੂ ਚੋ ਗਏ। ਸਾਡਾ ਚੁਬਾਰਾ ਵੀ ਚੋ ਰਿਹਾ ਸੀ ਤੇ ਚੁਬਾਰੇ ਦੇ ਮੂਹਰਲੇ ਵੇਹੜੇ ਹੇਠਲਾ ਕਮਰਾ ਵੀ- ਜਿਸ ਵਿਚ ਸੋਭਾ ਸਿੰਘ ਜੀ ਦਾ ਡੇਰਾ ਸੀ। ਮੋਹਲੇਧਾਰ ਮੀਂਹ ਨੇ ਠੰਢ ਵੀ ਕਰ ਦਿੱਤੀ। ਸੋਭਾ ਸਿੰਘ ਜੀ ਠੰਢ ਨਾਲ ਕੰਬਦੇ ਸਾਡੇ ਚੁਬਾਰੇ ਵਿਚ ਆ ਗਏ। ਅਸੀਂ ਪਹਿਲਾਂ ਹੀ ਨੁੱਕਰੇ ਲੱਗੇ ਹੋਏ ਸਾਂ-ਉਹ ਵੀ ਕੋਲ ਗੁਛੂ ਮੁਛੂ ਹੋ ਕੇ ਬਹਿ ਗਏ।

ਸਵੇਰੇ ਚਾਰ ਕੁ ਵਜੇ ਮੈਂ ਇਸ਼ਨਾਨ ਕਰਕੇ ਆਸਾ ਦੀ ਵਾਰ ਵਿਚ ਜਾ ਪਹੁੰਚਾ। ਆਸਾ ਦੀ ਵਾਰ ਵਾਲੇ ਪੰਡਾਲ ਦੀ ਸ਼ੌਲਦਾਰੀ ਵੀ ਚੋ ਰਹੀ ਸੀ। ਸਤਿਗੁਰੂ ਜੀ ਉਪਰ ਇਕ ਛਤਰੀ ਤਾਣੀ ਹੋਈ ਸੀ। ਮੇਰੇ ਹਿੱਸੇ ਵੀ ਇਕ ਛਤਰੀ ਲਿਆ ਦਿੱਤੀ ਗਈ।

ਦਿਨੇ ਸਤਿਗੁਰਾਂ ਨੂੰ ਸੋਭਾ ਸਿੰਘ ਜੀ ਦੀ ਰਾਤ ਵਾਲੀ ਹਾਲਤ ਬਾਰੇ ਦੱਸਿਆ, ਆਪ ਖਾਮੋਸ਼ ਰਹੇ। ਪਰ ਲਗਦਾ ਸੀ ਕਿ ਇਕ ਸੰਕਲਪ ਆਪ ਦੇ ਅੰਦਰੋਂ ਉਸ ਦਿਨ ਜਾਗ ਉਠਿਆ ਸੀ।

ਮੇਲੇ ਤੋਂ ਬਾਅਦ ਸਤਿਗੁਰੂ ਜੀ ਇਕ ਦਿਨ ਦੇ ਦੌਰੇ ਤੇ ਚਲੇ ਗਏ। ਸਭ ਸੰਗਤ ਪਹਿਲਾਂ ਹੀ ਜਾ ਚੁਕੀ ਸੀ। ਮੈਨੂੰ ਅਜੇ ਰਹਿਣ ਦਾ ਹੁਕਮ ਸੀ। ਉਸ ਦਿਨ ਭੈਣੀ ਸਾਹਿਬ ਇਕ ਅਜਬ ਖਾਮੋਸ਼ੀ ਵਿਚ ਮਗਨ ਲਗ ਰਿਹਾ ਸੀ। ਇਕ ਭਰਪੂਰ ਖਾਮੋਸ਼ੀ-ਜਿਸ ਵਿਚ ਉਦਾਸੀ ਦਾ ਅੰਸ਼ ਸੀ। ਸਤਿਗੁਰੂ ਜੀ ਰਾਤ ਆਏ। ਦਰਸ਼ਨ ਦਿਤੇ, ਅਗਲੇ ਦਿਨ ਫਿਰ ਚਲੇ ਗਏ। ਪੰਡਿਤ ਗੋਪਾਲ ਸਿੰਘ ਜੀ ਪਹਿਲਾਂ ਹੀ ਜਾ ਚੁੱਕੇ ਸਨ। ਚੁਬਾਰੇ ਵਿਚੋਂ ਇਕ ਸਿੰਘ ਬਿਜਲੀ ਦੀ ਤਾਰ ਤੇ ਲਾਟੂ ਵੀ ਲਾਹ ਕੇ ਲੈ ਗਿਆ ਸੀ। ਮੇਰਾ ਮਨ ਉਦਾਸ ਹੋ ਗਿਆ ਤੇ ਮੈਂ ਵੀ ਆਪਣਾ ਸਾਮਾਨ ਸਮੇਟ ਕੇ ਦਿੱਲੀ ਆ ਗਿਆ।

ਸਤਿਗੁਰੂ ਜੀ ਦਿੱਲੀ ਆਏ ਚਾਰ ਕੁ ਦਿਨਾਂ ਬਾਅਦ। ਮੁਸਕਰਾ ਕੇ ਆਖਣ ਲੱਗੇ, "ਅਸੀਂ ਚੁਬਾਰੇ 'ਚ ਗਏ, ਓਥੇ ਕੋਈ ਵੀ ਨਹੀਂ ਸੀ।"

ਮੈਂ ਢੁੱਚਰ ਡਾਹੀ- "ਉਹ ਤਾਂ ਚੋਂਦਾ ਸੀ।" ਆਖ ਕੇ ਸ਼ਰਾਰਤ ਨਾਲ ਮੁਸਕਰਾ ਪਿਆ।

"ਅਸੀਂ ਹੋਰ ਬਣਵਾ ਦਿਆਂਗੇ, ਚੱਲੋ ਮੇਰੇ ਨਾਲ।"

"ਓਥੇ ਤੇ ਪੜ੍ਹਣ ਲਈ ਕੋਈ ਕਿਤਾਬ ਵੀ ਨਹੀਂ।"

"ਅਸੀਂ ਲਾਇਬਰੇਰੀ ਬਣਵਾ ਦਿਆਂਗੇ ਜਿਹੋ ਜਿਹੀ ਆਖੋ।"

ਉਹਨਾਂ ਦਾ ਜੀਅ ਕਰਦਾ ਸੀ- ਕੁਝ ਅਰੰਭ ਕਰਨ ਨੂੰ- ਮੇਰੇ ਤੋਂ ਹੀ ਸਹੀ।

ਕੁਝ ਸਮੇਂ ਬਾਅਦ ਆਪ ਨੇ ਸੰਤ ਵਰਿਆਮ ਸਿੰਘ ਮੁਸੱਵਰ ਨੂੰ ਦਿੱਲੀ ਭੇਜਿਆ। ਆਖਣ ਲਗੇ- "ਭੈਣੀ ਸਾਹਿਬ ਲਾਇਬਰੇਰੀ ਬਣਾਉਣੀ ਏ। ਮੈਨੂੰ ਦਿੱਲੀ ਦੀਆਂ ਲਾਇਬਰੇਰੀਆਂ ਵੇਖਣ ਲਈ ਭੇਜਿਆ ਏ, ਤੁਸੀਂ ਮੇਰੇ ਨਾਲ ਚੱਲੋਗੇ- ਜਿਹੋ ਜਿਹੀ ਆਖੋਗੇ, ਓਹੋ ਜਿਹੀ ਹੀ ਬਣੇਗੀ।"

ਮੈਂ ਸਾਹਿਤ ਅਕੈਡਮੀ ਦੀ ਲਾਇਬਰੇਰੀ ਲੈ ਗਿਆ ਉਨ੍ਹਾਂ ਨੇ ਚੌਦਾਂ ਪੰਦਰਾਂ ਭਾਰਤੀ ਭਾਸ਼ਾਵਾਂ ਦੀਆਂ ਪੁਸਤਕਾਂ ਵੇਖੀਆਂ, ਬਦੇਸ਼ੀ ਭਾਸ਼ਾਵਾਂ ਦੇ ਗਰੰਥ ਵੇਖੇ। ਲਲਿਤ ਕਲਾ ਅਕੈਡਮੀ ਦੀ ਲਾਇਬਰੇਰੀ ਵੇਖੀ ਅਤੇ ਚਿਤ੍ਰ ਵੀ ਵੇਖੇ।

ਮੈਂ ਸੋਚ ਰਿਹਾ ਸਾਂ, ਤੇ ਅੱਜ ਵੀ ਸੋਚ ਰਿਹਾ ਹਾਂ, ਪੁਸਤਕਾਂ ਦਾ ਜਗਤ ਇਕ ਰਹੱਸ ਭਰਿਆ ਜਗਤ ਹੈ। ਇਸ ਅਨੰਤ ਸ੍ਰਿਸ਼ਟੀ ਵਿਚ ਆਪਣੇ ਆਪ ਨੂੰ ਵੇਖ ਕੇ ਕਦੇ ਮਨੁਖ ਦੇ ਅੰਦਰੋਂ ਜਿਗਿਆਸਾ ਜਾਗੀ ਹੋਵੇਗੀ- ਕਿ ਇਹ ਸ੍ਰਿਸ਼ਟੀ ਕੀ ਹੈ? ਕਦੋਂ ਤੋਂ ਹੈ? ਮੈਂ ਕੌਣ ਹਾਂ, ਕਦੋਂ ਤੋਂ ਹਾਂ, ਕਿਉਂ ਹਾਂ? ਇਸੇ ਜਿਗਿਆਸਾ ਵਿਚੋਂ ਖੋਜ ਸ਼ੁਰੂ ਹੋਈ ਹੋਵੇਗੀ। ਖੋਜ ਜਿਉਂ ਜਿਉਂ ਵਧਦੀ ਗਈ- ਰਹੱਸ ਹੋਰ ਡੂੰਘਾ ਹੁੰਦਾ ਗਿਆ। ਸ੍ਰਿਸ਼ਟੀ ਅਨੰਤ ਹੈ, ਰਹੱਸ ਵੀ ਅਨੰਤ ਹੈ। ਫਿਰ ਇਸ ਸ੍ਰਿਸ਼ਟੀ ਰੂਪੀ ਕਿਰਤ ਦੇ ਕਰਤਾ ਬਾਰੇ ਜਿਗਿਆਸਾ, ਉਹ ਵੀ ਅਨੰਤ ਹੈ। ਉਸ ਅਨੰਤ ਦੇ ਰਹੱਸ ਨੂੰ ਜਾਣਨ ਦੀ ਕੋਸ਼ਿਸ਼ ਦਾ ਨਾਮ ਹੀ ਗਿਆਨ ਤੇ ਵਿਗਿਆਨ ਹੋ ਗਿਆ। ਜਿਨਾ ਜਾਣਿਆਂ ਓਨਾ ਹੀ ਘੱਟ ਜਾਪਿਆ। ਸਾਹਮਣੇ ਅਨੰਤ ਹੈ। ਅਤੇ ਉਸ ਗਿਆਨ ਵਿਗਿਆਨ ਦੇ ਪ੍ਰਗਟਾਵੇ ਦਾ ਮੂਰਤ ਰੂਪ ਹੋਏ 'ਗਰੰਥ'। ਖੋਜ ਜਿਉਂ ਜਿਉਂ ਵਧਦੀ ਗਈ ਰਹੱਸ ਹੋਰ ਤੋਂ ਹੋਰ ਗਹਿਰਾ ਹੁੰਦਾ ਗਿਆ ਅਤੇ ਉਸ ਰਹੱਸ ਨੂੰ ਭੇਦਨ ਦੀਆਂ ਕੋਸ਼ਿਸ਼ਾਂ ਨੂੰ ਪ੍ਰਗਟਾਉਂਦੇ ਗਰੰਥਾਂ ਦੀ ਸੰਖਿਆ ਵੀ ਵਧਦੀ ਵਧਦੀ ਅਨੰਤ ਹੁੰਦੀ ਗਈ ਹੈ।

ਇਹ ਖੋਜ ਦੋ ਤਰਫਾ ਹੈ। ਜਿਹੜੇ ਸ੍ਰਿਸ਼ਟੀ ਦੇ ਰਹੱਸ ਨੂੰ ਜਾਣਨ ਦੀ ਕੋਸ਼ਿਸ਼ ਵਿਚ ਹਨ ਉਹਨਾਂ ਲਈ ਗਰੰਥ ਥੁੜੇ ਹੀ ਰਹਿੰਦੇ ਨੇ ਅਤੇ ਜਿਹੜੇ ਸ੍ਰਿਸ਼ਟੀ ਦੇ ਰਹੱਸ ਲਭਦੇ ਲਭਦੇ ਉਸੇ ਸ੍ਰਿਸ਼ਟੀ ਵਿਚੋਂ ਕਰਤਾ ਦੀ ਖੋਜ ਵਿਚ ਲਗ ਜਾਂਦੇ ਨੇ ਉਹਨਾਂ ਲਈ ਗਰੰਥ ਇਕ ਥਾਂ ਤੇ ਜਾ ਕੇ ਬੇਲੋੜੇ ਹੋ ਜਾਂਦੇ ਨੇ। ਇਹ ਦੋਵੇਂ ਧਾਰਾ ਅਨੰਤ ਕਾਲ ਤੋਂ ਚਲਦੀਆਂ ਆ ਰਹੀਆਂ ਨੇ ਤੇ ਅਨੰਤ ਕਾਲ ਤਕ ਚਲਦੀਆਂ ਰਹਿਣਗੀਆਂ। ਫਿਰ ਵੀ ਇਹ ਨਿਸਚਿਤ ਹੈ ਕਿ ਸ੍ਰਿਸ਼ਟੀ-ਜਿਸ ਵਿਚ ਅਸੀਂ ਹਾਂ- ਬਾਰੇ ਜਾਣਨ ਦੀ, ਆਪਣੇ ਬਾਰੇ ਜਾਣਨ ਦੀ ਜਿਗਿਆਸਾ ਵਿਚੋਂ ਹੀ ਕਰਤਾਰ ਬਾਰੇ ਜਿਗਿਆਸਾ ਜਾਗਦੀ ਹੈ। ਸ਼ਾਰਟ ਕਟ ਕੋਈ ਨਹੀਂ। ਜਿੱਥੇ ਹਾਂ, ਉਸ ਸਥਿਤੀ ਨੂੰ ਜਾਣਨ ਦੀ ਕੋਸ਼ਿਸ਼ ਹੀ ਗਰੰਥ ਰੂਪ ਵਿਚ ਪ੍ਰਗਟ ਹੁੰਦੀ ਹੈ। ਪਰਾ ਸਥਿਤੀ ਵਿਚ ਜਾਣ ਲਈ ਸਥੂਲ ਜਗਤ ਤੋਂ ਹੀ ਯਾਤਰਾ ਸ਼ੁਰੂ ਕਰਨੀ ਪਵੇਗੀ ਕਿਉਂਕਿ ਅਸੀਂ ਸਥੂਲ ਜਗਤ ਵਿਚ ਹੀ ਹਾਂ। ਇਸ ਲਈ ਗਰੰਥ ਤਾਂ ਚਾਹੀਦੇ ਹੀ ਨੇ, ਤਦੇ ਹੀ ਗਰੰਥਾਂ ਦੀ ਰਚਨਾ ਦਾ ਵੀ ਕਿਤੇ ਅੰਤ ਨਹੀਂ।

ਇਹ ਵਖਰੀ ਗੱਲ ਹੈ ਕਿ ਕੋਈ ਠੇਠ ਤਮੋ ਗੁਣ ਦੇ ਪਭਾਵ ਹੇਠ ਕੁਝ ਵੀ ਕਰਨਾ ਜਾਂ ਜਾਣਨਾ ਨਾ ਚਾਹੇ। ਪਰ ਜਿਸ ਨੇ ਤਮੋ ਤੋਂ ਰਜੋ ਵਿਚ ਜਾਣਾ ਹੈ ਉਸ ਨੂੰ ਤਾਂ ਅੱਖਰਾਂ ਦੀ ਸੰਗਤ ਕਰਨੀ ਹੀ ਪਵੇਗੀ। ਭਲੇ ਹੀ ਉਹ ਅੱਖਰ ਮੰਤ੍ਰਾਂ ਦੇ ਹੀ ਹੋਣ। ਅੱਖਰਾਂ ਦੀ ਉਹ ਸੰਗਤ ਫਿਰ ਉਸ ਨੂੰ 'ਸਤੋ' ਵਿਚ ਵੀ ਲਿਜਾ ਸਕਦੀ ਹੈ ਤੇ ਸਤੋਂ ਤੋਂ ਤੁਰੀਯਾ ਵੱਲ ਜਿਥੇ ਸਾਰੇ ਅੱਖਰ ਇੱਕੋ ਅੱਖਰ ਵਿਚ ਸਿਮਟਦੇ ਲਗ ਸਕਦੇ ਨੇ। ਅਤੇ ਫਿਰ ਉਹ ਸਥਿਤੀ ਤੁਰੀਯਾਤੀਤ ਵਿਚ ਬਦਲ ਸਕਦੀ ਹੈ। ਪਰ ਚੱਲਣਾ ਤਾਂ ਅੱਖਰਾਂ ਤੋਂ ਹੀ ਪਵੇਗਾ ਗਰੰਥ ਤੋਂ ਹੀ, ਬਾਣੀ ਤੋਂ ਹੀ, ਉਸ ਲਈ ਸਤਿਗੁਰੂ ਦੀ ਲੋੜ ਤਾਂ ਰਹਿੰਦੀ ਹੀ ਹੈ, ਪਰ ਵਿੱਦਿਆ , ਵਿੱਦਿਆ ਗੁਰੂਆਂ ਦੀ ਅਤੇ ਵਿਦਿਅਕ ਸੰਸਥਾਵਾਂ ਦੀ ਲੋੜ ਵੀ ਬਰਾਬਰ ਰਹਿੰਦੀ ਹੈ।

ਕੀਮਤਾਂ ਦਾ ਬਦਲਾਵ-

ਅੱਜ ਦੀ ਅਕੈਡਮੀ ਬੀਤੇ ਦੇ ਰਿਸ਼ੀ ਆਸ਼ਰਮਾਂ ਦਾ ਹੀ ਪ੍ਰਤੀਰੂਪ ਬਣੇਗੀ ਅਤੇ ਨਚਿਕੇਤਾ ਵਾਂਗ ਪ੍ਰੇਯਸ ਦੀ ਥਾਂ ਸ਼੍ਰੇਯਸ ਦੀ ਜਿਗਿਆਸਾ ਪ੍ਰਤੀ ਪ੍ਰੇਰਿਤ ਕਰੇਗੀ।

ਸਤਿਗੁਰੂ ਰਾਮ ਸਿੰਘ ਜੀ ਬਾਰੇ ਮੋਟੀ ਜਿਹੀ ਧਾਰਨਾ ਇਹ ਰਹੀ ਹੈ ਕਿ ਓਹਨਾਂ ਦਾ ਆਂਦੋਲਨ ਧਾਰਮਕ ਸੀ, ਰਾਜਨੀਤਕ ਸੀ ਤੇ ਸਮਾਜ ਸੁਧਾਰ ਦਾ ਸੀ। ਉਸ ਆਂਦੋਲਨ ਦੀ ਚਰਚਾ ਅਤੇ ਪਰਚਾਰ ਇਹਨਾਂ ਤਿੰਨਾਂ ਗੱਲਾਂ ਨੂੰ ਹੀ ਧਿਆਨ ਵਿਚ ਰੱਖ ਕੇ ਕੀਤੇ ਜਾ ਰਹੇ ਨੇ।

ਪਰ ਇਸ ਗੱਲ ਵੱਲ ਕਿਸੇ ਨੇ ਘੱਟ ਧਿਆਨ ਦਿੱਤਾ ਹੈ ਕਿ ਓਹਨਾਂ ਦੇ ਆਂਦੋਲਨ ਦਾ ਘੇਰਾ ਸੀਮਾ ਬੱਧ ਨਹੀਂ ਸੀ। ਔਖਰ ਗਿਆਨ ਦਾ ਹੁਕਮ ਅਤੇ ਸ੍ਰੀ ਆਦਿ ਗਰੰਥ ਦਾ ਆਪ ਵੱਲੋਂ ਪਹਿਲੀ ਵਾਰ ਪ੍ਰਕਾਸ਼ਨ, ਦਸਦੇ ਹਨ ਕਿ ਇਹਨਾਂ ਦਾ ਪ੍ਰਸਾਰ ਗਿਆਨ ਵਿਗਿਆਨ ਤੇ ਸੰਸਕ੍ਰਿਤੀ ਦੇ ਹਰ ਅੰਗ ਵਿਚ ਨਿਪੁੰਨਤਾ ਹਾਸਿਲ ਕਰਨ ਵੱਲ ਲੈ ਜਾਂਦਾ, ਜੇ ਉਨ੍ਹਾਂ ਨੂੰ ਮੌਕਾ ਮਿਲਦਾ ਤਾਂ। ਸਤਿਗੁਰੂ ਰਾਮ ਸਿੰਘ ਜੀ ਨੂੰ 'ਜੁਗ ਪਲਟਾਊ' ਸਤਿਗੁਰੂ ਆਖਿਆ ਜਾਂਦਾ ਹੈ ਤੇ ਹਰ ਜੁਗ ਦੀ ਆਪਣੀ ਸੰਸਕ੍ਰਿਤੀ ਹੁੰਦੀ ਹੈ ਆਪਣੀਆਂ ਕੀਮਤਾਂ ਹੁੰਦੀਆਂ ਨੇ।

ਸਾਡੇ ਦੇਸ਼ ਵਿਚ ਜੁਗ ਚਾਰ ਮੰਨੇ ਗਏ ਨੇ। ਹਰ ਜੁਗ ਦੇ ਅਵਤਾਰ, ਅੰਸ਼ ਅਵਤਾਰ ਤੇ ਵਿਭੂਤੀ ਅਵਤਾਰ ਵੀ ਮੰਨੇ ਗਏ ਨੇ। ਹਰ ਕੋਈ ਜਾਣਦਾ ਹੈ ਕਿ ਅਵਤਾਰ ਦੀ ਆਮਦ ਜੁਗ ਪਲਟਨ ਦੀ ਸੂਚਕ ਹੈ ਅਤੇ ਜੁਗ ਪਲਟਦੇ ਵੀ ਰਹੇ ਪਰ ਪਰਲੋ ਤਾਂ ਕਿਸੇ ਜੁਗ ਦੇ ਪਲਟਨ ਵੇਲੇ ਵੀ ਨਹੀਂ ਆਈ। ਹੁੰਦਾ ਸਿਰਫ ਇਹ ਰਿਹਾ ਹੈ ਕਿ ਜਿਹੜਾ ਜਿਹੜਾ ਜੁਗ ਪਲਟਿਆ ਗਿਆ, ਉਸ ਉਸ ਜੁਗ ਦੀਆਂ ਪਰਚੱਲਤ ਸੱਭਿਆਚਾਰਕ, ਧਾਰਮਕ, ਨੈਤਿਕ, ਸਮਾਜਕ, ਆਰਥਕ ਅਤੇ ਰਾਜਨੀਤਕ ਕੀਮਤਾਂ (ਵੈਲਿਯੂਜ਼) ਬਦਲਨ ਦਾ ਕਾਰਜ ਅਰੰਭਿਆ ਗਿਆ। ਯਥਾ ਸਥਿਤੀ ਦੇ ਆਦੀ ਹੋ ਗਏ ਸਮਾਜ ਦੀ ਸਥਿਤੀ ਬਦਲਨ ਦੀ ਕੋਸ਼ਿਸ਼ ਹੋਈ। ਸਾਰੇ ਜੁਗਾਂ ਦੇ ਅਵਤਾਰਾਂ ਦੀ ਇਹੋ ਕਹਾਣੀ ਹੈ। ਸਤਿਗੁਰੂ ਨਾਨਕ ਦੇ ਜੁਗ ਦੀ ਵੀ ਇਹੋ ਕਹਾਣੀ ਹੈ। ਮੁਸਲਿਮ ਹਕੂਮਤਾਂ ਰਾਹੀਂ ਆਈ ਸੰਸਕ੍ਰਿਤੀ ਨੂੰ ਪਲਟਨ ਦੀ ਕੋਸ਼ਿਸ਼ ਕੀਤੀ ਗਈ। ਉਸ ਵੇਲੇ ਤਕ ਪਰਚੱਲਤ ਸਭ ਸੰਪਰਦਾਈ ਤੇ ਸਭਿਆਚਾਰਕ ਢਾਂਚਿਆਂ ਨੂੰ ਬਦਲਨ ਦੀ ਕੋਸ਼ਿਸ਼ ਕੀਤੀ ਗਈ।

ਸਤਿਗੁਰੂ ਰਾਮ ਸਿੰਘ ਜੀ ਬਾਰੇ ਵੀ ਇਹੋ ਗੱਲ ਹੈ। ਆਪ ਦਾ ਸੰਘਰਸ਼ ਅੰਗਰੇਜ਼ ਹਕੂਮਤ ਨੂੰ ਖਤਮ ਕਰਨ ਲਈ ਤਾਂ ਹੈ ਈ ਸੀ - ਪਰ ਉਸ ਸੰਸਕ੍ਰਿਤੀ ਦੇ ਵੀ ਖਿਲਾਫ ਸੀ ਜਿਹੜੀ ਸੰਸਕ੍ਰਿਤੀ ਉਸ ਵੇਲੇ ਦੇ ਹਿੰਦੂ, ਸਿੱਖ ਤੇ ਮੁਸਲਿਮ ਸਮਾਜ ਅੰਦਰ ਚੱਲ ਰਹੀ ਸੀ। ਇਹੋ ਕਾਰਨ ਸੀ ਕਿ ਉਸ ਵੇਲੇ ਦਾ ਸਿੱਖ ਸਮਾਜ ਹਿੰਦੂ ਸਮਾਜ ਤੇ ਮੁਸਲਿਮ ਸਮਜ ਸਾਰੇ ਸੰਪਰਦਾਇਕ ਸਮਾਜ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਰੋਧੀ ਹੋ ਗਏ ਸਨ। ਕਿਉਂਕਿ ਸਤਿਗੁਰੂ ਰਾਮ ਸਿੰਘ ਜੀ ਉਸ ਵੇਲੇ ਦੀਆਂ ਪਰਚੱਲਤ ਕੀਮਤਾਂ ਨੂੰ ਬਦਲ ਦੇਣਾ ਚਾਹੁੰਦੇ ਸਨ, ਜਦੋਂ ਕਿ ਸਭ ਸੰਪਰਦਾਵਾਂ ਯਥਾ ਸਥਿਤੀ ਵਿਚ ਹੀ ਰਾਜ਼ੀ ਸਨ। ਉਸ ਵੇਲੇ ਦਾ ਪਰਚੱਲਤ ਸਿੱਖ ਸਮਾਜ ਜਾਂ ਖਾਲਸਾ ਆਪ ਦੀ ਨਜ਼ਰ ਵਿਚ ' ਮਲੇਛ ਖਾਲਸਾ' ਸੀ। ਹਿੰਦੂ ਸਮਾਜ ਦੇ ਸੰਪਰਦਾਈ ਤੱਤਾਂ ਨੂੰ ਆਪ ਨੇ 'ਖੋਟੇ' ਪਿੰਡ ਵਿਚ ਪਰਚੱਲਤ ਕੀਤੀ ਵਿਆਹ ਦੀ 'ਅਨੰਦ ਮਰਯਾਦਾ' ਰੀਤ ਤੋਂ ਹੀ ਆਪਣਾ ਵਿਰੋਧੀ ਬਣਾਇਆ। ਇਸੇ ਕਾਰਨ ਅੰਗਰੇਜ਼ੀ ਹਕੂਮਤ ਦੀ ਕਰੋਪੀ ਦਾ ਸਾਹਮਣਾ ਕਰਨਾ ਪਿਆ। ਮੁਸਲਿਮ ਸਮਾਜ ਦੇ ਸੰਪਰਦਾਈ ਤੱਤ ਆਪ ਦੀ ਜਲਾਵਤਨੀ ਦਾ ਕਾਰਨ ਬਣ ਗਏ।

ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਨਵੇਂ ਸਿਰੇ ਸ਼ੁਰੂ ਕੀਤੇ ਗਏ ਕਾਰਜਕ੍ਰਮਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਅਰੰਭੇ ਕਾਰਜਕ੍ਰਮਾਂ ਦੇ ਸਿਲਸਿਲੇ ਵਿਚ ਵੇਖਣਾ ਬਣਦਾ ਹੈ।

ਵਿਦਿਅਕ ਜਥਾ–

ਸਤਿਗੁਰੂ ਜਗਜੀਤ ਸਿੰਘ ਜੀ ਨੇ ਏਸੇ ਦਿਸ਼ਾ ਵਿਚ ਸੋਚਿਆ ਤੇ ਜਤਨ ਵੀ ਅਰੰਭ ਕੀਤੇ। ਵਿਦਿਅਕ ਜਥੇ ਦੀ ਸਥਾਪਨਾ ਏਸ ਸਿਲਸਿਲੇ ਦਾ ਪਹਿਲਾ ਕਦਮ ਸੀ।

ਵਿਦਿਅਕ ਜਥੇ ਨੇ ਇਹਨਾਂ ਸੰਦਰਭਾਂ ਵਿਚ ਕੁਝ ਵਿਚਾਰ ਕੀਤੇ ਤੇ ਆਪਣੀਆਂ ਸਰਗਰਮੀਆਂ ਵੀ ਵਿਖਾਈਆਂ। ਪਰ ਵਿਦਿਅਕ ਜਥਾ ਅਜੇ ਆਪਣੀਆਂ ਸ਼ਕਤੀਆਂ ਨੂੰ ਨਵੇਂ ਜੁਗ ਦੀਆਂ ਸਵਸਥ ਸੰਭਾਵਨਾਵਾਂ ਨਾਲ ਜੋੜਨ ਵੱਲ ਰੁਚਿਤ ਨਹੀਂ ਹੋ ਸਕਿਆ।

ਇਹ ਗੱਲ ਧਿਆਨ ਨਾਲ ਵੇਖਣ ਵਾਲੀ ਸੀ ਕਿ ਆਜ਼ਾਦੀ ਤੋਂ ਬਾਅਦ ਪੰਜਾਬ ਦੇ ਪ੍ਰਬੁੱਧ ਵਰਗ ਨੇ ਬੌਧਿਕ ਖੇਤਰ ਵਿਚ ਆਪਣਾ ਰੋਲ ਕਿਵੇਂ ਚੁਣਿਆ ਤੇ ਆਪਣੇ ਲਈ ਕਿਹੜੀ ਦਿਸ਼ਾ ਨਿਰਧਾਰਿਤ ਕੀਤੀ ਹੈ। ਮਿਸਾਲ ਵਜੋਂ ਵਿਦਿਅਕ ਜਥੇ ਦੀ ਸਥਾਪਨਾ ਤੋਂ ਵੀਹ ਸਾਲ ਬਾਅਦ ਬੈਂਕੌਕ (ਥਾਈਲੈਂਡ) ਵਿਖੇ 'ਤੀਜੀ ਵਿਸ਼ਵ ਪੰਜਾਬੀ ਕਾਨਫਰੰਸ' ਹੋਈ। ਉਸ ਕਾਨਫਰੰਸ ਦੀ ਸਰਪ੍ਰਸਤੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤੀ, ਲੱਖਾਂ ਰੁਪਏ ਦਾ ਖਰਚ ਤੇ ਕਾਨਫਰੰਸ ਦੀ ਪ੍ਰਾਹੁਣਾਚਾਰੀ ਨਾਮਧਾਰੀ ਸਮਾਜ ਨੇ ਕੀਤੀ। ਪਰ ਵਿਦਿਅਕ ਜਥੇ ਦੀ ਰੁਚੀ ਤੇ ਬੌਧਿਕ ਉਪਸਥਿਤੀ ਪੱਖੋਂ ਉਹ ਕਾਨਫਰੰਸ ਵਿਰਵੀ ਹੀ ਰਹੀ। ਏਸੇ ਤਰ੍ਹਾਂ 'ਚੌਥੀ ਵਿਸ਼ਵ ਪੰਜਾਬੀ ਕਾਨਫਰੰਸ' ਫਿਰ ਤੀਜੀ ਕਾਨਫਰੰਸ ਤੋਂ ਦਸ ਸਾਲ ਬਾਅਦ ਦਿੱਲੀ ਵਿਚ ਹੋਈ। ਇਸ ਦੇ ਸਰਪ੍ਰਸਤ ਵੀ ਸਤਿਗੁਰੂ ਜਗਜੀਤ ਸਿੰਘ ਜੀ ਸਨ, ਲੱਖਾਂ ਰੁਪਇਆਂ ਦਾ ਖਰਚ ਵੀ ਆਪ ਨੇ ਹੀ ਕੀਤਾ ਅਤੇ ਪ੍ਰਾਹੁਣਾਚਾਰੀ ਨਾਮਧਾਰੀ ਸਮਾਜ ਨੇ, ਪਰ ਇਸ ਕਾਨਫਰੰਸ ਦੇ ਕਾਰਜਕ੍ਰਮਾਂ ਵਿਚ ਤੇ ਗੋਸ਼ਟੀਆਂ ਵਿਚ ਵਿਦਿਅਕ ਜਥੇ ਦੀ ਸਹਿਭਾਗਤਾ ਜਾਂ ਰੁਚੀ ਦਾ ਕੋਈ ਪ੍ਰਗਟਾਵਾ ਵੇਖਣ ਵਿਚ ਨਹੀਂ ਆਇਆ।

ਇਹਨਾਂ ਦੋਹਾਂ ਕਾਨਫਰੰਸਾਂ ਵਿਚ ਪੰਜਾਬੀ ਸਾਹਿਤ, ਪੰਜਾਬ ਦੀ ਸੰਸਕ੍ਰਿਤੀ ਤੇ ਇਹਨਾਂ ਉਪਰ ਪੈਂਦੇ ਪੰਜਾਬੋਂ ਬਾਹਰਲੇ ਸਾਹਿਤ ਸੰਸਕ੍ਰਿਤੀ ਦੇ ਪ੍ਰਭਾਵਾਂ ਜਾਂ ਪੰਜਾਬ ਦੇ ਸਾਹਿਤ ਸੰਸਕ੍ਰਿਤੀ ਦੇ ਪੰਜਾਬੋਂ ਬਾਹਰ ਪੈਂਦੇ ਪ੍ਰਭਾਵਾਂ ਬਾਰੇ ਭਰਪੂਰ ਚਰਚਾ ਹੋਈ।

ਨਾਮਧਾਰੀ ਵਿਦਿਅਕ ਜਥੇ ਦੀ ਸਾਹਿਤ ਤੇ ਸੰਸਕ੍ਰਿਤੀ ਬਾਰੇ ਰੁਚੀ ਅਜੇ ਤਕ ਕੇਵਲ ਨਾਮਧਾਰੀ ਇਤਿਹਾਸ ਤੇ ਨਾਮਧਾਰੀ ਆਚਾਰ ਵਿਚਾਰ ਤਕ ਹੀ ਸੀਮਿਤ ਹੈ। ਪਰ ਸੰਸਾਰ ਤਾਂ ਇਸ ਤੋਂ ਅਗਾਂਹ ਵੀ ਹੈ।

ਸੰਸਾਰ, ਅਜ ਮਨੁੱਖ ਦੀ ਵਿਅਕਤੀਗਤ ਪਹੁੰਚ ਵੱਲੋਂ ਬਹੁਤ ਛੋਟਾ ਹੋ ਗਿਆ ਹੈ। ਸੰਸਾਰ ਦੇ ਕਿਸੇ ਵੀ ਹਿੱਸੇ ਦੀਆਂ ਸਮੱਸਿਆਵਾਂ ਤੇ ਪ੍ਰਾਪਤੀਆਂ ਵੀ ਹਨ, ਕਿਉਂਕਿ ਓਹਨਾਂ ਦਾ ਅਸਰ ਹਰ ਵਿਅਕਤੀ ਉਪਰ ਪੈਂਦਾ ਹੈ, ਸੋ ਲੋੜ ਬਣਦੀ ਹੈ ਕਿ ਓਹਨਾਂ ਦੇ ਪ੍ਰਤੀ ਵਿਦਿਅਕ ਜਥਾ ਆਪਣੇ ਮਨ ਮਸਤਕ ਨੂੰ ਖੋਹਲ ਕੇ ਰੱਖੇ ਤੇ ਓਹਨਾਂ ਦੇ ਪ੍ਰਤੀ ਵਿਵੇਕ ਪੂਰਨ ਦ੍ਰਿਸ਼ਟੀ ਅਪਣਾ ਕੇ ਆਪਣੀ ਪਸੰਦ ਨਾ ਪਸੰਦ ਦਾ ਖੁਲ੍ਹ ਕੇ ਇਜ਼ਹਾਰ ਕਰੇ

ਕੇਵਲ ਰਾਜਨੀਤੀ ਤੇ ਧਨ ਮਾਨ ਦੇ ਪ੍ਰਤੀ ਵਿਵੇਕ ਹੀਨ ਆਗ੍ਰਹਿ ਬਾਰੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦ੍ਰਿਸ਼ਟੀਕੋਨ ਨੂੰ ਸਮਝਣ ਦੀ ਲੋੜ ਹੈ। ਆਪ ਕੇਵਲ ਧਨ ਮਾਨ ਦੀ ਪ੍ਰਾਪਤੀ ਵਾਲੀ ਰੁਚੀ ਦੇ ਵਿਕਾਸ ਨੂੰ ਪਸੰਦ ਨਹੀਂ ਕਰਦੇ। ਆਪ ਧਨ ਮਾਨ ਦੀ ਅਸਥਿਰਤਾ

ਬਾਰੇ ਰੋਜ਼ ਕੁਝ ਨਾ ਕੁਝ ਦੱਸਦੇ ਅਤੇ ਨਾਮਬਾਣੀ ਵੱਲ ਵੱਧ ਤੋਂ ਵੱਧ ਮਨ ਲਗਾਉਣ ਲਈ ਪ੍ਰੇਰਣਾ ਦੇਂਦੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਭੈਣੀ ਸਾਹਿਬ ਵਿਚ ਗਿਆਨ ਵਿਗਿਆਨ ਤੇ ਕਲਾ ਸ਼ਿਖਸ਼ਾ ਦਾ ਜਿਹੜਾ ਸਿਲਸਿਲਾ ਅਰੰਭ ਕਰਨ ਲਈ ਅਕੈਡਮੀ ਦੀ ਸਥਾਪਨਾ ਕੀਤੀ ਹੈ ਉਸ ਬਾਰੇ ਧਿਆਨ ਨਾਲ ਵੇਖਣ ਵਾਲੀ ਗੱਲ ਇਹ ਹੈ ਕਿ ਉਹ ਪ੍ਰਯੋਗ ਉਹਨਾ ਬੱਚਿਆਂ ਉਪਰ ਸ਼ੁਰੂ ਹੋਇਆਂ ਹੈ -ਜਿਹਨਾਂ ਦੇ ਸੰਸਕਾਰ ਅਜੇ ਬਣਨ ਵਾਲੇ ਹਨ। ਉਨ੍ਹਾਂ ਦੇ ਪ੍ਰਾਰੰਭਕ ਸੰਸਕਾਰਾਂ ਵਿਚ ਵਿੱਦਿਆ, ਬੁੱਧੀ, ਗਿਆਨ-ਵਿਗਿਆਨ, ਕਲਾ ਤੇ ਸੰਸਕ੍ਰਿਤੀ ਨੀਂਹ ਦੇ ਰੂਪ ਵਿਚ ਸਥਾਪਤ ਹੋਵੇਗੀ। ਨਾਲ ਹੀ ਆਪ ਦੇ ਨਿਤ ਕਾਰਜਾਂ ਵਿਚ ਇਕ ਪ੍ਰਮੁਖ ਕਾਰਜ ਇਹ ਸ਼ਾਮਲ ਹੋ ਗਿਆ ਹੈ ਕਿ ਓਹਨਾਂ ਬੱਚਿਆਂ ਨੂੰ ਤੇ ਹੋਰ ਵਧ ਤੋਂ ਵਧ ਵਿਅਕਤੀਆਂ ਨੂੰ ਨਾਲ ਲੈ ਕੇ ਅੱਧੀ ਰਾਤ ਤੋਂ ਤਿੰਨ ਚਾਰ ਘੰਟੇ ਨਾਮ ਜਪ ਕਰਦੇ ਹਨ ਤੇ ਫਿਰ ਬੱਚਿਆਂ ਨੂੰ ਸੰਗੀਤ ਦਾ ਅਭਿਆਸ ਕਰਾਉਂਦੇ ਹਨ। ਆਉਂਦੇ ਜੁਗ ਦੀ ਵਿਸ਼ਵ ਸੰਸਕ੍ਰਿਤੀ ਵਿਚ ਇਹ ਆਪ ਦਾ ਸਰਬ ਸਰੇਸ਼ਠ ਯੋਗਦਾਨ ਮੰਨਿਆਂ ਜਾਏਗਾ।

ਸਿਮਰਤੀ ਮੰਦਿਰ :

ਮੇਨ ਸੜਕ ਤੋਂ ਦੂਰ ਇਕ ਨਿਕੇ ਜਿਹੇ ਪਿੰਡ ਵਿਚ ਇਕ ਵਡੀ ਸਾਰੀ ਉਚੀ ਲੰਮੀ ਚੌੜੀ ਇਮਾਰਤ ਵੇਖਕੇ, ਜਿਸਨੂੰ ਪੰਜਾਬ ਦੇ ਇਤਿਹਾਸ ਦਾ ਬੋਧ ਹੈ, ਉਸ ਨੂੰ ਜੇ ਸਹਿਜੇ ਹੀ ਇਸ ਗੱਲ ਦਾ ਅਹਿਸਾਸ ਹੋਣ ਲਗ ਪਵੇ ਕਿ ਇਹ ਇਮਾਰਤ ਉਸ ਭੈਣੀ ਸਾਹਿਬ ਨੂੰ ਕੌਮਾਂਤਰੀ ਸੰਸਕ੍ਰਿਤੀ ਦੇ ਇਕ ਅਨੂਠੇ ਅੰਗ ਦੇ ਰੂਪ ਵਿਚ ਪੇਸ਼ ਕਰਦੀ ਅਜੋਕੀ ਕੋਸ਼ਿਸ਼ ਹੈ, ਜਿਸ ਭੈਣੀ ਸਾਹਿਬ ਵਿਚੋਂ ਇਕ ਸਮੇਂ ਹਿੰਦੁਸਤਾਨ ਦੀ ਆਜ਼ਾਦੀ ਦੀ ਹੁੰਕਾਰ ਉਠੀ ਸੀ- ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

> ਬੱਚਿਆਂ ਦੇ ਏਥੇ ਕਈ ਪ੍ਰਕਾਰ ਦੇ ਜਥੇ ਹਨ। ਕਵੀਸ਼ਰੀ ਤੋਂ ਅਲਾਵਾ ਖਲੋ ਕੇ ਹੱਲੇ ਦਾ ਦੀਵਾਨ ਲਗਾਉਣ ਵਾਲੇ ਬਾਲ ਜਥੇਦਾਰ ਹਨ। ਇਤਿਹਾਸ ਤੇ ਗੁਰਮਤ ਸੰਬੰਧੀ ਲੈਕਚਰ ਦੇਣ ਵਾਲੇ ਬਾਲ ਵਕਤਾ ਹਨ। ਦਸਮ ਤੇ ਆਦਿ ਗਰੰਥ ਸਾਹਿਬ ਦੀ ਕਥਾ ਕਰਨ ਵਾਲੇ ਬਾਲ ਕਥਾਕਾਰ ਹਨ। ਕਵਿਤਾ ਪਾਠ ਕਰਨ ਵਾਲੇ ਬਾਲ ਕਵੀ ਹਨ। ਆਸਾ ਦੀ ਵਾਰ ਅਤੇ ਵਾਰਾ ਲਗਾਉਣ ਵਾਲੇ ਬਾਲ ਰਾਗੀਆਂ ਦਾ ਕੀਰਤਨੀ ਜਥਾ ਹੈ ਅਤੇ ਸ਼ਾਸਤਰੀ ਸੰਗੀਤ ਵਿਚ ਪਰਪੱਕ ਹੋ ਰਹੇ ਬਾਲ ਸੰਗੀਤਕਾਰਾਂ ਦਾ ਜਥਾ ਹੈ। ਇਹਨਾਂ ਜਥਿਆਂ ਵਿਚ ਲੜਕੇ ਤੇ ਲੜਕੀਆਂ ਬਰਾਬਰ ਦੇ ਹਿੱਸੇਦਾਰ ਹਨ।

ਦੋ ਸੌ ਫੁਟ ਲੰਮੇ ਤੇ ਇਕ ਸੌ ਫੁਟ ਚੌੜੇ ਹਾਲ ਵਾਲੀ ਜਿਸ ਇਮਾਰਤ ਨੂੰ 'ਸਤਿਗੁਰੂ ਪ੍ਰਤਾਪ ਸਿੰਘ ਸਿਮਰਤੀ ਮੰਦਿਰ' ਆਖਿਆ ਜਾਂਦਾ ਹੈ ਉਸ ਸਿਮਰਤੀ ਮੰਦਿਰ ਦੇ ਦਰਸ਼ਨ ਬਾਹਰੋਂ ਜਿੰਨੇ ਭਵਯ ਹਨ ਅੰਦਰੋਂ ਉਸ ਤੋਂ ਵੀ ਜ਼ਿਆਦਾ ਵਿਲਖਣਤਾ ਭਰਪੂਰ ਹਨ। ਉਸ ਹਾਲ ਦੇ ਅੰਦਰ ਜਾ ਕੇ ਸੁਤੇ ਸਿੱਧ ਹੀ ਮੂੰਹੋਂ ਨਿਕਲਦਾ ਹੈ- ਇਹ ਤੇ ਬਿਨਾਂ ਥੰਮ੍ਹਾਂ ਤੋਂ ਗਗਨ ਖਲੋਤਾ ਜਾਪਦਾ ਹੈ।

ਰੋੜੀ ਕੰਕਰੀਟ ਦੀ ਤੀਹ ਫੁਟ ਉਚੀ ਵਿਸ਼ਾਲ ਛੱਤ ਹੇਠ ਲਗੀ ਖੂਬਸੂਰਤ ਨੱਕਾਸ਼ੀਦਾਰ ਸੀਲਿੰਗ ਦੇ ਗੋਲ ਗੋਲ ਛੇਕਾਂ ਵਿਚੋਂ ਝਾਕਦੇ ਜਗਦੇ ਬਿਜਲੀ ਦੇ ਲਾਟੂ ਇੰਜ ਲਗਦੇ ਨੇ ਜਿਵੇਂ ਆਕਾਸ਼ ਵਿਚ ਜੜੇ ਝਿਲਮਿਲਾਉਂਦੇ ਤਾਰੇ। ਮੰਦਿਰ ਦੇ ਅੰਦਰ ਖਲੋ ਕੇ ਸਾਹਮਣੇ ਉਪਰ ਵੱਲ ਨੂੰ ਵੇਖਦਿਆਂ ਇਸ ਗੱਲ ਦਾ ਧਿਆਨ ਹੀ ਨਹੀਂ ਰਹਿ ਜਾਂਦਾ ਕਿ ਅਸੀਂ ਕਿਸੇ ਚਾਰਦੀਵਾਰੀ ਦੇ ਅੰਦਰ ਖੜੇ ਹਾਂ। ਸਗੋਂ ਪ੍ਰਤੀਤ ਇਹੋ ਹੁੰਦਾ ਹੈ ਕਿ ਖੁਲੇ ਆਕਾਸ਼ ਹੇਠ ਖੜੇ ਤਾਰਿਆਂ ਨੂੰ ਵੇਖ ਰਹੇ ਹਾਂ। (ਮੈਂ ਇਹ ਮੰਦਿਰ ਰਾਤ ਸਮੇਂ ਹੀ ਵੇਖਿਆ ਸੀ) ਇੰਜ ਲਗਣ ਦਾ ਕਾਰਨ ਹੈ ਕਿ ਇਸ ਮੰਦਰ ਦੀ ਵਿਸ਼ਾਲ ਛੱਤ ਕਿਸੇ ਥੰਮ ਜਾਂ ਪਿਲਰ ਦੇ ਸਹਾਰੇ ਨਹੀਂ ਟਿਕੀ ਹੋਈ। ਸਾਰੇ ਹਾਲ ਵਿਚ ਕੋਈ ਥੰਮ੍ਹਾ ਨਹੀਂ। ਇਸ ਦਾ ਡੀਜ਼ਾਇਨ ਹੀ ਕੁਝ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਏਨੀ ਵਿਸ਼ਾਲ ਸਮਤਲ, ਰੋੜੀ ਕੰਕਰੀਟ ਦੀ ਛੱਤ ਆਪਣਾ ਭਾਰ ਆਪੇ ਚੁਕੀ ਖੜੀ ਹੈ। ਇਸ ਮੰਦਿਰ ਦਾ ਡੀਜ਼ਾਇਨ ਕਰਨ ਵਾਲੇ ਆਰਕੀਟੇਕਟ ਕੀਨੀਆ (ਅਫਰੀਕਾ ਨਿਵਾਸੀ) ਸੰਤ ਗੁਰਚੈਨ ਸਿੰਘ ਹਨ, ਤੇ ਦੱਸਿਆ ਜਾਂਦਾ ਹੈ ਕਿ ਇਹ ਹਾਲ ਆਪਣੇ ਰੂਪ ਆਕਾਰ ਵੱਲੋਂ ਆਪਣੇ ਜਿਹਾ ਆਪ ਹੀ ਹੈ।

ਇਸ ਹਾਲ ਦੇ ਬਗਲ ਦੀਆਂ ਦੀਵਾਰਾਂ ਵਿਚ ੧੩-੧੩ ਦਰਵਾਜ਼ੇ ਅਤੇ ਆਹਮੋ ਸਾਹਮਣੇ ਵੀ ਇਕ ਇਕ ਦਰਵਾਜਾ ਹੈ। ਦੀਵਾਰਾਂ ਤੋਂ ਬਾਹਰ ਵਿਸ਼ਾਲ ਬਰਾਂਡੇ ਹਨ। ਆਹਮੋ ਸਾਹਮਣੇ ਕੁਝ ਕਮਰੇ ਹਨ। ਸਾਈਡਾਂ ਵਾਲੇ ਬਰਾਂਡਿਆਂ ਉਪਰ ਵੀ ਕਮਰੇ ਹਨ ਤੇ ਫਿਰ ਓਹਨਾਂ ਕਮਰਿਆਂ ਦੇ ਉਪਰ ਹੋਰ ਕਮਰੇ ਹਨ। ਇਹਨਾਂ ਕਮਰਿਆਂ ਵਿਚ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਵਿਦਿਆਰਥੀ ਰਹਿੰਦੇ ਹਨ। ਸਾਹਮਣੇ ਬਰਾਂਡੇ ਵਿਚ ਅਕੈਡਮੀ ਦੇ ਪ੍ਰਿੰਸੀਪਲ ਸਾਹਿਬ ਦਾ ਦਫਤਰ ਹੈ।

ਹਾਲ ਦੇ ਇਕ ਸਿਰੇ ਉਪਰ ਵਿਸ਼ਾਲ ਮੰਚ ਹੈ। ਜਿਸ ਉਪਰ ਕਥਾ-ਕੀਰਤਨ, ਨਾਮ ਜਪ, ਉਪਦੇਸ਼, ਪਰਵਚਨ ਹੁੰਦੇ ਤੇ ਦੀਵਾਨ ਲਗਦੇ ਹਨ ਵਿਸ਼ੇਸ਼ ਸਮਾਗਮਾਂ ਸਮੇਂ ਏਥੇ ਹੀ ਲੈਕਚਰ ਹੁੰਦੇ ਹਨ।

ਉਜ ਤੇ ਵਿਦਿਆਰਥੀਆਂ ਲਈ ਇਸ ਮੰਦਿਰ ਦੇ ਨੇੜੇ ਹੀ ਇਕ ਅਸ਼ਟਕੋਨ ਕਮਰਿਆਂ ਵਾਲੀ ਇਮਾਰਤ ਬਣ ਰਹੀ ਹੈ- ਜਿਸਦਾ ਡੀਜ਼ਾਇਨ ਅਮੇਰਿਕਨ ਢੰਗ ਦਾ ਹੈ- ਪਰ ਅਜੇ ਵਿਦਿਆਰਥੀਆਂ ਨੂੰ ਸ਼ਿਖਸ਼ਾ ਏਸੇ ਮੰਦਿਰ ਵਿਚ ਹੀ ਦਿੱਤੀ ਜਾ ਰਹੀ ਹੈ।

ਜਦੋਂ ਮੈਂ ਇਸ ਮੰਦਿਰ ਵਿਚ ਪੁਜਾ ਸਾਂ- ਓਦੋਂ ੧੨-੧੪ ਸਾਲ ਦੇ ਤਿੰਨ ਬੱਚਿਆਂ ਦਾ ਕਵੀਸ਼ਰੀ ਜਥਾ ਸੰਤ ਜੀਵਨ ਸਿੰਘ ਕਵੀਸ਼ਰ ਦਾ ਲਿਖਿਆ ਰਾਣੀ ਜਿੰਦਾਂ ਦਾ ਪ੍ਰਸੰਗ ਸੁਣਾ ਰਿਹਾ ਸੀ। ਦੋ ਬੱਚੇ ਵਾਰੀ ਵਾਰੀ ਅਗਾਂਹ ਹੋ ਕੇ ਪਰਸੰਗ ਦਾ ਬਿਨਾ ਸਾਜ਼ਾਂ ਤੋਂ ਗਾਇਨ ਕਰਦੇ ਅਤੇ ਇਕ ਬੱਚਾ ਵਿਚ ਵਿਚ ਅੱਗੇ ਆ ਕੇ ਪਰਸੰਗ ਦੀ ਵਿਆਖਿਆ ਕਰਕੇ ਉਸਨੂੰ ਅਗਾਂਹ ਤੋਰਦਾ।

ਬੱਚਿਆਂ ਦੇ ਏਥੇ ਕਈ ਪ੍ਰਕਾਰ ਦੇ ਜਥੇ ਹਨ। ਕਵੀਸ਼ਰੀ ਤੋਂ ਅਲਾਵਾ ਖਲੋ ਕੇ ਹੱਲੇ ਦਾ ਦੀਵਾਨ ਲਗਾਉਣ ਵਾਲੇ ਬਾਲ ਜਥੇਦਾਰ ਹਨ। ਇਤਿਹਾਸ ਤੇ ਗੁਰਮਤ ਸੰਬੰਧੀ ਲੈਕਚਰ ਦੇਣ ਵਾਲੇ ਬਾਲ ਵਕਤਾ ਹਨ। ਦਸਮ ਤੇ ਆਦਿ ਗਰੰਥ ਸਾਹਿਬ ਦੀ ਕਥਾ ਕਰਨ ਵਾਲੇ ਬਾਲ ਕਥਾਕਾਰ ਹਨ। ਕਵਿਤਾ ਪਾਠ ਕਰਨ ਵਾਲੇ ਬਾਲ ਕਵੀ ਹਨ। ਆਸਾ ਦੀ ਵਾਰ ਅਤੇ ਵਾਰਾ ਲਗਾਉਣ ਵਾਲੇ ਬਾਲ

ਰਾਗੀਆਂ ਦਾ ਕੀਰਤਨੀ ਜਥਾ ਹੈ ਅਤੇ ਸ਼ਾਸਤਰੀ ਸੰਗੀਤ ਵਿਚ ਪਰਪੱਕ ਹੋ ਰਹੇ ਬਾਲ ਸੰਗੀਤਕਾਰਾਂ ਦਾ ਜਥਾ ਹੈ। ਇਹਨਾਂ ਜਥਿਆਂ ਵਿਚ ਲੜਕੇ ਤੇ ਲੜਕੀਆਂ ਬਰਾਬਰ ਦੇ ਹਿੱਸੇਦਾਰ ਹਨ।

ਅਕੈਡਮੀ–

ਵਿਆਪਕ ਅਰਥਾਂ ਵਾਲੇ ਕੁਝ ਸ਼ਬਦ ਹੁੰਦੇ ਨੇ ਜਿਨ੍ਹਾਂ ਨੂੰ ਸਮੇਂ ਸਮੇਂ ਮਹਾਂਪੁਰਖਾਂ ਵੱਲੋਂ ਚੁਣ ਲਿਆ ਜਾਂਦਾ ਹੈ- ਤਾਂਕਿ ਉਹਨਾਂ ਰਾਹੀਂ ਮਾਨਵ ਕਲਿਆਣ ਹੋ ਸਕੇ। ਅਤੇ ਸਮਾਂ ਪਾਕੇ ਇੰਜ ਵੀ ਹੁੰਦਾ ਹੈ ਕਿ ਓਹੋ ਸ਼ਬਦ ਆਪ ਆਪਣੀ ਸਾਰਥਕਤਾ ਹਾਸਿਲ ਕਰਨ ਲਈ ਵਿਸ਼ੇਸ਼ ਧਰਤੀ ਅਤੇ ਵਿਸ਼ੇਸ਼ ਮਹਾਂਪੁਰਖਾਂ ਦੀ ਚੋਣ ਕਰਦੇ ਹਨ।

ਈਸਾ ਦੇ ਜਨਮ ਤੋਂ ਸਾਢੇ ਕੁ ਚਾਰ ਸੌ ਸਾਲ ਪਹਿਲਾਂ-ਅਰਥਾਤ ਹੁਣ ਤੋਂ ਕੋਈ ਢਾਈ ਹਜ਼ਾਰ ਸਾਲ ਪਹਿਲਾਂ ਯੂਨਾਨ ਦੇ ਮਹਾਨ ਸੰਤ ਫਿਲਾਸਫਰ ਸੁਕਰਾਤ ਨੂੰ ਉਸ ਦੇਸ਼ ਦੇ ਕੇਵਲ 'ਤੀਹ' ਤਾਨਾਸ਼ਾਹਾਂ ਦੀ ਹਕੂਮਤ ਨੇ ਆਪਣੇ ਗਿਆਰਾਂ ਬੇਕਿਰਕ ਸਲਾਹਕਾਰਾਂ ਦੀ ਇੱਛਾ ਅਨੁਸਾਰ ਝੂਠੇ ਮੁਕਦਮੇ ਵਿਚ ਫਸਾ ਕੇ ਮੌਤ ਦੀ ਜਾਂ ਦੇਸ਼ ਨਿਕਾਲੇ ਦੀ ਸਜ਼ਾ ਚੁਣਨ ਲਈ ਆਖਿਆ ਸੀ। ਉਹ ਹਕੂਮਤ ਸੁਕਰਾਤ ਦੇ ਵਿਚਾਰਾਂ ਤੋਂ ਭੈਭੀਤ ਸੀ- ਤੇ ਕਿਸੇ ਵੀ ਤਰ੍ਹਾਂ ਉਸ ਤੋਂ ਛੁਟਕਾਰਾ ਚਾਹੁੰਦੀ ਸੀ। ਸੁਕਰਾਤ ਨੇ ਦੇਸ਼ ਨਿਕਾਲਾ ਨਹੀਂ ਸਗੋਂ ਮਰਨਾ ਕਬੂਲ ਕੀਤਾ ਤੇ ਹਕੂਮਤ ਵੱਲੋਂ ਦਿੱਤਾ ਗਿਆ ਜ਼ਹਿਰ ਦਾ ਪਿਆਲਾ ਪੀ ਲਿਆ।

ਸੁਕਰਾਤ ਦੇ ਸਾਥੀ ਅਤੇ ਉਸਦੇ ਵਿਚਾਰਾਂ ਦੇ ਪੈਰੋਕਾਰ ਪਲੈਟੋ (ਅਫਲਾਤੂਨ) ਨੇ ਸੁਕਰਾਤ ਦੇ ਵਿਚਾਰਾਂ ਨੂੰ ਜਨ ਜਨ ਤਕ ਪੁਚਾਣ ਲਈ ਇਕ ਉਚ ਸ਼ਿਖਸ਼ਾ ਦਾ ਸਕੂਲ ਖੋਹਲਿਆ। ਉਸ ਸਕੂਲ ਦਾ ਨਾਮ ਰਖਿਆ 'ਅਕੈਡਮੀ'। ਉਹ ਅਕੈਡਮੀ ਉਚ ਗਿਆਨ ਵਿਗਿਆਨ, ਗਣਿਤ, ਸੰਗੀਤ, ਕਲਾ ਫਲਸਫੇ ਅਤੇ ਧਰਮ ਦੀ ਸ਼ਿਖਸ਼ਾ ਦਾ ਐਸਾ ਕੇਂਦਰ ਬਣੀ ਕਿ ਸਾਰੀ ਦੁਨੀਆਂ ਉਸਦੇ ਅਸਰ ਹੇਠ ਆਈ।

ਉਸੇ ਯੂਨਾਨੀ 'ਅਕੈਡਮੀ' ਸ਼ਬਦ ਨੇ- ਅੱਜ ਜਦੋਂ ਮਾਨਵ ਚੇਤਨਾ ਸਤਿ ਜੁਗ ਦੀ ਚੁਗਾਠ ਉਪਰ ਪਹੁੰਚ ਰਹੀ ਹੈ-ਆਪਣੀ ਸਾਰਥਕਤਾ ਲਈ ਭੈਣੀ ਸਾਹਿਬ ਦੀ ਧਰਤੀ ਨੂੰ ਚੁਣ ਲਿਆ ਲਗਦਾ ਹੈ। ਕੋਈ ਨਹੀਂ ਜਾਣਦਾ ਕਿ ਭਵਿਖ ਦੇ ਗਰਭ ਵਿਚ ਕੀਹ ਹੈ, ਪਰ ਭੈਣੀ ਸਾਹਿਬ ਵਰਗੀ-ਆਧੁਨਿਕ ਜੁਗ ਦੇ ਆਜ਼ਾਦੀ ਦੇ ਸੰਕਲਪ ਦੀ ਧਰਤੀ ਉਪਰ ਉੱਸਰਦੇ ਵਿੱਦਿਆ ਮੰਦਿਰ ਦਾ ਨਾਮ 'ਅਕੈਡਮੀ' ਹੋਣ ਤੋਂ ਇਸ ਗੱਲ ਵਿਚ ਕੋਈ ਸੰਦੇਹ ਨਹੀਂ ਰਹਿ ਜਾਂਦਾ, ਕਿ ਏਥੋਂ ਸਾਰੇ ਜਗਤ ਨੂੰ ਨਵਾਂ ਸੁਨੇਹਾ ਮਿਲ ਸਕਦਾ ਹੈ। ਭੈਣੀ ਸਾਹਿਬ ਦੀ ਧਰਤੀ ਧਰਮ, ਧਿਆਨ, ਗਿਆਨ, ਵਿਗਿਆਨ, ਗਣਿਤ, ਸੰਗੀਤ ਕਲਾ ਤੇ ਫਲਸਫੇ ਦੀ ਉਚ ਸ਼ਿਖਸ਼ਾ ਦਾ ਕੇਂਦਰ ਬਣ ਸਕਦੀ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਉੱਦੇਸ਼ਾਂ ਨੂੰ ਉਨ੍ਹਾਂ ਦੀ ਵਿਆਪਕਤਾ ਦੀ ਦ੍ਰਿਸ਼ਟੀ ਤੋਂ ਵੇਖਣ ਦੀ ਕੋਸ਼ਿਸ਼ ਕੀਤੀ ਜਾਏ ਤਾਂ ਅੱਜ ਦਾ ਇਹ ਜਤਨ-ਉਸ ਵਿਚੋਂ ਪਰਤੱਖ ਹੁੰਦਾ ਵੇਖਿਆ ਜਾ ਸਕਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਮੁਢੋਂ-ਸੁਢੋਂ ਬਾਲਪਨ ਤੋਂ ਹੀ ਭਵਿਖ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾ ਦਿੱਤਾ ਹੈ। ਸਮਾਜ ਦੇ ਲੋਕ ਵੀ ਜਿਥੇ ਜਿਥੇ ਹੋਣ ਉਹ ਆਪਣੇ ਵੱਲੋਂ ਜਤਨਸ਼ੀਲ ਰਹਿਣਗੇ ਹੀ- ਪਰ ਉਨ੍ਹਾਂ ਲਈ ਪ੍ਰੇਰਨਾ ਦੇ ਇਕ ਅਜੇਹੇ ਕੇਂਦਰ ਦੀ ਲੋੜ ਤਾਂ ਹੈ ਈ ਏ-ਜਿਥੋਂ ਉਨ੍ਹਾਂ ਨੂੰ ਰੌਸ਼ਨੀ ਮਿਲੇ।

ਸੋ ਇਸ ਉਦੇਸ਼ ਨੂੰ ਮੁਖ ਰਖ ਕੇ ਭੈਣੀ ਸਾਹਿਬ ਨੂੰ ਨਵੀ ਤਰਤੀਬ ਦਿੱਤੀ ਜਾ ਰਹੀ ਹੈ, ਆਪਣੀ ਇਕ ਪਰਤੱਖ ਪਛਾਣ ਕਾਇਮ ਕੀਤੀ ਜਾ ਰਹੀ ਹੈ- ਆਪਣਿਆਂ ਲਈ ਵੀ ਅਤੇ ਹੋਰਨਾਂ ਲਈ ਵੀ। ਰਾਮਸਰ, ਸਿਮਰਤੀ ਮੰਦਿਰ, ਹਰੀ ਮੰਦਿਰ, ਰਾਮ ਮੰਦਿਰ, ਅਕਾਲ ਬੁੰਗਾ ਅਤੇ ਗੋਲ ਮੰਦਿਰ ਵਰਗੇ ਸਥਾਨਾਂ ਨੂੰ ਅਧਿਆਤਮਕ ਸਾਧਨਾਂ ਲਈ ਨਵੇਂ ਸਿਰੇ ਨਵਾਂ ਰੂਪ ਦਿਤਾ ਹੈ-ਅਤੇ ਗਿਆਨ ਵਿਗਿਆਨ ਦੇ ਪਸਾਰ ਲਈ ਅਕੈਡਮੀ ਦੀ ਸਥਾਪਨਾ ਕੀਤੀ ਹੈ। ਜੋ ਸ਼ਬਦ ਦੇ ਸੁਭਾਅ ਅਨੁਸਾਰ ਆਪਣਾ ਵਿਸਥਾਰ ਆਪ ਕਰੇਗੀ।

ਆਪਣੇ ਆਪ ਵਿਚ ਇਹ ਗੱਲ ਵਿਸ਼ੇਸ਼ ਅਰਥ ਰਖਦੀ ਹੈ ਕਿ ਜਿਸ ਭੈਣੀ ਸਾਹਿਬ ਵਿਚੋਂ ਇਕ ਸਮੇਂ ਅੰਗਰੇਜ਼ੀ ਤਾਲੀਮ ਦੇ ਪੂਰਨ ਬਾਈਕਾਟ ਦਾ ਐਲਾਨ ਹੋਇਆ ਸੀ -ਓਸੇ ਭੈਣੀ ਸਾਹਿਬ ਦੀ ਧਰਤੀ ਉਪਰ ਇੰਗਲਿਸ਼ ਮਾਧਿਅਮ ਰਾਹੀਂ ਸ਼ਿਖਸ਼ਾ ਵਾਸਤੇ ਅਕੈਡਮੀ ਦੀ ਸਥਾਪਨਾ ਕੀਤੀ ਗਈ ਹੈ। ਜਦੋਂ ਪੂਰੇ ਦੇਸ਼ ਨੇ ਆਜ਼ਾਦੀ ਤੋਂ ਬਾਅਦ ਅੰਗਰੇਜ਼ੀ ਨੂੰ ਉਚ ਸ਼ਿਖਸ਼ਾ ਦਾ ਮਾਧਿਅਮ ਬਣਾ ਲਿਆ ਹੈ ਤਾਂ ਇਸ ਖੇਤਰ ਵਿਚ ਵੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਰਾਬਰ ਦੀ ਹਿੱਸੇਦਾਰੀ ਦਾ ਨਿਸ਼ਾਨਾ ਮਿਥਿਆ ਹੈ।

ਜੇਕਰ ਸਤਿਗੁਰੂ ਰਾਮ ਸਿੰਘ ਜੀ ਦੇ ਪੂਰੇ ਸੰਕਲਪ ਨੂੰ ਥੋੜ੍ਹਾ ਅੰਤਰ ਧਿਆਨ ਹੋ ਕੇ ਸਮਝਣ ਦੀ ਕੋਸ਼ਿਸ਼ ਕਰੀਏ, ਜੇ ਉਸ ਆਧਾਰ ਨੂੰ ਮਜ਼ਬੂਤ ਮੰਨਣ ਦੀ ਹਿੰਮਤ ਜੁਟਾ ਸਕੀਏ ਤਾਂ ਨਵੇਂ ਉਭਰਦੇ ਦੁਮੇਲ ਦੇ ਦਰਸ਼ਨ ਹੋਣਗੇ। ਪੂਰਬ ਅਤੇ ਪੱਛਮ, ਅਧਿਆਤਮ ਤੇ ਵਿਗਿਆਨ ਦੇ ਇਕ ਵਿਸ਼ਵ ਵਿਆਪੀ ਭਵਿਖਤ ਦੁਮੇਲ ਦੇ ਦਰਸ਼ਨ।

ਅਕੈਡਮੀ ਦੀ ਨਵੀਂ ਇਮਾਰਤ–

ਅਕੈਡਮੀ ਦੀ ਜਿਹੜੀ ਨਵੀਂ ਇਮਾਰਤ ਬਣ ਰਹੀ ਹੈ- ਉਹ ਅਸ਼ਟਕੋਨ ਕਮਰਿਆਂ ਵਾਲੀ ਹੈ। ਅਸ਼ਟਕੋਨ ਜੋ ਕਿ ਅਸ਼ਟ ਦਲ ਕਮਲ ਦਾ ਪ੍ਰਤੀਕ ਹੈ। ਅਸ਼ਟ ਦਲ (ਅਠ ਪੱਤੀਆਂ ਵਾਲਾ ਕਮਲ) ਕਮਲ-ਚੌਸਠ ਪੱਤੀਆਂ ਵਾਲੇ ਕਮਲ ਦਾ ਛੋਟਾ ਰੂਪ ਹੈ-ਅੱਠੋ ਅੱਠ ਚੌਸਠ। ਅਤੇ ਫਿਰ ਇਹ ਚੌਸਠ ਪੱਤੀਆਂ ਵਾਲਾ ਕਮਲ ਉਨ੍ਹਾਂ ਚੌਸਠ ਅੱਖਰਾਂ ਦਾ ਪ੍ਰਤੀਕ ਹੈ- ਜੋ ਚੌਸਠ ਅੱਖਰ ਸੰਪੂਰਨਤਾ ਦੇ ਚਿੰਨ੍ਹ ਹਨ। ਪੁਰਾਤਨ ਸਮੇਂ ਵਿਚ ਵਰਨਮਾਲਾ ਦੇ ਚੌਸਠ ਅੱਖਰ ਹੀ ਸੰਪੂਰਨ ਸ੍ਰਿਸਟੀ ਦਾ ਸਾਧਨ ਮੰਨੇ ਜਾਂਦੇ ਸਨ। ਅੱਜ ਉਨ੍ਹਾਂ ਦਾ ਸੰਖੇਪ ਰੂਪ ਪੰਜਾਹ ਅੱਖਰ ਹਨ। ਇਹ ਸੰਪੂਰਨ ਸ੍ਰਿਸ਼ਟੀ ਓਹਨਾਂ ਅੱਖਰਾਂ ਤੋਂ ਹੀ ਹੈ।

ਅਸ਼ਟਕੋਨ ਨੂੰ ਅੱਠ ਦਿਸ਼ਾਵਾਂ ਵਿਚ ਵੀ ਵੇਖਿਆ ਜਾਂਦਾ ਹੈ। 'ਅਸ਼ਟ ਦਿਕ' ਜਾਂ ਅਸ਼ਟਕੋਨ ਅੱਠ ਦਿਸ਼ਾਵਾਂ ਹਨ- ਪੂਰਬ, ਈਸ਼ਾਨ, ਉਤਰ, ਵਾਯੂ, ਪੱਛਮ, ਨੈਰਿਤ, ਦੱਖਣ ਅਤੇ ਅਗਨੀ। ਇਹ ਐਸੇ ਗੋਪਾਲ ਦਾ ਅਸ਼ਟ ਦਿਕ ਮੰਦਿਰ ਹੋ ਸਕਦਾ ਹੈ, ਜਿਸ ਦੀ ਮਹਿਮਾ ਗੁਰਬਾਣੀ ਵਿਚ ਇੰਜ ਵਰਨਣ ਕੀਤੀ ਗਈ ਹੈ: 'ਜਾਂ ਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲ ਸਪਤ ਲੋਕ ਸਾਮਾਨਿ ਪੂਰੀਅਲੇ॥'

ਇਹ ਵਿੱਦਿਆ ਮੰਦਿਰ ਸਤਿਗੁਰੂ ਰਾਮ ਸਿੰਘ ਜੀ ਦੇ ਉਸ ਸੰਕਲਪ ਦਾ ਮੂਰਤ ਰੂਪ ਹੋ ਸਕਦਾ ਹੈ- ਜੋ ਸੰਕਲਪ ਉਨ੍ਹਾਂ ਨੇ ਆਜ਼ਾਦ ਹਿੰਦੁਸਤਾਨ ਦੀ ਬੁਨਿਆਦ ਦੇ ਰੂਪ ਵਿਚ ਧਾਰਨ ਕੀਤਾ ਸੀ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਸੋਚ ਹੈ ਅਤੇ ਕੋਸ਼ਿਸ਼ ਵੀ ਕਿ ਸਤਿਗੁਰੂ ਰਾਮ ਸਿੰਘ ਜੀ ਆਉਣ- ਤਾਂ ਭੈਣੀ ਸਾਹਿਬ ਨੂੰ ਵੇਖ ਕੇ ਇਹ ਨਾ ਲੱਗੇ ਕਿ ਉਨ੍ਹਾਂ ਦੀ ਜਲਾਵਤਨੀ ਤੋਂ ਬਾਅਦ

ਉਨ੍ਹਾਂ ਦਾ ਸਾਜਿਆ ਸਮਾਜ ਚਿੰਤਨ ਮਨਨ ਦੇ ਪੱਖ ਤੋਂ ਜੜ ਹੋ ਕੇ ਰਹਿ ਗਿਆ ਹੈ- ਸਗੋਂ ਭੈਣੀ ਸਾਹਿਬ ਇਹੋ ਜਿਹਾ ਹੋਵੇ- ਜਿਸ ਵਿਚੋਂ ਉਨ੍ਹਾਂ ਦੇ ਸੰਕਲਪ ਦੀ ਗਤੀਸ਼ੀਲਤਾ ਦੇ ਪ੍ਰਤੱਖ ਦਰਸ਼ਨ ਹੋਣ।

ਅੱਜ ਹਿੰਦੁਸਤਾਨ ਆਪਣੀ ਮੂਲ ਸੰਸਕ੍ਰਿਤੀ ਉਪਰ ਬਹੁਤ ਵਡੇ ਹਮਲੇ ਦਾ ਸਾਹਮਣਾ ਕਰ ਰਿਹਾ ਹੈ। ਅਮੀਰੀ, ਐਸ਼ਵਰਜ ਅਤੇ ਸੁਖ ਦੇ ਸਾਰੇ ਪੈਮਾਨੇ ਇਕ ਸਿਰਿਓਂ ਹੀ ਬਦਲ ਕੇ ਨਵੇਂ, ਨਿਰੋਲ ਭੋਗਵਾਦ ਤੇ ਵਿਲਾਸਤਾ ਦਾ ਸ਼ਿਕਾਰ ਹੋ ਰਹੇ ਨੇ। ਸਦੀਵੀਂ ਨਰੋਈਆਂ ਕੀਮਤਾ ਦੀ ਥਾਂ ਤੇ ਅਸਥਾਈ ਰੋਗੀ ਰੁਚੀਆਂ ਆਪਣਾ ਕਬਜ਼ਾ ਜਮਾਣ ਦੀ ਕੋਸ਼ਿਸ਼ ਕਰ ਰਹੀਆਂ ਨੇ।

ਇਹ ਹਾਲਤ ਲਗਭਗ ਓਸੇ ਹਾਲਤ ਨਾਲ ਹੀ ਮਿਲਦੀ ਜੁਲਦੀ ਹੈ-ਜੋ ਅੰਗਰੇਜ਼ਾਂ ਦੇ ਰਾਜ ਕਾਰਨ ਓਦੋਂ ਪੈਦਾ ਹੋ ਚੁਕੀ ਸੀ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਆਜ਼ਾਦੀ ਦਾ ਆਂਦੋਲਨ ਸ਼ੁਰੂ ਕੀਤਾ ਸੀ। ਅੱਜ ਜਦੋਂ ਹਿੰਦੁਸਤਾਨ ਦੀ ਆਜ਼ਾਦੀ ਦੀ ਉਮਰ ਅੱਧੀ ਸਦੀ ਦੀ ਹੋਣ ਵਾਲੀ ਹੈ- ਤਾਂ ਹਿੰਦੁਸਤਾਨ ਇਕ ਐਸੇ ਦੁਰਾਹੇ ਉਪਰ ਆ ਪਹੁੰਚਾ ਹੈ ਜਿੱਥੇ ਇਕ ਬਨੇ-ਕੇਵਲ ਭੋਗ ਤੇ ਵਿਲਾਸਤਾ ਦਾ ਅਨ੍ਹੇਰਾ ਹਮਲਾਵਰ ਦਿੱਸਦਾ ਹੈ ਅਤੇ ਦੂਜੇ ਪਾਸੇ ਹਿੰਦੁਸਤਾਨ ਦੀਆਂ ਬੁਨਿਆਦੀ ਪ੍ਰਾਚੀਨ ਕਦਰਾਂ ਕੀਮਤਾਂ। ਹਿੰਦੁਸਤਾਨੀ ਸਮਾਜ ਦਾ ਇਕ ਖਾਸ ਹਿੱਸਾ ਚਿੰਤਨ ਵਿਚ ਜੜਤਾ ਦਾ ਸ਼ਿਕਾਰ ਹੋ ਰਿਹਾ ਹੈ ਤੇ ਹਿੰਦੁਸਤਾਨੀ ਸਮਾਜ ਦਾ ਇਕ ਹਿੱਸਾ ਮੂਲ ਚੇਤਨਾ ਦੇ ਪੱਖ ਵਿਚ ਜੂਝ ਰਿਹਾ ਹੈ। ਭੈਣੀ ਸਾਹਿਬ ਵਿਚ ਇਹ ਕੋਸ਼ਿਸ਼ ਹੋ ਰਹੀ ਹੈ ਕਿ ਉਹ ਜੜਤਾ ਭਰੇ ਅਨ੍ਹੇਰੇ ਦੇ ਖਿਲਾਫ਼ ਚੇਤਨਾ ਦਾ ਦੀਪਕ ਜਗਾ ਕੇ ਰੱਖੇ।

ਇਹ ਦੀਪਕ ਇਸ ਗੱਲ ਦੀ ਨਿਸ਼ਾਨੀ ਹੋਵੇਗੀ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਜਿਸ ਆਦਰਸ਼ ਤੇ ਜਿਸ ਉਦੇਸ਼ ਲਈ ਕੂਕਾ ਆਂਦੋਲਨ ਦਾ ਮੁੱਢ ਬੰਨ੍ਹਿਆਂ ਸੀ- ਉਸ ਨੂੰ ਆਪ ਭੈਣੀ ਸਾਹਿਬ ਵਿਚ ਆ ਕੇ ਗਤੀਸ਼ੀਲ ਰੂਪ ਵਿਚ ਵੇਖ ਸਕਣਗੇ।

ਸੰਗੀਤ ਕਲਾ ਕੇਂਦਰ :

੬ ਮਈ ੧੯੯੫ ਨੂੰ ਤੜਕੇ ਤਿੰਨ ਵਜੇ ਜਦੋਂ ਮੰਡੀ (ਹਿਮਾਚਲ ਪ੍ਰਦੇਸ਼) ਨੂੰ ਚੱਲੇ ਸਾਂ ਮਨ ਵਿਚ ਇਹ ਗੱਲ ਆਈ ਸੀ ਕਿ ਇਹਨਾਂ ਦਿਨਾਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਵੀ ਮੰਡੀ ਵਿਚ ਹੀ ਦਰਸ਼ਨ ਦੇ ਰਹੇ ਹੋਣਗੇ। ਦੋ ਚਾਰ ਦਿਨ ਆਪ ਜੀ ਦੀ ਸੰਗਤ ਦਾ ਆਨੰਦ ਮਾਣ ਕੇ ਮੁੜਦਿਆਂ ਹੋਇਆਂ ਭੈਣੀ ਸਾਹਿਬ ਤੋਂ ਹੋ ਕੇ ਦਿੱਲੀ ਪਰਤਾਂਗੇ।

ਸਤਿਗੁਰੂ ਜੀ ਨੇ ਦਿੱਲੀ ਵਿਚ ਹੀ ਇਕ ਦਿਨ ਭੈਣੀ ਸਾਹਿਬ ਦੇ ਸੰਗੀਤ ਕਲਾ ਕੇਂਦਰ ਦੇ ਵਿਦਿਆਰਥੀਆਂ ਦੀ ਸੰਗੀਤ ਸ਼ਿਖਸ਼ਾ ਬਾਰੇ ਚਰਚਾ ਕਰਦਿਆਂ ਦੱਸਿਆ ਸੀ ਕਿ ਉਹ ਇਸ ਵੇਲੇ ਬੜੀ ਲਗਨ ਨਾਲ ਸਿੱਖ ਰਹੇ ਨੇ। ਇਕ ਇਕ ਰਾਗ ਦੇ ਕਈ ਕਈ ਪ੍ਰਕਾਰ ਉਹ ਗਾਉਂਦੇ ਨੇ, ਇਕੱਲੇ ਮਲ੍ਹਾਰ ਦੇ ਹੀ ਤੀਹ ਪ੍ਰਕਾਰ ਉਹਨਾਂ ਨੇ ਸਿੱਖ ਲਏ ਨੇ ਤੇ ਹੋਰ ਰਾਗਾਂ ਵਿਚ ਵੀ ...।

ਅਤੇ ਹਿਮਾਚਲ ਦੀ ਉਸ ਦਿਨ ਦੀ ਯਾਤ੍ਰਾ ਦੌਰਾਨ ਬਿਲਾਸਪੁਰ ਤੋਂ ਕੁਝ ਉਰੇ ਇਕ ਥਾਂ ਥੋੜ੍ਹਾ ਜਲਪਾਨ ਕਰਨ ਲਈ ਰੁਕੇ ਹੀ ਸਾਂ ਕਿ ਪਿਛੋਂ ਕਾਰਾਂ ਦਾ ਇਕ ਕਾਫ਼ਲਾ ਆਉਂਦਾ ਦਿੱਸਿਆ। ਵੇਖਦਿਆਂ ਵੇਖਦਿਆਂ ਸਤਿਗੁਰਾਂ ਦੀ ਗੱਡੀ ਮੇਰੇ ਕੋਲ ਆਣ ਕੇ ਰੁਕ ਗਈ, ਬੂਹਾ ਖੁਲ੍ਹਿਆ, ਮੈਂ ਚਰਨ ਸਪਰਸ਼ ਕੀਤੇ ਤੇ ਆਸ਼ੀਰਵਾਦ ਦੇ ਨਾਲ ਹੀ ਬਚਨ ਹੋਇਆ, -"ਸੰਗੀਤ ਵਾਲਾ ਸਾਰਾ ਗਰੁਪ ਪਿੱਛੇ ਆ ਰਿਹਾ ਏ। ਇਕ ਬੜੇ ਹੀ ਪਰਬੀਨ ਨਿਰਤਕਾਰ ਤੇ ਇਕ ਪਖਾਵਜੀ ਵੀ ਆ ਰਹੇ ਨੇ। ਮੰਡੀ ਪਹੁੰਚ ਜਾਣਾ, ਰਾਤ ਬੈਠਾਂਗੇ।" ਫਿਰ ਉਨ੍ਹਾਂ ਕਲਾਕਾਰਾਂ ਦੇ ਭੈਣੀ ਸਾਹਿਬ ਆਉਣ, 'ਅੰਬੋ' (ਭੈਣੀ ਸਾਹਿਬ ਦਾ ਨਿਰਤ ਕਾਰ) ਦੇ ਪੌਣੇ ਗਿਆਰਾਂ ਮਾਤ੍ਰਾ ਨਾਲ ਨਿਰਤ, ਅਤੇ ਉਸ ਨਿਰਤ ਨੂੰ ਵੇਖ ਕੇ ਓਹਨਾਂ ਕਲਾਕਾਰਾਂ ਵੱਲੋਂ ਪ੍ਰਗਟਾਏ ਭਾਵਾਂ ਬਾਰੇ ਵਿਸਥਾਰ ਨਾਲ ਦੱਸਦੇ ਹੋਏ ਅਤੀ ਪ੍ਰਸੰਨ ਮੁਦ੍ਰਾ ਵਿਚ ਆਪ ਮੰਡੀ ਵੱਲ ਨੂੰ ਵਧ ਗਏ।

ਮੈਨੂੰ ਧਿਆਨ ਆ ਗਿਆ ਮਲ੍ਹਾਰ ਦਾ। ਮੰਡੀ ਪਹਾੜੀ ਸ਼ਹਿਰ ਹੈ। ਪਹਾੜ ਵਿਚ ਬੱਦਲ ਵੀ ਹੋਣਗੇ, ਮਲ੍ਹਾਰ ਵੀ ਹੋਵੇਗਾ ਆਪਣੇ ਵਿਵਿਧ ਰੂਪਾਂ ਵਿਚ, -ਮ੍ਰਿਦੰਗ ਵੀ ਹੋਵੇਗਾ-ਤੇ ਬੋਲੇਗਾ!-ਕੀ ਬੋਲੇਗਾ? -ਗੁਰੁਦੇਵ ਰਵੀਂਦ੍ਰ ਨਾਥ ਟੈਗੋਰ ਦੇ ਇਕ ਗੀਤ ਦੀ ਪੰਗਤੀ ਮੇਰੇ ਮਾਨਸ ਵਿਚ ਗੂੰਜਣ ਲੱਗੀ-

"ਬਾਦਲ ਮੇਘੇ ਮਾਦੁਲ ਬਾਜੇ, ਗੁਰੂ ਗੁਰੂ ....।"

ਜਦੋਂ ਬੱਦਲ ਆਉਂਦੇ ਨੇ। ਮੇਘ ਗਰਜਦੇ ਨੇ, ਉਸ ਗਰਜਨ ਵਿਚੋਂ ਜੋ ਗੂੰਜ ਉਠਦੀ ਹੈ- ਉਹ ਗੂੰਜ, ਮਾਦੁਲ (ਮ੍ਰਿਦੰਗ) ਦੀ ਧੁਣੀ ਵਰਗੀ ਹੁੰਦੀ ਹੈ। ਉਸ ਗੂੰਜ ਦੇ ਰੂਪ ਵਿਚ ਜੋ ਸ਼ਬਦ ਸੁਣਾਈ ਦੇਂਦਾ ਹੈ-ਉਹ ਹੈ-ਗੁਰੂ ਗੁਰੂ, ਗੁਰੂ ਗੁਰੂ।

ਤੇ ਮੈਂ ਕਲਪਨਾ ਵਿਚ ਉਹ ਗੁਰੂ ਗੁਰੂ ਸ਼ਬਦ ਸੁਣਦਾ ਮੰਡੀ ਪਹੁੰਚ ਗਿਆ ਸਾਂ। ਕੁਝ ਕਾਰਨ ਬਣ ਜਾਣ ਤੇ ਉਸ ਰਾਤ ਫਿਰ ਸਤਿਗੁਰਾਂ ਦੇ ਦਰਸ਼ਨ ਨਹੀਂ ਸਨ ਹੋ ਸਕੇ। ਅਗਲੇ ਦਿਨ ਸਵੇਰੇ ਆਸਾ ਦੀ ਵਾਰ ਤੋਂ ਕੁਝ ਸਮਾਂ ਬਾਅਦ ਸੰਗੀਤ ਸਭਾ ਬੈਠੀ ਜੋ ਥੋੜ੍ਹੇ ਥੋੜ੍ਹੇ ਵਕਫ਼ੇ ਬਾਅਦ ਦੋ ਦਿਨ ਚਲਦੀ ਰਹੀ।

ਮੰਡੀ ਦੀ ਸੰਗਤ ਸੀ, ਭੈਣੀ ਸਾਹਿਬ ਤੋਂ ਆਈ ਸੰਗੀਤ ਮੰਡਲੀ ਸੀ, ਬਾਹਰੋਂ ਆਏ ਨਿਰਤਕਾਰ ਸਨ ਅਤੇ ਸਭਨਾ ਵਿਚ ਸੁਸ਼ੋਭਿਤ ਸਨ ਸਤਿਗੁਰੂ ਜੀ।

ਸਥਾਨ ਭਾਵੇਂ ਮੰਡੀ ਸੀ- ਪਰ ਸੰਗੀਤ-ਮੰਡਲ ਭੈਣੀ ਸਾਹਿਬ ਦਾ ਹੋਣ ਕਰਕੇ ਲਗਦਾ ਸੀ-ਸੰਗੀਤ ਦਰਬਾਰ ਭੈਣੀ ਸਾਹਿਬ ਦਾ ਹੀ ਹੈ। ਭੈਣੀ ਸਾਹਿਬ-ਜਿੱਥੇ ਹਿੰਦੁਸਤਾਨ ਦੇ ਲਗਭਗ ਸਾਰੇ ਪ੍ਰਸਿੱਧ ਸੰਗੀਤਕਾਰਾਂ ਦੇ ਸ਼ਿਸ਼ ਹਨ। ਜਿੱਥੇ ਨਿਤ ਨਾਦ-ਸਾਧਨਾ ਹੁੰਦੀ ਹੈ ਤੇ ਉਹ ਸਾਧਨਾ ਕਰਵਾਨ ਲਈ ਸਭ ਸੰਗੀਤ ਗੁਰੂ ਆਪਣੇ ਆਤਮ ਸਰੂਪ ਵਿਚ ਓਥੇ ਮੌਜੂਦ ਰਹਿੰਦੇ ਨੇ। ਇਨ੍ਹਾਂ ਵਿਚੋਂ ਪਰਮੁਖ ਹਨ:-

ਉਸਤਾਦ ਭਾਈ ਹਰਨਾਮ ਸਿੰਘ ਜੀ, ਊਧੋ ਖ਼ਾਂ ਸਾਹਿਬ, ਭਾਈ ਕਾਲੂ ਜੀ, ਭਾਈ ਨਸੀਰ ਜੀ, ਭਾਈ ਤਾਬਾ ਜੀ, ਪੰਡਿਤ ਮਹਾਦੇਵ ਕੱਥਕ, ਉਸਤਾਦ ਵਲਾਇਤ ਖਾਂ, ਉਸਤਾਦ ਅਮਜਦ ਅਲੀ ਖਾਂ, ਉਸਤਾਦ ਬਿਸਮਿਲਾ ਖ਼ਾਂ, ਪੰਡਿਤ ਹਰੀ ਪ੍ਰਸਾਦ ਚੌਰਸੀਆ, ਪੰਡਿਤ ਸ਼ਿਵ ਕੁਮਾਰ ਸ਼ਰਮਾ, ਪੰਡਿਤ ਕਿਸ਼ਨ ਮਹਾਰਾਜ, ਪੰਡਿਤ ਸਾਮਤਾ ਪ੍ਰਸਾਦ, ਮਿਸ਼ਰਾ ਬੰਧੂ-ਰਾਜਨ-ਸਾਜਨ, ਉਸਤਾਦ ਪਿਆਰਾ ਸਿੰਘ, ਪੰਡਿਤ ਰਾਮ ਨਾਰਾਇਨ, ਪੰਡਿਤ ਬਿਰਜੂ ਮਹਾਰਾਜ, ਉਸਤਾਦ ਮਹਿੰਦਰ ਸਿੰਘ ਆਦਿ।

ਇਹਨਾਂ ਤੋਂ ਅਲਾਵਾ ਜਿਨ੍ਹਾਂ ਪਰਸਿੱਧ ਸੰਗੀਤਕਾਰਾ ਨੇ ਭੈਣੀ ਸਾਹਿਬ ਦੀ ਜ਼ਿਆਰਤ ਕੀਤੀ ਤੇ ਆਪਣੀ ਕਲਾ ਦਾ ਪਰਦਰਸ਼ਨ ਕਰ ਗਏ ਨੇ ਉਨ੍ਹਾਂ ਵਿਚੋਂ ਹਨ, ਸੀ. ਆਰ. ਵਿਆਸ ਬੰਬਈ ਤੋਂ, ਪਵਾਰ ਬੰਧੂ ਧਰੁਪਦ ਗਾਇਕ ਇੰਦੌਰ ਤੋਂ, ਪੰਡਿਤ ਗੋਪਾਲ ਕ੍ਰਿਸ਼ਣ ਵਿਚਿਤ੍ਰ ਵੀਣਾ ਵਾਦਕ ਦਿੱਲੀ ਤੋਂ, ਸਿੰਘ ਬੰਧੂ-ਦਿੱਲੀ ਤੋਂ ਅਤੇ ਹੋਰ ਬਹੁਤ ਸਾਰੇ ਸੰਗੀਤ ਗੁਰੂ ਹਨ- ਜਿਹੜੇ ਆਪਣੇ ਆਤਮ

ਰੂਪ ਵਿਚ ਭੈਣੀ ਸਾਹਿਬ ਦੀ ਨਾਦ ਸਾਧਨਾ ਨਾਲ ਜੁੜੇ ਹੋਏ ਹਨ।

ਹਿੰਦੁਸਤਾਨੀ ਸੰਗੀਤ ਦੀ ਐਸੀ ਵਿਵਿਧ ਰੂਪਤਾ, ਅਲਗ ਅਲਗ ਸੰਗੀਤ ਘਰਾਨਿਆਂ ਦਾ ਐਸਾ ਸੰਗਮ ਕੇਵਲ ਭੈਣੀ ਸਾਹਿਬ ਵਿਚ ਹੀ ਸੰਭਵ ਹੋ ਸਕਦਾ ਹੈ ਕਿਉਂਕਿ ਭੈਣੀ ਸਾਹਿਬ ਦਾ ਸੰਗੀਤ ਕਲਾ ਕੇਂਦਰ ਅਜਾਤ ਹੈ, ਅਮਜ਼ਹਬ ਹੈ। ਸਤਿਗੁਰਾਂ ਨੇ ਇਸ ਦਾ ਕੋਈ ਸੰਪਰਦਾਈ ਨਾਮ ਵੀ ਨਹੀਂ ਰੱਖਿਆ। ਅਤੇ ਇਨ੍ਹਾਂ ਸਭ ਸੰਗੀਤ ਗੁਰੂਆਂ ਦੇ ਕੰਠ, ਤਾਨਪੂਰੇ, ਸਿਤਾਰ, ਸਰੋਦ, ਦਿਲਰੁਬਾ, ਬਾਂਸੁਰੀ, ਸਾਰੰਗੀ, ਪਖਾਵਜ, ਸੰਤੂਰ ਆਦਿ ਵਿਚੋਂ ਨਿਕਲਦੇ ਸੁਰਾਂ ਵਿਚਕਾਰ-ਸਤਿਗੁਰੂ ਜਗਜੀਤ ਸਿੰਘ ਜੀ- ਜਿਹੜੇ ਸਤਿਗੁਰੂ ਅਰਜਨ ਦੇਵ ਜੀ ਦੇ ਵੇਲੇ ਹੋਏ ਰਬਾਬੀਆਂ ਦੇ ਪਰੰਪਰਾਗਤ ਖ਼ਜ਼ਾਨੇ ਤੋਂ ਲੈ ਕੇ ਹੁਣ ਤਕ ਦੀ ਸ਼ਾਨਦਾਰ ਸੰਗੀਤ ਵਿਰਾਸਤ ਨੂੰ ਸਭ ਨਾਲ ਸਾਂਝਿਆਂ ਕਰਦੇ, ਇਕ ਐਸੇ ਸਰੂਪ ਵਿਚ ਮੌਜੂਦ ਹਨ-ਜਿਸ ਨੂੰ ਕੇਵਲ ਨਾਦ ਰੂਪ ਹੀ ਆਖਿਆ ਜਾ ਸਕਦਾ ਹੈ। ਸੰਗੀਤ ਮੰਡਲ ਵਿਚ ਬੈਠਿਆਂ, ਆਪ ਨੂੰ ਗਾਉਂਦਿਆਂ ਤੇ ਸੁਣਦਿਆਂ ਵੇਖ ਕੇ ਲਗਦਾ ਹੈ ਕਿ ਆਪ ਦਾ ਇਹ ਸਰੂਪ ਬਿਲਕੁਲ ਵੱਖਰੀ ਤਰ੍ਹਾਂ ਦਾ ਹੈ। ਇਸ ਨਾਦ-ਮੰਡਲ ਵਿਚ ਨਾ ਜਾਤਿ ਭੇਦ ਹੈ, ਨਾ ਲਿੰਗ ਭੇਦ ਹੈ ਨਾ ਵਰਨ ਭੇਦ ਹੈ, ਨਾ ਮਜ਼ਹਬੀ ਭੇਦ ਹੈ ਤੇ ਨਾ ਹੀ ਰੰਗ-ਭੇਦ,-ਸਭ ਇੱਕੋ ਇੱਕ-ਮਹਾਂਨਾਦ ਦਾ ਸਰੂਪ ਹੈ।

ਆਪ ਨੇ ਜਦੋਂ ਬਿਲਾਵਲ ਵਿਚ ਗਾਇਆ-

ਆਜ ਜੀ ਅਨੰਦ ਸ੍ਰੀ ਰਾਧਿਕਾ ਬੋਲੇ
ਨੀਲ ਪਟ ਓਢਨੀ ਕਨਿਕ ਮੁੰਦਰਾ ਬਨੀ
ਆਰਸੀ ਕੋ ਦੇਖ ਦੇਖ ਰੂਪ ਕੋ ਤੋਲੇ
ਬਾਜੂ ਬੰਦ ਅਜਬ ਸੋਹੇ
ਬੈਠੀ ਪਲੰਘ ਪਰ ਰਾਧੇ ਮੁਕਤਾ ਬਨੀ-

... ...

ਐਸੀ ਲਾਲ ਤੁਧ ਬਿਨ ਕੌਣ ਕਰੇ-

... ...

ਬਾਟ ਤਕਤ ਭੋਰ ਭਈ ਸ਼ਾਮ ਨਹੀਂ ਆਏ,
ਹੇ ਰੀ ਸਖੀ ਕੌਣ ਸੌਤਨ ਘਰ ਬਿਲਮਾਏ,
ਨਾ ਜਾਣੂ ਕੌਣ ਦੇਸ਼ ਬਿਲਮ ਰਹੇ ਸ਼ਿਆਮ ਸੁੰਦਰ,
ਯਾਹੀ ਸੋਚ ਮੋਰੇ ਮਨ ਮੇ, ਕਾਹੇ ਬਿਸਰਾਏ ....

... ...

ਮੰਦਲ (ਮ੍ਰਿਦੰਗ) ਬਾਜੇ ਸਜਨੀ
ਨਿਸ ਦਿਨ ਗਾਏ ਬਜਾਏ
ਕਲ ਨਾ ਪਰਾਏ ਧੁਧੂ ਨਾ ਧੁਧੂ ਨਾ ਧਾਤੀ ਧਾ....
ਕੜਾਨ ਦੇ ਧਾਤੀ ਨਾ ਨਾ ...

ਇਹ ਓਹੋ ਮਾਦੂਲ, ਮੰਦਲ ਅਥਵਾ ਮ੍ਰਿਦੰਗ ਸੀ- ਜਿਸ ਦੇ ਬੋਲ ਨਾਦ ਰੂਪ ਵਿਚ ਗੁਰੂ ਗੁਰੂ ਗੁਰੂ ਸੁਣਦਾ ਆ ਰਿਹਾ ਸਾਂ। ਸਤਿਗੁਰੂ ਜੀ ਜਿਸ ਰੰਗ ਵਿਚ ਗਾ ਰਹੇ ਸਨ- ਉਹ ਨੀਲ ਰੰਗ ਦੀ ਓਢਨੀ ਪਹਿਨੀ ਸ੍ਰੀ ਰਾਧਾ ਦਾ ਰੰਗ ਵੀ ਸੀ ਤੇ ਸ੍ਰੀ ਕ੍ਰਿਸ਼ਣ ਦਾ ਰੰਗ ਵੀ:-

ਅਬ ਕੋਊ ਕੈਸੇ ਹੋਰੀ ਖੇਲੇ ...
ਬਾਰ ਬਾਰ ਮੋਪੇ ਰੰਗ ਛਿਰਕਤ ...

... ...

ਏਜੂ ਕਾਲ ਕੀ ਗਵਾਰਨੀਆਂ
ਮੋਰੋ ਮਨ ਲੈ ਗਈ ... ਰੀ...

... ...

ਮਨ ਹਰਵਾ ਰੇ ਮਈਕਾਂ ਹਰੀ ਹਰੀ
ਚੂਰੀਆਂ ਦੈਹੋ ਮੰਗਾਏ,
ਰੰਗ ਰੰਗੀਲੀ ਔਰ ਚਟਕੀਲੀ
ਤਾਂ ਪਰ ਧਨ ਕਟਿ ਕੋਲੀ ...
ਔਰ ਗਰੇ ਕੋ ਹਾਰ ਲੂੰਗੀ
ਮੋਤੀਅਨ ਮਾਂਗ ਭਰੂੰਗੀ
ਖਨਕ ਖਨਕ ਮੋਰੀ ਚੂਰੀਆਂ ਖਣਕੇ
ਬਗੁਲੀ ਮੁਰਕ ਗਈ ਲੀ ...

ਸਭ ਸਰੋਤੇ ਅਨੰਦ ਮਗਨ ਹੋਏ ਸੁਣ ਰਹੇ ਸਨ ਤੇ ਆਪ ਖ਼ੁਦ ਕਿਤੇ ਬਿਰਹਨ ਦੇ ਰੂਪ ਵਿਚ, ਕਿਧਰੇ ਸ੍ਰੀ ਕ੍ਰਿਸ਼ਣ, ਕਿਤੇ ਕ੍ਰਿਸ਼ਣ ਪ੍ਰੀਯਾ ਦੇ ਰੰਗ ਵਿਚ, ਗੋਪੀ ਬਣੇ ਲਗਦੇ, ਜਿਵੇਂ- "ਨਟ ਨਾਟਿਕ ਆਖਾਰੇ ਗਾਇਆ" ਵਾਲਾ ਸਰੂਪ ਧਾਰੀ ਨਟ ਰੂਪ ਵਿਚ ਭਾਵ ਭੰਗਿਮਾ ਬਣਾ ਬਣਾ ਗਾ ਰਹੇ ਸਨ-

ਸਵਾਮੀ ਤੈਨੂੰ ਉਹ ਦਿਨ ਭੂਲ ਗਏ
ਜਾਂ ਕੁਬਜਾ ਸੰਗ ਪ੍ਰੀਤ ਜੋ ਕੀਨੀ
ਹਮ ਤੇ ਬਿਛੁਰ ਗਏ ...
ਬਾਵਾ ਨੰਦ ਕੇ ਘਰ ਧੇਨੂ ਚਰਾਵਤ
ਬਛਰੇ ਬਨ ਮੇ ਰਹੇ
ਹਾਥ ਲਠਰੀਆ ਕਾਂਧੇ ਕਮਰੀਆ
ਬਨ ਬਨ ਫਿਰਤ ਰਹੇ ...

... ...

ਅਬ ਰੇ ਲੰਗਰਵਾ ਛਾਡੋ ਬਈਆਂ ਮੋਰੀ
ਕਰਕਨ ਲਾਗੀ ਰੇ ਗੰਵਾਰ ਚੂਰੀਆਂ
ਦੋਊ ਕਰਨ ਮੇ ਪਕਰਤ ਮੋਰੀ ...
ਰਾਤ ਦਿਨਸ ਮੋਹੇ ਕਲ ਨਾ ਪਰਤ ਹੈ
ਮੈਂ ਤੋ ਚੂਰੀਆਂ ਪਹਿਨੂ ਬਾਰ ਬਾਰ
ਭੁਜਾ ਪਕਰਤ ਕਰਤ ਜੋਰਾ ਜੋਰੀ ...

ਇਸ ਭਰਪੂਰ ਅਨੰਦ-ਕੇਲੀ ਵਿਚ ਰਮਦਿਆਂ ਰਮਦਿਆਂ ਅਚਾਨਕ ਕੀ ਸੁਝੀ? ਆਰ ਪਾਰ ਦੀ ਗੱਲ ਆ ਗਈ। ਆਰ, ਇਹ ਜਗਤ, ਪਾਰ, ਉਹ ਜਗਤ, -ਏਧਰ ਬਾਬੁਲ ਦਾ ਘਰ, ਓਧਰ ਪੀਆ ਦਾ ਘਰ-ਓਧਰ ਜਾਣਾ ਵੀ ਨਿਸਚਿਤ ਹੈ- ਪਰ ਏਧਰੋਂ ਛੱਡਣਾ ਵੀ ਸੌਖਾ ਨਹੀਂ। ਏਧਰ ਲਾਡਾਂ ਪਿਆਰਾਂ ਵਾਲੀ ਅਭਿਅਸਤ ਜ਼ਿੰਦਗੀ ਹੈ- ਓਧਰ ਅਨਜਾਣੇ ਦੇਸ ਵਿਚ ਜਾਣ ਦੀ ਉਦਾਸੀ ... ਜੀਵ ਦਾ ਮਰਨ ਵੇਲੇ ਦਾ ਤਰਲਾ ਹੈ - ਪਰ ਜਾਣਾ ਤਾਂ ਪਏਗਾ ਹੀ...।

ਜਿੰਦ ਜਾਨ ਤੁਸਾਂ ਪਰ ਘੋਲੀ ਨੀ...
ਬਾਬੁਲ ਵਿਆਹੀਓ ਨੀ, ਭਰਜਾਈਓ ਨੀ
ਰਖ ਲਓ ਅੱਜ ਮੇਰੀ ਡੋਲੀ ਨੀ।
ਕਿਹੀ ਵਾ ਦੇ ਵਗੇ ਵਰੋਲੇ
ਮੈਂ ਸਾਂਭ ਨਾ ਸਕੀਆਂ ਗੁੱਡੀਆਂ ਪਟੋਲੇ,
ਮੇਰਾ ਖੇਲਨ ਦਾ ਅਜੇ ਚਾਓ ਨਾ ਲਥਿਆ,
ਪਿਆ ਵਿਛੋੜਾ ਝੋਲੀ ਨੀ-
ਰੱਖ ਲਓ ਅੱਜ ਮੇਰੀ ਡੋਲੀ ਨੀ...।

ਜਾਂਞੀਆਂ ਕੀਤੇ ਤੁਰਤ ਤਿਆਰੇ-
ਪਾ ਥਕੀਆਂ ਗਲ ...

... ...

ਮੈਂ ਪੈਰ ਡੋਲੀ ਵਿਚ ਮੂਲ ਨਾ ਧਰਸਾਂ
ਸਈਓ ਤੁਸਾਂ ਤੇ ਵਿਛੜੀ ਮਰਸਾਂ।
ਮੈਂ ਦਮ ਦਮ ਯਾਦ ਤੁਸਾਂ ਨੂੰ ਕਰਸਾਂ-
ਕਿਧਰ ਗਈ ਮੇਰੀ ਡੋਲੀ ਨੀ... ਰੱਖ ਲਓ ਅੱਜ ...
ਡੋਲੀ ਪਕੜ ਬਹਾਈ ਭਾਈਆਂ,
ਮਿਲਨ ਨਾ ਦਿੱਤੀਆਂ ਚਾਚੀਆਂ ਤਾਈਆਂ-
ਮੈਂ ਅੰਬੜ ਨਾਲ ਨਾ ਬੋਲੀ ਨੀ... ਰੱਖ ਲਓ...
ਡੋਲੀ ਚਾਈਆ ਚਾਰ ਕਹਾਰਾਂ
ਮੈਂ ਰੋਵਾਂ ਚੀਕਾਂ ਧਾਹੀਂ ਮਾਰਾਂ
ਮੱਥਿਓਂ ਮਹਿੰਦੀ ਸੰਧੂਰ ਉਤਾਰਾਂ
ਗਲ ਚੋਂ ਲਾਹਵਾਂ ਮੌਲੀ ਨੀ- ਰੱਖ ਲਓ-
ਅਮੀਰ ਸ਼ਾਹ, ਬਾਮਨਾ ਲਾਗੀਆਂ ਨਾਈਆਂ
ਸਭ ਕੀਤੀਆਂ ਸਿਰ ਮੇਰੇ ਆਈਆਂ
ਚੱਲੀਆਂ ਸਮਝ ਕੇ ਰੱਬ ਰਜ਼ਾਈਆਂ
ਮੈਂ ਕੀ ਜਾਣਾ ਭੋਲੀ ਨੀ-
ਰੱਖ ਲਓ ਅਜ ਮੇਰੀ ਡੋਲੀ ਨੀ....।

ਸਾਰਾ ਮਾਹੌਲ ਉਦਾਸੀ ਨਾਲ ਭਰ ਗਿਆ। ਜਿਵੇਂ ਹਰ ਕਿਸੇ ਨੂੰ ਲਗ ਰਿਹਾ ਸੀ ਕਿ ਉਸ ਦੀ ਡੋਲੀ (ਅਰਥੀ) ਉਠ ਰਹੀ ਹੈ- ਜ਼ਿੰਦਗੀ ਭਰਪੂਰ ਇਹ ਪਛਾਣਿਆ ਹੋਇਆ ਜਗਤ ਛਡ ਕੇ ਕਿਸੇ ਬੇ ਪਛਾਣ ਜਗਤ ਵਿਚ ਜਾਣਾ ਪੈ ਰਿਹਾ ਹੈ,- ਕੌਣ ਬਚਾਵੇ?

ਅਜਿਹੀ ਹਾਲਤ ਵਿਚ ਜੇ ਕੋਈ ਸਾਹਮਣੇ ਦਿੱਸ ਪਵੇ- ਜਿਸ ਦੀ ਟੇਕ ਲਈ ਜਾ ਸਕੇ, ਜਿਸ ਉਪਰ ਦਾਈਆ ਹੋਵੇ, ਜਿਸ ਬਾਰੇ ਸਦਾ ਇਹ ਸੋਚਿਆ ਹੋਵੇ ਕਿ ਇਹਨੇ ਹਰ ਥਾਂ ਤੇ ਬਚਾਉਣ ਲਈ ਬਹੁੜਨਾ ਹੈ - ਤਾਂ ਇਕ ਧਰਵਾਸੇ ਨਾਲ ਉਸ ਵੱਲ ਵੇਖਿਆ ਜਾ ਸਕਦਾ ਹੈ। ਅਤੇ ਓਥੇ ਇਕ ਇਹੋ ਜਿਹਾ ਨਜ਼ਰ ਆ ਰਿਹਾ ਸੀ - ਤੇ ਉਹ ਸੀ ਸਤਿਗੁਰੂ-।

ਪਰ ਵਿਡੰਬਨਾ ਇਹ ਸੀ ਕਿ ਸਤਿਗੁਰੂ ਖ਼ੁਦ ਹੀ ਇਸ ਅਟੱਲ ਸਚਾਈ ਨੂੰ ਬਿਆਨ ਕਰ ਰਹੇ ਸਨ- ਕਿ ਸਾਹੁਰੜੇ ਘਰ ਤਾਂ ਜਾਣਾ ਹੀ ਜਾਣਾ ਹੈ!

ਜ਼ਿੰਦਗੀ ਦਾ ਤਾਣਾ ਬਾਣਾ ਹੀ ਕੁਝ ਇੰਜ ਦਾ ਹੈ ਕਿ ਪਲਕ ਝਪਕਦਿਆਂ ਹੀ, ਦ੍ਰਿਸ਼ ਬਦਲਦਿਆਂ ਹੀ ਫਿਰ ਓਹੋ ਰੰਗ ਚੜ੍ਹ ਜਾਂਦਾ ਹੈ- ਜੋ ਸਦਾ ਜੀਵਨ ਦਾ ਰੰਗ ਲਗਦਾ ਹੈ- ਨਹੀਂ ਤਾਂ ਜੀਊਣਾ ਹੀ ਸੰਭਵ ਨਾ ਰਹੇ-!

ਸਤਿਗੁਰਾਂ ਇਸ਼ਾਰਾ ਕੀਤਾ- ਫਤੇਹ ਸਿੰਘ ਜੀ ਨੇ ਤਬਲੇ ਤੇ ਥਾਪ ਦਿੱਤੀ, ਦਲੀਪ ਸਿੰਘ ਜੀ ਨੇ ਹਾਰਮੋਨੀਅਮ ਉਪਰ ਨਗ਼ਮਾ ਵਜਾਇਆ, ਹਰੀਸ਼ ਰੀਗਾਨੀ ਜੀ ਨੇ ਕੰਠ ਚੋਂ ਬਾਗੇਸ਼ਵਰੀ ਦੇ ਸੁਰ ਕੱਢੇ ਤਰਜੀਤ ਸਿੰਘ ਨੇ ਸਾਰੰਗੀ ਉਪਰ ਗਜ਼ ਫੇਰਿਆ ਤੇ ਸ੍ਰੀ ਰਾਜੇਂਦ੍ਰ ਨੇ ਘੁੰਘਰੂਆਂ ਦੀ ਛਣਕਾਰ ਨਾਲ ਵੰਦਨਾ ਦੀਆਂ ਮੁਦਰਾਵਾਂ ਵਿਚ ਸ਼ਿਵ ਸਤੁਤੀ ਕਰਦਿਆਂ ਸਤਿਗੁਰੂ ਜੀ ਨੂੰ ਪ੍ਰਣਾਮ ਕੀਤੀ।

ਮਾਹੌਲ ਇਕ ਦਮ ਬਦਲ ਗਿਆ। ਭੁੱਲ ਗਈ ਡੋਲੀ ਤੇ ਛਪਨ ਹੋ ਗਏ ਕਹਾਰ ਅਤੇ ਜਾਂਞੀ। ਰਮ ਗਏ ਰੰਗ ਵਿਚ ਸਾਰੇ ਦੇ ਸਾਰੇ ਸਰੋਤੇ-ਦਰਸ਼ਕ। ਰਾਜੇਂਦ੍ਰ ਜੀ ਨੇ ਤਿੰਨ ਤਾਲ ਵਿਚ ਨਿਰਤ ਅਰੰਭਿਆ। ਨਿਰਤ ਦੀਆਂ ਵਿਵਿਧ ਮੁਦ੍ਰਾਵਾਂ ਦਾ ਪ੍ਰਦਰਸ਼ਨ ਕਰਦਿਆਂ ਤਬਲੇ ਉਪਰ ਪੈਂਦੀਆਂ ਤਾਲ ਬੱਧ ਥਾਪਾਂ ਨਾਲ ਟੁਕੜਿਆਂ, ਟੁਕੜਿਆਂ, ਤੋੜਿਆਂ ਵਿਚ ਪੈਰਾਂ ਨੂੰ ਥਿਰਕਾਇਆ।

ਏਸੇ ਕਲਾ ਪ੍ਰਦਰਸ਼ਨ ਵਿਚਕਾਰ ਇਕ ਸਮੇਂ ਰਾਜੇਂਦ੍ਰ ਜੀ ਨੇ ਪੈਰਾਂ ਦੀ ਥਾਪ ਨੂੰ ਇੰਜ ਸਵਰਬੱਧ ਕਰਕੇ ਪੇਸ਼ ਕਰਨਾ ਸ਼ੁਰੂ ਕੀਤਾ ਕਿ ਇਕ ਸਮੇਂ ਜਿਹੜੇ ਸਾਰੇ ਘੁੰਘਰੂ ਇਕੱਠੇ ਛਣਕਦੇ ਸਨ ਓਹਨਾਂ ਘੁੰਘਰੂਆਂ ਵਿਚੋਂ ਕੁਝ ਕੁ ਨੇ ਆਪਣੇ ਆਪ ਨੂੰ ਛਣਕਣੇ ਵਰਜ ਲਿਆ, ਫਿਰ ਕੁਝ ਹੋਰ ਘੁੰਘਰੂਆਂ ਨੇ ਇੰਜ ਹੀ ਕੀਤਾ, ਫਿਰ ਥੋੜ੍ਹੇ ਹੋਰ ਘੁੰਘਰੂਆਂ ਨੇ ਬੋਲਨਾ ਬੰਦ ਕਰ ਦਿੱਤਾ ਅਤੇ ਅੰਤ ਤੇ ਇਕ ਘੁੰਘਰੂ ਨੂੰ ਛਡ ਕੇ ਬਾਕੀ ਦੇ ਸਾਰੇ ਘੁੰਘਰੂ ਖਾਮੋਸ਼ ਹੋ ਗਏ। ਸਾਰਿਆਂ ਵਿਚਕਾਰ ਕੇਵਲ ਇਕ ਘੁੰਘਰੂ ਹੀ ਲੈਅ ਤਾਲ ਵਿਚ ਛਣਕ ਰਿਹਾ ਸੀ।

ਉਸ ਤੋਂ ਬਾਅਦ ਸ੍ਰੀ ਰਾਜੇਂਦ੍ਰ ਨੇ 'ਤ੍ਰਿਵੇਣੀ' ਨਾਮ ਦੀ ਇਕ ਰਚਨਾ ਨਿਰਤ ਰਾਹੀਂ ਪੇਸ਼ ਕੀਤੀ। ਗੰਗਾ ਜਮੁਨਾ ਸੁਸਵਤੀ-ਤਿੰਨਾਂ ਦਾ ਸਵਰ ਬੱਧ ਪ੍ਰਦਰਸ਼ਨ ਸੀ- ਅਨਾਹਤ ਸੁਸਵਤੀ ਰੂਪ ਵਿਚ ਅਦਿੱਖ ਸੀ- ਤੇ ਦੋਵੇਂ ਗੰਗਾ ਜਮੁਨਾ ਤਰੰਗਾਇਤ ਹੋ ਹੋ ਨਾਦ ਰੂਪ ਵਿਚ ਨਦਨ ਕਰ ਰਹੀਆਂ ਸਨ।

ਅੰਤ ਤੇ ਫਤੇਹ ਸਿੰਘ ਜੀ ਦੇ ਤਬਲੇ ਦੇ ਬੋਲਾਂ ਅਤੇ ਰਾਜੇਂਦ੍ਰ ਜੀ ਦੇ ਘੁੰਘਰੂ ਛਣਕਾਉਂਦੇ ਪੈਰਾਂ ਦੀ ਜੁਗਲਬੰਦੀ-ਲਤੰਤ ਸੀ ਤੇ ਸਵਾਲ ਜਵਾਬ ਸਨ।

ਸਭਾ ਉਠ ਗਈ- ਪਰ ਨਾਲ ਹੀ ਹੁਕਮ ਹੋ ਗਿਆ -
"ਥੋੜੇ ਚਿਰ ਤਕ ਫਿਰ ਬੈਠਣਾ ਹੈ।"

ਅਨੰਦ ਸਵਰੂਪ-

ਸੰਗੀਤ ਸਭਾ ਫਿਰ ਬੈਠੀ। ਗਾਇਨ ਸ਼ੁਰੂ ਹੋ ਗਿਆ। ਉਸਤਾਦ ਹਰਭਜਨ ਸਿੰਘ ਸੁਖਦੇਵ ਸਿੰਘ ਮੋਹਨ ਸਿੰਘ ਸੁਰਜੀਤ ਸਿੰਘ ਤੇ ਸੋਨੂ ਵੀ ਸਾਥ ਦੇ ਰਹੇ ਸਨ-

ਰੁਤ ਬਸੰਤ ਸੌਂ, ਆਪਣੇ ਮਨ ਸੌਂ
ਪੀ ਢੂੰਡਨ ਮੈਂ ਨਿਕਸੀ ਘਰ ਸੌਂ
ਮਿਲੇ ਤੋ ਲਾਲਾ ਘਰ ਬਿਠਲਾਊਂ
ਹਾਥ ਮਿਲਾਊਂ ਪੀਲੀ ਸਰਸੋਂ .....

ਗਾਉਂਦਿਆਂ ਗਾਉਂਦਿਆਂ ਦਸਦੇ ਹਨ -'ਇਹ ਰਚਨਾ ਸਾਨੂੰ ਊਧੋ ਖਾਂ ਸਾਹਿਬ ਨੇ ਸਿਖਾਈ ਸੀ' ਤੇ ਫਿਰ ਇਕ ਹੋਰ ਰਚਨਾ ਰਾਗ ਬਿਹਾਗ ਵਿਚ ...

ਆਜ ਆਨੰਦ ਮੁਖ ਚੰਦ ਜੈਸੀ ਪ੍ਰੀਯਾ
ਮੀਠੇ ਕਰਤ ਬੈਨ, ਪੀਆ ਗਲ ਲਾਗਨ ਆਜ ...
ਬਾਲਾ ਜੋਬਨ ਮਦ ਕੀ ਭਰੀ ਅੱਖੀਆਂ ...

ਆਪ ਜੀ ਦੇ ਸ੍ਰੀ ਮੁਖ ਤੋਂ ਆਨੰਦ ਆਨੰਦ ... ਦਾ ਗਾਇਨ ਹੁੰਦਾ ਵੇਖ ਕੇ ਅਚਾਨਕ ਆਪ ਦੇ ਮੁਖ ਮੰਡਲ ਵੱਲ ਦ੍ਰਿਸ਼ਟੀ ਜਾਂਦਿਆਂ ਹੀ ਲਗਾ -'ਇਹ ਸਰੂਪ ਤਾਂ ਬਿਲਕੁਲ ਅਲਗ ਹੈ - ਜੋ ਹਰ ਸਮੇਂ ਵੇਖਣ ਵਿਚ ਆਉਂਦਾ ਹੈ- ਇਹ ਸਰੂਪ ਉਹ ਨਹੀਂ, ਸਗੋਂ ਪੂਰਨ ਆਨੰਦਮਯ ਹੈ ਆਨੰਦ ਆਪ ਹੀ ਹੈ। ਜਿਸ ਮਗਨਤਾ, ਜਿਸ ਇਕਰਸਤਾ ਨਾਲ ਆਪ ਗਾਇਨ ਕਰ ਰਹੇ ਸਨ- ਉਸ ਨਾਲ ਤਾਂ ਆਪ ਸ਼ਬਦ ਰੂਪ ਹੀ, -ਨਾਦ ਰੂਪ ਹੀ ਹੋ ਗਏ ਲਗਦੇ ਸਨ। ਇਹ ਸਰੂਪ ਵਿਲਖਣ ਹੈ।

ਚਿਰਾਂ ਤੋਂ ਵੇਖਦਾ ਆ ਰਿਹਾ ਹਾਂ- ਜਦੋਂ ਆਪ ਗਾਉਂਦੇ ਹਨ

-ਓਦੋਂ ਹੋਰ ਸਭ ਕੁਝ ਵਿਸਰ ਜਾਂਦੇ ਹਨ ਤੇ ਜਦੋਂ ਗਾਉਣ ਲਗਦੇ ਹਨ- ਓਦੋਂ ਫਿਰ ਥੱਕਣ ਅੱਕਣ ਵਰਗੇ ਸ਼ਬਦ ਬੇਮਾਅਣੀ ਹੋ ਜਾਂਦੇ ਹਨ। ਘੰਟਿਆਂ ਬੱਧੀ ਇਕ ਤੋਂ ਬਾਅਦ ਇਕ ਸੈਂਕੜੇ ਰਚਨਾਵਾਂ ਵਖ ਵਖ ਰਾਗਾਂ ਵਿਚ ਵਰਖਾ ਵਾਂਗ ਉਤਰਦੀਆਂ ਹਨ। ਕਈ ਵਾਰੀ ਤਾਂ ਵੇਖਿਆ ਹੈ ਕਿ ਰਚਨਾਵਾਂ ਦਾ ਹੁਜੂਮ ਹੁੰਦਾ ਹੈ ਜਿਵੇਂ ਹਰ ਰਚਨਾ ਕਹਿ ਰਹੀ ਹੋਵੇ-'ਪਹਿਲਾਂ ਮੈਨੂੰ ਗਾਓ, ਪਹਿਲਾਂ ਮੈਨੂੰ ਗਾਓ' ਤੇ ਆਪ ਹਨ ਕਿ ਕਿਸੇ ਨੂੰ ਨਾਂਹ ਨਹੀਂ ਆਖ ਸਕਦੇ-ਸਦਾਸ਼ਿਵ ਵਾਂਗ ਹਰ ਇਕ ਦੀ ਮੰਗ ਪੂਰੀ ਕਰਦੇ ਹਨ। ਇਕ ਸੁਪਨ ਜਗਤ ਦੀ ਸਿਰਜਨਾ ਹੋ ਜਾਂਦੀ ਹੈ ਅਤੀ ਮਨੋਰਮ, ਅਤੀ ਮਨੋਹਰ, ਜਾਗ੍ਰਤ ਵਿਚ ਸ਼ਾਇਦ ਇਹ ਅਨੰਦ ਅਸੀਂ ਆਪਣੇ ਆਪ ਨਾਲ ਸਾਂਝਾ ਹੁੰਦਾ ਨਾ ਵੇਖ ਸਕੀਏ-ਸ਼ਾਇਦ ਏਸੇ ਸਰੂਪ ਤੇ ਏਸੇ ਸੁਪਨੇ ਬਾਰੇ ਹੀ ਬਾਣੀ ਹੈ-

ਖੋਜਤ ਖੋਜਤ ਮੈਂ ਫਿਰਾਂ ਖੋਜਉ ਬਨ ਥਾਨ।।
ਅਛਲ ਅਛੇਦ ਅਭੇਦ ਪ੍ਰਭ ਐਸੇ ਭਗਵਾਨ।।
ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ।।
ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ।।
ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ।।
ਰੂਪ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ।।
ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ।।
ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ।।
ਸੋ ਅੰਤਰਿ ਸੋ ਬਾਹਰੇ ਬਿਨਸੇ ਤਹਿ ਭਰਮਾ।।
ਨਾਨਕ ਤਿਸੁ ਪ੍ਰਭੁ ਭੇਟਿਆ ਜਾ ਕੇ ਪੂਰਨ ਕਰਮਾ।।

ਵਿਚ ਵਿਚ ਲਗਦਾ ਹੈ ਜਿਵੇਂ ਉਸ ਆਨੰਦ ਦੀ ਅਵਸਥਾ ਵਿਚੋਂ ਲੀਲ੍ਹਾ ਵਸ ਬਾਹਰ ਝਾਕ ਕੇ ਵੇਖ ਲੈਂਦੇ ਤੇ ਮਨ ਹੀ ਮਨ ਆਖਦੇ ਨੇ- 'ਮੇਰਾ ਕੀ ਹੈ? ਮੈਂ ਤੇ ਏਸੇ ਅਵਸਥਾ ਵਿਚ ਆਨੰਦਿਤ ਹਾਂ- ਪਰ ਇਹ ਵਿਚਾਰੇ ਜਿਹੜੇ ਮੇਰੇ ਕਾਰਨ ਘੰਟਿਆਂ ਬੱਧੀ ਬੈਠੇ ਬੈਠੇ ਥਕ ਕੇ ਬਾਰ ਬਾਰ ਆਸਨ ਬਦਲ ਰਹੇ ਨੇ-ਇਹਨਾਂ ਨੂੰ ਤਾਂ ਥੋੜ੍ਹੀ ਛੁਟੀ ਮਿਲਣੀ ਹੀ ਚਾਹੀਦੀ ਹੈ-ਤੇ ਫਿਰ ਥੋੜ੍ਹੀ ਛੁਟੀ ਪਰ ਮੁੜ ਜੁੜ ਬਹਿਣ ਲਈ ਹੁਕਮ ਵੀ ਨਾਲ ਹੀ। ਅਸਲ ਵਿਚ ਆਪ ਚਾਹੁੰਦੇ ਨਹੀਂ ਕਿ ਉਸ ਆਨੰਦ ਦੀ ਛਹਿਬਰ ਤੋਂ ਕੋਈ ਥੋੜ੍ਹੇ ਚਿਰ ਲਈ ਵੀ ਅਨਭਿਜ ਰਹਿ ਜਾਵੇ।

ਮੇਘੈ ਨੋ ਫੁਰਮਾਨੁ ਹੋਆ–

ਹੁਣ ਬੱਚਿਆਂ ਦੀ ਵਾਰੀ ਹੈ। ਸੱਤ ਅਠ ਸਾਲ ਤੋਂ ਲੈ ਕੇ ਪੰਦਰਾਂ ਸੋਲਾਂ ਸਾਲ ਤਕ ਦੇ ਬੱਚੇ 'ਮਲ੍ਹਾਰ ਦੇ ਪ੍ਰਕਾਰ ਗਾਉਣੇ ਸ਼ੁਰੂ ਕਰਦੇ ਹਨ। ਮਲ੍ਹਾਰ ਦਾ ਤੇ ਮੇਘ ਦਾ ਰਿਸ਼ਤਾ ਅਜ਼ਲੀ ਹੈ। ਜਦੋਂ ਮੇਘ ਘਟਾ ਬੰਨ੍ਹ ਕੇ ਆਉਂਦੇ ਨੇ –ਗਰਜਦੇ ਨੇ ਬਰਸਦੇ ਨੇ ਤਾਂ ਲਗਦਾ ਹੈ- ਮਲ੍ਹਾਰ ਦੀ ਗੜਗੂੰਜ ਉਠ ਰਹੀ ਹੈ ਆਕਾਸ਼ ਵਿਚੋਂ, ਅਤੇ ਜਦੋਂ ਮਲ੍ਹਾਰ ਗਾਇਆ ਜਾਂਦਾ ਹੈ ਅਤੇ ਉਹ ਵੀ ਵਖ ਵਖ ਪ੍ਰਕਾਰ ਨਾਲ ਤਦ ਵੀ ਲਗਦਾ ਹੈ ਕਿ ਮੇਘ ਆ ਰਹੇ ਨੇ ਵਿਵਿਧ ਰੰਗਾਂ ਵਿਚ, ਗਰਜ ਰਹੇ ਨੇ ਵਿਵਿਧ ਧੁਣਾਂ ਨਾਲ, ਬਰਸ ਰਹੇ ਨੇ ਛਹਿਬਰ ਲਾ ਰਹੇ ਨੇ।

ਬਾਣੀ ਦਵਾਰਾ ਗਾਇਆ ਹੈ-

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ।।
ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ।। ...

ਭਾਵ ਇਹ ਕਿ ਜਦ ਜੀਵ ਅੰਮ੍ਰਿਤ ਵੇਲੇ ਹਰੀ ਦੀ ਦਰਗਾਹ ਵਿਚ ਅਰਦਾਸ ਕਰਦਾ ਹੈ ਤਾਂ ਹਰੀ ਮਿਹਰ ਵਿਚ ਆਕੇ ਗੁਰੂ ਨੂੰ ਕਹਿੰਦਾ ਹੈ ਕਿ ਸ਼ਬਦ ਦੀ ਵਰਖਾ ਕਰੇ।

ਅੱਜ ਵੀ ਗੁਰੂ ਰੂਪ ਮੇਘ ਨੇ ਵਰਖਾ ਸ਼ੁਰੂ ਕੀਤੀ ਸੀ, ਸ਼ਬਦ ਦੀ, ਨਾਦ ਦੀ।

ਤੀਹ ਪ੍ਰਕਾਰ ਦਾ ਮਲ੍ਹਾਰ-ਸਤਿਗੁਰਾਂ ਨੇ ਆਪ ਕੋਲ ਬਹਿਕੇ ਸਿਖਵਾਇਆ ਹੈ। ਆਪ ਦਸਦੇ ਹਨ 'ਇਹ ਸ਼ੁਧ ਮਲ੍ਹਾਰ ਹੈ।' ਬੱਚੇ ਸ਼ੁਧ ਮਲ੍ਹਾਰ ਦੇ ਆਰੋਹ ਅਵਰੋਹ ਦਾ ਗਾਯਨ ਕਰਦੇ ਹਨ। 'ਇਹ ਗਾ–ਨੀ ਵਰਜਿਤ ਹੈ, ਇਹ ਮੀਆਂ ਮਲ੍ਹਾਰ ਹੈ। ਇਹ ਸੁਰ ਮਲ੍ਹਾਰ ਹੈ, ਇਹ ਮੇਘ ਮਲ੍ਹਾਰ ਹੈ, ਇਹ ਗੌਂਡ ਮਲ੍ਹਾਰ ਹੈ, ਇਹ ਰਾਮਦਾਸੀ ਮਲ੍ਹਾਰ ਹੈ।' ਸਤਿਗੁਰੂ ਜੀ ਇਕ ਇਕ ਪ੍ਰਕਾਰ ਬਾਰੇ ਦੱਸੀ ਜਾਂਦੇ ਹਨ ਤੇ ਬੱਚੇ ਉਸ ਪ੍ਰਕਾਰ ਦੀਆਂ ਸਰਗਮਾਂ ਨਾਲ ਆਰੋਹ ਅਵਰੋਹ, ਸਥਾਈ ਅੰਤਰੇ ਗਾਈ ਜਾਂਦੇ ਹਨ-ਸਾਰਾ ਵਾਤਾਵਰਨ ਮਲ੍ਹਾਰਮਯ ਬਣਿਆ ਹੋਇਆ ਹੈ। ਸਰੋਤੇ, ਦਰਸ਼ਕ ਵਿਸਮਯ ਭਾਵ ਨਾਲ ਵੇਖਦੇ ਸੁਣਦੇ ਤੇ ਆਨੰਦ ਦਾ ਅਨੁਭਵ ਕਰ ਰਹੇ ਹਨ-ਤੀਹ ਪ੍ਰਕਾਰ ਦੇ ਮਲ੍ਹਾਰ ਤੋਂ ਬਾਅਦ ਸੰਗੀਤ ਮੰਡਲੀ ਦੀਆਂ ਬੱਚੀਆਂ ਨੂੰ ਹੁਕਮ ਹੁੰਦਾ ਹੈ- 'ਕਾਨ੍ਹੜਾ ਸੁਣਾਓ।'

ਸਤਿਗੁਰੂ ਜੀ ਦਸਦੇ ਹਨ- 'ਕਾਨ੍ਹੜਾ ਛੱਤੀ ਪ੍ਰਕਾਰ ਦਾ ਹੈ ਪਰ ਅਸਾਂ ਅਜੇ ਉਹਨਾਂ ਵਿਚੋਂ ਤੇਤੀ ਪ੍ਰਕਾਰ ਦਾ ਸਿਖਾਇਆ ਹੈ। ਇਹ ਦਰਬਾਰੀ ਕਾਨ੍ਹੜਾ ਹੈ, ਇਹ ਜਯੰਤ ਕਾਨ੍ਹੜੇ ਦਾ ਦੂਜਾ ਪ੍ਰਕਾਰ ਹੈ ...' ਇਹ ਬੱਚੀਆਂ ਕਾਨ੍ਹੜੇ ਦੇ ਇਕ ਇਕ ਪ੍ਰਕਾਰ ਦੇ ਸਥਾਈ ਅੰਤਰੇ ਗਾਉਂਦੀਆਂ ਤੇ ਉਸ ਤੋਂ ਅਗਲੇ ਪ੍ਰਕਾਰ ਦਾ ਹੁਕਮ ਉਡੀਕਦੀਆਂ ਹਨ।

'ਇਹ ਰੇਵਤੀ ਕਾਨ੍ਹੜਾ ਹੈ' ਸਤਿਗੁਰੂ ਜੀ ਦਸਦੇ ਹਨ ਤੇ ਪੁਛਦੇ ਹਨ 'ਰੇਵਤੀ ਜਾਣਦੇ ਓ ਕੌਣ ਸੀ? ' ਫਿਰ ਆਪ ਹੀ ਦਸਦੇ ਨੇ 'ਰੇਵਤੀ ਸ੍ਰੀ ਕ੍ਰਿਸ਼ਣ ਦੇ ਭਰਾ ਬਲਰਾਮ ਦੀ ਪਤਨੀ ਸੀ। ਰੇਵਤ (ਕੁਕੁਦਮਿਨ) ਰਾਜੇ ਦੀ ਧੀ ਸੀ। ਰੇਵਤੀ ਏਨੀ ਸੁੰਦਰ ਸੀ ਕਿ ਉਸਦੇ ਪਿਤਾ ਰੇਵਤ ਨੂੰ ਉਸਦੀ ਸੁੰਦਰਤਾ ਨਾਲ ਮੇਲ ਖਾਂਦਾ ਕੋਈ ਵਰ ਨਹੀਂ ਸੀ ਲਭਦਾ। ਹਾਰ ਕੇ ਰੇਵਤ ਬ੍ਰਹਮਾ ਕੋਲ ਗਿਆ ਤੇ ਉਸਨੂੰ ਰੇਵਤੀ ਲਈ ਮੁਨਾਸਿਬ ਵਰ ਦਸਣ ਲਈ ਆਖਿਆ। ਪਰ ਬ੍ਰਹਮਾ ਗੰਧਰਵਾਂ ਕੋਲੋਂ ਰਾਗ ਸੁਣਨ ਵਿਚ ਅਜੇਹਾ ਮਸਤ ਸੀ ਕਿ ਕਈ ਜੁਗ ਉਸ ਨੇ ਰੇਵਤ ਦੀ ਗੱਲ ਵਲ ਧਿਆਨ ਹੀ ਨਾ ਦਿਤਾ (ਓਦੋਂ ਸਤਿਗੁਰੂ ਜਗਜੀਤ ਸਿੰਘ ਜੀ ਹੀ ਸ਼ਾਇਦ ਬ੍ਰਹਮਾ ਦਾ ਰੂਪ ਧਾਰੀ ਬੈਠੇ ਹੋਣਗੇ !) ਕਈ ਜੁਗਾਂ ਤਕ ਰਾਗ ਦਾ ਆਨੰਦ ਮਾਣਨ ਤੋਂ ਬਾਅਦ ਬ੍ਰਹਮਾ ਨੇ ਰੇਵਤ ਨੂੰ ਕਿਹਾ ਕਿ ਰੇਵਤੀ ਦਾ ਵਿਆਹ ਸ੍ਰੀ ਕ੍ਰਿਸ਼ਣ ਦੇ ਭਰਾ ਬਲਰਾਮ ਨਾਲ ਕਰ ਦਿਓ। ਕਈ ਜੁਗ ਬੀਤ ਚੁਕੇ ਸਨ। ਬ੍ਰਹਮਾ ਦਾ ਉਪਦੇਸ਼ ਸੁਣ ਕੇ ਜਦੋਂ ਰੇਵਤ ਪ੍ਰਿਥਵੀ ਤੇ ਵਾਪਸ ਪਰਤਿਆ ਤਾਂ ਦੇਖਿਆ ਕਿ ਲੋਕਾਂ ਦੇ ਕੱਦ ਬੌਣੇ ਹੋ ਚੁਕੇ ਅਤੇ ਉਹ ਕਮਜ਼ੋਰ ਵੀ ਹੋ ਚੁਕੇ ਸਨ। ਪਰ ਰੇਵਤ ਨੇ ਬ੍ਰਹਮਾ ਦੇ ਹੁਕਮ ਅਨੁਸਾਰ ਤਾਂ ਵੀ ਰੇਵਤੀ ਦਾ ਵਿਆਹ ਬਲਰਾਮ ਨਾਲ ਕਰ ਦਿਤਾ। ਰੇਵਤੀ ਬਲਰਾਮ ਨਾਲੋਂ ਕਦ ਵਿਚ ਬਹੁਤ ਉਚੀ ਸੀ। ਬਲਰਾਮ ਨੇ ਆਪਣਾ ਸ਼ਸਤਰ ਜੋ ਕਿ 'ਹਲ' ਸੀ, ਰੇਵਤੀ ਦੇ ਮੋਢੇ ਉਪਰ ਰਖ ਕੇ ਏਨਾ ਦਬਾਇਆ ਕਿ ਰੇਵਤੀ ਆਪਣੇ ਮੇਚ ਦੀ ਕਰ ਲਈ। ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਿਸ਼ਣਾਵਤਾਰ ਵਿਚ ਲਿਖਿਆ ਹੈ:-

'ਜਬ ਪਿਯ ਤਿਯ ਕੀ ਓਰ ਨਿਹਾਰਯੋ,
ਛੋਟੇ ਹਮ, ਇਹ ਬਡੀ ਵਿਚਾਰਯੋ,

ਤਿਹ ਕੋ ਲੈ ਹਲ ਕੰਧਹਿ ਧਰਯੋ,
ਮਨ ਭਾਵਤ ਤਾਂ ਕੋ ਤਨੁ ਕਰਯੋ।'

ਰੇਵਤੀ ਕਾਨ੍ਹੜੇ ਨਾਲ ਸੰਬੰਧਿਤ ਰੇਵਤੀ ਦੀ ਕਥਾ ਸੁਣਾ ਕੇ ਆਪ ਨੇ ਦਸਿਆ ਕਿ ਸਾਰੰਗ ਰਾਗ ਦੇ ਅਠਾਈ ਪ੍ਰਕਾਰ ਸਿਖਾਉਣੇ ਸ਼ੁਰੂ ਕਰ ਰਹੇ ਹਾਂ।

ਤੀਹ ਪ੍ਰਕਾਰ ਮਲ੍ਹਾਰ ਦੇ, ਤੇਤੀ ਪ੍ਰਕਾਰ ਕਾਨੜ੍ਹਾ ਦੇ ਅਜੇ ਇਹ ਸਭ ਆਰੋਹ ਅਵਰੋਹ ਤੇ ਭਿੰਨ ਭਿੰਨ ਸਰਗਮ ਰੂਪਾਂ ਵਿਚ ਸੁਣਾਏ ਗਏ ਸਨ। ਪਰ ਜਦੋਂ ਇਹਨਾਂ ਸਾਰੇ ਰਾਗਾਂ ਦੇ ਸਭ ਪ੍ਰਕਾਰਾਂ ਦੇ ਅਲਾਪ ਅਤੇ ਬੰਦਸ਼ਾਂ ਦਾ ਵਿਸਥਾਰ ਹੋਵੇ ਓਦੋਂ ਕੈਸਾ ਸਮਾਂ ਬੱਝੇਗਾ- ਇਸਦਾ ਅਨੁਮਾਨ ਕਰਨਾ ਵੀ ਅੱਜ ਮੁਸ਼ਕਿਲ ਜਾਪਦਾ ਸੀ। ਪਰ ਉਹ ਸਭ ਹੋਣਾ ਤਾਂ ਹੈ ਹੀ ਏ।

ਹੁਣ ਸਿਮਰਤਪਾਲ ਕੌਰ ਦੀ ਵਾਰੀ ਸੀ। ਉਸਨੇ ਰਾਗ ਮਧੁਵੰਤੀ ਵਿਚ ਦਿਲਰੁਬਾ ਉਪਰ ਇਕ ਬੰਦਿਸ਼ ਵਜਾਈ।

ਸਿਮਰਤਪਾਲ ਕੌਰ ਤੋਂ ਬਾਅਦ ਰਣਵੀਰ ਸਿੰਘ ਨੇ ਦਿਲਰੁਬਾ ਉਪਰ ਹੀ ਰਾਗ ਬਿਹਾਗ ਵਜਾਉਣਾ ਸ਼ੁਰੂ ਕੀਤਾ ਇਹ ਇਸ ਸ਼ਬਦ ਦੀ ਬੰਦਿਸ਼ ਹੈ-

ਸੁਣ ਸਖੀਏ ਮੇਰੀ ਨੀਂਦ ਭਲੀ ... ਤੇ ਫਿਰ ਅਚਾਨਕ ਧਿਆਨ ਵਿਚ ਆ ਜਾਣ ਤੇ ਯਾਦ ਕਰਵਾਇਆ 'ਸਾਂਝ ਬਿਹਾਗ' ਮੈਂ ਆਖਿਆ 'ਜੀ ਸਮਝਿਆ ਨਹੀਂ'। ਤਾਂ ਸੇਵਕ ਰਛਪਾਲ ਸਿੰਘ ਨੂੰ ਫੁਰਮਾਨ ਹੋਇਆ 'ਸਾਂਝ ਬਿਹਾਗ ਕਢੋ।' -ਰਛਪਾਲ ਮਹਾਨ ਕੋਸ਼ ਕਢ ਕੇ ਬਹਿ ਗਿਆ। 'ਸਾਂਝ ਬਿਹਾਗ ਤਕੈ ਆਗਾਸ'-ਗੌੜੀ ਮਹਲਾ ੧ ਪੰਨਾ ੧੫੨

ਸਹਜੇ ਆਵੈ ਸਹਜੇ ਜਾਇ ॥
ਮਨ ਤੇ ਉਪਜੈ ਮਨ ਮਾਹਿ ਸਮਾਇ॥
ਗੁਰਮੁਖ ਮੁਕਤੋ ਬੰਧੁ ਨ ਪਾਇ॥
ਸਬਦੁ ਬੀਚਾਰਿ ਛੁਟੈ ਹਰਿ ਨਾਇ॥
ਤਰਵਰ ਪੰਖੀ ਬਹੁ ਨਿਸਿ ਬਾਸੁ॥
ਸੁਖ ਦੁਖੀਆ ਮਨਿ ਮੋਹ ਵਿਣਾਸੁ॥
ਸਾਝ ਬਿਹਾਗ ਤਕਹਿ ਆਗਾਸੁ॥
ਦਹ ਦਿਸਿ ਧਾਵਹਿ ਕਰਮਿ ਲਿਖਿਆਸੁ॥
ਨਾਮ ਸੰਜੋਗੀ ਗੋਇਲਿ ਥਾਟੁ॥
ਕਾਮ ਕਰੋਧ ਫੂਟੈ ਬਿਖੁ ਮਾਟੁ॥
ਬਿਨੁ ਵਖਰ ਸੂਨੋ ਘਰੁ ਹਾਟੁ॥
ਗੁਰ ਮਿਲ ਖੋਲੇ ਬਜਰ ਕਪਾਟ॥
ਸਾਧੁ ਮਿਲੈ ਪੂਰਬ ਸੰਜੋਗ॥
ਸਚਿ ਰਹਸੇ ਪੂਰੇ ਹਰਿ ਲੋਗ॥
ਤਨੁ ਮਨੁ ਦੇ ਲੈ ਸਹਜਿ ਸੁਭਾਇ॥
ਨਾਨਕ ਤਿਨ ਕੈ ਲਾਗਉ ਪਾਇ॥

ਇਸ ਸ਼ਬਦ ਦਾ ਰਾਗ ਬਿਹਾਗ ਨਾਲ ਤਾਂ ਕੋਈ ਸਬੰਧ ਨਹੀਂ ਸੀ- ਪਰ ਬਿਹਾਗ ਦੇ ਨਾਮ ਨਾਲ ਜੁੜੇ ਸ਼ਬਦ ਰਾਹੀਂ ਆਪ ਨੇ ਇਕ ਸਤਿ ਵਲ ਧਿਆਨ ਦਿਵਾ ਦਿਤਾ। ਜੀਵ ਰੂਪੀ ਪੰਛੀ-ਬਿਰਖ ਰੂਪ ਸੰਸਾਰ ਉਪਰ ਰਾਤ ਰੈਣ ਬਸੇਰੇ ਲਈ ਆਉਂਦੇ ਹਨ। ਕਰਮਾਂ ਅਨੁਸਾਰ.ਸੁਖ ਦੁਖ ਭੋਗ ਕੇ ਸਵੇਰ (ਬਿਹਾਗ) ਹੁੰਦਿਆਂ ਹੀ ਫਿਰ ਦਸਾਂ ਦਿਸ਼ਾਵਾਂ ਵਿਚ ਭਟਕਣ ਲਈ ਉਡ ਜਾਂਦੇ ਹਨ। ਪੂਰਬਲੇ ਕਰਮ ਹੋਣ ਤਾਂ ਗੁਰੂ ਮਿਲ ਜਾਂਦਾ ਹੈ-ਉਹ ਨਾਮ ਨਾਲ ਜੋੜ ਕੇ ਬਜਰ ਕਪਾਟ ਖੋਹਲਦਾ ਤੇ ਗਿਆਨ ਦਾ ਪ੍ਰਕਾਸ਼ ਕਰਦਾ ਹੈ। ਸ਼ਬਦਾਂ ਦੀ ਸਾਂਝ ਦਾ ਇਹੋ ਜਿਹਾ ਕੋਈ ਵੀ ਮੌਕਾ ਆਪ ਕਦੇ ਨਹੀਂ ਜਾਣ ਦੇਂਦੇ।

ਫਿਰ ਆਪ ਗਾਉਣ ਲਗੇ-

ਹੇ ਮਾਂ ਗਰਜ ਗਰਜ ਬਰਸ ਰਹੀਆਂ ਬੂੰਦਨੀਆਂ
ਡਰ ਪਾਇਓ ਬਿਜੁਰੀਆ
ਗਰਜ ਗਰਜ ਆਲੀ ਅਤਿ ਹੀ ਡਰਾਵੇ
ਬਿਨਾ ਪੀਆ ਮੋਹੇ ਚੈਨ ਨ ਆਵੈ ...

'ਇਹ ਦੇਸ਼ ਹੈ ਅਤੇ ਔਹ ਬੰਦਿਸ਼ ਭਾਈ ਕਾਲੂ ਦੀ ਹੈ ਦੇਸ ਖਮਾਚ ਵਿਚ-

ਚਾਓ ਚਾਓ ਪ੍ਰੇਮ ਖੇਲਨ ਕਾ ਚਾਓ
ਸਿਰ ਧਰ ਤਲੀ ਗਲੀ ਮੇਰੀ ਆਓ ...
... ...
ਮੋਰੀ ਤੋਰੀ ਤੋਰੀ ਮੋਰੀ ਨਾ ਬਣੇਗੀ ਸਿਆਮ
ਹਟੋ ਹਟੋ ਜਾਓ ਚਲੇ ਸੌਤਨ ਕੇ ਗਾਮ...

'ਤੇ ਇਹ ਰਾਜਨ ਸਾਜਨ ਜੀ ਦੀ ਬੰਦਿਸ਼ ਹੈ ਖਮਾਚ ਵਿਚ

ਰੋਕੋ ਨਾ ਗਾਇਲਵਾ ਮੇਰੀ
ਕਾਹੇ ਕਰਤ ਲਰਾਈ ..
ਗਗਰੀ ਗਿਰਾਈ ਮੇਰੀ
ਚੁਰੀਆਂ ਖਨਕਾਈ
ਮੈਂ ਤੋ ਜਾਇ ਕਹੂੰਗੀ ਜਸੁਮਤੀ ਸੇ
ਤੇਰੋ ਲਾਡਲੇ ਲਾਲ ਬ੍ਰਿਜ ਮੇ ਐਸੀ ਧੂਮ ਮਚਾਈ...।

'ਇਹ ਬਰਵਾ ਭੈਰਵੀ ਹੈ ...

ਜੋਗੀ ਜਤੀ ਬ੍ਰਹਮਚਾਰੀ
ਬਡੇ ਬਡੇ ਛਤ੍ਰ ਧਾਰੀ
ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈ ...

'ਤੇ ਔਹ ਵਲਾਇਤ ਖਾਂ ਸਾਹਿਬ ਦੀ ਬੰਦਿਸ਼ ਹੈ- ਹੋਰੀ...

ਛਡੋ ਡਗਰ ਬਨਵਾਰੀ
ਬਿਨਤੀ ਕਰਤ ਮੈ ਤੋ ਹਾਰੀ
ਭਰ ਪਿਚਕਾਰੀ ਮਾਰਤ ਕੇਸਰ
ਭੀਗ ਗਈ ਤਨ ਸਾਰੀ
ਅਬ ਨਾ ਰਹੂੰਗੀ ਤੇਰੀ ਨਗਰੀਆ
ਗਈ ਰੇ ਲਾਜ ਹਮਾਰੀ ...'

ਗਾਉਂਦਿਆਂ ਗਾਉਂਦਿਆਂ ਸੁਖਦੇਵ ਸਿੰਘ ਨੂੰ ਹੁਕਮ ਕੀਤਾ 'ਇਹ ਹੋਰੀ ਗੁਰਜੀਤ ਨੂੰ ਸਿਖਾਓ।' ਤੇ ਗੁਰਜੀਤ ਸੁਖਦੇਵ ਸਿੰਘ ਦੇ ਮਗਰ ਮਗਰ ਗਾਕੇ 'ਹੋਰੀ' ਸਿਖਣ ਲਗ ਪਿਆ। ਇਸ ਦੌਰਾਨ ਪਤਾ ਨਹੀਂ ਕਿਸ ਵੇਲੇ ਸੇਵਕ ਰਛਪਾਲ ਨੂੰ ਇਸ਼ਾਰਾ ਹੋ ਚੁਕਾ ਸੀ. ਉਸਨੇ ਉਸਤਾਦ ਵਲਾਇਤ ਖਾਂ ਸਾਹਿਬ ਨਾਲ ਫੋਨ ਮਿਲਾਇਆ। ...

ਬਚਨ ਹੋਇਆ-'ਹੁਣ ਮੈਂ ਬਿਲਕੁਲ ਠੀਕ ਹਾਂ, ਤੁਸਾਂ ਫਿਕਰ ਨਹੀਂ ਕਰਨਾ ਮੈਂ ਏਸੇ ਲਈ ਫੋਨ ਕੀਤਾ ਏ ਕਿ ਤੁਹਾਨੂੰ ਦੱਸ ਦਿਆਂ ਬਿਲਕੁਲ ਠੀਕ ਹਾਂ-ਹੋਰੀ ਗਾ ਰਹੇ ਆਂ-

ਛਾਡੋ ਡਗਰ ਬਨਵਾਰੀ ...'

ਅਤੇ ਹੁਣ ਵਾਰੀ ਸੀ ਪਰਮਜੀਤ ਕੌਰ ਦੀ। ਦਿਲਰੁਬਾ ਉਪਰ ਮਾਲ ਕੌਂਸ। ਪਰਮਜੀਤ ਤੋਂ ਬਾਅਦ ਗੁਰਦੀਪ ਕੌਰ ਨੇ ਸਿਤਾਰ ਉਪਰ ਬਿਹਾਗ ਵਜਾ ਕੇ ਸੁਣਾਇਆ।

■

ਡਾ: ਸਵਿੰਦਰ ਸਿੰਘ ਉੱਪਲ

ਮੀਰੀ ਪੀਰੀ ਦੇ ਸੁਮੇਲੀ– ਗੁਰੂ ਹਰਿਗੋਬਿੰਦ ਸਾਹਿਬ

ਮੀਰੀ ਤੇ ਪੀਰੀ ਦੀਆਂ ਤਲਵਾਰਾਂ, ਸਿੱਖ ਇਤਿਹਾਸ ਵਿਚ, ਪਹਿਲੀ ਵਾਰੀ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਪਾਈਆਂ ਸਨ। ਇਹ ਉਨ੍ਹਾਂ ਦਾ ਇਕ ਸੁਨਿਸਚਿਤ ਤੇ ਸੁਚੇਤ ਕਦਮ ਸੀ। ਗੁਰਗੱਦੀ ਉੱਤੇ ਬੈਠਣ ਵੇਲੇ ਉਨ੍ਹਾਂ ਬਾਬਾ ਬੁੱਢਾ ਜੀ, ਜੋ ਉਨ੍ਹਾਂ ਦੇ ਧਰਮ ਵਿਦਿਆ, ਸ਼ਸ਼ਤ੍ਰ ਵਿਦਿਆ ਤੇ ਸਿੱਖ ਇਤਿਹਾਸ ਦੇ ਉਸਤਾਦ ਸਨ, ਨੂੰ ਦੋ ਤਲਵਾਰਾਂ ਇਕ ਮੀਰੀ ਤੇ ਇਕ ਪੀਰੀ ਦੀ – ਪਹਿਨਾਣ ਲਈ ਕਿਹਾ ਸੀ।

ਮੀਰੀ ਤੇ ਪੀਰੀ ਦੀਆਂ ਤਲਵਾਰਾਂ, ਸਿੱਖ ਇਤਿਹਾਸ ਵਿਚ, ਪਹਿਲੀ ਵਾਰੀ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਪਾਈਆਂ ਸਨ। ਇਹ ਉਨ੍ਹਾਂ ਦਾ ਇਕ ਸੁਨਿਸਚਿਤ ਤੇ ਸੁਚੇਤ ਕਦਮ ਸੀ। ਗੁਰਗੱਦੀ ਉੱਤੇ ਬੈਠਣ ਵੇਲੇ ਉਨ੍ਹਾਂ ਬਾਬਾ ਬੁੱਢਾ ਜੀ, ਜੋ ਉਨ੍ਹਾਂ ਦੇ ਧਰਮ ਵਿਦਿਆ, ਸ਼ਸ਼ਤ੍ਰ ਵਿਦਿਆ ਤੇ ਸਿੱਖ ਇਤਿਹਾਸ ਦੇ ਉਸਤਾਦ ਸਨ, ਨੂੰ ਦੋ ਤਲਵਾਰਾਂ ਇਕ ਮੀਰੀ ਤੇ ਇਕ ਪੀਰੀ ਦੀ - ਪਹਿਨਾਣ ਲਈ ਕਿਹਾ ਸੀ। ਬਾਬਾ ਬੁੱਢਾ ਜੀ ਦੀ ਤਲਵਾਰ ਗ਼ਲਤ ਪਾਸੇ ਪਾਉਣ ਦੀ ਕੁਝ ਲੋਕਾਂ ਰਾਹੀਂ ਚਲਾਈ ਗੱਲ ਗ਼ਲਤ ਹੈ। ਬਾਬਾ ਬੁੱਢਾ ਜੀ, ਜੋ ਸ਼ਸ਼ਤ੍ਰ ਵਿਦਿਆ ਦੇ ਇਤਨੇ ਨਿਪੁੰਨ ਤੇ ਮਾਹਿਰ ਸਨ, ਕੋਲੋ ਇਹ ਗ਼ਲਤੀ ਕਿਵੇਂ ਹੋ ਸਕਦੀ ਸੀ? ਗੁਰੂ ਹਰਿਗੋਬਿੰਦ ਸਾਹਿਬ ਨੇ ਘੋੜ-ਸਵਾਰੀ ਸਿੱਖੀ, ਆਪਣੇ ਹੁਕਮਨਾਮਿਆਂ ਰਾਹੀਂ ਸਿੱਖਾਂ ਨੂੰ ਹਥਿਆਰ ਤੇ ਘੋੜੇ ਭੇਜਣ ਦੀਆਂ ਹਦਾਇਤਾਂ ਦਿੱਤੀਆਂ। ਫੌਜ ਰੱਖੀ, ਨਗਾਰੇ ਵਜਾਏ, ਨਿਸ਼ਾਨ ਸਾਹਿਬ ਝੁਲਾਏ ਅਤੇ ਅਬਦੁਲ ਨਥੇ ਢਾਡੀ ਕੋਲੋਂ ਸੂਰਮਿਆਂ ਦੀਆਂ ਵਾਰਾਂ ਸੰਗਤਾਂ ਨੂੰ ਸੁਣਵਾਈਆਂ। ਏਹ ਸਾਰੇ ਕਦਮ ਉਨ੍ਹਾਂ ਸੋਚ ਸਮਝ ਕੇ ਅਤੇ ਕਿਸੇ ਖ਼ਾਸ ਨਿਸ਼ਾਨੇ ਦੀ ਪ੍ਰਾਪਤੀ ਲਈ ਚੁੱਕੇ ਸਨ। ਇਸੇ ਕਾਰਨ ਸਿੱਖ ਗੁਰੂ ਸਾਹਿਬ ਜੀ ਨੂੰ 'ਸੱਚਾ ਪਾਤਸ਼ਾਹ' ਆਖਣ ਲਗ ਪਏ ਸਨ। ਭਗਤੀ ਲਈ ਗੁਰੂ ਅਰਜਨ ਦੇਵ ਜੀ ਦੇ ਬਣਾਏ ਗਏ ਪਵਿੱਤਰ ਅਸਥਾਨ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ, ਸਾਹਮਣੇ ਪਾਸੇ ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਕਤੀ ਦੇ ਪ੍ਰਤੀਕ ਸ੍ਰੀ ਅਕਾਲ-ਤਖ਼ਤ ਦੀ ਉਸਾਰੀ ਕਰਵਾਈ, ਜਿਥੇ ਬੈਠ ਕੇ ਆਪ ਸੰਗਤਾਂ ਨੂੰ ਉਪਦੇਸ਼ ਦਿਆ ਕਰਦੇ ਸਨ। ਬੁਰਜ ਲੋਹਗੜ੍ਹ ਵੀ ਬਣਵਾਇਆ ਗਿਆ ਸੀ।

ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪਿਤਾ ਤੇ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਪ੍ਰਵਾਨਗੀ ਅਤੇ ਇੱਛਾ ਅਨੁਸਾਰ ਗ੍ਰਹਿਣ ਕੀਤੀਆਂ ਸਨ। ਇਸ ਗੱਲ ਦੀ ਗਵਾਹੀ ਮੈਕਾਲਿਫ਼ ਆਪਣੀ ਅੰਗ੍ਰੇਜ਼ੀ ਦੀ ਪੁਸਤਕ 'ਸਿੱਖ ਰਿਲੀਜਨ' ਵਿਚ ਦੇਂਦਾ ਹੈ। ਭਾਈ ਮਨੀ ਸਿੰਘ ਆਪਣੀ ਪੁਸਤਕ 'ਸਿਖਾਂ ਦੀ ਭਗਤ ਮਾਲ' ਵਿਚ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੀ ਇਕ ਘਟਨਾ ਦਾ ਜ਼ਿਕਰ ਕਰਦੇ ਹਨ। ਗੁਰੂ ਅਰਜਨ ਦੇਵ ਜੀ ਦੇ ਅਗੇ ਦੋ ਸਿੱਖਾਂ ਪਿਰਾਗੂ ਤੇ ਜੇਤਾ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ, ਕਦੇ ਨੂਰਦੀਨ, ਕਦੇ ਬੀਰਬਲ ਤੇ ਕਦੇ ਸੁਲਹੀ ਚੜ੍ਹ ਕੇ ਆ ਜਾਂਦੇ ਹਨ। ਆਗਿਆ ਬਖਸ਼ੋ, ਸ਼ਸ਼ਤ੍ਰ ਧਾਰਨ ਕਰੀਏ।" ਅਗੋਂ ਗੁਰੂ ਜੀ ਨੇ ਉੱਤਰ ਦਿੱਤਾ, "ਉਤਾਵਲੇ ਨ ਹੋਵੋ, ਅਸਾਂ ਜੋ ਸ਼ਸ਼ਤ੍ਰ ਪਕੜਨੇ ਹੈਨ ਉਹ ਹਰਿਗੋਬਿੰਦ ਦੇ ਰੂਪ ਪਕੜਨੇ ਹੈਨ। ਅਸਾਂ ਆਪਣੇ ਸ਼ਸਤ੍ਰਾਂ ਨਾਲ ਮੀਰਾਂ ਦੀ ਮੀਰੀ ਖਿਚ ਲੈਣੀ ਹੈ ਤੇ ਪੀਰਾਂ ਦੀ ਪੀਰੀ।"

ਬਾਬਾ ਬੁੱਢਾ ਜੀ ਨੇ ਵੀ, ਗੁਰੂ ਅਰਜਨ ਦੇਵ ਜੀ ਦੀ ਧਰਮ ਪਤਨੀ ਮਾਤਾ ਗੰਗਾ ਜੀ ਦੇ ਸਪੁੱਤਰ ਦੀ ਦਾਤ ਮੰਗਣ ਸਮੇਂ, ਅਸ਼ੀਰਵਾਦ ਦਿੱਤਾ ਸੀ ਕਿ ਜਿਵੇਂ ਮੈਂ ਹੱਥ ਨਾਲ ਗੰਢਾ ਤੋੜਿਆ ਹੈ, ਉਸੇ ਤਰ੍ਹਾਂ ਤੁਹਾਡੇ ਘਰ ਜਨਮ ਲੈਣ ਵਾਲਾ ਸੂਰਬੀਰ ਸਪੁੱਤਰ ਜ਼ਾਲਮਾਂ ਦੇ ਸਿਰ ਭੰਨੇਗਾ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਵਰ-ਦਾਤਾ ਅਤੇ ਉਸਤਾਦ ਬਾਬਾ ਬੁੱਢਾ ਜੀ ਦੀ ਭਵਿਖ-ਬਾਣੀ ਨੂੰ ਸੱਚ ਕਰ ਵਿਖਾਇਆ ਸੀ। ਅਬਦੁਲ ਲਤੀਫ਼ ਦਾ ਇਹ ਲਿਖਣਾ ਦਰੁਸਤ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਇਕ ਇਤਨੀ

ਮਹੱਤਵਪੂਰਨ ਘਟਨਾ ਸੀ ਕਿ ਉਸ ਨੇ ਸਿੱਖ ਇਤਿਹਾਸ ਦਾ ਰੁੱਖ ਇਕ ਨਵੇਂ ਪਾਸੇ ਵਲ ਮੋੜ ਦਿੱਤਾ।

ਮੀਰੀ ਤੇ ਪੀਰੀ ਦੀਆਂ ਸ਼ਕਤੀਆਂ ਨੂੰ ਸਿੱਖ-ਇਤਿਹਾਸ ਵਿਚ ਕਈ ਸ਼ਬਦਾਂ ਨਾਲ ਯਾਦ ਕੀਤਾ ਜਾਂਦਾ ਰਿਹਾ ਹੈ। ਦੇਗ਼ (ਪੀਰੀ) ਅਤੇ ਤੇਗ਼ (ਮੀਰੀ) ਸ਼ਬਦਾਂ ਰਾਹੀਂ ਵੀ ਇਸ ਵਿਚਾਰਧਾਰਾ ਨੂੰ ਪੇਸ਼ ਕੀਤਾ ਗਿਆ ਹੈ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਜੋ ਸਿੱਕਾ ਆਪਣੇ ਰਾਜ ਸਮੇਂ ਰਾਇਜ ਕੀਤਾ ਸੀ ਉਸ ਉੱਪਰ ਉਸ ਲਿਖਵਾਇਆ ਸੀ:-

ਦੇਗ਼ੋ ਤੇਗ਼ੋ ਫ਼ਤਹਿ ਨੁਸਰਤ ਬੇਦਰੰਗ।
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਇਸ ਇਬਾਰਤ ਤੋਂ ਮਹਾਰਾਜਾ ਰਣਜੀਤ ਸਿੰਘ ਜੀ ਦੀ ਸੱਚੀ ਸਿੱਖੀ ਸ਼ਾਨ ਅਤੇ ਸ਼ੁਧ ਸ਼ਰਧਾ ਦਾ ਪ੍ਰਮਾਣ ਮਿਲਦਾ ਹੈ। ਦੇਗ਼ ਅਤੇ ਤੇਗ਼ ਨੂੰ ਸੁਮੇਲਣ ਵਾਲੀ ਸਿੱਖ-ਵਿਚਾਰਧਾਰਾ ਦਾ ਜ਼ਿਕਰ ਕਰਦਿਆਂ ਡਾਕਟਰ ਜਸਵੰਤ ਸਿੰਘ ਨੇਕੀ ਲਿਖਦਾ ਹੈ, "ਤੇਗ਼ ਸਰਬਲੋਹ ਦਾ ਸ਼ਸਤ੍ਰ ਵੀ ਹੈ ਤੇ ਅਕਾਲੀ ਜਲਾਲ ਦਾ ਸੰਕੇਤ ਵੀ। ਇਹ ਸੱਚ ਤੇ ਅਸੱਚ, ਨੇਕੀ ਤੇ ਬਦੀ ਵਿਚਾਲੇ ਦੇ ਵਿਰੋਧ ਦਾ ਵੀ ਸੰਕੇਤ ਦੇਂਦੀ ਹੈ। ਏਹੋ ਸੱਚ ਨੂੰ ਅਸੱਚ ਨਾਲ ਜੂਝਣ ਲਈ ਆਮਾਦਾ ਕਰਦੀ ਤੇ ਰਣ ਤੱਤੇ ਵਿਚ ਸੱਚ ਦਾ ਪਖ ਪੂਰਦੀ ਹੈ। . . . . . .ਉਸ (ਅਕਾਲ ਪੁਰਖ) ਦੀ ਤੇਗ਼ ਤੋਂ ਭਾਵ ਉਸ ਦਾ ਬਿਰਦ ਹੈ, ਜੋ ਆਪ ਅਕੱਟ ਵੀ ਹੈ, ਤੇ ਤੇਗ਼ ਵਾਂਗ ਵਰਤਦਾ ਵੀ ਹੈ। ਜੋ ਕੁਝ ਉਸ ਦੇ ਬਿਰਦ, ਉਸ ਦੇ ਸੁਭਾ ਵਿਚ ਨਹੀਂ, ਉਸ ਦੀ ਤੇਗ਼ ਵਿਚ ਵੀ ਨਹੀਂ। ਜੇਕਰ ਉਹ ਆਪ ਕਿਰਪਾਵਾਨ ਹੈ ਤਾਂ ਉਸ ਦੀ ਤੇਗ਼ ਵੀ ਕਿਰਪਾਨ ਹੈ, ਜੋ ਪੂਰਨ ਧਰਮ ਨਿਆਂ ਵਾਲੀ ਸ਼ਕਤੀ ਹੈ, ਜੋ ਸੰਤਾਂ ਨੂੰ ਸਤਿਕਾਰਦੀ, ਦੁਸ਼ਟਾਂ ਨੂੰ ਸੰਘਾਰਦੀ, ਹਉਮੈ ਦਾ ਵਿਨਾਸ਼ ਕਰਦੀ ਤੇ ਵਾਹਿਗੁਰੂ ਜੀ ਕੀ ਫ਼ਤਹ ਦੇ ਧੁਜ ਲਹਿਰਾਉਂਦੀ ਜਾਂਦੀ ਹੈ। ਇਹ ਅਕਾਲੀ ਤੇਗ਼ ਹੀ ਮਨੁੱਖੀ ਆਤਮਾ ਦੇ ਸਰਬ ਲੋਹ ਨੂੰ ਸਾਨ ਤੇ ਚਾੜ੍ਹ ਉਸ ਨੂੰ ਤੇਗ਼ ਦਾ ਧਨੀ ਬਣਾਉਂਦੀ ਹੈ, 'ਤਿਆਗ ਮਲ' ਨੂੰ ਤੇਗ਼ ਬਹਾਦਰ ਵਿਚ ਤਬਦੀਲ ਕਰ ਜਾਂਦੀ ਹੈ, ਭਗਤੀ ਵਿਚੋਂ ਸ਼ਕਤੀ ਪੈਦਾ ਕਰਦੀ ਹੈ। ਭਗਤੀ-ਸ਼ਕਤੀ ਦੇ ਸੁਮੇਲ ਵਾਲੀ ਤੇਗ਼ ਸਤਿਗੁਰਾਂ ਆਪ ਵੀ ਧਾਰਨ ਕੀਤੀ, ਆਪਣੇ ਸਿੱਖਾਂ ਨੂੰ ਵੀ ਧਾਰਨ ਕਰਵਾਈ।- - - - -

"ਕਿਰਪਾਨ ਕਿਉਂਕਿ ਸ਼ਕਤੀ ਦਾ ਸ਼ਸਤ੍ਰ ਹੈ, ਇਸ ਲਈ ਸੁਭਾਵਕ ਹੀ ਇਹ ਮੀਰੀ ਦਾ ਚਿੰਨ੍ਹ ਹੈ। ਪਰ ਸਿੱਖੀ ਵਿਚ ਇਹ ਪੀਰੀ ਦਾ ਵੀ ਚਿੰਨ੍ਹ ਹੈ। ਅਸਲ ਵਿਚ ਸਤਿਗੁਰਾਂ (ਗੁਰੂ ਗੋਬਿੰਦ ਸਿੰਘ) ਨੇ ਅਕਾਲ ਪੁਰਖ ਨੂੰ ਖੜਗਧਾਰੀ ਹੀ ਮੰਨਿਆ ਹੈ: ਸ੍ਰੀ ਅਸਿਕੇਤ ਜਗਤ ਕੇ ਈਸਾ (ਚਰਿਤ੍ਰ ੪੦੫, ੩੭੫-੨). . . . . ਭਾਵੇਂ ਸਿੱਖੀ ਦੇ ਘਰ ਮੀਰੀ ਤੇ ਪੀਰੀ ਇਕੱਠੇ ਹਨ, ਪਰ ਪ੍ਰਾਥਮਿਕਤਾ ਪੀਰੀ ਦੀ ਹੈ। ਸ਼ਕਤੀ ਨੂੰ ਸਦਾ ਭਗਤੀ ਦੇ ਅਧੀਨ ਹੋ ਕੇ ਵਿਚਰਨਾ ਚਾਹੀਦਾ ਹੈ।"(੧)

ਇਸੇ ਵਿਚਾਰਧਾਰਾ ਦੇ ਸੁਮੇਲ ਦਾ ਜ਼ਿਕਰ ਭਗਤੀ (ਪੀਰੀ) ਅਤੇ ਸ਼ਕਤੀ (ਮੀਰੀ) ਦੇ ਸ਼ਬਦਾਂ ਰਾਹੀਂ ਵੀ ਕੀਤਾ ਜਾਂਦਾ ਹੈ। ਭਗਤੀ ਭਾਵਨਾ ਮੁੱਢਲੀ ਅਤੇ ਪਹਿਲੀ ਲੋੜ ਹੈ ਜੋ ਸ਼ਕਤੀ ਨੂੰ ਸਹੀ ਸੇਧ ਦੇਂਦੀ ਹੈ ਅਤੇ ਆਪਣੇ ਕਾਬੂ ਵਿਚ ਰਖਦੀ ਹੈ। ਏਹ ਦੋਵੇਂ ਸ਼ਕਤੀਆਂ (ਮੀਰੀ ਤੇ ਪੀਰੀ) ਇਕ ਦੂਜੇ ਦੀਆਂ ਪੂਰਕ ਤਾਂ ਹਨ ਪਰ ਇਹਨਾਂ ਦਾ ਸਰੂਪ ਵੱਖਰਾ ਅਤੇ ਨਿਵੇਕਲਾ ਹੈ। ਇਹ ਵਿਚਾਰ ਗੁਰੂ ਹਰਿਗੋਬਿੰਦ ਸਾਹਿਬ ਦੀ ਇਕ ਜੀਵਨ-ਘਟਨਾ ਰਾਹੀਂ ਸਮਝਿਆ ਜਾ ਸਕਦਾ ਹੈ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੀ ਮੀਰੀ ਵਾਲੀ ਤਲਵਾਰ ਜੰਗ ਕਰਦਿਆਂ ਟੁਟ ਗਈ। ਬਾਬਾ ਬੁੱਢਾ ਜੀ ਵੀ ਨਾਲ ਸਨ। ਉਨ੍ਹਾਂ ਕਿਹਾ ਕਿ ਦੂਜੀ ਪੀਰੀ ਵਾਲੀ ਤਲਵਾਰ ਕੱਢ ਲਉ। ਗੁਰੂ ਜੀ ਨੇ ਉਸ ਵੇਲੇ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਦਾ ਰਾਜ਼ ਸਮਝਾਉਂਦਿਆਂ ਫ਼ਰਮਾਇਆ, "ਮੀਰੀ ਦੀ ਤਲਵਾਰ ਜਦੋਂ ਜ਼ਾਲਮਾਂ ਦਾ ਖ਼ਾਤਮਾ ਕਰਨ ਲਈ ਵਰਤੀ ਜਾਂਦੀ ਹੈ ਤਾਂ ਵੀ ਉਸ ਵੇਲੇ ਪੀਰੀ ਦੀ ਤਲਵਾਰ ਗਾਤ੍ਰੇ ਵਿਚ ਰਹਿੰਦੀ ਹੈ। ਮੀਰੀ ਦੀ ਤਲਵਾਰ ਵੀ ਭਾਵੇਂ ਉਧਾਰ ਕਰਨ ਖ਼ਾਤਰ ਹੀ ਨਿਕਲਦੀ ਹੈ ਪਰ ਪੀਰੀ ਦੀ ਕਿਰਪਾਨ ਨੈਤਿਕ ਨਿਯੰਤ੍ਰਣ ਦਾ ਫ਼ਰਜ਼ ਪੂਰਾ ਕਰਦੀ ਹੈ।" ਇੰਜ ਮੀਰੀ ਤੇ ਪੀਰੀ ਦੀਆਂ ਸ਼ਕਤੀਆਂ ਇਕ ਦੂਜੇ ਦੀਆਂ ਸਹਾਇਕ ਬਣ ਕੇ ਵੀ ਆਪਣੀ ਵਖਰੀ ਹੋਂਦ ਨੂੰ ਕਾਇਮ ਰਖਦੀਆਂ ਹਨ।

ਇੰਜ ਹੀ ਇਹਨਾਂ ਦੋਹਾਂ ਸ਼ਕਤੀਆਂ ਦੇ ਪ੍ਰਗਟਾਉ ਲਈ ਸੰਤ (ਪੀਰੀ) ਅਤੇ ਸਿਪਾਹੀ (ਮੀਰੀ) ਦੇ ਸ਼ਬਦ ਵਰਤੇ ਜਾਂਦੇ ਹਨ। ਗੁਰੂ ਸਾਹਿਬਾਨ ਆਪਣੇ ਸਿੱਖ ਨੂੰ ਇਕੋ ਸਮੇਂ ਸੰਤ (ਅਧਿਆਤਮਕਤਾ ਦਾ ਪ੍ਰਤੀਕ) ਤੇ ਸਿਪਾਹੀ (ਬੀਰਤਾ ਦਾ ਮਾਲਕ) ਬਣਾਨਾ ਚਾਹੁੰਦੇ ਸਨ, ਤਾਂ ਕਿ ਉਹ ਇਹਨਾਂ ਦੋਹਾਂ ਸ਼ਕਤੀਆਂ ਤੋਂ ਹਮੇਸ਼ਾਂ ਪ੍ਰੇਰਨਾ ਅਤੇ ਅਗਵਾਈ ਲੈਂਦੇ ਰਹਿਣ।

ਗੁਰੂ ਨਾਨਕ ਦੇਵ ਜੀ ਆਪਣੇ ਸਿੱਖ ਨੂੰ ਇਕ ਸੰਪੂਰਨ ਮਨੁੱਖ ਬਣਾਉਣਾ ਚਾਹੁੰਦੇ ਸਨ ਜੋ ਹਰ ਵੇਲੇ ਪ੍ਰਮਾਤਮਾ ਨੂੰ ਯਾਦ ਰਖੇ ਅਤੇ ਜ਼ੁਲਮ ਅਤੇ ਜ਼ਿਆਦਤੀ ਦਾ ਵਿਰੋਧ ਕਰਨ ਦੀ ਦਲੇਰੀ ਰਖਦਾ ਹੋਵੇ। ਗੁਰੂ ਨਾਨਕ ਦੇਵ ਤੋਂ ਪਹਿਲਾਂ ਭਗਤ ਕਬੀਰ ਨੇ ਵੀ ਇਹਨਾਂ ਦੋਹਾਂ ਸ਼ਕਤੀਆਂ ਦਾ ਹਰ ਮਨੁੱਖ ਵਿਚ ਹੋਣਾ ਜ਼ਰੂਰੀ ਦਸਿਆ ਸੀ:-

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥
(ਮਾਰੂ ਕਬੀਰ ਜੀ)

"ਗੁਰੂ ਨਾਨਕ ਦੇਵ ਜੀ ਜਦੋਂ ਵੀ ਸੂਰਮਤਾਈ (ਭਾਵ ਸ਼ਕਤੀ) ਦਾ ਜ਼ਿੱਕਰ ਕਰਦੇ ਹਨ ਤਾਂ ਫੌਰਨ ਹੀ ਉਸ ਦੇ ਨਾਲ ਅਧਿਆਤਮਕ ਪਹਿਲੂ (ਭਾਵ ਭਗਤੀ) ਨੂੰ ਵੀ ਜੋੜ ਦਿੰਦੇ ਹਨ। ਸੂਰਮੇ ਨੂੰ, ਬਿਨਾਂ ਅਧਿਆਤਮਕ ਸ਼ਕਤੀ ਦੇ, ਉਹ ਸੂਰਬੀਰ ਹੀ ਨਹੀਂ ਮੰਨਦੇ ਸਗੋਂ ਹਮੇਸ਼ਾਂ ਇਹਨਾਂ ਦੋਹਾਂ ਸ਼ਕਤੀਆਂ ਦੇ ਸੁਮੇਲ ਨੂੰ ਹੀ ਪੇਸ਼ ਕਰਦੇ ਹਨ:

ਤਿਥੈ ਜੋਧ ਮਹਾਂ ਬਲ ਸੂਰ॥
ਤਿਨ ਮਹਿ ਰਾਮੁ ਰਹਿਆ ਭਰਪੂਰ॥ (ਜਪੁਜੀ-ਪਉੜੀ-੩੭)

- - - - -ਗੁਰੂ ਨਾਨਕ ਸਾਹਿਬ ਇਸ ਗੱਲ ਤੋਂ ਵੀ ਜਾਣੂ ਸਨ ਕਿ ਪੰਜ ਭੂਤਕ ਮਨੁੱਖ ਆਪਣੀ ਸਭ ਤੋਂ ਕੀਮਤੀ ਵਸਤੂ ਆਪਣਾ ਸਰੀਰ ਮੰਨਦਾ ਹੈ ਜਿਸ ਵਿਚ ਆਤਮਾ ਦਾ ਵਾਸਾ ਹੈ। ਜਿਤਨਾ ਚਿਰ ਕੋਈ ਮਨੁੱਖ ਆਪਣਾ ਸਰੀਰ ਕੁਰਬਾਨ ਕਰਨ ਦੀ ਭਾਵਨਾ ਨਹੀ ਪੈਦਾ ਕਰ ਸਕਦਾ, ਉਤਨਾਂ ਚਿਰ ਉਹ ਆਪਣੇ ਆਪ ਦਾ ਮਾਲਕ ਨਹੀਂ ਅਖਵਾ ਸਕਦਾ, ਸਗੋਂ ਉਹ ਸਰੀਰ ਦਾ ਗ਼ੁਲਾਮ ਹੁੰਦਾ ਹੈ ਜਿਸ ਦੇ ਸੁਖ ਦੀ ਉਹ ਹਮੇਸ਼ਾਂ ਲੋਚਾ ਕਰਦਾ ਰਹਿੰਦਾ ਹੈ। - - - - ਗੁਰੂ ਨਾਨਕ ਸਾਹਿਬ ਆਪਣੇ ਸਿੱਖ ਤੋਂ ਫੀਸ ਦੀ ਮੰਗ ਕਰਦਿਆਂ ਫੁਰਮਾਉਂਦੇ ਹਨ:-

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਇਤੁ ਮਾਰਗਿ ਪੈਰੁ ਧਰੀਜੈ॥
ਸਿਰ ਦੀਜੈ ਕਾਣਿ ਨ ਕੀਜੈ॥" (੨)

ਗੁਰੂ ਅਮਰਦਾਸ ਜੀ ਵੱਡਾ ਤੇ ਬਹਾਦਰ ਸੂਰਮਾ ਉਸੇ ਨੂੰ ਮੰਨਦੇ ਹਨ ਜਿਹੜਾ ਆਪਣੇ ਅੰਦਰ ਅਧਿਆਤਮਕ ਗੁਣ ਪੈਦਾ ਕਰਨ ਲਈ ਆਪਣੇ ਅੰਦਰ ਵਸਦੇ ਦੁਸ਼ਮਣ ਅਹੰਕਾਰ ਨੂੰ ਮਾਰ ਲੈਂਦਾ ਹੈ:-

ਨਾਨਕ ਸੋ ਸੂਰਾ ਵਰੀਆਮੁ
ਜਿਨੀ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥
(ਵਾਰ ਸਿਰੀ-੩)

ਇਸੇ ਨਿਸ਼ਾਨੇ ਨੂੰ ਸਾਹਮਣੇ ਰਖ ਕੇ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਇਸ ਜੁਗ ਵਿਚ ਸੂਰਮਾ ਉਹੋ ਹੀ ਅਖਵਾ ਸਕਦਾ ਹੈ ਜੋ ਆਪਣੇ ਆਪ ਨੂੰ ਹਰੀ ਦੇ ਰੰਗ (ਅਧਿਆਤਮਕਤਾ) ਵਿਚ ਰੰਗ ਲੈਂਦਾ ਹੈ:-

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ॥
ਆਤਮ ਜਿਣੈ ਸਗਲ ਵਸਿ ਤਾ ਕੈ
ਜਾ ਕਾ ਸਤਿਗੁਰੁ ਪੂਰਾ॥ (ਧਨਾਸਰੀ)

ਗੁਰੂ ਗੋਬਿੰਦ ਸਿੰਘ ਜੀ, ਬਾਕੀ ਗੁਰੂ ਸਾਹਿਬਾਨ ਵਾਂਗ, ਪੀਰੀ ਦੀ ਸ਼ਕਤੀ ਨੂੰ ਮੀਰੀ ਦੀ ਸ਼ਕਤੀ ਦੇ ਮੁਕਾਬਲੇ ਉੱਤੇ ਪਹਿਲ ਦੇਂਦੇ ਹਨ। ਜਦੋਂ ਉਹ ਅਕਾਲ ਪੁਰਖ ਕੋਲੋਂ ਵਰ ਮੰਗਦੇ ਹਨ ਤਾਂ ਸਭ ਤੋਂ ਪਹਿਲਾਂ ਸ਼ੁਭ ਕਰਮ ਦੀ ਦਾਤ ਮੰਗਦੇ ਹਨ ਕਿਉਂਕਿ ਉਹ ਜਾਣਦੇ ਸਨ ਕਿ *'ਵਿਣ ਗੁਣ ਕੀਤੇ ਭਗਤਿ ਨ ਹੋਇ॥"* ਉਨ੍ਹਾਂ ਦਾ ਬਹੁਤ ਹੀ ਪ੍ਰਸਿਧ ਸ਼ਬਦ ਹੈ:-

ਦੇਹ ਸ਼ਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੂੰ॥
ਨ ਡਰੂੰ ਅਰਿ ਸਿਉ ਜਬ ਜਾਇ ਲਰੂੰ
ਨਿਸਚੈ ਕਰ ਅਪਨੀ ਜੀਤ ਕਰੂੰ॥

ਉਹ ਇਹ ਵੀ ਫ਼ਰਮਾਉਂਦੇ ਹਨ ਕਿ ਇਸ ਦੁਨੀਆਂ ਵਿਚ ਦੇਗ (ਪੀਰੀ) ਅਤੇ ਤੇਗ (ਮੀਰੀ) ਦੋਹਾਂ ਦੀ ਬੜੀ ਲੋੜ ਹੈ:-

ਦੇਗ ਤੇਗ ਜਗ ਮੈ ਦੋਊ ਚਲੈ॥
ਰਾਖ ਆਪ ਮੁਹਿ ਅਵਰ ਨ ਦਲੈ॥

ਪੀਰੀ ਦੀ ਸ਼ਕਤੀ ਮਨੁੱਖ ਅੰਦਰ ਕੋਮਲਤਾ, ਪਿਆਰ, ਦਇਆ, ਧਰਮ, ਨੇਕੀ ਆਦਿ ਦੇ ਗੁਣ ਪੈਦਾ ਕਰਦੀ ਹੈ ਅਤੇ ਮੀਰੀ ਦੀ ਭਾਵਨਾ ਬਹਾਦਰੀ, ਅਣਖ, ਸਵੈਮਾਨ ਆਦਿ ਦੀਆਂ ਖ਼ੂਬੀਆਂ ਪ੍ਰਦਾਨ ਕਰਦੀ ਹੈ। ਪਰ ਇਹਨਾਂ ਦੋਹਾਂ-ਪੀਰੀ ਤੇ ਮੀਰੀ ਦਾ ਇਕੱਠਾ ਰਹਿਣਾ ਜ਼ਰੂਰੀ ਹੈ। ਜੇ ਮਨੁੱਖ ਕੋਲ ਸਿਰਫ਼ ਕੋਮਲਤਾ ਤੇ ਦਇਆ ਹੈ ਤਾਂ ਉਸਦੇ ਬੁਜ਼ਦਿਲ ਤੇ ਡਰਪੋਕ ਬਣ ਜਾਣ ਦਾ ਡਰ ਬਣਿਆ ਰਹਿੰਦਾ ਹੈ ਅਤੇ ਜੇ ਉਸ ਕੋਲ ਸਿਰਫ਼ ਤੇਗ ਹੈ ਤੇ ਉਸ ਦੇ ਜ਼ਾਲਮ, ਜਾਬਰ ਤੇ ਨਿਰਦਈ ਬਣ ਜਾਣ ਦੀ ਬੜੀ ਸੰਭਾਵਨਾ ਹੁੰਦੀ ਹੈ। ਇਸੇ ਕਾਰਨ ਉਰਦੂ ਦਾ ਪ੍ਰਸਿਧ ਸ਼ਾਇਰ ਸਰ ਮੁਹੰਮਦ ਇਕਬਾਲ ਧਰਮ ਤੇ ਰਾਜਨੀਤੀ ਦਾ ਸੁਮੇਲ ਚਾਹੁੰਦਾ ਹੈ। ਭਾਰਤੀ ਇਤਿਹਾਸ ਦੇ ਸੰਦਰਭ ਨੂੰ ਮੁਖ ਰਖ ਕੇ ਉਹ ਕਹਿੰਦਾ ਹੈ:-

ਜਲਾਲੇ ਬਾਦਸ਼ਾਹੀ ਹੋ ਕਿ ਮਜਹੂਰੀ ਤਮਾਸ਼ਾ ਹੋ,
ਜੁਦਾ ਹੋ ਦੀਂ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜ਼ੀ।

ਬਿਸਮਾਰਕ ਵੀ ਕੌਮਾਂ ਨੂੰ ਤਕੜਿਆਂ ਹੋਣ ਦੀ ਪ੍ਰੇਰਨਾ ਦੇਂਦਾ ਹੈ। ਉਸ ਅਨੁਸਾਰ ਕਮਜ਼ੋਰ ਕੌਮਾਂ ਨੂੰ ਤਾਂ ਨਰਕ ਹੀ ਨਸੀਬ ਹੁੰਦਾ ਹੈ। ਭਾਈ ਰਤਨ ਸਿੰਘ ਭੰਗੂ ਅਨੁਸਾਰ (੪) ਸਿੰਘਾਂ ਨੇ ਭਗਤੀ ਤੇ ਸ਼ਕਤੀ ਦੀਆਂ ਭਾਵਨਾਵਾਂ ਨੂੰ ਸੁਮੇਲਣ ਕਾਰਨ ਹੀ ਜਸ ਤੇ ਨਾਮਣਾ ਖੱਟਿਆ ਹੈ:-

ਸਿੰਘ ਹੁਤੇ ਤਪੀਏ ਜਪੀਏ ਸਿਦਕੀ
ਤਬਹੂ ਸਤਿ ਔਰ ਜਤਵਾਰੇ।
ਬੀਰ ਬਿਸਾਲ ਦਾਤਾਰ ਬਲੀ,
ਦਿਲ ਕੇ ਸੁਚੇ ਸਾਫ਼ ਔ ਭੋਲੇ ਭੰਡਾਰੇ।

ਇਤਿਹਾਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਦੀ ਇਕ ਹੋਰ ਘਟਨਾ ਦਸਦੀ ਹੈ ਕਿ ਸਮਰਥ ਰਾਮਦਾਸ (ਜੋ ਬਾਅਦ ਵਿਚ ਸ਼ਿਵਾ ਜੀ ਦੇ ਉਸਤਾਦ ਵੀ ਬਣੇ) ਵੀ ਗੁਰੂ ਜੀ ਦੀ ਮੀਰੀ ਤੇ ਪੀਰੀ ਦੀ ਸੁਮੇਲਣ ਸ਼ਕਤੀ ਨੂੰ ਵੇਖ ਕੇ ਉਨ੍ਹਾਂ ਦੇ ਕਾਇਲ ਹੋ ਗਏ ਸਨ। ਜ਼ਿਕਰ ਆਉਂਦਾ ਹੈ ਕਿ ਜਦੋਂ ਰਾਮਦਾਸ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਸ਼ਸ਼ਤ੍ਰ-ਬਧ ਵੇਖਿਆ ਤਾਂ ਉਸ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਸੀ, "ਮੈਂ ਨੇ ਤੋ ਸੁਨਾ ਥਾ ਗੁਰੂ ਨਾਨਕ ਏਕ ਤਿਆਗੀ ਸਾਧੂ ਥੇ। ਆਪ ਗ੍ਰਿਹਿਸ਼ਤੀ ਹੈਂ। ਆਪ ਸ਼ਸ਼ਤਰ ਧਾਰੀ ਭੀ ਹੈਂ। ਆਪ ਕੈਸੇ ਫ਼ਕੀਰ ਹੈਂ?"

ਗੁਰੂ ਹਰਿਗੋਬਿੰਦ ਸਾਹਿਬ ਨੇ ਉੱਤਰ ਦਿੱਤਾ, "ਸ਼ਸ਼ਤ੍ਰ ਗਰੀਬ ਕੀ ਰਖ਼ਸ਼ਾ ਅਰ ਜਰਵਾਨੇ ਕੀ ਭੱਖਿਆ ਕੇ ਲੀਏ ਹੈ। ਗੁਰੂ ਨਾਨਕ ਨੇ ਸੰਸਾਰ ਨਹੀ ਤਿਆਗਾ ਥਾ, ਮਾਇਆ ਤਿਆਗੀ ਥੀ, ਬਾਤਨ ਫ਼ਕੀਰੀ ਜ਼ਾਹਿਰ ਅਮੀਰੀ।" ਅਗੋਂ ਰਾਮਦਾਸ ਨੇ ਖ਼ੁਸ਼ ਹੋ ਕੇ ਆਖਿਆ ਸੀ, "ਯੇਹ ਬਾਤ ਮੇਰੇ ਮਨ ਭਾਵਤੀ ਹੈ।"

ਕ੍ਰਿਸ਼ਨ ਭਗਵਾਨ ਨੇ ਵੀ ਮਹਾਂਭਾਰਤ ਦੇ ਜੁਧ ਸਮੇਂ ਅਰਜਨ ਦੇ ਇਹ ਪੁਛਣ ਤੇ ਕਿ ਦੇਸ਼ ਉੱਤੇ ਆਈ ਮੁਸੀਬਤ ਨੂੰ ਹਮੇਸ਼ਾਂ ਲਈ ਰੋਕਣ ਦਾ ਇਲਾਜ ਕੀ ਹੈ? ਫ਼ਰਮਾਇਆ ਸੀ, "ਅਗੋ ਸ਼ਾਸ਼ਤ੍ਰ ਪਿਛੇ ਸ਼ਸ਼ਤ੍ਰ"।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਰਬਲੇ ਜਨਮ ਦੀ ਗੱਲ ਦਸਦਿਆਂ, 'ਬਚਿਤ੍ਰ ਨਾਟਕ' ਵਿਚ ਸ਼ਕਤੀ ਤੇ ਭਗਤੀ ਨੂੰ ਸੁਮੇਲਣ ਦੀ ਇੱਛਾ ਪ੍ਰਭੂ ਪ੍ਰਮਾਤਮਾ ਦਾ ਮਿਲਿਆ ਹੁਕਮ ਦਸਿਆ ਹੈ। ਉਹ ਫ਼ੁਰਮਾਉਂਦੇ ਹਨ ਕਿ ਸਰਬ ਸ਼ਕਤੀਵਾਨ ਪ੍ਰਭੂ ਨੇ ਮੈਨੂੰ ਮਾਤਲੋਕ ਵਿਚ ਭੇਜਣ ਸਮੇਂ ਸ੍ਰਿਸ਼ਟੀ ਰਚਨਾ ਦੇ ਆਦਿ ਬਾਰੇ ਸਮਝਾਇਆ ਕਿ ਪਹਿਲਾਂ ਮੈਂ ਸੰਸਾਰ ਵਿਚ ਦੈਂਤ (ਸ਼ਕਤੀ ਦੇ ਪ੍ਰਤੀਕ) ਭੇਜੇ ਸਨ ਪਰ ਓਹਨਾਂ ਮੇਰੇ ਵਲੋਂ ਮਿਲੀ ਸ਼ਕਤੀ ਦੀ ਗ਼ਲਤ ਵਰਤੋਂ ਕੀਤੀ ਅਤੇ ਸ਼ਕਤੀ ਕਾਰਨ ਪਾਗ਼ਲ ਹੋ ਗਏ। ਫਿਰ ਮੈਂ ਓਹਨਾਂ ਦੀ ਥਾਂ ਦੇਵਤੇ (ਭਗਤੀ ਦੇ ਪ੍ਰਤੀਕ) ਭੇਜੇ ਪਰ ਓਹ ਵੀ ਆਪਣੇ ਆਪ ਨੂੰ ਪਰਮੇਸ਼ਵਰ ਅਖਵਾਉਣ ਲਗ ਪਏ ਅਤੇ ਆਪਣੀ ਪੂਜਾ ਕਰਾਉਣੀ ਸ਼ੁਰੂ ਕਰ ਦਿੱਤੀ। ਇਸੇ ਕਾਰਨ ਮੈਂ ਹੁਣ ਤੁਹਾਨੂੰ ਭੇਜ ਰਿਹਾ ਹਾਂ। ਗੁਰੂ ਜੀ ਫ਼ਰਮਾਉਂਦੇ ਹਨ:-

ਜਬ ਪਹਿਲੇ ਹਮ ਸ੍ਰਿਸਟਿ ਬਨਾਈ॥
ਦਈਤ ਰਚੇ ਦੁਸਟ ਦੁਖਦਾਈ॥
ਤੇ ਭੁਜਬਲ ਬਵਰੈ ਹ੍ਵੈ ਗਏ॥
ਪੂਜਤ ਪਰਮ ਪੁਰਖ ਰਹਿ ਗਏ॥
ਤੇ ਹਮ ਤਮਕਿ ਤਨਕ ਮੋ ਖਾਪੇ॥
ਤਿਨਕੀ ਠਉਰ ਦੇਵਤਾ ਥਾਪੇ॥
ਤੇ ਭੀ ਬਲ ਪੂਜਾ ਉਰਝਾਏ॥
ਆਪਨ ਹੀ ਪਰਮੇਸਰ ਕਹਾਏ॥

ਪ੍ਰਭੂ ਵਲੋਂ ਮਿਲੇ ਇਸ ਹੁਕਮ ਦੀ ਪੂਰੀ ਤਰ੍ਹਾਂ ਪਾਲਣਾ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਿਆ ਅਤੇ ਇਹ ਗੱਲ ਐਲਾਨੀਆਂ ਤੌਰ ਤੇ ਆਖ ਦਿੱਤੀ:-

ਜੋ ਹਮ ਕੋ ਪਰਮੇਸਰ ਉਚਰਿਹੈ।।
ਤੇ ਸਭ ਨਰਕਿ ਕੁੰਡ ਮਹਿ ਪਰਿਹੈ।।
ਮੋਕੋ ਦਾਸੁ ਤਵਨ ਕਾ ਜਾਨੋ।।
ਯਾ ਮੈ ਭੇਦੁ ਨ ਰੰਚ ਪਛਾਨੋ।।
ਮੈ ਹੋ ਪਰਮ ਪੁਰਖ ਕੋ ਦਾਸਾ।।
ਦੇਖਨਿ ਆਯੋ ਜਗਤ ਤਮਾਸਾ।।

ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ ਅਤੇ ਪੀਰੀ ਦੇ ਸੁਮੇਲਣ-ਰਹੱਸ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਭਾਰਤ ਵਿਚ ਹੋਏ ਸਮਾਜ-ਵਿਕਾਸ ਵਲ ਸੰਖੇਪ ਜਿਹੀ ਝਾਤੀ ਮਾਰੀ ਜਾਏ। ਭਾਰਤ ਵਿਚ ਸਮਾਜ ਨੂੰ ਚਾਰ ਵਰਣਾ- ਬ੍ਰਾਹਮਣ, ਕਸ਼ਤ੍ਰੀ, ਵੈਸ਼ ਤੇ ਸੂਦਰ- ਵਿਚ ਵੰਡ ਦਿੱਤਾ ਗਿਆ ਅਤੇ ਓਹਨਾਂ ਦੇ ਜ਼ਿੰਮੇ ਇਕ ਇਕ ਕੰਮ ਵਿਸ਼ੇਸ਼ ਤੌਰ ਤੇ ਲਗਾ ਦਿੱਤਾ ਗਿਆ। ਬ੍ਰਾਹਮਣ ਦਾ ਕੰਮ ਪੂਜਾ ਪਾਠ, ਕਸ਼ਤ੍ਰੀ ਨੂੰ ਦੇਸ ਦੀ ਰਖਿਆ ਲਈ ਸ਼ਸ਼ਤ੍ਰ- ਵਿਦਿਆ ਸਿਖਣ ਲਈ ਆਖਿਆ ਗਿਆ, ਵੈਸ਼ ਦਾ ਫਰਜ਼ ਖੇਤੀ-ਬਾੜੀ ਕਰਨਾ ਅਤੇ ਸ਼ੂਦਰ ਦਾ ਕੰਮ ਉਪਰਲੇ ਤਿੰਨਾਂ ਵਰਣਾਂ ਦੀ ਸੇਵਾ ਕਰਨਾ ਥਾਪਿਆ ਗਿਆ। ਇਸ ਗ਼ਲਤ-ਵੰਡ ਦੇ ਜੋ ਭੈੜੇ ਨਤੀਜੇ ਨਿਕਲੇ, ਉਸ ਤੋਂ ਅਸੀਂ ਸਾਰੇ ਭਾਰਤੀ ਚੰਗੀ ਤਰ੍ਹਾਂ ਜਾਣੂੰ ਹਾਂ।

ਬ੍ਰਾਹਮਣਾਂ ਨੇ ਸ਼ੂਦਰਾਂ ਨੂੰ ਨੀਵੀਂ ਜ਼ਾਤ ਦਾ ਦਸ ਕੇ ਬੜੇ ਅੱਤਿਆਚਾਰ ਕੀਤੇ। ਇਹਨਾਂ ਅੱਤਿਆਚਾਰਾਂ ਦਾ ਜ਼ਿਕਰ ਭਗਤ ਕਬੀਰ ਨੇ ਬੜੀ ਨਿਡਰਤਾ ਨਾਲ ਕੀਤਾ ਹੈ। ਕਸ਼ਤ੍ਰੀਆਂ ਨੇ ਆਪਣੇ ਬਾਹੂਬਲ ਅਤੇ ਸ਼ਸਤ੍ਰਾਂ ਦੀ ਮਦਦ ਨਾਲ ਧਰਤੀ ਦੇ ਬਹੁਤੇ ਹਿੱਸੇ ਉੱਤੇ ਕਬਜ਼ਾ ਕਰ ਲਿਆ ਅਤੇ ਵੈਸ਼ ਨੂੰ ਛੋਟਾ ਕਿਰਸਾਨ ਜਾਂ ਕਾਮਾ ਬਣਾ ਲਿਆ। ਇੰਜ ਉਹ ਉਹਨਾਂ ਮਿਹਨਤ ਕਰਨ ਵਾਲਿਆਂ ਦੀ ਕਮਾਈ ਨੂੰ ਲੁਟ ਕੇ ਖਾਣ ਲਗ ਪਏ। ਐਸ਼ੋ ਇਸ਼ਰਤ ਦੀ ਦਲਦਲ ਵਿਚ ਧੱਸ ਜਾਣ ਕਾਰਨ, ਓਹ ਸ਼ਸ਼ਤ੍ਰ-ਚਲਾਉਣ ਵਿਚ ਨਾਅਹਿਲ ਬਣ ਗਏ। ਬੁਧ ਤੇ ਜੈਨ ਧਰਮਾਂ ਨੇ ਅਹਿੰਸਾ ਪਰਮੋ ਧਰਮਾਂ ਪਰਚਾਰਿਆ। ਭਾਰਤ ਦੇਸ਼ ਹਮਲਾਆਵਰਾਂ (ਗੌਰੀਆਂ ਤੇ ਮੁਗਲਾਂ) ਦਾ ਮੁਕਾਬਲਾ ਨਾ ਕਰ ਸਕਿਆ ਅਤੇ ਗੁਲਾਮ ਬਣਾ ਲਿਆ ਗਿਆ। ਇੰਜ ਭਾਰਤ ਵਿਚ ਅਧੂਰੇ ਅਤੇ ਅਪੂਰਨ ਮਨੁੱਖ ਨਜ਼ਰ ਆਉਣ ਲਗੇ। ਸੰਤ ਤੁਲਸੀ ਦਾਸ ਵਰਗੇ ਮਹਾਂ ਪੁਰਸ਼ਾਂ ਨੇ ਵੀ ਇਹੋ ਉਪਦੇਸ਼ ਦਿੱਤਾ:-

ਜਨਨੀ ਜਨੇ ਤਾਂ ਭਗਤ ਜਨ ਕੈ ਦਾਤਾ ਕੈ ਸੂਰ।।
ਨਹੀਂ ਤ ਜਨਨੀ ਬਾਂਝ ਰਹੈ ਕਾਹੇ ਗਵਾਵਹਿ ਨੂਰ।।

ਇੰਜ ਉਹ ਵੀ ਜਣਨੀ ਨੂੰ ਅਧੂਰੇ ਮਨੁੱਖ (ਭਗਤ, ਜਾਂ ਦਾਤਾ ਜਾਂ ਸੂਰਮਾ) ਹੀ ਜਨਮ ਦੇਣ ਦੀ ਪ੍ਰੇਰਨਾ ਦੇ ਰਹੇ ਸਨ। ਗੁਰੂ ਗੋਬਿੰਦ ਸਿੰਘ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਖ਼ਾਲਸਾ ਸਾਜਿਆ ਜੋ ਇਕੋ ਸਮੇਂ ਭਗਤ ਵੀ ਸੀ, ਦਾਤਾ ਵੀ ਅਤੇ ਸੂਰਮਾ ਵੀ। ਇਸੇ ਖ਼ਾਲਸੇ ਨੇ ਮੁਗ਼ਲ ਰਾਜ ਦੀਆਂ ਜੜ੍ਹਾਂ ਉਖਾੜ ਦਿੱਤੀਆਂ ਸਨ।

ਪਰ ਸਿੱਖ-ਇਤਿਹਾਸ ਦੀ ਅੰਦਰਲੀ ਅਸਲੀਅਤ ਅਤੇ ਸਿੱਖ-ਸਭਿਆਚਾਰ ਦੀ ਅੰਤਰ-ਆਤਮਾ ਤੋਂ ਪੂਰੀ ਤਰ੍ਹਾਂ ਵਾਕਫ਼ ਨਾ ਹੋਣ ਵਾਲੇ ਕਈ ਵਿਅਕਤੀਆਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਮੀਰੀ ਤੇ ਪੀਰੀ ਨੂੰ ਸੁਮੇਲਣ ਵਾਲੀ ਭਾਵਨਾਂ ਨੂੰ ਗੁਰੂ ਨਾਨਕ ਤੇ ਗੁਰੂ ਅਰਜਨ ਦੇਵ ਦੀ ਵਿਚਾਰਧਾਰਾ ਤੋਂ ਵਖਰਾ ਰਾਹ ਇਖ਼ਤਿਆਰ ਕਰਨਾ ਦਸਿਆ ਹੈ। 'ਦੁਬਿਸਤਾਨ ਮਜ਼ਾਹਬ' ਵਿਚ ਲਿਖਿਆ ਮਿਲਦਾ ਹੈ ਕਿ "ਵਜ਼ਾਹ ਸਿਪਾਹੀਆਂ ਪੋਸ਼ ਗ੍ਰਿਫਤ ਵ ਬਰਖ਼ਿਲਾਫੇ ਪਿੱਦਰ ਸ਼ਮਸ਼ੀਰ ਬਸਤ"। (੫) ਇਸ ਫ਼ਾਰਸੀ ਦੇ ਵਾਕ ਦਾ ਮਤਲਬ ਹੈ ਕਿ ਆਪ ਨੇ ਸਿਪਾਹੀਆਂ ਵਾਲਾ ਢੰਗ ਇਖ਼ਤਿਆਰ ਕੀਤਾ ਅਤੇ ਪਿਤਾ ਦੀ ਰਹਿਣੀ ਬਹਿਣੀ ਦੇ ਉਲਟ, ਤਲਵਾਰ ਧਾਰਨ ਕਰ ਲਈ ਹੈ। ਇਸੇ ਤਰ੍ਹਾਂ ਦਾ ਭੁਲੇਖਾ ਸਰ ਜਾਦੂ ਨਾਥ ਸਰਕਾਰ ਪਾਉਂਦਾ ਹੈ। ਉਹ ਵਹਿਣ (ਦਰਿਆ) ਦਾ ਰੂਪਕ ਵਰਤਦਿਆਂ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਦੀ ਚਲਾਈ ਅਧਿਆਤਮਕ ਧਾਰਾ ਤਿੰਨ ਪੀੜ੍ਹੀਆਂ ਤਕ ਤਾਂ ਸਫ਼ਲਤਾ ਨਾਲ ਵਹਿੰਦੀ ਰਹੀ ਸੀ ਪਰ ਰੂਹਾਨੀਅਤ ਦਾ ਪਵਿੱਤਰ ਠੰਢਾ, ਬਰਫ਼ਾਨੀ ਬਦਲਾਂ ਤੇ ਚੋਟੀਆਂ ਨੂੰ ਚੁੰਮਣ ਵਾਲਾ ਵਹਿਣ, ਸਮੁੰਦਰ ਵਿਚ ਪਹੁੰਚਣ ਦੀ ਥਾਂ ਮਾਰੂ-ਥਲ ਵਿਚ ਗੁੰਮ ਹੋ ਗਿਆ। ਭਗਤ-ਹਿਰਦੇ ਵਿਚੋਂ ਸਾਫ਼ ਸੁਥਰੀ ਤੇ ਸ਼ਕਤੀ ਦੀ ਜੋ ਧਾਰਾ ਨਿਕਲੀ, ਉਹ ਦੁਨੀਆਂ ਨੂੰ ਹਰਾ ਭਰਾ ਤੇ ਸੁੰਦਰ ਬਣਾਉਣ ਦੀ ਥਾਂ ਫੌਜੀ ਛਾਉਣੀ ਦੀ ਖ਼ੂਨੀ ਦਲਦਲ ਵਿਚ ਦਮ ਤੋੜ ਗਈ ਸੀ। (੬)

ਅਜਿਹੇ ਵਿਚਾਰਵਾਨ ਇਹ ਗੱਲ ਭੁਲ ਜਾਂਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਹੀ ਸਿੱਖੀ ਨੂੰ ਇਸ ਰਸਤੇ ਉੱਤੇ ਤੋਰ ਦਿੱਤਾ ਸੀ। ਮੀਰੀ ਦੀ ਤਲਵਾਰ ਪਾਉਣ ਵਾਲੇ ਕੋਲ ਪਹਿਲਾਂ ਅਤਿ ਦੀ ਦਲੇਰੀ ਅਤੇ ਪੂਰੀ ਨਿਡਰਤਾ ਹੋਣੀ ਚਾਹੀਦੀ ਹੈ। ਉਸ ਕੋਲ ਕੌਮੀ ਅਣਖ, ਦੇਸ਼ ਪਿਆਰ ਅਤੇ ਆਪਣੀ ਰਹਿਣੀ ਬਹਿਣੀ ਤੇ ਬੋਲੀ ਉੱਤੇ ਮਾਣ ਕਰਨ ਦਾ ਦ੍ਰਿੜ-ਵਿਸ਼ਵਾਸ਼ ਹੋਣਾ ਚਾਹੀਦਾ ਹੈ। ਆਪਣੇ ਸਿੱਖ ਵਿਚ ਇਹ ਗੁਣ ਲਿਆਉਣ ਲਈ ਉਨ੍ਹਾਂ ਬਾਬਰਵਾਣੀ ਵਿਚ ਜ਼ਾਲਮ ਬਾਬਰ ਦੇ ਹਮਲੇ ਨੂੰ ਪਾਪ ਦੀ ਜੰਞ ਕਹਿੰਦਿਆਂ ਫ਼ਰਮਾਇਆ ਸੀ:-

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨ ਵੇ ਲਾਲੋ।।
ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ।।
ਸਰਮ ਧਰਮੁ ਦੁਇ ਛਪਿ ਖਲੋਇ
ਕੂੜ ਫਿਰੈ ਪਰਧਾਨੁ ਵੇ ਲਾਲੋ।।

ਇਹ ਸ਼ਬਦ ਉਨ੍ਹਾਂ ਦੀ ਅਤਿ ਦੀ ਦਲੇਰੀ ਅਤੇ ਪੂਰੀ ਨਿਡਰਤਾ ਦਾ ਸਬੂਤ ਦੇਂਦਾ ਹੈ। ਉਨ੍ਹਾਂ ਕੋਲ ਰਾਜਿਆਂ ਨੂੰ, ਜ਼ਾਲਮ ਸ਼ਿਰ ਤੇ ਅਹਿਲਕਾਰਾਂ ਨੂੰ ਪੂਛਲ ਹਿਲਾਉਣ ਵਾਲੇ ਕੁੱਤੇ ਆਖਣ ਦੀ ਹਿੰਮਤ ਸੀ:

ਰਾਜੇ ਸ਼ੀਹ ਮੁਕਦਮ ਕੁਤੇ।।
ਜਾਇ ਜਗਾਇਨਿ ਬੈਠੇ ਸੁਤੇ।।
ਚਾਕਰ ਨਹ ਦਾ ਪਾਇਨਿ ਘਾਉ।।
ਰਤੁ ਪਿਤੁ ਕੁਤਿਹੋ ਚਟਿ ਜਾਹੁ।।

(ਵਾਰ ਮਲਾਰ-ਸਲੋਕ ਮ: ੧)

ਇਕ ਹੋਰ ਥਾਂ ਉੱਤੇ ਉਹ ਰਾਜਿਆਂ ਨੂੰ ਕਸਾਈ ਕਹਿੰਦੇ ਹਨ:-

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰ ਉਡਰਿਆ।।
ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹਿ ਚੜਿਆ।।

(ਵਾਰ ਮਾਝ, ਸਲੋਕ ਮ: ੧)

ਬਾਬਰ ਨੇ ਸੈਦਪੁਰ ਦੇ ਲੋਕਾਂ ਨੂੰ ਖ਼ਤਮ ਕਰਨ ਵਾਸਤੇ ਕਤਲੇ-

ਆਮ ਦਾ ਹੁਕਮ ਦਿੱਤਾ ਸੀ। ਇਸ ਤਬਾਹੀ ਅਤੇ ਜ਼ੁਲਮ ਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ ਪ੍ਰਭੂ ਪ੍ਰਮਾਤਮਾ ਨੂੰ ਵੀ ਗਿਲਾ ਕਰਨ ਤੋਂ ਨਹੀਂ ਸਨ ਝਿਜਕੇ। ਡਾਕਟਰ ਤ੍ਰਿਲੋਚਨ ਸਿੰਘ ਇਸ ਦਰਦਨਾਕ ਘਟਨਾ ਦਾ ਜ਼ਿਕਰ ਕਰਦਿਆਂ ਲਿਖਦਾ ਹੈ, "ਕਰਤਾਰ ਦੀ ਇਸ ਹੁਕਮੀ ਖੇਡ ਉੱਤੇ ਗੁਰੂ ਨਾਨਕ ਨੇ ਆਪ ਹੈਰਾਨੀ ਪ੍ਰਗਟ ਕੀਤੀ ਕਿ ਖੁਰਾਸਾਨ ਵਰਗਾ ਛੋਟਾ ਜੇਹਾ ਸੂਬਾ ਬਾਬਰ ਦੇ ਹਮਲਿਆਂ ਤੋਂ ਅਕਾਲ ਪੁਰਖ ਨੇ ਬਚਾ ਲਿਆ, ਪਰ ਬਾਬਰ ਦੇ ਚਾਰ ਚੁਫੇਰੇ ਤਬਾਹੀ ਮਚਾਣ ਵਾਲੇ ਹਮਲਿਆਂ ਦਾ ਸਹਿਮ ਸਾਰੇ ਹਿੰਦੁਸਤਾਨ ਉੱਤੇ ਛਾ ਗਿਆ। ਨਾ ਪੰਜਾਬੀ ਮੁਸਲਮਾਣਾਂ ਉੱਤੇ ਨਾ ਅਫ਼ਗਾਨਾਂ ਉੱਤੇ ਬਾਬਰ ਨੇ ਕੋਈ ਰਹਿਮ ਕੀਤਾ।"(੭)

ਗੁਰੂ ਨਾਨਕ ਦੇਵ ਜੀ ਨਿਧੜਕਤਾ ਨਾਲ ਪਰਮਾਤਮਾ ਨੂੰ ਗਿਲਾ ਕਰਦਿਆਂ ਆਖਦੇ ਹਨ:-

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨ ਆਇਆ॥
ਕਰਤਾ ਤੂੰ ਸਭਨਾ ਕਾ ਸੋਈ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥ ਰਹਾਉ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥
(ਰਾਗ ਆਸਾ ਮਹਲਾ ੧)

ਇਸੇ ਸੁਰ ਵਿਚ ਤੀਜੇ ਗੁਰੂ ਅਮਰਦਾਸ ਜੀ ਰਾਜੇ ਨੂੰ ਸੱਚ ਦਾ ਧਾਰਨੀ ਬਣਨ ਅਤੇ ਦੂਜਿਆਂ ਨੂੰ ਦੁਖ ਨਾ ਦੇਣ ਦਾ ਉਪਦੇਸ਼ ਦਿੰਦੇ ਹਨ:-

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ॥
(ਵਾਰ ਮਾਰੂ ੩)

ਇਸੇ ਤਰ੍ਹਾਂ ਚਾਕਰੀ ਦੇ ਖਿਲਾਫ਼ ਆਵਾਜ਼ ਉਠਾਉਂਦਿਆਂ ਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ:-

ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ॥
(ਗਉੜੀ ਮ: ੩, ਛੰ. ੫)

ਇੰਜ ਗੁਰੂ ਹਰਿਗੋਬਿੰਦ ਸਾਹਿਬ ਤੋਂ ਪਹਿਲਾਂ ਪੰਜੇ ਗੁਰੂ ਸਾਹਿਬਾਨ ਨੇ ਸਿੱਖ ਦੀ ਆਤਮਾ ਵਿਚ ਫੌਲਾਦ ਵਰਗੀ ਦ੍ਰਿੜਤਾ ਲਿਆਂਦੀ। ਗੋਕਲ ਚੰਦ ਨਾਰੰਗ ਦਾ ਇਹ ਕਹਿਣਾ ਦਰੁੱਸਤ ਹੈ ਕਿ, "ਜਿਹੜੀ ਕਿਰਪਾਨ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਦਿੱਤੀ, ਉਸ ਦਾ ਫੌਲਾਦ ਗੁਰੂ ਨਾਨਕ ਦੇਵ ਜੀ ਨੇ ਹੀ ਤਿਆਰ ਕੀਤਾ।" (੮) ਹਾਂ ਉਸ ਫੌਲਾਦ ਦੀ ਪਹਿਲਾਂ ਵਰਤੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਤੀ ਅਤੇ ਪਿਛੋਂ ਉਨ੍ਹਾਂ ਦੇ ਪੋਤਰੇ ਗੁਰੂ ਗੋਬਿੰਦ ਸਿੰਘ ਜੀ ਨੇ।

ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਦੀ ਤਲਵਾਰ ਜ਼ਾਲਮਾਂ ਦੇ ਸਿਰ ਭੰਨਣ ਲਈ ਪਹਿਨੀ ਸੀ। ਇਸ ਮੰਤਵ ਦੀ ਪ੍ਰਾਪਤੀ ਲਈ ਉਨ੍ਹਾਂ ਨੇ ਜ਼ਾਲਮ ਮੁਗ਼ਲ ਫੌਜਾਂ ਨਾਲ ਕਈ ਲੜਾਈਆਂ ਕੀਤੀਆਂ ਅਤੇ ਸਾਰੀਆਂ ਹੀ ਜਿਤ ਲਈਆਂ ਸਨ। ਪਹਿਲੀ ਲੜਾਈ ਅੰਮ੍ਰਿਤਸਰ ਦੇ ਇਲਾਕੇ ਵਿਚ ਸੰਮਤ ੧੬੮੫ ਵਿਚ, ਦੂਜੀ ਸ੍ਰੀ ਹਰਿਗੋਬਿੰਦ ਪੁਰ (ਸੰਮਤ ੧੬੮੭) ਵਿਚ ਤੀਜੀ ਗੁਰੂ ਸਰ, ਮਰਾਝ ਦੀ ਜੰਗ ਸੰਮਤ ੧੬੮੮ ਵਿਚ, ਅਤੇ ਚੌਥੀ ਲੜਾਈ ਕਰਤਾਰਪੁਰ ਵਿਖੇ ਸੰਮਤ ੧੬੯੧ ਵਿਚ ਹੋਈ ਸੀ। ਇਕ ਛੋਟੀ ਜਹੀ ਜੰਗ ਫਗਵਾੜੇ ਵਿਚ ਹੋਈ ਸੀ, ਇਸ ਵਿਚ ਵੀ ਜਿਤ ਗੁਰੂ ਹਰਿਗੋਬਿੰਦ ਸਾਹਿਬ ਦੀ ਹੀ ਹੋਈ ਸੀ।

ਚੂੰਕਿ ਇਹ ਸਾਰੀਆਂ ਲੜਾਈਆਂ ਗੁਰੂ ਜੀ ਦੀਆਂ ਮੁਗਲਾਂ ਨਾਲ ਹੋਈਆਂ ਸਨ ਅਤੇ ਮੁਗਲ ਮੁਸਲਮਾਨ ਸਨ, ਇਸ ਕਾਰਨ ਇਹ ਭੁਲੇਖਾ ਪੈ ਸਕਦਾ ਹੈ ਕਿ ਗੁਰੂ ਜੀ ਮੁਸਲਮਾਨਾਂ ਦੇ ਦੁਸ਼ਮਨ ਸਨ। ਗਲ ਇੰਜ ਨਹੀਂ। ਗੁਰੂ ਹਰਿਗੋਬਿੰਦ ਸਾਹਿਬ ਦੁਸ਼ਮਨ ਜ਼ਾਲਮਾਂ ਦੇ ਸਨ, ਮੁਸਲਮਾਨਾਂ ਦੇ ਨਹੀਂ। ਉਹ ਗੁਰੂ ਨਾਨਕ ਦੇਵ ਤੋਂ ਚਲੀ ਆ ਰਹੀ ਧਰਮ-ਨਿਰਪੇਖ ਨੀਤੀ ਦੇ ਧਾਰਨੀ ਸਨ। ਉਨ੍ਹਾਂ ਜਦੋਂ ਸੰਮਤ ੧੬੭੭ ਵਿਚ ਸ੍ਰੀ ਹਰਗੋਬਿੰਦ ਪੁਰ ਦੀ ਨੀਂਹ ਰਖੀ ਤਾਂ ਉਥੇ ਉਨ੍ਹਾਂ ਨੇ ਮੁਸਲਮਾਨਾਂ ਲਈ ਇਕ ਮਸੀਤ ਵੀ ਬਣਵਾਈ। ਨਾਲੇ ਇਸੇ ਥਾਂ ਉੱਤੇ ਉਨ੍ਹਾਂ ਰੋਸ਼ਨ ਸ਼ਾਹ ਕਸ਼ਮੀਰੀ ਤੇ ਸਯਦ ਜਾਨੀ ਸ਼ਾਹ ਨੂੰ ਉਪਦੇਸ਼ ਵੀ ਦਿੱਤਾ ਸੀ। ਜਾਨੀ ਸ਼ਾਹ ਤਾਂ ਭਾਈ ਨੰਦ ਲਾਲ ਸੋਹਣੇ ਦੇ ਪ੍ਰਭਾਵ ਹੇਠਾਂ ਗੁਰੂ ਜੀ ਦਾ ਸਿੱਖ ਵੀ ਬਣ ਗਿਆ ਸੀ। ਪੈਂਦੇ ਖ਼ਾਨ ਨੂੰ ਕਈ ਸਾਲ ਉਨ੍ਹਾਂ ਆਪਣੀ ਫੌਜ ਵਿਚ ਪੁੱਤਰਾਂ ਵਾਂਗ ਰਖਿਆ ਸੀ। ਪਰ ਜਦੋਂ ਉਹ ਜਾਲਮ ਮੁਗਲਾਂ ਨਾਲ ਜਾ ਰਲਿਆ ਸੀ ਤਾਂ ਉਸ ਦੇ ਖਿਲਾਫ਼ ਕਰਤਾਰਪੁਰ ਵਿਚ ਗੁਰੂ ਜੀ ਨੇ ਜੰਗ ਕਰਨ ਤੋਂ ਦਰੇਗ਼ ਨਹੀਂ ਸੀ ਕੀਤਾ।

ਜਿਵੇਂ ਕਿ ਜਹਾਂਗੀਰ ਨੇ ਆਪਣੀ ਸਵੈਜੀਵਨੀ 'ਤੋਜ਼ਕੇ ਜਹਾਂਗੀਰੀ' ਵਿਚ ਮੰਨਿਆ ਹੈ ਕਿ ਉਹ ਸਿੱਖੀ ਨੂੰ ਝੂਠ ਦੀ ਦੁਕਾਨ ਸਮਝਦਾ ਹੈ ਅਤੇ ਲਿਖਦਾ ਹੈ ਕਿ ਮੈਂ ਹੁਕਮ ਦਿੱਤਾ ਕਿ ਉਸ (ਗੁਰੂ ਅਰਜਨ ਦੇਵ) ਨੂੰ ਹਾਜ਼ਰ ਕਰਨ ਤੇ ਉਸ ਦੇ ਘਰ ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਨੂੰ ਬਖਸ਼ ਦਿੱਤਾ ਕਿ ਉਸ ਨੂੰ ਡਰਾਉਣ, ਮਾਰਨ, ਸਜ਼ਾ ਦੇਣ ਅਤੇ ਤਸੀਹੇ ਦੇਕੇ ਕਤਲ ਕਰ ਦੇਣ। ਇੰਜ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਮੁੱਖ ਜ਼ਿੰਮੇਵਾਰੀ ਜਹਾਂਗੀਰ ਸੀ, ਚੰਦੂ ਤਾਂ ਇਕ ਉਸਦਾ ਕਾਰਿੰਦਾ ਸੀ ਜਿਸ ਰਾਹੀਂ ਇਹ ਨਾਪਾਕ ਕੰਮ ਕੀਤਾ ਗਿਆ ਸੀ। ਉਸੇ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੁਝ ਸਮਾਂ ਕੈਦ ਵੀ ਰਖਿਆ ਸੀ। ਪਰ ਜਦੋਂ ਮੀਆਂ ਮੀਰ ਤੇ ਵਜ਼ੀਰ ਖ਼ਾਨ ਵਰਗੇ ਨੇਕ ਮੁਸਲਮਾਨਾਂ ਨੇ ਜਹਾਂਗੀਰ ਨੂੰ ਇਸ ਗਲਤ ਕੀਤੇ ਫ਼ੈਸਲੇ ਦਾ ਅਹਿਸਾਸ ਕਰਾਇਆ ਤਾਂ ਉਸ ਝਟ ਗੁਰੂ ਜੀ ਦੀ ਰਿਹਾਈ ਦਾ ਹੁਕਮ ਜਾਰੀ ਕਰ ਦਿੱਤਾ। ਨਾਲ ਹੀ ਉਸ ਗੁਰੂ ਜੀ ਦੀ ਇਕ ਸ਼ਰਤ ਵੀ ਮੰਨ ਲਈ ਜਿਸ ਕਾਰਨ ਬਵੰਜਾ ਕੈਦੀ ਹਿੰਦੂ ਰਾਜੇ ਵੀ ਉਨ੍ਹਾਂ ਦੀ ਧਰਮ ਨਿਰਪੇਖ ਨੀਤੀ ਕਾਰਨ ਉਨ੍ਹਾਂ ਨਾਲ ਰਿਹਾਅ ਹੋ ਗਏ ਸਨ। ਜਦੋਂ ਗੁਰੂ ਜੀ ਜਹਾਂਗੀਰ ਨੂੰ ਦਿੱਲੀ ਆ ਕੇ ਮਿਲੇ ਤਾਂ ਜਹਾਂਗੀਰ ਨੇ ਆਪਣੇ ਗਲਤ ਕੀਤੇ ਫ਼ੈਸਲੇ ਉੱਤੇ ਪਸਚਾਤਾਪ ਪ੍ਰਗਟ ਕੀਤਾ। ਗੁਰੂ ਜੀ ਨੇ ਉਸ ਨੂੰ ਮੁਆਫ ਕਰ ਦਿੱਤਾ। ਇਹ ਗੁਰੂ ਜੀ ਦੀ ਦਰਿਆ ਦਿਲੀ ਸੀ ਕਿਉਂਕਿ ਉਹ ਜ਼ਾਲਮ ਨੂੰ ਉਸ ਵਕਤ ਤਕ ਹੀ ਵਿਰੋਧੀ ਜਾਂ ਦੁਸ਼ਮਨ ਸਮਝਦੇ ਸਨ ਜਦ ਤੀਕ ਉਹ ਜ਼ੁਲਮ ਕਰਨ ਤੋ ਬਾਜ਼ ਨਹੀਂ ਆਉਂਦਾ। ਜਹਾਂਗੀਰ ਨੇ ਚੰਦੂ ਪਾਪੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਹਵਾਲੇ ਕਰ ਦਿੱਤਾ, ਜਿਸ ਨੂੰ ਭਾਈ ਬਿਧੀ ਚੰਦ ਤੇ ਭਾਈ ਜੇਠਾ ਲਾਹੌਰ ਲਿਆਏ ਅਤੇ ਗੁਰਦਿਤੇ ਭੜਭੂੰਜੇ (ਜਿਸ ਕੋਲੋਂ ਚੰਦੂ ਨੇ ਗੁਰੂ ਅਰਜਨ ਦੇਵ ਜੀ ਦੇ ਪਾਵਨ ਸੀਸ ਉੱਤੇ ਤੱਤੀ ਰੇਤ ਪੁਆਈ ਸੀ) ਨੇ ਚੰਦੂ ਪਾਪੀ ਨੂੰ ਮਾਰ ਦਿੱਤਾ।

ਇਸ ਦਿਲੋਂ ਕੀਤੇ ਪਸਚਾਤਾਪ ਕਾਰਨ ਹੀ, ਜਹਾਂਗੀਰ ਨੇ ਫਿਰ ਕੋਈ ਸਿੱਖੀ ਵਿਰੁਧ ਕੰਮ ਨਹੀਂ ਕੀਤਾ। ਸਗੋਂ ਗੁਰੂ ਜੀ ਦੇ ਦਰਸ਼ਨਾਂ ਲਈ ਉਹ ਕਸ਼ਮੀਰ ਜਾਂਦਿਆਂ ਅੰਮ੍ਰਿਤਸਰ ਰੁਕਿਆ, ਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਦੀ ਰਿਹਾਇਸ਼ ਤੇ ਖਾਣ ਪਾਣ ਦਾ ਪ੍ਰਬੰਧ ਕਰਵਾਇਆ। ਉਸ ਨੂੰ ਉਪਦੇਸ਼ ਵੀ ਦਿੱਤਾ। ਜਹਾਂਗੀਰ ਨੇ ਤਾਂ ਅਕਾਲ ਤਖ਼ਤ ਦੀ ਉਸਾਰੀ ਲਈ ਸਰਕਾਰੀ ਖ਼ਰਚ ਕਰਨ ਦੀ ਇੱਛਾ ਵੀ ਪ੍ਰਗਟ ਕੀਤੀ, ਜਿਸ ਨੂੰ ਗੁਰੂ ਜੀ ਨੇ ਇਹ ਕਹਿ ਕੇ ਪ੍ਰਵਾਨ ਨਹੀਂ ਕੀਤਾ, "ਇਹ ਧਰਮ ਅਤੇ ਨਿਆਂ ਦਾ ਤਖ਼ਤ ਗਰੀਬ ਸਿੱਖਾਂ ਦੀ ਧਰਮ-ਕਿਰਤ ਨਾਲ ਹੀ ਬਣਨਾ ਚਾਹੀਦਾ ਹੈ।"

ਇੰਜ ਇਹ ਸਾਫ ਤੌਰ ਤੇ ਸਾਬਤ ਹੋ ਜਾਂਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਮੀਰੀ ਤੇ ਪੀਰੀ ਦੀਆਂ ਸ਼ਕਤੀਆਂ ਨੂੰ ਸੁਮੇਲਣ ਵਿਚ ਪੂਰੀ ਤਰ੍ਹਾਂ ਸਫਲ ਹੋਏ ਹਨ। ਉਨ੍ਹਾਂ ਦੀ ਇਸ ਸਫਲਤਾ ਦਾ ਜ਼ਿਕਰ ਭਾਈ ਗੁਰਦਾਸ ਜੀ ਵੀ ਕਰਦੇ ਹਨ:-(੯)

ਦਲਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥

ਗੁਰੂ ਹਰਿਗੋਬਿੰਦ ਸਾਹਿਬ ਦੇ ਉਪਦੇਸ਼ਾਂ ਤੇ ਕਾਰਨਾਮਿਆਂ ਸਦਕਾ ਸਿਖਾਂ ਨੇ ਸੰਤ-ਸਿਪਾਹੀਆਂ ਦਾ ਰੂਪ ਧਾਰਨ ਕੀਤਾ। ਇਹਨਾਂ ਸੰਤ-ਸਿਪਾਹੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦਾ ਰੂਪ ਬਖ਼ਸ਼ਿਆ ਅਤੇ ਓਹਨਾਂ ਨੂੰ ਰਹਿਤ-ਮਰਿਆਦਾ ਦਾ ਸੁੱਚਾ ਤੇ ਸੁਚੱਜਾ ਜੀਵਨ ਜੀਊਣ ਦੀ ਸਿਖਿਆ ਦਿੱਤੀ। ਇਹਨਾਂ ਸੰਤ-ਸਿਪਾਹੀਆਂ ਦੇ ਸੁਚੱਜੇ ਜੀਵਨ ਦੀ ਗਵਾਹੀ ਅਹਿਮਦਸ਼ਾਹ ਦੁਰਾਨੀ ਨਾਲ ਸਤਵੇਂ ਹਮਲੇ ਸਮੇਂ ਆਇਆ ਕਾਜ਼ੀ ਨੂਰ ਮੁਹੰਮਦ ਆਪਣੇ 'ਜੰਗ ਨਾਮੇ' ਵਿਚ ਦੇਂਦਾ ਹੈ।

ਮੌਲਾਨਾ ਜ਼ੱਫ਼ਰ ਅਲੀ ਜ਼ੱਫ਼ਰ ਵੀ ਸਿੱਖਾਂ ਦੀ ਚੜ੍ਹਦੀ ਕਲਾ ਦਾ ਕਾਰਨ ਭਗਤੀ ਤੇ ਸ਼ਕਤੀ ਦੀਆਂ ਭਾਵਨਾਵਾਂ ਦਾ ਸੁਮੇਲ ਦਸਦਿਆਂ ਇਹ ਵਿਸ਼ਵਾਸ਼ ਪ੍ਰਗਟ ਕਰਦਾ ਹੈ:-

ਇਸ ਕੌਮ ਕੀ ਜ਼ਿੰਦਗੀ ਕਾ ਰਾਜ਼ ਮਸਮਿਰ ਹੈ,
ਆਬੇ ਤੌਹੀਦ ਕੀ ਧੁਲੀ ਹੁਈ ਕ੍ਰਿਪਾਨੋਂ ਮੇਂ।
ਦੇਖ ਲੇਨਾ ਨਿਕਲ ਆਏਗੀ ਸਲਾਮਤ ਏਕ ਦਿਨ,
ਇਸ ਨਾਉ ਨੇ ਪਰਵਰਿਸ਼ ਪਾਈ ਹੈ ਤੂਫ਼ਾਨੋਂ ਮੇਂ।

ਟਿੱਪਣੀਆਂ ਤੇ ਹਵਾਲੇ

੧ ਡਾ: ਜਸਵੰਤ ਸਿੰਘ ਨੇਕੀ-ਅਰਦਾਸ, ਸਫ਼ਾ ੧੧੭-੧੮ ਤੇ ੨੨੪
੨ ਡਾ: ਸਵਿੰਦਰ ਸਿੰਘ ਉੱਪਲ-ਗੁਰੂ ਦ੍ਰਿਸ਼ਟੀ- ਸਫਾ ੮੦
੩ ਭਾਈ ਰਤਨ ਸਿੰਘ ਭੰਗੂ- ਪ੍ਰਾਚੀਨ ਪੰਥ ਪ੍ਰਕਾਸ਼
੪ ਮੁਹਿਸਨ ਫ਼ਾਨੀ- ਦੁਬਿਸਤਾਨੇ ਮਜ਼ਾ੭੪।
੫ ਸਰ ਜਾਦੂ ਨਾਥ ਸਰਕਾਰ- ਔਰੰਗਜ਼ੇਬ, ਭਾਗ ਤੀਜਾ, ਸਫ਼ਾ- ੩੪੨
੬ ਡਾ: ਤ੍ਰਿਲੋਚਨ ਸਿੰਘ-ਜੀਵਨ ਚਰਿਤ੍ਰ ਗੁਰੂ ਨਾਨਕ ਦੇਵ, ਸਫਾ -੩੨੯
੭ ਗੋਕਲ ਚੰਦ ਨਾਰੰਗ- ਦੀ ਟ੍ਰਾਂਸਫਰਮੇਸ਼ਨ ਆਫ ਸਿਖੀਇਜ਼ਮ
੮ ਭਾਈ ਗੁਰਦਾਸ- ਵਾਰਾਂ ਭਾਈ ਗੁਰਦਾਸ ਜੀ- ਵਾਰ ਪਹਿਲੀ ਪਉੜੀ ੪੮ (ਸਫ਼ਾ ੨੪)

■

ਮੀਰੀ ਪੀਰੀ ਦੇ ਮਾਲਕ

■ *ਜੋਗਿੰਦਰ ਸਿੰਘ ਫੰਗ*

ਤੇਰੇ ਜਨਮ ਦਿਨ ਉੱਤੇ ਦੁਨੀਆਂ ਪੁਕਾਰ ਉੱਠੀ,
ਆ ਗਿਆ ਏ ਰਾਖਾ ਘਰ ਅੱਜ ਬੇ-ਸਹਾਰਿਆਂ ਦਾ।
ਗੁਰੂ ਕੀ ਵਡਾਲੀ ਵਿਚ ਨੂਰ ਆਇਆ ਜੱਗ ਦਾ,
ਕੋਈ ਆਖੇ ਵਾਲੀ ਆਇਆ ਕੁੱਲ ਦੁਖਿਆਰਿਆਂ ਦਾ।
ਰਾਹ-ਨੁਮਾ ਆਇਆ ਏ, ਪਰ ਉਪਕਾਰੀ ਯੋਧਾ,
ਆਇਆ ਮਾਲਕ ਆਪ ਚੰਦ ਸੂਰ ਤਾਰਿਆਂ ਦਾ।
ਘਰ ਘਰ ਖ਼ੁਸ਼ੀਆਂ ਦੇ ਸ਼ਾਦਿਆਨੇ ਵੱਜ ਉੱਠੇ,
ਵੇਖ ਪ੍ਰਤਾਪ ਨੂਰੀ ਓਸ ਦੇ ਨਜ਼ਾਰਿਆਂ ਦਾ।

ਲੱਖਾਂ ਚੰਨ-ਚਾਨਣਾਂ ਤੋਂ ਵੱਧ ਮਹਾਂ-ਨੂਰ ਵੱਸੇ,
ਜਦੋਂ ਪ੍ਰਕਾਸ਼ ਹੋਇਆ ਰੱਬੀ-ਅਵਤਾਰ ਦਾ।
ਕਾਇਨਾਤ ਖਿੜ ਉੱਠੀ, ਖ਼ੁਸ਼ੀਆਂ 'ਚ ਨੱਚ ਉੱਠੀ,
ਹੋਇਆ ਸ਼ੁਭ ਆਗਮਨ ਛੇਵੇਂ ਦਾਤਾਰ ਦਾ।
ਸ਼ਾਹਾਂ ਦਾ ਉਹ ਸ਼ਹਿਨਸ਼ਾਹ, ਦਾਤਿਆਂ 'ਚ ਵੱਡ ਦਾਤਾ,
ਮਾਤ-ਲੋਕ ਆਇਆ ਰੂਪ ਆਪ ਨਿਰੰਕਾਰ ਦਾ।
ਬੇਅੰਤ ਤੇ ਅਨੰਤ ਦਾ ਨਾ ਅੰਤ ਕੋਈ ਪਾ ਸਕੇ,
ਮੀਰੀ ਅਤੇ ਪੀਰੀ ਵਾਲੇ ਪਰਵਰਦਗਾਰ ਦਾ।

ਰਾਹ-ਨੁਮਾ ਆਪ ਕੌਮੀ ਤਖ਼ਤ-ਬਣਾਨਹਾਰਾ,
ਕਲਗ਼ੀ ਵੀ ਸੋਭੇ, ਮਹਿਮਾ ਗੁਰਾਂ ਦੀ ਮਹਾਨ ਹੈ।
ਦੀਨਾਂ ਦੀ ਆਵਾਜ਼ ਉਹ, ਦੁੱਖੀਆਂ ਦਾ ਸਾਜ਼ ਉਹ,
ਮਨੁੱਖਤਾ ਦਾ ਮਾਣ ਉਹ, ਹਿੰਦ ਦੀ ਵੀ ਸ਼ਾਨ ਹੈ।
ਜ਼ੁਲਮਾਂ ਲਈ ਢਾਲ ਉਹ, ਪ੍ਰੀਤਾਂ ਭਰੀ ਚਾਲ ਉਹ,
ਡਿੱਗਿਆਂ ਨਿਥਾਵਿਆਂ ਦੀ ਆਪ ਹੀ ਉਹ ਤਾਨ ਹੈ।
ਸਿੱਖੀ ਵਿਚ ਸ਼ਕਤੀ ਜੋ ਚਮਕਾਂ ਪਈ ਮਾਰਦੀ ਏ,
ਸੱਚਮੁੱਚ ਤੇਰੇ ਚਮਤਕਾਰਾਂ ਦਾ ਨਿਸ਼ਾਨ ਹੈ।

ਹੋਣੀਆਂ ਨੂੰ ਠਾਰਦਾ ਸੀ ਜਲਵਾ ਦੀਦਾਰ ਵਾਲਾ,
ਵਿਰਸਾ ਵੀ ਪਰਮ-ਉੱਚਾ ਉੱਚ ਕੁਰਬਾਨੀਆਂ ਦਾ।
ਭਗਤੀ ਤੇ ਸ਼ਕਤੀ ਸੁਮੇਲ ਗੁਰਾਂ ਕਰ ਦਿੱਤਾ,
ਕੀਤਾ ਸੀ ਸ਼ਿੰਗਾਰ ਮੀਰੀ ਪੀਰੀ ਜੋ ਨਿਸ਼ਾਨੀਆਂ ਦਾ।
ਪਿਆ ਚਮਕਾਰਾ ਜੱਗ ਸ਼ਸ਼ਤਰਾਂ ਦੀ ਚਮਕੋਂ,
ਸੱਚ ਵਾਲੇ ਸੂਰਜਾਂ ਕਿਰਣਾਂ ਲਾਸਾਨੀਆਂ ਦਾ।
ਤੂਫ਼ਾਨਾਂ ਦੇ ਸੀ ਮੂੰਹ ਮੋੜੇ, ਜੱਗ ਸਾਰਾ ਜੱਸ ਗਾਵੇ,
ਗਊ-ਗ਼ਰੀਬ ਰੱਖਿਅਕ ਨਾਮ ਦੇ ਦਾਨੀਆਂ ਦਾ।

ਰੀਤ ਪ੍ਰੀਤ ਤੋਰੀ ਨਵੀਂ ਸ਼ਸ਼ਤਰਾਂ ਤੇ ਲਸ਼ਕਰਾਂ ਦੀ,
ਇਕ ਹੱਥ ਮਾਲਾ ਦੂਜੇ ਹੱਥ ਤਲਵਾਰਾਂ ਸੀ।
ਹੋਇਆ ਸੰਚਾਰ ਜੱਗ ਬੀਰਤਾ ਦਾ ਓਸ ਵੇਲੇ,
ਢਾਡੀਆਂ ਨੇ ਗਾਈਆਂ ਜਦੋਂ ਬੀਰ ਰਸੀ ਵਾਰਾਂ ਸੀ।
ਪੁੱਤਰ ਦਾਨੀ ਆਇਆ, ਬੰਦੀ ਛੋੜ ਸਤਿਗੁਰੂ,
ਮੋਹ ਲਿਆ ਮਨੁੱਖਤਾ ਨੂੰ ਜਿਸ ਦੇ ਦੀਦਾਰਾਂ ਸੀ।
ਸ੍ਵੈ-ਮਾਣ ਅਣਖ ਤੇ ਬੀਰਤਾ ਦੀ ਗੂੰਜ ਫੈਲੀ
ਸਿੱਖੀ ਬਾਗ਼ ਉੱਤੇ ਆਈਆਂ ਨਵੀਆਂ ਬਹਾਰਾਂ ਸੀ।

■

ਸੁਰਜੀਤ ਖੁਰਸ਼ੀਦੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਮੀਰੀ ਪੀਰੀ ਪ੍ਰਥਾ

ਹਜ਼ਰਤ ਈਸਾ ਜੀ ਨੇ ਮਨੁੱਖੀ ਜਨਮ ਨੂੰ ਮਹਾਨ ਦੱਸਿਆ। ਅਹਿੰਸਾ, ਭਰਾਤਰੀ ਭਾਵ, ਆਜ਼ਾਦ ਅਤੇ ਸਾਦਾ ਜੀਵਨ ਬਤੀਤ ਕਰਨ ਦੀ ਸਿਖਿਆ ਦਿਤੀ ਸੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਵੀ ਮਨੁੱਖੀ ਜਨਮ ਨੂੰ ਸਭ ਜੂਨਾਂ ਤੋਂ ਉਤਮ ਦਸਿਆ, ਅਹਿੰਸਾ, ਭਰਾਤਰੀ ਭਾਵ, ਅਤੇ ਮਨੁੱਖੀ ਆਜ਼ਾਦੀ ਦਾ ਝੰਡਾ ਬੁਲੰਦ ਕੀਤਾ ਹੈ।

ਅਤੀਤ ਵੱਲ, ਮਨੁੱਖੀ ਇਤਿਹਾਸ ਤੇ, ਜੇਕਰ ਝਾਤ ਮਾਰੀ ਜਾਵੇ ਤਾਂ ਸਪਸ਼ਟ ਨਜ਼ਰ ਆ ਜਾਂਦਾ ਹੈ ਕਿ ਮਨੁਖ ਹਤੈਸ਼ੀ, ਅਤੇ ਦੋਖੀ ਵੀ, ਅਖੌਤੀ ਉਚੇ, ਖਾਂਦੇ ਪੀਂਦੇ ਘਰਾਣਿਆਂ ਵਿਚੋਂ ਹੀ ਉਠਦੇ ਰਹੇ ਹਨ। ਕੀ ਸੰਸਾਰਕ ਖੇਤਰ ਵਿਚ ਅਤੇ ਕੀ ਧਾਰਮਕ ਖੇਤਰ ਵਿਚ। ਉਹਨਾਂ ਦਾ ਜਨਮ ਵੀ ਬੜੇ ਵਿਗਸੇ ਹੋਏ, ਤਰੱਕੀ ਯਾਫ਼ਤਾ, ਖੇਤਰਾਂ ਵਿਚ ਹੀ ਹੁੰਦਾ ਰਿਹਾ ਹੈ।

ਪਰ ਦੋ ਮਹਾਨ ਅਤੇ ਇਤਿਹਾਸਕ ਹਸਤੀਆਂ ਉਹ ਵੀ ਨਜ਼ਰ ਪੈਣਗੀਆਂ ਜੇਹੜੀਆਂ ਉਪਰੋਕਤ ਕਥਨ ਤੋਂ ਇਕ ਛੋਟ ਸਿਧ ਹੁੰਦੀਆਂ ਹਨ। ਦੋਹਾਂ ਵਿਚ ਅੰਤਾਂ ਦੀ ਸਮਾਨਤਾ ਹੈ। ਭਾਵੇਂ ਕਿ ਦੋਹਾਂ ਵਿਚਕਾਰ ਲਗ ਪਗ ਦੋ ਹਜ਼ਾਰ ਵਰ੍ਹਿਆਂ ਦੀ ਵਿਥ ਹੈ। ਉਹਦੋ ਮਹਾਨ ਹਸਤੀਆਂ ਹਨ ਹਜ਼ਰਤ ਈਸਾ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ।

ਹਜ਼ਰਤ ਈਸਾ ਜੀ ਇਕ ਗ਼ਰੀਬੜੇ, ਅਣਗੌਲੇ, ਤਰਖਾਣ ਪਰਿਵਾਰ ਵਿਚ ਪੈਦਾ ਹੋਏ ਸਨ। ਸ੍ਰੀ ਸਤਿਗੁਰੂ ਜੀ ਵੀ ਇਕ ਗ਼ਰੀਬੜੇ, ਅਣਗੌਲੇ, ਤਰਖਾਣ ਪਰਿਵਾਰ ਵਿਚ ਪੈਦਾ ਹੋਏ ਸਨ।

ਹਜ਼ਰਤ ਈਸਾ ਜੀ ਨੇ ਮਨੁੱਖੀ ਜਨਮ ਨੂੰ ਮਹਾਨ ਦੱਸਿਆ। ਅਹਿੰਸਾ, ਭਰਾਤਰੀ ਭਾਵ, ਆਜ਼ਾਦ ਅਤੇ ਸਾਦਾ ਜੀਵਨ ਬਤੀਤ ਕਰਨ ਦੀ ਸਿਖਿਆ ਦਿਤੀ ਸੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਵੀ ਮਨੁੱਖੀ ਜਨਮ ਨੂੰ ਸਭ ਜੂਨਾਂ ਤੋਂ ਉਤਮ ਦਸਿਆ, ਅਹਿੰਸਾ, ਭਰਾਤਰੀ ਭਾਵ, ਅਤੇ ਮਨੁੱਖੀ ਆਜ਼ਾਦੀ ਦਾ ਝੰਡਾ ਬੁਲੰਦ ਕੀਤਾ ਹੈ।

ਹਜ਼ਰਤ ਈਸਾ ਦੇ ਪਹਿਲੇ ਸ਼ਰਧਾਲੂ, ਉਦੋਂ ਦੇ ਗ਼ੁਲਾਮੀ ਦਾ ਜੀਵਨ ਬਤੀਤ ਕਰਨ ਵਾਲੇ, ਜੇਹੜੇ ਪੀੜ੍ਹੀ ਦਰ ਪੀੜ੍ਹੀ ਗ਼ੁਲਾਮ ਹੀ ਤੁਰੇ ਆਉਂਦੇ ਸਨ, ਬਣੇ। ਸਤਿਗੁਰੂ ਰਾਮ ਸਿੰਘ ਜੀ ਦੇ ਸ਼ਰਧਾਲੂ ਵੀ ਗ਼ਰੀਬ ਕਿਰਤੀ ਕਿਸਾਨ ਹੀ ਬਣੇ। ਜਿਹੜੇ ਕਿ ਅੰਗਰੇਜ਼ਾਂ ਦੇ ਬਸਤਾ ਬਰਦਾਰ ਅਤੇ ਟੋਡੀਆਂ ਦੀਆਂ ਨਜ਼ਰਾਂ ਵਿਚ ਕੀੜੇ ਮਕੌੜਿਆਂ ਵਾਂਗ ਹੀ ਸਨ।

ਹਜ਼ਰਤ ਈਸਾ ਜੀ ਨੇ ਇਕ ਵਾਰ, ਇਕ ਹਜ਼ਾਰ ਵਰ੍ਹੇ ਦੇ ਲਈ ਪਰਤਕੇ ਸੰਸਾਰ ਵਿਚ ਆਉਣਾ ਹੈ, ਇਹ ਈਸਾਈ ਸ਼ਰਧਾਲੂ ਮੰਨਦੇ ਹਨ। ਇਸੇ ਪਰਕਾਰ ਸਤਿ ਅਤੇ ਨੇਕੀ ਦੀ ਜਿੱਤ ਅਤੇ ਪਸਾਰ ਦੇ ਲਈ ਸਤਿਗੁਰੂ ਰਾਮ ਸਿੰਘ ਜੀ ਵੀ ਆਉਣ ਦਾ ਵਚਨ ਕਰਕੇ ਗਏ ਹੋਏ ਹਨ। ਸ਼ਰਧਾਲੂ ਉਡੀਕ ਰਹੇ ਹਨ। ਸਭ ਦੀ ਨਿਹਚਾ ਹੈ ਕਿ ਸ੍ਰੀ ਸਤਿਗੁਰੂ ਜੀ ਆਉਣਗੇ, ਜ਼ਰੂਰ ਆਉਣਗੇ।

ਇਹੋ ਜਹੀ ਸਮਾਨਤਾ, ਦੋ ਮਹਾਨ ਹਸਤੀਆਂ ਵਿਚ, ਹੋਰ ਸ਼ਾਇਦ ਹੀ ਕੋਈ ਹੋਵੇ।

ਸ੍ਰੀ ਸਤਿਗੁਰੂ ਜੀ ਦਾ ਪਰਕਾਸ਼ ਸਤਲੁਜ ਨਦੀ ਦੀ ਛੱਡੀ ਧਰਤੀ ਤੇ ਵਸੇ ਪਿੰਡ ਰਾਈਆਂ ਵਿਚ ਹੋਇਆ। ਸਾਰਾ ਇਲਾਕਾ ਪਛੜਿਆ ਹੋਇਆ ਸੀ (ਉਝ ਅਜੇ ਵੀ ਹੈ)। ਧਰਮ ਅਤੇ ਰਾਜਨੀਤੀ ਵਲੋਂ ਸੁੱਤਾ ਪਿਆ ਹੋਇਆ ਵੀ ਕਿਹਾ ਜਾ ਸਕਦਾ ਹੈ। ਇਸ ਮਾਰੂਥਲ, ਅਗਿਆਨਤਾ, ਗ਼ਰੀਬੀ, ਸਾਮਰਾਜ ਦੇ ਚੁੰਗਲ ਵਿਚ ਫਸੇ, ਟੋਡੀਆਂ ਮਾਰੇ ਖੇਤਰ ਵਿਚ ਸਤਿਗੁਰੂ ਜੀ ਦਾ ਉਦੇ ਇਕ ਕੰਵਲ ਫੁੱਲ ਦੇ ਕੱਲਰ ਵਿਚ ਉਪਜਣ ਵਾਂਗ ਹੀ ਹੋਇਆ।

ਸਤਿਗੁਰੂ ਜੀ ਦੇ ਪਰਕਾਸ਼ ਧਾਰਨ ਤੋਂ ਪਹਿਲਾਂ ਖ਼ਾਲਸਾ

ਸ੍ਰੀ ਸਤਿਗੁਰੂ ਰਾਮ ਸਿੰਘ ਨੇ ਸਭ ਕੁਝ ਦੇਖਿਆ ਅਤੇ ਘੋਖਿਆ। ਸਿਖ ਸਰਦਾਰਾਂ ਦੇ ਕਰਦਾਰ ਨੂੰ ਅਖੀਂ ਦੇਖਿਆ। ਉਹਨਾਂ ਨੇ ਸਾਰੀ ਜਿਮੇਵਾਰੀ ਆਪ ਸੰਭਾਲਦਿਆਂ ਹੋਇਆਂ ਮੀਰੀ ਅਤੇ ਪੀਰੀ ਆਪਣੇ ਹੱਥ ਲੈ ਲਈ ਅਤੇ ਸ੍ਰੀ ਭੈਣੀ ਸਾਹਿਬ ਨੂੰ ਇਹਨਾਂ ਹੈਡਕੁਆਟਰ ਥਾਪ ਦਿਤਾ। ਇਸ ਨਾਲ ਅੰਗਰੇਜ਼ ਦੀ ਹਥਿਆਈ ਹੋਈ ਮੀਰੀ ਅਤੇ ਬੋਝੇ ਪਾਈ ਹੋਈ ਪੀਰੀ ਨੂੰ ਸਖ਼ਤ ਧੱਕਾ ਵੱਜਾ, ਜਿਸ ਨਾਲ ਅੰਗਰੇਜ਼ ਦਾ ਘਬਰਾ ਜਾਣਾ ਅਤੇ ਚਿੰਤਤ ਹੋ ਜਾਣਾ ਤਾਂ ਸੁਭਾਵਕ ਹੀ ਸੀ, ਉਸਦੇ ਟੋਡੀ, ਸਰਦਾਰ, ਡੇਰੇਦਾਰ, ਅਤੇ ਮਹੰਤ ਸਾਰੇ ਦੇ ਸਾਰੇ ਬੁਖਲਾ ਉਠੇ।

ਮਿਸਲਾਂ ਦੇ ਵਿਚ ਵੰਡਿਆ ਹੋਇਆ ਸੀ ਪਰ ਕੇਂਦਰੀ ਮੀਰੀ ਅਤੇ ਪੀਰੀ ਸ੍ਰੀ ਅੰਮ੍ਰਿਤਸਰ ਵਿਖੇ ਸਥਾਪਤ ਸੀ। ਫੇਰ, ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਹੋ ਜਾਣ ਉਪਰੰਤ, ਮੀਰੀ ਲਾਹੌਰ ਜਾ ਰਹੀ ਅਤੇ ਪੀਰੀ ਅਕਾਲ ਤਖ਼ਤ ਤੇ ਬਰਾਜਮਾਨ ਰਹੀ। ਅਕਾਲੀ ਫੂਲਾ ਸਿੰਘ ਜੀ ਜਥੇਦਾਰ ਨਿਭਾਂਦੇ ਰਹੇ।

ਫੇਰ, ਕਾਰਨ ਸਾਰੇ ਜਾਣਦੇ ਹਨ, ਲਾਹੌਰ ਦਾ ਰਾਜ ਖੁੱਸ ਜਾਣ ਤੇ ਮੀਰੀ ਤਾਂ ਅੰਗਰੇਜ਼ ਦੇ ਪਾਸ ਚਲੀ ਗਈ ਹੀ ਪੀਰੀ ਦੇ ਸਥਾਨ ਦੀਆਂ ਚਾਬੀਆਂ ਵੀ ਅੰਮ੍ਰਿਤਸਰ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਦੇ ਬੋਝੇ ਜਾ ਪਈਆਂ।

ਅਸਲ ਵਿਚ ਜੇ ਕਰ ਦੇਖਿਆ ਜਾਵੇ ਤਾਂ ਮੀਰੀ ਅਤੇ ਪੀਰੀ ਉਥੇ ਹੀ ਚਲੀ ਜਾਂਦੀ ਹੈ ਜਿਥੇ ਗੁਰੂ ਜੀ ਚਲੇ ਜਾਂਦੇ ਹਨ। ਮੀਰੀ ਪੀਰੀ ਦੇ ਸੰਸਥਾਪਕ ਅੰਮ੍ਰਿਤਸਰ ਨੂੰ ਤਿਆਗ ਕੇ ਕੀਰਤਪੁਰ ਸਾਹਿਬ ਚਲੇ ਗਏ, ਜਿਸਨੂੰ ਕਿ ਉਹਨਾਂ ਨੇ ਹੀ ਵਸਾਇਆ। ਗੁਰੂ ਜੀ ਮੁੜ ਅੰਮ੍ਰਿਤਸਰ ਨਹੀਂ ਗਏ। ਏਥੋ ਤੀਕ ਕਿ ਕੋਈ ਗੁਰੂ ਅਕਾਲ ਤਖ਼ਤ ਤੇ ਨਹੀਂ ਗਿਆ। ਜ਼ਾਹਰ ਹੈ ਕਿ ਮੀਰੀ ਅਤੇ ਪੀਰੀ ਅੰਮ੍ਰਿਤਸਰ ਨਾ ਹੋ ਕੇ ਪਹਿਲਾ ਕੀਰਤਪੁਰ ਸਾਹਿਬ ਅਤੇ ਫੇਰ ਅਨੰਦਪੁਰ ਸਾਹਿਬ ਚਲੀ ਗਈ।

ਸ੍ਰੀ ਸਤਿਗੁਰੂ ਰਾਮ ਸਿੰਘ ਨੇ ਸਭ ਕੁਝ ਦੇਖਿਆ ਅਤੇ ਘੋਖਿਆ। ਸਿਖ ਸਰਦਾਰਾਂ ਦੇ ਕਰਦਾਰ ਨੂੰ ਅਖੀਂ ਦੇਖਿਆ। ਉਹਨਾਂ ਨੇ ਸਾਰੀ ਜਿਮੇਵਾਰੀ ਆਪ ਸੰਭਾਲਦਿਆਂ ਹੋਇਆਂ ਮੀਰੀ ਅਤੇ ਪੀਰੀ ਆਪਣੇ ਹੱਥ ਲੈ ਲਈ ਅਤੇ ਸ੍ਰੀ ਭੈਣੀ ਸਾਹਿਬ ਨੂੰ ਇਹਨਾਂ ਹੈਡਕੁਆਟਰ ਥਾਪ ਦਿਤਾ। ਇਸ ਨਾਲ ਅੰਗਰੇਜ਼ ਦੀ ਹਥਿਆਈ ਹੋਈ ਮੀਰੀ ਅਤੇ ਬੋਝੇ ਪਾਈ ਹੋਈ ਪੀਰੀ ਨੂੰ ਸਖ਼ਤ ਧੱਕਾ ਵੱਜਾ, ਜਿਸ ਨਾਲ ਅੰਗਰੇਜ਼ ਦਾ ਘਬਰਾ ਜਾਣਾ ਅਤੇ ਚਿੰਤਤ ਹੋ ਜਾਣਾ ਤਾਂ ਸੁਭਾਵਕ ਹੀ ਸੀ, ਉਸਦੇ ਟੋਡੀ, ਸਰਦਾਰ, ਡੇਰੇਦਾਰ, ਅਤੇ ਮਹੰਤ ਸਾਰੇ ਦੇ ਸਾਰੇ ਬੁਖਲਾ ਉਠੇ।

ਸ੍ਰੀ ਸਤਿਗੁਰੂ ਜੀ ਨੇ ਅੰਗਰੇਜ਼ ਵਲੋਂ ਹੱਥਿਆਈ ਹੋਈ ਮੀਰੀ ਅਤੇ ਪੀਰੀ ਨੂੰ ਹੀ ਨਹੀਂ ਨਖੇਧਿਆ ਸਗੋਂ ਉਹਨਾਂ ਨੇ ਉਸ ਵਕਤ ਤਕ ਅੰਗਰੇਜ਼ ਦੀ ਹੋਂਦ ਤਕ ਦਾ ਨਖੇਧ ਕਰ ਛੱਡਿਆ ਜਦੋਂ ਤਕ ਕਿ ਪੂਰੀ ਸਕੀਮ ਨਾਲ, ਸ਼ਰਧਾਲੂਆਂ ਨੂੰ ਜਥੇਬੰਦ ਕਰਕੇ, ਮਹਾਰਾਜਾ ਕਸ਼ਮੀਰ, ਮਹਾਰਾਜਾ ਨੇਪਾਲ, ਅਤੇ ਰੂਸ ਦੇ ਜ਼ਾਰ ਦੇ ਨਾਲ ਸੰਧੀਆਂ ਕਰਕੇ, ਉਸਨੂੰ ਦੇਸ ਵਿਚੋਂ ਕਢ ਨਾ ਦਿਤਾ ਜਾਵੇ (ਦੇਖਿਆ ਜਾਵੇ ਤਾਂ ਮੀਰੀ ਅਤੇ ਪੀਰੀ ਸ੍ਰੀ ਭੈਣੀ ਸਾਹਿਬ ਤੋਂ ਹੀ ਚੱਲ ਰਹੀ ਹੈ।)

ਸ੍ਰੀ ਸਤਿਗੁਰੂ ਜੀ ਨੇ ਦੇਖ ਲਿਆ ਸੀ ਕਿ ਰਵਾਇਤੀ ਹਥਿਆਰਾਂ ਨੇ ਅੰਗਰੇਜ਼ ਦੇ ਵਿਰੁਧ ਕੋਈ ਕਾਰਗਰ ਰੋਲ ਨਹੀਂ ਸੀ ਨਿਭਾਈ। ਇਸ ਲਈ ਉਹਨਾਂ ਨੇ ਉਸ ਤੋਂ ਕਿਤੇ ਵਧ ਕਾਰਗਰ ਹਥਿਆਰ ਦੀ ਕਾਢ ਕਢੀ। ਨਾ ਮਿਲਵਰਤਣ ਦੀ ਅਤੇ ਬਾਈਕਾਟ ਦੀ। ਅੰਗਰੇਜ਼ ਦੀ ਕਚਹਿਰੀ ਨਹੀਂ ਜਾਣਾ, ਅੰਗਰੇਜ਼ ਦੇ ਥਾਣੇ ਨਹੀਂ ਜਾਣਾ, ਅੰਗਰੇਜ਼ ਦੀ ਨੌਕਰੀ ਨਹੀਂ ਕਰਨੀ। ਅੰਗਰੇਜ਼ ਦੀ ਰੇਲ ਤੇ ਸਫ਼ਰ ਨਹੀਂ ਕਰਨਾ, ਅੰਗਰੇਜ਼ ਦਾ ਡਾਕ ਪਰਬੰਧ ਨਹੀਂ ਵਰਤਣਾ। ਅੰਗਰੇਜ਼ ਦੀ ਪੈਦਾ ਕੀਤੀ ਬਣਾਈ ਹੋਈ ਕੋਈ ਵੀ ਚੀਜ਼ ਵਸਤ ਨਹੀਂ ਵਰਤਣੀ, ਅੰਗਰੇਜ਼ ਦੇ ਸਕੂਲਾਂ ਵਿਚ ਨਹੀਂ ਜਾਣਾ, ਅੰਗਰੇਜ਼ ਨੂੰ ਮਾਲੀਆ ਜਾਂ ਫਸਲ ਦਾ ਹਿੱਸਾ ਨਹੀਂ ਦੇਣਾ, ਇਤਿਆਦਿ।

ਇਸ ਦੇ ਨਾਲ ਆਪਣੇ ਸਮਾਨੰਤਰ ਪਰਬੰਧ ਕੀਤਾ। ਇਲਾਕੇ ਨੂੰ ਸੂਬਿਆਂ ਵਿਚ ਵੰਡ ਕੇ ਸੂਬੇ ਨਿਯੁਕਤ ਕੀਤੇ। ਇਸ ਨਾਲ ਅੰਗਰੇਜ਼ ਅਤੇ ਉਸ ਦੀ ਹਕੂਮਤ ਦਾ ਪੂਰਾ ਪੂਰਾ ਨਖੇਧ ਹੁੰਦਾ ਸੀ।

ਲਾਹੌਰ ਦੀ ਮੀਰੀ ਤੇ ਸਿੱਖਾਂ ਦੇ ਆਪਸੀ ਫੁੱਟ ਦੇ ਕਾਰਨ, ਅੰਗਰੇਜ਼ ਬਰਾਜਮਾਨ ਸੀ ਅਤੇ ਸ੍ਰੀ ਅੰਮ੍ਰਿਤਸਰ ਪੀਰੀ ਦੀਆਂ ਚਾਬੀਆਂ ਅੰਗਰੇਜ਼ ਦੀ ਜੇਬ ਵਿਚ ਸਨ (ਸਾਰੇ ਮੁਖੀ ਸਰਦਾਰ ਸੰਤੁਸ਼ਟ ਸਨ) ਪਰ ਇਹ ਚਾਬੀਆਂ ਹੀ ਚਾਬੀਆਂ ਸਨ ਅਤੇ ਅੰਗਰੇਜ਼ ਦਾ ਮੀਰੀ ਹੋਣ ਦਾ ਦਾਅਵਾ ਹੀ ਦਾਅਵਾ ਸੀ। ਅਸਲ ਵਿਚ ਮੀਰੀ ਅਤੇ ਪੀਰੀ ਹੁਣ ਸ੍ਰੀ ਸਤਿਗੁਰੂ ਜੀ ਚਲਾ ਰਹੇ ਸਨ। ਇਹ ਇਕ ਹਕੀਕਤ ਸੀ।

ਹੁਣ ਵੀ, ਭਾਵੇਂ ਉਹ ਆਪ ਪਰਦੇਸ ਗਮਨ ਕਰ ਗਏ ਹਨ ਪਰ ਮੀਰੀ ਅਤੇ ਪੀਰੀ ਦੇ ਹੈਡਕੁਆਟਰ ਦੀ ਜ਼ਿਮੇਵਾਰੀ ਏਥੇ, ਆਪਣੇ ਉੱਤਰ ਅਧਿਕਾਰੀ ਨੂੰ ਸੌਂਪ ਕੇ ਗਏ ਹਨ। ਉਹਨਾਂ ਦੇ ਪਰਤ ਕੇ ਆ ਜਾਣ ਤਕ ਏਥੇ ਹੀ, ਇਸੇ ਤਰ੍ਹਾਂ ਹੀ ਸੰਭਾਲੀ ਅਤੇ ਚਲਦੀ ਰਹਿਣੀ ਹੈ।

ਅਜ ਦੇਸ ਆਜ਼ਾਦ ਹੈ। ਬਦਲੇ ਹੋਏ ਹਾਲਾਤ ਵਿਚ ਹੁਣ ਮੀਰੀ ਵਾਲੇ ਅਧਿਕਾਰ ਜਨ-ਸਾਧਾਰਨ ਦੇ ਹੱਥਾਂ ਵਿਚ ਜਾ ਚੁਕੇ ਹਨ। ਪਰ ਜਨ-ਸਾਧਾਰਨ ਸ੍ਰੀ ਭੈਣੀ ਸਾਹਿਬ ਵਲ ਝਾਕ ਰਿਹਾ ਹੈ ਉਹ ਆਪਣੇ ਸੱਚੇ ਪਾਤਸ਼ਾਹ ਦੀ ਉਡੀਕ ਵਿਚ ਹੈ। ਇਸ ਲਈ ਉਹਨਾਂ ਦੀ ਸ਼ਰਧਾ ਨੇ ਆਪਣਾ ਪੀਰੀ ਦਾ ਅਧਿਕਾਰ ਵੀ ਏਥੇ ਹੀ ਮੱਥਾ ਟੇਕਿਆ ਹੋਇਆ ਹੈ। ਇਸ ਮੀਰੀ ਪੀਰੀ ਦੇ ਦੇਖ ਰੇਖ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਉਡੀਕ ਵਿਚ, ਸ੍ਰੀ ਸਤਿਗੁਰੂ ਜਗਜੀਤ ਸਿੰਘ ਕਰ ਰਹੇ ਹਨ। ਉਹਨਾਂ ਦੀ ਛਤਰ ਛਾਇਆ ਹੇਠ ਸਤਿਗੁਰੂ ਰਾਮ ਸਿੰਘ ਜੀ ਦੇ ਪਾਏ ਪੂਰਨਿਆਂ ਤੇ ਅਕੀਦਤ ਦੇ ਫੁੱਲ ਚੜ੍ਹਾਏ ਜਾ ਰਹੇ ਹਨ। ਮੀਰੀ ਅਤੇ ਪੀਰੀ ਦਾ ਪਰਵਾਹ ਸ੍ਰੀ ਭੈਣੀ ਸਾਹਿਬ ਤੋਂ ਨਿਰੰਤਰ ਅਤੇ ਨਿਰਵਿਘਨ ਜਾਰੀ ਹੀ ਜਾਰੀ ਰਹੇਗਾ।

(ਮਾਸਕ ਵਰਿਆਮ, ਅਪਰੈਲ ੧੯੮੯ ਚੋਂ ਧੰਨਵਾਦ ਸਹਿਤ)

ਪ੍ਰੀਤਮ ਸਿੰਘ ਕਵੀ

ਇਕ ਭੁੱਲੀ ਵਿਸਰੀ ਯਾਦ



ਅੱਜ ਇਹ ਗੱਲ ਯਾਦ ਨਹੀਂ ਕਿ ਬੇਅੰਤ ਜੀ ਨੂੰ ਕਿਵੇਂ ਪਤਾ ਲਗਾ ਕਿ ਮੈਂ ਕਹਾਣੀਆਂ ਸੁਣਾਣ ਦਾ ਚੰਗਾ ਸ਼ੌਕ ਰਖਦਾ ਸਾਂ ਜਾਂ ਮੇਰਾ ਕਥਨ ਢੰਗ ਆਕਰਸ਼ਕ ਹੈ ਪਰ ਏਨਾ ਪਤਾ ਹੈ ਕਿ ਬੇਅੰਤ ਜੀ, ਕਦੇ ਨ ਕਦੇ, ਮੈਨੂੰ ਮਿਲਣ ਦਾ ਸਮਾ ਕੱਢ ਲੈਂਦੇ। ਮੇਰੇ ਪਾਸ ਆ ਕੇ ਬਾਤ ਪਾਉਣ ਦੀ ਫਰਮਾਇਸ਼ ਹੁੰਦੀ। ਇਹਨਾਂ ਨੂੰ ਸੁਣਾਉਣ ਕਰਕੇ ਹੀ ਮੈਨੂੰ ਕਥਨ-ਕਲਾ ਆ ਗਈ ਜਾਂ ਮੇਰੀ ਕਹਿਣ ਸ਼ਕਤੀ ਨੇ ਹੀ ਆਪ ਨੂੰ ਆਕਰਸ਼ਤ ਕੀਤਾ, ਇਹਦਾ ਨਿਰਣਾ ਨਹੀਂ ਹੋ ਸਕਿਆ।

ਲਗਦਾ ਇਉਂ ਹੈ ਜਿਵੇਂ ਬੇਅੰਤ ਜੀ ਦੇ ਅੰਦਰਵਾਰ ਬਚਪਨ ਵਿਚ ਹੀ ਗ੍ਰਹਿਣ ਸ਼ਕਤੀ ਵਧੇਰੇ ਸੀ। ਮੈਂ ਉਹਨਾਂ ਨੂੰ ਨਿਤ ਨਵੀਆਂ ਤੋਂ ਨਵੀਆਂ ਕਹਾਣੀਆਂ ਸੁਣਾਂਦਾ। ਇਹਨਾਂ ਵਿਚ ਬਹੁਤ ਸਾਰੀਆਂ ਪੁਰਾਣੀਆਂ ਹੁੰਦੀਆਂ। ਕਈ ਵਾਰ ਇਕਦਮ ਨਵੀਨ ਰਚਨਾਵਾਂ ਵੀ ਹੁੰਦੀਆਂ ਜਿਦ੍ਹੇ ਪਾਤਰ ਖ਼ੁਦ ਬੇਅੰਤ ਜੀ, ਵਕਤਾ ਅਤੇ ਨਾਲ ਦੇ ਕੁਛ ਗਿਣੇ ਚੁਣੇ ਵਿਦਿਆਰਥੀ ਹੁੰਦੇ।

ਜਦੋਂ ਵੀ ਉਹ ਮੇਰੇ ਪਾਸ ਆਉਂਦੇ ਚਾਨਣ-ਚਾਨਣ ਹੋ ਜਾਂਦਾ। ਮੇਰੀ ਰੂਹ ਖਿੜ ਖਿੜ ਉਠਦੀ ਤੇ ਮਚਲ ਮਚਲ ਜਾਂਦੀ। ਓਦੂੰ ਮੈਨੂੰ ਇਹਦਾ ਪਤਾ ਨਹੀਂ ਸੀ। ਅੱਜ ਮੈਂ ਸਮਝਦਾ ਹਾਂ ਕਿ ਉਹ ਰੂਪਵਾਨ ਸਨ। ਗੋਰੇ, ਗੋਰੇ, ਗੋਲ ਮਟੋਲ, ਹਸਦੇ ਤਾਂ ਦੁਆਲੇ ਸੁੰਦਰਤਾ ਬਿਖਰ ਜਾਂਦੀ। ਗੰਭੀਰ ਹੁੰਦੇ ਤਾਂ ਉਨ੍ਹਾਂ ਦੇ ਲਾਲ ਲਾਲ ਕਪੋਲ ਮੁਖੜੇ ਦੁਆਲੇ ਇਕ ਖੂਬਸੂਰਤ ਘੇਰਾ ਵਲ ਲੈਂਦੇ। ਇਹ ਜਰੂਰ ਮੇਰੇ ਕਵੀ ਮਨ ਦੀ ਕਲਪਣਾ ਸੀ। ਉਹ ਇਹ ਸਭ ਕੁਝ ਵੇਖ ਹੁਲਸਾ ਜਾਂਦਾ, ਆਨੰਦਿਤ ਹੋ ਉਠਦਾ। ਉਹਦੇ ਅੰਦਰ ਕਲਪਣਾ ਦੀਆਂ ਲਹਿਰਾਂ ਤੇ ਲਹਿਰਾਂ ਉਠ ਖਲੋਂਦੀਆਂ। ਚਿੱਟੇ ਖੱਦਰ ਦੇ ਤਿੰਨ ਬਸਤਰ ਪਹਿਰਾਵਾ ਹੁੰਦਾ, ਦਸਤਾਰ, ਕੁਰਤਾ ਅਤੇ ਪਜਾਮਾ, ਜਦੋਂ ਵੀ ਉਹਨਾਂ ਨੂੰ ਵਿਹਲ ਹੁੰਦੀ ਉਹ ਮੇਰੇ ਪਾਸ ਬਹਿ ਜਾਂਦੇ ਤੇ ਬਾਲ ਸੁਲਭ ਜਗਿਆਸਾ ਨਾਲ ਆਖਦੇ: ਕਹਾਣੀ ਸੁਣਾਓ ਕਵੀ ਜੀ।

ਮੈਂ ਏਸੇ ਸਮੇਂ ਨੂੰ ਚਿਤਵ ਕੇ ੧੯੬੦ ਈ. ਵਿਚ ਇਕ ਰੁਬਾਈ ਲਿਖੀ ਸੀ:

ਬਾਲ ਪ੍ਰੀਤਮ, ਠੋਡੀ ਹਥ ਧਰ, ਧਰ ਤੇ ਲੰਮਾ ਪੈ ਕੇ
ਸੁਣਦਾ ਰਿਹਾ ਕਹਾਣੀ ਕੁਦਰਤੀ, ਰੋਜ਼ ਬਰੋਜ਼ੀ ਕਹਿ ਕੇ
ਤਖਤ ਬਖਤ ਦਾ ਮਾਲਿਕ ਬਣ, ਹੁਣ ਸੈਰ ਜਗਤ ਦੇ ਕਰਦਾ
ਕਥਾਕਾਰ ਵਿਹੰਦਾ ਹੀ ਰਹਿੰਦਾ ਕਦ ਜਾਵੇਗਾ ਲੈ ਕੇ।

ਇੱਕ ਗੱਲ ਮੈਨੂੰ ਓਦੋਂ ਵੀ ਪਤਾ ਸੀ ਕਿ ਬੇਅੰਤ ਜੀ ਮੇਰੀ ਹਰ ਗੱਲ ਨੂੰ ਬੜੀ ਗੰਭੀਰਤਾ ਨਾਲ ਲੈਂਦੇ ਅਤੇ ਉਸਦੀ ਤਹਿ ਤਕ ਜਾਂਦੇ ਅਤੇ ਚੰਗੇ ਪਾਤਰਾਂ ਦੇ ਗੁਣ ਅੰਦਰ ਸਮੋਈ ਜਾਂਦੇ। ਜੇ ਕਿਤੇ ਕਿਸੇ ਕਹਾਣੀ ਵਿਚ ਜ਼ਿਕਰ ਆਉਂਦਾ ਕਿਸੇ ਬੜਬੋਲੇ, ਸਨਕੀ ਜਾਂ ਬਦਲੇ ਖੋਰ ਸ਼ਹਿਜਾਦੇ ਦਾ ਤਾਂ ਇਹ ਉਸ ਨੂੰ ਨਾ ਪਸੰਦ ਕਰਦੇ ਅਤੇ ਇਹਦੀ ਥਾਂ ਜਿਹੜਾ ਰਾਜਕੁਮਾਰ ਸੁਹਿਰਦ, ਮਿਠ ਬੋਲਾ, ਮਾੜਿਆਂ ਦੀ ਮੱਦਦ ਕਰਨ ਵਾਲਾ ਅਤੇ ਖਿਮਾਸ਼ੀਲ ਹੁੰਦਾ, ਬੇਅੰਤ ਦੀ ਉਹਦੀਆਂ ਖੂਬੀਆਂ ਮੁੜ ਮੁੜ ਬਖਾਣਦੇ ਜਿਵੇ ਆਪਦੇ ਆਪ ਵਿਚ ਉਹ ਗੁਣ ਰਚਾ ਰਹੇ ਹੋਣ।

ਸ਼ੂਮ, ਲਾਲਚੀ, ਝਗੜਾਲੂ, ਈਰਖਾਲੂ ਅਤੇ ਦੂਜਿਆਂ ਦੀ ਸ਼ੋਭਾ ਨ ਵੇਖ ਸੁਣ ਸਕਣ ਵਾਲੇ ਅਭਿਮਾਨੀ ਰਾਜ-ਪੁੱਤਰ ਨੂੰ ਆਪਣਾ ਆਦਰਸ਼ ਨ ਮਿਥ ਕੇ ਬੇਅੰਤ ਜੀ ਧਰਮ ਅੰਗੀ, ਉਦਾਰ ਤਿਆਗੀ, ਸੁਲਹਕੁਲ, ਦੂਜਿਆਂ ਦੀ ਤਰੱਕੀ ਵੇਖ ਖੁਸ਼ ਹੋਣ ਵਾਲੇ ਅਤੇ ਨਿਰਮਾਣ ਵਿਅਕਤੀ ਦੀ ਗਲ ਬਾਰ ਬਾਰ ਸੁਣਦੇ।

ਅੱਜ ਜਦੋਂ ਮੈਂ ਸਤਿਗੁਰੂ ਸਰੂਪ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵੇਖਦਾ ਹਾਂ ਤਾਂ ਮੈਨੂੰ ਆਪਣੀਆਂ ਸੁਣਾਈਆਂ ਹੋਈਆਂ ਕਹਾਣੀਆਂ ਦਾ ਅਤੇ ਉਨ੍ਹਾਂ ਵਿਚ ਆਏ ਚਰਿਤਰਾਂ ਦੀ ਚੇਤਨਾਂ ਦਾ ਸਮਾਂ ਯਾਦ ਆ ਜਾਂਦਾ ਹੈ।

■

ਪੰਥ ਰਤਨ ਮਾਸਟਰ ਨਿਹਾਲ ਸਿੰਘ

ਸੰਤ ਖਾਲਸਾ

ਨਾਮ ਜਪਣਾ, ਵੰਡ ਛਕਣਾ, ਧਰਮ ਦੀ ਕਿਰਤ। ਸਤਿਗੁਰੂ ਜੀ ਨੇ ਕੁਲ ਆਲਮ ਵਿਚ ਉਸ ਅਰਸ਼ ਕੁਰਸ਼ ਦੇ ਮਾਲਿਕ ਦੇ ਨੂਰ ਨੂੰ ਤੱਕਣ ਦੀ ਸੋਝੀ ਪਾਈ। ਜਿਸਦੇ ਉਤਰਾਧਿਕਾਰੀ ਉਸੇ ਸਿਧਾਂਤ ਨੂੰ ਘਰ ਘਰ ਪਹੁੰਚਾਣ ਦਾ ਪਰਉਪਕਾਰ ਕਰਦੇ ਚਲੇ ਆ ਰਹੇ ਹਨ।



ਸੰਤ : *ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮੰਨਿ ਮੰਤੁ।। ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ।*

ਖਾਲਸਾ : ਉਹ ਜ਼ਮੀਨ ਜਾਂ ਮੁਲਕ ਜੋ ਬਾਦਸ਼ਾਹ ਦੀ ਨਿਜੀ ਹੋਵੇ, ਜਿਸ ਤੇ ਕਿਸੇ ਜਾਗੀਰਦਾਰ ਦਾ ਕਬਜ਼ਾ ਨਾ ਹੋਵੇ। ਨਾਨਕ ਪੰਥੀ (ਮਹਾਨ ਕੋਸ਼)।

ਸੰਤ ਖਾਲਸਾ : ਉਹ ਹੈ ਜੋ ਸਦਾਚਾਰੀ ਗੁਣਾਂ ਦਾ ਮਾਲਕ ਹੋਵੇ। ਗੁਰੂ ਦੀ ਰਜ਼ਾ ਵਿਚ ਚੱਲਣ ਵਾਲੀ ਸੰਸਥਾ, ਸੰਤ ਖਾਲਸਾ ਕਹਿਲਵਾ ਸਕਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਰਿਸ਼ੀਆਂ ਮੁਨੀਆਂ ਦੀ ਸੰਸਕ੍ਰਿਤੀ ਵਿੱਚ ਆਈ ਗਿਰਾਵਟ, ਦਖਾਵੇ, ਪਾਖੰਡ ਤੇ ਸਵਾਰਥ ਦੇ ਹੜ ਵਿਚੋਂ ਬਚਾਉਣ ਤੇ ਪਾਰ ਕੰਢੇ ਲਾਉਣ ਹਿਤ ਪੂਰਬ, ਪੱਛਮ ਦੱਖਣ ਅਤੇ ਉੱਤਰ ਦਿਸ਼ਾ ਵੱਲ ਕਠਨਾਈਆਂ ਭਾਗ ਰਟਨ ਕੀਤਾ ਤੇ ਮਨੁੱਖ ਨੂੰ ਮਨੁੱਖ ਬਣਨ ਦਾ ਰਾਹ ਵਿਖਾਇਆ,

ਨਾਮ ਜਪਣਾ, ਵੰਡ ਛਕਣਾ, ਧਰਮ ਦੀ ਕਿਰਤ। ਸਤਿਗੁਰੂ ਜੀ ਨੇ ਕੁਲ ਆਲਮ ਵਿਚ ਉਸ ਅਰਸ਼ ਕੁਰਸ਼ ਦੇ ਮਾਲਿਕ ਦੇ ਨੂਰ ਨੂੰ ਤੱਕਣ ਦੀ ਸੋਝੀ ਪਾਈ। ਜਿਸਦੇ ਉਤਰਾਧਿਕਾਰੀ ਉਸੇ ਸਿਧਾਂਤ ਨੂੰ ਘਰ ਘਰ ਪਹੁੰਚਾਣ ਦਾ ਪਰਉਪਕਾਰ ਕਰਦੇ ਚਲੇ ਆ ਰਹੇ ਹਨ।

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਹੀ ਵਡਮੁਲੇ ਅਸੂਲਾਂ ਨੂੰ ਨਜ਼ਰ ਹੇਠਾਂ ਰੱਖਦਿਆਂ ਗੈਰਾਂ ਦੇ ਹੱਲਿਆਂ ਕਾਰਨ ਦਬੇਲ ਕੌਮ ਨੂੰ ਅੰਮ੍ਰਿਤ ਛਕਾ ਸਵੈਮਾਨ ਨਾਲ ਜੀਵਨ ਜੀਉਣ ਦੀ ਜਾਚ ਸਖਾਈ। ਸ੍ਰੀ ਸਾਹਿਬ ਦਾ ਧਾਰਨੀ ਬਣਾਇਆ ਤੇ ਨਾਲ ਹੀ ਪ੍ਰਯੋਗ ਦੀ ਜਾਚ ਸਖਾਈ, ਜਿਸਦੀ ਵਜ਼ਾਹਤ ਕਰਦਿਆਂ ਹਜ਼ੂਰ ਨੇ ਔਰੰਗਜ਼ੇਬ ਨੂੰ ਲਿੱਖੇ ਪੱਤਰ, ਜ਼ਫਰਨਾਮੇ, ਵਿਚ ਦਰਸਾਇਆ ਹੈ:

ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬਸ਼ਮਸ਼ੇਰ ਦਸਤ।

ਭਾਵ ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਦੀ ਦਰਸਾਈ ਰੀਤੀ ਵਿਚ ਹਲਾਤ ਅਨੁਸਾਰ ਕ੍ਰਾਂਤੀ ਲਿਆਂਦੀ। ਜਿਸ ਦਾ ਸਿਟਾ ਇਹ ਨਿਕਲਿਆ ਕਿ ਗੁਰੂ ਕੇ ਲਾਲ ਨਾਮ ਜਪਦੇ, ਬਾਣੀ ਪੜ੍ਹਦੇ ਦਸਾਂ ਨਵ੍ਹਾਂ ਦੀ ਕਿਰਤ ਕਰਦੇ, ਪਰਉਪਕਾਰ ਹਿੱਤ ਸ੍ਰੀ ਸਾਹਿਬ ਦਾ ਪ੍ਰਯੋਗ ਵੀ ਕਰਦੇ ਤੇ ਨਾਦਰ ਵਰਗੇ ਜਾਬਰ ਹਮਲਾਆਵਰਾਂ ਦੇ ਦੰਦ ਖੱਟੇ ਕੀਤੇ ਤੇ ਹਜ਼ਾਰਾਂ ਅਬਲਾਵਾਂ ਨੂੰ ਦਰਿੰਦਿਆਂ ਤੋ ਮੂੰਹ ਛੁਡਵਾਇਆ। ਉਹਨਾਂ ਨੂੰ ਆਪਣੀਆਂ ਧੀਆਂ ਭੈਣਾਂ ਵਾਂਗੂ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਇਆ ਤੇ ਧਾੜਵੀਆਂ ਨੂੰ ਨਾਨੀ ਚੇਤੇ ਕਰਵਾਈ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਥੋੜੇ ਸਮੇਂ ਅੰਦਰ ਹੀ ਪੰਜਾਂ ਪਾਣੀਆਂ ਦੀ ਧਰਤੀ ਤੇ ਖਾਲਸਈ ਝੰਡਾ ਫਰਾਟੇ ਮਾਰਨ ਲੱਗਾ, ਪਰ ਅਫਸੋਸ! ਸਦ ਅਫਸੋਸ ਖਾਲਸਾ ਕੁਕਰਮਾਂ ਵਿਚ ਫਸ ਉਸ ਖੂਹ ਵਿਚ ਜਾ ਡਿੱਗਾ, ਜਿਸਤੋਂ ਭਾਰੀ ਕੁਰਬਾਨੀਆਂ ਦੇ ਕੇ ਨਿਕਲਿਆ ਸੀ। ਨਾਮ ਬਾਣੀ ਵਲ ਨੂੰ ਕੰਡ ਕਰ, ਮਾਸ ਸ਼ਰਾਬ ਦੇ ਗਾੜ੍ਹੇ ਗਫੇ, ਪਸੀਨੇ ਦੀ ਥਾਂ ਲਹੂ

ਡੋਲ੍ਹਣ ਵਾਲੇ ਭਰਾਵਾਂ ਦੇ ਲਹੂ ਦੇ ਪਿਆਸੇ ਬਣ ਗਏ, ਨਾਦਰ ਸ਼ਾਹੀ ਦੀ ਥਾਂ ਸਿੱਖਾ ਸ਼ਾਹੀ ਜ਼ੁਬਾਨ ਤੇ ਪ੍ਰਧਾਨ ਬਣ ਗਈ। ਉਸ ਭਿਆਨਕ ਦਸ਼ਾ ਦਾ ਨਕਸ਼ਾ ਪੰਥ ਦੇ ਵਿਦਵਾਨ ਗਿਆਨੀ ਗਿਆਨ ਸਿੰਘ ਇਉਂ ਉਲੀਕਿਆ ਹੈ:-

-ਜਾਗ ਜਿਨਕੇ ਬਡੇਰੇ ਬਾਣੀ ਪੜ੍ਹ ਤੇ ਸਵੇਰੇ,
ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨ ਕਰੈਂ,
ਤਿਨੀ ਕੇ ਨਾਤੀ ਧੂਪ ਦੀਪ ਕੀ ਕਹਾ ਬਖਯਾਤੀ
ਪਾਇ ਹੈ ਨ ਝਾਤੀ ਮੂਸ ਖਾਤ ਗ੍ਰੰਥ ਜੋ ਪਰੈ।
ਜਪੁਜੀ ਨ ਰਹਿਰਾਸ, ਪਢੈ ਸੁਨੇ ਕਬੀ ਖਾਸ
ਔਰ ਜੋ ਪਢਤ ਪਾਸ, ਹਾਸ ਤਿਨਪੈ ਕਰੈ।
-ਨਿਜ ਤ੍ਰਿਯਾ ਤਜ ਕੁਲਟਾ ਬਿਭਚਾਰਨ
ਮੁੰਡਿਉ ਸੰਗ ਰਮੈ ਹੈ ਜੋ।
ਤਿਨ ਕੇ ਸੰਗੀ ਬਾਦ ਫਰੰਗੀ,
ਬਹੁਤ ਨਮਰਦ ਬਵੈ ਹੈ ਜੋ।
ਸਿੰਘ ਸੁਨਹਿਰੀ ਕਬਜ਼ੇ ਵਾਲੇ
ਤਿਨੇ ਮਸਖਰੀ ਲੋਗ ਕਰੈਂ।
ਸਰਮ ਹਿਆਓ, ਸੁਕਰਮ ਧਰਮ
ਤਜ ਪੈ ਕੁਕਰਮ ਮੈ ਸੌਉ ਮਰੈ। -(ਪੰਥ ਪ੍ਰਕਾਸ਼)

ਸਿੱਖ ਪੰਥ ਦੇ ਰਾਖਿਆਂ ਦੀ ਇਹ ਹਾਲਤ ਵੇਖ ਬਦੇਸੀਆਂ ਘਰ ਨੂੰ ਸੰਨ੍ਹ ਲਾ ਦਿੱਤੀ। ਆਪ ਡਾਕੂਆਂ ਨੂੰ ਘਰ ਲੁੱਟਣ ਦਾ ਸੱਦਾ ਦਿੱਤਾ ਤੇ ਲਾਹੌਰ ਦੇ ਸ਼ਾਹੀ ਕਿਲੇ ਤੇ ਯੂਨੀਅਨ ਜੈਕ ਆਕੜ ਨਾਲ ਲਹਿਰਾਣ ਲੱਗਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਲੰਮੀ ਗਰਦਨ, ਮੋਟੇ ਨੇਤਰ, ਗੋਡਿਆਂ ਤੀਕ ਬਾਹੀਂ, ਅੰਮ੍ਰਿਤ ਰਸਨਾ ਦੇ ਮਾਲਿਕ ਇਹ ਸਭ ਕੁਝ ਵੇਖਿਅ ਤੇ ਉਜੜੇ ਬਾਗ ਵਿਚ ਬਸੰਤੀ ਬਹਾਰ ਲਿਆਉਣ ਦਾ ਸੰਕਲਪ ਧਾਰਿਆ। ਆਪ ਭਲੀ ਭਾਂਤ ਜਾਣਿਆਂ ਕਿ ਖਾਲਸੇ ਦੀ ਇਹ ਦੁਰਦਸ਼ਾ ਚਰਿੱਤਰ ਹੀਨਤਾ ਸਦਕਾ ਹੋਈ ਹੈ। ਇਹ ਹੈ ਵੀ ਠੀਕ ਜਿਸ ਵਿਅਕਤੀ ਦਾ ਚਰਿੱਤਰ ਨਹੀਂ, ਜਿਸ ਕੌਮ ਦੇ ਆਚਰਨ ਦਾ ਭੋਗ ਪੈ ਜਾਵੇ, ਜਿਸ ਦੇਸ ਦਾ ਅਖਲਾਕ ਗਿਰ ਪਵੇ ਤੇ ਧਰਮ ਖੰਭ ਲਾ ਉਡੇ ਹੋਣ, ਉਹ ਜ਼ਰੂਰ ਰਸਾਤਲ ਵੱਲ ਰਿੜੇਗੀ।

. ਸਤਿਗੁਰੂ ਰਾਮ ਸਿੰਘ ਜੀ ਸਭ ਤੋਂ ਪਹਿਲਾ ਚਰਿੱਤਰ ਉਸਾਰੀ ਲਈ ਉਹ ਟੀਕਾ ਲਾਇਆ, ਜਿਸ ਨਾਲ ਗੁੰਗੇ ਬੋਲਣ ਲੱਗ ਪੈਂਦੇ ਹਨ, ਅੰਨ੍ਹਿਆਂ ਨੂੰ ਬੀਨਾਈ ਮਿਲਦੀ ਹੈ। ਲੰਗੜੇ ਲੂਲੇ ਦੌੜਾਂਗੇ ਮਾਰਦੇ ਹਨ, ਮੁਰਦਿਆਂ ਵਿਚ ਜਾਨ ਪੈ ਜਾਂਦੀ ਹੈ ਤੇ ਰਾਖਸ਼ ਦੇਵਤੇ ਬਣ ਖਲੋਂਦੇ ਹਨ।

ਗ੍ਰਿਬ ਨਿਵਾਜ਼ ਜੀ ੧੯੧੪ ਬਿਕਰਮੀ ਵਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ ਚਿੱਟਾ ਝੰਡਾ ਖੜਾ ਕਰ, ਪੰਜਾਂ ਸਿੰਘਾਂ, ਕਾਹਨ ਸਿੰਘ ਨਿਹੰਗ, ਆਤਮਾ ਸਿੰਘ, ਨੈਣਾ ਸਿੰਘ, ਲਾਭ ਸਿੰਘ ਤੇ ਸੁਧ ਸਿੰਘ ਨੂੰ ਖੰਡੇ ਦਾ ਅੰਮ੍ਰਿਤ ਛਕਾ, ਸ੍ਰੀ ਗੁਰੂ ਨਾਨਕ ਦੇਵ ਜੀ ਵਾਲੇ ਆਦਰਸ਼ ਸੰਤ ਖਾਲਸੇ ਦੀ ਨਵੇਂ ਸਿਰਿਉਂ ਨੀਂਵ ਰੱਖੀ ਤੇ ਮਰਜੀਵੜਿਆਂ ਦੀ ਭਰਤੀ ਖੋਲ ਦਿੱਤੀ, ਜਿਸ ਦੇ ਹਰ ਰੰਗਰੂਟ ਵਾਸਤੇ ਅੰਮ੍ਰਿਤ ਵੇਲੇ ਦਾ ਜਾਗਣਾ, ਸਣਕੇਸੀ ਇਸ਼ਨਾਨ, ਨਾਮ ਜਪਣਾ, ਪੰਜਾਂ ਬਾਣੀਆਂ ਦਾ ਪਾਠ, ਸੁੱਚ ਸੋਧ ਦਾ ਪ੍ਰਸ਼ਾਦ, ਦਰ ਆਏ ਅਤਿਥੀ ਨੂੰ ਲੰਗਰ, ਨੰਗੇ ਨੂੰ ਕਪੜਾ, ਜੋੜਾ, ਪਰਾਈ ਧੀ ਮਾਂ ਭੈਣ ਸਮਾਨ, ਕੁੜੀਆਂ ਦੇ ਮਾਰਨ, ਵੇਚਣ ਵੱਟਾ ਕਰਨ ਦੀ ਸਖਤ ਮਨਾਹੀ ਤੇ ਵਿਧਵਾ ਵਿਵਾਹ ਦੀ ਖੁਲ੍ਹ ਸੀ।

ਇਸ ਦੇ ਨਾਲ ਹੀ ਬਦੇਸੀਆਂ ਨੂੰ ਦੇਸੋਂ ਕੱਢਣ ਹਿੱਤ ਸਕੂਲਾਂ ਕਾਲਜਾਂ ਦਾ ਬਾਈਕਾਟ, ਕਚਹਿਰੀਆਂ ਦਾ ਬਹਿਸ਼ਕਾਰ, ਬਦੇਸੀ ਮਾਲ ਨੂੰ ਲਾਨ੍ਹਤ, ਘਰਾਂ ਦੇ ਖਦਰ ਪਾਉ ਗੁੜ ਸ਼ਕਰ ਖਾਉ, ਬਚਿਆਂ ਨੂੰ ਧਰਮਸਾਲੀ ਵਿਦਿਆ ਦਵਾਉ ਆਪਣੇ ਝਗੜੇ ਸੂਬਿਆਂ, ਨਾਇਬ ਸੂਬਿਆਂ ਅਥਵਾ ਜਥੇਦਾਰਾਂ ਰਾਹੀਂ ਨਬੇੜੋ ਤੇ ਕਚਹਿਰੀਆਂ ਵਿਚ ਧੱਕੇ ਨ ਖਾਉ। ਗਊਆਂ ਦਾ ਪਾਲਣ ਕਰੋ ਤੇ ਇਸ ਦੀ ਨਸਲ ਸੁਧਾਰੋ। ਆਪ ਜੀ ਨੇ ਮਾਈਆਂ ਨੂੰ ਅੰਮ੍ਰਿਤ ਛਕਾ ਤਿਆਰ ਬਰ ਤਿਆਰ ਕਰ ਦਿੱਤਾ। ਮਾਈਆਂ ਵਿਚ ਪ੍ਰਚਾਰ ਹਿੱਤ ਮਾਈ ਹੁਕਮੀ ਨੂੰ ਸੂਬਾ ਥਾਪ ਨਵੀਂ ਪ੍ਰੰਪਰਾ ਟੋਰੀ। ਉਹ ਸ਼ੇਰਨੀ ਘੁੜ ਸਵਾਰੀ ਕਰਦੀ ਤੇ ਪਿੰਡ ਪਿੰਡ ਦਾ ਦੌਰਾ ਕਰ ਇਸਤਰੀ ਜਾਤੀ ਵਿਚ ਉਤਸ਼ਾਹ ਭਰਦਿਆਂ ਦੇਸ ਦੀ ਆਜ਼ਾਦੀ ਹਿੱਤ ਤਿਆਰ ਕਰਦੀ। ਇਹ ਸ਼ਾਹਰਾਹ ਸਿੱਧੀ ਸਤਿਜੁਗ ਅਥਵਾ ਰਾਮ ਰਾਜ ਵੱਲ ਲੈ ਜਾਂਦੀ ਹੈ।

ਸਤਿਜੁਗ ਦਾ ਭਾਵ ਹੈ, ਧਰਮ ਦੀ ਅਲਮ-ਬ੍ਰਦਾਰੀ, ਸਤਿ ਦੀ ਦ੍ਰਿੜਤਾ, ਸਾਦਗੀ ਦਾ ਬੋਲ ਬਾਲਾ, ਪਵਿਤਰ ਆਚਰਨਾ ਦੀ ਛੋਹ, ਭਾਰਤੀ ਸੰਸਕ੍ਰਿਤੀ ਦੀ ਪਹਿਰੇਦਾਰੀ, ਜਿਥੇ ਹਿੰਦੂ ਸਿੱਖ ਵਿਚ ਕੋਈ ਫਰਕ ਨਹੀਂ, ਕਾਲੇ ਗੋਰੇ ਵਿਚ ਕੋਈ ਭੇਦ ਨਹੀਂ। ਉਦਾਸੀ ਨਿਰਮਲੇ, ਨਿਹੰਗ, ਅਕਾਲੀ ਭਰਾ ਭਰਾ, ਏਥੇ ਨਿਤ ਦੀ ਅਰਦਾਸ, ਗਊ ਗਰੀਬ ਨਾ ਸਤਾਏ ਜਾਣ, ਵਿਸ਼ਵ ਵਿਚ ਸ਼ਾਂਤੀ ਹੋਵੇ, ਹਥਿਆਰ ਖਾਰੇ ਸਮੁੰਦੇ ਵਿਚ ਸੁਟੇ ਜਾਣ। ਸ੍ਰੀ ਗੁਰੂ ਅਮਰਦਾਸ ਜੀ ਸਤਿਜੁਗ ਦਾ ਬੜੇ ਸੁੰਦਰ ਢੰਗ ਨਾਲ ਨਕਸ਼ਾ ਖਿਚਿਆ ਹੈ:-

ਸਤਜੁਗਿ ਸਚੁ ਕਹੈ ਸਭੁ ਕੋਈ॥
ਘਰਿ ਘਰਿ ਭਗਤਿ ਗੁਰਮੁਖਿ ਹੋਈ॥
ਸਤਜੁਗਿ ਧਰਮੁ ਪੈਰ ਹੈ ਚਾਰਿ॥
ਗੁਰਮੁਖਿ ਬੂਝੈ ਕੋ ਬੀਚਾਰਿ॥ ਪੰਨਾ ੮੮੦

ਪਰ ਇਸ ਦੇ ਨਾਲ ਹੀ ਬਾਣੀ ਨੇ ਕਲਿਜੁਗ ਦੀ ਪਗਡੰਡੀ ਵੀ ਵਗਦੀ ਦਸੀ ਹੈ, ਜਿਹੜੀ ਹਨੇਰੀ ਖੁੰਦਰ ਵਲ ਧਕਦੀ ਹੈ:-

ਨਾਉ ਫਕੀਰੈ ਪਾਤਸਾਹ ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
ਇਲਤ ਦਾ ਨਾਉ ਚਉਧਰੀ ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਆ ਕਲਿ ਕਾ ਏਹੁ ਨਿਆਉ॥
(ਪੰਨਾ ੧੨੮੮)

ਜਿੱਥੇ ਇਸ਼ਕ ਹੋਵੇ ਉਥੇ ਕਲਿਜੁਗੀ ਸੈਨਾ ਰੋਕ ਨਹੀਂ ਪਾ ਸਕਦੀ। ਸੰਤ ਖਾਲਸੇ ਦੀਆਂ ਫੌਜਾਂ ਕਲਿਜੁਗ ਨੂੰ ਭਾਜੜ ਪਾਣ ਲਈ ਕਮਰਕੱਸੇ ਕਰ ਲਏ ਤੇ ਪੂਰੀ ਤਨਦੇਹੀ ਨਾਲ ਧਾਵਾ ਬੋਲ ਦਿੱਤਾ। ਉੱਚੀ ਉੱਚੀ ਹੇਕਾਂ ਲਾਂਦੇ:-

ਬਿਲਿਓ! ਤੁਰ ਜਾਓ ਉਏ!
ਏਥੇ ਰਾਜ ਖਾਲਸੇ ਕਰਨਾ।

ਇਨ੍ਹਾਂ ਦੀਆਂ ਚੜ੍ਹਦੀਆਂ ਕਲ੍ਹਾਂ, ਨੂੰ ਵੇਖ ਸੰਤ ਖਾਲਸੇ ਦੀ ਅਲ "ਕੂਕੇ" ਪੈ ਗਈ ਤੇ ਇਤਿਹਾਸਕਾਰਾਂ ਵੀ ਕੂਕਾ-ਲਹਿਰ ਨਾਮ-ਕਰਨ ਦਿੱਤਾ, ਪਰ ਇਸ ਸੰਤ ਖਾਲਸੇ ਨੂੰ ਲਹਿਰ ਕਹਿਣਾ ਭੁਲ ਹੈ। ਇਹ ਤਾਂ ਸਾਗਰ ਹੈ, ਮਹਾਂਸਾਗਰ ਹੈ, ਜਿਹੜਾ ਪਹਾੜ ਜੇਡੇ ਜ਼ਫ਼ਰ ਜਾਲਦਿਆਂ ਵੀ ਵਿਸ਼ਵ ਭਰ ਵਿਚ ਖੁਸ਼ਬੋਈ ਖਲਾਰ

ਰਿਹਾ ਹੈ, ਗਿਆਨੀ ਗਿਆਨ ਸਿੰਘ ਇਨ੍ਹਾਂ ਬਾਰੇ ਇਉਂ ਕਥਨ ਕਰਦੇ ਹਨ:-

ਪੰਥ ਖਾਲਸੇ ਮੇ ਕੂਕੇ ਸਿੰਘ ਭਾਰੀ ਪੰਥ,
ਨਾਮ ਕੀ ਖੁਮਾਰੀ ਰਾਖਤ ਮਹਾਨ ਹੈ।
ਕੂਕ ਕਾਰਨੇ ਤੇ ਕੂਕੇ ਭਾਖਤ ਅਬੂਕੇ ਲੋਗ,
ਰੂਖੇ ਹੂ ਰਹਿਤ ਸਾਧੂ ਬਿਪਨ ਤੇ ਜਾਨ ਹੈ। (੪੨)
-ਰਾਮ ਮਿਰਗੇਸ਼ ਦੇਸ਼ ਸਰਬ ਸੁਧਾਰਿਉ,
ਚੋਰੀ ਜਾਰੀ ਤੇ ਫੀਮ ਭੰਗ ਰੰਗ ਨਾਨ ਤਜਵਾਏ।
ਲਾਖੋ ਹੀ ਬਨਾਇ ਸਿੰਘ ਸਾਰਿਉ,
ਦੇਸ ਬਦੇਸ ਧੂਮ ਮਚੀ ਸਭ ਭਾਤ।
ਤਾਤਿ ਰਾਚੀ ਥ੍ਰਿਤ ਸੇਵਕ ਕੀ ਪ੍ਰਭ ਮੈ ਅਪਾਰਿਉ।
ਅਟਕ ਤੇ ਜਮਨਾ ਦਰਿਆਵਾ ਕੇ ਬੀਚ,
ਦੇ ਕੇ, ਉਪਦੇਸ਼ ਰਾਮ ਸਿੰਘ ਤਾਰਿਉ। (੪੬)
-ਦਸਵੇ ਗੁਰੂ ਕੇ ਸਿੰਘ ਸਾਦਕ ਸਹੀ ਹੈ ਇਹ
ਹੇਰੇ ਹਮ ਜੈਸੇ ਹੀ ਮਾਨੀ ਹੈ। (੫੨)

ਇਸ ਗੱਲ ਦੀ ਪੁਸ਼ਟੀ ਐਨਸਾਈਕਲੋਪੀਡਿਆ ਆਫ ਬ੍ਰੇਟੇਨਿਕਾ ਨੇ ਕੀਤੀ ਹੈ:-

"ਕੂਕੇ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਪੱਕੇ ਸਿੱਖ ਹਨ। ਇਨ੍ਹਾਂ ਦੀ ਸਿੱਧੀ ਗੋਲ ਦਸਤਾਰ ਚਿੱਟੇ ਉਨ ਦੇ ਮਣਕਿਆਂ ਦੀ ਮਾਲਾ ਖਾਸ ਚਿੰਨ੍ਹ ਹਨ ......"

ਮਿਸਟਰ ਮੈਕਨਾਬ ਕਮਿਸ਼ਨਰ ਅੰਬਾਲਾ ਨੇ ਹਿੰਦ ਸਰਕਾਰ ਨੂੰ ਸਤਿਗੁਰੂ ਰਾਮ ਸਿੰਘ ਜੀ ਬਾਰੇ ਇਉਂ ਰੀਪੋਰਟ ਕੀਤੀ:-

"ਇਸਦੇ ਇਰਾਦੇ ਸ਼ੁਰੂ ਵਿਚ ਭਾਵੇਂ ਕੁਝ ਵੀ ਹੋਣ, ਪਰ ਹੁਣ ਇਸ ਦਾ ਨਿਸ਼ਾਨਾ ਹੈ। ਉਹ ਅਜੇਹੇ ਪੰਥ ਦਾ ਆਗੂ ਹੈ, ਅਤੇ ਅਦੁੱਤੀ ਨੇਤਾ ਹੈ, ਜੋ ਆਪਦੇ ਸੁਭਾਉ ਅਨੁਸਾਰ ਖਾਲਸਾ ਰਾਜ ਮੁੜ ਸੁਰਜੀਤ ਕਰਨ ਵਿਚ ਬਰਤਾਨਵੀ ਰਾਜ ਦਾ ਵੈਰੀ ਹੈ। ਪਹਿਲਾਂ (ਗੁਰੂ) ਰਾਮ ਸਿੰਘ ਨੂੰ ਸੰਤ ਸਰੂਪ ਗੁਰੂ ਨਾਨਕ ਦਾ ਰੂਪ ਸਮਝਿਆ ਜਾਂਦਾ ਸੀ, ਪਰ ਹੁਣ ਗੁਰੂ ਗੋਬਿੰਦ ਸਿੰਘ ਜੋਧੇ ਦਾ ਅਵਤਾਰ ਮੰਨਿਆਂ ਜਾਂਦਾ ਹੈ।"

(ਸਤਿਗੁਰੂ) ਰਾਮ ਸਿੰਘ ਸਾਧਾਰਨ ਫਕੀਰਾਂ ਦੀ ਹੈਸੀਅਤ ਨਹੀਂ ਰੱਖਦਾ ਉਹ ਤੁਹਾਨੂੰ ਅੱਧੀ ਦਰਜਨ ਸਵਾਰਾਂ ਨਾਲ ਮਿਲਦਾ ਹੈ। ਜਦ ਕਿ ਬੀਸੀਉ ਆਦਮੀ ਉਸਦੇ ਅੱਗੇ ਪਿੱਛੇ ਹੁੰਦੇ ਹਨ, ਉਹ ਆਪਣੇ ਸੂਬਿਆਂ ਦੇ ਘੇਰੇ ਵਿਚ ਜਿਨ੍ਹਾਂ ਸੋਹਣੇ ਚਿੱਟੇ ਬਸਤਰ ਪਹਿਨੇ ਹੁੰਦੇ ਹਨ, ਤੁਹਾਡੇ ਕੈਂਪ ਵਿਚ ਇੱਕ ਬਾਦਸ਼ਾਹ ਦੀ ਸ਼ਾਨ ਵਿਚ ਦਾਖਲ ਹੁੰਦਾ ਹੈ .....ਇਹ ਚਾਲਾਕ ਆਦਮੀਆਂ ਦੇ ਹੱਥਾਂ ਦੀ ਕਠਪੁਤਲੀ ਨਹੀਂ।"

"ਪਹਿਲਾਂ (ਗੁਰੂ) ਰਾਮ ਸਿੰਘ ਨੂੰ ਸੰਤ ਸਰੂਪ ਗੁਰੂ ਨਾਨਕ ਦਾ ਰੂਪ ਸਮਝਿਆ ਜਾਂਦਾ ਸੀ, ਪਰ ਹੁਣ ਗੁਰੂ ਗੋਬਿੰਦ ਸਿੰਘ ਜੋਧੇ ਦਾ ਅਵਤਾਰ ਮੰਨਿਆਂ ਜਾਂਦਾ ਹੈ।" (ਸਤਿਗੁਰੂ) ਰਾਮ ਸਿੰਘ ਸਾਧਾਰਨ ਫਕੀਰਾਂ ਦੀ ਹੈਸੀਅਤ ਨਹੀਂ ਰੱਖਦਾ ਉਹ ਤੁਹਾਨੂੰ ਅੱਧੀ ਦਰਜਨ ਸਵਾਰਾਂ ਨਾਲ ਮਿਲਦਾ ਹੈ। ਜਦ ਕਿ ਬੀਸੀਉ ਆਦਮੀ ਉਸਦੇ ਅੱਗੇ ਪਿੱਛੇ ਹੁੰਦੇ ਹਨ, ਉਹ ਆਪਣੇ ਸੂਬਿਆਂ ਦੇ ਘੇਰੇ ਵਿਚ ਜਿਨ੍ਹਾਂ ਸੋਹਣੇ ਚਿੱਟੇ ਬਸਤਰ ਪਹਿਨੇ ਹੁੰਦੇ ਹਨ, ਤੁਹਾਡੇ ਕੈਂਪ ਵਿਚ ਇੱਕ ਬਾਦਸ਼ਾਹ ਦੀ ਸ਼ਾਨ ਵਿਚ ਦਾਖਲ ਹੁੰਦਾ ਹੈ .....ਇਹ ਚਾਲਾਕ ਆਦਮੀਆਂ ਦੇ ਹੱਥਾਂ ਦੀ ਕਠਪੁਤਲੀ ਨਹੀਂ।"

ਅੰਗਰੇਜ਼ੀ ਹਕੂਮਤ ਖਾਲਸਾ ਰਾਜ ਨੂੰ ਧੋਖੇ ਨਾਲ ਹੜਪ ਕਰਕੇ ਸਿੱਖਾਂ ਦੀ ਗੈਰਤ ਨੂੰ ਚੈਲੰਜ ਕੀਤਾ। ਸ੍ਰੀ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਦੀ ਬਾਹੀ ਨਾਲ ਗਊ ਬਧ ਦੀ ਆਗਿਆ ਦੇ ਕੇ ਸਿੱਖ ਕੌਮ ਨੂੰ ਚਿੜਾਇਆ। ਏਸੇ ਤਰ੍ਹਾਂ ਰਾਏਕੋਟ ਦੇ ਗੁਰਦੁਆਰੇ ਦੇ ਲਾਗੇ ਹੀ ਗਊ ਬੱਧ ਦੀ ਆਗਿਆ ਦੇ ਦਿੱਤੀ। ਜਿੱਥੇ ਬਾਕੀ ਸਿੱਖ ਪੰਥ ਖਰਗੋਸ਼ ਦੀ ਨੀਂਦ ਵਿਚ ਘੁਰਾੜੇ ਮਾਰਨ ਲੱਗਾ ਸੀ, ਸੰਤ ਖਾਲਸਾ ਦੇ ਬੀਰ ਧਰਮ ਅਸਥਾਨਾਂ ਦੀ ਬੇਅਦਬੀ ਨ ਸਹਾਰਦਿਆਂ ਗਊਆਂ ਨੂੰ ਆਜ਼ਾਦ ਕਰਨ ਲਈ ਗਊਆਂ ਦੀ ਕਤਲਗਾਹ ਤੇ ਹੱਲਾ ਬੋਲਿਆ, ਜਿਨ੍ਹਾਂ ਰਾਹ ਵਿਚ ਰੋਕ ਪਾਈ, ਉਹ ਮਾਰੇ ਗਏ। ਹਕੂਮਤ ਪੰਜਾਬੀਆਂ ਤੇ ਧਮਾ ਜਮਾਣ ਖਾਤਰ ਜੋ ਸਾਹਮਣੇ ਆਇਆ ਰਗੜਾ ਚਾੜ੍ਹ ਦਿੱਤਾ। ਸਿੰਘ ਤਾਂ ਕਾਰਾ ਕਰਕੇ ਨਿਕਲ ਗਏ। ਬੇਦੋਸ਼ਾਂ ਨੂੰ ਗਿੱਦੜ ਕੁਟ ਚਾੜ, ਜੁਰਮ ਦਾ ਇਕਬਾਲ ਕਰਵਾ ਲਿਆ। ਬੇਦੋਸ਼ਿਆਂ ਨੂੰ ਫਾਂਸੀ ਦੀ ਸਜਾ ਸੁਣਾਈ ਗਈ, ਪਰ ਕੁਰਬਾਨ ਜਾਈਏ ਹਾਕਮ ਸਿੰਘ, ਲਹਿਣਾ ਸਿੰਘ, ਫਤਹ ਸਿੰਘ ਤੇ ਬੀਲ੍ਹਾ ਸਿੰਘ, ਜਿਨ੍ਹਾਂ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਪਾ ਆਪਣੇ ਆਪ ਸੈਸ਼ਨ ਦੀ ਕੋਰਟ ਵਿਚ ਪੇਸ਼ ਹੋ ਦੱਬੇ ਹਥਿਆਰ ਪੇਸ਼ ਕਰ, ਬੇਗੁਨਾਹਾਂ ਨੂੰ ਫਾਂਸੀ ਦੇ ਤਖਤੇ ਤੇ ਚੜ੍ਹਨੋ ਬਚਾ ਆਪ ਸ਼ਬਦ ਪੜ੍ਹਦਿਆਂ, ਆਪਣੀ ਗਲੀਂ ਆਪ ਰੇਸ਼ਮ ਦੇ ਰੱਸੇ ਪਾ ਸ਼ਹੀਦੀ ਬਾਟੇ ਪੀਤੇ। ਏਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਲੇਰਾਨਾ ਤੇ ਸੁਚੇ ਕਾਰਨਾਮੇ ਜੈਸੀ, ਉਦਾਹਰਨ ਸੰਸਾਰ ਭਰ ਦੇ ਇਤਿਹਾਸ ਵਿੱਚੋਂ ਨਹੀਂ ਮਿਲੇਗੀ। ਵਿਸ਼ਵ ਭਰ ਦਾ ਹਰ ਨੇਤਾ ਅਜੇਹੀ ਹਾਲਤ ਵਿੱਚ ਗੁਪਤ ਜਾਂ ਪਰਗਟ ਰੂਪ ਵਿੱਚ ਆਪਣੇ ਕਾਰਕੁਨ ਨੂੰ ਬਚਾਣ ਦਾ ਯਤਨ ਕਰਦਾ ਹੈ। ਮੁਕੱਦਮਾ ਲੜਦਾ ਹੈ, ਵਕੀਲ ਕਰਦਾ ਹੈ, ਮਾਇਆ ਖਰਚ ਕਰਦਾ ਹੈ, ਪਰ ਇਹ ਇਕੋ ਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਨ ਜਿਨ੍ਹਾਂ ਕਿਹਾ "ਪੁੱਤਰੋ ਜੇ ਬੀਜਿਆ ਜੇ ਤਾਂ ਵੱਢੋ ਵੀ, ਜੇ ਗਊਆਂ ਬਚਾਈਆਂ ਜੇ ਤਾਂ ਨਿਰਦੋਸ਼ ਗ਼ਰੀਬਾਂ ਦੇ ਗਲੋਂ ਰੱਸੇ ਲੁਹਾਓ।"

ਗੋਰੀ ਸਰਕਾਰ ਕੂਕਿਆਂ ਨੂੰ ਸਬਕ ਸਿਖਾਣਾ ਚਾਹੁੰਦੀ ਸੀ, ਜਿਸਦਾ ਸਦਕਾ ਕਈ ਦੋਸ਼ੀਆਂ ਤੇ ਬਦੋਸਿਆਂ ਨੂੰ ਰਗੜਾ ਚਾੜ੍ਹ ਫਾਂਸੀਆਂ ਤੇ ਲਟਕਾ ਦਿੱਤਾ। ਤੋਪਾਂ ਨਾਲ ਬੋਟੀ-ਬੋਟੀ ਕਰ ਉਡਾਇਆ। ਸਾਰੀ ਕੌਮ ਨੂੰ ਅਨਲਾਅਫੁਲ ਜਮਾਤ ਕਰਾਰ ਦਿਤਾ ਗਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਬਰ੍ਹਮਾਂ ਵਿੱਚ ਨਜ਼ਰਬੰਦ ਕਰਕੇ ਸ੍ਰੀ ਭੈਣੀ ਸਾਹਿਬ ਦੇ ਬੂਹੇ ਅੱਗੇ ਪੁਲਿਸ ਚੌਕੀ ਬਿਠਾ ਦਿੱਤੀ ਗਈ, ਜਿਹੜੀ ਪੰਜਾਹ ਸਾਲ ਤੱਕ ਰਹੀ। ਇਹ ਸਤਿਜੁਗੀ ਸੈਨਿਕ ਪੰਜ ਤੋਂ ਵਧ ਇਕੱਠੇ ਹੋ ਸ਼ਬਦ ਨਹੀਂ ਪੜ੍ਹ ਸਕਦੇ

ਸਨ। ਇਕ ਪਿੰਡ ਤੋਂ ਦੂਜੇ ਪਿੰਡ ਕਿਸੇ ਰਿਸ਼ਤੇਦਾਰ ਦੇ ਮਿਲਣ ਜਾਣਾ ਹੋਵੇ ਤਾਂ ਬਿਨਾਂ ਥਾਣੇ ਇਤਲਾਹ ਦਿਤਿਆਂ ਨਹੀਂ ਜਾ ਸਕਦੇ ਸਨ। ਇਨ੍ਹਾਂ ਕੌਮੀ ਪ੍ਰਵਾਨਿਆਂ ਦੇ ਘਰ ਢਾਹ ਦਿੱਤੇ ਗਏ, ਖੜੀਆਂ ਫਸਲਾਂ ਉਜਾੜ ਦਿੱਤੀਆਂ ਗਈਆਂ। ਨ ਦਾਦ, ਨ ਫਰਿਆਦ ਮੁਗਲਕਾਲ ਸਮੇਂ ਇਹ ਆਮ ਕਹਾਵਤ ਸੀ "ਮਨੂੰ ਅਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ। ਜਿਉਂ ਜਿਉਂ ਮਨੂੰ ਵਢਦਾ, ਅਸੀਂ ਦੂਣੇ ਚੌਣੇ ਹੋਏ।" ਪਰ ਸੰਤ ਖਾਲਸੇ ਦਾ ਮੁੱਢ ਮੂਲ ਮੁਕਾਉਣ ਦੀ ਕੋਈ ਕਸਰ ਨਹੀਂ ਛੱਡੀ।

ਮਾਣ ਨਾਲ ਕਹਿਣਾ ਪੈਂਦਾ ਹੈ ਕਿ ਏਨੇ ਝਖੜਾਂ ਦੇ ਬਾਵਜੂਦ ਇਨ੍ਹਾਂ ਮਰਜੀਵੜਿਆਂ ਦਾ ਹਰ ਥਾਂ ਝੰਡਾ ਝੂਲ ਰਿਹਾ ਹੈ। ਦੂਜੇ ਬੰਨੇ ਹਕੂਮਤ ਦੇ ਪੱਖੀਆਂ ਸੰਤ ਖਾਲਸੇ ਨੂੰ ਬਦਨਾਮ ਤੇ ਨੇਸਤੇ ਨਾਬੂਦ ਕਰਨ ਲਈ ਜਿਹੜੇ ਜਿਹੜੇ ਹੋਛੇ ਹਥਿਆਰ ਵਰਤੇ ਉਹ ਵੀ ਦਿਲ ਹਿਲਾ ਦੇਣ ਵਾਲੀ ਕਥਾ ਹੈ। ਅਸਲ ਕਹਾਣੀ ਕਿਸ ਲਿਖਣੀ ਸੀ?

ਵੁਹੀ ਕਾਤਲ, ਵੁਹੀ ਮੁਖ਼ਬਰ, ਵੁਹੀ ਮੁਨਸਫ ਠਹਿਰੇ,
ਮੇਰੇ ਅਕਰਬਾ ਕਰੇ ਫਰਿਆਦ ਕਿਸ ਪੈ ਆਗੇ॥

ਪਹਿਲਾਂ ਜਬਰ ਦੇ ਪਹਾੜ, ਦੂਜੇ ਪਾਸੇ ਕਲਮ ਦੀ ਤਲਵਾਰ ਨਾਲ ਮਕੂ ਠਪਣ ਦੇ ਬਾਨ੍ਹਣ ਬੰਨੇ ਗਏ। ਹਕੂਮਤ ਦੇ ਇਸ਼ਾਰੇ ਤੇ ਗੁਰਦੁਆਰਿਆਂ ਦੇ ਪੁਜਾਰੀਆਂ ਤੇ ਮਹੰਤਾਂ ਪਾਸੋਂ ਇਹ ਫਤਵੇ ਦਵਾਏ ਗਏ:

(੧) ਕੂਕੇ ਸਿੱਖ ਨਹੀਂ (੨) ਇਹ ਕਲਾਮ ਪੜ੍ਹਦੇ ਹਨ (੩) ਇਨ੍ਹਾਂ ਦੀ ਪਗ ਲਹਿ ਜਾਂਦੀ ਹੈ (੪) ਇਹ ਕੇਸਾਂ ਦੀ ਬੇਅਦਬੀ ਕਰਦੇ ਹਨ (੫) ਇਨ੍ਹਾਂ ਦੇ ਗੁਰਦੁਆਰਿਆਂ ਵਿਚ ਅਰਦਾਸ ਨਾਂ ਕੀਤੀ ਜਾਵੇ। ਇਸ ਭੰਡੀ ਪ੍ਰਚਾਰ ਦੀਆਂ ਸਭ ਤੋਪਾਂ ਕੂਕਿਆਂ ਵਲ ਖੋਲ੍ਹ ਦਿੱਤੀਆਂ। ਜਿਸ ਪੁਸਤਕ ਵਿੱਚ ਸਤਿਗੁਰੂ ਰਾਮ ਸਿੰਘ ਜੀ ਦਾ ਨਾਉਂ ਸੀ ਉਸਨੂੰ ਉਸ ਪੁਸਤਕ ਵਿਚੋਂ ਕਟਵਾ ਦਿੱਤਾ ਜਾਂ ਆਪਣੇ ਢੰਗ ਨਾਲ ਲਿਖਵਾਇਆ ਕਿ ਉਸ ਕੌਮੀ ਰਾਹਬਰ ਦੀ ਅਹਿਮੀਅਤ ਹੀ ਨ ਰਹੇ।

ਪਹਿਲਾਂ ਭਾਈ ਬਾਲੇ ਵਾਲੀ ਜਨਮ ਸਾਖੀ ਤੇ ਹੱਲਾ ਬੋਲਿਆ ਤੇ ਅਜਿਤੇ ਰੰਧਾਵੇ ਦੀ ਗੋਸ਼ਟ ਵਿੱਚ ਜਿਥੇ ਸੱਤਰ ਜਾਮੇ ਭਗਤ ਜਨ ਚੌਦਹ ਸਤਿਗੁਰੂ ਰਾਇ ਸੀ। ਉਥੇ "ਚੁਹੱਤਰ" ਜਾਮੇ, ਦਸ ਸਤਿਗੁਰੂ ਸ਼ਬਦ ਕਰ ਦਿਤੇ। ਇੱਕ ਲਿਖਾਰੀ ਨੇ ਇਸ ਜਨਮ ਸਾਖੀ ਦਾ ਖੁਰਾ ਖੋਜ ਮਿਟਾਣ ਲਈ ਇਹ ਲਿਖ ਮਾਰਿਆ ਕਿ ਬਾਲਾ ਨਾਮ ਦਾ ਕੋਈ ਸਿੱਖ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਨਹੀਂ ਹੋਇਆ। ਭਾਵ ਨ ਰਹੇ ਬਾਂਸ ਨਾ ਬਜੇ ਬਾਂਸਰੀ। ਜੇ ਬਾਲਾ ਹੀ ਨਹੀਂ ਤਾਂ ਬਾਲੇ ਵਾਲੀ ਜਨਮ ਸਾਖੀ ਕਿਥੋਂ ਆ ਗਈ। ਹਾਲਾਂ ਕਿ ਹਰ ਸਾਲ ਸ਼ਰਧਾਲੂ ਬਾਲੇ ਦੇ ਖੂਹ ਦਾ ਜਲ ਲਿਆ ਅੰਮ੍ਰਿਤ ਨਿਆਈ ਵਰਤਦੇ ਹਨ। ਏਸੇ ਤਰ੍ਹਾਂ ਸੌ ਸਾਖੀ, ਰਹਿਤਨਾਮੇ ਆਦਿ ਸੋਧ ਦੇ ਨਾਉਂ ਥਲੇ ਇਨ੍ਹਾਂ ਨੂੰ ਗਪੋੜ ਸੰਖ ਆਖਿਆ ਤੇ ਸਿਧੇ-ਸਾਦੇ ਸਿੱਖਾਂ ਦੇ ਮਨਾਂ ਤੇ ਬਠਾ ਦਿੱਤਾ ਕਿ ਦੇਹਧਾਰੀ ਗੁਰੂ ਦੀ ਲੋੜ ਨਹੀਂ, ਹਾਲਾਂ ਕਿ ਆਦਿ ਗ੍ਰੰਥ ਸਾਹਿਬ ਦੀ ਬਾਣੀ ਦੇਹਧਾਰੀ ਗੁਰੂ ਦੀ ਮਹਿਮਾ ਕਰਦੀ ਨਹੀਂ ਥਕਦੀ।

ਹਕੂਮਤ ਨੇ ਸਕੂਲੀ ਪੁਸਤਕਾਂ ਖਾਸ ਕਰ, ਇਤਿਹਾਸ ਦੀਆਂ ਪੁਸਤਕਾਂ ਵਿੱਚ ਸਿੱਖਾਂ ਦੇ ਦਸ ਗੁਰੂ ਲਿਖਵਾ ਸਭ ਵਿਦਿਆਰਥੀਆਂ ਦੇ ਮਨਾਂ ਤੇ ਬਿਠਾ ਦਿੱਤਾ ਕਿ ਸਿਖਾਂ ਦੇ ਕੇਵਲ ਦਸ ਹੀ ਗੁਰੂ ਹਨ, ਇਸ ਤੋਂ ਅਗੋਂ ਦੇਹਧਾਰੀ ਗੁਰੂ ਦੀ ਪ੍ਰੰਪਰਾ ਬੰਦ ਹੋ ਗਈ। ਉਨ੍ਹਵੀਂ ਸਦੀ ਦੇ ਅੰਤ ਵਿੱਚ 'ਖੁਰਸ਼ੀਦ ਖਾਲਸਾ' ਪੁਸਤਕ ਉਰਦੂ ਵਿੱਚ ਛਪੀ। ਉਸ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ "ਗੁਰੂ" ਕਰਕੇ ਜਿਕਰ ਸੀ। ਸਰਕਾਰ ਨੂੰ ਪਿਸੂ ਪੈ ਗਏ। ਹਕੂਮਤ ਨੇ ਸਰਕਾਰ ਪੱਖੀ ਮਿਥੇ ਢੰਗ ਰਾਹੀਂ ਪੁਸਤਕ ਦੇ ਲੇਖਕਾਂ ਨੂੰ ਮਜ਼ਬੂਰ ਕਰ ਦਿੱਤਾ ਕਿ ਉਹ ਸਤਿਗੁਰੂ ਰਾਮ ਸਿੰਘ ਜੀ ਦੇ ਨਾਉਂ ਤੋਂ ਪਹਿਲਾਂ ਗੁਰੂ ਸ਼ਬਦ ਉਡਾ ਦੇਣ ਜਿਸ ਕਾਰਨ ਲੇਖਕਾਂ ਨੂੰ ਗੋਡੇ ਟੇਕਣੇ ਪਏ ਤੇ ਉਨ੍ਹਾਂ ਪੁਸਤਕ ਦੇ ਪਹਿਲੇ ਪੰਨੇ ਅੰਦਰਲੇ ਪਾਸੇ ਲਿਖ ਦਿੱਤਾ ਕਿ "ਸਿੰਘ ਸਾਹਿਬ ਰਾਮ ਸਿੰਘ ਦੇ ਨਾਮ ਦੇ ਪਹਿਲਾਂ 'ਗੁਰੂ' ਨਹੀਂ ਲਿਖਾਂਗੇ। ਬਸ ਇਹ ਸ਼ਬਦ ਲਿਖੇ ਜਾਣ ਨਾਲ ਲੇਖਕਾਂ ਨੂੰ ਅੰਬਾਲੇ ਤੇ ਜਲੰਧਰ ਦੇ ਡਿਪਟੀ ਕਮਿਸ਼ਨਰ ਨੇ ਹਜ਼ਾਰਾਂ ਰੁਪਿਆਂ ਦੀ ਸਹਾਇਤਾ ਦਿੱਤੀ ਅਤੇ ਚੰਗੀ ਪਬਲੀਸਿਟੀ ਕਰਵਾਈ।

ਜਿਥੇ ਹਕੂਮਤ ਨੇ ਆਪਣੇ ਵਿਰੋਧੀਆਂ ਨੂੰ ਹਰ ਢੰਗ ਨਾਲ ਨਿੰਦਿਆ ਤੇ ਦੇਸ਼ਵਾਸੀਆਂ ਦੀਆਂ ਨਜ਼ਰਾਂ ਵਿੱਚ ਗਿਰਾਣ ਦਾ ਜਤਨ ਕੀਤਾ। ਆਪਣੇ ਆਪ ਨੂੰ ਹਰਮਨ ਪਿਆਰਾ ਤੇ ਦੇਸ਼ ਹਿਤੈਸ਼ੀ ਹੋਣ ਜਤਾਣ ਲਈ ਕਈ ਪਾਪੜ ਵੇਲੇ ਤੇ ਅਨਹੋਣੀਆਂ ਕਥਾਵਾਂ ਘੜੀਆਂ।

ਸ੍ਰੀ ਗੁਰੂ ਤੇਗ ਬਹਾਦਰ ਔਰੰਗਜ਼ੇਬ ਦੀ ਕੈਦ ਵਿੱਚ ਦਿੱਲੀ ਸਨ। ਸੱਚੇ ਪਾਤਸ਼ਾਹ ਜ਼ੇਲ੍ਹ ਦੀ ਛੱਤ ਤੇ ਚੜ੍ਹੇ ਤੇ ਔਰੰਗਜ਼ੇਬ ਦੇ ਪਹਿਰੇਦਾਰਾਂ ਪੁਛਿਆ "ਤੁਸੀਂ, ਛੱਤ ਤੇ ਚੜ੍ਹ ਕਿਧਰ ਝਾਕ ਰਹੇ ਹੋ?" ਤਾਂ ਅੰਗਰੇਜ਼ ਪੁਸ਼ਤਾਂ ਪਾਸੋਂ ਇਹ ਲਿਖਵਾਇਆ ਕਿ ਮੈਂ ਟੋਪੀ ਵਾਲੇ ਸਿੱਖ ਨੂੰ ਜਿਸ ਨੇ ਭਾਰਤ ਵਿੱਚ ਸ਼ੇਰ ਬੱਕਰੀ ਨੂੰ ਇਕ ਘਾਟ ਤੇ ਪਾਣੀ ਪਲਾਣਾ ਹੈ, ਦਾ ਰਾਹ ਤੱਕ ਰਿਹਾ ਹਾਂ। ਭਾਵ ਇਹ ਦਰਸਾਣਾ ਸੀ ਕਿ ਗੋਰੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਰ ਸਦਕਾ ਭਾਰਤ ਵਿਚ ਇਨਸਾਫ਼ ਦਾ ਰਾਜ ਕਰਨ ਆਏ। ਹਾਲਾਂ ਕਿ ਟੋਪੀ ਵਾਲਾ ਕੀ ਤੇ ਸਿੱਖ ਕੀ? ਕੁਝ ਰਹਿਤਨਾਮੇ ਸਿੰਘਾਂ ਵਿਚੋਂ ਸਿੱਖ ਨੂੰ ਟੋਪੀ ਪਾਣੀ ਸਖਤ ਮਨਾਹੀ ਹੈ।

ਸਿਖ ਹੋਏ ਸਿਰ ਟੋਪੀ ਧਰੇ,
ਸੱਤ ਜਨਮ ਕੁਸ਼ਟੀ ਹੋਏ ਮਰੇ।

ਮਿਸਟਰ ਮੈਕਾਲਿਫ ਨੇ ਸਿਖ ਧਰਮ (Sikh Religion) ਨਾਮੀ ਇੱਕ ਪੁਸਤਕ ਲਿਖੀ ਜਿਸ ਦੇ ਪੰਨੇ ਤੇ ਇਹ ਝਟ ਜੜ ਦਿੱਤਾ ਕਿ ਅੰਮ੍ਰਿਤ ਪਾਨ ਕਰਨ ਸਮੇਂ ਅੰਮ੍ਰਿਤਧਾਰੀਆਂ ਪਾਸੋ ਇਹ ਪੁਛ ਲਿਆ ਜਾਂਦਾ ਹੈ, ਕਿ ਉਹ ਅੰਗਰੇਜ਼ ਦੇ ਵਫਾਦਾਰ ਰਹਿਣਗੇ।

ਉਨੀਂ ਦਿਨੀਂ ਅੰਗਰੇਜ਼ ਦੀ ਝੋਲੀ ਚੁਕਣ ਤੇ ਚਾਪਲੂਸੀ ਦੀ ਇਤਨੀ ਬੀਮਾਰੀ ਵਧੀ ਹੋਈ ਸੀ, ਕਿ ਹਰ ਲੇਖਕ ਗੋਰੀ ਸਰਕਾਰ ਦੇ ਸੁਹਲੇ ਗਾ ਕੇ, ਉਸਦੀ ਖੁਸ਼ਨੂਦੀ ਪ੍ਰਾਪਤ ਕਰਨ ਦਾ ਚਾਹਵਾਨ ਸੀ। ਖਾਲਸਾ ਕਾਲਿਜ ਅੰਮ੍ਰਿਤਸਰ ਦੇ ਇੱਕ ਫਾਰਸੀ ਦੇ ਲੈਕਚਰਾਰ ਨੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਜਫ਼ਰਨਾਮੇ ਦਾ ਪੰਜਾਬੀ ਵਿਚ ਉਲੱਥਾ ਕੀਤਾ। ਜਦ ਉਹ ਦਸਵੀਂ ਹਕਾਇਤ ਤੇ ਪੁੱਜਾ ਤਾਂ ਇੱਕ ਮਿਸਰਾ ਆਇਆ:-

ਬਦੇਹ ਸਾਕੀਆ ਸਬਜ਼ ਰੰਗ ਫਰੰਗ।
ਕਿ ਵਕਤੇ ਬਕਾਰ ਅਸਤ, ਅਜ਼ ਰੋਜ ਜੰਗ।

ਜਿਸਦਾ ਅਰਥ ਸਪਸ਼ਟ ਹੈ ਕਿ ਸਾਕੀ ਮੈਨੂੰ ਫਰੰਗ ਰੰਗ

ਦਾ ਜਾਮ ਪਲਾ ਤਾਕਿ ਜੰਗ ਸਮੇਂ ਕੰਮ ਆਏ ਮਗਰ ਮੁਨਸ਼ੀ ਜੀ ਨੂੰ ਫਰਮਾ ਬਰਦਾਰੀ ਦਾ ਇਨਾਂ ਨਸ਼ਾ ਚੜ੍ਹਿਆ ਹੋਇਆ ਸੀ, ਕਿ ਫਰੰਗ ਸ਼ਬਦ ਤੋਂ ਹੀ ਗੋਰਿਆਂ ਦੇ ਸੁਹਲੇ ਗਾਏ। ਮੁਨਸ਼ੀ ਸਾਹਿਬ ਲਿਖਦੇ ਹਨ, ਹੇ ਸਤਿਗੁਰੂ ਜੀ ਫਰੰਗੀਆਂ ਨੂੰ ਜਿਤ ਕਰਵਾਓ, ਚੁ ਕੇ ਦਿਨਾਂ ਤੇ ਇਸ ਦੀ ਲੋੜ ਹੈ। (ਅਰਥਾਤ) ਹੇ ਵਾਹਿਗੁਰੂ ਇਹ ਮਲੇਛ (ਮੁਗਲ ਰਾਜ) ਦੂਰ ਹੋ ਜਾਵੇ ਅਤੇ ਫਰੰਗੀ ਜੋ ਸਾਡੇ ਵਿੱਚ ਪ੍ਰੇਮ ਕਰਦੇ ਹਨ, ਉਨ੍ਹਾਂ ਦਾ ਰਾਜ ਹੋਵੇ ਕਿਉਂਕਿ ਅਜਿਹੇ ਅਨਿਆਈ ਜੁੱਧ ਵੇਲੇ ਉਨ੍ਹਾਂ ਦੀ ਲੋੜ ਹੈ।

(ਧਿਆਨ ਯੋਗ) ਹੇ ਔਰੰਗਜ਼ੇਬ ਐਸਾ ਹੰਕਾਰ ਨਾਂ ਕਰ, ਦੇਖ ਜਿਨ੍ਹਾਂ ਨੂੰ ਘਰੋਂ ਬਾਹਰ ਕਢ ਦਿੱਤਾ ਸੀ, ਅਜੇਹੇ ਕਲੇਸ਼ ਉਠਾ ਦੇ ਫੇਰ ਸਤਿਗੁਰੂ ਦੀ ਕਿਰਪਾ ਨਾਲ ਉਨ੍ਹਾਂ ਨੂੰ ਰਾਜ ਮਿਲ ਗਿਆ ਹੈ, ਅਤੇ ਦੇਸੋਂ ਕਢਣ ਵਾਲੇ ਮਾਰੇ ਵੱਢੇ ਗਏ ਹਨ, ਇਉਂ ਹੀ ਤੇਰਾ ਰਾਜ ਭੀ ਨਸ਼ਟ ਹੋਸੀ। ਹੁਣ ਫਰੰਗੀਆਂ ਲਈ ਅਰਦਾਸਾ ਸੋਧਿਆ ਹੈ।

-ਹਕੈਤ ਦਸਵੀਂ ਮਿਸਰਾ ੧੧ ਦੀ ਪੰਨਾ ੨੧੧ ਸ੍ਰ: ਮੰਗਲ ਸਿੰਘ, ਖਾਲਸਾ ਕਾਲਿਜ ਅੰਮ੍ਰਿਤਸਰ। ਦੂਜੀ ਵਾਰ ਸੰਨ ਨਾਨਕਸ਼ਾਹੀ ਕੇਂਦਰੀ ਲਾਇਬਰੇਰੀ-ਪਟਿਆਲਾ।

ਪਰ ਕੂਕੇ ਦੇਸ਼ ਤੇ ਧਰਮ ਦੀ ਰਖਿਆ ਕਰਦੇ ਫਾਂਸੀਆਂ ਤੇ ਲਟਕਾਏ ਗਏ, ਸਿੰਘਾਂ ਨੂੰ ਤੋਪਾਂ ਨਾਲ ਉਡਾਇਆ, ਬਜਾਏ ਇਸ ਗੱਲ ਦੇ ਭਦਰ ਪੁਰਸ਼ ਚਾਰ ਅਥਰੂ ਕੇਰਦੇ, ਸਗੋਂ ਪੰਜਾਬ ਦੇ ਲਾਟ ਨੂੰ ਇੱਕ ਯਾਦ ਪੱਤਰ ਭੇਟ ਕੀਤਾ, ਜਿਸ ਵਿਚ ਸੰਤ ਖਾਲਸੇ ਨੂੰ ਪਾਣੀ ਪੀ ਪੀ ਕੋਸਿਆ ਤੇ ਗੋਰੀ ਸਰਕਾਰ ਦੀ ਝੋਲੀ ਚੁੱਕ ਫਰਮਾਂ ਬਰਦਾਰੀ ਦੇ ਪੁਲ ਬੰਨ੍ਹ ਦਿੱਤੇ। ਉਸ ਦੇ ਕੁਝ ਸ਼ਬਦ ਅਜੇਹੇ ਹਨ:-

We the undersigned Sikhs of all classes of Amritsar unanimously submit that, we have no connection or sympathy, whatever with the Kuka sect, which has recently become notorious - - - -we are happy that the govt has adopted the most appropriate and excellant measures for controlling this wicked and misguided sect......they may be said our mortal enemies......they have injured our honour in estimation of the govt and well high levelled with just the services performed in 1857.

ਸ੍ਰੀ ਅੰਮ੍ਰਿਤਸਰ ਦੇ ਹਰ ਖਿਆਲ ਦੇ ਸਿੱਖ ਬੇਨਤੀ ਕਰਦੇ ਹਾਂ ਕਿ ਸਾਡੀ ਕੂਕਿਆਂ ਨਾਲ ਕੋਈ ਹਮਦਰਦੀ ਨਹੀਂ, ਜਿਨ੍ਹਾਂ ਪਿਛੇ ਜਿਹੇ ਬਦਮਾਸ਼ਾਂ ਵਾਲਾ ਕੰਮ ਕੀਤਾ ਹੈ — - - - - ਜਿਹੜੀਆਂ ਸਜਾਵਾਂ ਸਰਕਾਰ ਨੇ ਦਿੱਤੀਆਂ ਹਨ, ਉਹ ਬਿਲਕੁਲ ਯੋਗ ਹਨ। ਅਤੇ ਇਨ੍ਹਾਂ ਭੂਲੜਾਂ ਨੂੰ ਸਿਧੇ ਰਾਹ ਲਿਆਉਣ ਦਾ ਠੀਕ ਤਰੀਕਾ ਵਰਤਿਆ ਹੈ ....ਇਹ ਸਾਡੇ ਜਾਨੀ ਦੁਸ਼ਮਣ ਹਨ .....ਅਸੀਂ ਜਿਹੜੀਆਂ ਸੇਵਾਵਾਂ ੧੮੫੭ ਦੇ ਗਦਰ ਸਮੇਂ ਕੀਤੀਆਂ ਸਨ, ਇਨ੍ਹਾਂ ਨੇ ਮਿੱਟੀ ਵਿਚ ਮਿਲਾ ਦਿੱਤੀਆਂ ਹਨ।

ਇਸ ਚਿਠੇ ਨੂੰ ਪੇਸ਼ ਕਰਨ ਵਾਲਿਆਂ ਵਿਚ ਅੰਮ੍ਰਿਤਸਰ ਦੇ ਸਰਦਾਰ ਅਕਾਲ ਬੁੰਗੇ ਦੇ ਜਥੇਦਾਰ, ਦਰਬਾਰ ਸਾਹਿਬ ਦੇ ਗ੍ਰੰਥੀ ਸਨ। ਇਹ ਯਾਦ ਪੱਤਰ ੧੪ ਮਈ ੧੮੭੨ ਨੂੰ ਪੇਸ਼ ਕੀਤਾ ਗਿਆ ਅਤੇ ਲਾਟ ਸਾਹਿਬ ਵਲੋਂ ਧੰਨਵਾਦ ਅਤੇ ਚੌਧਰੀਆਂ ਨੂੰ ਖਿਲਅਤ ਨਾਲ ਨਵਾਜਿਆ ਗਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਮਨ ਉਪਰੰਤ ਸੰਤ ਖਾਲਸੇ ਦੀ ਵਾਗਡੋਰ ਸ੍ਰੀ ਗੁਰੂ ਹਰੀ ਸਿੰਘ ਸੰਭਾਲੀ ਜਿੱਥੇ ਸਿੱਖੀ ਬ੍ਰਿਛ ਨੂੰ ਕਰੜੀ ਘਾਲ ਨਾਲ ਪਾਲਣ ਪੋਸਣ ਕੀਤਾ, ਉਥੇ ਜੰਗੇ ਆਜ਼ਾਦੀ ਦੀ ਜੋਤ ਨੂੰ ਸੀਨੇ ਦੀ ਚਰਬੀ ਪਾ ਪਾ ਪ੍ਰਚੰਡ ਰੱਖਿਆ। ਬਾਬਾ ਗੁਰਚਰਨ ਸਿੰਘ, ਸੂਬਾ ਬਿਸ਼ਨ ਸਿੰਘ ਤੇ ਬਨਾਰਸੀ ਦਾਸ ਦੇ ਨਾਉਂ ਨਾਲ, ਰੂਸ ਆਦਿ ਦੇਸ਼ਾਂ ਨਾਲ, ਪੱਥਰਾਂ, ਕੰਡਿਆਂ ਨੂੰ ਉਲੰਘਦੇ ਜਾਂਦੇ ਤੇ ਪਿਆਮ ਰਸਾਨੀ ਕਰਦੇ। ਗੁਰੂ ਜੀ ਕਾਲ ਪੀੜਤਾ ਨੂੰ ਛੇ ਮਹੀਨੇ ਤੱਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਲੰਗਰ ਤੋਂ ਪ੍ਰਸ਼ਾਦ ਛਕਾਇਆ ਅਤੇ ਬਾਰਸ਼ ਹੋਣ ਉਪਰੰਤ ਉਹ ਗੁਰੂ ਦਾ ਜਸ ਕਰਦੇ ਘਰਾਂ ਨੂੰ ਵਾਪਸ ਮੁੜੇ ਤਾਂ ਹਕੂਮਤ ਕੂਕਿਆਂ ਨੂੰ ਵਸ ਕਰਨ ਹਿੱਤ ਕੋਈ ੧੦੦ ਮੁਰੱਬਿਆਂ ਦੀ ਪੇਸ਼ਕਸ਼ ਕੀਤੀ। ਗੁਰੂ ਜੀ ਅੰਗਰੇਜ਼ ਦੀ ਚਾਲ ਨੂੰ ਸਮਝਿਆ ਇਹ ਪੇਸ਼ਕਸ਼ ਠੁਕਰਾ ਦਿੱਤੀ ਤਾਂ ਲੁਧਿਆਣੇ ਦੇ ਗਜ਼ਟੀਅਰ ਨੇ ਇਹ ਲਿਖੀ ਪ੍ਰਵਾਨ ਕਰ ਲਿਆ ਕਿ ਸੱਚੀ ਗੱਲ ਇਹ ਹੈ, ਕਿ ਕੂਕਾ ਅੰਗਰੇਜ਼ ਦਾ ਖੈਰਖਾਹ ਨਹੀਂ ਹੋ ਸਕਦਾ।

The truth is that it is impossible for a Kuka to be a loyal subject of the British Govt.

ਸਤਿਗੁਰੂ ਪ੍ਰਤਾਪ ਸਿੰਘ ਜੀ ਪੂਰਬੀ ਸਭਿਅਤਾ ਦੇ ਅਲਮ ਬਰਦਾਰ ਤੇ ਸੱਚੀ ਤੇ ਸੁੱਚੀ ਰਾਜਨੀਤੀ ਦੇ ਸੂਰਜ ਸਨ। ਸੰਸਾਰ ਵਿਚ ਦੋ ਯੁਧ ਹੋਏ, ਆਪ ਜੀ ਨੇ ਦੋਹਾਂ ਯੁੱਧਾਂ ਸਮੇਂ ਅੰਗਰੇਜ਼ ਦੀ ਕੋਈ ਸਹਾਇਤਾ ਨਹੀਂ ਕੀਤੀ, ਹਾਲਾਂ ਕਿ ੧੯੧੪ ਦੀ ਜੰਗ ਸਮੇਂ ਹਿੰਦੂ, ਮੁਸਲਮਾਨਾ, ਸਿੱਖਾਂ ਨੇ ਮੰਦਰਾਂ, ਮਸੀਤਾਂ ਤੇ ਗੁਰਦੁਆਰਿਆਂ ਵਿਚ ਅੰਗਰੇਜ਼ ਦੀ ਜਿੱਤ ਵਾਸਤੇ, ਪ੍ਰਾਰਥਨਾਵਾਂ, ਦੁਆਵਾਂ ਤੇ ਅਰਦਾਸਾਂ ਕੀਤੀਆਂ। ਇਸ ਨਾਫੁਰਮਾਨੀ ਬਦਲੇ ਸੰਤ ਖਾਲਸੇ ਦੇ ਬੀਰਾਂ ਨੂੰ ਕੋਹਲੂ ਵਿੱਚ ਪੀੜੇ ਜਾਣ ਵਾਲੇ ਤਿਲਾਂ ਵਾਂਗੂ ਨਪੀੜਿਆਂ ਗਿਆ।

ਜੇ ੧੯੨੯ ਦੇ ਵਿਚ ਲਾਹੌਰ ਕਾਂਗਰਸ ਦਾ ਸਾਲਾਨਾ ਜਲਸਾ ਹੋਇਆ ਤਾਂ ਨਾਮਧਾਰੀ ਮੋਹਰੀ ਸਨ, ਹਾਲਾਂ ਕਿ ਸਿੱਖਾਂ ਦੇ ਪ੍ਰਤੀਨਿੱਧ ਇਹ ਐਲਾਨ ਕਰ ਰਹੇ ਸਨ ਕਿ ਜਿਹੜਾ ਸਿੱਖ ਕਾਂਗਰਸ ਦੇ ਜਲਸੇ ਵਿਚ ਜਾਵੇਗਾ ਉਹ ਸਿੱਖ ਨਹੀ, ਤਿਵੇਂ ਮੁਸਲਿਮ ਲੀਗੀਏ ਤਾਂ-ਅੱਲਾ ਦਾ ਵਾਸਤਾ ਪਾ ਕੌਮੀ ਮੁਸਲਮਾਨਾਂ ਨੂੰ ਸ਼ਿਰਕਤ ਕਰਨੋਂ ਰੋਕ ਰਹੇ ਸਨ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਲੈਫਟੀਨੈਂਟ ਮਹਾਰਾਜ ਨਿਹਾਲ ਸਿੰਘ, ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਅਣਖਾ ਸਿੰਘ, ਸੰਤ ਮੰਗਲ ਸਿੰਘ ਫ਼ਰਿਸਤਾ ਆਦਿ ਨੇ ਦਿਨ ਰਾਤ ਇੱਕ ਕਰ ਜਲਸੇ ਨੂੰ ਸਫ਼ਲ ਬਣਾਇਆ ਤੇ ਪੂਰਨ ਆਜ਼ਾਦੀ ਦਾ ਮਤਾ ਪਾਸ ਹੋਇਆ। ਮਾਤਾ ਜੀਵਨ ਕੌਰ ਨੇ ਸੈਸ਼ਨ ਦੇ ਦਿਨੀਂ ਹਜ਼ਾਰਾਂ ਵਲੰਟੀਅਰਾਂ ਨੂੰ ਪ੍ਰਸਾਦਾ ਛਕਾ ਕੇ ਡੇਲੀਗੇਟਾਂ ਨੂੰ ਪ੍ਰਸੰਨ ਕੀਤਾ ਤੇ ਜਦ ਪੂਰਨ ਆਜ਼ਾਦੀ ਦਾ ਮਤਾ ਪ੍ਰਵਾਨ ਚੜ੍ਹਿਆ ਤਾਂ ਤ੍ਰਿਭੌਲ ਦੇ ਕੜਾਹ ਪ੍ਰਸ਼ਾਦ ਦੇ ਬਿਨਾ ਵਿਤਕਰਾ ਹਿੰਦੂ, ਸਿੱਖ, ਖੁਲ੍ਹੇ ਗੱਫੇ ਵਰਤਾਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਤੋਂ ਸਦਕੜੇ ਜਾਈਏ ਜਿਨ੍ਹਾਂ ੧੯੪੫ ਵਿੱਚ ਜਦ ਸਭ ਰਾਜਸੀ ਪਾਰਟੀਆਂ

ਕਚਕੌਲ ਲੈ ਸ਼ਿਮਲੇ ਵੇਵਲ ਕਾਨਫਰੰਸ ਵਿਚ ਗਈਆਂ ਤਾਂ ਆਪ ਨੇ ਉੱਚੀ ਬਾਂਹ ਕਰ ਕੇ ਪੰਡਿਤ ਨਹਿਰੂ ਨੂੰ ਕਿਹਾ, "ਨਾਮਧਾਰੀਆਂ ਦੀ ਕੋਈ ਮੰਗ ਨਹੀਂ, ਉਨ੍ਹਾਂ ਦੀ ਇੱਕੋ ਮੰਗ ਹੈ, ਕਿ ਦੇਸ਼ ਆਜ਼ਾਦ ਹੋਵੇ।" ਤਾਂ ਪੰਡਿਤ ਜੀ ਕਿਹਾ, "ਗੁਰੂ ਜੀ ਏਹ ਭੀ ਕੋਈ ਕਹਿਣੇ ਕੀ ਬਾਤ ਹੈ।"

ਜੇ ਸਤਿਗੁਰੂ ਏਡਾ ਅਲਬੇਲਾ ਸੀ ਤਾਂ ਸਿੱਖਾਂ ਵੀ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚਲਦੇ ਨਿਸ਼ਕਾਮ ਤੇ ਨਿਰਸਵਾਰਥ ਹੋ ਲੜਾਈ ਲੜੀ। ਆਜ਼ਾਦੀ ਦੀ ਪ੍ਰਾਪਤੀ ਸਰਕਾਰ ਵਲੋਂ ਆਜ਼ਾਦੀ ਦੇ ਘੁਲਾਟੀਆਂ ਨੂੰ ਪੈਨਸ਼ਨਾਂ ਤੇ ਤਾਮਰ ਪੱਤਰਾਂ ਨਾਲ ਸਨਮਾਨਤ ਕੀਤਾ ਗਿਆ, ਪਰ ਨਾਮਧਾਰੀ ਸਿੱਖ ਸ਼ੁਕਰਾਨੇ ਦਾ ਕਲਮਾ ਪੜ੍ਹਦੇ ਰਹੇ। ਪੰਡਿਤ ਮੁਨਸ਼ਾ ਸਿੰਘ ਜੀ ਨਾ ਮਿਲਵਰਤਨ ਸਮੇਂ ਡਿਕਟੇਟਰ ਬਣੇ ਤੇ ੧੦ ਸਾਲ ਦੀ ਕੈਦ ਹੋਈ। ਉਹ ਆਜ਼ਾਦੀ ਉਪਰੰਤ ਸ੍ਰੀ ਭੈਣੀ ਸਾਹਿਬ ਦਿਨ ਗੁਜ਼ਾਰ ਰਹੇ ਸਨ। ਗਿਆਨੀ ਜ਼ੈਲ ਸਿੰਘ ਜਦ ਪੰਜਾਬ ਦੇ ਚੀਫ਼ ਮਨਿਸਟਰ ਸਨ ਤਾਂ ਸ੍ਰੀ ਭੈਣੀ ਸਾਹਿਬ ਦਰਸ਼ਨਾਂ ਨੂੰ ਆਏ ਤੇ ਪੰਡਿਤ ਮਨਸਾ ਸਿੰਘ ਜੀ ਨੂੰ ਕਿਹਾ ਪੰਡਿਤ ਜੀ ਇੱਕ ਵੇਰ ਚੰਡੀਗੜ੍ਹ ਆਉਂਦੇ ਤਾਂ ਜੀਵਨ ਭਰ ਪੈਨਸ਼ਨ ਮੌਜਾਂ ਨਾਲ ਦਿਨ ਗੁਜ਼ਾਰਦੇ, ਪਰ ਪੰਡਿਤ ਜੀ ਨਿਮਰਤਾ ਸਹਿਤ ਕਿਹਾ, "ਸਰਦਾਰ ਸਾਹਿਬ ਕੁਰਬਾਨੀ ਦਾ ਮੁਲ ਨਹੀਂ ਵਟਣਾ ਤੁਹਾਡਾ ਬਹੁਤ ਬਹੁਤ ਧੰਨਵਾਦ।" ਤਾਹੀਏ ਤਾਂ ਪ੍ਰਸਿੱਧ ਦੇਸ਼ ਭਗਤ ਸ੍ਰ: ਸੋਹਨ ਸਿੰਘ ਭਕਨਾ ਨੇ ਕਿਹਾ ਸੀ, "ਕਿ ਨਾਮਧਾਰੀਆਂ ਦੀਆਂ ਕੁਰਬਾਨੀਆਂ ਤਕੜੀ ਦੇ ਇਕ ਛਾਬੇ ਵਿਚ ਪਾਈਆਂ ਜਾਣ ਤੇ ਦੂਜੇ ਪਾਸੇ ਸਾਰੇ ਦੇਸ਼ ਦੀਆਂ ਕੁਰਬਾਨੀਆਂ, ਜੇ ਨਾਮਧਾਰੀਆਂ ਵਾਲਾ ਛਾਬਾ ਭਾਰਾ ਨ ਹੋਵੇ ਤਾਂ ਘੱਟ ਵੀ ਨਹੀਂ ਹੋ ਸਕਦਾ।"

ਨਨਕਾਣੇ ਸਾਹਿਬ ਦੇ ਗੁਰਦੁਆਰੇ ਦੇ ਮਹੰਤ ਨਰੈਣ ਦਾਸ ਨੇ ਖੂਨੀ ਕਾਂਡ ਤੋਂ ਪਹਿਲਾਂ ਸੰਤ ਮੰਗਲ ਸਿੰਘ ਫਰਿਸ਼ਤੇ ਰਾਹੀਂ ਬੇਨਤੀ ਕਰ ਭੇਜੀ ਕਿ ਮੈਂ ਗੁਰਦੁਆਰੇ ਦੀਆਂ ਚਾਬੀਆਂ ਆਪ ਜੀ ਦੇ ਚਰਨਾਂ ਵਿਚ ਅਰਪਣ ਕਰਨਾ ਚਾਹੁੰਦਾ ਹਾਂ, ਪਰ ਆਪ ਜੀ ਵਲੋਂ ਸੰਦੇਸ਼ ਸੀ "ਮੈਂ ਸਤਿਗੁਰੂ ਰਾਮ ਸਿੰਘ ਜੀ ਦੀ ਲੋਹ ਦੀ ਸੇਵਾ ਕਰ ਰਿਹਾ ਹਾਂ। ਗੁਰਦੁਆਰੇ ਦਾ ਧਾਨ ਵਿਹੁ ਸਮਾਨ ਹੁੰਦਾ ਹੈ।"

ਸਤਿਗੁਰੂ ਪ੍ਰਤਾਪ ਸਿੰਘ ਜੀ ਸਹੀ ਅਰਥਾਂ ਵਿਚ ਗਊ ਸੇਵਾ ਵਿਚ ਮੋਹਰੀ ਹਨ। ਆਪ ਜੀ ਦੀਆਂ ਗਊਆਂ ਪਸ਼ੂ ਪਰਦਰਸ਼ਨੀਆਂ ਵਿਚ ਪਹਿਲੇ ਜਾਂ ਦੂਜੇ ਨੰਬਰ ਤੇ ਆਉਂਦੀਆਂ, ਦੁੱਧ ਮੁਕਾਬਲਿਆਂ ਵਿਚੋਂ ਹਰਿਆਣਵੀ ਗਊ ੬੪ ਪੌਂਡ ਰੋਜ਼ ਦਾ ਦੁੱਧ ਤੇ ਸਾਹੀ ਵਾਲ ਨਸਲ ਦੀ ੭੪ ਪੌਂਡ ਦੇ ਕੇ ਭਾਰਤ ਵਰਸ਼ ਨੂੰ ਮਾਤ ਪਾਇਆ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੋਪਾਲ ਰਤਨ ਦੀ ਉਪਾਧੀ ਪਰਦਾਨ ਕੀਤੀ ਗਈ। ਭਾਰਤ ਦੇ ਪਹਿਲੇ ਦੇਵਤਾ ਸਰੂਪ ਰਾਸ਼ਟਰਪਤੀ ਡਾ: ਰਾਜਿੰਦਰ ਪ੍ਰਸ਼ਾਦ, ਨੇ ਹਿਸਾਰ ਕੈਟਲ ਸ਼ੋ ਵਿਚ ਇਨਾਮ ਵੰਡਦਿਆਂ ਕਿਹਾ ਸੀ, ਕਿ "ਗਊ ਪਾਲਨ ਦੀ ਜਾਚ ਸਿਖਣ ਵਾਸਤੇ ਸ੍ਰੀ ਭੈਣੀ ਸਾਹਿਬ ਜਾਓ।"

ਸ੍ਰੀ ਭੈਣੀ ਸਾਹਿਬ ਦੇ ਘੋੜੇ, ਗੋਰੇ ਤੇ ਗੋਰੀਆਂ ਦੇ ਘੋੜਿਆਂ ਤੇ ਘੋੜੀਆਂ ਨੂੰ ਜਿੱਤ, ਗਵਰਨਰੀ ਅਤੇ ਵਾਇਸਰਾਏ ਕਪ ਪ੍ਰਾਪਤ ਕਰਦੇ ਸਨ। ਇਹ ਕੇਵਲ ਵਿਦੇਸ਼ੀਆਂ ਦੇ ਡੀਂਗ ਮਾਰਨ ਵਾਲਿਆਂ ਦੇ ਮੂੰਹ ਬੰਦ ਕਰਨ ਹਿੱਤ ਹੋਰ ਕੋਈ ਬਾਜੀ ਨਹੀਂ ਲੈਣੀ ਸੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿੱਖ ਪੰਥ ਦੀ ਖੇਰੂੰ ਖੇਰੂੰ ਹੁੰਦੀ ਕੌਮ ਨੂੰ ਇਕ ਮੁਠ ਕਰਨ ਲਈ ੧੯੩੪ ਵਿਚ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਕੀਤੀ। ਕੁਝ ਸਿੱਖ ਭਰਾਵਾਂ ਇਹ ਇਤਰਾਜ਼ ਕੀਤਾ ਕਿ ਅਸੀਂ ਕਾਨਫਰੰਸ ਵਿਚ ਤਦ ਆਵਾਂਗੇ, ਜੇ ਦਸਾਂ ਪਾਤਸ਼ਾਹੀਆਂ ਦਾ ਅਰਦਾਸਾ ਹੋਵੇ। ਸਤਿਗੁਰੂ ਜੀ ਇਹ ਪ੍ਰਵਾਨ ਕਰ ਲਿਆ ਕਿਉਂਕਿ ਦਸਾਂ ਉਪਰੰਤ ਹੀ ਬਾਰਾਂ ਆਉਂਦੇ ਹਨ। ਮੇਰੇ ਵਲੋਂ ਭਾਵੇਂ ਇਕ ਦਾ ਕਰੋ। ਕਾਨਫਰੰਸ ਹੋਈ ਤੇ ਭਲੀ ਭਾਂਤ ਸਫਲ ਹੋਈ। ਸਵੇਰ ਸਾਰ ਸ੍ਰੀ ਆਸਾ ਦੀ ਵਾਰ ਸਮੇਂ ਸਤਿਗੁਰੂ ਜੀ ਦੇ ਸੀਸ ਤੇ ਚੌਰ ਝੁਲਦਾ ਤੇ ਬਾਰਾਂ ਪਾਤਸ਼ਾਹੀਆਂ ਦਾ ਅਰਦਾਸਾ ਹੁੰਦਾ ਤੇ ਦੁਪਿਹਰ ਉਪ੍ਰੰਤ ਕਾਨਫਰੰਸ ਸਮੇਂ ਦਸਾਂ ਪਾਤਸ਼ਾਹੀਆਂ ਦਾ।

ਅਜ ਦੇਸ਼ ਸੁਤੰਤਰ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਸੰਤ ਖਾਲਸਾ ਦੀਆਂ ਖੁਸ਼ਬੋਈਆਂ ਚਵਾਂ ਕੁੰਟਾਂ ਵਿਚ ਪਸਰ ਰਹੀਆਂ ਹਨ। ਦਸਾਂ ਨਵ੍ਹਾਂ ਦੀ ਕਿਰਤ ਪ੍ਰਧਾਨ ਹੈ। ਭਾਰਤ, ਥਾਈਲੈਂਡ, ਨਰੋਬੀ, ਦਾਰਾਸਲਾਮ, ਯੂ. ਕੇ., ਜਰਮਨੀ, ਅਮਰੀਕਾ ਤੇ ਕੈਨੇਡਾ ਵਿਚ ਇਹ ਸਫੈਦ ਬਸਤਰਧਾਰੀ ਸੰਤ ਆਪਣੇ ਸੁੱਚੇ ਤੇ ਸੱਚੇ ਆਚਾਰ ਸਦਕਾ, ਵਧ ਫੁਲ ਰਹੇ ਹਨ। ਨਾਮਧਾਰੀ ਫਾਰਮਾਂ, ਫੈਕਟਰੀਆਂ, ਬਿਜਨਸ ਸੈਂਟਰਾਂ ਵਿਚ ਸੰਤ ਖਾਲਸੇ ਦੇ ਬਾਣੇ ਵਿਚ ਜਾਂਦੇ ਹਨ ਤੇ ਇਨ੍ਹਾਂ ਦੀ ਸਾਰੀ, ਦਿਆਨਤਦਾਰੀ, ਸਚਾਈ,

ਜੇ ਸਤਿਗੁਰੂ ਏਡਾ ਅਲਬੇਲਾ ਸੀ ਤਾਂ ਸਿੱਖਾਂ ਵੀ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚਲਦੇ ਨਿਸ਼ਕਾਮ ਤੇ ਨਿਰਸਵਾਰਥ ਹੋ ਲੜਾਈ ਲੜੀ। ਆਜ਼ਾਦੀ ਦੀ ਪ੍ਰਾਪਤੀ ਸਰਕਾਰ ਵਲੋਂ ਆਜ਼ਾਦੀ ਦੇ ਘੁਲਾਟੀਆਂ ਨੂੰ ਪੈਨਸ਼ਨਾਂ ਤੇ ਤਾਮਰ ਪੱਤਰਾਂ ਨਾਲ ਸਨਮਾਨਤ ਕੀਤਾ ਗਿਆ, ਪਰ ਨਾਮਧਾਰੀ ਸਿੱਖ ਸ਼ੁਕਰਾਨੇ ਦਾ ਕਲਮਾ ਪੜ੍ਹਦੇ ਰਹੇ। ਪੰਡਿਤ ਮੁਨਸ਼ਾ ਸਿੰਘ ਜੀ ਨਾ ਮਿਲਵਰਤਨ ਸਮੇਂ ਡਿਕਟੇਟਰ ਬਣੇ ਤੇ ੧੦ ਸਾਲ ਦੀ ਕੈਦ ਹੋਈ। ਉਹ ਆਜ਼ਾਦੀ ਉਪਰੰਤ ਸ੍ਰੀ ਭੈਣੀ ਸਾਹਿਬ ਦਿਨ ਗੁਜ਼ਾਰ ਰਹੇ ਸਨ। ਗਿਆਨੀ ਜ਼ੈਲ ਸਿੰਘ ਜਦ ਪੰਜਾਬ ਦੇ ਚੀਫ਼ ਮਨਿਸਟਰ ਸਨ ਤਾਂ ਸ੍ਰੀ ਭੈਣੀ ਸਾਹਿਬ ਦਰਸ਼ਨਾਂ ਨੂੰ ਆਏ ਤੇ ਪੰਡਿਤ ਮਨਸਾ ਸਿੰਘ ਜੀ ਨੂੰ ਕਿਹਾ ਪੰਡਿਤ ਜੀ ਇੱਕ ਵੇਰ ਚੰਡੀਗੜ੍ਹ ਆਉਂਦੇ ਤਾਂ ਜੀਵਨ ਭਰ ਪੈਨਸ਼ਨ ਮੌਜਾਂ ਨਾਲ ਦਿਨ ਗੁਜ਼ਾਰਦੇ, ਪਰ ਪੰਡਿਤ ਜੀ ਨਿਮਰਤਾ ਸਹਿਤ ਕਿਹਾ, "ਸਰਦਾਰ ਸਾਹਿਬ ਕੁਰਬਾਨੀ ਦਾ ਮੁਲ ਨਹੀਂ ਵਟਣਾ ਤੁਹਾਡਾ ਬਹੁਤ ਬਹੁਤ ਧੰਨਵਾਦ।"

ਸ਼ਰਾਫਤ ਸਦਕਾ ਹਰ ਥਾਂ ਆਦਰ ਮਾਣ ਪ੍ਰਾਪਤ ਕਰਦੇ ਹਨ।

ਦੇਸ਼ ਵਿਦੇਸ਼ ਵਿਚ ਦੇਸੀ ਘਿਓ ਦੀਆਂ ਵਰਨੀਆਂ ਚਲਦੀਆਂ ਹਨ। ਹਵਨ ਹੁੰਦੇ ਹਨ ਤੇ ਉਨ੍ਹਾਂ ਦੀ ਸੁਗੰਧੀ ਵਾਯੂ ਮੰਡਲ ਨੂੰ ਸ਼ੁਧ ਕਰਦੀ ਹੈ। ਵਿਸ਼ਵ ਭਰ ਵਿਚ ਸੁਖ ਅਤੇ ਸ਼ਾਂਤੀ ਵਾਸਤੇ ਸਾਧਾਰਨ ਪਾਠਾਂ ਦਾ ਪ੍ਰਵਾਹ ਚਲ ਰਿਹਾ ਹੈ। ਨਵੀਂ ਪੀੜੀ ਦੇ ਨੌਜਵਾਨ ਤੇ ਨਵਯੁਵਤੀਆਂ ਹਰ ਰੋਜ਼ ਅੱਠ ਅੱਠ ਘੰਟੇ ਸਿਮਰਨ ਕਰਦੇ ਹਨ। ਗਊ ਗਰੀਬ ਦੀ ਭਲਾਈ ਨਮਿਤ ਅਰਦਾਸੇ ਸੋਧੇ ਜਾਂਦੇ ਹਨ। ਇਥੋਂ ਤਕ ਕਿ ਜੰਮਦੇ ਬੱਚਿਆਂ ਦੇ ਵੀ ਸਾਲ ਦੇ ੩੬੫ ਘੰਟਿਆਂ ਦਾ ਸਿਮਰਨ ਹੁੰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਫੁਲਵਾੜੀ ਦੇ ਅਰੰਭ ਤੇ ਇਕ ਸ਼ਾਖ ਉਦਾਸੀਆਂ ਦਾ ਰੂਪ ਧਾਰ ਲਿਆ। ਸਾਹਿਬ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਨਰ ਗੁਰੂ ਦੇ ਕਿਰਪਾਨ ਧਾਰਨ ਤੇ ਫੌਜ ਇਕਤਰ ਕਰਨ ਹਿਤ ਕੁਝ ਸਿੱਖ ਵਖ ਹੋ ਟੁਰੇ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸੰਸਕ੍ਰਿਤ ਦੇ ਸਕਾਲਰ ਨਿਰਮਲਿਆਂ ਦੇ ਨਾਉਂ ਨਾਲ ਜਾਣੇ ਜਾਣ ਲਗੇ। ਜਦ ਕਲਗੀਧਰ ਪਾਤਸ਼ਾਹ ਸੁਰਮਈ ਦਸਤਾਰ, ਢਿਲਵੀਂ ਲੀਰ ਲੀਰ ਕਰ ਫੂਕਣ ਲੱਗੇ ਤਾਂ ਇੱਕ ਸਿੰਘ ਨੇ ਇੱਕ ਨੀਲੀ ਲੀਰ ਲੈ ਸੀਸ ਤੇ ਸਜਾ ਨਿਹੰਗਾਂ ਦਾ ਜਥਾ ਕਾਇਮ ਕਰ ਲਿਆ। ਭਾਈ ਘਨਈਆ ਜੀ ਦੇ ਸਹਿਯੋਗੀ ਸੇਵਾ ਪੰਥੀ ਕਰਕੇ ਪ੍ਰਸਿਧ ਹੋ ਗਏ। ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਲਾਏ ਬੂਟੇ ਦੀਆਂ ਟਹਿਣੀਆਂ ਖਲਾਰ ਫਟਿਆ, ਪਰ ਸੰਤ ਖਾਲਸਾ ਦੀ ਕਰੂੰਬਲ ਸਿਧੀ ਅਕਾਸ਼ ਵਲ ਵਧ ਰਹੀ ਹੈ।

ਇਸਦਾ ਵਿਧਾਨ ਗੁਰੂ ਸਾਹਿਬਾਨ ਦੇ ਆਸ਼ੇ ਅਤੇ ਗੁਰਬਾਣੀ ਹੈ, ਜਿਸਦੇ ਆਧਾਰ ਤੇ ਇਹ ਜੀਵਨ ਬਿਤਾ ਰਹੇ ਹਨ ਤੇ ਉਸਦੇ ਅੱਖਰ ਅੱਖਰ ਤੇ ਅਮਲ ਕਰਨਾ ਕਰਤਵ ਮੰਨਦਾ ਹੈ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਸਣਕੇਸੀ ਇਸ਼ਨਾਨ ਕੀਤੇ ਬਿਨਾਂ ਪਾਠ ਨਹੀਂ ਕਰਦਾ। ਸਵਾਰੇ ਸਾਹਿਬ ਨੂੰ ਇੱਕ ਜਗਾ ਤੋਂ ਦੂਸਰੀ ਥਾਂ ਤੇ ਲੈ ਜਾਣਾ ਹੋਵੇ ਤਾਂ ਸੁੱਚੇ ਜਲ ਨਾਲ ਛਿੜਕਾਉ ਕਰਦੇ ਹਨ। ਚਮੜੇ ਦੇ ਜੋੜੇ ਵਾਲੇ ਪੈਰ ਬਿਨਾਂ ਧੋਤੇ ਸ੍ਰੀ ਗ੍ਰੰਥ ਸਾਹਿਬ ਨੂੰ ਚੁੱਕ ਨਹੀਂ ਸਕਦੇ। ਅਖੰਡ ਪਾਠ ਸਮੇਂ ਦੇਸੀ ਘਿਓ ਦੀ ਜੋਤ ਲਾਜ਼ਮੀ ਹੈ ਤੇ ਪਾਠੀ ਸਿੰਘ ਵਾਸਤੇ ਸ਼ੁਧ ਵਿਹਾਰ ਤੇ ਸ਼ੁਧ ਕਿਰਿਆ ਦੇ ਨਾਲ, ਪਾਠ ਸਮੇਂ ਬ੍ਰਹਮਚਰਜ ਰਖਣਾ ਅਤੀ ਜ਼ਰੂਰੀ ਹੈ।

ਸੰਤ ਖਾਲਸੇ ਵਿਚ ਕਲਿ ਕੀਰਤਨ ਨਾਮ ਆਧਾਰ ਦੀ ਪ੍ਰੰਪਰਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਰਦਾਨੇ ਦੀ ਰਬਾਬ ਨਾਲ ਹੀ ਰੱਬੀ ਬਾਣੀ ਦਾ ਗਾਇਨ ਕਰਕੇ ਵਾਯੂ ਮੰਡਲ ਨੂੰ ਵਜਦ ਵਿਚ ਤਾਰੀਆਂ ਲੁਆਂਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਆਪ ਸਰੰਦੇ ਨਾਲ ਗਾਇਨ ਕਰ ਸੰਗਤਾਂ ਨੂੰ ਨਿਹਾਲ ਕਰਦੇ ਸਨ। ਇਹੋ ਪਿਰਤ, ਸੰਤ ਖਾਲਸੇ ਵਿਚ ਕਾਇਮ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦੇਸ਼ ਭਰ ਦੇ ਮੰਨੇ ਪ੍ਰਮੰਨੇ ਉਸਤਾਦ ਨਮਸਕਾਰਾਂ ਕਰਦੇ ਹਨ। ਇਹ ਅਰਸ਼ੀ ਜੋੜ ਕਾਰ ਰਾਹੀਂ ਜਾਂ ਹਵਾਈ ਜਹਾਜਾਂ ਰਾਹੀ ਸਫਰ ਕਰ ਰਹੀਆਂ ਹੋਣ ਤਾਂ ਕੀਰਤਨ ਦਾ ਸਮਾਂ ਨਹੀਂ ਭੁਲਾਂਦੀਆਂ ਵਾਧਾ ਇਹ ਹੈ ਕਿ ਜਿਸ ਰਾਗ ਵਿਚ ਬਾਣੀ ਹੈ ਉਸ ਸ਼ਬਦ ਨੂੰ ਉਸੇ ਰਾਗ ਵਿਚ ਗਾ ਕੇ ਅਥਵਾ ਸੁਣ ਕੇ ਖੁਸ਼ੀਆਂ ਬਖਸ਼ਦੇ ਹਨ।

ਪੁਰਾਣੇ ਸਮਿਆਂ ਵਿਚ ਤੰਤੀ ਸਾਜ ਪ੍ਰਧਾਨ ਸਨ ਤੇ ਅਜ ਵੀ ਇਸ ਘਰ ਵਿਚ ਸੁਬਾ ਸ਼ਾਮ ਤੰਤੀ ਸਾਜਾਂ ਤੇ ਤਰਬਾਂ ਉਠਦੀਆਂ ਹਨ। ਪਾਠ ਦੀ ਸੁਧੀ ਦਾ ਇਤਨਾ ਖਿਆਲ ਰਖਿਆ ਜਾਂਦਾ ਹੈ ਕਿ ਲਗ ਮਾਤਰ ਅਸ਼ੁਧ ਨਹੀਂ ਹੋਣ ਦਿੱਤੀ ਜਾਂਦੀ।

ਸੰਤ ਖਾਲਸਾ ਕਿਸੇ ਨਾਲ ਘਿਰਨਾ ਨਹੀਂ ਸਿਖਾਂਦਾ। ਕਾਇਨਾਤ ਦੇ ਹਰ ਜੀਵ ਨੂੰ ਜੀਵਨ ਦਾ ਹੱਕ ਪ੍ਰਦਾਨ ਕਰਦਾ ਹੈ। ਜੀਵ ਹਤਿਆ ਮਹਾਨ ਪਾਪ ਹੈ, ਮਾਸ, ਸ਼ਰਾਬ, ਨਸ਼ੀਲੀਆਂ ਵਸਤਾਂ ਦਾ ਤਿਆਗ। ਸੇਵਾ ਹਰ ਭੇਖ ਦੀ ਯੱਥਾ ਸ਼ਕਤ। ਇਸਦੀ ਗੁਰਮੁਖੀ ਦਸਤਾਰ ਤੇ ਚਿੱਟਾ ਬਾਣਾ ਰਾਹ ਜਾਂਦਿਆਂ ਨੂੰ ਮੋਹਦਾ ਹੈ। ਅਜਕਲ ਸਕੂਲੀ ਵਿਦਿਆ ਤੇ ਟੀ. ਵੀ. ਦੇ ਪ੍ਰਚਾਰ ਨੇ ਆਮ ਯੁਵਕਾਂ ਤੇ ਯੁਵਤੀਆਂ ਨੂੰ ਆਪਣੇ ਜਾਲ ਵਿਚ ਫਸਾ ਲਿਆ ਹੈ ਪਰ ਸੰਤ ਖਾਲਸੇ ਦੇ ਜਵਾਨ ਪਛਮ ਦੀ ਕਲਚਰ ਨੂੰ ਚਿਮਟੇ ਨਾਲ ਵੀ ਨਹੀਂ ਛੂੰਹਦੇ।

ਇਹ ਸੂਰਮੇ ਥਾਈਲੈਂਡ, ਨਰੋਬੀ, ਦਾਰਾ-ਉ-ਸਲਾਮ, ਯੂ. ਕੇ., ਕੇਨੇਡਾ, ਜਰਮਨੀ ਆਦਿ ਦੇਸਾਂ ਵਿਚ ਵਸਦੇ ਵੀ ਓਥੋਂ ਦੇ ਵਸਨੀਕਾਂ ਨੂੰ ਆਪਣੇ ਵਲ ਖਿਚਦੇ ਹਨ। ਪੈਂਟਾਂ ਟਾਈਆਂ ਦੀ ਗੱਲ ਛੱਡੋ, ਉਹ ਫੈਕਟਰੀਆਂ ਵਿਚ ਵੀ ਪਜਾਮਿਆਂ ਤੇ ਸਿੱਧੀ ਦਸਤਾਰ ਨਾਲ ਕੰਮ ਕਰਦੇ ਹਨ। ਇਸ ਘਰ ਦੀਆਂ ਦੇਵੀਆਂ ਵੀ ਉਥੋਂ ਦੇ ਸਕੂਲਾਂ ਅਥਵਾ ਕਾਲਿਜਾਂ ਵਿਚ ਪੜ੍ਹਦੀਆਂ ਵੀ ਲਿਪਸਟਿਕ, ਨੇਲ ਪਾਲਿਸ਼, ਭਰਵਟੇ ਆਦਿ ਦੇ ਸੰਵਾਰਨ ਦੀ ਬਿਮਾਰੀ ਤੋਂ ਮੁਕਤ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਹ ਫੁਲਵਾੜੀ ਦੇਸ਼ ਬਦੇਸ਼ ਤਕ ਖੁਸ਼ਬੂ ਖਿਲਾਰ ਰਹੀ ਹੈ।

■

ਬਚੋ ਵਲਾਵੇਂ ਤੋਂ

■ ਅਜਾਇਬ ਸਿੰਘ ਖਾਦਮ

ਸਾਂਝਾਂ ਉੱਤੇ ਮਾਰ ਕੇ ਮਾਂਜਾ ਪੁਤ ਦਾ ਲੋਕੀਂ ਮੁਲ ਪਵਾਉਂਦੇ।
ਨੱਕ ਤੇ ਮੱਖੀ ਬਹਿਣ ਨਹੀ ਦੇਂਦੇ, ਵੱਡੇ ਨਾਢੂ ਖ਼ਾਨ ਕਹਾਉਂਦੇ।
ਮੂੰਹ ਪਾੜ ਕੇ ਦਾਜ ਮੰਗਦੇ, ਦਾਜ ਦੇ ਵਿਚ ਮਰੂਤੀ ਚਾਹੁੰਦੇ।
ਭੰਗੜਾ ਪਾ ਕੇ, ਢੋਲ ਵਜਾ ਕੇ, ਦੂਜੇ ਦਾ ਘਰ ਲੁੱਟ ਲਿਆਉਂਦੇ।
ਵੱਡੇ ਵਿਆਹ ਨੂੰ ਸ਼ੁਗਲ ਸਮਝਦੇ, ਮਾਇਆ ਧਾਰੀ 'ਚੋਜ' ਵਖਾਉਂਦੇ।
ਬਾਕੀ ਲੋਕੀਂ ਵੇਖਾ ਵੇਖੀ, ਲਭ ਕੜਿਕੀ ਵਿਚ ਫਸਾਉਂਦੇ।
ਭੱਠ ਪਵੇ ਇਹ ਸਾਕਾ ਗੀਰੀ, ਕਿਉਂ ਜੇ ਨਵੀਂ ਬਿਮਾਰੀ ਲਾਉਂਦੇ।
ਚਾਦਰ ਵੇਖਿ ਕੇ ਪੈਰ ਪਸਾਰੋ, ਹੈ ਖ਼ਾਦਮ ਸਭ ਨੂੰ ਸਮਝਾਉਂਦੇ।

■

✍ ਜਸਵਿੰਦਰ ਸਿੰਘ – ਰਿਸਰਚ ਸਕਾਲਰ

ਕਾਲ ਵਰਗਾ ਭੈ

"ਏਨਾ (ਗੋਰਿਆਂ) ਨੂੰ ਮੇਰਾ ਸਰੀਰ ਕਾਲ ਕੀ ਸਮਾਨ ਦਿਸਦਾ ਹੈ। ਆਂਧੇ ਹੈਂ ਏਨੇ ਮੁਲਖ ਬਿਗਾੜ ਦਿੱਤਾ ਹੈ।"



ਨਜ਼ਰਬੰਦੀ ਦੌਰਾਨ ਰੰਗੂਨ ਤੋਂ ਭੇਜੇ ਇੱਕ ਹੁਕਮਨਾਮੇ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਲਿਖਿਆ ਸੀ- "ਏਨਾ (ਗੋਰਿਆਂ) ਨੂੰ ਮੇਰਾ ਸਰੀਰ ਕਾਲ ਕੀ ਸਮਾਨ ਦਿਸਦਾ ਹੈ। ਆਂਧੇ ਹੈਂ ਏਨੇ ਮੁਲਖ ਬਿਗਾੜ ਦਿੱਤਾ ਹੈ।" ਇੱਕ ਹੋਰ ਹੁਕਮਨਾਮੇ ਵਿਚ ਸ੍ਰੀ ਸਤਿਗੁਰੂ ਜੀ ਨੇ ਲਿਖਿਆ: "ਪਿਛੋਂ ਤਾਂ ਲਿਆਏ ਹੈਂ ਜੋ ਏਥੇ ਰਹਾ ਤਾ ਚੌਦੇ (ਸੰਮਤ ੧੯੧੪ ਬਿਕਰਮੀ ੧੮੫੭ ਈ.) ਵਰਗਾ ਕੰਮ ਕਰ ਦੇਊਗਾ, ਅਰੁ ਹੁਣ ਇਹ ਡਰ ਹੈ ਭਾਈ ਚਿੱਠੀ ਭੇਜ ਕੇ ਪਿਛੇ ਸੂਝ ਕਰ ਦੇਵੂ, ਇਹ ਭਰਮ ਹੈ। ਮੇਰੇ ਸਰੀਰ ਦਾ ਕਾਲ ਵਰਗਾ ਭੈ ਹੈ, ਏਨਾ ਤਾਂ ਏਸ ਕਰਕੇ ਮੇਰੇ ਪਾਸ ਕਿਸੇ ਨੂੰ ਆਉਣ ਨਹੀਂ ਦੇਂਦੇ।" ਭਾਈ ਲਾਲ ਸਿੰਘ ਅਤੇ ਨਰੈਣ ਸਿੰਘ ਨੂੰ ਲਿਖੇ ਇੱਕ ਹੁਕਮਨਾਮੇ ਵਿਚ ਅੰਗ੍ਰੇਜ਼ਾਂ ਦੇ ਭੈ ਨੂੰ ਸਪਸ਼ਟ ਕਰਦਿਆਂ ਚੀਨੀ ਵਾਲੇ ਪਾਤਸ਼ਾਹ ਨੇ ਲਿਖਿਆ:-"ਸਾਰੀ ਬਾਤ ਕਾ ਤਾਤਪਰਜ਼ ਇਹੁ ਹੈ ਜੇਕਰ ਏਸ ਦੀ ਅਰਦਾਸ ਜਾਇ ਰਹੀ, ਸਾਰੇ ਪੰਜਾਬ ਮੇ ਤਾਂ ਏਸ ਦੇ ਆਦਮੀ ਹੈਂ ਅਰੁ ਏਸ ਦਾ ਕਹਾ ਮੰਨਦੇ ਹੈਨ, ਤਾ ਇਹੁ ਆਪਣੇ ਸਿੰਘਾਂ ਨੂੰ ਆਖ ਕੇ ਸਾਡੇ ਲੋਕਾਂ ਨੂੰ ਕਢਵਾਇ ਦੇਊਗਾ। ਏਸ ਦੀ ਬਡੀ ਤਕੜਾਈ ਰਖੋ। ਏਸ ਬਾਤ ਤੇ ਏਨਾ ਨੇ ਮੇਰੀ ਬੜੀ ਤਕੜਾਈ ਰਖੀ ਹੋਈ ਹੈ।"

ਅੰਗੇਜ਼ਾਂ ਨੇ ੧੮੭੨ ਈ. ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਉਹਨਾਂ ਦੇ ਕੁਝ ਪ੍ਰਮੁੱਖ ਸੂਬਿਆਂ ਸੇਵਕਾਂ ਸਮੇਤ ਪੰਜਾਬ ਤੋਂ ਬਾਹਰ ਇਸ ਲਈ ਨਿਰਵਾਸਤ ਕਰ ਦਿੱਤਾ ਸੀ ਕਿ ਉਹਨਾਂ ਦਾ ਭਾਰਤੀ ਸਾਮਰਾਜ ਨਿਰਵਿਘਨ ਚਲਦਾ ਰਹੇ। ਸ੍ਰੀ ਸਤਿਗੁਰੂ ਜੀ ਨੂੰ ਪਹਿਲਾਂ ਅਲਾਹਬਾਦ ਅਤੇ ਫੇਰ ਰੰਗੂਨ (ਬਰਮਾ) ਅਤੇ ਪ੍ਰਮੁਖ ਸੂਬਿਆਂ ਨੂੰ ਪੰਜਾਬ ਤੋਂ ਬਾਹਰ ਅਲੱਗ ਅਲੱਗ ਥਾਵਾਂ ਤੇ ਨਜ਼ਰਬੰਦ ਕਰ ਦੇਣ ਦੇ ਬਾਵਜੂਦ ਅੰਗ੍ਰੇਜ਼ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ 'ਡਰ ਮੁਕਤ' ਨਹੀਂ ਸਨ ਹੋ ਸਕੇ। ਉਸ ਸਮੇਂ ਦੇ ਇਤਿਹਾਸ ਨੂੰ, ਘਟਨਾਵਾਂ ਨੂੰ ਗਹਿਰਾਈ ਨਾਲ ਦੇਖਿਆਂ ਪਤਾ ਲੱਗਦਾ ਹੈ ਕਿ ਬਦੇਸ਼ੀ ਸ਼ਾਸਕਾਂ ਦਾ ਡਰ 'ਕਲਪਨਿਕ' ਨਹੀਂ ਸੀ, ਇਸ 'ਡਰ' ਦੇ ਪਿੱਛੇ ਬਹੁਤ ਸਾਰੇ ਵਾਸਤਵਿਕ ਕਾਰਨ ਸਨ ਜਿਨ੍ਹਾਂ ਕਰਕੇ, ਉਹ ਡਰਦੇ ਸਨ ਕਿ ਅਗਰ ਇਸ 'ਰਾਜਸੀ ਕੈਦੀ' ਨੂੰ ਜਰਾ ਜਿਨੀ ਵੀ ਢਿੱਲ ਦੇ ਦਿੱਤੀ ਗਈ ਤਾਂ ਉਹਨਾਂ ਲਈ ਕਿੱਡਾ ਵੱਡਾ ਖ਼ਤਰਾ ਖੜਾ ਹੋ ਸਕਦਾ ਹੈ। ਕਿੰਨੀ ਪਰੇਸ਼ਾਨੀ ਝੱਲਣੀ ਪੈ ਸਕਦੀ ਹੈ। ਇਸੇ ਕਰਕੇ ਅੰਗ੍ਰੇਜ਼ਾਂ ਨੇ ਸਦਾ ਸਤਿਗੁਰੂ ਰਾਮ ਸਿੰਘ ਜੀ ਤੇ ਹਰ ਤਰ੍ਹਾਂ ਦੀ ਸਖ਼ਤ ਨਿਗਰਾਨੀ ਰੱਖੀ। ਉਹਨਾਂ ਦਾ 'ਡਰ' ਜਨਵਰੀ ੧੮੭੮ ਦੀ ਇਕ ਫਾਈਲ ਵਿਚ ਬ੍ਰਿਟਿਸ਼ ਬਰਮਾ ਦੇ ਚੀਫ ਕਮਿਸ਼ਨਰ ਵੱਲੋਂ ਲਿਖੀ ਕਾਰਵਾਈ ਦੀਆਂ ਇਹਨਾਂ ਲਾਈਨਾਂ ਤੋਂ ਵੀ ਸਪਸ਼ਟ ਹੋ ਜਾਂਦਾ ਹੈ, ਜਿਸ ਵਿਚ ਉਹ ਲਿਖਦਾ ਹੈ "He is a very dangerous man. The most dangerous man perhaps now in India and correspondence with him must be stopped." (ਉਹ ਬਹੁਤ ਖ਼ਤਰਨਾਕ ਵਿਅਕਤੀ ਹੈ। ਇਸ ਵਕਤ ਹਿੰਦੁਸਤਾਨ ਵਿੱਚ ਸ਼ਾਇਦ ਸਭ ਤੋਂ ਜ਼ਿਆਦਾ ਖ਼ਤਰਨਾਕ ਵਿਅਕਤੀ, ਅਤੇ ਇਸ ਨਾਲ ਖ਼ਤ-ਪੱਤਰ ਹਰ ਹਾਲਤ ਵਿੱਚ ਰੋਕਿਆ ਜਾਵੇ।)

ਚੀਫ ਕਮਿਸ਼ਨਰ ਬ੍ਰਿਟਿਸ਼ ਬਰਮਾ ਵੱਲੋਂ ਲਿਖੀਆਂ ਗਈਆਂ ਉਪਰੋਕਤ ਸ਼ਬਦਾਂ ਦਾ ਸਤਿਗੁਰੂ ਜੀ ਦੇ ਹੁਕਮਨਾਮਿਆਂ ਦੀਆਂ ਉਹਨਾਂ ਕੁਝ ਪੰਕਤੀਆਂ ਨਾਲ ਟਾਕਰਾ ਕਰ ਕੇ ਦੇਖਿਆ ਜਾਵੇ.

ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਕਈ ਵਾਰ ਕੂਕਾ ਅੰਦੋਲਨ ਬਾਰੇ ਗਵਰਨਰ ਜਨਰਲ ਨੂੰ ਸਮੇਂ ਸਮੇਂ ਰਿਪੋਰਟਾਂ ਦਿੰਦਿਆਂ ਲਿਖਿਆ ਸੀ ਕਿ 'ਕੂਕਾਇਜ਼ਮ' ਦਾ ਪ੍ਰਭਾਵ ਪੰਜਾਬ ਵਿਚ ਘਟ ਰਿਹਾ ਹੈ, ਅਤੇ ਪ੍ਰਭਾਵ ਘਟਣ ਦੇ ਬਾਵਜੂਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਅੰਗ੍ਰੇਜ਼ਾਂ ਦਾ ਭੈ ਭੀਤ ਰਹਿਣਾ ਨਿਸਚੇ ਹੀ ਵਿਲੱਖਣ ਗੱਲ ਸੀ। ਇਸ ਸਮੇ ਬਾਰੇ ਘੋਖ ਕਰਨ ਦੇ ਲੇਖਕਾਂ ਵਲੋਂ ਅਜੇ ਤਕ ਕੋਈ ਖਾਸ ਯਤਨ ਨਹੀਂ ਕੀਤੇ ਗਏ, ਅਤੇ ਏਸ ਕਰਕੇ ਹੀ ਕੂਕਾ ਅੰਦੋਲਨ ਦੇ ਇਤਿਹਾਸ ਦਾ ਇੱਕ ਸ਼ਾਨਦਾਰ ਹਿੱਸਾ ਲੋਕਾਂ ਸਾਹਮਣੇ ਪ੍ਰਭਾਵੀ ਢੰਗ ਨਾਲ ਪੇਸ਼ ਨਹੀਂ ਹੋ ਸਕਿਆ ਹੈ।

ਜੋ ਇਸ ਲੇਖ ਦੇ ਸ਼ੁਰੂ ਵਿਚ ਦਿੱਤੀਆਂ ਗਈਆਂ ਹਨ, ਤਾਂ ਸੌਖੇ ਹੀ ਸਾਰੀ ਸਥਿਤੀ ਸਮਝ ਵਿਚ ਆ ਜਾਵੇਗੀ। ਇਸ ਦੇ ਨਾਲ ਹੀ ਇਹ ਸਵਾਲ ਵੀ ਉਠ ਖੜੋਂਦਾ ਹੈ ਕਿ ਦੇਸ ਤੋਂ ਦੂਰ ਨਜ਼ਰਬੰਦੀ ਵਿਚ ਰਹਿੰਦਿਆਂ ਹੋਇਆਂ ਵੀ ਸਤਿਗੁਰੂ ਜੀ ਪਾਸੋਂ ਅੰਗ੍ਰੇਜ਼ਾਂ ਨੂੰ ਕੀ ਖ਼ਤਰਾ ਹੋ ਸਕਦਾ ਸੀ? ਕਿਉਂ ਅੰਗ੍ਰੇਜ਼ ਤੰਤਰ ਐਨਾ ਡਰਿਆ ਅਤੇ ਘਬਰਾਇਆ ਹੋਇਆ ਸੀ? ਕੀ ਸ੍ਰੀ ਸਤਿਗੁਰੂ ਜੀ ਰੰਗੂਨ ਸਖ਼ਤ ਪਹਿਰੇ ਵਿੱਚ ਰਹਿੰਦਿਆਂ ਹੋਇਆਂ ਵੀ ਕਿਸੇ ਸੰਪਰਕ ਸੂਤਰ ਨੂੰ ਵਧਾਉਣ ਵਿੱਚ ਲੱਗੇ ਹੋਏ ਸਨ ਜਿਵੇਂ ਕਿ ਪੰਜਾਬ ਵਿੱਚ ਰਹਿੰਦਿਆਂ ਸਤਿਗੁਰੂ ਜੀ ਨੇ ਕਈ ਦੇਸ਼ਾਂ ਨਾਲ ਸੰਪਰਕ ਜੋੜੀ ਬਣਾਈ ਰਖਿਆ ਸੀ ਅਤੇ ਇਹ ਬਣਾਏ ਗਏ ਸੰਪਰਕ ਸੂਤਰ ਅੰਗ੍ਰੇਜ਼ੀ ਰਾਜ ਲਈ ਖ਼ਤਰਾ ਸਨ?

ਗੱਲ ਕੁਝ ਏਸੇਤਰ੍ਹਾਂ ਦੀ ਹੀ ਸੀ, ਨਹੀਂ ਤੇ ਪੰਜਾਬ ਤੋਂ ਦੂਰ ਬਰਮਾ ਲੈ ਜਾ ਕੇ ਰੰਗੂਨ ਵਿਖੇ ਨਜ਼ਰਬੰਦ ਕਰ ਦੇਣ ਬਾਅਦ ਅੰਗ੍ਰੇਜ਼ ਸਤਿਗੁਰੂ ਰਾਮ ਸਿੰਘ ਜੀ ਦੀ ਐਨੀ ਚੌਕਸੀ ਨਾ ਰੱਖਦੇ। ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਕਈ ਵਾਰ ਕੂਕਾ ਅੰਦੋਲਨ ਬਾਰੇ ਗਵਰਨਰ ਜਨਰਲ ਨੂੰ ਸਮੇਂ ਸਮੇਂ ਰਿਪੋਰਟਾਂ ਦਿੰਦਿਆਂ ਲਿਖਿਆ ਸੀ ਕਿ 'ਕੂਕਾਇਜ਼ਮ' ਦਾ ਪ੍ਰਭਾਵ ਪੰਜਾਬ ਵਿਚ ਘਟ ਰਿਹਾ ਹੈ, ਅਤੇ ਪ੍ਰਭਾਵ ਘਟਣ ਦੇ ਬਾਵਜੂਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਅੰਗ੍ਰੇਜ਼ਾਂ ਦਾ ਭੈ ਭੀਤ ਰਹਿਣਾ ਨਿਸਚੇ ਹੀ ਵਿਲੱਖਣ ਗੱਲ ਸੀ। ਇਸ ਸਮੇ ਬਾਰੇ ਘੋਖ ਕਰਨ ਦੇ ਲੇਖਕਾਂ ਵਲੋਂ ਅਜੇ ਤਕ ਕੋਈ ਖਾਸ ਯਤਨ ਨਹੀਂ ਕੀਤੇ ਗਏ, ਅਤੇ ਏਸ ਕਰਕੇ ਹੀ ਕੂਕਾ ਅੰਦੋਲਨ ਦੇ ਇਤਿਹਾਸ ਦਾ ਇੱਕ ਸ਼ਾਨਦਾਰ ਹਿੱਸਾ ਲੋਕਾਂ ਸਾਹਮਣੇ ਪ੍ਰਭਾਵੀ ਢੰਗ ਨਾਲ ਪੇਸ਼ ਨਹੀਂ ਹੋ ਸਕਿਆ ਹੈ।

ਪਹਿਲਾਂ ਰੰਗੂਨ ਅਤੇ ਫੇਰ ਮਰਗੋਈ ਨਜ਼ਰਬੰਦੀ ਦੌਰਾਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗ੍ਰੇਜ਼ਾਂ ਅਤੇ ਉਸਦੇ ਵਿਰੋਧੀਆਂ ਦੀਆਂ ਹਲਚਲਾਂ ਦੀ ਪੂਰੀ ਜਾਣਕਾਰੀ ਰਹਿੰਦੀ ਸੀ। ਉਸ ਸਮੇਂ ਅੰਤਰ-ਰਾਸ਼ਟਰੀ ਹਾਲਾਤ ਕੀ ਸਨ, ਭਾਰਤ ਦੀਆਂ ਉੱਤਰ-ਪੱਛਮੀ ਸਰਹੱਦਾਂ ਤੇ ਕੀ ਹੋ ਰਿਹਾ ਸੀ, ਬਰਮਾ ਦੇਸ਼ ਵਿਚ ਦੇ ਕੀ ਹਾਲ ਸਨ, ਸਭ ਦੀ ਜਾਣਕਾਰੀ ਸ੍ਰੀ ਸਤਿਗੁਰੂ ਜੀ ਨੂੰ ਨਜ਼ਰਬੰਦੀ ਵਿਚ ਰਹਿੰਦਿਆਂ ਹੋਇਆਂ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਭੇਜੇ ਗਏ ਹੁਕਮਨਾਮਿਆਂ ਨੂੰ ਧਿਆਨ ਨਾਲ ਪੜ੍ਹਿਆਂ ਸਥਿਤੀ ਹੋਰ ਵੀ ਸਪਸ਼ਟ ਹੋ ਜਾਂਦੀ ਹੈ। ਇਹਨਾਂ ਹੁਕਮਨਾਮਿਆਂ ਵਿਚ ਧਾਰਮਿਕ ਅਤੇ ਸਮਾਜਿਕ ਗੱਲਾਂ ਤਾਂ ਹੈਨ ਹੀ, ਬਹੁਤ ਸਾਰੀਆਂ ਰਾਜਨੀਤਕ ਗੱਲਾਂ, ਤੱਥਾਂ ਵੱਲ ਵੀ ਸੰਕੇਤ ਕੀਤੇ ਗਏ ਹਨ। ਮਿਸਾਲ ਦੇ ਤੌਰ ਤੇ:-

- ਰੂਸ-ਟਰਕੀ ਸਬੰਧਾਂ ਬਾਰੇ ਪੁੱਛਣਾ,
- ਖ਼ਾਲਸਾ ਫੇਰ ਰਾਜ਼ ਕਰੇਗਾ,
- ਰੂਸ ਕਾਬੁਲ ਵੱਲ ਤੁਰਿਆ ਹੈ ਕਿ ਨਹੀਂ?
- ਪੇਸ਼ਾਵਰ ਵੱਲ ਰੇਲਵੇ ਲਾਈਨ ਪੂਰੀ ਹੋ ਗਈ ਹੈ?
- ਰੂਸ ਅਤੇ ਅੰਗ੍ਰੇਜ਼ਾਂ ਦੀ ਆਪਸ ਵਿੱਚ ਲੜਾਈ ਦੀਆਂ ਸੰਭਾਵਨਾਵਾਂ ਬਾਰੇ,
- ਸਰਹਿੰਦ ਨਹਿਰ ਵਿੱਚ ਪਾਣੀ ਛੱਡ ਦਿੱਤਾ ਗਿਆ ਹੈ ਕਿ ਨਹੀਂ?
- ਲੜਾਈ ਲਈ ਪੰਜਾਬੀਆਂ ਦੀ ਭਰਤੀ ਹੋ ਰਹੀ ਹੈ?
- ਕੀ ਯੂਰੋਪੀਅਨ ਪੇਸ਼ਾਵਰ ਵੱਲ ਜਾ ਰਹੇ ਹਨ ਅਥਵਾ ਓਧਰੋਂ ਵਾਪਸ ਮੁੜ ਰਹੇ ਹਨ? ਆਦਿ।

ਇਹਨਾਂ ਤੱਥਾਂ ਬਾਰੇ ਪੁੱਛ ਕਰਨੀ ਕਿਸ ਦਿਸ਼ਾਂ ਵੱਲ ਸੰਕੇਤ ਕਰਦੀ ਹੈ? ਜਿਹੜੇ ਸਿੰਘ ਰੰਗੂਨ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਜਾਂਦੇ ਸਨ, ਉਹਨਾਂ ਪਾਸੋਂ ਵੀ ਸਤਿਗੁਰੂ ਜੀ ਰਾਜਨੀਤਕ ਹਾਲਾਤਾਂ ਬਾਰੇ ਪੁਛਦੇ ਰਹਿੰਦੇ ਸਨ। ੧੮੮੦ ਈ. ਵਿਚ ਭਗਵਾਨ ਸਿੰਘ (ਅੜਬੰਗੀ) ਅਤੇ ਸੁੰਦਰ ਸਿੰਘ ਪਿੰਡ ਕਲੇਰੀ, ਸਤਿਗੁਰੂ ਜੀ ਦੇ ਦਰਸ਼ਨ ਕਰਨ ਰੰਗੂਨ ਗਏ ਸਨ। ਉਹਨਾਂ ਪਾਸੋਂ ਵੀ ਸਤਿਗੁਰੂ ਜੀ ਨੇ ਬਹੁਤ ਸਾਰੀਆਂ ਰਾਜਨੀਤਕ ਜਾਣਕਾਰੀਆਂ ਪੁਛੀਆਂ ਸਨ। ਇਕ ਹੁਕਮਨਾਮੇ ਦੀ ਅੰਗ੍ਰੇਜ਼ੀ ਅਨੁਵਾਦ ਭਾਰਤ ਸਰਕਾਰ ਦੀ ਵੱਡੀ ਲਾਇਬ੍ਰੇਰੀ (ਦਿੱਲੀ) ਵਿਖੇ ਪਿਆ ਹੋਇਆ। ਪਾਠਕ ਜ਼ਰਾ ਗੌਰ ਨਾਲ ਪੜ੍ਹਨ:-"Write to me about the following points- Ist. Regarding Peshawar- how is the war going on? Who have gained the victory or been defeated? Is the war progressing or has it stopped? Has Russia arrived to aid Kabul or not? Has Russia fought with the English or not? Have Punjabis been recruted for service or not?- - - Have the people been pressed for camels and carts? Have troops of Patiala, Nabha, and Jind and other Jagirdars been sent towards Pashawar? "1 (Kuka Movement, Freedom Struggle in Punjab, Page 67)

ਇਕ ਹੋਰ ਹੁਕਮਨਾਮੇ ਵਿਚ ਲਿਖਿਆ ਸੀ-"In the case of disturbance all should combine and after mature consideration, strike in the most befitting place; but the disturbance, at present is far removed just now.

the fire is not in flames; wood and fuel are simply being collected." 2 (Kuka Movement, Freedom Struggle in Punjab, P.35)

ਉਸ ਸਮੇਂ ਦੇ ਰੂਸ-ਕਾਬੁਲ ਅਤੇ ਅੰਗ੍ਰੇਜ਼ਾਂ ਦੇ ਸਬੰਧਾਂ ਬਾਰੇ ਇਤਿਹਾਸ ਦੀਆਂ ਪੁਸਤਕਾਂ ਨੂੰ ਪੜ੍ਹ ਕੇ ਹੈਰਾਨ ਹੋ ਜਾਈਦਾ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਤਰਰਾਸ਼ਟਰੀ ਹਾਲਾਤ ਦਾ ਰੰਗੂਨ ਨਜ਼ਰਬੰਦੀ ਵਿਚ ਬੈਠਿਆਂ ਹੋਇਆਂ ਵੀ ਕਿੰਨਾ ਗਿਆਨ ਸੀ। ਜਿਸ ਸਮੇਂ ਭਗਵਾਨ ਸਿੰਘ ਅੜਬੰਗੀ ਹੁਰਾਂ ਪਾਸੋਂ ਸ੍ਰੀ ਸਤਿਗੁਰੂ ਜੀ ਉਪਰੋਕਤ ਜਾਣਕਾਰੀਆਂ ਲੈ ਰਹੇ ਸਨ, ਉਸ ਸਮੇਂ ਅੰਗ੍ਰੇਜ਼ਾਂ ਦੇ ਅਫਗਾਨਿਸਤਾਨ ਅਤੇ ਰੂਸ ਨਾਲ ਕਿਸਤਰ੍ਹਾਂ ਦੇ ਸੰਬੰਧ ਸਨ ਇਹਨਾਂ ਬਾਰੇ ਵੀ ਥੋੜੀ ਜਾਣਕਾਰੀ ਕਰ ਲਈ ਜਾਣੀ ਠੀਕ ਹੋਵੇਗੀ।

੧੮੭੭ ਈਸਵੀ ਵਿਚ ਅੰਗ੍ਰੇਜ਼ਾਂ ਨੇ ਕੋਇਟੇ ਤੇ ਕਬਜ਼ਾ ਕਰ ਲਿਆ ਸੀ। ਇਸ ਥਾਂ ਤੋਂ ਬੋਲਾਨ ਦਰਰੇ ਤੇ ਕੰਟਰੋਲ ਕੀਤਾ ਜਾ ਸਕਦਾ ਸੀ ਅਤੇ ਕੰਧਾਰ ਨੂੰ ਜਾਣ ਦਾ ਅਤੇ ਅਗੇ ਵਧਣ ਦਾ ਰਸਤਾ ਖੁਲ੍ਹਦਾ ਸੀ। ਇਸ ਪਾਸੇ (ਅਫਗਾਨਿਸਤਾਨ) ਵਧਣ ਵਿਚ ਅੰਗ੍ਰੇਜ਼ਾਂ ਦੇ ਕਈ ਹਿਤ ਸਨ। ਇੰਗਲੈਂਡ ਰੂਸ ਦੇ ਇਸ ਪਾਸੇ ਨੂੰ ਵੱਧਦੇ ਪ੍ਰਭਾਵ ਨੂੰ ਠੱਲ ਪਾਉਣੀ ਚਾਹੁੰਦਾ ਸੀ। ਦੂਸਰਾ ਵੱਡਾ ਕਾਰਨ 'ਪੂਰਬੀ ਸਮੱਸਿਆ' ਨਾਲ ਪ੍ਰਤੱਖ ਤੌਰ ਤੇ ਜੁੜਿਆ ਹੋਇਆ ਸੀ। ਏਥੇ ਮੈਂ ਇਹ ਗੱਲ ਦੱਸ ਦੇਣੀ ਚਾਹੁੰਦਾ ਹਾਂ ਕਿ 'ਕੂਕਾ ਅੰਦੋਲਨ' ਦੀ ਰੂਸ ਵੱਲ ਤਵੱਜੋ ਦੇਣੀ 'ਪੂਰਬੀ ਸਮਸਿਆ' ਕਰਕੇ ਵੀ ਸੀ। ਇਸ ਸਮਸਿਆ ਦੀ ਜੜ੍ਹ ਟਰਕੀ ਦੇਸ ਸੀ ਜੋ ਕਿਸੇ ਸਮੇਂ ਯੂਰੋਪ ਦੇ ਵੱਡੇ ਹਿੱਸੇ ਤੱਕ ਫੈਲਿਆ ਹੋਇਆ ਸੀ ਪਰ ੧੯ਵੀਂ ਸਦੀ ਦੇ ਆਉਂਦਿਆਂ ਆਉਂਦਿਆਂ ਕਾਫੀ ਸੁੰਗੜ ਅਤੇ ਕਮਜ਼ੋਰ ਹੋ ਗਿਆ ਹੋਇਆ ਸੀ। ਇਸ ਦੇਸ਼ ਦੇ ਅਧਿਕਾਰ ਹੇਠਲੇ ਮੁਲਕਾਂ ਤੇ ਆਪਣਾ ਆਪਣਾ ਪ੍ਰਭਾਵ ਪਾਉਣ ਅਤੇ ਅਧਿਕਾਰ ਕਰਨ ਵਾਲੇ ਮੁਲਕਾਂ ਵਿਚਕਾਰ 'ਖੁਦਗਰਜ਼ੀ' ਦੀ ਲੜਾਈ ਸੌ ਸਾਲ ਤੋਂ ਵੀ ਵੱਧ ਸਮਾ ਚਲਦੀ ਰਹੀ। ਰੂਸ ਕਾਲੇ ਸਾਗਰ ਵੱਲ ਵਧਣਾ ਚਾਹੁੰਦਾ ਸੀ ਅਤੇ ਅੰਗ੍ਰੇਜ਼ ਵੀ ਆਪਣਾ ਰਾਜ ਵਿਸਤਾਰ ਕਰ ਰਹੇ ਸਨ, ਇਹਨਾਂ ਦੇ ਸਵਾਰਥਾਂ ਕਰਕੇ ਯੂਰੋਪ ਵਿੱਚ ਕਈ ਲੜਾਈਆਂ ਹੋਈਆਂ। ਰੂਸ ਨੂੰ ਜਦੋਂ ਯੂਰੋਪ ਵਿੱਚ ਕੋਈ ਪਰੇਸ਼ਾਨੀ ਅੰਗ੍ਰੇਜ਼ਾਂ ਵੱਲੋਂ ਮਿਲਦੀ, ਉਹ ਭਾਰਤ ਦੀਆਂ ਉੱਤਰ-ਪੱਛਮੀ ਸਰਹੱਦਾਂ ਤੇ ਹੱਲਚਲ ਸ਼ੁਰੂ ਕਰ ਦਿੰਦਾ।

ਅਫਗਾਨਿਸਤਾਨ ਸਦਾ ਅੰਗ੍ਰੇਜ਼ਾਂ ਤੋਂ ਨਫ਼ਰਤ ਕਰਦਾ ਰਿਹਾ ਅਤੇ ਓਥੋਂ ਦੇ ਪਠਾਨਾਂ ਨੇ ਕਦੇ ਵੀ ਅੰਗ੍ਰੇਜ਼ਾਂ ਨੂੰ ਆਪਣਾ ਮਿੱਤਰ ਨਹੀਂ ਸਮਝਿਆ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪੰਜਾਬ ਵਿਚ ਅੰਗ੍ਰਜ਼ਾਂ ਵਿਰੁਧ ਪ੍ਰਚਾਰ ਕਰ ਰਹੇ ਸਨ, ਕਾਬੁਲ ਤੋਂ ਦੋ ਸ਼ਾਹੀ ਰਾਜਕੁਮਾਰਾਂ ਦੇ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਪਾਸ ਆਉਣ ਦਾ ਜਿਕਰ ਮਿਲਦਾ ਹੈ। ਰੂਸ ਕਾਬੁਲ ਦੇ ਇਸ ਦ੍ਰਿਸ਼ਟੀਕੋਣ ਨੂੰ ਸਤਿਗੁਰੂ ਰਾਮ ਸਿੰਘ ਜੀ ਚੰਗੀ ਤਰ੍ਹਾਂ ਜਾਣਦੇ ਅਤੇ ਸਮਝਦੇ ਸਨ। ਉਹਨਾਂ ਨੇ ਜਿੱਥੇ ਰੂਸ ਨਾਲ ਸੰਪਰਕ ਬਨਾਉਣ ਦੇ ਯਤਨ ਕੀਤੇ ਉਥੇ ਸੂਬਾ ਬਿਸ਼ਨ ਸਿੰਘ ਨੂੰ ਕਾਬੁਲ ਨਾਲ ਸੰਪਰਕ ਬਨਾਉਣ ਦਾ ਮਿਸ਼ਨ ਸੌਂਪਿਆ। ੧੮੮੦ ਈ. ਦੇ ਦੌਰਾਨ ਕਾਬੁਲ ਦੇ ਅਮੀਰ ਦਾ ਸਲਾਹਕਾਰ ਹਰੀ ਸਿੰਘ ਸੀ ਜਿਸ ਨੂੰ ਅੰਗ੍ਰੇਜ਼ਾਂ ਨੇ 'ਕੂਕਾ' ਹੀ ਲਿਖਿਆ ਹੋਇਆ ਹੈ ਆਪਣੇ ਗੁਪਤ ਕਾਗਜ਼ਾਂ ਵਿਚ।

ਸਾਲ ੧੮੭੭ ਈ. ਵਿਚ ਲਾਰਡ ਲਿੱਟਨ ਭਾਰਤ ਦਾ ਗਵਰਨਰ ਜਨਰਲ ਸੀ। ਉਸਨੇ ਰਾਵਲਪਿੰਡੀ ਫੌਜਾਂ ਇਕੱਠੀਆਂ ਕੀਤੀਆਂ ਅਤੇ ਸੜਕਾਂ ਦੀ ਮੁਰੰਮਤ ਕਰ ਠੀਕ ਠਾਕ ਕਰਵਾਇਆ। ਇਹ ਸਭ ਕੰਮ ਅਫਗਾਨਿਸਤਾਨ ਵਿਰੁਧ ਕਾਰਵਾਈ ਕਰਨ ਦੇ ਸੰਕੇਤ ਸਨ। ਇਹ ਦੇਖ ਕੇ ਕਾਬੁਲ ਦਾ ਅਮੀਰ ਡਰ ਗਿਆ ਪਰ ਰੂਸੀ ਤੁਰਕਿਸਤਾਨ ਦੇ ਗਵਰਨਰ ਜਨਰਲ ਨੇ ਜੁਲਾਈ ੧੮੭੮ ਵਿਚ ਆਪਣਾ ਦੂਤ ਕਾਬੁਲ ਭੇਜ ਕੇ ਅੰਗ੍ਰੇਜ਼ਾਂ ਨਾਲ ਲੜਾਈ ਹੋ ਪੈਣ ਦੀ ਸੂਰਤ ਵਿਚ ਉਸ ਨੂੰ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿਵਾਇਆ ਸੀ। ਲੇਕਿਨ ੧੮੭੮ ਈ. ਦੀ 'ਬਰਲਿਨ ਸੰਧੀ' ਕਰਕੇ ਟਕਰਾਓ ਟਲ ਗਿਆ। ਪਰ ਫੇਰ ਵੀ ਜੋ ਕੋਸ਼ਿਸ਼ਾਂ ਅੰਗ੍ਰੇਜ਼ਾਂ ਨੇ ਕਾਬੁਲ ਵਿਚ ਕੀਤੀਆਂ ਉਹਨਾਂ ਦਾ ਨਤੀਜਾ ਇਹ ਨਿਕਲਿਆ ਕਿ ਪਠਾਨਾਂ ਨੇ ਉਧਰ ਰਹਿੰਦੀ ਸਾਰੀ ਅੰਗ੍ਰੇਜ਼ੀ ਰੈਜੀਡੈਂਟ ਨੂੰ ਕਤਲ ਕਰ ਦਿੱਤਾ ਅਤੇ ਸ਼ੇਰਮਾਲੀ ਨੂੰ ਕਾਬੁਲ ਦਾ ਅਮੀਰ ਬਣਾ ਦਿੱਤਾ।

ਸੂਬਾ ਬਿਸ਼ਨ ਸਿੰਘ ਕਾਬੁਲ ਵਾਲੇ ਅਤੇ ਬਾਬਾ ਗੁਰਚਰਨ ਸਿੰਘ ਦੇ ਯਤਨਾਂ ਨਾਲ ਰੰਗੂਨ ਬੈਠਿਆਂ ਹੋਇਆਂ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਸੰਪਰਕ ਰੂਸ ਅਤੇ ਕਾਬੁਲ ਨਾਲ ਜੁੜੇ ਹੋਏ ਸਨ। ਇਹੀ ਨਹੀਂ ਰੂਸ ਵਿਚ ਉਹਨੀ ਦਿਨੀਂ ਗਵਾਲੀਅਰ, ਦਿੱਲੀ, ਕਸ਼ਮੀਰ, ਕਾਬੁਲ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਨੁਮਾਇੰਦੇ ਇਕੱਠੇ ਹੋਏ ਹੋਏ ਸਨ। ਰੂਸ ਅਤੇ ਕਾਬੁਲ ਤੋਂ ਚਿੱਠੀ ਪੱਤਰ ਵਾਇਆ ਸ੍ਰੀ ਭੈਣੀ ਸਾਹਿਬ, ਰੰਗੂਨ ਤੱਕ ਪੁਜਦਾ। ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਵੱਲੋਂ ਬਾਬਾ ਗੁਰਚਰਨ ਸਿੰਘ ਨੇ ਅੰਗ੍ਰੇਜ਼ਾਂ ਅਤੇ ਰੂਸ ਵਿਚਕਾਰ ਲੜਾਈ ਹੋਣ ਦੀ ਸੂਰਤ ਵਿੱਚ ਲੱਖਾਂ ਨਾਮਧਾਰੀ ਸਿੱਖਾਂ ਦੀ ਮਦਦ ਦੇਣ ਦਾ ਭਰੋਸਾ ਵੀ ਦਿੱਤਾ ਹੋਇਆ ਸੀ। ਸ੍ਰ. ਹੀਰਾ ਸਿੰਘ ਲੰਬੂ ਸਢੌਰੇ ਵਾਲਾ, ਜੋ ੧੮੭੦-੭੧ ਵਿਚ ਕਸ਼ਮੀਰ ਵਿਚ ਕੂਕਾ ਪਲਟਨਾਂ ਦਾ ਸਰਦਾਰ ਸੀ, ਸਾਲ ੧੮੭੯-੮੦ ਵਿਚ ਫੇਰ ਇਕ ਵਾਰ ਕਸ਼ਮੀਰ ਜਾ ਭਰਤੀ ਹੋਇਆ ਸੀ ਅਤੇ ਉਥੋਂ ਦੀ ਸਰਕਾਰ ਦੇ ਮੌਖਿਕ ਸੁਨੇਹੇ ਲੈ ਕੇ ਅਗਸਤ ੧੮੮੦ ਨੂੰ ਰੰਗੂਨ ਗਿਆ ਸੀ।

ਅੰਗ੍ਰੇਜ਼ਾਂ ਦੀ ਖੁਫੀਆਗਿਰੀ ਵੀ ਤਕੜੀ ਸੀ। ਅਨੇਕਾਂ ਹੁਕਮਨਾਮੇ ਮਾਈ ਅਤਰੀ ਅਤੇ ਬਾਬਾ ਨਾਰਾਇਣ ਸਿੰਘ ਰੋੜਿਆਂ ਵਾਲੇ ਪਾਸੋਂ ਫੜੇ ਗਏ। ਕਈ ਹੁਕਮਨਾਮਿਆਂ ਦੀ ਅਤਰ ਸਿੰਘ ਭਦੌੜੀਏ ਦੇ ਸੂਹੀਆਂ, ਜੋ ਨਾਮਧਾਰੀ ਭੇਸ ਵਿਚ ਡੇਰੇ ਰਹਿੰਦੇ ਸਨ, ਨਕਲਾਂ ਕਰਕੇ ਸਰਕਾਰ ਤੀਕ ਪੁਚਾਈਆਂ। ਡੇਰੇ ਵਿਚ ਰਹਿੰਦਾ ਈਸ਼ਰ ਸਿੰਘ ਰਾਮਦਾਸੀਏ ਨੇ ਕਈ ਹੁਕਮਨਾਮਿਆਂ ਦੀਆਂ ਨਕਲਾਂ ਭਦੌੜੀਏ ਸਰਦਾਰ ਅਤਰ ਸਿੰਘ ਬਾਰਬਰਟਨ ਪਾਸ ਪੁਚਾਈਆਂ। ਭਦੌੜੀਆ ਸਰਦਾਰ, ਸਰ ਅਤਰ ਸਿੰਘ ਅੰਗ੍ਰੇਜ਼ਾਂ ਦਾ ਪਿੱਠੂ ਸੀ ਜਿਸਨੇ ਸ਼ਾਬਾਸ਼ੀ ਲੈਣ ਲਈ ਰੱਜ ਕੇ ਕੂਕਿਆਂ ਬਾਰੇ ਖਬਰਾਂ ਉਹਨਾਂ ਪਾਸ ਪਹੁੰਚਾਈਆਂ। ਇਸ ਨੇ ਆਪਣਾ ਹੈਡ ਕੁਆਟਰ ਲੁਧਿਆਣਾ ਵਿਖੇ 'ਭਦੌੜ ਹਾਊਸ' ਵਿਚ ਬਣਾਇਆ ਹੋਇਆ ਸੀ। ਅਤੇ ਇਸਦੀਆਂ ਇਹਨਾਂ ਸੇਵਾਵਾਂ ਕਰਕੇ ਹੀ ਅੰਗ੍ਰੇਜ਼ਾਂ ਨੇ ਅਤਰ ਸਿੰਘ ਨੂੰ 'ਸਰ' ਦਾ ਅਤੇ 'ਮਲਾਜ਼-ਉੱਲ-ਉਲਾਮਾ-ਓ-ਉੱਲ-ਫ਼ਾਜ਼ਲ' (Malaz-ul-Ulama-o-ul-fazala) ਦੇ ਖਿਤਾਬ ਦਿੱਤੇ ਸਨ। ਇੱਕ ਪਾਸੇ ਕੂਕਿਆਂ ਬਾਰੇ ਕਹਿ ਦਿੱਤਾ ਗਿਆ ਸੀ ਕਿ ਇਹ ਨਾ-ਮੁਮਕਿਨ ਹੈ ਕਿ ਕੂਕਾ ਅੰਗ੍ਰੇਜ਼ਾਂ ਦਾ ਵਫਾਦਾਰ ਹੈ, ਅਤੇ ਦੂਸਰੇ ਪਾਸੇ ਇਸਤਰ੍ਹਾਂ ਦੇ ਝੋਲੀ ਚੁੱਕ ਨੂੰ

"Most loyal subject of Her Majesty" (ਮਹਾਂਰਾਣੀ ਦਾ ਅਤਿ ਵਫਾਦਰੀ) ਕਿਹਾ ਗਿਆ। ੨੯ ਮਾਰਚ ੧੮੭੭ ਨੂੰ ਡਿਪਟੀ ਕਮਿਸ਼ਨਰ ਲੁਧਿਆਣਾ ਵੱਲੋਂ ਅੰਗ੍ਰੇਜ਼ਾਂ ਦੇ ਇਸ ਵਫਾਦਾਰ ਦੀ ਜੋ ਪ੍ਰਸੰਸਾ ਇਕ ਖਤ ਵਿਚ ਲਿਖੀ ਗਈ ਸੀ ਉਸਦੇ ਕੁਝ ਸ਼ਬਦ ਇਹ ਸਨ:-"Sardar Atar Singh, of Bhadaur, who, though a Patiala Zaildar, has taken up his residence at Ludhiana, is wonderfully well-informed upon all matters connected with the Kukas and their political aspirations. He is one of the cleverest native gentlemen in this part of the country, a most sincere well-wisher of our Government and I believe, thoroughly to be trusted."

(ਭਦੌੜ ਦੇ ਸਰਦਾਰ ਅਤਰ ਸਿੰਘ, ਜੋ ਕਿ ਪਟਿਆਲਾ ਦੇ ਜ਼ੈਲਦਾਰ ਹਨ, ਅਤੇ ਜਿਨ੍ਹਾਂ ਨੇ ਲੁਧਿਆਣਾ ਵਿਖੇ ਨਿਵਾਸ ਰੱਖਿਆ ਹੋਇਆ ਹੈ, ਨੇ ਬੜੀ ਚੰਗੀ ਤਰ੍ਹਾਂ ਕੂਕਿਆਂ ਦੇ ਰਾਜਨੀਤਕ ਇਛਾਵਾਂ ਨਾਲ ਸਬੰਧਤ ਸਾਰੇ ਮਸਲਿਆਂ ਤੋਂ ਜਾਣੂ ਕਰਵਾਈ ਰੱਖਿਆ ਹੈ। ਇਹ, ਦੇਸ਼ ਦੇ ਇਸ ਹਿੱਸੇ ਵਿੱਚ ਰਹਿੰਦੇ ਕੁਝ ਚੁਨਿੰਦੇ ਸਿਆਣੇ ਵਿਅਕਤੀਆਂ ਵਿਚੋਂ ਇਕ, ਬਹੁਤ ਹੀ ਵਿਸ਼ਵਾਸ ਪਾਤਰ ਅਤੇ ਸਾਡੀ ਸਰਕਾਰ ਦਾ ਹਿਤੂ ਹੈ ਅਤੇ ਮੈਨੂੰ ਯਕੀਨ ਹੈ ਕਿ ਇਸ ਤੇ ਪੂਰੀ ਤਰ੍ਹਾਂ ਭਰੋਸਾ ਕੀਤਾ ਜਾ ਸਕਦਾ ਹੈ।)।

ਇਸ ਕਰਕੇ ਅੰਗ੍ਰੇਜ਼ਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਉੱਦਮਾਂ ਦੀ ਖਬਰ ਲੱਗ ਜਾਂਦੀ। ਉਹ ਉਸ ਸਮੇਂ ਵਿਕਟ ਹਾਲਾਤ ਵਿਚ ਸਨ। ਬਾਹਰੋਂ ਰੂਸ ਦਾ ਖਤਰਾ ਸੀ, ਦੇਸ਼ ਵਿਚ ਕੂਕੇ ਅੰਗ੍ਰੇਜ਼ਾਂ ਵਿਰੁਧ ਉਠ ਖੜੇ ਹੋਣ ਲਈ ਤਿਆਰ ਸਨ। ਕੂਕਿਆਂ ਦੀ ਤਿਆਰੀ ਇਸ ਤਰ੍ਹਾਂ ਦੀ ਸੀ ਜਿਵੇਂ ਡੂੰਘਾ ਪਾਣੀ ਬਹੁਤਾ ਤੇਜ ਵਗਦਾ ਨਹੀਂ ਦਿਸਦਾ। ਜਿਨ੍ਹਾਂ ਨਾਮਧਾਰੀ ਸਿੰਘਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪੰਜਾਬ ਹੁੰਦਿਆਂ ਸੰਘਰਸ਼ ਦੀ ਤਿਆਰੀ ਕਰਨ ਲਈ ਆਪਣੀਆਂ ਜ਼ਮੀਨਾਂ-ਜਾਇਦਾਦਾਂ ਵੇਚ ਦਿੱਤੀਆਂ ਹੋਈਆਂ ਸਨ, ਉਹ ਸਤਿਗੁਰੂ ਜੀ ਦੇ ਰੰਗੂਨ ਨਜ਼ਰਬੰਦੀ ਦੌਰਾਨ ਸਮੇਂ ਵੀ ਥਾਂ ਥਾਂ ਤੇ ਫਿਰ ਕੇ ਅੰਗ੍ਰੇਜ਼ਾਂ ਵਿਰੁਧ ਪ੍ਰਚਾਰ ਕਰਿਆ ਕਰਦੇ ਸਨ।

ਅੰਗ੍ਰੇਜ਼ ਕਿਉਂ ਨਾ ਸਤਿਗੁਰੂ ਰਾਮ ਸਿੰਘ ਜੀ ਤੋਂ ਭੈ ਭੀਤ ਹੁੰਦੇ ਅਤੇ ਸਤਿਗੁਰੂ ਜੀ ਨੂੰ "most dangerous man" ਲਿਖਦੇ। ਉਹਨਾਂ ਨੇ ਤਾਂ ਸਮਝ ਲਿਆ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਤੋਂ ਬਾਹਰ ਭੇਜ ਦੇਣ ਨਾਲ ਹੀ ਗੱਲ ਬਣ ਜਾਵੇਗੀ, ਪਰ ਏਥੇ ਤਾਂ ਹਾਲਾਤ ਹੋਰ ਵੀ ਸੰਗੀਨ ਹੋ ਗਏ ਸਨ। ਇਸ ਲਈ ਅੰਗ੍ਰੇਜ਼ ਕੋਈ ਸੰਪਰਕ ਸੂਤਰ ਨਹੀਂ ਸਨ ਬਣਨ ਦੇਣਾ ਚਾਹੁੰਦੇ ਅਤੇ ਸਤਿਗੁਰੂ ਜੀ ਤੇ ਨਿਗਰਾਨੀ ਸਖਤੀ ਨਾਲ ਕੀਤੀ ਜਾਂਦੀ ਪਰ ਫੇਰ ਵੀ ਚੀਨੀ ਵਾਲੇ ਪਾਤਸ਼ਾਹ ਆਪਣਾ ਕੰਮ ਕਰੀ ਹੀ ਜਾਂਦੇ।

ਇਹ ਸਾਰੀਆਂ ਗੱਲਾਂ ਨੂੰ ਜਾਣਦੇ ਹੋਏ ਅੰਗ੍ਰੇਜ਼ ਕਿਉਂ ਨਾ ਸਤਿਗੁਰੂ ਰਾਮ ਸਿੰਘ ਜੀ ਤੋਂ ਭੈ ਭੀਤ ਹੁੰਦੇ ਅਤੇ ਸਤਿਗੁਰੂ ਜੀ ਨੂੰ "most dangerous man" ਲਿਖਦੇ। ਉਹਨਾਂ ਨੇ ਤਾਂ ਸਮਝ ਲਿਆ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਤੋਂ ਬਾਹਰ ਭੇਜ ਦੇਣ ਨਾਲ ਹੀ ਗੱਲ ਬਣ ਜਾਵੇਗੀ, ਪਰ ਏਥੇ ਤਾਂ ਹਾਲਾਤ ਹੋਰ ਵੀ ਸੰਗੀਨ ਹੋ ਗਏ ਸਨ। ਇਸ ਲਈ ਅੰਗ੍ਰੇਜ਼ ਕੋਈ ਸੰਪਰਕ ਸੂਤਰ ਨਹੀਂ ਸਨ ਬਣਨ ਦੇਣਾ ਚਾਹੁੰਦੇ ਅਤੇ ਸਤਿਗੁਰੂ ਜੀ ਤੇ ਨਿਗਰਾਨੀ ਸਖਤੀ ਨਾਲ ਕੀਤੀ ਜਾਂਦੀ ਪਰ ਫੇਰ ਵੀ ਚੀਨੀ ਵਾਲੇ ਪਾਤਸ਼ਾਹ ਆਪਣਾ ਕੰਮ ਕਰੀ ਹੀ ਜਾਂਦੇ।

ਗੱਲ ਕਾਬੁਲ-ਰੂਸ ਤੱਕ ਹੀ ਸੀਮਤ ਰਹਿੰਦੀ ਤਾਂ ਵੀ ਸੀ, ਪਰ ਸਤਿਗੁਰੂ ਰਾਮ ਸਿੰਘ ਜੀ ਨੇ ਤਾਂ ਬਰਮਾ ਦੇ ਰਾਜੇ ਨਾਲ ਵੀ ਸੰਪਰਕ ਬਣਾ ਲਿਆ ਹੋਇਆ ਸੀ। ਇਸ ਗੱਲ ਦੇ ਕੁਝ ਪ੍ਰਮਾਣ ਸੂਬਾ ਗੁਰਚਰਨ ਸਿੰਘ ਦੇ ਬਾਰੇ ਸਰਕਾਰੀ ਰਿਕਾਰਡਾਂ ਚੋਂ ਮਿਲਦੇ ਹਨ। ਉਸਨੇ ਰੂਸ ਨਾਲ ਜ਼ਿਕਰ ਕੀਤਾ ਕਿ ਬਰਮਾ ਦਾ ਰਾਜਾ ਵੀ ਸਤਿਗੁਰਾਂ ਦਾ ਮਿਤਰ ਬਣ ਗਿਆ ਹੋਇਆ ਸੀ। ਦੋ ਵਨਗੀਆਂ ਪੜੋ:-

"......Its residents are descended from Burma Raja, and they have all submitted to the Baba Sahib, who has prayed for their victory."

ii. "......The people of Burmah had become murids (disciples) of Ram Singh and were in rebellion, and that in consequence the British had been obliged to withdraw their troops for Kabul."

ਗੁਰਚਰਨ ਸਿੰਘ ਨੇ ਰੂਸ ਨੂੰ ਚਿੱਠੀਆਂ ਲਿਖ ਕੇ ਦੱਸਿਆ ਸੀ ਕਿ " We are all ready and have also made preparations for war, we hope you will come quickly." ਇਹ ਸਾਰੀਆਂ ਗੱਲਾਂ ਦੀ ਜਾਣਕਾਰੀ ਜਦੋਂ ਸਰਕਾਰ ਅੰਗ੍ਰੇਜ਼ੀ ਤਕ ਪਹੁੰਚੀ ਤਾਂ ਫੇਰ ਉਹ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਕਿਉਂ ਰਹਿਣ ਦਿੰਦੀ। ਇਹਨਾਂ ਦਿਨਾਂ ਵਿਚ ਬਰਮਾ (ਅਪਰ) ਦਾ ਇਕ ਨੌਜਵਾਨ ਰਾਜਾ ਗੱਦੀ ਤੇ ਬੈਠਾ ਸੀ ਜਿਸਦਾ ਨਾਂ ਸੀ 'ਖਿਬੂ'। ਇਹ ਰਾਜਾ ਅੰਗ੍ਰੇਜ਼ਾਂ ਤੋਂ ਸਖ਼ਤ ਨਫ਼ਰਤ ਕਰਦਾ ਸੀ। ਉਸ ਨੇ ਵੀ ਇਟਲੀ ਅਤੇ ਫਰਾਂਸ ਨਾਲ, ਅੰਗ੍ਰੇਜ਼ਾਂ ਨੂੰ ਬਰਮਾ ਤੋਂ ਬਾਹਰ ਕੱਢ ਦੇਣ ਲਈ, ਤਾਲ ਮੇਲ ਬਣਾਇਆ ਅਤੇ ਉਮੀਦ ਇਹੋ ਹੀ ਹੈ ਕਿ ਗੁਪਤ ਰੂਪ ਵਿਚ ਉਸਦਾ ਸੰਪਰਕ ਰੂਸ ਨਾਲ ਬਾਬਾ ਗੁਰਚਰਨ ਸਿੰਘ ਦੇ ਜਰੀਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਣਵਾਇਆ ਸੀ।

ਇੱਕ ਹੋਰ ਵੀ ਕਾਰਨ ਸੀ ਸਤਿਗੁਰੂ ਜੀ ਨੂੰ ਰੰਗੂਨ ਤੋਂ ਬਦਲਣ ਦਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰੰਗੂਨ ਜਿਸ

ਬੰਗਲੇ ਵਿੱਚ ਰਹਿੰਦੇ ਸਨ, ਪਹਿਲਾਂ ਉਸ ਵਿੱਚ ਦਿੱਲੀ ਦਾ ਆਖਰੀ ਮੁਗਲ ਬਾਦਸ਼ਾਹ, ਬਹਾਦੁਰ ਸ਼ਾਹ ਆਪਣੇ ਦੋ ਪੁੱਤਰਾਂ ਅਤੇ ਬੇਗਮ ਜ਼ੀਨਤ ਮਹਿਲ ਨਾਲ ਰਹਿੰਦਾ ਸੀ। ਨਵੰਬਰ ੧੮੬੨ ਵਿੱਚ ਬਹਾਦੁਰ ਸ਼ਾਹ ਚੜ੍ਹਾਈ ਕਰ ਗਿਆ ਅਤੇ ਉਸ ਨੂੰ ਉਸੇ ਬੰਗਲੇ ਦੀ ਉੱਤਰ ਦਿਸ਼ਾ ਵਿਚ ਲਗਦੀ ਚਾਰ ਦੀਵਾਰੀ ਅੰਦਰ ਹੀ ਦਫਨਾ ਦਿੱਤਾ ਗਿਆ। ੧੮੬੬ ਈ. ਵਿਚ ਬੇਗਮ ਜੀਨਤ ਮਹਿਲ ਵੀ ਉਹ ਬੰਗਲਾ ਛੱਡ ਗਈ ਅਤੇ ਆਪਣੇ ਪਤੀ ਦੀ ਮਜ਼ਾਰ ਦੇ ਨੇੜੇ ਹੀ ਇਕ ਮਕਾਨ ਕਿਰਾਏ ਤੇ ਲੈ ਕੇ ਰਹਿਣ ਲੱਗ ਪਈ। ਬੇਗਮ ਜ਼ੀਨਤ ਮਹਿਲ ਹਰ ਹਫਤੇ ਮਜ਼ਾਰ ਤੇ ਦੀਵਾ ਜਗਾਉਣ ਜਾਇਆ ਕਰਦੀ ਸੀ। ਉਸ ਥਾਂ ਦੀ ਸਾਫ ਸਫਾਈ ਇਕ ਫ਼ਕੀਰ ਕਰਿਆ ਕਰਦਾ ਸੀ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉਸ ਬੰਗਲੇ ਵਿਚ 'ਸ਼ਾਹੀ ਕੈਦੀ' ਦੀ ਹੈਸੀਅਤ ਵਿਚ ਗਏ ਸਨ ਤਾਂ ਮੁਮਕਿਨ ਹੈ ਬੇਗਮ ਜ਼ੀਨਤ ਮਹਿਲ, ਜੋ ਨੇੜੇ ਹੀ ਰਹਿੰਦੀ ਹੁੰਦੀ ਸੀ, ਨੂੰ ਜਗਿਆਸਾ ਹੋਈ ਹੋਵੇਗੀ ਕਿ ਹੁਣ ਪੰਜਾਬ ਤੋਂ ਕੇਹੜਾ ਰਾਜਸੀ ਕੈਦੀ ਆਇਆ ਹੈ।

ਮਜ਼ਾਰ ਤੇ ਰਹਿਣ ਵਾਲਾ ਇਕ ਬੈਰਾਗੀ ਫ਼ਕੀਰ ਸਤਿਗੁਰੂ ਰਾਮ ਸਿੰਘ ਜੀ ਦਾ ਬਹੁਤ ਸਤਿਕਾਰ ਕਰਦਾ ਸੀ ਅਤੇ ਉਹ ਫਕੀਰ ਨਾਮਧਾਰੀ ਸਿੰਘਾਂ ਤੋਂ ਅਰਦਾਸਾਂ ਲੈ ਕੇ ਸਤਿਗੁਰੂ ਜੀ ਦੇ ਹੁਕਮਨਾਮੇ ਉਹਨਾਂ ਤੱਕ ਪਹੁੰਚਾਉਣ ਵਿੱਚ ਮਦਦ ਕਰਿਆ ਕਰਦਾ ਸੀ। ਇਸ ਗੱਲ ਦੇ ਸਰਕਾਰੀ ਰਿਕਾਰਡਾਂ ਵਿਚ ਪ੍ਰਮਾਣ ਮਿਲਦੇ ਹਨ। ਸ਼ਾਇਦ ਇਹ ਕਾਰਨ ਵੀ ਹੋ ਸਕਦਾ ਹੋਵੇਗਾ ਕਿ ਰੂਸ ਵਿਚ ਵੀ ਦਿੱਲੀ ਦੇ ਸ਼ਾਹੀ ਪਰਵਾਰ ਦਾ ਦੂਤ ਬਾਬਾ ਗੁਰਚਰਨ ਸਿੰਘ ਨਾਲ ਮਿਲਦਾ ਰਹਿੰਦਾ ਸੀ।

ਪ੍ਰਤੱਖ ਕਾਰਨ ਅੰਗ੍ਰੇਜ਼ਾਂ ਨੂੰ ਮਿਲ ਗਿਆ ਧੰਨ ਸਿੰਘ ਗੁਮਟੀਆਂ ਵਾਲੇ ਦਾ ਸਤਿਗੁਰੂ ਜੀ ਦੇ ਬੰਗਲੇ ਨੇੜਿਓਂ ਹੁਕਮਨਾਮੇ ਸਮੇਤ ਫੜਿਆ ਜਾਣਾ। ਧੰਨ ਸਿੰਘ ਗੁਮਟੀਆਂ ਜੁਲਾਈ ੧੮੮੦ ਦੇ ਅਖ਼ੀਰ ਵਿੱਚ ਫੜਿਆ ਗਿਆ ਸੀ ਅਤੇ ਸਤੰਬਰ ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਮਰਗੋਈ ਟਾਪੂ ਵਿਚ ਭੇਜ ਦਿੱਤਾ ਜਿਥੇ ਉਸ ਸਮੇਂ ੧੫ ਦਿਨਾਂ ਵਿਚ ਕੇਵਲ ਇੱਕ ਵਾਰ ਹੀ ਸਟੀਮਰ ਜਾਂਦਾ ਹੁੰਦਾ ਸੀ।

ਇਕ ਹੋਰ ਗੱਲ ਵੀ ਹੈ, ੨੯ ਨਵੰਬਰ ੧੮੮੫ ਈ. ਨੂੰ ਬ੍ਰਿਟਿਸ਼ ਬਰਮਾ ਸਰਕਾਰ ਸਤਿਗੁਰੂ ਰਾਮ ਸਿੰਘ ਜੀ ਦੇ ਮਰਗੋਈ ਵਿਖੇ 'ਡਾਇਰੀਆ ਡਾਈਸੈਂਟਰੀ' ਨਾਲ ਚੜ੍ਹਾਈ ਕਰ ਜਾਣ ਦਾ ਝੂਠਾ ਐਲਾਨ ਕਰਦੀ ਹੈ ਅਤੇ ੨੯ ਨਵੰਬਰ ੧੮੮੫ ਈ: ਨੂੰ ਹੀ ਬਰਮਾ ਦੇ ਰਾਜਾ ਖੀਬੂ ਨੂੰ ਰਾਤੋ-ਰਾਤ ਗੱਦੀ ਤੋਂ ਲਾਹ ਕੇ ਮਦਰਾਸ ਭੇਜ ਦਿੱਤਾ ਜਾਂਦਾ ਹੈ। ਕੀ ਇਹਨਾਂ ਦੋਨ੍ਹਾਂ ਘਟਨਾਵਾਂ ਵਿੱਚ ਕੋਈ ਸਬੰਧ ਸੀ? ਦੋ ਤੱਥ ਹਨ ਜੋ ਇਸ ਤਥ ਦੀ ਪੁਸ਼ਟੀ ਕਰਦੇ ਹਨ, ਪਹਿਲਾ- ਸਤਿਗੁਰੂ ਰਾਮ ਸਿੰਘ ਜੀ ਬਾਰੇ ਝੂਠ ਦਸਿਆ ਗਿਆ ਸੀ ਕਿ ਉਹ 'ਡਾਇਰੀਆ-ਡਾਇਸੈਂਟਰੀ' ਦੇ ਕਾਰਨ ਗੁਜਰ ਗਏ ਸਨ, ਕਿਉਂਕਿ ਉਸ ਤਿਮਾਹੀ ਸਮੇਂ ਦੀ ਜੇਲ੍ਹ ਰਿਪੋਰਟ ਇਹ ਸੀ ਕਿ ਮਰਗੋਈ ਜੇਲ ਵਿੱਚ 'ਡਾਇਰੀਆ-ਡਾਇਸੈਂਟਰੀ' ਨਾਲ ਮੌਤ ਹੀ ਕੋਈ ਨਹੀਂ ਹੋਈ। ਦੂਸਰਾ -ਬ੍ਰਿਟਿਸ਼ ਬਰ੍ਹਮਾਂ ਦੇ ਚੀਫ ਕਮਿਸ਼ਨਰ ਨੇ ਆਪਣੇ ਭਾਰਤੀ ਮਿੱਤਰ ਸਰ ਅਤਰ ਸਿੰਘ ਭਦੌੜ ਨੂੰ ਇਕ ਪੱਤਰ ਵਿੱਚ ੨੩ ਅਗਸਤ ੧੮੮੬ ਨੂੰ ਲਿਖਿਆ ਸੀ ਕਿ "Ram Singh Kuka is being transferred to a more remote spot where communication with him will be less easy". (ਰਾਮ ਸਿੰਘ ਕੂਕੇ ਨੂੰ ਐਸੀ ਦੁਰੇਡੀ ਥਾਂ ਤੇ ਬਦਲ ਕੇ ਭੇਜਿਆ ਜਾ ਰਿਹਾ ਹੈ ਜਿਥੇ ਉਸ ਨਾਲ ਸੰਪਰਕ ਕਰਨਾ ਮੁਸ਼ਕਿਲ ਹੋਵੇਗਾ।)

ਸਵਾਲ ਉਠਦਾ ਹੈ ਕਿ ਅਗਰ ਸਤਿਗੁਰੁ ਰਾਮ ਸਿੰਘ ਜੀ ੨੯ ਨਵੰਬਰ ੧੮੮੫ ਨੂੰ ਸੰਸਾਰ ਵਿਚ ਹੀ ਨਹੀਂ ਰਹੇ ਸਨ ਤਾਂ ਲਗਭਗ ਨੌ ਮਹੀਨੇ ਬਾਅਦ ਉਹਨਾਂ ਨੂੰ ਕਿਸਤਰ੍ਹਾਂ ਬਦਲ ਕੇ ਦੁਰੇਡੀ ਥਾਂ ਤੇ ਭੇਜਿਆ ਜਾ ਸਕਦਾ ਸੀ? ਪ੍ਰਤੱਖ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਮਰਗੋਈ ਵਿਖੇ ਚੜ੍ਹਾਈ ਕਰ ਜ਼ਾਣ ਦੀ ਸਰਕਾਰ ਨੇ ਝੂਠੀ ਖਬਰ ਨਸ਼ਰ ਕੀਤੀ ਸੀ, ਕਿਉਂ?

ਇਹ ਸਾਰੀਆਂ ਗੱਲਾਂ ਅੰਗ੍ਰੇਜ਼ਾਂ ਦੇ ਡਰ ਨੂੰ ਦਰਸਾਉਂਦੀਆਂ ਹਨ। ਅੰਗ੍ਰੇਜ਼ਾਂ ਨੂੰ ਪਤਾ ਲੱਗ ਗਿਆ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰੰਗੂਨ ਵਿਚ ਨਜ਼ਰਬੰਦੀ ਦੌਰਾਨ ਵੀ ਉਹਨਾਂ ਦੇ ਭਾਰਤੀ ਸਾਮਰਾਜ ਵਿਰੁਧ ਗੰਭੀਰ ਯਤਨ ਕਰ ਰਹੇ ਹਨ ਅਤੇ ਸਤਿਗੁਰੂ ਜੀ ਨੇ ਕਾਬੁਲ, ਰੂਸ ਅਤੇ ਬਰਮਾ ਦੇ ਰਾਜੇ ਨਾਲ ਸੰਪਰਕ ਬਣਾ ਲਿਆ ਹੋਇਆ ਹੈ। ਰੂਸ ਵੀ ਯੂਰੋਪ ਵਿਚ ਅੰਗ੍ਰੇਜ਼ਾਂ ਨਾਲ ਹੋਈ ੧੮੭੮ ਦੀ ਬਰਲਿਨ ਕਾਂਗ੍ਰਸ ਵਿਚ ਹੋਈ ਨਮੋਸ਼ੀ ਦਾ ਬਦਲਾ ਲੈਣ ਲਈ ਭਾਰਤ ਦੀ ਉੱਤਰ ਪੱਛਮੀ ਸਰਹੱਦ ਤੇ ਹਲਚਲਾਂ ਤੇਜ਼ ਕਰ ਰਿਹਾ ਸੀ। ਪੰਜਾਬ ਵਿਚ ਕੂਕੇ ਸਿੰਘ ਉਹਨਾਂ ਵਿਰੁਧ ਰੂਸ ਦਾ ਸਾਥ ਦੇਣ ਲਈ ਤਿਆਰ ਬੈਠੇ ਸਨ ਅਤੇ ਬਰਮਾ, ਜਿਥੇ ਸਤਿਗੁਰੂ ਜੀ ਨੂੰ ਨਜ਼ਰਬੰਦ ਕੀਤਾ ਸੀ, ਉਥੋਂ ਦੇ ਰਾਜੇ ਨੂੰ ਵੀ ਸਤਿਗੁਰੂ ਜੀ ਨੇ ਅੰਗ੍ਰੇਜ਼ਾਂ ਵਿਰੁਧ ਤਿਆਰ ਕਰ ਲਿਆ ਸੀ। ਇਸ ਲਈ ਪਹਿਲਾਂ ਤਾਂ ੧੮੮੦ ਈ. ਵਿਚ ਰੰਗੂਨ ਵਿਖੇ ਨਜ਼ਰਬੰਦੀ ਦੌਰਾਨ ਹੀ ਅੰਗ੍ਰੇਜ਼ਾਂ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਇਹ ਸ਼ਰਤ ਲਗਾ ਕੇ ਪੰਜਾਬ ਵਾਪਸ ਭੇਜ ਦੇਣ ਦੀ ਪੇਸ਼ਕਸ਼ ਕੀਤੀ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਅੰਗ੍ਰੇਜ਼ੀ ਸ਼ਾਸਨ ਵਿਰੁਧ ਪਰੇਸ਼ਾਨੀ ਵਾਲਾ ਕੋਈ ਕੰਮ ਨਹੀਂ ਕਰਨਗੇ, ਪਰ ਇਹ ਪੇਸ਼ਕਸ਼ ਸਤਿਗੁਰੂ ਜੀ ਨੇ ਪਰਵਾਨ ਨਹੀਂ ਕੀਤੀ। ਅਤੇ ਫੇਰ ਉਹਨਾਂ ਨੂੰ ਮਰਗੋਈ ਬਦਲ ਦਿੱਤਾ ਗਿਆ। ਅੰਗ੍ਰੇਜ਼ਾਂ ਨੇ ਦੇਖਿਆ ਕਿ ਜਦੋਂ ਮਰਗੋਈ ਤੋਂ ਵੀ ਸਤਿਗੁਰੂ ਰਾਮ ਸਿੰਘ ਜੀ ਬਰਮਾ ਰਾਜਾ ਖਿਬੂ ਨਾਲ ਜੋ ਸੰਪਰਕ ਬਣਾਈ ਰਖਿਆ ਹੈ, ਉਹ ਤਦੋਂ ਵੱਡੇ ਖ਼ਤਰੇ ਦੀ ਹੱਦ ਤੱਕ ਪਹੁੰਚ ਗਿਆ ਤਾਂ ਇਕ ਪਾਸੇ ਤਾਂ ਉਹਨਾਂ ਨੇ ੨੯ ਨਵੰਬਰ ੧੮੮੫ ਨੂੰ ਰਾਤੋ ਰਾਤ ਰਾਜਾ ਖਿਬੂ ਨੂੰ ਗੱਦੀ ਤੋਂ ਲਾਹ ਦਿੱਤਾ ਅਤੇ ਦੂਸਰੇ ਪਾਸੇ ਸਤਿਗੁਰੂ ਰਾਮ ਸਿੰਘ ਜੀ ਜੋ ਇਹ ਸਾਰੇ ਭੇਦ ਜਾਣਦੇ ਸਨ, ਨੂੰ ਗੁਪਤ ਰੂਪ ਵਿਚ ਕਿਸੇ ਹੋਰ ਦੁਰੇਡੀ ਥਾਂ ਤੇ ਬਦਲ ਕੇ ਉਹਨਾਂ ਦੇ ਗੁਜਰ ਜਾਣ ਦੀ ਖਬਰ ਦੇ ਦਿੱਤੀ।

ਇਹ ਸਨ ਕੁਝ ਕਾਰਨ ਜਿਨ੍ਹਾਂ ਕਰਕੇ ਅੰਗ੍ਰੇਜ਼ ਸਦਾ ਸਤਿਗੁਰੂ ਰਾਮ ਸਿੰਘ ਜੀ ਤੋਂ ਡਰਦੇ ਰਹਿੰਦੇ ਸਨ ਅਤੇ ਉਹਨਾਂ ਨੂੰ ਸਖ਼ਤ ਨਿਗਰਾਨੀ ਵਿੱਚ ਰੱਖਦੇ ਸਨ। ਸ੍ਰੀ ਸਤਿਗੁਰੂ ਜੀ ਦੇ ਬਚਨ ਠੀਕ ਹੀ ਸਨ ਕਿ "ਏਨਾ ਨੂੰ ਮੇਰਾ ਸਰੀਰ ਕਾਲ ਕੀ ਸਮਾਨ ਦਿੱਸਦਾ ਹੈ।"

■

ਸੁਰਜੀਤ ਸਿੰਘ ਜੀਤ

ਅੰਗਰੇਜ਼ ਸਰਕਾਰ ਦੀਆਂ ਚਾਲਾਂ ਅਤੇ ਪੰਜਾਬੀ ਰਾਜ–

ਨਾਮਧਾਰੀ ਅੰਦੋਲਨ ਦੇ ਸੰਦਰਭ ਵਿਚ



੧੮੫੮ ਈ: ਵਿਚ ਜਾਹਨ ਲਾਰੈਂਸ ਨੇ ਕਿਹਾ ਕਿ, 'ਅਸੀਂ (ਅੰਗਰੇਜ਼) ਲੋਕਾਂ (ਭਾਰਤੀ) ਵਲੋਂ ਚੁਣੇ ਜਾਣ ਕਰਕੇ ਅਤੇ ਉਨ੍ਹਾਂ ਵਲੋਂ ਨਾਮਜ਼ਦ ਹੋ ਕੇ ਤਾਕਤ ਵਿਚ ਨਹੀਂ ਆਏ ਸਗੋਂ ਅਸੀਂ ਆਪਣੀ ਇਖਲਾਕੀ ਉੱਚਤਾ, ਹਾਲਾਤ ਦੀ ਜ਼ਰੂਰਤ ਅਤੇ ਪ੍ਰਿਤਪਾਲਕ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਤਾਕਤ ਵਿਚ ਆਏ ਹਾਂ। ਸਿਰਫ ਇਹੋ ਸਾਡਾ ਭਾਰਤ ਉਪਰ ਰਾਜ ਕਰਨ ਦਾ ਅਧਿਕਾਰਤ ਦਸਤਾਵੇਜ਼ ਹੈ। ਆਪਣੀ ਵਲੋਂ ਲੋਕਾਂ ਦੀ (ਭਾਰਤੀਆਂ ਦੀ) ਭਲਾਈ ਲਈ ਅਸੀਂ ਯਤਨ ਕਰਦੇ ਹਾਂ, ਪ੍ਰੰਤੂ ਉਨ੍ਹਾਂ ਦੀ ਇੱਛਾ ਮੁਤਾਬਕ ਕੰਮ ਕਰਨ ਦੀ ਬੰਦਸ਼ ਸਾਡੇ ਉਪਰ ਲਾਗੂ ਨਹੀਂ ਹੋ ਸਕਦੀ ਸਗੋਂ ਅਸੀਂ ਆਪਣੀ ਜ਼ਮੀਰ ਦੀ ਆਵਾਜ਼ ਮੁਤਾਬਕ ਰਾਜ ਕਰਨ ਦੇ ਬਚਨ ਬੱਧ ਹਾਂ।' ਭਾਰਤ ਉਪਰ ਰਾਜ ਕਰਨ ਦਾ (ਵਿਧਾਨਕ) ਅਧਿਕਾਰਤ ਦਸਤਾਵੇਜ਼ ਅਤੇ ਇਸ ਵਿਚ ਪ੍ਰਚਾਰੀ ਗਈ ਨੈਤਿਕ ਉੱਚਤਾ ਇਕ (ਛਲਾਵਾ) ਮਹਿਜ਼ ਇਕ ਦਿਖਾਵਾ ਹੀ ਜਾਪਦੀ ਹੈ। ਹਾਲਤ ਦੀ ਜ਼ਰੂਰਤ (ਘਟਨਾਵਾਂ ਦੀ ਮਜ਼ਬੂਰੀ) ਇਕ ਬਹਾਨਾ ਸੀ ਜਿਸ ਨਾਲ ਲੋਕਾਂ ਦੀ ਜ਼ਮੀਰ ਨੂੰ ਕੁਚਲਣ ਲਈ ਪ੍ਰਿਤਪਾਲਕ ਦੀ ਕ੍ਰਿਪਾ ਦ੍ਰਿਸ਼ਟੀ ਦਾ ਨਾਮ ਦੇ ਕੇ ਅੰਤ ਦਰਜੇ ਦਾ ਖੁਲਮ-ਖੁਲ੍ਹਾ, ਤਸ਼ੱਦਦ ਅਤੇ ਹਰ ਪ੍ਰਕਾਰ ਦਾ ਭ੍ਰਿਸ਼ਟਾਚਾਰ ਵਰਤ ਕੇ ਭਾਰਤ ਨੂੰ ਗੁਲਾਮ ਰਖਣ ਦਾ ਕੋਝਾ ਯਤਨ ਕੀਤਾ ਗਿਆ। ਇਸ ਗੁਲਾਮੀ ਦੇ ਜ਼ੁਲਮ ਦਾ ਇਲਜ਼ਾਮ ਆਪਣੇ ਸਿਰ ਨਾਂ ਲੈ ਕੇ ਨੈਤਿਕ ਉੱਚਤਾ ਅਤੇ ਪ੍ਰਿਤਪਾਲਕ ਦੀ ਕ੍ਰਿਪਾ ਦ੍ਰਿਸ਼ਟੀ ਰਹਿਮਤ ਦਾ ਨਾਮ ਦਿੱਤਾ ਗਿਆ ਸੀ ਇਸ ਇਖਲਾਕੀ ਵਡੱਪਨ ਦਾ ਭਾਂਡਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਚਿੱਟੇ ਝੰਡੇ ਹੇਠ ਇਕੱਠੇ ਹੋ ਕੇ ਚੌਰਾਹੇ ਵਿਚ ਭੰਨ ਦਿੱਤਾ ਜਦੋਂ ਸਾਮਰਾਜ ਵਿਰੁਧ ਸੰਘਰਸ਼ ਦਾ ਐਲਾਨ ਕਰ ਦਿੱਤਾ ਸੀ ਜਿਸ ਦਾ ਇਸ ਲੇਖ ਵਿਚ ਜ਼ਿਕਰ ਕੀਤਾ ਗਿਆ ਹੈ।

'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ''

ਲਾਹੌਰ ਦਰਬਾਰ ਨੂੰ ਕਿਵੇਂ ਤਹਿਸ ਨਹਿਸ ਕੀਤਾ, ਪੰਜਾਬ ਪੰਜਾਬੀਆਂ ਦਾ ਰਾਜ ਭਾਗ ਕਿਵੇਂ ਹਥਿਆਇਆ ਇਹ ਕਿਸੇ ਪਾਸੋਂ ਵੀ ਗੁੱਝਾ ਨਹੀਂ, ਨੈਤਿਕਤਾ ਨੂੰ ਕਿਵੇਂ ਛਿੱਕੇ ਟੰਗਿਆ ਅਤੇ ਭਰਿਸ਼ਟਾਚਾਰ ਦਾ ਕਿਵੇਂ ਨੰਗਾ ਨਾਚ ਹੋਇਆ? ਠੀਕ ਹੈ ਕਿ ਦਿੱਲੀ ਦਾ ਤਖਤ ਮੁਗਲ ਸਲਤਨਤ ਦੀ ਅਧੋਗਤੀ ਕਾਰਨ ਰੱਬੀ ਰਹਿਮਤ ਹੋ ਸਕਦੀ ਹੈ ਪ੍ਰੰਤੂ ਪੰਜਾਬ ਉਪਰ ਕਬਜ਼ਾ ਤਾਂ ਅਨੈਤਿਕਤਾ ਅਤੇ ਕੂੜ ਨੀਤੀਆਂ ਦਾ ਹੀ ਨਤੀਜਾ ਸੀ। ਬੰਗਾਲ ਦੇ ਦੀਵਾਨੀ ਕਬਜ਼ੇ ਤੋਂ ਲੈ ਕੇ 'ਥਿੱਲਾ ਕੱਪਰਾ' ਆਦਮੀ ਬਣ ਸਭ ਕੁਝ ਹਥਿਆ ਲਿਆ, ਹਰ ਕੌਮ, ਫਿਰਕਾ ਆਪਣਾ ਐਸਾ ਗੁਲਾਮ ਬਣਾਇਆ ਕਿ ਉਹ ਅੰਗਰੇਜ਼ੀ ਸਲਤਨਤ ਦੀ ਖਾਤਰ ਲੜਨ ਲਈ ਤੱਤਪਰ ਰਹਿਣ ਲਗਾ ਅਤੇ 'ਅੰਗਰੇਜ਼ ਮਾਈ-ਬਾਪ' ਮੰਨ ਸਾਰਾ ਭਾਰਤ ਹੀ ਇਨ੍ਹਾਂ ਨੇ ਆਪਣੇ ਕਬਜ਼ੇ ਹੇਠ ਲੈ ਆਂਦਾ ਸੀ। ਪ੍ਰੰਤੂ ਵਾਹਿਦ ਪੰਜਾਬ

ਪ੍ਰਾਂਤ (ਸਿੱਖ) ਅਤੇ ਪੰਜਾਬੀ ਕੌਮ ਹੀ ਅਜਿਹੀ ਸੀ ਕਿ ਜੋ ਸਦੀਆਂ ਤੋਂ ਧਾੜਵੀਆਂ ਦੇ ਹਮਲਿਆਂ ਦੇ ਬਾਵਜੂਦ ਵੀ ਕਦੀ ਬਹੁਤਾ ਸਮਾਂ ਗੁਲਾਮ ਨਹੀਂ ਸੀ ਰਹਿ ਸਕੀ। ਕਿਉਂਕਿ ਇਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰਵੈਰ ਅਤੇ ਨਿਰਭਉ ਰਹਿਣ ਦਾ ਸਬਕ ਪੜ੍ਹਾਇਆ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਧਾਰ ਤੇ ਪਰਖ ਖਾਲਸਾ ਪੰਥ ਸਾਜਿਆ ਫਿਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਸਿਪਾਹੀ ਇਕੱਠਾ ਕਰ ਸੰਤ ਖਾਲਸਾ ਕਾਇਮ ਕਰਕੇ ਅੰਗਰੇਜ਼ਾਂ ਦੀ ਗੁਲਾਮੀ ਨੂੰ ਸਿਰਫ ਅੱਠ ਸਾਲ ਬਾਅਦ ਹੀ ਵੰਗਾਰਣ ਲਈ ਤਕੜਿਆਂ ਕਰ ਦਿੱਤਾ ਸੀ। ਇਸੇ ਲਈ ਅੰਗਰੇਜ਼ੀ ਸਰਕਾਰ ਦੀ ਹੈਰਾਨਗੀ ਦੀ ਹੱਦ ਨਾਂ ਰਹੀ ਕਿ ਬੰਗਾਲੀ, ਮਰਹੱਟੇ, ਰਾਜਪੂਤ ਅਤੇ ਯੂ.ਪੀ., ਸੀ. ਪੀ. ਦੇ ਸਭ ਲੋਕ ਅੰਗਰੇਜ਼ਾਂ ਦੇ ਰੰਗ ਦੀ ਚਮਕ ਦਮਕ ਦੇਖ, ਉਪਰੋਂ ਇੰਦਰ ਲੋਕ ਦੇ ਬੰਦੇ ਜਾਣ ਇਹਨਾਂ ਦੇ ਜ਼ਿਹਨੀ ਤੌਰ ਤੇ ਵੀ ਗੁਲਾਮ ਹੋ ਜੀ ਹਜ਼ੂਰੀਏ ਬਣ ਗਏ ਸਨ। ਅੰਗਰੇਜ਼ੀ ਰਾਜ ਨੂੰ ਪ੍ਰਿਤਪਾਲਕ ਦੀ ਕ੍ਰਿਪਾ ਦ੍ਰਿਸ਼ਟੀ ਅਤੇ ਰੱਬੀ ਰਹਿਮਤ ਮੰਨ ਕੇ 'ਜੁੱਗ ਜੁੱਗ ਰਾਜ ਸਵਾਇਆ' ਦਾ ਕੀਰਤਨ ਕਰਨ ਲਗ ਪਏ ਸਨ। ਪ੍ਰੰਤੂ ਪੰਜਾਬੀ ਕੌਮ ਖਾਸ ਤੌਰ ਤੇ ਸੰਤ ਖਾਲਸਾ ਦੇ ਸੰਤ ਸਿਪਾਹੀ ਸਿਰਾਂ ਤੇ ਕਫਨ ਬੰਨ੍ਹ ਅੰਗਰੇਜ਼ ਸਾਮਰਾਜ ਵਿਰੁਧ ਥੋੜੇ ਸਮੇਂ ਬਾਅਦ ਹੀ ਚਟਾਨ ਵਾਂਗ ਡੱਟ ਗਏ ਸਨ ਜਿਨਾਂ ਨੇ ਸ਼ਾਂਤ ਮਈ ਅਤੇ ਜੁਝਾਰੂ ਤਰੀਕਿਆਂ ਨਾਲ ਸਾਮਰਾਜ ਵਿਰੁਧ ਟੱਕਰ ਲਈ।

ਬ੍ਰਿਗੇਡੀਅਰ ਜਾਹਨ ਮੈਨੂੰ ਦੱਸ ਰਿਹਾ ਸੀ ਕਿ ੧੮੭੦-੧੮੭੨ ਦੀ ਕੂਕਾ ਲਹਿਰ ਜਿਹੜੀ ਕਿ ਗੁਰੂ ਰਾਮ ਸਿੰਘ ਜੀ ਨੇ ਚਲਾਈ ਸੀ, ਨੂੰ ਲੁਧਿਆਣੇ ਦੇ ਡੀ. ਸੀ. ਨੇ ਬੜੇ ਹੀ ਕਰੜੇ ਹੱਥਾਂ ਨਾਲ ਦਬਾਇਆ, ਅਤੇ ਨਾਮਧਾਰੀ ਸਿੰਘਾਂ ਨੂੰ ਲੋਕਾਂ ਵਿਚ ਡਰ ਪੈਦਾ ਕਰਨ ਲਈ ਖੁਲ੍ਹੇਆਮ ਜਲਸੇ ਅਤੇ ਇਕੱਠ ਸੱਦ ਕੇ ਤੋਪਾਂ ਨਾਲ ਉਡਾਇਆ ਗਿਆ, ਦਰਖਤਾਂ ਨਾਲ ਟੰਗ ਟੰਗ ਕੇ ਫਾਹੇ ਦਿੱਤੇ ਗਏ ਅਤੇ ਲਾਸ਼ਾਂ ਨੂੰ ਕਈ ਕਈ ਦਿਨ ਵਗਦੀਆਂ ਸੜਕਾਂ ਉੱਤੇ ਲਟਕਦਾ ਰਖਿਆ ਗਿਆ। ਸਿੱਖਾਂ ਦੀ ਹਾਰ ਤੋਂ ਬਾਅਦ ਖਾਲਸਾ ਰਾਜ ਵੇਲੇ ਦੇ ਨਵੇਂ ਨਵੇਂ ਬਣੇ ਸਿੱਖ ਜਿਨ੍ਹਾਂ ਨੇ ਸਿਰਫ਼ ਅਜੇ ਵਿਖਾਵੇ ਵਜੋਂ ਹੀ ਕੇਸ ਦਾਹੜੀਆਂ ਰਖੇ ਹੋਏ ਸਨ, ਅੰਗਰੇਜ਼ ਰਾਜ ਆਉਣ ਤੋਂ ਬਾਅਦ ਧੜਾ ਧੜਾ ਕੇਸ ਦਾਹੜੀਆਂ ਮੁਨਾ ਕੇ ਹਿੰਦੂ ਬਣ ਰਹੇ ਸਨ ਅਤੇ ਕੇਸਾਧਾਰੀ ਸਿੱਖਾਂ ਦੀ ਗਿਣਤੀ ਘਟ ਗਈ ਸੀ। ਲੋਕਾਂ ਵਿਚ ਡਰ ਤੇ ਜ਼ੁਲਮ ਦੀ ਲਹਿਰ ਦਾ ਕਾਫੀ ਅਸਰ ਹੋਇਆ ਸੀ, ਸਾਨੂੰ ਆਸ ਸੀ ਕਿ ਇੰਨੇ ਵੱਡੇ ਦਬਾ ਨਾਲ ਸਿੱਖ ਸਦਾ ਲਈ ਹੀ ਦੱਬ ਜਾਣਗੇ ਜਿਵੇਂ ਦੂਸਰੀਆਂ ਜਮਾਤਾਂ ਦੱਬ ਗਈਆਂ ਸਨ। ਸਾਡੇ ਵਿਗਿਆਨਕ ਮਾਹਿਰਾਂ ਦਾ ਭੀ ਇਹੋ ਹੀ ਖਿਆਲ ਸੀ ਕਿ ਜਦੋਂ ਕਿਸੇ ਕੌਮ ਉੱਤੇ ਵੀਹ ਬਾਈ ਸਾਲ ਲਗਾਤਾਰ ਅਖੀਰਲੇ ਦਰਜੇ ਦਾ ਘਿਨਾਉਣਾ ਜ਼ੁਲਮ ਕਰ ਦਿੱਤਾ ਜਾਵੇ ਤਾਂ ਉਸ ਕੌਮ ਵਿਚ ਖਾਸ ਤੌਰ ਤੇ ਦੂਜੀ ਪੀੜ੍ਹੀ ਵਿਚ ਇਕ ਇਹੋ ਜਹੀ ਮਾਨਸਿਕ ਤਬਦੀਲੀ ਆਉਂਦੀ ਹੈ ਕਿ ਉਹ ਫਿਰ ਦੁਬਾਰਾ ਜੰਗਜੂ ਜਾਂ ਬਹਾਦਰ ਨਹੀਂ ਰਹਿ ਸਕਦੀ।' ਪੰਜਾਬ ਵਿਚ ਸਿੱਖਾਂ 'ਤੇ ਅਥਾਹ ਅਕਿਹ ਜ਼ੁਲਮ ਕੀਤਾ ਗਿਆ ਸੀ ਇਥੇ ਨੈਤਿਕਤਾ ਦੀ ਉੱਚਤਾ ਕਿਧਰੇ ਵੀ ਵਿਖਾਈ ਨਹੀਂ ਦਿੰਦੀ ਸੀ ਅਤੇ ਪ੍ਰਿਤਪਾਲਕ ਦੀ ਕ੍ਰਿਪਾ ਦ੍ਰਿਸ਼ਟੀ ਦਾ ਵੀ ਦੀਵਾਲਾ ਕੱਢ ਕੇ ਰਖ ਦਿੱਤਾ ਗਿਆ ਸੀ ਅਤੇ ਗਿਆਨੀ ਗਿਆਨ ਸਿੰਘ ਜੀ ਦੀ ਅੱਖੀਂ ਡਿੱਠੀ ਗੁਆਹੀ ਦਰਸਾਉਂਦੀ ਹੈ:-

ਸੁਨੋ ਅਬਿ ਧਰਮ ਕੇ ਹੇਤ ਸਿਰ ਦੈ ਕੈ ਕੂਕੇ,
ਧਰਮੀ ਸ਼ਹੀਦਨ ਮੈ ਗਏ ਜਿਮ ਹੈਂ ਗਨੇ।
ਸੰਮਤ ਉਨੀ ਸੈ ਬੀਸ ਤੀਸ ਕੇ ਵਖਤ ਮਧ,
ਠੌਰ ਠੌਰ ਧੇਨੁ-ਬਧ ਹੋਨ ਲਾਗੇ ਥੇ ਘਨੇ।
ਦੇਖਿ ਦੇਖ ਹਿੰਦੂ ਸਭ ਹੋਹਿਂ ਦੁਖਜਾਰੇ ਭਾਰੇ,
ਚਾਰਾ ਜੋਰ ਸਰਕਾਰ ਸੰਗ ਕੋਊ ਨਾ ਬਨੇ।
ਹਿੰਮਤ ਕਮਰ ਬਾਂਧਿ ਨਾਮਧਾਰੀ ਸਿੰਘੋਂ ਤਬਿ,
ਬੁਚੜ ਬਿਦਾਰੇ ਹਤਜਾਰੇ ਬਹੁ ਠੌਰ ਪੈ।
ਸੁਧਾਸਰ ਆਦਿ ਤੌਰ ਔਰ ਹਿੰਦੂ ਨਾਮੀ ਗ੍ਰਾਮੀ,
ਅੰਗਰੇਜੋਂ ਮਾਹਿ ਕੈ ਦੁਖਜਾਰੇ ਕੀਨੇ ਗੌਰ ਪੈ।
ਦੇਨ ਲਾਗੇ ਫਾਂਸੀ ਜਬਿ ਆਇ ਖੁਦ ਕੂਕੇ ਤਬਿ,
ਕਾਤਲ ਸਬੂਤ ਆਪ ਥੀਏ ਸਭਿ ਤੌਰ ਪੈ।
ਖੁਸ਼ੀ ਹੋਏ ਦਏ ਸੀਸ ਗਏ ਈਸ ਲੋਕ ਮਾਂਹਿ,
ਕੋਟਲੇ-ਮਲੇਰ ਫੇਰ ਭਯੋ ਸਾਕਾ ਔਰ ਪੈ।

ਪੰਥ ਪ੍ਰਕਾਸ਼ (ਐਡੀਸ਼ਨ ਪਹਿਲੀ)

'By the year 1867 he had gathered around him a numerous (followers) following, and he had about million disciples and their objects seemed to assume a political form.' Cyclopedia of India (1885)
Ed. S.G.Edward Balfour.

ਇਸ ਤਰ੍ਹਾਂ ਕੋਈ ਵੀ ਸ਼ੱਕ ਨਹੀਂ ਰਹਿੰਦਾ ਕਿ ਨਾਮਧਾਰੀ ਸਿੱਖਾਂ ਨੇ ਉਨੀਵੀਂ ਸਦੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਅਰੇ "ਤੈਂ ਕੀ ਦਰਦ ਨਾ ਆਇਆ" ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਖਾਲਸੇ ਦਾ ਸਫਰ ਤਹਿ ਕਰਦਿਆਂ ਹੋਇਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸੰਤ ਖਾਲਸੇ ਦੇ ਰੂਪ ਵਿਚ ਆਧੁਨਿਕ ਮਾਨੁਖੀ ਅਧਿਕਾਰਾਂ ਤੇ ਮਾਨਵ ਜਾਤੀ ਦੀ ਆਜ਼ਾਦੀ ਲਈ ਸ਼ਾਂਤਮਈ ਅਸਹਿਯੋਗ-ਨਾ-ਮਿਲਵਰਤਨ ਅੰਦੋਲਨ ਅਤੇ ਨਾਲ ਹੀ ਬਰਾਬਰ 'ਤੇ ਆਪਣੀ ਸਰਕਾਰ ਬਣਾ ਕੇ ਜਾਹਨ ਲਾਰੈਂਸ ਦਾ ਪ੍ਰਿਤਪਾਲਕ ਦੀ ਦ੍ਰਿਸ਼ਟੀ ਦਾ ਦਾਹਵਾ ਝੂਠਾ ਹੀ ਨਹੀਂ ਕੀਤਾ ਸਗੋਂ ਅੰਗਰੇਜ਼ੀ ਸਰਕਾਰ ਦੇ ਜ਼ੁਲਮ ਜੋ ਕਿ ਆਜ਼ਾਦੀ ਦੀ ਤਹਿਰੀਕ ਨੂੰ ਦਬਾਉਣ ਲਈ ਕੀਤੇ ਸਨ, ਅਤੇ ਨੀਤੀਆਂ- 'ਪਾੜੋ ਤੇ ਰਾਜ ਕਰੋ' ਰਜਵਾੜਾ ਸ਼ਾਹੀ ਤੇ ਜਗੀਰਦਾਰੀ ਸਰਦਾਰੀਆਂ ਦੇ ਕੇ ਉਨ੍ਹਾਂ ਭਾਰਤੀਆਂ ਦੀ ਹਰ ਸਰਕਾਰ ਵਿਰੋਧ ਲਹਿਰ ਨੂੰ ਦਬਾਉਣ ਲਈ ਆਪਣਾ ਰਾਜ ਭਾਗ ਚਲਾਉਣ ਲਈ ਵਰਤਿਆ ਨਾਂ ਕਿ ਕੋਈ ਇਖਲਾਕੀ ਤੇ ਪ੍ਰਿਤਪਾਲਕ ਦੀ ਕ੍ਰਿਪਾ ਦ੍ਰਿਸ਼ਟੀ ਨੂੰ ਮੱਦੇ ਨਜ਼ਰ ਰੱਖਿਆ ਸਗੋਂ ਮਨੁੱਖੀ ਅਧਿਕਾਰਾਂ ਦੀਆਂ ਵੀ ਧਜੀਆਂ ਉਡਾ ਦਿੱਤੀਆਂ। ਜਦ ਕਿ ਨਾਮਧਾਰੀ ਸਿੱਖਾਂ ਨੇ ਆਪਣੇ ਧਰਮ ਵਿਚ ਪੱਕੇ ਹੋ ਕੇ, 'ਭੈ ਕਾਹੂ ਕੋ ਦੇਤ ਨਹਿ' ਦੇ ਅਸੂਲ ਉਪਰ ਅਮਲ ਕੀਤਾ...'Kukas who professed to lie ethically strict followrs of (Guru) Gobind Singh......, 'And they can't (never) be loyal to the British' (Encyclopedia Brittinica Vol.20.)

ਗਿਆਨੀ ਗਿਆਨ ਸਿੰਘ ਜੀ ਅਗੇ ਚਲ ਕੇ ਲਿਖਦੇ ਹਨ:-

ਕੂਕੇ ਸਿੰਘ ਸਾਠਕੋਂ ਨੈ ਠਾਟ ਕੈ ਮਰਨ ਨਿਜ,
ਮਾਰ ਕੈ ਕਸਾਈਆਂ ਕੋ ਗਾਈਆਂ ਬਚਾਈਆਂ।
ਕੋਟਲੇ ਕੀ ਤੁਰਕਾਨੀ ਤੈ ਪਠਾਨੀ ਫੌਜ ਸਭਿ
ਸਿੰਘਨ ਸੈਂ ਲਰੀ ਇਨੈ ਮਾਰ ਕੈ ਹਟਾਈਆਂ।

ਫੌਜ ਪਟਜਾਲੇ ਕੈ ਬਿਸਾਲੇ ਜਾਇ ਦਗੋ ਸੰਗ,
ਕਸਮੈਂ ਉਠਾਇ ਲਯਾਇ ਦੀਏ ਪਕਰਾਈਆਂ।
ਉਡੇ ਸੋਊ ਤੋਪੋਂ ਆਗੋ ਅਨੁਰਾਗੋ ਸ਼ਬਦੋਂ ਮੈਂ,
ਖੁਸ਼ੀ ਹੋਇ ਬਡਭਾਗੋ ਧਰਮ ਹਿਤਾਈਆਂ।
ਸਰਦਾਰ ਰਾਜੇ ਤੈ ਮੁਸਾਹਿਬ ਸਾਹਿਬ ਬਡੇ,
ਅਚਰਜ ਥੀਏ ਹੇਰਿ ਕਾਰ ਤਿਨ ਕੋਰ ਪੈ।

\- - - - -

ਹੇਰ ਕੈ ਪੁਜਾਰੇ ਭਾਰੇ ਦੁਖੀ ਹੈ ਉਚਾਰੇਂ ਮਾਰੇਂ,
ਸ਼ਰ੍ਹਾ ਮਨਾਵਹਿੰ, ਵਾਹਿ ਉਨ ਕੀ ਨਾ ਧਾਰੇਂ ਹੈ।
ਧੌਹੀ ਰੇਹੈ ਰੌਰਾਂ ਗੌਰਾ ਕੂਕਯੋਂ ਕਾ ਦੇਸਨ ਮੈਂ,
ਬਾਢੇ ਅਤਿ ਭਾਰੇ ਹਿੰਦੂ ਤੁਰਕਨ ਤੈ ਨਿਆਰੇ ਹੈਂ।

\- - - - -

ਰਾਮ ਸਿੰਘ ਚਾਹਿ ਅਰਦਾਸ ਇਤਫ਼ਾਕ ਥਾਇ,
ਬਢ ਹੈ ਪ੍ਰਤਾਪ ਪੰਥ ਰੀਤਿ ਏਸ ਸੋਂ ਭਰੈਂ।

\- - - - -

ਜਨਵਰੀ ੧੮੭੨ ਦੀਆਂ ਘਟਨਾਵਾਂ ਤੋਂ ਬਾਅਦ ਅੰਗਰੇਜ਼ੀ ਸਰਕਾਰ ਨੇ ਆਪਣਾ ਪੁਰਾਣਾ ਚਲਾਕੀ ਭਰਿਆ ਕਦਮ ਚੁੱਕਿਆ ਜਿਸ ਨਾਲ (ਭਾਰਤੀ) ਪੰਜਾਬੀ ਕੌਮ ਵੱਖੋ ਵੱਖਰੇ ਖੇਤਰਾਂ ਅਤੇ ਫਿਰਕਿਆਂ ਵਿਚ ਵੰਡੀ ਗਈ। (ਜਾਹਨ ਲਾਰੈਂਸ ਦੀ ਪ੍ਰਿਤਪਾਲਕ ਦੀ ਦ੍ਰਿਸ਼ਟੀ ਗਵਰਨਰ ਹਿੰਦ ਵਲੋਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਦਿੱਤੀ ਹਦਾਇਤ ਤੋਂ ਜ਼ਾਹਰ ਹੁੰਦੀ ਹੈ ਕਿ ਪ੍ਰਿਤਪਾਲਕ ਉਹ ਆਪਣੀ ਮਲਕਾ ਵਿਕਟੋਰੀਆ ਨੂੰ ਹੀ ਮੰਨਦਾ ਹੈ, ਪ੍ਰੰਤੂ ਸਾਮਰਾਜ ਦੀ ਬਖਸ਼ੀਸ ਨੂੰ ਸਿੱਧ ਕਰਨ ਦਾ ਯਤਨ ਕਰਦਾ ਹੈ ਕਿ 'ਰੱਬੀ' ਹੁਕਮ ਸੀ) ਲੈਫਟੀਨੈਂਟ ਗਵਰਨਰ ਪੰਜਾਬ ਨੂੰ ਹੁਕਮ ਦਿੱਤਾ ਗਿਆ ਕਿ ਉਹ ਅੰਗਰੇਜ਼ ਪੱਖੀ ਸਿਆਣੇ ਸਿਆਣੇ ਧਾਰਮਿਕ ਅਤੇ ਪੜ੍ਹੇ ਲਿਖੇ (ਅੰਗਰੇਜ਼ੀ) ਸਰਦਾਰਾਂ ਦੇ ਆਧਾਰਤ ਇਕ ਅਜਿਹਾ ਕਮਿਸ਼ਨ ਬਣਾਵੇ ਜੋ ਸਰਕਾਰ ਨੂੰ ਸਲਾਹ ਦੇਵੇ ਕਿ ਸਿੱਖਾਂ ਦੀ ਇਸ ਅਜੀਬ ਅਤੇ ਨਾ ਸਮਝ ਆ ਰਹੀ ਰੁਚੀ ਨੂੰ ਕਿਸ ਤਰ੍ਹਾਂ ਕਾਬੂ ਕੀਤਾ ਜਾ ਸਕਦਾ ਹੈ? ਕਿਉਂਕਿ ਬ੍ਰਿਗੇਡੀਅਰ ਜਾਹਨ ਇਹ ਗੱਲ ਕਹਿ ਕੇ ਹੱਸਣ ਲੱਗ ਪਿਆ ਤੇ ਮਖੌਲ ਨਾਲ ਮੈਨੂੰ ਕਹਿਣ ਲੱਗਾ, ਉਨਾਂ (ਨਾਮਧਾਰੀ) ਸਿੱਖਾਂ ਤੋਂ ਇਕਲੇ ਅਸੀਂ ਹੀ ਨਹੀਂ ਸਗੋਂ ਮੇਰੇ ਖਿਆਲ ਵਿਚ ਰੱਬ ਭੀ ਡਰਦਾ ਹੋਣਾ।' ਦੂਸਰੇ ਪਾਸੇ ਇਕ ਜਮਾਤ (ਸਾਮਰਾਜੀ ਪੱਖੂ) ਅੰਗਰੇਜ਼ੀ ਸਾਮਰਾਜ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ ਗਈ। ਜਿਸ ਵਿਚ ਰਾਜੇ ਮਹਾਰਾਜੇ, ਮੁਖੀਏ ਜਗੀਰਦਾਰ ਤੇ ਸਰਕਾਰੀ ਨਿਆਮਤਾਂ ਹਾਸਲ ਕਰਨ ਵਾਲੇ ਸਰਕਾਰੀ ਅਫਸਰ ਸ਼ਾਮਲ ਸਨ ਜੋ ਕਿ ਹਰ ਵਕਤ 'ਜੀ ਹਜ਼ੂਰੀ' ਲਈ ਅਤੇ ਸਧਾਰਨ ਜਨਤਾ ਨੂੰ ਦਬਾਉਣ ਤੇ ਉਨ੍ਹਾਂ ਨੂੰ ਗੁਲਾਮ ਰਖਣ ਲਈ ਸਾਰਾ ਤਾਣ ਲਾ ਰਹੇ ਸਨ। ਇਹ ਨਵੇਂ ਬਣੇ 'ਸਨਮਾਨਤ ਗੁਲਾਮ' (ਕਾਲੇ ਅੰਗਰੇਜ਼) ਆਪਣਾ ਭਾਰਤੀਪੁਣਾ ਬਿਲਕੁਲ ਛਡ ਚੁੱਕੇ ਸਨ ਕਿਉਂਕਿ ਨਵੇਂ ਮਾਲਕ ਵਲੋਂ ਹਰ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੂੰ ਹੁਕਮ ਕੀਤਾ ਹੋਇਆ ਸੀ ਕਿ ਉਹ ਆਪਣੇ ਜ਼ਿਲੇ ਵਿਚ ਵੱਸਦੇ ਹਰ ਪੁਰਾਣੇ ਸਿੱਖ ਸਰਦਾਰ ਦੀ ਖੋਹੀ ਅਤੇ ਜ਼ਬਤ ਕੀਤੀ ਹੋਈ ਜਾਇਦਾਦ ਅਤੇ ਜਾਗੀਰਾਂ ਦੀ ਰਕਮ ਬਹਾਲ ਕਰ ਦੇਣ। ਵੱਡੇ ਵੱਡੇ ਸਰਦਾਰਾਂ ਨੂੰ ਤਾਂ ਪਹਿਲਾਂ ਹੀ ਅੰਗਰੇਜ਼ ਸਰਕਾਰ ਨੇ ਇਨਾਮਾਂ ਅਤੇ ਜਾਗੀਰਾਂ ਨਾਲ ਨਿਵਾਜਿਆ ਹੋਇਆ ਸੀ ਅਤੇ ਉਹ ਅੰਗਰੇਜ਼ ਦੀ ਹਰ ਤਰ੍ਹਾਂ ਨਾਲ ਮਦਦ ਕਰਦੇ ਸਨ। ਪਰ ਹੁਣ ਛੋਟੇ ਅਤੇ ਦਰਮਿਆਨੇ ਦਰਜੇ ਦੇ ਸਰਦਾਰਾਂ ਨੂੰ ਵੀ ਨਿਵਾਜ਼ਸ ਦੀ ਖੈਰ ਪਾਉਣ ਦਾ ਪ੍ਰੋਗਰਾਮ ਅਰੰਭ ਦਿੱਤਾ ਗਿਆ ਸੀ।

ਸਿੱਖ-ਸਫਾਂ 'ਚੋਂ ਮੁਖਬਰ ਲੱਭ ਲੱਭ ਉਨ੍ਹਾਂ ਨੂੰ ਮਾਨ-ਸਨਮਾਨ ਦਿੱਤੇ ਸਿੱਖਾਂ ਵਿਚ ਉਨ੍ਹਾਂ (ਅੰਗਰੇਜ਼ਾਂ) ਇਸ ਸਮੇਂ ਇਕ ਅਜਿਹੀ ਜ਼ੈਲਦਾਰ-ਸਰਦਾਰ ਨੁਮਾ ਟੋਡੀ-ਸ਼੍ਰੇਣੀ ਖੜੀ ਕੀਤੀ। ਜੋ ਸਰਕਾਰੇ-ਦਰਬਾਰੇ ਸਿੱਖਾਂ ਦੇ ਸਾਰੇ ਕੰਮ ਕਰਵਾਉਂਦੀ ਤਾਂ ਕਿ ਆਪਣਾ ਰਾਜ ਹੋਣ ਜਾਂ ਲੈਣ ਦੀ ਕੋਈ ਬਗਾਵਤੀ-ਰੁਚੀ, ਸਿੱਖ-ਮਨਾਂ ਵਿਚ ਉਠੇ ਹੀ ਨਾਂ, ਜੋ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਪੈਰੋਕਾਰਾਂ ਵਿਚ ਕੁੱਟ ਕੁੱਟ ਕੇ ਭਰੀ ਹੋਈ ਸੀ। ਉਹ ਦਿਨ ਰਾਤ 'ਖਾਲਸਾ ਰਾਜ' ਸਥਾਪਤ ਕਰਨ ਲਈ ਤੱਤਪਰ ਸਨ:-

'ਚੁੱਕ ਲੈ ਫਰੰਗੀਆ ਡੇਰਾ ਖਾਲਸੇ ਨੇ ਰਾਜ ਕਰਨਾ।'

ਸ੍ਰੀ ਅਕਾਲ ਤਖਤ ਤੋਂ ਰਾਜਸੀ ਸੇਧ ਲੈ ਕੇ ਸਿੱਖਾਂ ਆਪਣੇ ਰਾਜ ਦੀ ਗੱਲ ਅਗੇ ਤੋਰਨੀ ਸੀ ਜਿਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਾਣ ਨਾਂ ਦਿੱਤਾ ਗਿਆ ਸਗੋਂ ਆਪਣੀ ਵਲੋਂ ਸਰਬਰਾਹ ਨਿਯੁਕਤ ਕਰ ਦਿੱਤਾ ਗਿਆ ਸੀ। ਸਿੱਖਾਂ ਦੇ ਧਾਰਮਿਕ ਅਦਾਰਿਆਂ ਉਪਰ ਸਿੱਧੇ ਅਸਿੱਧੇ ਢੰਗ ਨਾਲ ਕਬਜ਼ਾ ਕਰਕੇ ਸਿੱਖਾਂ ਵਿਚ ਕੌਮੀਅਤ ਨਾਮ ਦੀ ਕੋਈ ਚੀਜ਼ ਨਾ ਰਹਿਣ ਦਿੱਤੀ ਗਈ, ਜਿਸ ਕਰਕੇ ਭਾਰਤ ਨੂੰ ਹੋਰ ਸਮਾਂ ਗੁਲਾਮ ਰਹਿਣਾ ਪਿਆ। ਪੰਜਾਬ ਸਭ ਤੋਂ ਬਾਅਦ ਗੁਲਾਮ ਬਣਿਆ, ਇਥੇ ਹੀ ਸਭ ਤੋਂ ਪਹਿਲਾਂ ਆਜ਼ਾਦੀ ਦੀ ਲਹਿਰ ਨੇ ਜਨਮ ਲਿਆ। ਪੰਜਾਬੀਆਂ ਵਿਚ ਗੁਲਾਮੀ ਝੱਲਣ ਦੀ ਆਦਤ ਨਹੀਂ ਹੈ, ਇਸ ਜੁਝਾਰੂ ਕੌਮ ਨੂੰ ਵੀ ਅੰਗਰੇਜ਼ ਸਰਕਾਰ ਨੇ ਬੜੀ ਚਲਾਕੀ ਨਾਲ ਗੁਲਾਮ ਬਣਾ ਲਿਆ। ਜਿਵੇਂ ਕਿ ਉਪਰ ਬ੍ਰਿਗੇਡੀਅਰ ਜਾਹਨ ਨੇ ਜ਼ਿਕਰ ਕੀਤਾ ਹੈ ਅਗੇ ਚਲ ਕੇ ਉਹ ਫਿਰ ਦੱਸਦਾ ਹੈ:-

"੪ ਮਾਰਚ ੧੮੪੯ ਈ: ਨੂੰ ਲਾਹੌਰ ਦੇ ਕਿਲ੍ਹੇ ਉਤੋਂ ਕੇਸਰੀ ਨਿਸ਼ਾਨ ਸਾਹਿਬ ਲਾਹ ਕੇ ਯੂਨੀਅਨ ਜੈਕ ਲਹਿਰਾ ਦਿੱਤਾ ਗਿਆ। ਪੰਜਾਬ ਵਿਚ ਕਿਸੇ ਨੂੰ ਭੀ ਕਿਸੇ ਭੀ ਕਿਸਮ ਦਾ ਹਥਿਆਰ ਲੈ ਕੇ ਤੁਰਨ ਤੇ ਪਾਬੰਦੀ ਦੇ ਹੁਕਮ ਸੁਣਾ ਦਿੱਤੇ ਗਏ ਅਤੇ ਫੌਜ ਨੂੰ ਹਰ ਪਿੰਡ ਦੀ ਤਲਾਸ਼ੀ ਲੈ ਕੇ ਸਭ ਕਿਸਮ ਦੇ ਹਥਿਆਰ ਖੋਹਣ ਅਤੇ ਜ਼ਬਤ ਕਰਨ ਦੇ ਹੁਕਮ ਸਾਦਰ ਕਰ ਦਿੱਤੇ ਗਏ। ਵੱਡੇ ਸਰਦਾਰ ਤਾਂ ਭੈਰੋਵਾਲ ਵਾਲੇ ਸੁਲਾਹਨਾਮੇ ਤੇ ਦਸਖ਼ਤ ਕਰਕੇ ਹਕੂਮਤ ਨੂੰ ਤਵਾਜ਼ਨ ਦੇਣ ਲਗ ਪਏ ਸਨ ਪਰ ਪਿੰਡਾਂ ਦੇ ਛੋਟੇ ਛੋਟੇ ਸਰਦਾਰ ਜਿਨਾਂ ਕੋਲ ਕੱਚੀਆਂ ਕਿਲ੍ਹੀਆਂ ਸਨ ਅਜੇ ਅੰਗਰੇਜ਼ ਦੀ ਇਤਾਇਤ ਕਬੂਲਣ ਲਈ ਤਿਆਰ ਨਹੀਂ ਸਨ। ਇਹੋ ਜਹੇ ਸਭ ਕੱਚੇ ਕਿਲ੍ਹਿਆਂ ਨੂੰ ਤੋਪਾਂ ਨਾਲ ਉਡਾਉਣ ਦੇ ਹੁਕਮ ਦੇ ਦਿੱਤੇ ਗਏ ......। ਪੰਜਾਬ ਵਿਚ ਜਿੰਨੇ ਭੀ ਉੱਚੇ ਉੱਚੇ ਥੇਹ ਅਤੇ ਉੱਚੀ ਜਗ੍ਹਾ ਵਸਦੇ ਪਿੰਡ ਨਜ਼ਰ ਆਉਂਦੇ ਹਨ ਇਹ ਸਭ ਉਨ੍ਹਾਂ ਕੱਚੇ ਕਿਲ੍ਹਿਆਂ ਦੇ ਖੰਡਰਾਤ ਹਨ।"

ਸਿੱਖ ਰਾਜ ਦੀ ਮੁੜ ਸਥਾਪਨਾ ਲਈ ਪੰਜਾਬੀਆਂ ਵਿਚ ਜੋਸ਼ ਸੀ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਜੋਸ਼ ਨੂੰ ਹੋਸ਼ ਨਾਲ ਵਰਤਨ ਲਈ ਸਦਾਚਾਰਕ ਉੱਚਤਾ ਧਾਰਮਿਕ ਦ੍ਰਿੜਤਾ ਨੂੰ ਪਹਿਲ ਦਿੱਤੀ। ੧੨ ਅਪਰੈਲ ੧੮੫੭ ਨੂੰ ਸਫੈਦ ਝੰਡਾ ਲਹਿਰਾ ਕੇ ਅੰਗਰੇਜ਼ੀ ਸਰਕਾਰ ਵਿਰੁਧ ਬਗਾਵਤ ਦਾ ਐਲਾਨ ਕਰ ਦਿੱਤਾ ਸੀ, ਇਹ ਅਹਿੰਸਕ-ਸਦਾਚਾਰਿਕ ਉਚਤਾ ਅਤੇ ਧਾਰਮਿਕ ਪ੍ਰਪਕਤਾ ਦੀਆਂ ਨੀਹਾਂ ਤੇ ਚਲਾਇਆ ਅੰਦੋਲਨ ਅੰਗਰੇਜ਼ ਸਾਮਰਾਜ ਦੀਆਂ ਜੜਾਂ ਹਿਲਾ ਗਿਆ।

ਇਸ ਦਾ ਦਰਦ ਸਿੱਖ ਰਾਜਿਆਂ ਨੂੰ ਬਹੁਤ ਉਠਿਆ। ਉਨ੍ਹਾਂ ਦੇ ਨਵੇਂ ਬਣੇ 'ਮਾਈ-ਬਾਪ' (ਅੰਗਰੇਜ਼) ਤਿਲ ਮਿਲਾ ਉਠੇ। ਰਜਵਾੜਿਆਂ ਆਪਣੇ ਹਿੱਤਾਂ ਦੀ ਖਾਤਰ ਭਾਰਤ ਨੂੰ ਫਿਰ ਗੁਲਾਮ ਕਰਵਾ ਦਿੱਤਾ। ਹੇਠ ਦਿੱਤੇ ਦਸਤਾਵੇਜ਼ਾਂ ਵਿਚ ਪਹਿਲਾ ਖਤ ਮਹਾਰਾਜਾ ਪਟਿਆਲਾ ਵਲੋਂ ਪੰਜਾਬ ਸਰਕਾਰ ਦੇ ਸਕੱਤਰ ਨੂੰ ੧੫ ਫਰਵਰੀ ੧੮੭੨ ਵਿਚ ਲਿਖਿਆ ਗਿਆ ਸੀ। ਇਸ ਖ਼ਤ ਤੋਂ ਇਹ ਵੀ ਜ਼ਾਹਰ ਹੁੰਦਾ ਹੈ ਕਿ ਨਾਮਧਾਰੀ ਸਿੱਖਾਂ ਦਾ ਵਿਦਰੋਹ ਸਿਰਫ ਗਊ-ਬੱਧ ਵਾਲੇ ਬੁਚੜਾਂ ਨੂੰ ਹੀ ਸੋਧਣ ਲਈ ਨਹੀਂ ਸੀ, ਸਗੋਂ ਧਾਰਮਿਕ ਭਾਵਨਾ ਪਿਛੇ ਇਕ ਮਜ਼ਬੂਤ ਅੰਗਰੇਜ਼ ਰਾਜ ਵਿਰੁਧ ਜ਼ਬਰਦਸਤ ਬਗਾਵਤ ਸੀ।

ਜਿਵੇਂ ੧੮੫੭ ਦੇ ਵਿਦਰੋਹ ਦਾ ਇਕ ਕਾਰਨ ਗਊ ਦੀ ਚਰਬੀ ਦੇ ਕਾਰਤੂਸ ਸਨ, ਇਹ ਗਊ ਦੀ ਚਰਬੀ ਨਾਲ ਬੰਦ ਕੀਤੇ ਕਾਰਤੂਸ ਮੂੰਹ ਨਾਲ ਖੋਹਲਣੇ ਪੈਂਦੇ ਸਨ ਜਿਸ ਤੋਂ ਮੰਗਲ ਪਾਂਡੇ ਨਾਮ ਦੇ ਆਦਮੀ ਨੇ ਬਗ਼ਾਵਤ ਕਰ ਦਿੱਤੀ ਸੀ, ਇਸੇ ਭਾਵਨਾ ਤੋਂ ਭੜਕੀ ਲੜਾਈ ਵਿਚ ਮੁਗਲ ਬਾਦਸ਼ਾਹ ਅਤੇ ਹੋਰ ਰਾਜਿਆਂ ਤੇ ਸਰਦਾਰਾਂ ਨੇ ਇਸ ਬਗਾਵਤ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ, ਇਕ ਤਰ੍ਹਾਂ ਨਾਲ ਅੰਗਰੇਜ਼ੀ ਸਾਮਰਾਜ ਨੂੰ ਹਲੂਣ ਕੇ ਰਖ ਦਿੱਤਾ ਸੀ। ੧੮੫੭ ਦੇ ਇਸ ਵਿਦਰੋਹ ਨੂੰ ਪਹਿਲੀ ਜੰਗੇ ਆਜ਼ਾਦੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਰਾਜੇ ਤੇ ਸਰਦਾਰ ਸਿਰਫ ਆਪਣੀਆਂ ਖੁਸਦੀਆਂ ਗੱਦੀਆਂ ਬਚਾਉਣ ਲਈ ਹੀ ਉਠੇ ਸਨ। ਜਦੋਂ ਮੰਗਲ ਪਾਂਡੇ ਨੇ ਗਊ ਦੇ ਨਾਮ ਤੇ ਬਗ਼ਾਵਤ ਕੀਤੀ ਤਦ ਇਨਾਂ ਰਾਜਿਆਂ ਨੇ ਵੀ ਆਪਣੀਆਂ ਗੱਦੀਆਂ ਦੀ ਰਾਖੀ ਲਈ ਸਹਿਯੋਗ ਦਿੱਤਾ, ਜਦੋਂ ਗੱਦੀਆਂ ਨਾਂ ਬਚਦੀਆਂ ਦੇਖੀਆਂ ਤਦ ਕਈ ਸ਼ਹਾਦਤ ਪਾ ਗਏ ਤੇ ਕਈਆਂ ਨੇ ਹਥਿਆਰ ਸੁੱਟ ਦਿੱਤੇ ਅਤੇ ਪੰਜਾਬੀ ਰਜਵਾੜਿਆਂ ਵਾਂਗ ਅੰਗਰੇਜ਼ਾਂ ਨੂੰ 'ਮਾਈ ਬਾਪ' ਮੰਨ ਲਿਆ। ਜਿਸ ਭਾਵਨਾ 'ਗਊ ਮਾਸ ਦੇ ਕਾਰਤੂਸਾਂ' ਨਾਲ ਇਹ ਗਦਰ ਉਠਿਆ ਸੀ ਉਸ ਨੂੰ ਮਹਾਰਾਜਾ ਪਟਿਆਲਾ ਨੇ ਸੰਖੇਪ ਪ੍ਰੰਤੂ ਪੂਰੀ ਡੂੰਘਾਈ ਨਾਲ ਵਾਚ ਕੇ ਲਿਖਿਆ ਹੈ, ਅਤੇ ਜੋ ਕਦਮ ਨਾਮਧਾਰੀ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਗਊ ਰਖਿਆ ਨੂੰ ਮੁੱਖ ਰਖ ਕੇ ਚੁੱਕੇ ਸਨ, ਉਸ ਨਾਲ ਸਾਰੇ ਭਾਰਤੀਆਂ ਦੀਆਂ ਧਾਰਮਿਕ, ਸਮਾਜਿਕ ਅਤੇ ਆਰਥਿਕ ਭਾਵਨਾਵਾਂ ਜੁੜੀਆਂ ਹੋਈਆਂ ਸਨ।

ਦੂਸਰਾ, ਨਾਮਧਾਰੀ ਸ਼ਹੀਦ ਘਰੋਂ ਸ਼ਹੀਦੀਆਂ ਪ੍ਰਾਪਤ ਕਰਨ ਲਈ ਗਏ ਸਨ ਨਾਂ ਕਿ ਗੱਦੀਆਂ (ਸਰਦਾਰੀਆਂ) ਪ੍ਰਾਪਤ ਕਰਨ ਲਈ ਜੁੜੇ ਸਨ। ਜਿਸ ਧਾਰਮਿਕ ਅਤੇ ਆਰਥਿਕ ਪਹਿਲੂ ਨੂੰ ਲੈ ਕੇ ਗਊ-ਬੱਧ ਵਿਰੁੱਧ ਨਾਮਧਾਰੀਆਂ ਨੇ ਬਗ਼ਾਵਤ ਕੀਤੀ ਸੀ ਉਹ ਇਕ ਵਾਰ ਫਿਰ ਸਾਰੇ ਭਾਰਤ ਨੂੰ ਇਕੱਠਾ ਕਰਕੇ ਅੰਗਰੇਜ਼ੀ ਸਾਮਰਾਜ ਲਈ ਵੰਗਾਰ 'ਕੂਕ' ਸੀ। ਜਿਸ ਦਾ ਜ਼ਿਕਰ ਮਹਾਰਾਜਾ ਪਟਿਆਲਾ ਨੇ ਆਪਣੇ ਖਤ ਵਿਚ ਕੀਤਾ ਹੈ। ਜੇ ਇਹ ਰਜਵਾੜੇ ਆਪਣੇ ਜਾਤੀ ਹਿੱਤਾਂ ਦੀ ਖਾਤਰ ਅੰਗਰੇਜ਼ੀ ਸਾਮਰਾਜ ਦੀ ਮਦਦ ਨਾਂ ਕਰਦੇ ਅਤੇ ਸਰਕਾਰੀ ਜ਼ੁਲਮ ਤੇ ਸਖ਼ਤੀ ਨਾਮਧਾਰੀਆਂ ਨੂੰ ਕੁਝ ਸਮੇਂ ਲਈ ਨਾਂ ਦਬਾ ਲੈਂਦੀ ਤਦ ਗਊ ਰਖਿਆ ਦੇ ਨਾਮ ਹੇਠ ਫਿਰ ਸਾਰਾ ਭਾਰਤ ਇਕ ਹੋ ਸਕਦਾ ਸੀ। ਨਾਮਧਾਰੀ ਗੁਰੂ ਅਤੇ ਸਿਖਾਂ ਦਾ ਸ਼ਾਂਤ-ਮਈ ਅੰਦੋਲਨ ਕਿਸੇ ਜਾਤੀ ਮੁਫਾਦ ਲਈ ਨਹੀਂ ਸੀ, ਨਾਮਧਾਰੀ ਲਹਿਰ ਦੇ ਹਥਿਆਰ ਨਾ-ਮਿਲਵਰਤਨ, ਸਰਕਾਰੀ ਚੀਜ਼ਾਂ ਦਾ ਬਾਈਕਾਟ, ਪੂਰਨ ਅਹਿੰਸਕ ਰੂਪ ਵਿਚ ਅੰਦੋਲਨ ਅਤੇ ਸਦਾਚਾਰਿਕ ਉੱਚਤਾ ਧਾਰਮਿਕ ਅਤੇ ਸਭਿਅਕ ਜੀਵਨ ਇਕ ਮਿਸਾਲ ਦੇ ਰੂਪ ਵਿਚ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਇਕ ਮਾਲਾ ਦੇ ਸੂਤਰ ਵਿਚ ਪ੍ਰੋਅ ਕੇ ਅੰਗਰੇਜ਼ ਸਾਮਰਾਜ ਵਿਰੁਧ ਸੰਘਰਸ਼ ਦਾ ਸ੍ਰੀ ਗਣੇਸ਼ ਹੋ ਗਿਆ ਸੀ।

> *ਨਾਮਧਾਰੀ ਗੁਰੂ ਅਤੇ ਸਿਖਾਂ ਦਾ ਸ਼ਾਂਤ-ਮਈ ਅੰਦੋਲਨ ਕਿਸੇ ਜਾਤੀ ਮੁਫਾਦ ਲਈ ਨਹੀਂ ਸੀ, ਨਾਮਧਾਰੀ ਲਹਿਰ ਦੇ ਹਥਿਆਰ ਨਾ-ਮਿਲਵਰਤਨ, ਸਰਕਾਰੀ ਚੀਜ਼ਾਂ ਦਾ ਬਾਈਕਾਟ, ਪੂਰਨ ਅਹਿੰਸਕ ਰੂਪ ਵਿਚ ਅੰਦੋਲਨ ਅਤੇ ਸਦਾਚਾਰਿਕ ਉੱਚਤਾ ਧਾਰਮਿਕ ਅਤੇ ਸਭਿਅਕ ਜੀਵਨ ਇਕ ਮਿਸਾਲ ਦੇ ਰੂਪ ਵਿਚ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਇਕ ਮਾਲਾ ਦੇ ਸੂਤਰ ਵਿਚ ਪ੍ਰੋਅ ਕੇ ਅੰਗਰੇਜ਼ ਸਾਮਰਾਜ ਵਿਰੁਧ ਸੰਘਰਸ਼ ਦਾ ਸ੍ਰੀ ਗਣੇਸ਼ ਹੋ ਗਿਆ ਸੀ।*

ਭਾਰਤ ਦੀ ਆਜ਼ਾਦੀ ਲਈ ਹਰ ਭਾਰਤੀ ਤੱਤਪਰ ਸੀ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮੁਲਕ ਦੀ ਗੁਲਾਮੀ ਨੂੰ ਦੂਰ ਕਰਨ ਲਈ ਪਹਿਲਾਂ 'ਮਨ' ਦੀ ਗੁਲਾਮੀ ਨੂੰ ਦੂਰ ਕਰਨ ਹਿੱਤ ਧਾਰਮਿਕ ਪ੍ਰਪੱਕਤਾ ਨੂੰ ਪਹਿਲ ਦਿੱਤੀ। ਸਦਾਚਾਰਕ ਉੱਚਤਾ ਸਤਿਗੁਰਾਂ ਦਾ ਮੁੱਢਲਾ ਅਸੂਲ ਸੀ। ਇਤਿਹਾਸ ਗੁਆਹ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ੀ ਸਾਮਰਾਜ ਨੂੰ ਖਤਮ ਕਰਨ ਲਈ ਬਾਹਰਲੇ ਰਾਜਿਆਂ ਦੀ ਮੱਦਦ ਲੈਣ ਦਾ ਵੀ ਯਤਨ ਕੀਤਾ। ਕਸ਼ਮੀਰ ਵਿਚ ਕੂਕਾ ਰਜਮੈਂਟ, ਨੇਪਾਲ ਦੇ ਰਾਜੇ ਨਾਲ ਸੰਪਰਕ ਅਤੇ ਰੂਸ ਦੇ ਜ਼ਾਰ ਨਾਲ ਚਿੱਠੀ ਪੱਤਰ ਅਤੇ ਤੋਹਫਿਆਂ ਦਾ ਆਦਾਨ ਪ੍ਰਦਾਨ ਇਸ ਗਲ ਦੇ ਸਬੂਤ ਹਨ। ਪਟਿਆਲਾ ਨਾਰੇਸ਼ ਨੂੰ 'ਸਤਿਗੁਰ' ਸ਼ਬਦ ਤੇ ਵੀ ਉਸੇ ਤਰ੍ਹਾਂ ਇਤਰਾਜ ਸੀ ਜਿਵੇਂ ਗੁਲਾਮ ਦਰਬਾਰੀਆਂ ਨੇ ਮੁਗ਼ਲ ਬਾਦਸ਼ਾਹਾਂ ਦੇ ਕੰਨ ਭਰੇ ਸਨ ਕਿ ਸਿਖ ਆਪਣੇ ਸਤਿਗੁਰੂ ਨੂੰ 'ਸੱਚਾ ਪਾਤਸ਼ਾਹ' ਕਹਿੰਦੇ ਹਨ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਸਿੱਖ ਕੌਮ ਦਾ ਕਿਰਦਾਰ ਬਹੁਤ ਗਿਰ ਚੁੱਕਾ ਸੀ ਅਤੇ ਈਸਾਈ ਮਤ ਦਾ ਪ੍ਰਚਾਰ ਬਹੁਤ ਜੋਰ ਸ਼ੋਰ ਨਾਲ ਹੋ ਰਿਹਾ ਸੀ। ਕੌਮ ਵਿਚ ਆਈ ਸਦਾਚਾਰਕ ਗਿਰਾਵਟ ਨੂੰ ਦੂਰ ਕਰਨ ਲਈ ਅਨੁਸ਼ਾਸਨ ਅਤੇ ਧਾਰਮਿਕ ਅਸੂਲਾਂ ਦੀ ਪ੍ਰਪੱਕਤਾ ਬਹੁਤ ਜ਼ਰੂਰੀ ਸੀ। ਜਿਸ ਕਰਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਪਹਿਲਾਂ ਆਪਣੇ ਸਿੱਖ ਧਰਮ ਵਿਚ ਪੱਕੇ ਹੋਣ ਦਾ ਸੁਨੇਹਾ ਦਿੱਤਾ, ਧਾਰਮਿਕ ਪ੍ਰਪੱਕਤਾ ਤਦ ਹੀ ਹੋ ਸਕਦੀ ਹੈ ਜੇ ਪੂਰਨ ਗੁਰਮੱਤ ਦੇ ਅਸੂਲਾਂ ਉਪਰ ਚਲਿਆ ਜਾਵੇ ਇਸੇ

ਲਈ ਸ੍ਰੀ ਸਤਿਗੁਰੂ ਜੀ ਨੇ ਸੰਤ ਖਾਲਸੇ ਦੀ ਸਿਰਜਨਾ ਕਰਕੇ ਮੁੜ ਗੁਰਸਿੱਖੀ ਨੂੰ ਸੁਰਜੀਤ ਕੀਤਾ। ਅੱਜ ਵੀ ਇਹ ਚਿੱਟੇ ਦਿਨ ਵਰਗੀ ਸਚਾਈ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੱਖੀ ਅਸੂਲਾਂ ਦੀ ਦ੍ਰਿੜ੍ਹਤਾ ਅਤੇ ਪ੍ਰੋੜਤਾ ਕਰਕੇ ਜੋ ਸੰਭਾਲ ਕੀਤੀ ਹੈ ਤਦ ਸਿਰਫ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਤੇ ਉਨ੍ਹਾਂ ਦੇ ਲੱਖਾਂ ਪੈਰੋਕਾਰਾਂ (ਨਾਮਧਾਰੀਆਂ) ਨੇ ਹੀ ਕੀਤੀ ਹੈ।

ਸ੍ਰੀ ਮਾਨ ਗੁਲਾਮ ਭੀਮ ਜਲੰਧਰੀ ਆਪਣੀ ਕਿਤਾਬ ਵਿਚ ਲਿਖਦਾ ਹੈ:-'ਕੂਕਿਓਂ' ਨੇ ਜੋ ਤਰੀਕਾ ਅਖਤਿਆਰ ਕੀਆ ਵੋਹ ਔਰ ਕੁਛ ਨਹੀਂ ਹੈ। ਵੋਹ ਅਸਲ ਮਜ਼ਹਬ ਸਿਖੋਂ ਕਾ ਹੀ ਹੈ, ਔਰ ਉਸੇ ਉਨੇ ਦੁਬਾਰਾ ਰੌਣਕ ਦੀ ਹੈ।.....ਉਨ ਕੀ ਤਬੀਅਤ ਕਾ ਅਸਲੀ ਰੂਪ ਸਿਖ ਮਜ਼ਹਬ ਕੀ ਜਾਨਬ ਹੈ, ਅਰ ਉਨ ਕੇ ਤਰੀਕੇ ਔਰ ਡੇਢ ਲਾਖ ਆਦਮੀਓਂ (ਭੈਣੀ ਮੇਂ) ਸੇ ਭੀ ਜਿਆਦਾ ਗ੍ਰੋਹ ਕੇ ਇਤਫ਼ਾਕ ਸੇ ਯਹ ਭੀ ਇਯਾਂ ਹੈ ਕਿ ਯਿਹ ਲੋਕ ਗੁਰੂ ਗੋਬਿੰਦ ਸਿੰਘ (ਜੀ) ਕੇ ਤਰੀਕੇ ਪੇ ਚਲਤੇ ਹੈਂ।"

ਮਨੁੱਖੀ ਇਤਿਹਾਸ ਵਿਚ ਸ਼ੁਰੂ ਤੋਂ ਹੀ ਧਰਮੀ ਅਤੇ ਸੰਸਾਰੀਆਂ ਦਾ ਵੈਰ ਚਲਦਾ ਆ ਰਿਹਾ ਹੈ, ਇਸੇ ਕਰਕੇ ਹੀ ਛੋਟੀਆਂ ਰਿਆਸਤਾਂ ਦੇ ਮਾਲਕਾਂ ਨੇ ਨਾਮਧਾਰੀ ਲਹਿਰ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਵੈਰ ਕਮਾਇਆ, ਆਪਣੇ ਜ਼ਾਤੀ ਮੁਫਾਦ ਲਈ ਅੰਗਰੇਜ਼ ਮਾਲਕ ਨੂੰ ਖੁਸ਼ ਕਰਨ ਦੇ ਕੋਝੇ ਯਤਨ ਕੀਤੇ, ਅਜ ਵੀ ਉਹ ਫ਼ਖਰ ਕਰਦੇ ਹਨ ਕਿ (ਕੂਕਿਆਂ) ਆਜ਼ਾਦੀ ਦੇ ਪਾਂਧੀਆਂ ਨੂੰ ਉਡਾਉਣ ਵਾਲੀਆਂ ਤੋਪਾਂ ਉਨ੍ਹਾਂ ਦੇ ਵਡੇਰਿਆਂ (ਪਟਿਆਲਾ, ਨਾਭਾ, ਜੀਂਦ) ਨੇ ਭੇਜੀਆਂ ਸਨ ਤੇ ਰਾਜ ਭਗਤੀ ਨੂੰ ਉਨ੍ਹਾਂ ਤੋੜ ਦਮ ਤਕ ਨਿਭਾਇਆ ਸੀ। ਮਹਾਰਾਜਾ ਸ: ਮਹਿੰਦਰ ਸਿੰਘ ਨੇ ਇਸ ਖ਼ਤ ਵਿਚ ਪੂਰੀ ਕੋਸ਼ਿਸ਼ ਕੀਤੀ ਹੈ ਕਿ ਨਾਮਧਾਰੀ ਸਿੱਖਾਂ (ਕੂਕਾ ਲਹਿਰ) ਨੂੰ ਗੁਮਰਾਹੀਆਂ ਦੀ ਲਹਿਰ ਸਾਬਤ ਕੀਤਾ ਜਾਵੇ ਅਤੇ ਸਰਕਾਰੀ ਅਫਸਰਾਂ ਵਲੋਂ ਕੀਤੀ ਕਾਰਵਾਈ ਨੂੰ ਜਾਇਜ਼ ਕਰਾਰ ਦਿੱਤਾ ਜਾਵੇ। ਇਸ ਖ਼ਤ ਤੋਂ ਇਹ ਵੀ ਜ਼ਾਹਿਰ ਹੈ ਕਿ ਸਰਕਾਰ ਵਲੋਂ ਜ਼ਿਆਦਤੀ ਕਰਨ ਵਾਲੇ ਅਫਸਰਾਂ ਵਿਰੁਧ ਜੋ ਕਾਰਵਾਈ ਕੀਤੀ ਗਈ ਸੀ ਉਸ ਦੇ ਅਮਲ ਤੋਂ ਸਰਕਾਰੀ ਪਿੱਠੂਆਂ ਨੇ, ਆਪਣੇ 'ਜੀ ਹਜ਼ੂਰ' ਅਫਸਰਾਂ ਨੂੰ ਬਚਾਉਣ ਲਈ ਸਾਰਾ ਤਾਣ ਲਾਇਆ ਹੋਇਆ ਸੀ। ਸਰਕਾਰੀ ਰਿਕਾਰਡ 'ਚੋਂ ਪਤਾ ਚਲਦਾ ਹੈ ਕਿ ਸਰਕਾਰ ਦੀ ਸਾਰੀ ਮਸ਼ੀਨਰੀ ਕੌਮ ਨੂੰ ਦੋਫਾੜ ਕਰਨ ਵਿਚ ਕਾਮਯਾਬ ਹੋ ਗਈ ਸੀ- ਇਕ ਜਮਾਤ ਅੰਗਰੇਜ਼ੀ ਸਰਕਾਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹ ਗਈ ਸੀ ਜਿਸ ਵਿਚ ਰਾਜੇ, ਮੁਖੀਏ, ਸਰਦਾਰ, ਜਗੀਰਦਾਰ ਤੇ ਸਰਕਾਰੀ ਅਫਸਰ ਸ਼ਾਮਲ ਸਨ ਜੋ ਕਿ ਹਰ ਵਕਤ ਦੀ ਗੁਲਾਮੀ ਲਈ ਅਤੇ ਸਧਾਰਨ ਜਨਤਾ ਨੂੰ ਦਬਾਉਣ ਤੇ ਗੁਲਾਮ ਰਖਣ ਲਈ ਸਾਰਾ ਤਾਣ ਲਾ ਰਹੇ ਸਨ। ਦੂਸਰੇ ਪਾਸੇ ਸਿੱਖ ਕਿਉਂਕਿ ਆਜ਼ਾਦੀ ਪਸੰਦ ਲੋਕ ਹਨ ਉਹ ਅੰਗਰੇਜ਼ਾਂ ਦੀ ਗ਼ੁਲਾਮੀ ਨੂੰ ਨਫ਼ਰਤ ਕਰਦੇ ਸਨ।

ਸ੍ਰੀ ਸਤਿਗੁਰੂ ਰਾਮ ਸਿੰਘ ਤੋਂ ਬਾਅਦ ਵੀ ੧੯੨੯ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਹਿਨੁਮਾਈ ਹੇਠ ਲਾਹੌਰ ਰਾਵੀ ਕੰਢੇ ਹੋਏ ਕਾਂਗਰਸ ਇਜਲਾਸ ਵਿਚ ਪੰਜਾਬੀਆਂ ਨੇ ਇਕ ਮੁੱਠ ਹੋ ਕੇ ਸਾਰੇ ਭਾਰਤ ਦੀ ਏਕਤਾ ਤੇ ਅਖੰਡਤਾ ਦਿਖਾਉਂਦੇ ਹੋਏ ਸੰਪੂਰਨ ਆਜ਼ਾਦੀ ਦਾ ਨਾਹਰਾ ਦਿੱਤਾ ਜਿਸ ਨਾਲ ਕੌਮ ਨੂੰ ਇਕੋ ਇਕ ਨਿਸ਼ਾਨੇ (ਸਵਰਾਜ) ਆਜ਼ਾਦੀ ਲਈ ਇੱਕਠੇ ਕੀਤਾ। ਦੇਸ਼ ਭਗਤੀ 'ਚ ਮਦਹੋਸ਼ ਆਪਣੇ ਸਾਰੇ ਸਾਥੀਆਂ ਦੀ ਸੁਰ 'ਚ ਸੁਰ ਮਿਲਾ ਕੇ ਜੋਸ਼ ਨਾਲ, 'ਅੰਗਰੇਜੋ ਭਾਰਤ ਛੋੜੋ' ਦੇ ਨਾਹਰੇ ਲਗਾ ਰਹੇ ਸਨ ਅਤੇ ਅੰਤ ਵਿਚ ਮਹਾਤਮਾ ਗਾਂਧੀ ਨੇ ਆਜ਼ਾਦੀ ਦੀ ਲਹਿਰ ਵਿਚੋਂ ਪਿਛੋਂ ਜਾ ਕੇ 'ਸਤਿਆਗ੍ਰਹਿ' ਤੇ ਨਾ-ਮਿਲਵਰਤਨ ਆਦਿ ਜੋ ਗੁਰ ਵਰਤੇ ਉਹ ਅਸਲ ਵਿਚ ਨਾਮਧਾਰੀਆਂ ਤੋਂ ਹੀ ਉਧਾਰੇ ਲਏ ਸਨ। ਨਾਂ ਸਿਰਫ ਅੱਜ ਭਾਰਤ ਹੀ ਆਜ਼ਾਦ ਹੋਇਆ, ਸਗੋਂ ਸੰਸਾਰ ਵਿਚਲੀਆਂ ਆਜ਼ਾਦੀ ਦੀਆਂ ਲਹਿਰਾਂ ਨੂੰ ਮੂਲ ਰੂਪ ਵਿਚ ਨਾਮਧਾਰੀ ਸਿੱਖਾਂ ਦੇ ਗੌਰਵਮਈ ਵਿਰਸੇ ਤੋਂ ਪ੍ਰਾਪਤ ਹੋਇਆ ਸ਼ਾਂਤਮਈ ਹਥਿਆਰ ਅਤੇ ਅਹਿੰਸਕ ਸੰਘਰਸ਼ ਅਪਨਾਅ ਕੇ ਹੀ ਹੋਰ ਦੇਸ਼ਾਂ ਅਤੇ ਦਖਣੀ ਅਫਰੀਕਾ ਨੂੰ ਆਜ਼ਾਦੀ ਮਿਲੀ ਹੈ। ਦੂਸਰੇ ਪਾਸੇ ਅੰਗਰੇਜ਼ੀ ਰਾਜ ਦੇ ਟੋਡੀ ਰਾਜੇ ਮਹਾਰਾਜੇ ਜਨਤਾ ਦੇ ਭਿਖਾਰੀ ਬਣੀ ਵੋਟਾਂ ਮੰਗਦੇ ਫਿਰਦੇ ਹਨ ਇਹ ਸਾਰੀ ਦੇਣ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦੂਰ ਅੰਦੇਸ਼ੀ ਨਾਲ ਚਲਾਈ ਲਹਿਰ ਦਾ ਨਤੀਜਾ ਹੈ, ਜਿਸ ਨੂੰ ਭਾਂਪ ਕੇ ਮਹਾਰਾਜਾ ਪਟਿਆਲਾ ਨੇ ਇਹ ਖਤ ਲਿਖਿਆ ਸੀ:

ਮਹਾਰਾਜਾ ਪਟਿਆਲਾ ਵਲੋਂ ਪੰਜਾਬ ਸਰਕਾਰ ਦੇ ਸਕੱਤਰ ਦੀ ਸੇਵਾ ਵਿਚ ੧੫ ਫਰਵਰੀ ੧੮੭੨

ਮੇਰੇ ਪਿਆਰੇ ਦੋਸਤ,

ਆਪ ਵਲੋਂ ਆਈ ਤਾਰ ਦੇ ਉਤਰ ਵਿਚ ਮੈਂ ਆਪਣੀ ਪਿਛਲੇ ਮਹੀਨੇ ਦੀ ੨੦ ਤਾਰੀਖ ਨੂੰ ਲਿਖੀ ਚਿੱਠੀ ਵਿਚ ਵਾਅਦਾ ਕੀਤਾ ਸੀ ਕਿ ਮਾਨਯੋਗ ਲੈਫਟੀਨੈਂਟ ਗਵਰਨਰ ਦੀ ਬੇਨਤੀ ਅਨੁਸਾਰ ਪੜਤਾਲ ਕਰਕੇ ਕੂਕਾ-ਫਸਾਦ ਦਾ ਅਸਲੀ ਕਾਰਨ ਲਿਖਾਂਗਾ। ਇਸ ਲਈ ਬਹੁਤ ਸਾਰੇ ਸਬੂਤਾਂ ਦੇ ਆਧਾਰ ਤੇ ਮਾਨਯੋਗ ਸ੍ਰੀ ਮਾਨ ਜੀ (ਲੈਫਟੀਨੈਂਟ ਗਵਰਨਰ) ਦੀ ਜਾਣਕਾਰੀ ਲਈ ਲਿਖ ਰਿਹਾ ਹਾਂ। ਇਹ ਯਕੀਨੀ ਤੌਰ ਉਤੇ ਜ਼ਾਹਿਰ ਹੈ ਕਿ (ਸਤਿਗੁਰੂ) ਰਾਮ ਸਿੰਘ ਦਾ ਅਸਲੀ ਮਨੋਰਥ ਧਰਮ ਦੀ ਆੜ ਹੇਠ ਇਲਾਕਾ ਲੈ ਕੇ ਆਪਣੀ ਪ੍ਰਭੁਤਾ ਜਮਾਉਣਾ ਸੀ। ਉਸ ਨੇ ਆਪਣੇ ਭੋਲੇ ਭਾਲੇ ਪੈਰੋਕਾਰਾਂ ਦੇ ਦਿਮਾਗਾਂ ਵਿਚ ਭਰ ਦਿੱਤਾ ਸੀ ਕਿ ਉਨ੍ਹਾਂ ਦਾ ਧਰਮ (ਸਿੱਖ) ਫਿਰ ਚੜ੍ਹਦੀ ਕਲਾ ਵਿਚ ਹੋਵੇਗਾ ਅਤੇ ਮੁਲਕ ਦੀ ਵਾਗਡੋਰ ਬੜੀ ਜਲਦੀ ਉਨ੍ਹਾਂ ਦੇ ਹੱਥ ਆ ਜਾਵੇਗੀ। ਕਿਉਂਕਿ ਉਸ ਦੇ ਪੈਰੋਕਾਰ ਉਸ ਦੇ ਭਵਿੱਖ ਬਚਨਾਂ ਉਤੇ ਬਹੁਤ ਯਕੀਨ ਕਰਦੇ ਸਨ, ਇਸ ਲਈ ਉਹ ਕਦੀ ਵੀ ਆਪਣੇ ਪੈਰੋਕਾਰਾਂ ਨੂੰ ਭੜਕਾਉਣ ਅਤੇ ਉਨ੍ਹਾਂ ਨੂੰ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਆਸਵੰਦ ਬਨਾਉਣ ਵਿਚ ਕਦੇ ਅਸਫਲ ਨਹੀਂ ਸੀ ਹੋਇਆ।

ਕਿਉਂਕਿ ਉਸ ਦੇ ਪੈਰੋਕਾਰਾਂ ਦੀ ਗਿਣਤੀ ਅੰਧ ਵਿਸ਼ਵਾਸ ਅਤੇ ਉਤੇਜਤਾ ਕਰਕੇ ਬਹੁਤ ਵਧ ਗਈ ਸੀ ਇਸ ਲਈ ਉਸ ਨੂੰ ਕਾਮਯਾਬੀ ਦੀ ਪੂਰੀ ਆਸ ਸੀ ਅਤੇ ਉਹ ਉਨ੍ਹਾਂ ਨੂੰ ਗਊ-ਬੱਧ ਦੇ ਵਿਰੁਧ ਨਫਰਤ ਤੇ ਡਰ ਨਾਲ ਉਤੇਜਤ ਕਰਦਾ ਸੀ।

ਜਿਵੇਂ ਕਿ ਕਾਰਤੂਸਾਂ ਦੀ ਘਟਨਾ ਨੇ ੧੮੫੭ ਵਿਚ ਸਾਰੇ ਭਾਰਤ ਵਿਚ ਗਦਰ ਮਚਾ ਦਿੱਤਾ ਸੀ ਇਸੇ ਤਰ੍ਹਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਉਤੇਜਤ ਕਰਨਾ ਸੀ। ਜਿਸ ਨਾਲ ਮੁਖੀਏ, ਸਧਾਰਨ ਜਨਤਾ ਅਤੇ ਫੌਜੀਆਂ ਦੀ ਹਮਦਰਦੀ ਜਿੱਤ ਕੇ- ਇਸ ਸਾਂਝੇ ਉਦੇਸ਼ ਲਈ-ਸਰਕਾਰ ਵਿਰੁਧ ਨਫਰਤ ਫੈਲਾਈ ਜਾ ਸਕਦੀ ਸੀ। ਇਸ ਆਉਣ ਵਾਲੀ ਗੜਬੜ ਤੋਂ ਉਸ ਨੂੰ ਇਹ ਸਿੱਟਾ ਨਿਕਲਣ ਦੀ ਆਸ ਸੀ ਕਿ ਹਰ ਜ਼ਾਤੀ ਤੇ ਵਰਗ ਵਿਚ ਉਸ ਦੀ ਇੱਜ਼ਤ ਤੇ (ਮਾਨ, ਭਉ) ਵਧੇਗਾ ਅਤੇ ਸਧਾਰਨ ਲੋਕਾਂ ਵਿਚ ਉਸ ਪ੍ਰਤੀ ਸ਼ਰਧਾ ਭਾਵਨਾ ਵਧ ਜਾਵੇਗੀ। ਜਿਸ ਦੀ ਉਸ ਨੂੰ ਬਹੁਤ ਚਿਰ ਤੋਂ ਚਾਹ ਸੀ।

ਜੇ ਕਿਤੇ ਇਹ ਦਿਲ ਵੇਦਨ ਵਾਲੀ ਸਜ਼ਾ ਮੌਕੇ ਸਿਰ ਨਾ ਦਿੱਤੀ ਜਾਂਦੀ ਅਤੇ (ਸਤਿਗੁਰੂ) ਰਾਮ ਸਿੰਘ ਅਤੇ ਉਸ ਦੇ ਸੂਬਿਆਂ ਨੂੰ ਦੇਸ਼ ਨਿਕਾਲਾ ਨਾ ਦਿੱਤਾ ਜਾਂਦਾ ਤਦ ਇਹ ਗੜਬੜ ਜਲਦੀ ਦਬਾਉਣ ਦੀ ਕੋਈ ਆਸ ਨਹੀਂ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ਾਂਤੀ ਅਤੇ ਵਿਸ਼ਵਾਸ ਸਥਾਪਤ ਕਰਨ ਤੋਂ ਪਹਿਲਾਂ ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਹੋਣਾ ਸੀ ਜੇ ਉਨ੍ਹਾਂ ਨੂੰ ਥੋੜੀ ਕਾਮਯਾਬੀ ਵੀ ਹੋ ਜਾਂਦੀ ਤਾਂ ਸਾਰਾ ਫਿਰਕਾ ਭੁੱਖੇ ਚੰਡਾਲਾਂ ਵਾਂਗ ਉਠ ਖੜਨਾ ਸੀ ਜੋ ਇਸ ਗਹਿਰੇ ਹਮਲੇ ਦੇ ਸਿੱਟਿਆਂ ਨੂੰ ਬੜੀ ਤੀਬਰਤਾ ਨਾਲ ਦੇਖ ਰਹੇ ਸਨ।


ਉਪਰ ਦਿੱਤਾ ਵੇਰਵਾ ਮੇਰੀ ਖੋਜ ਪੜਤਾਲ ਦਾ ਸਾਰੰਸ਼ ਹੈ ਜਿਹੜਾ ਕਿ ਬਹੁਤ ਵਿਚਾਰ ਤੋਂ ਬਾਅਦ ਦਿੱਤਾ ਗਿਆ ਹੈ। ਇਕ ਗੱਲ ਹੋਰ ਮੈਂ ਆਪ ਦੇ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ। ਮੈਨੂੰ ਅਖਬਾਰਾਂ ਤੋਂ ਪਤਾ ਲੱਗਾ ਹੈ ਕਿ ਭਾਰਤ ਸਰਕਾਰ ਮੌਕੇ ਦੇ ਅਫਸਰਾਂ ਵਲੋਂ ਚੁੱਕੇ ਗਏ ਕਦਮਾਂ ਨਾਲ ਸਹਿਮਤ ਨਹੀਂ ਹੈ ('ਜੋ ਕਿ ਠੀਕ ਨਹੀਂ ਹੈ) ਅਤੇ ਮੇਰਾ ਵਿਸ਼ਵਾਸ ਹੈ ਕਿ ਸਰਕਾਰ [ਦੀ]ਆਂ ਭਾਵਨਾਵਾਂ ਨੂੰ ਆਮ ਲੋਕ ਗਲਤ ਸਮਝਣਗੇ ਕਿ ਉਨ੍ਹਾਂ [ਦ]ੇ 'ਸਤਿਗੁਰੂ' ਨੇ ਇਲਾਹੀ ਤਾਕਤ ਨਾਲ ਕਰਾਮਾਤ ਕੀਤੀ ਹੈ ਜਿਸ ਕਰਕੇ ਸਰਕਾਰੀ ਅਫਸਰਾਂ ਨੂੰ ਸਜ਼ਾ ਹੋ ਗਈ ਹੈ।

ਇਹ ਸਭ ਤੋਂ ਯੋਗ ਕਾਰਵਾਈ ਸੀ ਜੋ ਕਿ ਜ਼ਿਲ੍ਹਾ ਅਧਿਕਾਰੀਆਂ ਤੇ ਇਲਾਕੇ ਦੇ ਮੁਖੀਆਂ ਵਲੋਂ ਕੀਤੀ ਗਈ ਸੀ। ਜਿਸ ਨਾਲ ਇਹ ਭੜਕਾਹਟ (ਗਦਰ) ਹੋਰ ਵਧਣ ਫੈਲਣ ਤੋਂ ਪਹਿਲਾਂ ਹੀ ਜੰਮਦੇ ਸੱਪਾਂ ਦੀਆਂ ਸਿਰੀਆਂ ਫਿਹ ਦਿੱਤੀਆਂ ਹੁਣ ਇਸ ਕਦਮ ਨੂੰ ਨਾਜਾਇਜ਼ ਕਹਿਣ ਨਾਲ ਸਰਕਾਰੀ ਹਲਕਿਆਂ ਵਿਚ ਨਿਰਾਸ਼ਤਾ ਹੋਵੇਗੀ ਅਤੇ ਵਿਦਰੋਹੀਆਂ ਨੂੰ ਮਹੱਤਤਾ ਮਿਲੇਗੀ।

ਮੇਰਾ ਵਿਚਾਰ ਹੈ ਕਿ ਆਮ ਲੋਕਾਂ ਵਲੋਂ ਸਰਕਾਰੀ ਭਾਵਨਾਵਾਂ ਨੂੰ ਗਲਤ ਸਮਝਣ ਦੇ ਬੜੇ ਭਿਆਨਕ ਸਿੱਟੇ ਨਿਕਲ ਸਕਦੇ ਹਨ। ਇਸ ਵਿਸ਼ੇ ਤੇ ਆਪ ਨੂੰ ਆਪਣੇ ਵਿਚਾਰ ਪ੍ਰਗਟ ਕਰਨੇ ਠੀਕ ਸਮਝਦਾ ਹਾਂ।

ਪੂਰਨ ਸਤਿਕਾਰ ਸਹਿਤ, ਮੈਂ ਹਾਂ, ਆਪ ਜੀ ਦਾ ਸੁਹਿਰਦ ਦੋਸਤ ਮਹਿੰਦਰ ਸਿੰਘ ਮਹਾਰਾਜਾ ਪਟਿਆਲਾ।

ਦੂਜਾ ਖਤ ਬਿਨਾਂ ਕਿਸੇ ਟਿੱਪਣੀ ਤੋਂ ਅਨੁਵਾਦ ਛਾਪ ਰਹੇ ਹਾਂ। ਇਹ ਖਤ ਜਲੰਧਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੇ ਦਫਤਰ ਤੋਂ ਲਿਖਿਆ ਗਿਆ ਸੀ। ਜੈਲਦਾਰਾਂ ਦੇ ਪਰਿਵਾਰ ਵਿਚੋਂ ਹੀ ਪ੍ਰਾਪਤ ਹੋਇਆ ਹੈ।



'ਨਾਜਰ ਸਿੰਘ ਪਟਵਾਰੀ ਪੁੱਤਰ ਆਦਰਯੋਗ ਜ਼ੈਲਦਾਰ ਵਿਲੈਰ ਨੇੜੇ (ਪਿੰਡ) ਨਗਰ ਦਾ (ਵਾਸੀ) ਹੈ। ਉਸ ਨੇ ਕੂਕਾ ਵਿਦਰੋਹ ਸਮੇਂ (ਸਰਕਾਰ ਦੀ) ਬਹੁਤ ਮਦਦ ਕੀਤੀ ਸੀ। ਉਹ ਸਰਕਾਰੀ ਨੌਕਰੀ ਪ੍ਰਾਪਤ ਕਰਨ ਦਾ ਇਛਕ ਹੈ, ਮੈਨੂੰ ਆਸ ਹੈ ਕਿ ਉਸ ਨੂੰ (ਨੌਕਰੀ) ਮਿਲ ਜਾਵੇਗੀ।

ਜਲੰਧਰ ੧੮ ਫਰਵਰੀ ੧੮੭੨, ਮਿਸਟਰ ਬਰੀਚ ਓ.ਡੀ.ਸੀ. (ਆਫਿਸ ਆਫ ਡੀ. ਸੀ.)"

ਨੋਟ:- ਬ੍ਰੈਕਿਟਾਂ ਵਿਚ ਦਿੱਤੇ ਸ਼ਬਦ ਅਨੁਵਾਦਿਕ ਦੇ ਹਨ ਬਾਕੀ ਸਾਰਾ ਅਸਲ ਦਾ ਅਨੁਵਾਦ ਹੈ। ਇਹ ਸ਼ਬਦ ਸਿਰਫ ਅਨੁਵਾਦ ਨੂੰ ਸਹੀ ਪੰਜਾਬੀ ਵਿਚ ਲਿਖਣ ਲਈ ਵਰਤੇ ਹਨ।

ਤੀਸਰਾ ਖਤ ੧੯ ਜਨਵਰੀ ੧੮੭੨ ਨੂੰ ਆਰ. ਜੇ. ਡੇਵਿਸ ਵਲੋਂ ਲਾਰਡ ਮਿਓ ਨੂੰ ਲਿਖਿਆ ਗਿਆ ਹੈ। ਮਲੇਰ ਕੋਟਲੇ ਦੇ ਸਾਕੇ ਤੋਂ ਸਿਰਫ ਇਕ, ਦੋ ਦਿਨ ਬਾਅਦ ਲਿਖਿਆ ਖਤ ਕਾਫੀ ਜਾਣਕਾਰੀ ਭਰਪੂਰ ਹੈ। ਪ੍ਰੰਤੂ ਅੱਖੀਂ ਡਿੱਠਾ ਹਾਲ ਨਹੀਂ ਹੈ, ਪ੍ਰੰਤੂ ਇਕ ਸਰਕਾਰੀ ਅਫਸਰ ਦੀ ਰਿਪੋਰਟ ਹੈ। (ਅਨੁਵਾਦਿਕ)

ਪਿਆਰੇ ਲਾਰਡ ਮਿਓ,

ਦਿੱਲੀ ੧੯ ਜਨਵਰੀ ੧੮੭੨

ਪਿਆਰੇ ਲਾਰਡ ਮਿਓ,

ਮੈਨੂੰ ਤਹਿ ਦਿਲੋਂ ਸ੍ਰੀ ਮਾਨ ਜੀ ਆਪ ਜੀ ਦਾ ਰਿਣੀ ਹੋਣਾ ਪੈਣਾ ਹੈ, ਜੋ ਆਪ ਜੀ ਨੇ ਸਮੇਂ ਸਿਰ ਸ਼ਾਂਤੀ ਸਥਾਪਤ ਕਰਨ ਲਈ ਇਥੇ ਫੌਜ ਵਿਚ ਹਰਕਤ ਲਿਆਉਣ ਲਈ ਤੁਰੰਤ ਮਦਦ ਕੀਤੀ। ਸਤਲੁਜ ਦੇ ਨੇੜੇ ਦੇ ਇਲਾਕੇ ਵਿਚ ਕੂਕਿਆਂ ਵਲੋਂ ਹੋਏ ਹਮਲੇ ਕਰਕੇ ਗੜਬੜ ਦਾ ਡਰ ਸੀ।

ਚੀਫ ਕਮਾਂਡਰ ਨੇ ਹਰ ਯੋਗ ਕਾਰਵਾਈ ਕੀਤੀ ਜੋ ਕਿ ਇਸ ਸਮੇਂ ਉਹ ਕਰ ਸਕਦਾ ਸੀ।

ਖੁਸ਼ੀ ਨਾਲ, ਫੌਜ ਨੇ ਕੂਕਿਆਂ ਨਾਲ ਸਿੱਧੀ ਟੱਕਰ ਨਹੀਂ ਸੀ ਲਈ। ਉਨ੍ਹਾਂ ਦੇ ਅੰਬਾਲਾ ਪਹੁੰਚਣ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਮਿਸਟਰ ਕਾਵਨ ੧੬ ਨੂੰ ਨਾਭੇ ਤੇ ਜੀਂਦ ਆਦਿ ਰਾਜਾਂ ਦੇ ਘੋੜ ਸਵਾਰਾਂ ਨਾਲ ਮਲੇਰ ਕੋਟਲੇ ਪਹੁੰਚ ਗਿਆ ਸੀ। ਜਿਸ ਗਰੋਹ ਨੇ ਮਲੇਰ ਕੋਟਲੇ 'ਤੇ ਹਮਲਾ ਕੀਤਾ ਸੀ ਉਨ੍ਹਾਂ ਨੂੰ ਪਟਿਆਲਾ ਰਾਜ ਦੇ ਲੋਕਾਂ ਵਲੋਂ ਘੇਰੇ ਵਿਚ ਲੈ ਕੇ ਹਥਿਆਰ ਰਹਿਤ ਕਰ ਦਿੱਤਾ ਸੀ। ਉਨ੍ਹਾਂ ਨੂੰ ਮਲੇਰ ਕੋਟਲੇ ਲਿਆਕੇ ੧੭ ਜਨਵਰੀ ਦੀ ਸ਼ਾਮ ਨੂੰ ੪੯ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ।

ਇਹ ਕਾਰਵਾਈ ਮਿਸਟਰ ਕਾਵਨ ਵਲੋਂ ਆਪਣੀ ਜ਼ਿੰਮੇਵਾਰੀ ਤੇ ਕੀਤੀ ਗਈ ਸੀ। ਉਸ ਨੇ ਕਿਹਾ ਕਿ ਇਹ ਜ਼ਰੂਰੀ ਸੀ ਕਿ ਅਜਿਹੀ ਖਤਰਨਾਕ ਪਰਿਪਾਟੀ ਨੂੰ ਖਤਮ ਕਰਨ ਲਈ ਇਕ ਮਿਸਾਲ ਪੈਦਾ ਕੀਤੀ ਜਾਂਦੀ।

ਕੂਕੇ ਚੰਗੇ ਭਲੇ ਆਦਮੀ ਸਨ, ਪਕੜੇ ਜਾਣ ਤੇ ਮਾਯੂਸ ਹੋ ਗਏ, ਕੁਝ ਅਪਮਾਨਜਨਕ ਬੋਲੀ ਬੋਲਦੇ ਸਨ। ਸਿਰਫ ਆਪਣੀ ਸਰਕਾਰ ਤੋਂ ਬਿਨਾਂ ਕਿਸੇ ਹੋਰ ਸਰਕਾਰ ਨੂੰ ਮੰਨਣ ਤੋਂ ਇਨਕਾਰੀ ਸਨ।

ਸਜ਼ਾ ਸਮੇਂ ਇਕ ਨੇ ਕਾਵਨ ਤੇ ਹਮਲਾ ਕਰ ਦਿੱਤਾ ਪਰੰਤੂ ਉਸ ਦੇ ਟੋਟੇ ਕਰ ਦਿੱਤੇ ਗਏ।

ਬਿਨਾਂ ਸ਼ੱਕ, ਗਰੋਹ ਦਾ ਨਿਸ਼ਾਨਾ ਹੋਰ ਸ਼ਰਾਰਤ ਕਰਨ ਦਾ ਸੀ। ਮਲੌਦ ਤੇ ਹਥਿਆਰਾਂ ਦੀ ਪ੍ਰਾਪਤੀ ਲਈ ਹਮਲਾ ਰਸਤੇ ਵਿਚ ਪਛਾੜਿਆ ਗਿਆ। ਮਲੇਰ ਕੋਟਲੇ ਤੇ ਹਮਲੇ ਦਾ ਇਕ ਉਦੇਸ਼ ਪੈਸਾ ਪ੍ਰਾਪਤ ਕਰਨਾ ਸੀ ਪਰੰਤੂ ਖਜ਼ਾਨੇ ਦੇ ਦਰਵਾਜ਼ੇ ਦਾ ਭੁਲੇਖਾ ਲੱਗ ਗਿਆ।

ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਅਜਿਹੇ ਸਮੇਂ ਸਥਾਈ ਫੌਜ ਦੀ ਗੈਰ ਹਾਜ਼ਰੀ ਵਿਚ ਭੜਕਾਹਟ ਭਰੀ ਗੜਬੜ ਕਾਮਯਾਬ ਹੋ ਸਕਦੀ ਸੀ ਸਿੱਟੇ ਭਿਆਨਕ ਨਿੱਕਲ ਸਕਦੇ ਸਨ। ਚੇਤਾਵਨੀ ਲਈ ਤੀਬਰਤਾ ਨਾਲ ਦਿੱਤੀ ਸਜ਼ਾ ਜ਼ਰੂਰੀ ਤੇ ਉਚਿਤ ਸੀ।

ਲੁਧਿਆਣੇ ਫੋਰਮਾਇਥ ਨੂੰ ਡਿਪਟੀ ਕਮਿਸ਼ਨਰ ਕਾਵਨ ਦੀ ਜ਼ਾਹਰਾ ਨੀਅਤ, ਪਕੜੇ ਬੰਦਿਆਂ ਨੂੰ ਫਾਹੇ ਲਾਉਣ ਦਾ ਪਤਾ ਲੱਗਾ, ਉਸ ਨੇ ਇਕ ਦਮ ਇਸ ਤਰੀਕੇ ਤੋਂ ਮਨ੍ਹਾ ਕਰਨ ਲਈ ਲਿਖਿਆ ਅਤੇ ਹਦਾਇਤ ਕੀਤੀ ਕਿ ਕੋਟਲਾ ਰਾਜ ਵਲੋਂ ਅਜਿਹੇ ਗੁਨਾਹਾਂ ਲਈ ਦਿੱਤੀ ਜਾਂਦੀ ਕਰੜੀ ਸਜ਼ਾ ਦਿੱਤੀ ਜਾਵੇ। ਪਰੰਤੂ ਇਹ ਖਤ ਬਹੁਤ ਦੇਰ ਬਾਅਦ ਪਹੁੰਚਿਆ ਜੋ ੧੬ ਆਦਮੀ ਬਚੇ ਸਨ। ਅੱਜ ਕਮਿਸ਼ਨਰ ਨੇ ਦੱਸਿਆ ਹੈ ਕਿ ਉਨ੍ਹਾਂ ਨੂੰ ਉਸ ਨੇ ਆਪਣੇ ਅਧਿਕਾਰਾਂ ਅਨੁਸਾਰ ਫਾਹੇ ਲਾ ਦਿੱਤਾ।

ਮੇਰੇ ਵਲੋਂ ਦਿੱਤੀ ਤਾਰ, ਕਿ ਮੇਰੇ ਵਿਚਾਰ ਅਨੁਸਾਰ ਮਿਸਟਰ ਕਾਵਨ ਨੇ ਸਹੀ ਉਦਾਹਰਣ ਸਥਾਪਤ ਕੀਤੀ ਹੈ, ਬਹੁਤ ਦੇਰ ਨਾਲ ਪਹੁੰਚੀ - ਆਪ ਜੀ ਦੀ ਤਾਰ ਹੋਰ ਫਾਹੇ ਲਾਉਣ ਦੀ ਕਾਰਵਾਈ ਰੋਕਣ ਲਈ ਬਾਅਦ ਵਿਚ ਮਿਲੀ ਫੋਰਮਾਈਥ ਨੇ ਤਾਰ ਦਿੱਤੀ ਹੈ ਕਿ, ਕਾਵਨ ਦੀ ਕਾਰਵਾਈ ਸ਼ਲਾਘਾਯੋਗ ਹੈ - ਮੌਕੇ ਸਿਰ ਕੀਤੀ ਕਾਰਵਾਈ, ਮੇਰੇ ਖਿਆਲ ਮੁਤਾਬਕ ਵੀ ਠੀਕ ਹੈ ਅਤੇ ਦੇਰੀ ਕਰਨ ਨਾਲ ਬਹੁਤ ਭਿਆਨਕ ਨਤੀਜੇ ਨਿਕਲ ਸਕਦੇ ਸਨ।

ਮੈਂ ਕਮਿਸ਼ਨਰ ਨੂੰ ਮਿਸਟਰ ਕਾਵਨ ਪਾਸੋਂ ਉਸ ਵਲੋਂ ਚੁੱਕੇ ਕਦਮ ਦਾ ਕਾਰਨ ਪੁੱਛਣ ਲਈ ਕਿਹਾ ਹੈ।

ਹੁਣ ਸਭ ਤਰ੍ਹਾਂ ਨਾਲ ਸ਼ਾਂਤੀ ਹੈ-ਪਰੰਤੂ ਹੁਣ ਦੇਖਣਾ ਹੈ ਕਿ ਰਾਮ ਸਿੰਘ ਤੇ ਉਸਦੇ ਸੂਬਿਆਂ ਨੂੰ ਪਕੜਨ ਦਾ ਕੀ ਅਸਰ ਹੁੰਦਾ ਹੈ?

ਗਲੇਨਸਕੀ ਨੇ ਪੁਲਿਸ ਛਾਪੇ ਨੂੰ ਨਿਰਉਤਸ਼ਾਹਤ ਕੀਤਾ ਹੈ, ਪਰੰਤੂ ਕਰਨਲ ਬੇਲੀ ਜ਼ਿਲ੍ਹਾ ਪੁਲਿਸ ਅਫਸਰ (ਇੰਸਪੈਕਟਰ) ਨੇ ਕਿਹਾ ਹੈ ਕਿ (ਸਤਿਗੁਰੂ ਰਾਮ ਸਿੰਘ) ਨੂੰ ਪਕੜਨ ਦਾ ਕਾਰਨ ਹੈ ਕਿ ਉਸ ਨੇ ਸਹੀ ਤੌਰ ' ਤੇ ਭੜਕਾਇਆ ਅਤੇ ਉਤੇਜਤ ਕੀਤਾ ਹੈ। ਇਹ ਫਿਰ ਬਿਆਨਿਆਂ ਜਾਵੇਗਾ। ਹੁਣ ਡਾਕ ਜਾ ਰਹੀ ਹੈ।

ਮੇਰੇ ਤੇ ਯਕੀਨ ਕਰਨਾ, ਆਪ ਜੀ ਦਾ ਵਿਸ਼ਵਾਸ ਪਾਤਰ

ਆਰ. ਐਚ. ਡੇਵਿਸ

ਹਵਾਲੇ

ਬ੍ਰਿਗੇਡੀਅਰ ਜਾਹਨ- ਪ੍ਰੇਮ ਦੀਆਂ ਹੁੰਝਾਂ ਡਾ: ਜਗਜੀਤ ਸਿੰਘ ਚੌਹਾਨ

ਕਿਸ਼ਤ (੫) ਦੇਸ ਪ੍ਰਦੇਸ਼ ੧੧-੧੦-੧੯੯੧, ਪੰਨਾ ੩੯-੪੧

ਪੰਥ ਪ੍ਰਕਾਸ਼- ਸ੍ਰੀ ਗਿਆਨੀ ਗਿਆਨ ਸਿੰਘ

ਇੰਡੀਆ ਆਫਸ ਲਾਇਬ੍ਰੇਰੀ ਵਿਚੋਂ Papers About Kukas (I.O.L) Private Collections. Private Collection of Lord Mayo Cambridge University Library.

ਮਹਾਰਾਜਾ ਪਟਿਆਲਾ ਦਾ ਖ਼ਤ (ਅੰਗਰੇਜ਼ੀ)

From: H.H.The Maharajah of Puttiala to the Secretary, Government, Punjab.

February 15th 1872.

My dear Friend,

In reply to a telegram from you, I promised in my letter of the 20th ultimo, to make inquiries as requested by his Honour the Lieutenant-Governor, and communicate to you the real cause of the Kooka Outbreak; I therefore write for his honour's information that, from many proofs, it is quite certain that (Satguru) Ram Singh's real motive and ambition was bent upon religious- pretext, to reign and acquire dominion and territory. He implanted this capricious notion in the minds of his ignoraqnt and superstitious followers that their creed was to predominate, that everywhere the Government of the country would be very soon in their hands, and as they had the fullest belief of this absurdity, he never failed to excite their minds and keep them in agitation and earnest expectation to attain their object.

And as the number of his followers- full of blind bigotry and zeal- had now increased to enormity and vastness, he therefore had a sanguine hope of success, and excited them to view with the utmost horror and hatred, the act of cow-killing.

In exciting this prejudice his motive was - as under the religious pretext the cartridge prejudice subverted and put in commotion the whole of India in 1857,- that by means of this ignitible match he may rouse up and excite the feelings of the whole Hindoo community, including the chieftains, gentry,and the troops, to stand up and sympathize in support of a common cause of hatred against the rulers of the country, anticipating, with some reason, a result from the confusion which would follow, that in every class and grade of the community he would be held in respect and awe, and this establish a powerful sway over them, of which he was long in earnest.

Had not this appalling punishment been inflicted so promptly and so well as was the case, and had not (Satguru) Ram Singh and his Soobahs been deported from the province, there was no hope of the disturbance being quelled soon, and, without doubt, there would have been an endless waste of money and life before tranquillity and confidence would have been restored. Had they had the most meagre success, the whole sect would have sprung up like friends, who were all anxiously watching the result of this pantomimic attack.

The above is a brief result of my inquiries, which have been recorded after the most careful observation. There is one thing more, which I think it right putting to your notice. I have learnt from newspapers, etc. that the Government of India has expressed its disapprobation at the manner of the punishment awarded by the local authorities. I believe the object of Government will be misunderstood by the public, and particularly by the benighted sect, who will no doubt, attribute it to the supernatural power of their "Satgooroo".

This will tend in a great measure to frustrate and invalidate the excellent action and efficient measures adopted in the coercion and eradication, by the district authorities and native chieftains, of an evil which had been so promptly and adequately nipped in the bud before bringing forth blossoms of further evil, and would make them look light and important.

I am of the opinion that misconstruction of intention of a Government by the public is always fraught with unpleasant consequences, and I deem it right to inform you of the views I take on the subject.

With my regards, I am,

Yours very sincerely,

Mohinder Singh, Maharajah of Puttiala.

Abstract from the Book-Autobiography and reminiscences of Sir Duglas Forsyth. pp.39-40-41.

ਫੋਰਿਸ ਦਾ ਖ਼ਤ (ਅੰਗਰੇਜ਼ੀ)

Delhi.

January 19th 1872.

Dear Lord Mayo,

I have to thank your Excellency sincerely for the prompt support given to the movement of troops from here for the pacification of the Cis Sutlej territory in which disturbance was feared on account of the raid made by the Kukas.

The Commander In Chief did everything he possibly could to ensure the success of the operation.

Happily the troops had not been brought into collision with the Kukas. Before they reached Umbala and Officer District Commissioner, Mr. Cowan had on the 16th got to Maler Kotla with some horsemen of the Jhind and Nabia States. The gang who attacked Maler Kotla had been brought to bay buy the Patiala people and disarmed. They were brought into Maler Kotla and on the 17th, 49 of them blown from guns towards evening.

This was done by Mr. Cowan on his own responsibility. He says he considered that it was necessary to make an example to put an end to what

he regarded as a dangerous convention.

The Kukas are described as a good deal dispirited when taken but well to do looking people. Some were very abusive disowning all government but their own.

All the time of the execution one made a rush at Mr. Cowan but was cut to pieces.

No doubt the gang meant further mischief. They stopped by the way to attack Maloudh to get arms, and one object at all events at Maler Kotla was to get money though they mistook the door of the treasury.

It is certainly not easy to exaggerate the alarm occasioned by a furious raid of this kind in the absence of the regular troops, and if it had been more successful the consequences might have been serious. Severity in its punishment was necessary and advisable.

Forsyth on learning at Ludhiana the declared intention of the District Commissioner, Mr. Cowan to execute the men taken, wrote at once prohibiting this course and directing adherence to the procedure of the Kotla state which admits of capital punishment being inflicted by the local authorities only with the sanction of the law. But his letter did not reach Mr. Cowan until too late. Sixteen men however remained and the Commissioner has today reported the execution of these under his own authority.

A telegram from me intimating that in my opinion a sufficient example had been made by Mr. Cowan reached too late- and your Excellency's telegram stopping further executions was subsequently received. Forsyth telegraphed that he considered Mr. Cowan deserving of commendation for his prompt action from which I presume he considers that delay would have been attended with injurious effects.

I have called on the Commissioner to obtain an explanation from Mr. Cowan of the reasons for the course he took.

Everything is said to be quiet now-but it remains to see what the effect of Ram Singh's arrest and that of his Subahs will have.

Glensiky R.J. discouraged this raid but Col. Baillie, District Inspector of Police says there is reason to believe that he really instigated and sanctioned it. This will be further reported on. The post is just going out.

Believe me,
Every faithfully yours,
R.H.Davies. ■

ਨਾਮਧਾਰੀ

■ ਕਸ਼ਮੀਰ ਸਿੰਘ ਨੀਰ

ਸੋਹਬਤ ਚਾਹੇਂ ਜੇ ਕਿਸੇ ਦੀ ਜੱਗ ਅੰਦਰ,
ਤਾਂ ਫਿਰ ਕਰ ਸੰਗਤ ਨਾਮਧਾਰੀਆਂ ਦੀ।
ਮੇਲਾ ਕਾਵਾਂ ਦਾ ਲੱਗਾ ਸੰਸਾਰ ਸਾਰਾ,
ਵਿਚ ਹੰਸ-ਪੰਗਤ ਨਾਮਧਾਰੀਆਂ ਦੀ।
ਆਪੋ ਆਪਣੇ ਚੋਲੇ ਸਭ ਆਪ ਰੰਗਣ,
ਰੰਗੀ ਰੱਬ ਰੰਗਤ ਨਾਮਧਾਰੀਆਂ ਦੀ।
ਲੋਕੀਂ ਮੰਗਦੇ ਦੌਲਤਾਂ ਦੁਨੀ ਦੀਆਂ,
ਇਕੋ ਨਾਮ ਮੰਗਤ ਨਾਮਧਾਰੀਆਂ ਦੀ।

ਨਾਮ ਧਾਰਿਆ ਨਾਮ ਆਧਾਰ ਕੀਤਾ,
ਨਾਮ ਲਿਵ ਲਾਈ ਨਾਮਧਾਰੀਆਂ ਨੇ।
ਹੋਰਾਂ ਗੁਰੂ ਨੂੰ ਸਮਝ ਮਖੌਲ ਛੱਡਿਆ,
ਮਹਿਮਾ ਗੁਪਤ ਗਾਈ ਨਾਮਧਾਰੀਆਂ ਨੇ।
ਗੁਰੂ ਚਰਨਾਂ ਤੋਂ ਹੋ ਬਲਿਹਾਰ ਬਾਜ਼ੀ,
ਸਿਰ ਧੜ ਲਾਈ ਨਾਮਧਾਰੀ ਨੇ।
ਖੋਜ ਗੁਰੂ ਦੀ ਬਾਣੀ ਦੀ ਨਾਮ ਦੀ ਕਰ,
ਉੱਚੀ ਗਤ ਪਾਈ ਨਾਮਧਾਰੀਆਂ ਨੇ।

ਸਾਰੀ ਉਮਰ ਹੀ ਨਾਮ ਦਾ ਪੀਣ ਅੰਮ੍ਰਿਤ,
ਅੰਤ ਨਾਮ ਖਾਦਾ ਨਾਮਧਾਰੀਆਂ ਨੂੰ।
ਨਾਮ, ਰੱਬ ਤੇ ਗੁਰੂ ਦਾ ਰੂਪ ਇਕੋ,
ਰਹਿੰਦਾ ਖਿੱਚ ਪਾਦਾ ਨਾਮਧਾਰੀਆਂ ਨੂੰ।
ਹੋਰ ਦੁਨੀਆਂ ਨੂੰ ਗ਼ਰਜਾਂ ਦੇ ਇਸ਼ਕ ਲੱਗੇ,
ਇਸ਼ਕ ਸਤਿਗੁਰਾਂ ਦਾ ਨਾਮਧਾਰੀਆਂ ਨੂੰ।
ਨਿਤ ਗੁਰੂ ਤੋਂ ਮਰਦੇ ਨੇ ਨਾਮਧਾਰੀ,
ਗੁਰੂ ਮੁੜ ਜਿਵਾਂਦਾ ਨਾਮਧਾਰੀਆਂ ਨੂੰ।

ਪੂਰਾ ਗੁਰੂ ਹੁੰਦਾ ਇਕੋ ਨਾਮਧਾਰੀ,
ਹੋਰ ਸਵਾਂਗ ਕਰਦੇ ਨਾਮਧਾਰੀਆਂ ਦਾ।
ਉਹ ਵੀ ਗੁਰੂ ਦੀ ਦਇਆ ਨਾਲ ਜਾਣ ਬਖ਼ਸ਼ੇ,
ਜਿਹੜੇ ਭੇਖ ਧਰਦੇ ਨਾਮਧਾਰੀਆਂ ਦਾ।
ਸੱਚੇ ਨਾਮ ਦੀ ਜਿਹਨਾਂ ਨੂੰ ਕਦਰ ਹੋਈ,
ਪਾਣੀ ਨਿਤ ਭਰਦੇ ਨਾਮਧਾਰੀਆਂ ਦਾ।
ਹੁੰਦੀ ਰੱਬ ਦੀ ਮਿਹਰ ਜਾਂ ਬੰਦਿਆਂ ਤੇ,
ਆਣ ਸੰਗ ਕਰਦੇ ਨਾਮਧਾਰੀਆਂ ਦਾ।

ਸੱਚੇ ਨਾਮ ਤੋਂ ਜਿਨ੍ਹਾਂ ਨੇ ਜਿੰਦ ਵਾਰੀ,
ਜਿੰਦ ਜਾਨ ਸਦਕੇ ਨਾਮਧਾਰੀਆਂ ਤੋਂ।
ਏਸ ਜਗਤ ਫ਼ਨਾਹ ਦੇ ਵਿੱਚ ਉਤਮ,
ਨਾ ਕੁਝ ਹੋਰ ਵਧ ਕੇ ਨਾਮਧਾਰੀਆਂ ਤੋਂ।
ਮਾਰਗ ਭਗਤੀ ਤੇ ਸ਼ਕਤੀ ਦਾ ਜਾ ਪੁੱਛੋ,
ਹੋਇਆ ਸ਼ੁਰੂ ਜਦ ਕਿ ਨਾਮਧਾਰੀਆਂ ਤੋਂ।
'ਨੀਰ' ਆਪਣਾ ਜਨਮ ਸੁਆਰ ਜਾਈਂ,
ਹਰੀ ਨਾਮ ਭੱਜ ਕੇ ਨਾਮਧਾਰੀਆਂ ਤੋਂ।

■

ਪਿਆਰਾ ਸਿੰਘ ਦਾਤਾ

ਬਾਬਾ ਰਾਮ ਸਿੰਘ

ਬਾਬਾ ਰਾਮ ਸਿੰਘ ਅੰਗਰੇਜ਼ਾਂ ਵਿਰੁੱਧ ਸੰਘਰਸ਼ ਦੇ ਇਤਿਹਾਸ ਵਿੱਚ ਇੱਕ ਅਜਿਹੀ ਸ਼ਖਸੀਅਤ ਹੋਏ ਹਨ ਜਿਨ੍ਹਾਂ ਨੇ ਆਪਣੇ ਸਮਾਜ ਦੇ ਵਾਤਾਵਰਨ ਨੂੰ ਸਵੱਛ ਬਣਾਉਣ ਅਤੇ ਅੰਗਰੇਜ਼ਾਂ ਨੂੰ ਦੇਸ ਵਿੱਚੋਂ ਬਾਹਰ ਕੱਢਣ ਲਈ ਸਿਰੜ ਕ੍ਰਾਂਤੀ ਦਾ ਨਾਅਰਾ ਹੀ ਨਹੀਂ ਦਿੱਤਾ ਸਗੋਂ ਬੇਅੰਤ ਸਿੱਖਾਂ ਨੂੰ ਕੁਰਬਾਨੀਆਂ ਕਰਨ ਲਈ ਪ੍ਰੇਰਿਆ। ਉਹਨਾਂ ਆਪਣੇ ਪੈਰੋਕਾਰਾਂ ਨੂੰ ਇਸ ਕਦਰ ਤਿਆਰ ਕਰ ਦਿੱਤਾ ਕਿ ਉਹ ਆਪਣੀ ਜ਼ਿੰਦਗੀ ਨੂੰ ਦੇਸ ਦੀ ਅਮਾਨਤ ਸਮਝਣ ਲੱਗ ਪਏ।



ਬਾਬਾ ਰਾਮ ਸਿੰਘ ਅੰਗਰੇਜ਼ਾਂ ਵਿਰੁੱਧ ਸੰਘਰਸ਼ ਦੇ ਇਤਿਹਾਸ ਵਿੱਚ ਇੱਕ ਅਜਿਹੀ ਸ਼ਖਸੀਅਤ ਹੋਏ ਹਨ ਜਿਨ੍ਹਾਂ ਨੇ ਆਪਣੇ ਸਮਾਜ ਦੇ ਵਾਤਾਵਰਨ ਨੂੰ ਸਵੱਛ ਬਣਾਉਣ ਅਤੇ ਅੰਗਰੇਜ਼ਾਂ ਨੂੰ ਦੇਸ ਵਿੱਚੋਂ ਬਾਹਰ ਕੱਢਣ ਲਈ ਸਿਰੜ ਕ੍ਰਾਂਤੀ ਦਾ ਨਾਅਰਾ ਹੀ ਨਹੀਂ ਦਿੱਤਾ ਸਗੋਂ ਬੇਅੰਤ ਸਿੱਖਾਂ ਨੂੰ ਕੁਰਬਾਨੀਆਂ ਕਰਨ ਲਈ ਪ੍ਰੇਰਿਆ। ਉਹਨਾਂ ਆਪਣੇ ਪੈਰੋਕਾਰਾਂ ਨੂੰ ਇਸ ਕਦਰ ਤਿਆਰ ਕਰ ਦਿੱਤਾ ਕਿ ਉਹ ਆਪਣੀ ਜ਼ਿੰਦਗੀ ਨੂੰ ਦੇਸ ਦੀ ਅਮਾਨਤ ਸਮਝਣ ਲੱਗ ਪਏ।

ਬਾਬਾ ਰਾਮ ਸਿੰਘ ਸ੍ਰ: ਜੱਸਾ ਸਿੰਘ ਦੇ ਸਪੁੱਤਰ ਸਨ। ਉਹਨਾਂ ਦੇ ਮਾਤਾ, ਬੀਬੀ ਸਦਾ ਕੌਰ ਜੀ ਬੜੇ ਧਾਰਮਿਕ ਵਿਚਾਰਾਂ ਵਾਲੇ ਸਨ। ਬਾਬਾ ਜੀ ਦਾ ਜਨਮ ੩ ਫਰਵਰੀ, ੧੮੧੬ ਨੂੰ ਬਸੰਤ ਪੰਚਮੀ ਦੇ ਸ਼ੁਭ ਦਿਹਾੜੇ, ਭੈਣੀ ਸਾਹਿਬ ਦੇ ਨੇੜੇ ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਬਚਪਨ ਵਿੱਚ ਹੀ ਉਹਨਾਂ ਨੂੰ ਪਿਤਾ ਤੇ ਮਾਤਾ ਨੇ ਸਿੱਖ ਇਤਿਹਾਸ, ਗੁਰਬਾਣੀ ਤੇ ਦੇਸ ਦੇ ਇਤਿਹਾਸ ਦੀ ਭਰਪੂਰ ਵਾਕਫੀ ਦੇ ਦਿੱਤੀ ਸੀ। ਉਸ ਵੇਲੇ ਦੇ ਰਿਵਾਜ ਅਨੁਸਾਰ ਬਾਬਾ ਜੀ ਦੀ ਸ਼ਾਦੀ ਕੇਵਲ ਸੱਤ ਸਾਲ ਦੀ ਉਮਰ ਵਿੱਚ ਪਿੰਡ ਧਰੋੜਾ ਦੇ ਸਾਹਬੂ ਨਾਂ ਦੇ ਇੱਕ ਵਿਅੱਕਤੀ ਦੀ ਸਪੁੱਤਰੀ ਬੀਬੀ ਜਸਾਂ ਨਾਲ ਹੋ ਗਈ।

ਬਚਪਨ ਵਿੱਚ ਘਰ ਤੇ ਧਰਮਸ਼ਾਲਾ ਤੋਂ ਮਿਲੀ ਸਿੱਖਿਆ ਅਨੁਸਾਰ ਆਪ ਖੇਡਣ ਕੁੱਦਣ ਨਾਲੋਂ ਭਜਨ ਬੰਦਗੀ ਵੱਲ ਵਧੇਰੇ ਧਿਆਨ ਦੇਂਦੇ ਸਨ ਤੇ ਪਿਤਾ ਜੀ ਦਾ ਖੇਤੀਬਾੜੀ ਤੇ ਤਰਖਾਣੇ ਕੰਮ ਵਿੱਚ ਹੱਥ ਵਟਾਇਆ ਕਰਦੇ ਸਨ। ਜੁਆਨ ਹੋਏ ਤਾਂ ਸੰਨ ੧੮੩੭ ਵਿੱਚ ਮਹਾਰਾਜਾ ਨੌਨਿਹਾਲ ਸਿੰਘ ਜੀ ਦੀ ਪਲਟਨ ਵਿੱਚ ਜਾ ਭਰਤੀ ਹੋਏ। ਆਪਣੀ ਫ਼ੌਜੀ ਨੌਕਰੀ ਸਮੇਂ ਵੀ ਬਾਬਾ ਰਾਮ ਸਿੰਘ ਸਵੇਰੇ ਉਠਦੇ, ਇਸ਼ਨਾਨ ਪਾਣੀ ਮਗਰੋਂ ਨਿਤਨੇਮ ਕਰਦੇ ਤੇ ਪ੍ਰਭੂ ਭਗਤੀ ਵਿੱਚ ਲੀਨ ਹੋ ਜਾਂਦੇ। ਉਹਨਾਂ ਦੀ ਵੇਖਾ ਵੇਖੀ ਬਹੁਤ ਸਾਰੇ ਫ਼ੌਜੀ ਵੀ ਉਹਨਾਂ ਦੇ ਉਪਰੋਕਤ ਪ੍ਰੋਗਰਾਮ ਵਿੱਚ ਸ਼ਾਮਿਲ ਹੋ ਗਏ। ਇਸ ਤਰ੍ਹਾਂ ਬਾਬਾ ਰਾਮ ਸਿੰਘ ਵਾਲੇ, ਫੌਜੀ ਦਸਤੇ ਦਾ ਨਾਂ ਹੀ 'ਭਗਤਾਂ ਵਾਲੀ ਰਜਮੈਂਟ' ਪੈ ਗਿਆ। ਇਸ ਨੌਕਰੀ ਦੌਰਾਨ ਹੀ ਬਾਬਾ ਰਾਮ ਸਿੰਘ ਜੀ, ਹਜ਼ਰੋਂ-ਹਰੀਪੁਰ ਹਜ਼ਾਰਾ (ਪਾਕਿਸਤਾਨ) ਵਿੱਚ ਰਹਿੰਦੇ ਪ੍ਰਸਿੱਧ ਭਜਨੀਕ ਮਹਾਂ-ਪੁਰਸ਼, ਬਾਬਾ ਬਾਲਕ ਸਿੰਘ ਦੇ ਸ਼ਰਧਾਲੂ ਬਣ ਗਏ, ਇਹਨਾਂ ਤੋਂ ਹੀ ਅਧਿਆਤਮਿਕ ਗਿਆਨ ਪ੍ਰਾਪਤ ਕੀਤਾ ਤੇ ਉਹਨਾਂ ਦੀ ਗੱਦੀ ਤੇ ਬੈਠੇ। ੧੮੪੫ ਈ. ਵਿੱਚ ਸਿੱਖ ਫ਼ੌਜ ਦੀ ਦੁਰਦਸ਼ਾ ਤੇ ਸਰਦਾਰਾਂ ਦੀ ਬੇਵਫਾਈ ਕਾਰਨ ਹਾਰ ਹੁੰਦੀ ਸਮਝੀ ਤਾਂ ਬਾਬਾ ਜੀ ਨੌਕਰੀ ਛੱਡ ਕੇ ਆਪਣੇ ਪਿੰਡ ਆ ਗਏ ਜਿੱਥੇ ਨਿਰੋਲ ਭਜਨ ਬੰਦਗੀ ਤੇ ਕਿਰਤ ਕੀਤੀ।

ਭੈਣੀ ਸਾਹਿਬ ਭਜਨ ਬੰਦਗੀ ਦੇ ਨਾਲ ਨਾਲ, ਰਾਜਸੀ ਸਰਗਰਮੀਆਂ ਦਾ ਕੇਂਦਰ ਵੀ ਬਣ ਗਿਆ ਸੀ। ਆਪ ਜੀ ਦੀ ਕੀਰਤੀ ਦੂਰ ਦੂਰ ਤੱਕ ਫੈਲ ਚੁੱਕੀ ਸੀ। ਆਮ ਕਿਸਾਨ ਤੇ ਪਿੰਡਾਂ ਵਿੱਚ ਹੋਰ ਕਿਰਤ ਕਰਨ ਵਾਲੇ ਲੋਕ ਬਾਬਾ ਜੀ ਦੇ ਪੈਰੋਕਾਰ ਬਣਦੇ ਚਲੇ ਗਏ। ਔਠਾਂ ਦਸਾਂ ਸਾਲਾਂ ਵਿੱਚ ਹੀ ਲੱਖਾਂ ਦੀ ਗਿਣਤੀ ਵਿੱਚ ਲੋਕ ਆਪ ਜੀ ਦੇ ਝੰਡੇ ਹੇਠ ਆ ਗਏ। ਦੇਸ ਦੀ ਨਿੱਘਰੀ ਹਾਲਤ ਨੂੰ ਉੱਚਾ ਚੁੱਕਣ ਲਈ ਸੰਨ ੧੮੫੭ ਨੂੰ ਵਿਸਾਖੀ ਵਾਲੇ ਦਿਨ ਹੀ ਪਿੰਡ ਭੈਣੀ ਸਾਹਿਬ ਵਿਖੇ ਇੱਕ ਦੀਵਾਨ ਸਜਾ ਕੇ ਬਾਬਾ ਜੀ ਨੇ 'ਸੰਤ ਖਾਲਸਾ' ਦੀ ਸਥਾਪਨਾ ਕਰ ਦਿੱਤੀ ਤੇ ਆਈਆਂ ਸੰਗਤਾਂ ਸਾਹਮਣੇ ਚਿੱਟਾ ਝੰਡਾ ਝੁਲਾ ਕੇ ਉਹਨਾਂ ਨੂੰ ਆਪਣੇ ਇਨਕਲਾਬੀ ਵਿਚਾਰਾਂ ਤੋਂ ਜਾਣੂੰ ਕਰਵਾਇਆ।

"ਦੇਸ ਵਾਸੀਓ, ਭਾਰਤੀਆਂ ਨੂੰ ਹੁਣ ਬਲਵਾਨ ਆਤਮਾ ਦੇ ਨਾਲ ਨਾਲ, ਬਲਵਾਨ ਸਰੀਰ ਦੀ ਵੀ ਲੋੜ ਹੈ। ਬਲਵਾਨ ਸਰੀਰ ਹੀ ਆਪਣੇ ਦੇਸ ਵਾਸੀਆਂ ਦੀ ਰੱਖਿਆ ਕਰ ਸਕਦਾ ਹੈ। ਸਮਾਜ ਵਿੱਚੋਂ ਕੁਰੀਤੀਆਂ ਦੂਰ ਕਰਨੀਆਂ ਤੇ ਭੈੜੀਆਂ ਰਸਮਾਂ ਨੂੰ ਤਲਾਂਜਲੀ ਦੇਣੀ ਸਾਡਾ ਸਭ ਦਾ ਧਰਮ ਹੈ। ਉਹਨਾਂ ਦੀਆਂ ਬਣਾਈਆਂ ਰੇਲ ਗੱਡੀਆਂ, ਸਕੂਲ, ਕਾਲਜ ਤੇ ਡਾਕਖਾਨੇ ਆਦਿ ਸਹੂਲਤਾਂ ਉਹਨਾਂ ਨੂੰ ਮੁਬਾਰਕ। ਅਸੀਂ ਅੰਗਰੇਜ਼ਾਂ ਦੇ ਬਰਾਬਰ ਆਪਣੀ ਹਕੂਮਤ ਕਾਇਮ ਕਰਨੀ ਹੈ। ਚਿੱਠੀ ਪੱਤਰ ਲਈ ਸਾਡਾ ਆਪਣਾ ਪ੍ਰਬੰਧ ਜ਼ਰੂਰੀ ਹੈ ਤਾਂ ਜੋ ਸਾਡੀਆਂ ਚਿੱਠੀਆਂ ਹਕੂਮਤ ਦੇ ਸੈਂਸਰ ਤੋਂ ਬਚ ਸਕਣ। ਅੰਗਰੇਜ਼ਾਂ ਦੇ ਖੋਲ੍ਹੇ ਸਕੂਲਾਂ ਦੀ ਥਾਂ ਆਪਣੇ ਬੱਚਿਆਂ ਨੂੰ ਧਰਮਸ਼ਾਲਾਂ, ਮੰਦਰਾਂ ਤੇ ਮਸਜਦਾਂ ਵਿੱਚ ਵਿੱਦਿਆ ਹਾਸਲ ਕਰਨ ਲਈ ਘੱਲੋ। ਆਪਣੇ ਪਾਸ ਹਰ ਕਿਸਮ ਦੇ ਹਥਿਆਰ ਰੱਖਣੇ ਜ਼ਰੂਰੀ ਹਨ, ਜੋ ਆਪਣੀ ਤੇ ਆਪਣੇ ਦੇਸ ਦੀ ਰੱਖਿਆ ਲਈ ਲੋੜ ਸਮੇਂ ਕੰਮ ਆ ਸਕਣ।"

ਬਾਬਾ ਜੀ ਦੇ ਇਸ ਭਾਸ਼ਣ ਮਗਰੋਂ ਜਦ ਸੰਗਤਾਂ ਘਰਾਂ ਨੂੰ ਪਰਤ ਰਹੀਆਂ ਸਨ ਤਾਂ ਉਹਨਾਂ ਦੇ ਚਿਹਰਿਆਂ ਤੇ ਇੱਕ ਅਨੋਖੀ ਕਿਸਮ ਦਾ ਜਲਾਲ ਸੀ। ਇੰਝ ਜਾਪਦਾ ਸੀ ਜਿਵੇਂ ਬਹਾਦਰ ਪੰਜਾਬੀ ਅੰਗਰੇਜ਼ਾਂ ਨੂੰ ਦੇਸ ਵਿੱਚੋਂ ਕੱਢ ਕੇ ਪੰਜਾਬ ਦਾ ਖੋਹਿਆ ਹੋਇਆ ਗੌਰਵ ਫਿਰ ਪ੍ਰਾਪਤ ਕਰਨ ਲਈ ਕਾਹਲੇ ਪੈ ਗਏ ਹਨ। ਸੱਚ ਮੁੱਚ ਉਹਨਾਂ ਦੀ ਸੁੱਤੀ ਪਈ ਅਣਖ ਨੂੰ ਬਾਬਾ ਰਾਮ ਸਿੰਘ ਨੇ ਮੁੜ ਵੰਗਾਰਿਆ ਸੀ। ਚੰਗੇ ਅਸੂਲਾਂ ਦਾ ਪਰਚਾਰ ਕਰਨ ਲਈ ਬਾਬਾ ਰਾਮ ਸਿੰਘ ਜੀ ਨੇ ਦੇਸ ਦਾ ਬਾਰ ਬਾਰ ਭਰਮਣ ਕੀਤਾ। ਆਪਣੇ ਸਮਾਜਿਕ ਪ੍ਰਬੰਧ ਲਈ ਉਹਨਾਂ ੨੨ ਸੂਬੇ ਥਾਪੇ। ਜਥੇਬੰਦਕ ਯਤਨਾਂ ਨੇ ਲੋਕਾਂ ਅੰਦਰ ਇੱਕ ਜੋਸ਼ ਪੈਦਾ ਕਰ ਦਿੱਤਾ। ਅੰਗਰੇਜ਼ੀ ਤਾਲੀਮ, ਵਿਦੇਸੀ ਮਾਲ, ਕਚਹਿਰੀਆਂ, ਨੌਕਰੀਆਂ ਆਦਿ ਦਾ ਬਾਈਕਾਟ ਕੀਤਾ ਗਿਆ। ਬਾਬਾ ਜੀ ਨੇ ਕੂਕਿਆਂ ਦੀ ਡਾਕ ਸੇਵਾ ਸ਼ੁਰੂ ਕੀਤੀ। ਇਹ ਦੇਸ ਦੇ ਕਿਸੇ ਵੀ ਹਿੱਸੇ ਵਿੱਚ ਸਰਕਾਰੀ ਹਰਕਾਰਿਆਂ ਨਾਲੋਂ ਆਪਣਾ ਕੰਮ ਪਹਿਲਾਂ ਕਰ ਜਾਂਦੀ ਸੀ। ਅੰਗਰੇਜ਼ਾਂ ਨੂੰ ਵੀ ਮੰਨਣਾ ਪਿਆ ਕਿ ਕੂਕਾ ਪੋਸਟਲ ਸਰਵਿਸ ਤੁਰੰਤ ਸੰਦੇਸ਼ ਭੇਜਣ ਦੀ ਸੇਵਾ ਹੈ। ਇਸ ਲਹਿਰ ਵਿੱਚ ਹਿੰਦੂ, ਮੁਸਲਮਾਨ, ਸਿੱਖ ਸਭ ਫਿਰਕਿਆਂ ਦੇ ਲੋਕ ਸ਼ਾਮਿਲ ਹੋ ਸਕਦੇ ਸਨ। ਬਾਬਾ ਰਾਮ ਸਿੰਘ ਜੀ ਨੇ ਆਪਣੇ ਸੇਵਕਾਂ ਨੂੰ ਉੱਤਮ ਅਸੂਲ ਅਪਨਾਉਣ ਦਾ ਉਪਦੇਸ਼ ਦਿੱਤਾ ਜਿਵੇਂ: ਇੱਕ ਰੱਬ ਨੂੰ ਮੰਨਣਾ, ਕਿਸੇ ਫਿਰਕੇ ਵਿੱਚ ਭਿੰਨ ਭੇਦ ਨਾ ਸਮਝਣਾ ਅਤੇ ਬੁੱਤ ਪੂਜਾ ਦੀ ਮਨਾਹੀ। ਆਪ ਨੇ ਝੂਠ ਬੋਲਣਾ, ਚੋਰੀ ਕਰਨੀ, ਪਰਾਈ ਚੀਜ਼ ਵੱਲ ਬੁਰੀ ਨਜ਼ਰ ਨਾਲ ਵੇਖਣ ਆਦਿ ਨੂੰ ਪਾਪ ਦੱਸਿਆ। ਧੀਆਂ ਵੇਚਣ ਤੇ ਨਸ਼ਿਆਂ ਦੇ ਸੇਵਨ ਤੋਂ ਉਹਨਾਂ ਮਨ੍ਹਾਂ ਕੀਤਾ। ਉਹਨਾਂ ਦੱਸਿਆ ਕਿ ਦਾਨ ਤੇ ਗੁਜ਼ਾਰਾ ਕਰਨਾ ਠੀਕ ਨਹੀਂ। ਉਹਨਾਂ ਸਾਧ ਸੰਗਤ ਨੂੰ ਅਪੀਲ ਕਰਦਿਆਂ ਕਿਹਾ, "ਕਿਰਤ ਕਮਾਈ ਕਰੋ ਤੇ ਵੰਡ ਕੇ ਛਕੋ। ਸਵੇਰੇ ਪਹਿਰ ਰਾਤ ਰਹਿੰਦੀ ਉਠੋ। ਇਸ਼ਨਾਨ ਕਰੋ ਤੇ ਪ੍ਰਭੂ ਭਗਤੀ ਵਿੱਚ ਲੀਨ ਹੋ ਜਾਓ।"

੩-੪ ਜੂਨ, ੧੮੬੩ ਨੂੰ ਬਾਬਾ ਰਾਮ ਸਿੰਘ ਜੀ ਨੇ ਪਿੰਡ ਖੋਟਿਆਂ ਜ਼ਿਲ੍ਹਾ ਫੀਰੋਜ਼ਪੁਰ ਵਿੱਚ ਇੱਕ ਦੀਵਾਨ ਲਗਾਇਆ। ਉਸ ਵਿੱਚ ਜਾਤ ਪਾਤ ਦੇ ਬੰਧਨ ਤੋੜ ਕੇ ਪੁਰਾਣੀਆਂ ਗਤਾਂ ਨੂੰ ਛੱਡ ਕੇ ਛੇ ਨੌਜੁਆਨ ਸਿੰਘਾਂ ਸਿੰਘਣੀਆਂ ਦੇ ਅਨੰਦ ਕਾਰਜ ਕਰਵਾਏ। ਬਿਲਕੁੱਲ ਸਾਧਾਰਨ ਅਨੰਦ ਕਾਰਜ ਵੇਖ ਕੇ ਪੁਰਾਣੇ ਰਸਮਾਂ ਰਿਵਾਜਾਂ ਵਿੱਚ ਫਸੇ ਲੋਕ ਬੜੇ ਦੁੱਖੀ ਹੋਏ। ਉਹਨਾਂ ਥਾਣੇ ਰਿਪੋਟ ਕਰ ਦਿੱਤੀ ਕਿ ਇਸਤਰ੍ਹਾਂ ਅਨੰਦ ਕਾਰਜ ਕਰਵਾ ਕੇ ਬਾਬਾ ਰਾਮ ਸਿੰਘ ਉਹਨਾਂ ਦੇ ਧਰਮ ਨੂੰ ਹਾਨੀ ਪੁਚਾ ਰਹੇ ਹਨ। ਹਕੂਮਤ ਨੇ ਬਾਬਾ ਰਾਮ ਸਿੰਘ ਨੂੰ ਨਜ਼ਰਬੰਦ ਕਰ ਦਿੱਤਾ ਤੇ ਉਹਨਾਂ ਦੇ ਪ੍ਰਚਾਰ ਤੇ ਪਾਬੰਦੀ ਲਗਾ ਦਿੱਤੀ। ਇਹ ਪਾਬੰਦੀ ਪੂਰੇ ਚਾਰ ਸਾਲ ਲੱਗੀ ਰਹੀ। ਪਰ ਬਾਬਾ ਜੀ ਨੇ ਬੜੀ ਸਾਵਧਾਨੀ ਨਾਲ ਆਪਣਾ ਗੁਪਤ ਪ੍ਰਚਾਰ ਜਾਰੀ ਰੱਖਿਆ।

ਭੈਣੀ ਸਾਹਿਬ ਦੀ ਨਿਗਰਾਨੀ ਹੱਟਣ ਮਗਰੋਂ ਮੁੜ ਖੁੱਲ੍ਹਾ ਡੁੱਲ੍ਹਾ ਪ੍ਰਚਾਰ ਸ਼ੁਰੂ ਹੋ ਗਿਆ। ਬਾਬਾ ਜੀ ਨੇ ਕਸ਼ਮੀਰ ਦੀ ਡੋਗਰਾ ਹਕੂਮਤ ਨੂੰ ਮਸ਼ਵਰਾ ਦਿੱਤਾ ਕਿ ਉਹ ਆਪਣੀ ਰਿਆਸਤ ਵਿੱਚ ਇੱਕ 'ਕੂਕਾ ਰਜਮੈਂਟ' ਖੜੀ ਕਰੇ। ਰਿਆਸਤੀ ਸਰਕਾਰ ਨੇ ਉਹਨਾਂ ਦਾ ਸੁਝਾਅ ਮੰਨ ਲਿਆ ਤੇ ਸੰਨ ੧੮੬੯ ਵਿੱਚ ਕੂਕਾ ਰਜਮੈਂਟ ਖੜ੍ਹੀ ਕਰ ਦਿੱਤੀ। ਸੰਨ ੧੮੭੦ ਵਿੱਚ ਬਾਬਾ ਜੀ ਵੱਲੋਂ ਇੱਕ ਮਿਸ਼ਨ ਨੇਪਾਲ ਭੇਜਿਆ ਗਿਆ ਕਿ ਜਦੋਂ ਅੰਗਰੇਜ਼ਾਂ ਵਿਰੁੱਧ ਜਹਾਦ ਖੜ੍ਹਾ ਕੀਤਾ ਜਾਵੇ ਉਦੋਂ ਕਾਬੁਲ, ਰੂਸ ਤੇ ਨੇਪਾਲ ਆਦਿ ਦੇਸਾਂ ਤੋਂ ਫ਼ੌਜੀ ਸਹਾਇਤਾ ਪ੍ਰਾਪਤ ਕੀਤੀ ਜਾ ਸਕੇ। ਬਾਬਾ ਜੀ ਨੇ ਪੰਜਾਬੋਂ ਜਬਰੀ ਇੰਗਲੈਂਡ ਲਿਜਾਏ ਗਏ, ਮਹਾਰਾਜਾ ਦਲੀਪ ਸਿੰਘ ਨਾਲ ਸੰਪਰਕ ਪੈਦਾ ਕਰਨ ਦਾ ਯਤਨ ਵੀ ਕੀਤਾ। ਉਹਨਾਂ ਰੂਸ ਤੇ ਕਾਬੁਲ ਦੀਆਂ ਸਰਕਾਰਾਂ ਨਾਲ ਵੀ ਚਿੱਠੀ ਪੱਤਰ ਕੀਤਾ। ਇਹਨੀਂ ਦਿਨੀਂ ਹੀ ਕਾਬੁਲ ਤੋਂ ਦੋ ਰਾਜਕੁਮਾਰ ਭੇਸ ਬਦਲ ਕੇ ਭੈਣੀ ਸਾਹਿਬ ਪਹੁੰਚੇ ਤੇ ਬਾਬਾ ਜੀ ਨਾਲ ਵਿਚਾਰ ਵਟਾਂਦਰਾ ਹੋਇਆ।

ਪੰਜਾਬ ਦਾ ਰਾਜ ਹਥਿਆਣ ਮਗਰੋਂ ਅੰਗਰੇਜ਼ ਹਾਕਮਾਂ ਨੇ ਦੇਸ ਵਾਸੀਆਂ ਦੀ ਭਾਵਨਾ ਦੇ ਉਲਟ ਗਊ ਕਸ਼ੀ ਨੂੰ ਖੂਬ ਸ਼ਹਿ ਦਿੱਤੀ। ਸਰਕਾਰ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨੇੜੇ ਹੀ ਗਊ ਕਸ਼ੀ ਲਈ ਬੁਚੜਖਾਨੇ ਖੁਲਵਾ ਦਿੱਤੇ ਜੋ ਪੰਜਾਬੀਆਂ ਨੂੰ ਬੁਰੀ ਤਰ੍ਹਾਂ ਰੜਕਦੇ ਸਨ। ਕੁਝ ਨਾਮਧਾਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਨ ਮਗਰੋਂ ਬਜ਼ਾਰੋਂ ਲੰਘ ਰਹੇ ਸਨ ਤਾਂ ਉਹਨਾਂ ਨੂੰ ਬੁੱਚੜਾਂ ਵੱਲੋਂ ਖੁੱਲ੍ਹੀ ਡੁੱਲ੍ਹੀ ਗਊ ਹੱਤਿਆ ਕਰਨ ਦਾ ਪਤਾ ਲੱਗਾ। ਕੂਕੇ ਸਿੰਘਾਂ ਪਾਸੋਂ ਇਹ ਬਰਦਾਸ਼ਤ ਨਾ ਹੋਇਆ। ਨਾਮਧਾਰੀ ਪੂਰੇ ਤੈਸ਼ ਵਿੱਚ ਆ ਗਏ। ਕੂਕੇ ਸਿੰਘਾਂ ਨੇ ਰਾਤੀਂ

ਬੁੱਚੜਾਂ ਨੂੰ ਕਤਲ ਕਰ ਦਿੱਤਾ ਤੇ ਜਦ ਉਹ ਸਿੱਧੇ ਭੈਣੀ ਸਾਹਿਬ ਆਣ ਪਹੁੰਚੇ ਤਾਂ ਬਾਬਾ ਜੀ ਨੇ ਉਹਨਾਂ ਨੂੰ ਆਪਣੀ ਬੀਜੀ ਵਢਣ ਲਈ ਕਿਹਾ।

ਉਹਨਾਂ ਇੰਜ ਹੀ ਕੀਤਾ ਤਾਂ ਫਿਰ ਉਹਨਾਂ ਵਿਰੁੱਧ ਮੁਕੱਦਮਾ ਚੱਲਿਆ ਤੇ ਉਹ ਸੰਨ ੧੮੭੧ ਵਿੱਚ ਅੰਮ੍ਰਿਤਸਰ ਵਿੱਚ ਮਜੀਠਾ ਰੋਡ ਉੱਤੇ ਇੱਕ ਬੋਹੜ ਹੇਠਾਂ ਫਾਂਸੀ ਲਾ ਦਿੱਤੇ ਗਏ। ਇਸ ਤਰ੍ਹਾਂ ਦਾ ਵਾਕਿਆ ਰਾਏਕੋਟ ਵੀ ਹੋਇਆ। ਉੱਥੇ ਵੀ ਕਈ ਨਾਮਧਾਰੀਆਂ ਨੇ ਫਾਂਸੀ ਦੇ ਰੱਸੇ ਨੂੰ ਚੁੰਮਿਆ। ੧੭ ਜਨਵਰੀ ੧੮੭੨ ਨੂੰ ਗਊ ਹੱਤਿਆ ਦੇ ਸੰਬੰਧ ਵਿਚ ੬੬ ਨਾਮਧਾਰੀਏ ਫੜੇ ਗਏ, ੫੦ ਨਾਮਧਾਰੀਏ ਬਿਨਾਂ ਮੁਕੱਦਮਾ ਚਲਾਏ ਮਲੇਰਕੋਟਲਾ ਵਿੱਚ ਤੋਪਾਂ ਨਾਲ ਉਡਾ ਦਿੱਤੇ ਗਏ। ਅਗਲੇ ਦਿਨ ੧੬ ਨਾਮਧਾਰੀਆਂ ਨੂੰ ਫਿਰ ਤੋਪਾਂ ਨਾਲ ਉਡਾਇਆ ਗਿਆ। ਅੰਗਰੇਜ਼ਾਂ ਨੇ ਬਾਬਾ ਰਾਮ ਸਿੰਘ ਅਤੇ ਉਹਨਾਂ ਦੇ ਪ੍ਰਮੁਖ ਸੂਬਿਆਂ ਨੂੰ ੧੮ ਜਨਵਰੀ, ੧੮੭੨ ਈ: ਨੂੰ ਗ੍ਰਿਫਤਾਰ ਕਰ ਲਿਆ। ਅੰਗਰੇਜ਼ ਸਰਕਾਰ ਨੇ ਉਹਨਾਂ ਨੂੰ ਪਹਿਲਾਂ ਅਲਾਹਾਬਾਦ ਤੇ ਫਿਰ ਰੰਗੂਨ ਜਲਾਵਤਨ ਕਰ ਦਿੱਤਾ।

ਰੰਗੂਨ ਵਿਖੇ ਬਾਬਾ ਜੀ ਨੂੰ ਉਸ ਮਕਾਨ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ, ਜਿੱਥੇ ੧੮੫੭ ਦੇ ਗ਼ਦਰ ਮਗਰੋਂ ਆਖ਼ਰੀ ਮੁਗ਼ਲ ਬਾਦਸ਼ਾਹ, ਬਹਾਦਰ ਸ਼ਾਹ ਜ਼ਫਰ ਨੂੰ ਕੈਦ ਰੱਖਿਆ ਗਿਆ ਸੀ। ਇੱਧਰ ਨਾਮਧਾਰੀਆਂ ਨੂੰ ਬਾਬਾ ਜੀ ਬਾਰੇ ਇਹ ਵੀ ਪਤਾ ਨਹੀਂ ਸੀ ਕਿ ਉਹ ਦੇਸ ਵਿੱਚ ਹਨ ਜਾਂ ਦੇਸੋਂ ਬਾਹਰ। ਪਰ ਹੌਲੀ ਹੌਲੀ ਉਹਨਾਂ ਨੂੰ ਬਾਬਾ ਜੀ ਦੇ ਰੰਗੂਨ (ਬਰਮਾ) ਵਾਸ ਦਾ ਪਤਾ ਲੱਗ ਗਿਆ। ਅੰਗਰੇਜ਼ੀ ਹਕੂਮਤ ਦੀ ਸਖਤ ਨਿਗਰਾਨੀ ਦੇ ਬਾਵਜੂਦ ਕੁਝ ਨਾਮਧਾਰੀ ਸੈਂਕੜੇ ਮੁਸ਼ਕਲਾਂ ਝਾਗ ਕੇ ਬਰਮਾ ਜਾ ਪੁੱਜੇ। ਇਸ ਤਰ੍ਹਾਂ ਖੁਫੀਆ ਤੌਰ ਤੇ ਬਾਬਾ ਜੀ ਦਾ ਪੰਜਾਬ ਦੇ ਨਾਮਧਾਰੀਆਂ ਤੇ ਦੇਸ-ਭਗਤਾਂ ਨਾਲ ਸੰਪਰਕ ਕਾਇਮ ਹੋ ਗਿਆ। ਸਰਕਾਰ ਨੇ ਬਾਬਾ ਜੀ ਨੂੰ ੧੮ ਸਤੰਬਰ, ੧੮੮੦ ਨੂੰ ਮਰਗੋਈ (ਬਰਮਾ) ਵਿੱਚ ਤਬਦੀਲ ਕਰ ਦਿੱਤਾ, ਫਿਰ ਵੀ ਰੂਸ ਤੇ ਨੇਪਾਲ ਆਦਿ ਮੁਲਕਾਂ ਨਾਲ, ਨਾਮਧਾਰੀ ਨੇਤਾਵਾਂ ਦੀ ਗੱਲਬਾਤ ਦੀ ਖ਼ਬਰ ਆਪ ਨੂੰ ਬਕਾਇਦਾ ਪਹੁੰਚਦੀ ਰਹੀ।

ਬਾਬਾ ਰਾਮ ਸਿੰਘ ਜੀ ਮਹਾਨ ਦੇਸ ਭਗਤ ਸਨ। ਜੰਗ-ਇ-ਆਜ਼ਾਦੀ ਵਿੱਚ ਉਹਨਾਂ ਦੀ ਦੇਣ ਮਹਾਨ ਹੈ। ਅੱਜ ਸਾਰਾ ਭਾਰਤ ਬਾਬਾ ਜੀ ਤੇ ਉਹਨਾਂ ਤੇ ਬਹਾਦਰ ਦੇਸ ਭਗਤ ਨਾਮਧਾਰੀਆਂ ਨੂੰ ਬੜੇ ਮਾਣ ਤੇ ਸਤਿਕਾਰ ਨਾਲ ਵੇਖਦਾ ਹੈ। ਜਦੋਂ ਵੀ ਕਿਤੇ ਸਫੈਦ ਚੂੜੀਦਾਰ ਪਜਾਮਾਂ, ਤਰੀਜ਼ਾਂ ਵਾਲਾ ਕੁੜਤਾ ਤੇ ਸਫੈਦ ਸਿੱਧੀ ਦਸਤਾਰ ਵੇਖ ਲਓ, ਸਮਝ ਲਓ ਇਹੋ ਨਾਮਧਾਰੀ ਹਨ ਜਿਨ੍ਹਾਂ ਦੇਸ ਨੂੰ ਆਜ਼ਾਦ ਕਰਾਉਣ ਲਈ ਮਹਾਨ ਕੁਰਬਾਨੀਆਂ ਦਿੱਤੀਆਂ ਹਨ। ਅੱਜ ਵੀ ਨਾਮਧਾਰੀ ਦੇਸ ਉਸਾਰੀ ਲਈ ਹਰ ਤਰ੍ਹਾਂ ਨਾਲ ਭਰਪੂਰ ਸਹਿਯੋਗ ਦੇ ਰਹੇ ਹਨ।

■

ਚੀਨੀ ਵਾਲਿਆ

■ ਬਲਜੀਤ ਕੌਰ ਵਿਰਕ, ਗਾਜ਼ੀਆਬਾਦ

ਚੀਨੀ ਵਾਲਿਆ ਚੀਨੀ ਨੂੰ ਮੋੜ ਵੇ।

ਅਸੀਂ ਤੇਰੇ ਉਪਕਾਰਾਂ ਨੂੰ ਭੁੱਲ ਕੇ।
ਹੋ ਗਏ ਕੱਖਾਂ ਦੇ ਸਮਾਨ ਰੁੱਲ ਕੇ।
ਭੁੱਗਾ ਆਪਣਾ ਕੀਤਾ ਆਪੇ ਚੌੜ ਵੇ,
ਚੀਨੀ ਵਾਲਿਆ ਚੀਨੀ ਨੂੰ ਮੋੜ ਵੇ।

ਟੀ. ਵੀ. ਚਲਦਾ ਹੈ ਦਿਨ ਔਰ ਰਾਤ ਵੇ।
ਖੋਹੀ ਵੀ. ਸੀ. ਆਰ. ਸਾਥੋਂ ਪਰਭਾਤ ਵੇ।
ਸਵਾ ਪਹਿਰ ਦਿਨ ਸੌਣੇ ਦੀ ਹੋੜ ਵੇ।
ਚੀਨੀ ਵਾਲਿਆ ਚੀਨੀ ਨੂੰ ਮੋੜ ਵੇ।

ਨੀਂਦ ਆਵੇ ਜਾਂ ਲੱਗਾਂ ਮਾਲਾ ਫੇਰਨੇ।
ਮਨ ਹਰਾਮੀ ਤੇ ਹੁੱਜਤਾਂ ਢੇਰ ਨੇ।
ਮਨ ਮੇਰਾ ਅਸਲ ਵਿਚ ਤੇਰਾ ਚੋਰ ਵੇ।
ਚੀਨੀ ਵਾਲਿਆ ਚੀਨੀ ਨੂੰ ਮੋੜ ਵੇ।

ਆਸਣ, ਪਊਏ ਤੇ ਗੜਵਾ, ਡੋਰੀ।
ਸਾਥੋਂ ਕਰ ਲਏ ਇਤਿਹਾਸ ਤੇਰੇ ਚੋਰੀ।
ਆਕੇ ਵੇਖ ਲਈਂ ਤੂੰ ਲਿਖਾਂ ਕੀ ਹੋਰ ਵੇ?
ਚੀਨੀ ਵਾਲਿਆ ਚੀਨੀ ਨੂੰ ਮੋੜ ਵੇ।

ਤੂੰ ਤਾਂ ਪੱਛਮੀ ਰਿਵਾਜਾਂ ਸੰਗ ਲੜਿਆ।
ਕੋਟ, ਪੈਂਟ, ਟਾਈ ਲਾ ਕੂਕਾ ਖੜਿਆ।
ਤੇਰੇ ਬਾਣੇ ਦੀ ਰਹੀ ਨਾਂ ਅੱਜ ਲੋੜ ਵੇ।
ਚੀਨੀ ਵਾਲਿਆ ਚੀਨੀ ਨੂੰ ਮੋੜ ਵੇ।

ਨਹੁੰ ਪਾਲਿਸ਼ ਤੇ ਸਿਰ ਉੱਤੋਂ ਨੰਗੇ ਨੇ।
ਗਲ ਜ਼ੁਲਫਾਂ ਤੇ ਹੋਠ ਲਾਲ ਰੰਗੇ ਨੇ।
ਜਿਵੇਂ ਕੁੱਤੇ ਨੇ ਖਾਧਾ ਤਾਜਾ ਢੇਰ ਵੇ।
ਚੀਨੀ ਵਾਲਿਆ ਚੀਨੀ ਨੂੰ ਮੋੜ ਵੇ।

ਕਿਆ ਲੋੜ ਹੈ ਸਿੱਖੀ ਇਤਿਹਾਸ ਦੀ।
ਵਿਆਹ ਦਾ ਬੁੱਤਾ ਅਰਦਾਸ ਜਦੋਂ ਸਾਰਦੀ।
ਬਚਨ ਮੰਨਦੇ ਨਾਂ ਬੜੇ ਹਾਂ ਅਮੋੜ ਵੇ।
ਚੀਨੀ ਵਾਲਿਆ ਚੀਨੀ ਨੂੰ ਮੋੜ ਵੇ।

ਹੱਕ ਸਮਝਦੇ ਜੋ ਆਪਣਾ ਦਾਜ ਤੇ।
ਕਰਨ ਪਾਰਟੀਆਂ ਨੱਕ ਦੀ ਲਾਜ ਤੇ।
ਵਰਤਮਾਨ ਗੁਰੂ ਜੀ ਰਹੇ ਹੋੜ ਵੇ।
ਚੀਨੀ ਵਾਲਿਆ ਚੀਨੀ ਨੂੰ ਮੋੜ ਵੇ।

ਅਸੀਂ ਹੋ ਗਏ ਹਾਂ ਬੜੇ ਅਣਮੋੜ ਵੇ।
ਚੀਨੀ ਵਾਲਿਆ ਚੀਨੀ ਨੂੰ ਮੋੜ ਵੇ।

ਬੇਅੰਤ ਕੌਰ (ਪ੍ਰਿੰਸੀਪਲ)

ਧੰਨਿ ਧੰਨਿ ਗੁਰੁ ਧੰਨਿ



ਸੰਮਤ ੧੯੭੨ ਬਿਕ੍ਰਮੀ ਤਦਾਨੁਸਾਰ ੩ ਫਰਵਰੀ ਸੰਨ ੧੮੧੬ ਮਾਘ ਸੁਦੀ ਪੰਚਮੀ ਤੇ ਛੱਟੀ ਦੀ ਵਿਚਕਾਰਲੀ ਰਾਤ, ਅੱਧੀ ਰਾਤ ਬਾਅਦ ਦਾ ਸਮਾ ਕਿੰਨਾ ਸੁਹਾਵਨਾ ਵਡਭਾਗਾ ਅਤੇ ਸੁਨਹਿਰੀ ਅੱਖਰਾਂ ਵਿਚ ਲਿਖਣ ਯੋਗ ਹੈ, ਕਿਉਂਕਿ ਉਸ ਸਮੇਂ ਹਰ ਪ੍ਰਾਕ੍ਰਿਤਿ ਦਾ ਕਣ-ਕਣ ਪੁਲਕਿਤ ਹੋ ਉਠਿਆ ਸੀ, ਵਾਤਾਵਰਨ ਆਪਣੇ ਪਿਆਰੇ ਦੇ ਆਗਮਨ ਦੀ ਖੁਸ਼ੀ ਵਿੱਚ ਅਤਿ ਰਮਣੀਯ ਅਤਿ ਸ਼ੋਭਨੀਯ ਹੋ ਰਿਹਾ ਸੀ, ਹਰ ਪਾਸੇ ਭਾਂਤ-ਭਾਂਤ ਦੇ ਖਿੜੇ ਹੋਏ ਫੁੱਲਾਂ ਦੀ ਸੁਗੰਧੀ ਦੂਰ-ਦੂਰ ਤਕ ਬਿਖਰਕੇ ਚਾਰ ਚੁਫੇਰਾ ਅਤਿ ਸੁਗੰਧਮਈ ਬਣਾ ਰਹੀ ਸੀ, ਪ੍ਰਾਕ੍ਰਿਤਿ ਪੂਰਨ ਰੂਪ ਵਿੱਚ ਆਪਣਾ ਹਾਰ ਸ਼ਿੰਗਾਰ ਕਰਕੇ ਸੁਸਜਿਤ ਹੋਕੇ, ਪੂਰੇ ਯੋਵਣ ਤੇ ਸੀ। ਉਸਦਾ ਪਹਿਣਿਆ ਹੋਇਆ ਬਸੰਤੀ ਜਾਮਾ ਹਰ ਪਾਸੇ ਖੇੜਾ, ਖੁਸ਼ੀ, ਹੁਲਾਸ ਦਾ ਛਿੜਕਾਅ ਕਰ ਰਿਹਾ ਸੀ, ਸਾਰੀ ਕਾਇਨਾਤ ਭੂ ਮੰਡਲ, ਅਕਾਸ ਮੰਡਲ ਵਿਚ ਖੁਸ਼ੀਆਂ ਦੇ ਅਥਾਹ ਭੰਡਾਰਿਆਂ ਦੇ ਦੁਆਰ ਖੁਲ੍ਹ ਗਏ, ਪਿੰਡ ਰਾਈਆਂ ਆਪਣੇ ਧੰਨ ਭਾਗ ਸਮਝ ਆਪਣੀ ਤਕਦੀਰ ਉੱਤੇ ਮਾਣ ਅਤੇ ਗੌਰਵ ਦਾ ਅਨੁਭਵ ਕਰਕੇ ਧੰਨ ਧੰਨਯ ਹੋ ਗਿਆ, ਕਿਉਂਕਿ ਇਸ ਸੁਭਾਗੇ ਵਡਭਾਗੇ ਦਿਨ ਸਾਰੀ ਸ੍ਰਿਸ਼ਟੀ ਦੇ ਸਿਰਜਣਹਾਰ, ਹਲਤ-ਪਲਤ ਦੇ ਸੁਆਮੀ ਸਤਿਗੁਰੂ ਰਾਮ ਸਿੰਘ ਜੀ ਨੇ ਇਕ ਅਲੌਕਿਕ ਢੰਗ ਨਾਲ ਅਵਤਾਰ ਧਾਰਨ ਕੀਤਾ ਸੀ।

ਮਾਤਾ ਸਦਾ ਕੌਰ ਪਿਤਾ ਜੱਸਾ ਸਿੰਘ ਧੰਨ ਧੰਨਯ ਹੋ ਗਏ, ਕਿਉਂਕਿ ਅਕਾਲ-ਪੁਰਖ ਪ੍ਰਭੂ ਪ੍ਰਮੇਸਰ ਨੇ ਨਿਰਗੁਣ ਸਰੂਪ ਤੋਂ ਸਰਗੁਣ ਸਰੂਪ ਦਾ ਜਾਮਾ ਪਹਿਣਕੇ ਉਨ੍ਹਾਂ ਦੇ ਘਰ ਨੂੰ ਨਿਵਾਜਿਆ ਸੀ:

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥

ਜਨਨੀ ਧੰਨ ਹੋ ਗਈ, ਪਿਤਾ ਵੀ ਧੰਨ ਹੋ ਗਏ ਕਿਉਂਕਿ ਕਰੋੜਾਂ ਸੂਰਜਾਂ ਦੇ ਸਮਾਨ ਪ੍ਰਕਾਸ਼ ਕਰਨ ਵਾਲੇ, ਸਰਬ ਵਿਆਪਕ ਸਰਬ ਸ਼ਕਤੀਮਾਨ, ਆਪਣੀ ਸ਼ਕਤੀ ਨਾਲ ਕਲਾ ਧਾਰਨ ਕਰਨ ਵਾਲੇ ਪ੍ਰਮੇਸ਼ਰ ਨੇ ਆਪ ਅਵਤਾਰ ਧਾਰਨ ਕੀਤਾ ਸੀ। ਬਾਲਕ ਦਾ ਸੁੰਦਰ ਮੁਖੜਾ, ਸੂਖਮ ਸਰੀਰ, ਸੁੰਦਰ ਆਕਰਸ਼ਕ ਲਟ ਲਟ ਕਰਦੇ ਵਿਸ਼ਾਲ ਨੇਤਰ, ਲੰਬੀ ਗਰਦਨ, ਬਿਨਾ ਗੰਢਾਂ ਤੋਂ ਅਰਕਾਂ ਅਤੇ ਗੋਡੇ, ਇਹ ਅਲੌਕਿਕ ਸੁੰਦਰਤਾ ਮਾਤਾ ਅਤੇ ਪਿਤਾ ਨੂੰ ਮੰਤਰ-ਮੁਗਧ ਕਰ ਰਹੀ ਸੀ, ਅਤੇ ਉਹ ਇਹੋ ਜਿਹੇ ਅਲੌਕਿਕ ਸੁੰਦਰ ਬਾਲਕ ਨੂੰ ਆਪਣੀ ਗੋਦ ਵਿਚ ਲੈ ਕੇ ਮਾਤਾ ਆਪਣੇ ਭਾਗਾਂ ਦੀ ਸਰਾਹੁਣਾ ਕਰ ਰਹੀ ਸੀ।

ਧੰਨੁ ਗੁਰਦੇਵ ਅਤਿ ਰੂਪ ਬਿਚਖਨ

ਮਾਤਾ ਪਿਤਾ ਦੇ ਨਾਲ ਸਾਰੀ ਰਾਮਗੜ੍ਹੀਆ ਕੁਲ ਨੇ ਧੰਨਤਾ ਪ੍ਰਾਪਤ ਕਰ ਲਈ।

ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ
ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥

ਸਤਿਗੁਰੂ ਰਾਮ ਸਿੰਘ ਜੀ ਹਮੇਸ਼ਾ ਹੀ ਪਸੰਨ ਚਿਤ ਰਹਿੰਦੇ, ਬਾਲਪਨ ਵਿੱਚ ਆਮ ਬਾਲਕਾਂ ਵਾਂਗ ਕਦੇ ਰੋਂਦੇ ਨਹੀਂ ਸਨ। ਆਪ ਜੀ ਨੇ ਆਪਣੇ ਨਾਨਕੇ, ਦਾਦਕੇ ਪਰਿਵਾਰ ਨੂੰ ਆਨੰਦਿਤ ਕੀਤਾ ਹੋਇਆ ਸੀ। ਇਕ ਵਾਰੀ ਜਦੋਂ ਆਪ ਜੀ ਆਪਣੇ ਨਾਨਕੇ ਘਰ

ਗਏ, ਤਾਂ ਬਾਬਾ ਜੱਸਾ ਸਿੰਘ ਜੀ ਆਪ ਜੀ ਨੂੰ ਲੈਣ ਵਾਸਤੇ ਗਏ। ਆਪ ਜੀ ਦੀ ਨਾਨੀ ਦਾ ਆਪ ਜੀ ਨੂੰ ਭੇਜਨ ਵਾਸਤੇ ਜੀਅ ਨਹੀਂ ਸੀ ਕਰਦਾ। ਇਸ ਕਰਕੇ ਨਾਨੀ ਜੀ ਨੇ ਇਕ ਸ਼ਰਤ ਰੱਖ ਦਿੱਤੀ ਜਦੋਂ ਬਾਲਕ ਤੁਰਨ ਲਗੇਗਾ, ਤਾਂ ਉਹ ਉਨ੍ਹਾਂ ਨੂੰ ਵਾਪਸ ਭੇਜਣਗੇ। ਸੱਤ ਮਹੀਨਿਆਂ ਦੀ ਆਯੂ ਦੇ ਅਲੌਕਿਕ ਬਾਲਕ ਉਸੇ ਵੇਲੇ ਉੱਠ ਖਲੋਤੇ ਅਤੇ ਪੰਜ ਪਲਾਂਘਾ ਪੁੱਟ ਕੇ ਅਗਾਂਹ ਨੂੰ ਹੋ ਟੁਰੇ। ਇਹੋ ਜਿਹੇ ਬਾਲਕ ਨੂੰ ਆਪਣੇ ਦੋਹਤਰੇ ਦੇ ਰੂਪ ਵਿੱਚ ਪ੍ਰਾਪਤ ਕਰਕੇ ਨਾਨਾ ਅਤੇ ਨਾਨੀ ਜੀ ਆਪਣੇ ਭਾਗਾਂ ਦੀ ਅਤਿ ਸਰਾਹੁਣਾ ਕਰਦੇ ਹੋਏ ਧੰਨ-ਧੰਨਯ ਹੋ ਗਏ। ਬਾਬਾ ਜੱਸਾ ਸਿੰਘ ਜੀ ਨੇ ਬਾਲਕ ਨੂੰ ਕਿਧਰੇ ਪੜ੍ਹਨ ਲਈ ਭੇਜਣ ਬਾਰੇ ਸੋਚਿਆ। ਅੰਤਰਯਾਮੀ ਸਤਿਗੁਰੂ ਜੀ ਨੇ ਆਪਣੇ ਪਿਤਾ ਨੂੰ ਪੈਂਤੀ ਲਿਖ ਕੇ ਅਤੇ ਪੜ੍ਹਕੇ ਸੁਣਾ ਦਿੱਤੀ, ਅਤੇ ਨਾਲ ਹੀ ਬਚਨ ਕੀਤਾ, "ਮੈਨੂੰ ਕੌਣ ਪੜ੍ਹਾਉਣ ਵਾਲਾ ਹੈ?" ਇਸ ਬਚਨ ਨੇ ਸਾਰਿਆਂ ਨੂੰ ਆਚੰਭਿਤ ਕਰ ਦਿੱਤਾ। ਪਿਤਾ ਜੀ ਨੇ ਫਿਰ ਵੀ ਬਿਲਗਾ ਗ੍ਰਾਮ ਵਿਖੇ ਪੜ੍ਹਨ ਲਈ ਭੇਜ ਦਿੱਤਾ। ਉੱਥੇ ਇਕ ਸਾਧੂ ਕੋਲ ਇੱਕ ਮਹੀਨਾ ਰਹਿਕੇ ਵਾਪਸ ਆ ਗਏ। ਆਪਣੇ ਨਿੱਕੇ ਭਰਾ ਬੁੱਧ ਸਿੰਘ ਨੂੰ ਕਿਹਾ, "ਅਸੀਂ ਪੜ੍ਹਨ ਦੀ ਥਾਂ ਸੈਲ ਕਰਨ ਗਏ ਸੇ। ਸੋ ਕਰ ਆਏ ਹਾਂ।"

ਅੱਠ ਵਰ੍ਹਿਆਂ ਦੀ ਛੋਟੀ ਜਿਹੀ ਆਯੂ ਵਿੱਚ ਪਦਮ ਆਸਨ ਲਗਾਕੇ ਸਮਾਧੀ ਦੀ ਅਵਸਥਾ ਵਿਚ ਬੈਠ ਜਾਂਦੇ, ਜਦੋਂ ਕਿ ਉਨ੍ਹਾਂ ਦੇ ਸੰਗੀ ਸਾਥੀ ਖੇਡਣ ਕੁੱਦਣ ਵਿੱਚ ਮਸਤ ਰਹਿੰਦੇ। ਬਾਲਕ ਸਤਿਗੁਰੂ ਰਸਨਾ ਹਿਲਾਕੇ ਭਜਨ ਸਿਮਰਨ ਵਿੱਚ ਲਿਵਲੀਨ ਹੋ ਜਾਂਦੇ। ਉਠ ਕੇ ਬੈਠਦੇ ਟੁਰਦੇ ਫਿਰਦੇ ਹਰ ਵੇਲੇ ਭਜਨ ਕਰਦੇ ਰਹਿੰਦੇ। ਕਿਸੇ ਸਾਥੀ ਨਾਲ ਕੋਈ ਗੱਲ ਨਾ ਕਰਦੇ। ਬਹੁਤ ਘਟ ਬੋਲਦੇ ਤੇ ਜੋ ਬਚਨ ਰਸਨਾ ਵਿੱਚੋਂ ਨਿਕਲ ਜਾਂਦਾ, ਉਹ ਸੱਚ ਹੋ ਜਾਂਦਾ।

ਜਦੋਂ ਆਪ ਜੀ ਫੌਜ ਵਿੱਚ ਭਰਤੀ ਹੋਏ ਤਾਂ ਰਾਤ ਨੂੰ ਬਰਾਜਦੇ ਨਹੀਂ ਸਨ। ਦਿਨ ਰਾਤ ਇਕ ਟਕ ਰਸਨਾ ਜਾਪ ਕਰਦੀ। ਆਪ ਤਾਂ ਭਜਨ ਕਰਦੇ ਹੀ ਸਨ, ਆਪਣੇ ਸੰਗੀ ਸਾਥੀਆਂ ਨੂੰ ਉਠਾ ਦਿੰਦੇ ਤੇ ਕਹਿੰਦੇ, "ਉਠੋ, ਇਸ਼ਨਾਨ ਕਰਕੇ ਭਜਨ ਕਰੋ। ਸੁੱਤੇ ਕਿਉਂ ਪਏ ਹੋ?" ਕਈਆਂ ਨੇ ਬਚਨ ਮੰਨ ਲੈਣਾ ਤੇ ਕਈਆਂ ਨੇ ਕਹਿਣਾ, "ਇਹ ਤਾਂ ਸਾਰੀ ਰਾਤ ਨਾਂ ਤੇ ਆਪ ਸੌਂਦਾ ਹੈ, ਨਾ ਸਾਨੂੰ ਸੌਣ ਦਿੰਦਾ ਹੈ, ਏਨੂੰ ਤਾਂ ਨੀਂਦ ਬਿਲਕੁਲ ਨਹੀਂ ਆਉਂਦੀ।"

ਧਨ ਧਨ ਸਤਿਗੁਰ ਜਿਨਿ ਨਾਮੁ ਦ੍ਰਿੜਾਇਆ
ਜਨੁ ਨਾਨਕੁ ਤਿਸੁ ਕੁਰਬਾਨਾ।

ਫੌਜ ਵਿੱਚ ਆਪਣੇ ਸਾਥੀ ਫੌਜੀਆਂ ਨੂੰ ਬਰਾਜਨ ਲਈ ਕਹਿੰਦੇ, ਆਪ ਸਾਰੀ ਰਾਤ ਜਾਗਕੇ ਪਹਿਰਾ ਦਿੰਦੇ ਤੇ ਭਜਨ ਬੰਦਗੀ ਕਰਦੇ ਰਹਿੰਦੇ।

ਸਤਿਗੁਰੂ ਜੀ ਹੋਰਨਾਂ ਨੂੰ ਭਜਨ ਬੰਦਗੀ ਕਰਨ ਲਈ ਇਹ ਕਹਿਕੇ ਪ੍ਰੇਰਣਾ ਦਿੰਦੇ-ਜਿੰਨ੍ਹਾਂ ਨੇ ਚਾਰ ਅੱਖਰ ਦਾ ਭਜਨ ਸੁਣਿਆ ਹੈ, ਸੋ ਫੇਰ ਚੌਰਾਸੀ ਮੇਂ ਨਹੀਂ ਜਾਣਗੇ। ਇਸਤਰ੍ਹਾਂ ਭਜਨ ਬੰਦਗੀ ਦੀ ਦਾਤ ਬਖਸ਼ਕੇ ਮਨੁੱਖ ਜੀਵਾਂ ਦੀਆਂ ਚੌਰਾਸੀਆਂ ਦੀਆਂ ਫਾਹੀਆਂ ਕੱਟ ਦਿੱਤੀਆਂ। ਭਜਨ ਦੇ ਪਰਤਾਪ ਨਾਲ ਮੁੱਖ ਉੱਜਲ ਹੋ ਜਾਂਦੇ। ਨਾਮ ਦਰਗਾਹ ਜਾਣ ਦੀ ਟਿਕਟ ਹੈ ਤੇ ਇਸ ਟਿਕਟ ਤੋਂ ਬਿਨਾਂ ਦਰਗਾਹ ਅੰਦਰ ਜਾਣ ਦੀ ਆਗਿਆ ਪ੍ਰਾਪਤ ਨਹੀਂ। ਅਕਾਲ ਪੁਰਖ ਨੇ ਜਦੋਂ ਆਪ ਜੀ ਨੂੰ ਵਰ ਮੰਗਣ ਲਈ ਆਖਿਆ ਤਾਂ ਆਪ ਜੀ ਨੇ ਵਰ ਮੰਗਿਆ, "ਕੁਲ ਸ੍ਰਿਸ਼ਟੀ ਉਦੇ ਅਸਤ ਲੋ ਆਪ ਜੀ ਦਾ ਨਾਮ ਜਪਦੀ ਦਿਸੇ।" ਅਕਾਲ ਪੁਰਖ ਨੇ ਉੱਤਰ ਦਿੱਤਾ, "ਤਥਾ ਅਸਤੂ।" ਇਹੋ ਜਿਹਾ ਵਰ ਅਗੇ ਕਦੇ ਕਿਸੇ ਨੇ ਨਹੀਂ ਮੰਗਿਆ।

ਮੇਰੇ ਗੁਰਦੇਵ ਨਾਮ ਜਪਦਿਆਂ-ਜਪਦਿਆਂ ਅਕਾਲ ਪੁਰਖ ਨਾਲ ਇੱਕ ਮਿੱਕ ਹੋਕੇ ਅਭੇਦ ਹੋ ਗਏ ਸਨ। ਇਕ ਵਾਰੀ ਆਪ ਜੀ ਨੇ ਬਚਨ ਕੀਤਾ, "ਮੈਨੂੰ ਮਨੁੱਖ ਭਾਵ ਕਰਕੇ ਨਾ ਸਮਝੋ। ਜੋ ਮੈਨੂੰ ਮਨੁੱਖ ਸਮਝੇਗਾ ਤਿਸ ਕਾ ਕਦੇ ਭਲਾ ਨਾ ਹੋਵੇਗਾ।" ਜਦੋਂ ਸੰਤ ਹਰਨਾਮ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਆਪਣੇ ਖਜ਼ਾਨੇ ਵਿੱਚੋਂ ਉਸਨੂੰ ਪ੍ਰਤੀਤ ਬਖਸ਼ੋ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਬਚਨ ਕੀਤਾ, "ਜੈਸੀ ਕੋਈ ਭਾਵਨਾ ਕਰੇਗਾ, ਤੈਸਾ ਤੈਸਾ ਹੋਵੇਗਾ। ਜੋ ਮੈਨੂੰ ਯਾਰ ਕਲਪੇਗਾ, ਉਸਦੀ ਕੁੱਲ ਵਿਚ ਯਾਰੀ ਹੋ ਜਾਏਗੀ। ਜੋ ਮੈਨੂੰ ਚੋਰ ਕਲਪੇਗਾ ਉਸਦੀ ਕੁਲ ਮੇਂ ਚੋਰੀ ਪੇ ਜਾਵੇਗੀ। ਜੋ ਮੈਨੂੰ ਦੁਸ਼ਮਨ ਕਲਪੇਗਾ ਜਿਥੇ ਜਿਥੇ ਜਾਇਕੇ ਜਨਮ ਧਾਰਨਗੇ ਉਥੇ ਉਥੇ ਹੀ ਉਸਕੇ ਸਿਰ ਦੁਸ਼ਮਨ ਖੜਾ ਰਹੇਗਾ। ਜੋ ਮੈਨੂੰ ਅਕਾਲ ਪੁਰਖ ਕਲਪੇਗਾ, ਉਸਦਾ ਪ੍ਰੀਤਮ ਅਕਾਲ ਪੁਰਖ ਹੋਵੇਗਾ।" ਭਾਈ ਹਰਨਾਮ ਸਿੰਘ ਜੀ ਆਪਣੇ ਆਪ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਕਰ ਬਧ ਹੋਕੇ ਨਤਮਸਤਕ ਹੋ ਗਏ ਅਤੇ ਉਨ੍ਹਾਂ ਦੇ ਹੋਠਾਂ ਤੇ ਸੀ-

ਧੰਨ ਮੇਰਾ ਗੁਰਦੇਵ। ਧੰਨ ਧੰਨੁ ਮੇਰਾ ਸਤਿਗੁਰੂ।।
ਧਨੁ ਧੰਨੁ ਗੁਰੂ ਵਡ ਪੁਰਖੁ ਹੈ ਮੈ ਦਸੇ ਹਰਿ ਸਾਬਾਸੇ।।

ਸਤਿਗੁਰੂ ਰਾਮ ਸਿੰਘ ਜੀ ਦੀ ਚੁੰਬਕਮਈ ਸ਼ਖਸ਼ੀਅਤ ਨੇ ਅਣਗਿਣਤ ਵਿਅਕਤੀਆਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ, ਉਨ੍ਹਾਂ ਦੇ ਚਰਨਾਂ ਦੀ ਛੂਹ ਪ੍ਰਾਪਤ ਕਰਕੇ ਉਨ੍ਹਾਂ ਦੇ ਜਨਮ-ਜਨਮਾਂਤ੍ਰਾਂ ਦੀ ਮੈਲ ਧੁੱਲ ਗਈ, ਉਹ ਆਪਣੇ ਪਾਰਸ ਰੂਪੀ ਸਤਿਗੁਰੂ ਜੀ ਦੇ ਚਰਨਾਂ ਨੂੰ ਸਪਰਸ਼ ਕਰਕੇ ਖੁਦ ਆਪ ਵੀ ਪਾਰਸ ਬਣ ਗਏ। ਸਤਿਗੁਰੂ ਰਾਮ ਸਿੰਘ ਜੀ ਧੰਨ ਧੰਨ ਸਨ, ਉਨ੍ਹਾਂ ਦੀ ਸ਼ਰਣਾਗਤ ਆਏ ਸਿੱਖ ਸਾਧ, ਸੰਤ ਵੀ ਧੰਨ-ਧੰਨਯ ਹੋ ਗਏ।

ਗੁਰ ਸਤਿਗੁਰਿ ਨਾਮੁ ਦ੍ਰਿੜਾਇਓ
ਹਰਿ ਹਰਿ ਹਮ ਮੁਏ ਜੀਵੇ ਹਰਿ ਜਪਿਭਾ।।
ਧਨੁ ਧੰਨੁ ਗੁਰੂ ਗੁਰੁ ਸਤਿਗੁਰੁ ਪੂਰਾ
ਬਿਖੁ ਡੁਬਦੇ ਬਾਹ ਦੇਇ ਕਢਿਭਾ।।

ਇਸ ਤਰ੍ਹਾਂ ਪੂਰਨ ਸਤਿਗੁਰੂ ਰਾਮ ਸਿੰਘ ਜੀ ਦੀ ਮਧੁਰ ਛਤ੍ਰ ਛਾਂ ਹੇਠ ਭਗਤਾਂ, ਸੰਤਾਂ ਪਿਆਰਿਆਂ ਦਾ ਹੜ ਆ ਗਿਆ। ਲੇਖ ਦੀ ਸੀਮਾ ਸਭ ਦੇ ਨਾਮ ਲਿਖਣ ਤੋਂ ਅਸਮਰਥ ਕਰਦੀ ਹੈ। ਸੰਤ ਜੀਉਣ ਸਿੰਘ ਜੀ ਸਰਹਾਲੀ ਨੂੰ ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਈ, ਤਾਂ ਉਹ ਆਪਣੇ ਪਿਆਰੇ ਦੇ ਚਰਨ ਪਰਸ ਕੇ ਧੰਨ ਧੰਨਯ ਹੋ ਗਏ। ਕਾਇਆ ਕਲਪ ਹੋ ਗਈ, ਉਹ ਸਾਰੇ ਦੇ ਸਾਰੇ ਆਪਣੇ ਪਿਆਰੇ ਪ੍ਰੀਤਮ ਦੇ ਬਣ ਗਏ, ਆਪਣੇ ਪਿਆਰੇ ਦੇ ਅੰਕ ਵਿੱਚ ਪੂਰਨ ਰੂਪ ਵਿੱਚ ਸਮਾ ਗਏ ਤੇ ਉੱਚੀ ਮਸਤਾਨੀ ਬ੍ਰਿਤੀ ਵਿੱਚ ਹੋਕੇ ਕਹਿੰਦੇ, "ਮੈਂ ਖੁਦੀ-ਖੁਦਾ, ਇਹ ਹੱਥ ਖੁਦਾ ਦੇ, ਇਹ ਪੈਰ ਖੁਦਾ ਦਾ।" ਛਾਤੀ ਤੇ ਹੱਥ ਮਾਰਕੇ ਕਹਿੰਦੇ, "ਉਹ ਲੋਕੋ! ਖੁਦਾ ਦੇ ਦਰਸ਼ਨ ਕਰ ਲਓ। ਫੇਰ ਨਾ ਕਹਿਣਾ ਸਾਨੂੰ ਖਬਰ ਨਹੀਂ ਹੋਈ।" ਬਾਬਾ ਜਮੀਤ ਸਿੰਘ ਜੀ ਕਾਹਨਾ ਕਾਛਾ ਸਤਿਗੁਰੂ ਰਾਮ ਸਿੰਘ ਜੀ ਦੇ ਬਚਨਾਂ ਅਨੁਸਾਰ ਪੂਰਨ ਜਪੀ, ਪੂਰਨ ਤਪੀ, ਪੂਰਨ ਸੰਜਮੀ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਪਿਆਰੇ ਨੂੰ ਕੰਨ ਵਿੱਚ ਭਜਨ ਦੇ ਕੇ ਕ੍ਰਿਤਾਰਥ

ਬਾਬਾ ਜਵਾਹਰ ਸਿੰਘ ਜੀ ਮਿਰਜ਼ੇਵਾਲੀਏ ਨੇ ਸਤਿਗੁਰੂ ਰਾਮ ਸਿੰਘ ਜੀ ਕੋਲੋਂ ਭਜਨ ਲੈਕੇ ਸੁਆਸ ਸੁਆਸ ਭਜਨ ਕਰਨਾ ਸ਼ੁਰੂ ਕਰ ਦਿੱਤਾ। ਭਜਨ ਕਰਦਿਆਂ ਸੱਪ ਨੇ ਆਪ ਜੀ ਦੇ ਕੁੰਡਲ ਮਾਰ ਲਿਆ ਅਤੇ ਫਨ ਨੂੰ ਸੰਤਾਂ ਦੇ ਮੂੰਹ ਦੇ ਸਾਹਮਣੇ ਕਰ ਦਿੱਤਾ ਪਰ ਫਿਰ ਵੀ ਆਪ ਜੀ ਸਮਾਧੀ ਵਿੱਚ ਮਗਨ ਰਹੇ। ਇੰਜ ਲੱਗਾ ਜਿਵੇਂ ਸੱਪ ਵੀ ਸੰਤਾਂ ਨੂੰ ਨਮਸਕਾਰ ਕਰਨ ਲਈ ਆਇਆ ਹੋਵੇ। ਆਪ ਜੀ ਦੇ ਰੋਮ ਰੋਮ ਵਿੱਚ ਨਾਮ ਦਾ ਵਾਸਾ ਹੋ ਚੁੱਕਿਆ ਸੀ, ਇਥੋਂ ਤਕ ਕਿ ਮਾਲਾ ਫੇਰਨ ਵਾਲੀ ਸੱਜੀ ਬਾਂਹ ਤੇ ਭਜਨ ਕਰਨ ਵਾਲੀ ਰਸਨਾ ਅਜਰ ਅਮਰ ਹੋ ਗਏ ਸਨ। ਸੰਤਾਂ ਨੇ ਆਪਣੇ ਘਰ ਵਾਲਿਆਂ ਨੂੰ ਕਿਹਾ, "ਇਸ ਬਾਂਹ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਫੜਿਆ ਸੀ, ਉਨ੍ਹਾਂ ਦੀ ਪਵਿਤ੍ਰ ਛੋਹ ਕਰਕੇ ਇਹ ਬਾਂਹ ਸੋਨੇ ਦੀ ਬਣ ਗਈ ਹੈ, ਜਦੋਂ ਮੇਰਾ ਸਰੀਰ ਛੁਟੇਗਾ ਤਾਂ ਮੇਰੀ ਸੱਜੀ ਬਾਂਹ ਅਰਕ ਤਕ ਜ਼ਿੰਦਾ ਰਹੇਗੀ ਅਤੇ ਰਸਨਾ ਚਲਦੀ ਰਹੇਗੀ।"

ਕੀਤਾ, ਨਦਰੀ ਨਦਰਿ ਨਿਹਾਲ ਕਰ ਦਿੱਤਾ।

ਬਾਬਾ ਜਮੀਤ ਸਿੰਘ ਜੀ ਗਿਲ ਸਤਿਗੁਰੂ ਰਾਮ ਸਿੰਘ ਜੀ ਦੇ ਅਸੀਮ ਪਿਆਰਿਆਂ ਭਗਤਾਂ ਵਿੱਚੋਂ ਇੱਕ ਸਨ। ਸਤਿਗੁਰੂ ਜੀ ਨੇ ਬਾਬਾ ਜੀ ਨੂੰ ਸਿਖਿਆ ਦਿੱਤੀ ਕਿ ਬਖਸ਼ਸ਼ ਸਭ ਪਦਾਰਥਾਂ ਤੋਂ ਉੱਤਮ ਅਤੇ ਵੱਡੀ ਹੈ। ਬਾਬਾ ਜੀ ਮਸਤਾਨਿਆਂ ਨੂੰ ਆਪਣੀ ਗੋਦ ਵਿੱਚ ਲੈਕੇ ਪੁੱਛਦੇ ਰਹਿੰਦੇ, "ਸੁਣਾ ਬੱਚੂ, ਪੰਜਾਂ ਦਾ ਕੀ ਹਾਲ ਹੈ? ਜੇ ਇੱਕ ਵੀ ਜਿਉਂਦਾ ਹੈ ਤਾਂ ਵਲਟੋਹੇ ਦੀ ਦਾਲ ਵਾਂਗ ਸਾਰੀ ਕੱਚੀ ਸਮਝਣੀ ਚਾਹੀਦੀ ਹੈ, ਵੇਖੀ ਕਿਤੇ ਦਮ ਨਾ ਮਾਰ ਬਹੀਂ।" ਪ੍ਰਦੇਸ ਗਵਨ ਉਪਰੰਤ ਸਤਿਗੁਰੂ ਰਾਮ ਸਿੰਘ ਜੀ ਨੇ ਬਾਬਾ ਜੀ ਨੂੰ ਪ੍ਰਦੇਸ ਤੋਂ ਲਿਖ ਕੇ ਭੇਜਿਆ, "ਜਮੀਤ ਸਿੰਘ ਜੇ ਤੇਰੇ ਵਰਗਾ ਇੱਕ ਇੱਕ ਸਿੱਖ ਵੀ ਹਰ ਇੱਕ ਪਰਗਣੇ ਵਿੱਚ ਹੋ ਜਾਵੇ ਤਾਂ ਸੰਸਾਰ ਦਾ ਉਧਾਰ ਹੋ ਸਕਦਾ ਹੈ।" ਉਨ੍ਹਾਂ ਦੇ ਹਿਰਦੇ ਅੰਦਰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਲਾਲਸਾ ਹਮੇਸ਼ਾਂ ਬਣੀ ਰਹਿੰਦੀ।

ਧੰਨੁ ਸੁ ਵੇਲਾ ਘੜੀ ਧੰਨੁ ਧਨੁ ਮੂਰਤੁ ਪਲੁ ਸਾਰੁ॥
ਧੰਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ॥

ਬਾਬਾ ਬੁੱਢਾ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਇੱਕ ਹੋਰ ਪਿਆਰਿਆਂ ਭਗਤਾਂ ਵਿੱਚੋਂ ਸਨ। ਸਤਿਗੁਰੂ ਰਾਮ ਸਿੰਘ ਜੀ ਤੋਂ ਭਜਨ ਲੈਣ ਉਪਰੰਤ ਬਾਬਾ ਜੀ ਨੂੰ ਨਾਮ ਦੀ ਖੁਮਾਰੀ ਤੇ ਮਸਤੀ ਹਮੇਸ਼ਾ ਲਈ ਚੜੀ ਰਹਿੰਦੀ ਅਤੇ ਆਪ ਜੀ ਕਹਿੰਦੇ, "ਸਭ ਖੰਡ ਬ੍ਰਹਿਮੰਡ ਮੇਰੇ ਹੁਕਮ ਵਿੱਚ ਹਨ।"

ਸੰਤ ਲਹਿਣਾ ਸਿੰਘ ਜੀ ਘਰਜਾਖ ਵਾਲੇ ਸਤਿਗੁਰੂ ਰਾਮ ਸਿੰਘ ਜੀ ਦੇ ਅਨਿੰਨ ਭਗਤਾਂ ਪਿਆਰਿਆਂ ਵਿੱਚੋਂ ਸਨ। ਹਰ ਵੇਲੇ ਨਾਮ ਦੇ ਰੰਗ ਵਿੱਚ ਰੰਗੇ ਰਹਿੰਦੇ। ਦੁਨੀਆਵੀ ਸੁਖ ਤਿਆਗ ਕੇ, ਅਕਾਲ ਪੁਰਖ ਪ੍ਰਭੂ ਦੇ ਚਰਨਾ ਨਾ ਜੁੜੇ ਰਹਿੰਦੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖੀ ਵਿੱਚੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਅਦਾਈ ਸਿੱਖ ਲੱਭੇ, ਜਿਨ੍ਹਾਂ ਵਿੱਚੋਂ ਇਕ ਪੂਰਨ ਸਿੱਖ ਸੰਤ ਲਹਿਣਾ ਸਿੰਘ ਜੀ ਸਨ।

ਧੰਨਿ ਸੁ ਗਾਉ ਧੰਨਿ ਸੋ ਠਾਉ
ਧੰਨਿ ਪੁਨੀਤ ਕੁਟੰਬ ਸਭ ਲੋਇ॥

ਬਾਬਾ ਜਵਹਰ ਸਿੰਘ ਜੀ ਮਿਰਜ਼ੇਵਾਲੀਏ ਨੇ ਸਤਿਗੁਰੂ ਰਾਮ ਸਿੰਘ ਜੀ ਕੋਲੋਂ ਭਜਨ ਲੈਕੇ ਸੁਆਸ ਸੁਆਸ ਭਜਨ ਕਰਨਾ ਸ਼ੁਰੂ ਕਰ ਦਿੱਤਾ। ਭਜਨ ਕਰਦਿਆਂ ਸੱਪ ਨੇ ਆਪ ਜੀ ਦੇ ਕੁੰਡਲ ਮਾਰ ਲਿਆ ਅਤੇ ਫਨ ਨੂੰ ਸੰਤਾਂ ਦੇ ਮੂੰਹ ਦੇ ਸਾਹਮਣੇ ਕਰ ਦਿੱਤਾ ਪਰ ਫਿਰ ਵੀ ਆਪ ਜੀ ਸਮਾਧੀ ਵਿੱਚ ਮਗਨ ਰਹੇ। ਇੰਜ ਲੱਗਾ ਜਿਵੇਂ ਸੱਪ ਵੀ ਸੰਤਾਂ ਨੂੰ ਨਮਸਕਾਰ ਕਰਨ ਲਈ ਆਇਆ ਹੋਵੇ। ਆਪ ਜੀ ਦੇ ਰੋਮ ਰੋਮ ਵਿੱਚ ਨਾਮ ਦਾ ਵਾਸਾ ਹੋ ਚੁੱਕਿਆ ਸੀ, ਇਥੋਂ ਤਕ ਕਿ ਮਾਲਾ ਫੇਰਨ ਵਾਲੀ ਸੱਜੀ ਬਾਂਹ ਤੇ ਭਜਨ ਕਰਨ ਵਾਲੀ ਰਸਨਾ ਅਜਰ ਅਮਰ ਹੋ ਗਏ ਸਨ। ਸੰਤਾਂ ਨੇ ਆਪਣੇ ਘਰ ਵਾਲਿਆਂ ਨੂੰ ਕਿਹਾ, "ਇਸ ਬਾਂਹ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਫੜਿਆ ਸੀ, ਉਨ੍ਹਾਂ ਦੀ ਪਵਿਤ੍ਰ ਛੋਹ ਕਰਕੇ ਇਹ ਬਾਂਹ ਸੋਨੇ ਦੀ ਬਣ ਗਈ ਹੈ, ਜਦੋਂ ਮੇਰਾ ਸਰੀਰ ਛੁਟੇਗਾ ਤਾਂ ਮੇਰੀ ਸੱਜੀ ਬਾਂਹ ਅਰਕ ਤਕ ਜ਼ਿੰਦਾ ਰਹੇਗੀ ਅਤੇ ਰਸਨਾ ਚਲਦੀ ਰਹੇਗੀ।"

ਸੰਤ ਕੇਸਰ ਸਿੰਘ ਚਵਿੰਡਾ-ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਸੁਣਾਉਂਦੇ ਹੁੰਦੇ ਸਨ, "ਮੈਂ ਵੀ ਆਪਣੇ ਸਾਥੀਆਂ ਸਮੇਤ ਭਜਨ ਪੁੱਛਣ ਵਾਲਿਆਂ ਵਿੱਚ ਖਲੋ ਗਿਆ, ਜਦ ਮੇਰੇ ਕੰਨਾਂ ਵਿੱਚ ਗੁਰੂ ਮੰਤਰ ਦੀ ਭਿਣਕ ਪਈ ਤਾਂ ਮੈਨੂੰ ਸਤੇ ਸੁਧ ਭੁਲ ਗਈਆਂ। ਖਾਣ ਪੀਣ, ਆਣ ਜਾਣ ਦੀ ਸਾਰੀ ਹੋਸ਼ ਗੁਆਚ ਗਈ ਆਪ ਜੀ ਨੇ ਸਾਰੀ ਉਮਰ ਭਜਨ ਬੰਦਗੀ ਆਪ ਵੀ ਕੀਤੀ ਤੇ ਹੋਰਨਾਂ ਨੂੰ ਵੀ ਕਰਵਾ ਕੇ ਲੋਕ ਪਰਲੋਕ ਸੰਵਾਰਿਆ। ਬਾਬਾ ਜੀ ਜਿੰਨਾਂ ਚਿਰ ਦੇਹ ਕਰਕੇ ਇਸ ਜਗਤ ਵਿੱਚ ਰਹੇ, ਉਨਾਂ ਚਿਰ ਕੋਈ ਵੀ ਛੋਟਾ ਬੱਚਾ ਨਹੀਂ ਮਰਨ ਦਿੱਤਾ।

ਧੰਨੁ ਸੁਹਾਵਾ ਮੁਖੁ ਜਿਨਿ ਹਰਿ ਧਿਆਇਆ।

ਬਾਬਾ ਰਿਖੀ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਰਸਨਾ ਨਾਲ ਭਜਨ ਦਿੱਤਾ ਅਤੇ ਉਨ੍ਹਾਂ ਨੂੰ ਆਪਣੀ ਸੁੱਧ ਬੁੱਧ ਨਾ ਰਹੀ। ਕਿਸੇ ਕੋਲੋਂ ਵੀ ਭੇਟਾ ਸਵੀਕਾਰ ਨਾ ਕਰਦੇ। ਸੰਸਾਰਿਕ ਪਦਾਰਥ ਅਤੇ ਵਸਤੂ ਸਭ ਉਨ੍ਹਾਂ ਨੂੰ ਵਿਅਰਥ ਲਗਦੀਆਂ। ਇਕ ਦਿਨ ਸੰਤਾਂ ਨੇ ਸਾਰੇ ਕਪੜਿਆਂ ਅਤੇ ਸਾਰੀਆਂ ਵਸਤੂਆਂ ਨੂੰ ਅੱਗ ਲਾਕੇ ਸਾੜਕੇ ਸੁਆਹ ਕਰ ਦਿੱਤਾ ਤੇ ਕਹਿਣ ਲੱਗੇ ਕਿ ਹੁਣ ਕੁਟੀਆ ਸਾਫ ਸੁਥਰੀ ਹੋ ਗਈ ਹੈ।

ਸੰਤ ਕੇਸਰ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਅਨਿੰਨ ਭਗਤਾਂ ਵਿੱਚੋਂ ਸਨ ਅਤੇ ਹਰ ਵੇਲੇ ਸਵਾਸ ਸਵਾਸ ਭਜਨ ਕਰਦੇ-ਕਰਦੇ ਬਦੇਹ ਹੋ ਜਾਂਦੇ ਸਨ। ਸੰਤ ਕੇਸਰ ਸਿੰਘ ਜੀ ਠਾਕੁਰ, ਸਤਿਗੁਰੂ ਰਾਮ ਸਿੰਘ ਜੀ ਕੋਲੋਂ ਭਜਨ ਪੁੱਛ ਕੇ ਹਰ ਵੇਲੇ ਨਾਮ ਸਿਮਰਨ ਵਿੱਚ ਲੀਨ ਰਹਿਦੇ। ਉਨ੍ਹਾਂ ਦੇ ਵਿੱਚ ਅਕਾਲ-ਪੁਰਖ ਆਪ ਪ੍ਰਗਟ ਹੋਇਆ ਸੀ। ਆਪ ਜੀ ਹਰ ਵੇਲੇ ਨਾਮ ਕਿੱਲੀ, ਸੰਗਤ ਕਿੱਲੀ, ਕਿੱਲੀ ਕਿੱਲੀ ਕਿੱਲੀ ਕੂਕਦੇ ਰਹਿੰਦੇ। ਪੁੱਛਣ ਤੇ ਦੱਸਦੇ-"ਪੁਤ੍ਰ ਏਹ ਕਲਿਜੁਗ ਹੈ। ਰਾਗ ਦ੍ਵੈਖ ਖਰਾਸ ਦੇ ਦੋ ਪੜ੍ਹਦੇ ਹੈਨ, ਤੇ ਕਿੱਲੀ ਹੈ ਸਾਧ-ਸੰਗਤ ਪਰ ਜਿਹੜੇ ਦਾਣੇ ਕਿੱਲੀ ਨਾਲ ਨਹੀਂ ਲੱਗਦੇ, ਉਹ ਪੀਸੇ ਜਾਂਦੇ ਹਨ।" ਅਕਾਲ ਪੁਰਖ ਨਾਲ ਅਭੇਦਤਾ ਐਨੀ

ਹੋ ਚੁੱਕੀ ਸੀ ਕਿ ਆਪ ਜੀ ਬਚਨ ਕਰਦੇ ਰਹਿੰਦੇ, "ਮੇਰੇ ਵਿੱਚ ਅੱਲਾ, ਅੱਲਾ, ਵਿੱਚ ਮੈਂ। ਅੱਲਾ ਮੈਂ, ਅੱਲਾ ਮੈਂ, ਅੱਲਾ ਮੈਂ।" ਉਹ ਆਪਣੇ ਭਾਗਾਂ ਦੀ ਸਰਾਹੁਣਾ ਕਰਦੇ।

ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ॥

ਮਾਈ ਸਾਹਬੋ ਧਧਰੀ ਵਾਲੀ, ਮਾਮੀ ਰਾਮ ਕੌਰ, ਮਾਤਾ ਜੀਵਨ ਕੌਰ, ਮਾਤਾ ਫਤਹਿ ਕੌਰ, ਬੀਬੀ ਹੁਕਮੀ, ਇੰਦ ਕੌਰ, ਖੇਮ ਕੌਰ ਮਾਤਾ ਸਾਹਿਬ ਕੌਰ, ਮਾਤਾ ਮਾਨ ਕੌਰ, ਮਾਤਾ ਕਰਮ ਕੌਰ, ਮਾਤਾ ਬਚਿੱਤਰ ਕੌਰ, ਮਾਤਾ ਧੰਨ ਕੌਰ, ਮਾਤਾ ਜਸਾਂ ਜੀ (ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ), ਬੀਬੀ ਨੰਦਾ ਆਪਣੇ ਭਾਗਾਂ ਦੀ ਸਰਾਹੁਣਾ ਕਰਦੀਆਂ, ਕਿ ਉਨ੍ਹਾਂ ਨੂੰ ਅਕਾਲ ਪੁਰਖ ਪ੍ਰਭੂ ਸਤਿਗੁਰੂ ਰਾਮ ਸਿੰਘ ਜੀ ਨੇ ਆਪ ਨਿਵਾਜਿਆ ਹੈ, ਆਪਣੇ ਬਖਸ਼ਸ਼ਾਂ ਅਤੇ ਅਥਾ ਰਹਿਮਤਾਂ ਦੇ ਭੰਡਾਰੇ ਉਨ੍ਹਾਂ ਉੱਤੇ ਉਡੇਲ ਦਿੱਤੇ ਹਨ, ਉਹ ਹਰ ਵੇਲੇ ਆਪਣੇ ਪਿਆਰੇ ਦੀ ਸਤਿਗੁਰੂ ਰਾਮ ਸਿੰਘ ਜੀ ਦੀ ਅਰਾਧਨਾ ਕਰਦੀਆਂ ਹੋਈਆਂ ਰਸਨਾ ਨਾਲ ਉਚਾਰਣ ਕਰਦੀਆਂ।

ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ॥
ਸਫਲੁ ਦਰਸਨੁ ਨੇਤ੍ਰ ਪੇਖਤ ਤਰਿਆ॥
ਧੰਨੁ ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ॥

ਸਤਿਗੁਰੂ ਰਾਮ ਸਿੰਘ ਜੀ ਦੇ ਆਜ਼ਾਦੀ ਦੇ ਝੰਡੇ ਹੇਠ ਇਕੱਠੇ ਹੋਏ ਦੇਸ ਧਰਮ ਕੌਮ ਦੀ ਖਾਤਰ ਨਿਛਾਵਰ ਹੋਣ ਵਾਲੇ ਸਿੰਘ ਤੋਪਾਂ ਅੱਗੇ ਉੱਡ ਗਏ, ਹੱਸ ਹੱਸ ਕੇ ਆਪਣੇ ਗਲ ਵਿੱਚ ਫਾਹੀਆਂ ਦੇ ਫੰਧੇ ਪਾਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਕਾਲੇ ਪਾਣੀਆਂ ਦੀਆਂ ਸਜਾਵਾਂ ਭੁਗਤੀਆਂ, ਸਮੁੰਦ੍ਰਾਂ ਵਿੱਚ ਡੋਬ ਡੋਬ ਕੇ ਪ੍ਰਾਣਾਂ ਦੀਆਂ ਆਹੂਤੀਆਂ ਦਿੱਤੀਆਂ, ਚਿਹਰੇ ਤੇ ਕੋਈ ਸ਼ਿਕਵਾ ਕੋਈ ਸ਼ਿਕਨ ਨਹੀਂ, ਉਫ ਤਕ ਨਹੀਂ ਕੀਤਾ, ਸਗੋਂ ਆਪਣੇ ਭਾਗਾਂ ਦੀ ਸਰਾਹੁਣਾ ਕਰਦੇ, ਆਪਣੇ ਧੰਨ ਭਾਗ ਸਮਝਦੇ। ਆਪਣੇ ਪਿਆਰੇ ਸਤਿਗੁਰੂ ਦੇ ਚਰਨ ਕਮਲਾਂ ਦੀ ਰਜ ਪ੍ਰਾਪਤ ਕਰਕੇ, ਸਿੱਖਾਂ ਸੇਵਕਾਂ, ਪਿਆਰਿਆਂ, ਭਗਤਾਂ ਨੇ ਆਪਣਾ ਲੋਕ-ਪਰਲੋਕ ਸੰਵਾਰ ਲਿਆ।

ਧਨਿ ਮਸਤਕ ਚਰਨ ਕਮਲ ਹੀ ਪਰਸ॥

ਆਪਣੇ ਪਿਆਰੇ ਸਤਿਗੁਰੂ ਪ੍ਰੀਤਮ ਨੂੰ ਧੰਨ ਕਹਿਣ ਨਾਲ ਰਸਨਾ ਪਵਿਤ੍ਰ ਹੋ ਜਾਂਦੀ ਹੈ, ਧੰਨ ਸਤਿਗੁਰੂ ਰਾਮ ਸਿੰਘ ਕਹਿਣ ਨਾਲ ਹਿਰਦੇ ਦੇ ਕਪਾਟ ਖੁੱਲ੍ਹ ਜਾਂਦੇ ਹਨ, ਮਨ ਸ੍ਵੱਛ ਨਿਰਮਲ ਅਤੇ ਉੱਜਲ ਹੋ ਜਾਂਦਾ ਹੈ, ਸਰੀਰ ਬਲਸ਼ਾਲੀ ਹੋ ਜਾਂਦਾ ਹੈ, ਤਾਕਤ ਐਨੀ ਉਮਡ ਪੈਂਦੀ ਹੈ ਕਿ ਵੱਡੀਆਂ ਤੋਂ ਵੱਡੀਆਂ ਬਲਾਵਾਂ ਰਾਖਸ਼ਾਂ, ਦੁਸ਼ਟ ਆਤਮਾਵਾਂ ਦਾ ਸਾਹਮਣਾ ਕਰਨ ਦੀ ਸਮਰੱਥਾ ਆ ਜਾਂਦੀ ਹੈ। ਜਿਹੜੇ ਸਰੀਰ ਧੰਨ ਸਤਿਗੁਰੂ ਰਾਮ ਸਿੰਘ ਦੇ ਨਾਮ ਦਾ ਜਾਪ ਕਰਦੇ ਹਨ, ਭੈੜੇ ਦੁਸਟਾਂ ਦਾ ਅੰਤ ਹੋ ਜਾਂਦਾ ਹੈ ਸਰੀਰ ਦੇ ਚਾਰ ਚੁਫੇਰੇ ਰਾਮ ਨਾਮ ਦੀ ਕਾਰ ਬਣ ਜਾਂਦੀ ਹੈ, ਸਤਿਗੁਰੂ ਰਾਮ ਸਿੰਘ ਜੀ ਅੰਗ-ਸੰਗ ਸਹਾਇਕ ਤੇ ਰੱਖਿਅਕ ਬਣ ਜਾਂਦੇ ਹਨ, ਇਸ ਲਈ ਹਰ ਨਾਮਧਾਰੀ ਸਿੱਖ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਉਹ ਆਪਣੇ ਜੀਵਨ ਤੇ ਹੋਰਨਾਂ ਦੇ ਜੀਵਨ ਨੂੰ ਸਫਲ ਬਨਾਉਣ ਲਈ, ਆਪਣੀ ਰਸਨਾ ਨਾਲ 'ਧੰਨ ਸਤਿਗੁਰੂ ਰਾਮ ਸਿੰਘ' ਦਾ ਉਚਾਰਨ ਕਰੇ ਅਤੇ ਹੋਰਨਾਂ ਨੂੰ ਵੀ ਇਸਦਾ ਜਾਪ ਕਰਨ ਦੀ ਪ੍ਰੇਰਣਾ ਦੇਵੇ। ਇਸ ਲਈ:-

ਧੰਨਿ ਧੰਨਿ ਸਤਿਗੁਰੂ ਰਾਮ ਸਿੰਘ ਜੀ॥
ਧੰਨਿ ਧੰਨਿ ਸਤਿਗੁਰੂ ਜਗਜੀਤ ਸਿੰਘ ਜੀ॥

■

ਉਸ ਧਰਤ ਨੂੰ ਸੀਸ ਝੁਕਾ ਆਈਏ

■ ਡਾ. ਗੁਰਪ੍ਰੀਤ ਸਿੰਘ ਸਿੰਧਰਾ

ਸਤਿਗੁਰ ਦੀ ਮਹਿਮਾ ਸੁਣ ਸੁਣ ਕੇ,
ਦਿਲ ਕੀਤਾ ਭੈਣੀ ਜਾ ਆਈਏ।
ਜਿਥੋਂ ਤੁਰੀ ਸੀ ਸ਼ਮਾਂ ਅਜ਼ਾਦੀ ਦੀ,
ਉਸ ਧਰਤ ਨੂੰ ਸੀਸ ਝੁਕਾ ਆਈਏ।

ਉਸ ਧਰਤ 'ਚ ਕੇਹੀ ਗੱਲ ਐਸੀ,
ਜਿਥੇ ਜਾਕੇ ਸੂਰੇ ਬਣ ਜਾਂਦੇ।
ਨਾ ਡਰਦੇ ਮੌਤ ਵਿਹਾਜਣ ਤੋਂ,
ਫਿਰ ਤੋਪਾਂ ਸਾਵੇਂ ਤਣ ਜਾਂਦੇ।
ਬਸ ਨਾਮ ਦੀ ਮਾਲਾ ਜਪ ਜਪ ਕੇ,
ਕਾਤਲ ਦੇ ਬੂਹੇ ਸਨ ਜਾਂਦੇ।
ਉਸ ਇਲਾਹੀ ਕੌਤਕ ਦੀ
ਇਕ ਝਲਕ ਰਤਾ ਕੁ ਪਾ ਆਈਏ। ...

ਢੋਲਕ ਤੇ ਛੈਣੇ ਵਜਦੇ ਸਨ,
ਜਦ ਤੁਰ ਪੈਂਦੇ ਪ੍ਰਵਾਨੇ ਸੀ।
ਹੱਸ ਹੱਸ ਕੇ ਫਾਂਸੀ ਲਟਕ ਗਏ,
ਉਹ ਕਿਹੜੇ ਨਾਮ ਦਿਵਾਨੇ ਸੀ।
ਨਾ ਟੁਟੀ ਪਾਲ ਸ਼ਹੀਦਾਂ ਦੀ,
ਉਹ ਕਿਹੇ ਆਸ਼ਕ ਮਸਤਾਨੇ ਸੀ।
ਸੀਸ ਨਿਵਾਅ ਸ਼ਹੀਦਾਂ ਨੂੰ
ਇਕ ਗੀਤ ਅਸੀਂ ਵੀ ਗਾ ਆਈਏ।...

ਜਾਂ ਛੋਹ ਮਿਲੀ ਉਸ ਧਰਤੀ ਦੀ,
ਦਿਲ ਵੇਂਹਦੇ ਹੀ ਮਸਰੂਰ ਹੋਇਆ।
ਇਕ ਵਜਦ ਇਲਾਹੀ ਵੇਖ ਲਿਆ,
ਮਨ ਸਾਰਾ ਨੂਰੋ ਨੂਰ ਹੋਇਆ।
ਉਹ ਸਭੋ ਕੁਝ ਹੀ ਵੇਖ ਲਿਆ,
ਜਿਸ ਗੱਲ ਤੋਂ ਕੂਕਾ ਮਸ਼ਹੂਰ ਹੋਇਆ।
ਉਸ ਕੂਕ ਨੂੰ ਆ ਖੁਦ 'ਸਿੰਧਰਾ' ਵੇ,
ਆਪਣੇ ਕੰਨੀ ਵੀ ਪਾ ਆਈਏ।...

■

ਅਜੀਤ ਸਿੰਘ ਨਾਮਧਾਰੀ

'ਸਲਾਮ ਹੈ ਉਨ ਸ਼ਹੀਦੋਂ ਕੋ'

ਨਾਮਧਾਰੀ ਸਿੱਖਾਂ ਵਲੋਂ ਭਾਰਤ ਦੇਸ਼ ਦੀ ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਅਦੁੱਤੀ ਤੇ ਅਕਥਨੀਯ ਹਨ। ਸ੍ਰੀ ਰਾਬਿੰਦਰ ਨਾਥ ਟੈਗੋਰ ਦੇ ਸ਼ਬਦਾਂ ਵਿਚ,

'ਵਖੀਆਂ ਦੀਆਂ ਪਸਲੀਆਂ ਬਾਲ ਕੇ ਕੂਕਿਆਂ ਨੇ ਉਹ ਸ਼ਮ੍ਹਾ ਜਲਾਈ ਰੱਖੀ, ਜਿਸਦੇ ਸਿੱਟੇ ਦੇ ਤੌਰ ਤੇ ਅਮਨ, ਅਜ਼ਾਦੀ, ਜਮਹੂਰੀਅਤ ਤੇ ਸਾਂਝੀਵਾਲਤਾ ਨੂੰ ਨੂਰੀ ਲੋਅ ਤੇ ਰੁਸ਼ਨਾਈ ਪ੍ਰਾਪਤ ਹੋਈ।"

ਸਤਿਗੁਰੂ ਰਾਮ ਸਿੰਘ ਜੀ ਨੇ ੧੨ ਅਪ੍ਰੈਲ ੧੮੫੭ ਈ: ਨੂੰ ਸ੍ਰੀ ਭੈਣੀ ਸਾਹਿਬ, ਸੰਤ ਖਾਲਸੇ ਦੀ ਸਿਰਜਨਾ ਇਕ ਐਸੇ ਸਮਾਜ ਦੇ ਨਿਰਮਾਣ ਲਈ ਕੀਤੀ ਸੀ, ਜਿਥੇ ਹਰ ਭਾਰਤੀ, ਤਨ, ਮਨ, ਧਨ ਕਰਕੇ ਪੂਰਨ ਆਜ਼ਾਦ ਹੋਵੇ। ਲੋਗਾਂ ਦੇ ਮਨਾਂ ਵਿਚ ਦੇਸ਼, ਧਰਮ ਲਈ ਪਿਆਰ, ਪ੍ਰਭੂ-ਚਿੰਤਨ, ਗਊ ਗ਼ਰੀਬ ਦੀ ਰੱਖਿਆ ਲਈ ਤੱਤਪਰਤਾ, ਤਿਆਗ, ਨਿਮਰਤਾ ਅਤੇ ਸੇਵਾ ਭਾਵ ਆਪ ਮੁਹਾਰੇ ਉਪਜਣ। ਨਿਮਾਣੇ ਤੇ ਜ਼ਬਰ ਜ਼ੁਲਮ ਹੁੰਦਾ ਵੇਖ ਕੇ ਮਨੁਖੀ ਆਤਮਾ ਕੁਰਲਾ ਉਠੇ। ਇਸੇ ਲਈ ਸਭ ਤੋਂ ਪਹਿਲਾਂ ਗੁਰੂ ਜੀ ਨੇ ਲੋਕਾਂ ਦੇ ਮਨੋਬਲ ਉੱਚਾ ਚੁੱਕਣ ਅਤੇ ਸਵੈਮਾਨ ਉਤਪਨ ਕਰਨ ਲਈ 'ਚੁਔਖਰੇ' ਨਾਮ ਦਾ ਪ੍ਰਚਾਰ ਕੀਤਾ। ਗੁਰਬਾਣੀ ਪੜ੍ਹਨ ਲਾਇਆ। ਕਿਉਂ ਜੁ ਧਰਮੀ ਮਨ ਵਿਚ ਹੀ ਸਦਗੁਣਾਂ ਦਾ ਵਾਸਾ ਹੁੰਦਾ ਹੈ, ਨਿਰਮਲ ਕਰਮ ਉਪਜਦੇ ਹਨ, ਮਨੁਖ ਨਿਸ਼ਕਪਟ, ਨਿਡਰ ਤੇ ਨਿਰਪੱਖ ਹੋ ਅਤਿਆਚਾਰ ਧਰਮ-ਹੀਨਤਾ ਵਿਰੁਧ ਆਵਾਜ਼ ਬੁਲੰਦ ਕਰਨ ਜੋਗਾ ਹੋ ਜਾਂਦਾ ਹੈ। ਗੁਰੂ ਜੀ ਨੇ ਆਪਣੇ ਸੰਦੇਸ਼ਾਂ ਦੇ ਪ੍ਰਚਾਰ ਪ੍ਰਸਾਰ ਲਈ ਸੂਬੇ, ਪ੍ਰਚਾਰਕ ਥਾਪੇ। ਇਹਨਾਂ ਸੂਬਿਆਂ ਨੇ ਲੋਕਾਂ ਵਿੱਚ ਅਧਿਆਤਮਕਤਾ ਦੇ ਗੁਣਾਂ ਦਾ ਵਾਦ ਛੇੜ੍ਹਿਆ, ਦੇਸੀ ਭਾਸ਼ਾ ਬੋਲਣ, ਦੇਸੀ ਕਪੜਾ ਪਹਿਨਣ ਅਤੇ ਦੇਸੀ ਚੀਜ਼ਾਂ ਦੀ ਵਰਤੋਂ ਕਰਨ ਲਈ ਪ੍ਰੇਰਨਾ ਦਿੱਤੀ। ਆਪ ਨੇ ਆਪਸੀ ਝਗੜਿਆਂ ਨੂੰ ਦੇਸੀ ਪੰਚਾਇਤਾਂ ਵਿਚ ਬਿਨਾਂ ਖਰਚਿਓਂ ਨਿਪਟਾਉਣ ਦੇ ਲਾਭ ਦੱਸੇ ਅਤੇ ਨਾਲੋ ਨਾਲ ਲੋਗਾਂ ਨੂੰ ਵਿਦੇਸੀ ਵਿਦਿਅਕ ਅਦਾਰਿਆਂ, ਵਸਤੂਆਂ, ਸੁਖ-ਸੁਵਿਧਾਵਾਂ, ਨੌਕਰੀਆਂ ਅਤੇ ਕਾਨੂੰਨੀ ਅਦਾਲਤਾਂ ਦਾ ਪੂਰਨ ਬਾਈਕਾਟ ਕਰਨ ਲਈ ਤਿਆਰ ਕੀਤਾ। ਗੱਲ ਏਥੇ ਹੀ ਨਾਂ ਮੁੱਕੀ। ਦੇਸੀ ਰਿਆਸਤਾਂ ਅਤੇ ਵਿਦੇਸਾਂ ਵਿਚ ਅਫਗਾਨਿਸਤਾਨ, ਰੂਸ ਅਤੇ ਨੇਪਾਲ ਨਾਲ ਰਾਜਨੀਤਿਕ ਸੰਬੰਧ ਸਥਾਪਿਤ ਕਰ ਲਏ, ਕਸ਼ਮੀਰ ਵਿੱਚ ਕੂਕਾ ਪਲਟਣ ਅਤੇ ਆਪਣਾ ਸੰਪੂਰਨ ਡਾਕ ਵਿਭਾਗ ਸਥਾਪਿਤ ਕਰਕੇ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਵਿਚਾਰਾਂ ਨੂੰ ਸਪਸ਼ਟ ਕਰ ਦਿੱਤਾ ਕਿ:-

"(ਗੁਰੂ) ਰਾਮ ਸਿੰਘ ਅਤੇ ਉਸਦੇ ਮੁਰੀਦਾਂ (ਨਾਮਧਾਰੀਆਂ) ਦੇ ਮੁੱਦੇ ਮਹਿਜ ਧਾਰਮਿਕ ਹੀ ਨਹੀਂ ਸਨ। ਸਗੋਂ ਇਕ ਧਾਰਮਿਕ ਸੁਧਾਰਕ ਅਤੇ ਸਦਾਚਾਰਕ ਨਸੀਹਤਾਂ ਦੇ ਬਾਣੇ ਵਿਚ ਡੂੰਘੇ ਰਾਜਨੀਤਿਕ ਮਨਸੂਬੇ ਸਨ।" (ਇਤਿਹਾਸਕਾਰ ਸੱਯਦ ਮੁਹੰਮਦ ਲਤੀਫ਼)

ਨਾਮਧਾਰੀ ਪ੍ਰਚਾਰ ਐਨਾ ਸਰਲ ਪਰ ਅਸਰਦਾਇਕ ਸੀ ਕਿ ਬਹੁਤ ਥੋੜ੍ਹੇ ਸਮੇਂ ਵਿਚ ਲੱਖਾਂ ਦੀ ਗਿਣਤੀ ਵਿਚ ਲੋਕਾਂ ਨੇ ਆਪਣਾ ਜੀਉਣਾ-ਮਰਨਾ ਗੁਰੂ ਰਾਮ ਸਿੰਘ ਜੀ ਦੇ ਨਾਮ ਕਰ ਦਿੱਤਾ। ਨਾਮਧਾਰੀ ਸਿੱਖ ਅੰਗਰੇਜ਼ ਦੀ ਕੁਟਿਲ ਨੀਤੀ ਤੋਂ ਜਾਣੂ ਹੋ ਗਏ ਕਿ ਅੰਗਰੇਜ਼ਾਂ ਵਲੋਂ ਖੋਲੇ ਗਊ-ਕਸ਼ੀ ਦੇ ਬੁਚੜਖਾਨੇ ਮਹਿਜ ਕਤਲਗਾਹ ਨਹੀਂ, ਸਗੋਂ ਭਾਰਤੀ ਸਭਿਅਤਾ ਦੇ ਮੌਤ ਘਰ ਹਨ। ਇਹ ਅਣਖੀ ਭਾਰਤੀਆਂ ਲਈ ਵੰਗਾਰ ਹਨ।

ਦੇਸ਼ ਭਗਤ ਅਣਖੀ ਨਾਮਧਾਰੀ ਸਿੱਖਾਂ ਨੇ ਇਸ ਵੰਗਾਰ ਨੂੰ ਪ੍ਰਵਾਨਿਆਂ ਤੇ ੧੫ ਜੂਨ ੧੮੭੧ ਈ: ਨੂੰ ਅੰਮ੍ਰਿਤਸਰ ਅਤੇ ਫਿਰ ੧੫ ਜੁਲਾਈ ੧੮੭੧ ਈ: ਨੂੰ ਰਾਇਕੋਟ ਵਿਖੇ ਬੁਚੜਖਾਨਿਆਂ ਤੇ ਧਾਵਾ ਬੋਲ ਗਊਆਂ ਅਜ਼ਾਦ ਕਰ ਦਿੱਤੀਆਂ ਤੇ ਬੁਚੜਾਂ ਨੂੰ ਸਜਾਵਾਂ ਦੇ ਕੇ ਇਹ ਸਿੱਧ ਕਰ ਦਿੱਤਾ ਕਿ ਉਹ ਅਗਰੇਜ਼ੀ ਹਕੂਮਤ ਤੇ ਉਸਦੇ ਕਾਨੂੰਨ ਦੇ ਵਿਰੁਧ ਜੰਗੀ ਅਜ਼ਾਦੀ ਦਾ ਐਲਾਨ ਕਰਦੇ ਹਨ।

ਅੰਗਰੇਜ਼ਾਂ ਨੇ ਅੰਮ੍ਰਿਤਸਰ ਵਾਲੇ ਸਾਕੇ ਵਿਚ ਚਾਰ ਸਿੰਘਾਂ ਨੂੰ ੧੫ ਸਤੰਬਰ ੧੮੭੧ ਈ: ਅਤੇ ਰਾਇਕੋਟ ਵਿਚ ਤਿੰਨ ਸਿੰਘਾਂ ਨੂੰ ੫ ਅਗਸਤ ੧੮੭੧ ਈ: ਨੂੰ ਫਾਂਸੀ ਦੇ ਦਿੱਤੀ। ਰਾਇਕੋਟ ਵਾਲੇ ਸਾਕੇ ਵਿਚ ਹੀ ਦੋ ਹੋਰ ਸਿੰਘਾਂ ਸੂਬਾ ਗਿਆਨੀ ਰਤਨ

ਸਿੰਘ ਅਤੇ ਸੰਤ ਰਤਨ ਸਿੰਘ ਨੂੰ ੨੬ ਨਵੰਬਰ ੧੮੭੧ ਈ: ਨੂੰ ਲੁਧਿਆਣੇ ਸੈਂਟਰਲ ਜੇਲ੍ਹ ਦੇ ਬਾਹਰ ਵੱਲ ਬੋਹੜ ਨਾਲ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਸੂਬਾ ਗਿਆਨੀ ਰਤਨ ਸਿੰਘ, ਸ੍ਰੀ ਰਾਮ ਕ੍ਰਿਸ਼ਨ ਦੇ ਸਪੁਤਰ ਸਨ ਅਤੇ ਪਿੰਡ ਮੰਡੀ ਦੇ ਨਿਵਾਸੀ ਸਨ ਅਤੇ ਸੰਤ ਰਤਨ ਸਿੰਘ ਪਿੰਡ ਨਾਈਵਾਲ ਦੇ ਸਨ। ਸੂਬਾ ਜੀ ਦਾ ਪਹਿਲਾ ਨਾਮ ਰਤਨ ਚੰਦ ਸੀ। ਨਾਮਧਾਰੀ ਸਿੱਖ ਬਣਨ ਉਪਰੰਤ ਰਤਨ ਸਿੰਘ ਤੇ ਫਿਰ ਸੂਬਾ ਰਤਨ ਸਿੰਘ ਬਣ ਗਏ। ਉਹ ਬਹੁਤ ਵਿਦਵਾਨ ਸਨ। ਉਹਨਾਂ ਆਦਿ ਸ੍ਰੀ ਗ੍ਰੰਥ ਸਾਹਿਬ ਦਾ ਟੀਕਾ ਵੀ ਕਰਨਾ ਸ਼ੁਰੂ ਕਰ ਦਿੱਤਾ ਸੀ। ਆਪਣੀ ਵਿਦਵਤਾ ਕਰਕੇ ਨਾਮਧਾਰੀ ਅਦਾਲਤ ਦੇ ਜੱਜ ਵੀ ਸਨ। ਗਿਆਨਵਾਨ ਹੋਣ ਕਾਰਨ ਹੀ ਗਿਆਨੀ ਜੀ ਨਾਮ ਨਾਲ ਸਤਿਕਾਰੇ ਜਾਂਦੇ ਸਨ। ਫਲਸਰੂਪ ਇਤਿਹਾਸ ਵਿਚ 'ਗਿਆਨੀ ਸਿੰਘ, ਸੂਬਾ ਗਿਆਨੀ ਰਤਨ ਸਿੰਘ ਜਾਂ ਸੂਬਾ ਰਤਨ ਸਿੰਘ ਦੇ ਨਾਮ ਨਾਲ ਸਤਿਕਾਰੇ ਜਾਂਦੇ ਹਨ। ਆਪ ਜੀ ਮਾਲਵੇ ਦੇ ਸੂਬਾ ਸਨ। ਸੰਤ ਰਤਨ ਸਿੰਘ ਨਾਈਵਾਲ ਦੇ ਸਨ ਤੇ ਸੂਬਾ ਜੀ ਨਾਲ ਧਰਮੀ ਸਬੰਧ ਸਨ। ਸੂਬਾ ਜੀ ਨੇ ਆਪਣੇ ਇਲਾਕੇ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਣ ਦਾ ਚੰਗਾ ਯਤਨ ਕੀਤਾ ਸੀ। ਇਹਨਾਂ ਦੋਹਾਂ ਸਿੰਘਾਂ ਰਤਨਾਂ ਦੀ ਜੋੜੀ, ਤੇ ਅੰਗਰੇਜ਼ ਵਲੋਂ ਇਹ ਇਲਜ਼ਾਮ ਲਾਏ ਗਏ:-

'ਸਰਕਾਰ ਬਰਖਲਾਫ਼ (੧) ਰਤਨ ਸਿੰਘ ਪੁੱਤਰ ਬੁਧ ਸਿੰਘ, ਜਾਤ ਕੂਕਾ, ੨੮ ਸਾਲ ਪਿੰਡ ਨਾਈਵਾਲਾ (੨) ਗਿਆਨੀ ਪੜਨਾਉਂ ਰਤਨ ਸਿੰਘ ਪੁਤਰ ਰਾਮ ਕ੍ਰਿਸ਼ਨ, ਜਾਤ ਕੂਕਾ, ਉਮਰ ੩੫ ਸਾਲ, ਪਿੰਡ ਮੰਡੀ। ਜੁਰਮ-ਕਤਲ ਕਰਵਾਉਣ ਲਈ ਚੁਕਣਾ ਦੇਣੀ। ਹੇਠ ਹਿੰਦ ਦੰਡਾਵਲੀ ਦੀਆਂ ਧਾਰਾ ੧੦੯ ਅਤੇ ੩੦੨"।

ਫਾਂਸੀ ਦੇ ਤਖ਼ਤੇ ਤੇ ਚੜ੍ਹਕੇ ਸੂਬਾ ਗਿਆਨੀ ਰਤਨ ਸਿੰਘ ਨੇ ਅੰਗਰੇਜ਼ ਹਾਕਮ ਨੂੰ ਲਲਕਾਰ ਕੇ ਆਖਿਆ, :-

"ਬਿੱਲਿਆ ਮੂੰਹ ਤਾਂ ਸਾਹਮਣੇ ਰੱਖ, ਪਿਠ ਕਿਉਂ ਕੀਤੀ ਹੈ। ਦਸ ਮਹੀਨੇ ਕਿਸੇ ਜੱਟੀ ਦੀ ਕੁੱਖ ਵਿੱਚ ਕੱਟ ਕੇ ਫੇਰ ਆਇਆ ਜਾਣ, ਜੁਆਨ ਹੋ ਕੇ ਬਦਲੇ ਲਵਾਂਗੇ।" (ਸਤਿਗੁਰੂ ਬਿਲਾਸ)

ਅੰਗਰੇਜ਼ ਨੇ ਆਪਣੀਆਂ ਸਖ਼ਤੀਆਂ ਗ਼ੈਰ ਕਾਨੂੰਨੀ ਕਾਰਨਾਮੇ ਤੇ ਜਬਰ ਜ਼ੁਲਮ ਕਰਕੇ, ਨਾਮਧਾਰੀਆਂ ਨੂੰ ਦਬਾਉਣਾ ਚਾਹਿਆ ਸੀ, ਇਥੋਂ ਤੱਕ ਕਿ ਮਲੇਰਕੋਟਲੇ ਦੇ ਸਾਕੇ ਸਮੇਂ ਜਨਵਰੀ ੧੮-੧੮੭੨ ਈ: ਨੂੰ ਉਸ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਰਵਾਸਿਤ ਵੀ ਕਰ ਦਿੱਤਾ ਪਰ ਸਤਿਗੁਰੂ ਰਾਮ ਸਿੰਘ ਜੀ ਦਾ ਇਹ ਬਚਨ ਕਿ,

"ਮੈਂ ਘਰ ਘਰ ਰਾਮ ਸਿੰਘ ਪੈਦਾ ਕਰ ਚਲਿਆ ਹਾਂ।"

ਅੱਖਰ ਅੱਖਰ ਸੱਚ ਹੋਇਆ। ਸਾਰਾ ਭਾਰਤ ਜਾਗ ਉਠਿਆ। ਸ਼ਹੀਦੀਆਂ ਰੰਗ ਲਿਆਈਆਂ ਤੇ ਦੇਸ਼ ਆਜ਼ਾਦ ਹੋ ਗਇਆ ਹੈ।

ਅਜ ੧੨੫ ਕੁ ਸਾਲ ਬਾਅਦ ਵੀ, ਜਦੋਂ ਕੋਈ ਦੇਸ਼ ਭਗਤ, ਉਹ ਬੋਹੜ ਜਿਸ ਨਾਲ ਸੂਬਾ ਗਿਆਨੀ ਰਤਨ ਸਿੰਘ ਤੇ ਸੰਤ ਰਤਨ ਸਿੰਘ ਨੇ ਸ਼ਹੀਦੀ ਝੂਟੇ ਲਏ ਸਨ, ਵੇਖਦਾ ਹੈ ਤਾਂ ਸਿਰ ਆਪ ਮੁਹਾਰੇ ਝੁਕ ਜਾਂਦਾ ਹੈ ਤੇ ਜਿਹਬਾ ਪੁਕਾਰ ਉਠਦੀ ਹੈ:-

ਸਲਾਮ ਹੈ ਉਨ ਸ਼ਹੀਦੋਂ ਕੋ, ਜੋ ਖੋ ਗਏ,
ਵਤਨ ਕੋ ਜਗਾ ਕਰ, ਜੋ ਖ਼ੁਦ ਸੋ ਗਏ।

■

ਅੰਗਰੇਜ਼ ਤੋਂ ਬਾਗੀ ਕੂਕਾ

■ ਅਮਰ ਸਿੰਘ ਅਮਰ

ਚੀਨੀ ਵਾਲੇ ਦਾ ਸਿੱਖ ਤੇ ਨਾਮ ਕੂਕਾ
ਨਹੀਂ ਗੋਰੀ ਸਰਕਾਰ ਤੋਂ ਡਰਾਂਗਾ ਮੈਂ।

ਕਦੇ ਚੱਲੇ ਨ ਗੋਰਿਆ ਤੋਪ ਤੇਰੀ,
ਫਾਇਰ ਆਪਣੇ ਆਪ ਤੇ ਕਰਾਂਗਾ ਮੈਂ।

ਗੋਲੇ ਤੋਪ ਦੇ ਛਾਤੀ ਨੂੰ ਆਉਣ ਸਿਧੇ,
ਏਸ ਜ਼ੁਲਮ ਦੀ ਧਾਰ ਨੂੰ ਜਰਾਂਗਾ ਮੈਂ।

ਮੈਂ ਹਾਂ ਵਰਿਆਮ ਨ ਹਟਾਂ ਪਿੱਛੇ,
ਘੁੱਟ ਜਾਮ ਸ਼ਹਾਦਤ ਦਾ ਭਰਾਂਗਾ ਮੈਂ।

ਮੈਂ ਡਰਾਂ ਨ ਚੰਦਰੀ ਮੌਤ ਕੋਲੋਂ,
ਜੜ੍ਹ ਜ਼ੁਲਮ ਦੀ ਪਟ ਕੇ ਧਰਾਂਗਾ ਮੈਂ।

ਕੀ ਆਖਿਆ ਮੋਮ ਨੂੰ ਬਿਲਿਆ ਉਏ,
ਸਿੱਖ ਗੁਰੂ ਦਾ ਹਾਂ ਸਿੱਖ ਰਹਾਂਗਾ ਮੈਂ।

ਨਾਨੀ ਯਾਦ ਮੈਂ ਤੈਨੂੰ ਕਰਾ ਦਿਆਂਗਾ,
ਖੁਲੀ ਜੰਗ ਆਜ਼ਾਦੀ ਦੀ ਲੜਾਂਗਾ ਮੈਂ।

ਨਹੀਂ ਨੌਕਰੀ ਤੇਰੀ ਕਬੂਲ ਮੈਨੂੰ,
ਬਾਈਕਾਟ ਤੇਰਾ ਪੂਰਾ ਕਰਾਂਗਾ ਮੈਂ।

ਤੂੰ ਕੱਢਿਆ ਵਿਚ ਸਿਆਲ ਗੁਰ ਨੂੰ,
ਵਿਚ ਹਾੜ ਦੇ ਭਾਜੜਾਂ ਪਾਵਾਂਗਾ ਮੈਂ।

ਮੇਰਾ ਨਾਮ ਕੂਕਾ ਮੈਂ ਹਾਂ ਬਾਗੀ,
ਲੰਦਨ ਵਿਚ ਪੁਚਾ ਕੇ ਬਹਾਂਗਾ ਮੈਂ।

ਗੁਰੂ ਆਸਰੇ ਦੇਸ਼ ਆਜ਼ਾਦ ਹੋਊ,
ਨੀਂਦ ਸੁਖ ਦੀ ਫੇਰ ਹੀ ਸਹਾਂਗਾ ਮੈਂ।

'ਅਮਰ' ਰਹੂ ਕੁਰਬਾਨੀ ਇਹ ਕੂਕਿਆਂ ਦੀ,
ਸਦਾ ਵਾਸਤੇ, 'ਅਮਰ' ਹੀ ਰਹਾਂਗਾ ਮੈਂ।

■

ਰਜਵੰਤ ਕੌਰ

ਬਦਲਦੇ ਸਮਾਜ ਵਿਚ ਨਾਮਧਾਰੀ ਬੀਬੀਆਂ ਦੀ ਭੂਮਿਕਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜਦੋਂ ਸੰਨ ੧੮੧੬ ਈ: ਵਿਚ ਭੈਣੀ ਰਾਈਆਂ ਵਿਖੇ ਪ੍ਰਕਾਸ਼ ਹੋਇਆ, ਤਾਂ ਉਸ ਸਮੇਂ ਇਸਤ੍ਰੀਆਂ ਦੀ ਸਮਾਜਿਕ ਹਾਲਤ ਬਹੁਤ ਖਰਾਬ ਸੀ। ਸਮਾਜ ਦੇ ਭੈੜੇ ਰਸਮੋਂ ਰਿਵਾਜਾਂ ਕਾਰਨ ਇਸਤ੍ਰੀ ਜਾਤੀ ਦੀ ਦਰਦਨਾਕ ਦਸ਼ਾ ਸੀ। ਔਰਤ ਦਾ ਘਰ ਵਿਚ ਸਤਿਕਾਰ ਨਹੀਂ ਸੀ, ਉਸ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਉਸ ਦੀ ਗੁਲਾਮੀ ਮਾਂ ਬਾਪ ਦੇ ਘਰ ਜੰਮਣ ਤੋਂ ਤੁਰਦੀ, ਵਿਆਹ ਹੋਣ ਤਕ ਮਾਂ ਬਾਪ ਦੀ ਗੁਲਾਮੀ ਵਿਚ ਰਹਿੰਦੀ। ਵਿਆਹ ਤੋਂ ਬਾਦ ਪਤੀ ਦੀ ਗੁਲਾਮ ਹੋ ਕੇ ਸਹੁਰੇ ਘਰ ਦੀਆਂ ਝਿੜਕਾਂ ਦਾ ਸ਼ਿਕਾਰ ਹੁੰਦੀ ਅਤੇ ਨੂੰਹਾਂ ਪੁਤਰਾਂ ਦੇ ਜੂਠੇ ਬਰਤਨ ਮਾਂਜ ਤੇ ਕੌੜੀਆਂ ਕਸੈਲੀਆਂ ਸੁਣ ਕੇ ਜੀਵਨ ਦੇ ਬਾਕੀ ਸੁਆਸ ਪੂਰੇ ਕਰਦੀ। ਜੇ ਲੜਕੀ ਕਿਸੇ ਕਾਰਨ ਛੱਡ ਦਿੱਤੀ ਜਾਂਦੀ ਤਾਂ ਦੂਸਰੀ ਥਾਂ ਵਿਆਹੀ ਨਹੀਂ ਸੀ ਜਾ ਸਕਦੀ। ਕਈ ਤਾਂ ਤੰਗ ਆਕੇ ਵੇਸਵਾ ਦਾ ਧੰਦਾ ਕਰਨ ਤਕ ਮਜ਼ਬੂਰ ਹੋ ਜਾਂਦੀਆਂ ਸਨ। ਜੇ ਪਤੀ ਮਰ ਜਾਂਦਾ ਤਾਂ ਪਤੀ ਦੇ ਨਾਲ ਸਤੀ ਹੋਣ ਦਾ ਰਿਵਾਜ ਸੀ। ਅਮੀਰ ਘਰਾਂ ਵਿਚ ਜੰਮਦੀਆਂ ਕੁੜੀਆਂ ਨੂੰ ਗੱਲ ਘੁਟ ਕੇ ਮਾਰ ਕੇ ਦਬਾ ਦਿੱਤਾ ਜਾਂਦਾ ਸੀ ਕਿਉਂਕਿ ਸਮਾਜਿਕ ਪਖੋਂ ਆਪਣੇ ਆਪ ਨੂੰ ਕਿਸੇ ਜੁਆਈ ਦਾ ਸਹੁਰਾ ਅਖਵਾਉਣਾ ਨਹੀਂ ਸੀ ਚਾਹੁੰਦੇ। ਇਕ ਬਿਰਧ ਮਾਈ ਜਿਸ ਨੂੰ ਭੂਆ ਕਿਹਾ ਜਾਂਦਾ ਸੀ, ਇਸੇ ਕੰਮ ਵਾਸਤੇ ਰੱਖੀ ਹੁੰਦੀ ਸੀ ਅਤੇ ਮਾਰਨ ਵੇਲੇ ਉਸ ਦੇ ਮੂੰਹ ਵਿਚ ਗੁੜ ਪਾਕੇ ਕਿਹਾ ਕਰਦੀ ਸੀ:-

ਗੁੜ ਖਾਈਂ, ਪੂਣੀ ਕੱਤੀਂ।
ਆਪ ਨਾ ਆਈਂ, ਵੀਰਾਂ ਨੂੰ ਘੱਤੀਂ।

ਕੁੜੀਆਂ ਦੇ ਮਾਰੇ ਜਾਣ ਕਰਕੇ ਉਨ੍ਹਾਂ ਦੀ ਗਿਣਤੀ ਘਟ ਗਈ ਤੇ ਮੁੰਡਿਆਂ ਦੇ ਵਿਆਹ ਹੋਣੇ ਔਖੇ ਹੋ ਗਏ, ਸੋ ਵੱਟੇ ਦਾ ਰਿਸ਼ਤਾ ਪ੍ਰਚਲਤ ਹੋ ਗਿਆ। ਭਾਵ ਆਪਣੇ ਪਰਿਵਾਰ ਦੀ ਲੜਕੀ ਤਾਂ ਦੇਣੀ ਜੇ ਆਪਣੇ ਪਰਿਵਾਰ ਦੇ ਲੜਕੇ ਲਈ ਦੂਜੇ ਦੀ ਲੜਕੀ ਲੈ ਲੈਣੀ। ਇਹ ਇਸ ਕਰਕੇ ਵੀ ਹੁੰਦਾ ਜੇ ਇਕ ਪਰਿਵਾਰ ਲੜਕੀ ਨੂੰ ਤੰਗ ਕਰੇ ਤਾਂ ਦੂਜਾ ਪਰਿਵਾਰ ਬਿਨਾਂ ਕਿਸੇ ਗਲੋਂ ਲੜਕੀ ਨੂੰ ਤੰਗ ਕਰਨ ਲਗ ਜਾਂਦਾ ਸੀ। ਕਈ ਚੰਗੇ ਸਾਊ ਘਰਾਂ ਦੀਆਂ ਸੋਹਣੀਆਂ, ਸੁਨੱਖੀਆਂ ਤੇ ਸਮਝਦਾਰ ਕੁੜੀਆਂ ਨੂੰ ਵੀ ਐਵੇਂ ਹੀ ਦੁਖ ਸਹਿਣਾ ਪੈਂਦਾ ਸੀ। ਉਸ ਸਮੇਂ ਦੀ ਇਕ ਹੋਰ

> ਜੋ ਅੱਜ ਇਸਤ੍ਰੀ ਦਾ ਦਰਜਾ ਤੇ ਅਧਿਕਾਰ ਦੇਖਣ ਵਿਚ ਆ ਰਿਹਾ ਹੈ, ਇਹ ਸਭ ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਸਦਕਾ ਹੈ। ਇਸਤ੍ਰੀ ਦੀ ਇਹ ਦੁਰਦਸ਼ਾ ਦੇਖ ਕੇ ਉਨ੍ਹਾਂ ਦਾ ਮਨ ਬਹੁਤ ਦੁਖੀ ਹੋਇਆ। ਸੋ ਆਪ ਜੀ ਨੇ ਔਰਤਾਂ ਨੂੰ ਸਮਾਜਿਕ ਬਰਾਬਰੀ ਦੇਣ ਲਈ ਜਿਥੇ ਕੁੜੀਆਂ ਦਾ ਮਾਰਨਾ ਬਿਲਕੁਲ ਬੰਦ ਕੀਤਾ, ਉਥੇ ਕੁੜੀਆਂ ਦਾ ਵੱਟਾ ਕਰਨ ਤੇ ਮੁੜ ਵੇਚਣਾ ਵੀ ਉਨੀ ਸਖਤੀ ਨਾਲ ਹੀ ਬੰਦ ਕੀਤਾ। ਆਪ ਜੀ ਨੇ ਬਾਲ-ਵਿਆਹ ਦੇ ਵਿਰੁਧ ਠੋਸ ਕਦਮ ਚੁੱਕਿਆ।

ਵੱਡੀ ਕੁਰੀਤੀ ਇਹ ਵੀ ਸੀ ਕਿ ਗਰੀਬ ਲੋਕ ਕੁੜੀਆਂ ਵੇਚਦੇ ਸੀ।

ਜੋ ਅੱਜ ਇਸਤ੍ਰੀ ਦਾ ਦਰਜਾ ਤੇ ਅਧਿਕਾਰ ਦੇਖਣ ਵਿਚ ਆ ਰਿਹਾ ਹੈ, ਇਹ ਸਭ ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਸਦਕਾ ਹੈ। ਇਸਤ੍ਰੀ ਦੀ ਇਹ ਦੁਰਦਸ਼ਾ ਦੇਖ ਕੇ ਉਨ੍ਹਾਂ ਦਾ ਮਨ ਬਹੁਤ ਦੁਖੀ ਹੋਇਆ। ਸੋ ਆਪ ਜੀ ਨੇ ਔਰਤਾਂ ਨੂੰ ਸਮਾਜਿਕ ਬਰਾਬਰੀ ਦੇਣ ਲਈ ਜਿਥੇ ਕੁੜੀਆਂ ਦਾ ਮਾਰਨਾ ਬਿਲਕੁਲ ਬੰਦ ਕੀਤਾ, ਉਥੇ ਕੁੜੀਆਂ ਦਾ ਵੱਟਾ ਕਰਨ ਤੇ ਮੁੜ ਵੇਚਣਾ ਵੀ ਉਨੀ ਸਖਤੀ ਨਾਲ ਹੀ ਬੰਦ ਕੀਤਾ। ਆਪ ਜੀ ਨੇ ਬਾਲ-ਵਿਆਹ ਦੇ ਵਿਰੁਧ ਠੋਸ ਕਦਮ ਚੁੱਕਿਆ ਤੇ ਵਿਆਹ ਦੀ ਆਯੂ ਨਿਸਚਿਤ ਕਰ ਦਿੱਤੀ ਅਤੇ ਆਖਿਆ, "ਅਠਾਰਾਂ ਬਰਸ ਕੀ ਲੜਕੀ, ਬੀਸ ਬਰਸ ਕਾ ਲੜਕਾ ਹੋਵੇ ਤਾਂ ਵਿਆਹ ਕਰਨਾ ਉਰੇ ਨਹੀਂ ਕਰਨਾ।" ਵਿਧਵਾ ਵਿਆਹ ਦੀ ਆਗਿਆ ਦੇ ਕੇ ਉਨ੍ਹਾਂ ਨੂੰ ਚੰਗਾ ਜੀਵਨ ਜੀਊਣ ਦਾ ਸ਼ੁਭ ਅਵਸਰ ਪ੍ਰਦਾਨ ਕੀਤਾ।

੨ ਜੂਨ ੧੮੬੩ ਈ: ਵਿਚ ਸਿਆੜ੍ਹ ਜ਼ਿਲਾ ਲੁਧਿਆਣਾ ਵਿਖੇ ਬੀਬੀਆਂ ਨੂੰ ਅੰਮ੍ਰਿਤ ਛਕਾ ਕੇ ਮਰਦਾਂ ਬਰਾਬਰ ਦਰਜਾ ਦਿੱਤਾ ਤੇ ੩ ਜੂਨ ੧੮੬੩ ਈ: ਵਿਚ ਫਿਰੋਜ਼ਪੁਰ ਦੇ ਇਕ ਪਿੰਡ ਖੋਟੇ ਵਿਚ ਸਾਦੇ, ਸਸਤੇ ਤੇ ਸਮੂਹਿਕ ਅਨੰਦ ਕਾਰਜਾਂ ਦੀ ਰਸਮ ਚਲਾ ਕੇ ਵਿਆਹਾਂ ਦੇ ਭੈੜੇ ਰਸਮ ਰਿਵਾਜਾਂ ਨੂੰ ਖਤਮ ਕੀਤਾ। ਲੋਕਾਂ ਨੇ ਸਤਿਗੁਰਾਂ ਦੇ ਬਚਨਾਂ ਨੂੰ ਸਿਰਮੱਥੇ ਮੰਨਿਆਂ ਅਤੇ ਨਾਮਧਾਰੀਆਂ ਦੇ ਘਰਾਂ ਵਿਚ ਇਸਤ੍ਰੀ ਪ੍ਰਤੀ ਅਨਾਦਰ ਦੀ ਭਾਵਨਾ ਖਤਮ ਹੁੰਦੀ ਗਈ ਅਤੇ ਦਿਨੋਂ ਦਿਨ ਉਨ੍ਹਾਂ ਦੀ ਕਦਰ ਵਧਦੀ ਗਈ। ਇਸ ਤਰ੍ਹਾਂ ਸਤਿਗੁਰਾਂ ਦੀ ਬਖਸ਼ਸ਼ ਅਤੇ ਨਾਮ ਦੀ ਅਨੰਤ ਕਲਾ ਨਾਲ ਬੀਬੀਆਂ ਮਾਈਆਂ ਵਿਚ ਉਹ ਹਸਤੀਆਂ ਪੈਦਾ ਹੋ ਗਈਆਂ ਜਿਨ੍ਹਾਂ ਨੇ ਦੇਸ਼ ਭਗਤੀ ਵਿਚ ਸਿੰਘਾਂ ਦੇ ਬਰਾਬਰ ਕੁਰਬਾਨੀਆਂ ਅਤੇ ਸਿੱਖੀ ਪ੍ਰਚਾਰ ਕੀਤਾ।

ਸੰਨ ੧੮੬੩-੬੪ ਵਿਚ ਸੱਚੇ ਪਾਤਸ਼ਾਹ ਜੀ ਨੇ ਸਾਰੇ ਦੇਸ਼ ਨੂੰ ਮੁਨਾਸਬ ਖੇਤਰਾਂ ਵਿਚ ਵੰਡ ਕੇ ੨੨ ਸੂਬਿਆਂ ਦੀ ਸਥਾਪਨਾ ਕੀਤੀ। ਕਿੰਨੇ ਗੌਰਵ ਦੀ ਗੱਲ ਹੈ, ਉਨ੍ਹਾਂ ਵਿਚੋਂ ੨੨ਵੀਂ ਸੂਬਾ ਇਕ ਇਸਤ੍ਰੀ ਬੀਬੀ ਹੁਕਮੀ ਜੀ ਜਿਹੜੀ ੧੭-੧੮ ਸਾਲ ਦੀ ਸੀ, ਸ਼ਾਮਲ ਕੀਤੀ ਗਈ। ਮਾਈ ਹੁਕਮੀ ਨੂੰ ਪੂਰਨ ਰੂਪ ਵਿਚ ਸੂਬੇ ਦੇ ਅਧਿਕਾਰ ਪ੍ਰਾਪਤ ਸਨ। ਇਸ ਮਾਈ ਨੇ ਨਾਮ ਦਾਨ, ਇਸ਼ਨਾਨ ਤੇ ਸੁਚ-ਸੋਧ ਦੀ ਲਹਿਰ ਚਲਾ ਕੇ ਰਾਜੇ ਮਹਾਰਾਜਿਆਂ ਦੇ ਘਰਾਂ ਵਿਚ ਪਰਚਾਰ ਕੀਤਾ, ਜਿਸ ਦੇ ਫਲ ਸਰੂਪ ਬਹੁਤ ਸਾਰੇ ਲੋਕ ਅੰਮ੍ਰਿਤ ਛਕ, ਨਾਮਧਾਰੀ ਬਣ ਦੇਸ਼ ਭਗਤੀ ਦੀ ਲਹਿਰ ਵਿਚ ਸ਼ਾਮਲ ਹੋਏ। ਇਸ ਮਾਈ ਦੇ ਅਸ਼ੀਰਵਾਦ ਨਾਲ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਦੇ ਘਰ ੧੯੨੧ ਈ: ਵਿਚ ਪੁਤਰ ਨੇ ਜਨਮ ਲਿਆ, ਜਿਸ ਤੋਂ ਖੁਸ਼ ਹੋਕੇ ਮਹਾਰਾਜਾ ਨੇ ਇਕ ਰੋਲਜ਼ ਰਾਇਸ ਕਾਰ, ਨਕਦ ਮਾਇਆ, ਘੋੜੇ ਤੇ ਕਰੀਬ ੮ ਹਜ਼ਾਰ ਏਕੜ ਜ਼ਮੀਨ ਜਿਸ ਨੂੰ ਨਾਭੇ ਦੀ ਬੀੜ ਕਿਹਾ ਜਾਂਦਾ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਭੇਟ ਕੀਤੀ। ਮਾਈ ਹੁਕਮੀ ਤੋਂ ਹੋਰ ਵੀ ਬਹੁਤ ਸਾਰੀਆਂ ਮਾਈਆਂ ਪ੍ਰਭਾਵਤ ਹੋਈਆਂ। ਇਨ੍ਹਾਂ ਨੂੰ ਅੰਗਰੇਜ਼ਾਂ ਨੇ ਕੁਝ ਸਮੇਂ ਲਈ ਫਿਰੋਜ਼ਪੁਰ ਨਜ਼ਰਬੰਦ ਕੀਤੀ ਰਖਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰਾਹੀਂ ਵਿਦੇਸ਼ੀ ਸਰਕਾਰ ਵਿਰੁਧ ਛੇੜੇ ਗਏ ਜਹਾਦ ਵਿਚ ਉਨ੍ਹਾਂ ਦੀ ਮਾਤਾ ਸਦਾ ਕੌਰ ਤੇ ਮਹਿਲ ਮਾਈ ਜੱਸਾਂ ਜੀ ਨੇ ਪੂਰਨ ਸਹਿਯੋਗ ਦਿੱਤਾ। ਇਨ੍ਹਾਂ ਨੇ ਤਨ, ਮਨ ਤੇ ਧਨ ਨਾਲ ਲੰਗਰ ਤੇ ਪੰਥ ਦੀ ਸੇਵਾ ਕੀਤੀ। ਸਤਿਗੁਰੂ ਜੀ ਦੇ ਮਾਮੀ ਜੀ ਰਾਮ ਕੌਰ ਦਾ ਘਰ ਨਾਮਧਾਰੀ ਕੇਂਦਰ ਬਣਿਆ ਹੋਇਆ ਸੀ ਤੇ ਉਨ੍ਹਾਂ ਦੀ ਨੂੰਹ ਮਾਈ ਭੋਲੀ ਨੂੰ ਅੰਗਰੇਜ਼ ਸਰਕਾਰ ਬਾਗੀ ਸਮਝਦੀ ਸੀ ਕਿਉਂਕਿ ਉਸ ਦੇ ਘਰ ਨਾਮਧਾਰੀ ਸੰਗਤ ਆਉਂਦੀ ਸੀ।

ਜਦੋਂ ੧੮ ਜਨਵਰੀ ੧੮੭੨ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਵਿਦੇਸ਼ੀ ਸਰਕਾਰ ਰਾਹੀਂ ਨਜ਼ਰਬੰਦ ਕਰਕੇ ਰੰਗੂਨ ਭੇਜ ਦਿੱਤਾ ਗਿਆ ਉਦੋਂ ਹੋਰ ਸਿੰਘਾਂ ਦੇ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪੁਤਰੀ ਬੀਬੀ ਨੰਦਾਂ ਤੇ ਸਤਿਗੁਰੂ ਜੀ ਦੇ ਛੋਟੇ ਭਰਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੇ ਉਨ੍ਹਾਂ ਦੇ ਮਹਿਲ ਮਾਤਾ ਸਾਹਿਬ ਕੌਰ ਜੀ, ਮਾਤਾ ਜੀਵਨ ਕੌਰ ਜੀ ਤੇ ਮਾਤਾ ਫਤਿਹ ਕੌਰ ਜੀ ਤੇ ਭੈਣੀ ਸਾਹਿਬ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨੂੰ ਆਈਆਂ ਤੇ ਡੇਰੇ ਵਿਚ ਸੇਵਾ ਲਈ ਰੁਕੀਆਂ ਇਸਤ੍ਰੀਆਂ ਨੂੰ ਸ੍ਰੀ ਭੈਣੀ ਸਾਹਿਬ ਦੇ ਡੇਰੇ ਵਿਖੇ ਅੰਗਰੇਜ਼ ਸਰਕਾਰ ਰਾਹੀਂ ਨਜ਼ਰਬੰਦ ਕਰ ਦਿੱਤਾ ਗਿਆ। ਇਸਤਰ੍ਹਾਂ ਉਸ ਸਮੇਂ ਭੈਣੀ ਸਾਹਿਬ ਨੂੰ ਜੇਹਲ ਦਾ ਰੂਪ ਦਿੱਤਾ ਗਿਆ। ਸਿੰਘਾਂ ਦੇ ਨਾਲ ਇਨ੍ਹਾਂ ਮਾਈਆਂ ਨੇ ਵੀ ਪੁਲਿਸ ਨਿਗਰਾਨੀ ਦੀਆਂ ਸਖਤੀਆਂ ਸਹਿਣ ਕੀਤੀਆਂ। ਇਹ ਮਾਈਆਂ ਲੰਗਰ ਦੀ ਸੇਵਾ ਦੇ ਨਾਲ ਨਾਲ ਨਿਤਨੇਮ ਵੀ ਕਰਦੀਆਂ। ਬਾਹਰੋਂ ਦਰਸ਼ਨ ਕਰਨ ਆਉਣ ਵਾਲੇ ਸਿੱਖਾਂ ਨੂੰ ਚੋਰੀ-ਛਿੱਪੀ ਪ੍ਰਸ਼ਾਦ ਪਾਣੀ ਛਕਾਣਾ ਤੇ ਗੁਰੂ ਦੇ ਦਰਸ਼ਨਾਂ ਦਾ ਪ੍ਰਬੰਧ ਕਰਨਾ ਇਨ੍ਹਾਂ ਮਾਈਆਂ ਦਾ ਕੰਮ ਸੀ।

ਗੁਜਰਵਾਲ ਦੀ ਬੀਬੀ ਕਰਮ ਕੌਰ ਜਿਸ ਵਲੋਂ ਪ੍ਰੇਮ ਤੇ ਸ਼ਰਧਾ ਨਾਲ ਬਣਾਈ ਗਈ ਕੰਬਲੀ ਨੂੰ ਧਾਰਨ ਕਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ ਗਏ ਸਨ ਜੇਲ੍ਹ ਵਿਚਲੇ ਸਿੰਘਾਂ ਨੂੰ ਲੋੜੀਂਦੇ ਬਸਤਰ ਪਹੁੰਚਾਂਦੀ ਸੀ ਤੇ ਆਪਣੇ ਪਿੰਡ ਦੀਆਂ ਮਾਈਆਂ ਨੂੰ ਗੁਰਮੁਖੀ ਪੜ੍ਹਾ ਕੇ ਪਾਠ ਕਰਨ ਤੇ ਲਾ ਦਿੱਤਾ। ਪਿੰਡ ਵਿਚ ਕੁੜੀਆਂ ਮਾਰਨ ਦਾ ਰਿਵਾਜ ਬੰਦ ਕੀਤਾ ਤੇ ਪਾਣੀ ਵਾਸਤੇ ਖੂਹੀਆਂ ਲਵਾਈਆਂ।

ਸੰਗਰੂਰ ਰਿਆਸਤ ਦੇ ਪਿੰਡ ਕੁੰਨਰ ਦੀ ਬੀਬੀ ਕਿਸ਼ਨ ਕੌਰ ਨੇ ਬੀਬੀ ਹੁਕਮੀ ਦੀ ਸੰਗਤ ਵਿਚ ਆ ਕੇ ੯੦ ਹਜ਼ਾਰ ਰੁਪਏ ਸ੍ਰੀ ਭੈਣੀ ਸਾਹਿਬ ਲੰਗਰ ਦੀ ਭੇਟਾ ਕੀਤੇ।

ਹੋਰ ਵੀ ਹਜ਼ਾਰਾਂ ਨਾਮਧਾਰਨਾਂ ਜਿਨ੍ਹਾਂ ਦੇ ਘਰ ਨਾਮਧਾਰੀ ਕੇਂਦਰ ਬਣੇ ਹੋਏ ਸਨ ਤੇ ਜਿਨ੍ਹਾਂ ਨੂੰ ਅੰਗਰੇਜ਼ ਬਾਗੀ ਸਮਝਦੇ ਸਨ, ਆਪਣੇ ਪਿੰਡਾਂ ਵਿਚ ਹੀ ਨਜ਼ਰਬੰਦ ਕੀਤੀਆਂ ਗਈਆਂ। ਕਈਆਂ ਨੂੰ ਥਾਣੇ ਜਾਕੇ ਹਾਜ਼ਰੀ ਲੁਆਉਣੀ ਪੈਂਦੀ ਸੀ। ਪਰ ਕਿਸੇ ਨਹੀਂ ਸੁਣਿਆਂ ਕਿ ਕਿਸੇ ਨਾਮਧਾਰਨ ਮਾਈ ਭੈਣ ਨੇ ਅੰਗਰੇਜ਼ੀ ਸਰਕਾਰ ਤੋਂ ਮਾਫੀ ਮੰਗ ਕੇ ਆਪਣੀ ਜਾਨ ਖਲਾਸੀ ਦੀ ਮੰਗ ਕੀਤੀ ਹੋਵੇ।

੧੭-੧੮ ਜਨਵਰੀ ੧੮੭੨ ਨੂੰ ਮਲੇਰਕੋਟਲੇ ਵਿਖੇ ਸ਼ਹੀਦ ਹੋਏ ਨਾਮਧਾਰੀ ਸਿੰਘਾਂ ਦੇ ਜੱਥੇ ਵਿਚ ਦੋ ਮਾਈਆਂ ਇੰਦਰ ਕੌਰ ਤੇ ਖੇਮ ਕੌਰ ਸ਼ਾਮਲ ਸਨ। ਇਨ੍ਹਾਂ ਨੇ ਹੱਥ ਵਿਚ ਝੰਡਾ ਫੜ ਸਿੰਘਾਂ ਨੂੰ ਜੱਥੇ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ। ਇਨ੍ਹਾਂ ਦੋਹਾਂ ਮਾਈਆਂ ਨੂੰ ਸ਼ਹੀਦ ਨਹੀਂ ਕੀਤਾ ਗਿਆ ਬਲਕਿ ਕਾਫੀ ਸਮਾਂ ਪਟਿਆਲਾ ਜੇਲ੍ਹ ਵਿਚ ਰਖਿਆ ਗਿਆ।

ਮਾਈ ਇੰਦਰ ਕੌਰ ਦਾ ਪਤੀ ਨੰਦ ਸਿੰਘ ਵੀ ਇਸ ਸ਼ਹੀਦੀ ਜਥੇ ਵਿਚ ਸੀ, ਉਹ ਪਹਿਲੀ ਲੜਾਈ ਵਿਚ ਮਾਰਿਆ ਗਿਆ। ਪਰ ਇੰਦ ਕੌਰ ਸਗੋਂ ਦੂਣੇ ਰੋਹ ਨਾਲ ਸਾਥੀਆਂ ਦੇ ਅੱਗੇ ਹੋ ਤੁਰੀ। ਇਕ ਹੋਰ ਮਾਈ ਖੇਮ ਕੌਰ ਦੀਆਂ ਕੀਹਨੇ ਰੀਸਾਂ ਕਰਨੀਆਂ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਧਾਰਮਿਕ ਤੇ ਸਮਾਜਿਕ ਖੇਤਰ ਵਿਚ ਇਸਤ੍ਰੀਆਂ ਨੂੰ ਸਿਖਰ ਤੇ ਜਾ ਖੜ੍ਹਾ ਕੀਤਾ ਹੈ ਜਿਨ੍ਹਾਂ ਨੇ ਲੜਕਿਆਂ ਦੇ ਸੰਮੇਲਨ ਦੀ ਤਰ੍ਹਾਂ ਲੜਕੀਆਂ ਦਾ ਸੰਮੇਲਨ ਵੀ ਕਰਨ ਦੀ ਆਗਿਆ ਦਿੱਤੀ ਹੈ। ਜਿਸ ਨਾਲ ਅੱਜ ਲੜਕੀਆਂ ਨਾਮਧਾਰੀ ਸਟੇਜ ਤੇ ਬੈਠ ਕੁਝ ਬੋਲ ਸਕਦੀਆਂ ਹਨ। ਸੰਗੀਤ ਤੇ ਸ਼ਬਦ ਕੀਰਤਨ ਵਿਚ ਅੱਗੇ ਆਈਆਂ ਹਨ। ਉਹਨਾਂ ਲੇਖਕਾ ਬਣ ਕੇ ਕਿਤਾਬਾਂ ਛਪਵਾਈਆਂ ਹਨ ਅਤੇ ਸੂਬਾ ਬਣ ਕੇ ਸਿੱਖੀ ਪਰਚਾਰ ਕਰ ਰਹੀਆਂ ਹਨ। ਦੇਸ਼ ਵਿਦੇਸ਼ ਵਿਚ ਵਕੀਲ, ਡਾਕਟਰ ਤੇ ਪਾਇਲਟ ਬਣ ਕੇ ਨਾਮਣਾ ਖਟ ਰਹੀਆਂ ਹਨ ਤੇ ਨਾਮਧਾਰੀ ਪੰਥ ਦਾ ਨਾਂ ਉੱਚਾ ਕਰ ਰਹੀਆਂ ਹਨ।

ਹਨ, ਜਿਸ ਦੇ ਤਿੰਨ ਪੁਤਰ ਸ: ਗੁਰਦਿਤ ਸਿੰਘ, ਸ: ਨਰੈਣ ਸਿੰਘ ਅਤੇ ਸ: ਹਰਨਾਮ ਸਿੰਘ ਮਲੇਰਕੋਟਲੇ ਵਿਚ ਸ਼ਹੀਦ ਹੋਏ। ਪਰ ਕੀ ਮਜਾਲ ਉਸ ਨੇ ਉਫ ਵੀ ਕੀਤੀ ਹੋਵੇ। ਖਿੜੇ ਮਥੇ ਪੁਤਰਾਂ ਦਾ ਤੋਪਾਂ ਨਾਲ ਉਡਾਏ ਜਾਣਾ ਪਰਵਾਨ ਕੀਤਾ ਅਤੇ ਇਸੇ ਮਾਈ ਦਾ ਇਕ ਵੀਰ ਭਾਈ ਸੁਹੇਲ ਸਿੰਘ ਵੀ ਇਸੇ ਜਥੇ ਵਿਚ ਤੋਪ ਦੇ ਗੋਲੇ ਨਾਲ ਹੱਸਦਾ ਹੱਸਦਾ ਉੱਡ ਗਿਆ।

ਮਾਈ ਖੇਮ ਕੌਰ ਰੜ ਵਾਲੀ ਦਾ ਪਤੀ ਚੜ੍ਹਤ ਸਿੰਘ ਅਤੇ ਤਿੰਨ ਪੁਤਰ ਸ਼ਹੀਦ ਬਿਸ਼ਨ ਸਿੰਘ (੧੨ ਸਾਲ ਦਾ) ਸ਼ਹੀਦ ਹਰਨਾਮ ਸਿੰਘ (੧੪ ਸਾਲ ਦਾ) ਤੇ ਸੌਦਾ ਸਿੰਘ (੨੦ ਸਾਲ ਦਾ) ਮਲੇਰਕੋਟਲੇ ਵਿਖੇ ਸ਼ਹੀਦ ਹੋਏ। ਸਿਰਫ ਡੇਢ ਸਾਲ ਦਾ ਇਕ ਪੋਤਾ ਨਿਰੰਜਨ ਸਿੰਘ ਬਚਿਆ, ਜਿਸ ਦਾ ਵੰਸ ਚਲ ਰਿਹਾ ਹੈ।

ਬੀਬੀ ਕਿਸ਼ਨ ਕੌਰ ਨੂੰ ਇਕ ਵਾਰੀ ਸੰਤ ਕੇਸਰ ਸਿੰਘ ਕਿਲੀ ਮੁਹਾਵੇ ਵਾਲਿਆਂ ਨੇ ਕਿਹਾ, "ਕਿਸ਼ਨ ਸਿੰਘਾ, ਲੰਗਰ ਤਿਆਰ ਕਰੋ।" ਬੀਬੀ ਨੇ ਚੌਲ ਰਿੰਨਣੇ ਸ਼ੁਰੂ ਕਰ ਦਿੱਤੇ ਤੇ ਰਿਝਦੇ ਚੌਲਾਂ ਵਿਚ ਕੜਛੀ ਨਾ ਲਭਣ ਤੇ ਆਪਣੀ ਬਾਂਹ ਹੀ ਪਾਕੇ ਹਿਲਾ ਦਿੱਤੀ। ਉਸ ਨੂੰ ਰਤੀ ਭਰ ਵੀ ਆਂਚ ਨਾ ਲੱਗੀ।

ਸਤਿਗੁਰੂ ਹਰੀ ਸਿੰਘ ਜੀ ਦੇ ਮਹਿਲ ਮਾਤਾ ਜੀਵਨ ਕੌਰ ਜੀ ਵਿਚ ਦਇਆ ਤੇ ਸੇਵਾ ਭਾਵ ਬਹੁਤ ਜ਼ਿਆਦਾ ਸੀ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਵਕਤ ਸੰਨ ੧੯੨੯ ਈ: ਵਿਚ ਕਾਂਗਰਸ ਨੇ ਆਪਣਾ ਸਾਲਾਨਾ ਸਮਾਗਮ ਲਾਹੌਰ-ਰਾਵੀ ਕੰਢੇ ਕੀਤਾ ਜਿਸਦਾ ਦਾ ਪੂਰਾ ਪ੍ਰਬੰਧ ਨਾਮਧਾਰੀਆਂ ਨੇ ਕੀਤਾ। ਬਾਹਰੋਂ ਆਏ ਲੱਖਾਂ ਲੋਕਾਂ ਦੇ ਲੰਗਰ ਦਾ ਪ੍ਰਬੰਧ ਮਾਤਾ ਜੀਵਨ ਕੌਰ ਜੀ ਦੀ ਨਿਗਰਾਨੀ ਹੇਠ ਕੀਤਾ ਗਿਆ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਮਹਿਲ ਮਾਤਾ ਭੁਪਿੰਦਰ ਕੌਰ ਜੀ ਬਹੁਤ ਸੇਵਾ ਭਾਵ ਰਖਦੇ ਸਨ। ਮਾਈਆਂ ਦਾ ਪਹਿਲਾ ਜਪ-ਪ੍ਰਯੋਗ ਮਾਤਾ ਭੁਪਿੰਦਰ ਕੌਰ ਜੀ ਨੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਆਗਿਆ ਲੈ ਕੇ ਕੀਤਾ ਸੀ। ਇਸ ਤਰ੍ਹਾਂ ਉਨ੍ਹਾਂ ਇਤਿਹਾਸ ਵਿਚ ਇਕ ਹੋਰ ਸੁਨਹਿਰੀ ਪੰਨਾ ਜੋੜਿਆ। ਭਾਵੇਂ ਮਾਈਆਂ ਨੂੰ ਅੰਮ੍ਰਿਤ ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਛਕਾਇਆ ਪਰ ਮਾਈਆਂ ਦਾ ਤੇ ਸਿੰਘਾਂ ਦਾ ਵਖਰਾ ਜਪ-ਪ੍ਰਯੋਗ ਸਭ ਤੋਂ ਪਹਿਲੇ ਮਾਤਾ ਭੁਪਿੰਦਰ ਕੌਰ ਜੀ ਨੇ ਕਰਵਾਇਆ।

ਸਤਿਗੁਰੂ ਰਾਮ ਸਿੰਘ ਜੀ ਨੇ ਜਿਹੜੀ ਅਨੰਦ ਮਰਯਾਦਾ ਸਥਾਪਤ ਕੀਤੀ ਸੀ, ਸਤਿਗੁਰੂ ਪਰਤਾਪ ਸਿੰਘ ਜੀ ਨੇ ਹਰ ਨਾਮਧਾਰੀ ਨੂੰ ਇਸ ਮਰਯਾਦਾ ਤੇ ਚਲਣ ਦੀ ਪ੍ਰੇਰਨਾ ਦਿੱਤੀ। ਦਾਜ ਦਹੇਜ ਦੀ ਪ੍ਰਥਾ ਨੂੰ ਬਿਲਕੁਲ ਖਤਮ ਕਰ ਦਿੱਤਾ। ਮਾਈਆਂ ਨੂੰ ਹਾਰ ਸ਼ਿੰਗਾਰ ਤਿਆਗ ਕੇ ਸਾਦਾ ਜੀਵਨ ਜੀਊਣ ਦੀ ਜਾਂਚ ਦੱਸੀ।

ਸਤਿਗੁਰੂ ਪਰਤਾਪ ਸਿੰਘ ਜੀ ਵੇਲੇ ਗੁਜਰਾਂਵਾਲੇ ਵਿਚ ਇਕ ਮਸਤਾਨੀ ਮਾਈ ਐਨੀਆਂ ਉੱਚੀਆਂ ਅਧਿਆਤਮਿਕ ਸਿਖਰਾਂ ਨੂੰ ਛੂਹ ਚੁੱਕੀ ਸੀ ਕਿ ਜਦੋਂ ਜੀ ਚਾਹੇ, ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰ ਲੈਂਦੀ। ਸੂਬਾ ਗੰਡਾ ਸਿੰਘ ਜੀ ਦਿੱਲੀ ਵਾਲੇ ਦਸਦੇ ਸਨ ਕਿ ਇਕ ਦਿਨ ਸੱਚੇ ਪਾਤਸ਼ਾਹ ਜੀ ਆਸਾ ਜੀ ਦੀ ਵਾਰ ਵਿਚੋਂ ਉਠ ਕੇ ਮਾਈ ਦੇ ਘਰ ਨੂੰ ਟੁਰ ਪਏ, ਅਗੇ ਮਾਈ ਦਰਸ਼ਨਾਂ ਦੀ ਤਾਂਘ ਵਿਚ ਤੜਪ ਰਹੀ ਸੀ। ਖੁਸ਼ੀ ਖੁਸ਼ੀ ਅੰਦਰ ਜਾ ਕੇ ਕਈ ਤਹਿਆਂ ਖੋਲ੍ਹ ਕੇ ਇਕ ਰੁਪਿਆ ਕੱਢ ਕੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਭੇਟ ਕੀਤਾ। ਸੱਚੇ ਪਾਤਸ਼ਾਹ ਜੀ ਨੇ ਫਿਰ ਦੀਵਾਨ ਵਿਚ ਆ ਦਰਸ਼ਨ ਦਿੱਤੇ। ਸਰਸੇ ਦੀ ਮਾਈ ਲਕਸ਼ਮੀ ਨੂੰ ਰਿਫਿਊਜ਼ੀਆਂ ਦੀ ਸੇਵਾ ਕਰਨ ਦਾ ਬਹੁਤ ਚਾਅ ਸੀ। ਇਸਤਰ੍ਹਾਂ ਹੋਰ ਅਣਗਿਣਤ ਮਾਈਆਂ ਨੇ ਵੀ ਸੱਚੇ ਪਾਤਸ਼ਾਹ ਜੀ ਦੇ ਆਦੇਸ਼ਾਂ ਤੇ ਚਲ ਕੇ ਆਪਣੇ ਜੀਵਨ ਸਫਲ ਕੀਤੇ।

ਮਾਤਾ ਭੁਪਿੰਦਰ ਕੌਰ ਦੇ ਲਾਲ, ਵਿਸ਼ਾਲ ਨਾਮਧਾਰੀ ਸਿੱਖ ਜਗਤ ਦੇ ਸਮਰਾਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਰਧਾਂਗਨੀ ਮਾਤਾ ਚੰਦ ਕੌਰ ਜੀ ਸਤਿਗੁਰੂ ਜੀ ਦੇ ਹਰ ਇਕ ਕੰਮ ਵਿਚ ਪੂਰਾ ਸਹਿਯੋਗ ਦੇ ਰਹੇ ਹਨ। ਇਸਤ੍ਰੀਆਂ ਨੂੰ ਉਤਸ਼ਾਹ ਦਿੰਦੇ ਹਨ ਤੇ ਸਤਿਗੁਰੂ ਜੀ ਦਾ ਹੁਕਮ ਵਿਚ ਚਲਣ ਦੀ ਪ੍ਰੇਰਣਾ ਦਿੰਦੇ ਹਨ।

ਅੱਜ ਦੇ ਵਿਗਿਆਨਕ ਯੁਗ ਵਿਚ ਜਦੋਂ ਸਾਇੰਸ ਐਨੀ ਤਰੱਕੀ ਕਰ ਰਹੀ ਹੈ, ਹਰ ਖੇਤਰ ਉਨਤੀ ਦੇ ਰਾਹ ਤੇ ਹੈ, ਪਰ ਭਾਰਤੀ ਨਾਰੀ ਨੂੰ ਅਜੇ ਵੀ ਦਾਜ ਦਹੇਜ ਨਾ ਲਿਜਾਣ ਤੇ ਸਾੜਿਆ ਜਾਂਦਾ ਹੈ ਤੇ ਕਈ ਨੌਜਵਾਨ ਸੁੰਦਰੀਆਂ ਸੱਸਾਂ, ਨਨਾਣਾਂ ਤੇ ਪਤੀ ਦੇ ਤਾਹਨਿਆਂ ਤੋਂ ਤੰਗ ਆ ਕੇ ਖੁਦਕਸ਼ੀ ਕਰ ਲੈਂਦੀਆਂ ਹਨ। ਇਥੋਂ ਤਕ ਇਸਤਰੀ ਤੇ ਅਤਿਆਚਾਰ ਹੋ ਰਹੇ ਹਨ ਕਿ ਉਸ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ, ਪਰ ਅਸੀਂ ਨਾਮਧਾਰੀ ਬੀਬੀਆਂ ਕਿੰਨੀਆਂ ਭਾਗਸ਼ਾਲੀ ਹਾਂ ਕਿ ਵਰਤਮਾਨ ਸਤਿਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਕੇ ਸੁਖਦਾਈ ਤੇ ਸ਼ਾਂਤੀ ਭਰਪੂਰ ਜੀਵਨ ਜੀ ਰਹੀਆਂ ਹਾਂ ਕਿਉਂਕਿ ਸੱਚੇ ਪਾਤਸ਼ਾਹ ਜੀ ਬਿਨਾਂ ਦਾਜ ਦਹੇਜ ਤੋਂ ਸਾਦੇ, ਸਸਤੇ ਤੇ ਸਮੂਹਿਕ ਅਨੰਦ ਕਾਰਜ ਮੇਲਿਆਂ ਤੇ ਕਰਦੇ ਹਨ ਤੇ ਜੰਮਣ ਤੋਂ ਪਹਿਲਾਂ ਲੜਕੀਆਂ ਨੂੰ ਮਾਰਨ ਤੋਂ ਰੋਕਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਧਾਰਮਿਕ ਤੇ ਸਮਾਜਿਕ ਖੇਤਰ ਵਿਚ ਇਸਤ੍ਰੀਆਂ ਨੂੰ ਸਿਖਰ ਤੇ ਜਾ ਖੜ੍ਹਾ ਕੀਤਾ ਹੈ ਜਿਨ੍ਹਾਂ ਨੇ ਲੜਕਿਆਂ ਦੇ ਸੰਮੇਲਨ ਦੀ ਤਰ੍ਹਾਂ ਲੜਕੀਆਂ ਦਾ ਸੰਮੇਲਨ ਵੀ ਕਰਨ ਦੀ ਆਗਿਆ ਦਿੱਤੀ ਹੈ। ਜਿਸ ਨਾਲ ਅੱਜ ਲੜਕੀਆਂ ਨਾਮਧਾਰੀ ਸਟੇਜ ਤੇ ਬੈਠ ਕੁਝ ਬੋਲ ਸਕਦੀਆਂ ਹਨ। ਸੰਗੀਤ ਤੇ ਸ਼ਬਦ ਕੀਰਤਨ ਵਿਚ ਅੱਗੇ ਆਈਆਂ ਹਨ। ਉਹਨਾਂ ਲੇਖਕਾ ਬਣ ਕੇ ਕਿਤਾਬਾਂ ਛਪਵਾਈਆਂ ਹਨ ਅਤੇ ਸੂਬਾ ਬਣ ਕੇ ਸਿੱਖੀ ਪਰਚਾਰ ਕਰ ਰਹੀਆਂ ਹਨ। ਦੇਸ਼ ਵਿਦੇਸ਼ ਵਿਚ ਵਕੀਲ, ਡਾਕਟਰ ਤੇ ਪਾਇਲਟ ਬਣ ਕੇ ਨਾਮਣਾ ਖਟ ਰਹੀਆਂ ਹਨ ਤੇ ਨਾਮਧਾਰੀ ਪੰਥ ਦਾ ਨਾਂ ਉੱਚਾ ਕਰ ਰਹੀਆਂ ਹਨ।

■

ਡਾ. ਧਿਆਨ ਸਿੰਘ

ਚੀਨੀ ਵਾਲਿਆ ਖੇਤੀ ਦੀ ਸੰਭਾਲ ਕਰ ਆ ਕੇ

ਅੰਗਰੇਜ਼ ਸ੍ਰੀ ਭੈਣੀ ਸਾਹਿਬ ਨੂੰ ਵਸਾਉਣ ਦੀ ਬਜਾਏ ਤਬਾਹ ਤੇ ਬਰਬਾਦ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛਡ ਰਿਹਾ ਸੀ। ਇਸ ਪਿੰਡ ਨੂੰ ਕੂਕਿਆਂ ਦਾ ਕੇਂਦਰ ਸਮਝ ਕੇ ਸਾਰੇ ਧਰਮ ਅਸਥਾਨ ਦੇ ਲੰਗਰ ਤੇ ਹੋਰ ਜਗ੍ਹਾ ਦੀਆਂ ਤਲਾਸ਼ੀਆਂ ਲਈਆਂ ਤੇ ਸ਼ਕ ਵਾਲੀ ਜਗ੍ਹਾ ਨੂੰ ਕਾਫੀ ਡੂੰਘਾ ਪੁਟਾ ਕੇ ਵੇਖਿਆ ਗਿਆ ਸੀ ਕਿ ਕਿਤੇ ਕੂਕੇ ਜੰਗੀ ਸਮਾਨ ਤਾਂ ਨਹੀਂ ਤਿਆਰ ਕਰ ਰਹੇ।

ਸਿਖ ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਮਰਨ ਮਗਰੋਂ, ਜਦੋਂ ਪੰਜਾਬ ਤੇ ਅੰਗਰੇਜ਼ ਸਾਮਰਾਜ ਨੇ ਮੁਕੰਮਲ ਕਬਜ਼ਾ ਕਰ ਲਿਆ ਸੀ ਤਾਂ ਉਸ ਵੇਲੇ ਕਲਗੀਧਰ ਦਸਮ ਪਾਤਸ਼ਾਹ ਜੀ ਦੀ ਸਾਜੀ ਹੋਈ ਸਿਖ ਫੁਲਵਾੜੀ ਕਾਫੀ ਮੁਰਝਾਈ ਜਾ ਰਹੀ ਸੀ।

ਉਸ ਵੇਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦਸਮ ਪਾਤਸ਼ਾਹ ਜੀ ਦੀ ਮੁਰਝਾਈ ਜਾ ਰਹੀ ਸਿਖ ਫੁਲਵਾੜੀ ਨੂੰ ਫਿਰ ਨਵੇਂ ਸਿਰਿਓਂ ਸੁਰਜੀਤ ਕੀਤਾ ਸੀ, ਜਿਸ ਨੂੰ ਕੂਕੇ (ਨਾਮਧਰੀ) ਦੇ ਨਾਮ ਨਾਲ ਯਾਦ ਕੀਤਾ ਜਾਂਦਾ ਸੀ।

ਸਤਿਗੁਰੂ ਜੀ ਨੇ ਵੇਖਿਆ ਕਿ ਅੰਗਰੇਜ਼ ਨੇ, ਸਿਖਾਂ ਦੀ ਫੁਟ ਤੋਂ ਫਾਇਦਾ ਉਠਾਂਦੇ ਹੋਏ ਪੰਜਾਬ ਨੂੰ ਆਪਣੇ ਅਧੀਨ ਰਖਣ ਲਈ ਪੰਜਾਬੀਆਂ ਤੇ ਕਾਫੀ ਸਖ਼ਤੀਆਂ ਤੇ ਜ਼ੁਲਮ ਕਰਨਾ ਸ਼ੁਰੂ ਕਰ ਰਖਿਆ ਹੈ, ਇਸ ਜ਼ਾਲਮ ਸਰਕਾਰ ਦਾ ਮੁਕਾਬਲਾ ਜੰਗ ਨਾਲ ਨਹੀਂ ਕੀਤਾ ਜਾ ਸਕਦਾ। ਕਿਉਂਕਿ ਜੰਗ ਹਥਿਆਰਾਂ ਦੀ ਪੂਰੀ ਤਿਆਰੀ ਤੋਂ ਬਿਨਾ ਕਰਨਾ ਅਤੀ ਕਠਨ ਸੀ।

ਸਤਿਗੁਰੂ ਜੀ ਨੇ ਅੰਗਰੇਜ਼ਾਂ ਦੇ ਖਿਲਾਫ ਅਦਮ ਤਸ਼ਦਦ ਦਾ ਹਥਿਆਰ ਵਰਤਦੇ ਹੋਏ ਨਾ ਮਿਲਵਰਤਨ ਦਾ ਐਲਾਨ ਕੀਤਾ ਸੀ ਕਿ ਅੰਗਰੇਜ਼ੀ ਸਰਕਾਰ ਦੇ ਸਕੂਲਾਂ ਵਿਚ ਪੜ੍ਹਨਾ, ਉਹਨਾਂ ਦੀਆਂ ਕਚਹਿਰੀਆਂ ਵਿਚ ਨਾ ਜਾਣਾ, ਅੰਗਰੇਜ਼ਾਂ ਦਾ ਕਪੜਾ ਨਹੀਂ ਖਰੀਦ ਕਰਨਾ।

ਸਗੋਂ ਅਪਣਾ ਖਦਰ ਪਹਿਨਣਾ, ਉਹਨਾਂ ਦੀਆਂ ਗਡੀਆਂ ਤੇ ਸਫਰ ਨਾ ਕਰਨਾ ਅਤੇ ਉਹਨਾਂ ਅੰਗਰੇਜ਼ ਦੀ ਡਾਕ ਦੀ ਥਾਂ ਆਪਣਾ ਡਾਕ ਸਿਸਟਮ ਚਾਲੂ ਕਰ ਦਿਤਾ ਸੀ।

ਸਤਿਗੁਰੂ ਜੀ ਨੇ ਆਪਣੇ ਏਲਚੀ ਰੂਸ ਭੇਜੇ ਤੇ ਅੰਗਰੇਜ਼ਾਂ ਨਾਲ ਟੱਕਰ ਲੈ ਕੇ ਦੇਸ਼ ਆਜ਼ਾਦ ਕਰਾਨ ਲਈ ਫੌਜੀ ਤੇ ਹੋਰ ਮਦਦ ਮੰਗੀ ਸੀ। ਜੰਮੂ ਕਸ਼ਮੀਰ ਤੇ ਨੇਪਾਲ ਦੇ ਰਾਜਿਆਂ ਪਾਸ ਆਪਣੇ ਕੂਕੇ ਫੌਜੀ ਭਰਤੀ ਕਰਾਏ ਸਨ। ਇਸ ਅੰਦੋਲਨ ਨੂੰ ਕੂਕਾ ਮੂਵਮੈਂਟ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਸੀ।

ਉਹਨਾਂ ਦਿਨਾਂ ਵਿਚ ਇਹ ਆਮ ਚਰਚਾ ਹੁੰਦੀ ਸੀ ਕਿ ਰੂਸ ਪੰਜਾਬ ਤੇ ਹਮਲਾ ਕਰੇਗਾ, ਜਿਸ ਕਰਕੇ ਪੰਜਾਬ ਤਬਾਹ ਤੇ ਬਰਬਾਦ ਹੋਵੇਗਾ ਅਤੇ ਸ੍ਰੀ ਭੈਣੀ ਸਾਹਿਬ ਪਿੰਡ ਵੀ ਤਬਾਹ ਤੇ ਬਰਬਾਦ ਹੋਵੇਗਾ ਸਿਰਫ ਦਰਖਤਾਂ ਦੇ ਮੁੱਢਾਂ ਤੋਂ ਪਛਾਣਿਆ ਜਾਵੇਗਾ।

ਚਾਤੁਰ ਅੰਗਰੇਜ਼, ਸਰਕਾਰੀ ਰੀਪੋਰਟਾਂ ਦੇ ਆਧਾਰ ਤੇ ਕੂਕਿਆਂ ਨੂੰ ਆਪਣੀਆਂ ਅਖਾਂ ਵਿਚ ਕੁੱਕਰਾ ਸਮਝਦਾ ਸੀ।

ਇਹ ਹੀ ਕਾਰਨ ਸੀ ਕਿ ਅੰਗਰੇਜ਼ ਸ੍ਰੀ ਭੈਣੀ ਸਾਹਿਬ ਨੂੰ ਵਸਾਉਣ ਦੀ ਬਜਾਏ ਤਬਾਹ ਤੇ ਬਰਬਾਦ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛਡ ਰਿਹਾ ਸੀ। ਇਸ ਪਿੰਡ ਨੂੰ ਕੂਕਿਆਂ ਦਾ ਕੇਂਦਰ ਸਮਝ ਕੇ ਸਾਰੇ ਧਰਮ ਅਸਥਾਨ ਦੇ ਲੰਗਰ ਤੇ ਹੋਰ ਜਗ੍ਹਾ ਦੀਆਂ ਤਲਾਸ਼ੀਆਂ ਲਈਆਂ ਤੇ ਸ਼ਕ ਵਾਲੀ ਜਗ੍ਹਾ ਨੂੰ ਕਾਫੀ ਡੂੰਘਾ ਪੁਟਾ ਕੇ ਵੇਖਿਆ ਗਿਆ ਸੀ ਕਿ ਕਿਤੇ ਕੂਕੇ ਜੰਗੀ ਸਮਾਨ ਤਾਂ ਨਹੀਂ ਤਿਆਰ ਕਰ ਰਹੇ। ਇਹ ਸਭ ਕੁਝ ਝੂਠੀਆਂ ਰੀਪੋਰਟਾਂ ਦੇ ਅਧਾਰ ਤੇ ਕੀਤਾ ਜਾਂਦਾ ਰਿਹਾ ਸੀ।

ਆਖਿਰ ਅੰਗਰੇਜ਼ੀ ਸਰਕਾਰ ਨੂੰ ਉਤਨਾ ਚਿਰ ਤਕ ਚੈਨ ਨਹੀਂ ਆਇਆ, ਜਦੋਂ ਤਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਉਹਨਾਂ ਦੇ ਕੁਝ ਸੂਬਿਆਂ ਸਮੇਤ ੧੮੭੨ ਵਿੱਚ ਕੈਦ ਕਰਕੇ ਜਲਾਵਤਨ ਨਹੀਂ ਕਰ ਲਿਆ ਸੀ।

ਉਹਨਾਂ ਤੋਂ ਮਗਰੋਂ ਗੁਰਗੱਦੀ ਤੇ ਨਾਮਧਾਰੀ ਪੰਥ ਦੀ ਜ਼ਮੇਵਾਰੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਛਤਰ ਛਾਇਆ ਹੇਠਾਂ ਆ ਗਈ ਸੀ। ਉਹ ਸਮਾਂ ਇਕ ਐਸਾ ਭਿਆਨਕ ਸੀ ਜਿਸ ਬਾਰੇ ਨਾਮਧਾਰੀ ਬਜ਼ੁਰਗਾਂ ਤੋਂ ਸੁਣ ਕੇ ਅਜ ਵੀ ਲੂੰ ਕੰਡੇ ਖੜੇ ਹੋ ਜਾਂਦੇ ਹਨ। ਉਸ ਜ਼ਾਲਮ ਅੰਗਰੇਜ਼ ਸਰਕਾਰ ਨੂੰ ਫਿਰ ਵੀ ਤਸਲੀ ਨਾ ਹੋਈ ਤੇ ਸ੍ਰੀ ਭੈਣੀ ਸਾਹਿਬ ਨਾਮਧਾਰੀ ਕੇਂਦਰ ਦੀ ਦਰਸ਼ਨੀ ਡਿਉੜ੍ਹੀ ਪਾਸ ਪੁਲਸ ਦੀ ਚੌਂਕੀ ਬਿਠਾ ਦਿਤੀ ਜੋ ਪੰਜਾਹ ਸਾਲਾਂ ਤਕ ਨਾਮਧਾਰੀਆਂ ਨੂੰ ਆਪਣੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਿਚ ਰੁਕਾਵਟਾਂ ਹੀ ਰੁਕਾਵਟਾਂ ਪਾਈਆਂ ਜਾਂਦੀਆਂ ਰਹੀਆਂ ਸਨ।

ਸਤਿਗੁਰੂ ਹਰੀ ਸਿੰਘ ਜੀ ਮਗਰੋਂ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਛੋਟੀ ਉਮਰ ਵਿਚ ਹੀ ਗੁਰਗਦੀ ਦੀ ਜ਼ਮੇਵਾਰੀ ਸੰਭਾਲੀ ਗਈ, ਸਤਿਗੁਰੂ ਜੀ ਨੇ ਅੰਗਰੇਜ਼ਾਂ ਦੀ ਕਰੋਪੀ ਹੁੰਦਿਆਂ ਹੋਇਆਂ ਜਿਸ ਸੁਚੱਜਤਾ ਤੇ ਹਿੰਮਤ ਨਾਲ ਨਾਮਧਾਰੀ ਪੰਥ ਦੀ ਅਗਵਾਈ ਕੀਤੀ ਅਤੇ ਅੰਗਰੇਜ਼ਾਂ ਦੀ ਗੁਲਾਮੀ ਦੇ ਜੂਲੇ ਹੇਠੋਂ ਨਿਕਲਣ ਲਈ ਗੁਰੂ ਨਾਨਕ ਨਾਮ ਲੇਵਾ ਸਭ ਸੰਪ੍ਰਦਾਵਾਂ ਨੂੰ ਸ੍ਰੀ ਭੈਣੀ ਸਾਹਿਬ ਇਕੱਠਿਆਂ ਕਰਕੇ ਇਕ ਲੜੀ ਵਿਚ ਪਰੋਣ ਦੀ ਹਿੰਮਤ ਕੀਤੀ ਸੀ। ਉਸ ਤੋਂ ਗ਼ੈਰ ਨਾਮਧਾਰੀ ਲੀਡਰ ਤੇ ਆਗੂ ਵੀ ਪ੍ਰਭਾਵਤ ਹੋਏ ਸਨ ਅਤੇ ਉਹਨਾ ਦੇ ਗੁਣਾਂ ਦੀ, ਸਰਾਹਣਾ ਕੀਤੀ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਵਡ ਪਰਤਾਪੀ ਸਤਿਗੁਰ ਜੀ ਨੇ ਆਪਣੀ ਬਚਪਨ ਅਵਸਥਾ ਸਮੇਂ ਥੋੜੇ ਵਕਤ ਵਿਚ ਕਾਫੀ ਵਿਦਿਆ ਤੇ ਹੋਰ ਕਾਫੀ ਗੁਣ ਪਰਾਪਤ ਕਰ ਲਏ ਸਨ। ਅੰਗਰੇਜ਼ ਸਰਕਾਰ ਨੇ ਪੁਲਸ ਚੌਕੀ ਵੀ ਉਠਾ ਲਈ ਸੀ ਪਰ ਆਪ ਜੀ ਨੇ ਮਾਤਾ ਜੀ ਤੇ ਸਤਿਗੁਰੂ ਹਰੀ ਸਿੰਘ ਜੀ ਪਾਸੋਂ ਅੰਗਰੇਜ਼ੀ ਸਰਕਾਰ ਦੀਆਂ ਨਾਮਧਾਰੀਆਂ ਪ੍ਰਤੀ ਸਖਤ ਕਾਰਵਾਈਆਂ ਤੋਂ ਪੂਰੀ ਤਰ੍ਹਾਂ ਜਾਣੂ ਹੋ ਗਏ ਹੋਏ ਸਨ।

ਸਤਿਗੁਰੂ ਪਰਤਾਪ ਸਿੰਘ ਜੀ ਅੰਗਰੇਜ਼ਾਂ ਦੇ ਖਿਲਾਫ ਜੋ ਅਜ਼ਾਦੀ ਦੇ ਪਰਵਾਨੇਂ ਸਨ, ਉਹਨਾਂ ਦੀ ਤਨ ਮਨ ਤੇ ਧਨ ਨਾਲ ਮਦਦ ਕਰਨ ਵਿਚ ਤਤਪਰ ਸਨ। ਖ਼ਾਸ ਕਰਕੇ ਜੋ ਅੰਡਰ ਗਰਾਊਂਡ ਦੇਸ ਭਗਤ ਕੰਮ ਕਰਦੇ ਸਨ ਉਹਨਾਂ ਨੂੰ ਸ੍ਰੀ ਭੈਣੀ ਸਾਹਿਬ ਰਖ ਕੇ ਪਾਲਨਾ ਕੀਤੀ ਤੇ ਅੰਗਰੇਜ਼ੀ ਹਕੂਮਤ ਦੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ ਸੀ।

ਜਿਸ ਅੰਗਰੇਜ਼ੀ ਸਰਕਾਰ ਦੇ ਰਾਜ ਵਿਚ ਸੂਰਜ ਨਹੀਂ ਡੁੱਬਦਾ ਸੀ, ਉਹਨਾਂ ਦਾ ਬੋਰੀਆਂ ਬਿਸਤਰਾ ਜਦੋਂ ਤਕ, ਜਿਥੋਂ ਆਏ ਸਨ, ਚੁਕਾ ਕੇ ਭਾਰਤ ਵਿਚੋਂ ਕਢੇ ਨਹੀ ਗਏ ਸਨ, ਸਤਿਗੁਰੂ ਪਰਤਾਪ ਸਿੰਘ ਜੀ ਤੇ ਨਾਮਧਾਰੀ ਅੰਗਰੇਜਾਂ ਦੇ ਖਿਲਾਫ ਹੀ ਰਹੇ ਸਨ। ਸਤਿਗੁਰੂ ਜੀ ਨਾਮਧਾਰੀਆਂ ਦੀ ਕਾਇਆ ਕਲਪ ਕਰਨ ਦੇ ਹਰ ਵੇਲੇ ਚਾਹਵਾਨ ਸਨ ਜਿਸ ਕਰਕੇ ਕਚੇ ਕੋਠਿਆਂ ਦੇ ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਦੀ ਸਾਰੇ ਸੰਸਾਰ ਵਿਚ ਨਾਮ ਦਾਨ ਇਸ਼ਨਾਨ ਤੇ ਪ੍ਰੇਮਾ ਭਗਤੀ ਦੀ ਸੁਗੰਧਤਾ ਦੀ ਮਹਿਕ ਸਾਰੇ ਸੰਸਾਰ ਵਿਚ ਫੈਲ ਗਈ ਸੀ।

ਚਾਲਾਕ ਅੰਗਰੇਜ਼ ਭਾਰਤ ਨੂੰ ਮੁਕੰਮਲ ਅਜ਼ਾਦੀ ਤਾਂ ਦੇ ਗਿਆ ਪਰ ਦੇਸ਼ ਦੀ ਵੰਡ ਕਰ ਕੇ ਹਿੰਦੂ ਸਿਖਾਂ ਤੇ ਮੁਸਲਮਾਨਾਂ ਵਿਚ ਸਦਾ ਲਈ ਲੜਦੇ ਰਹਿਣ ਵਾਸਤੇ ਮੁਸਲਮਾਨਾਂ ਨੂੰ ਪਾਕਿਸਤਾਨ ਦੇ ਗਿਆ ਸੀ ਜਿਸ ਕਰ ਕੇ ੧੫ ਅਗਸਤ ੧੯੪੭ ਸਮੇਂ ਦੋਹਾਂ ਪਾਸੇ ਕਤਲੇਆਮ ਤੇ ਤਬਾਹੀ ਬਹੁਤ ਹੋਈ ਸੀ।

ਸਤਿਗੁਰੂ ਜੀ ਨੇ ਨਾਮਧਾਰੀ ਸਿੱਖਾਂ ਨੂੰ ਬਹੁਤ ਸਮਾਂ ਪਹਿਲੇ ਸੁਚੇਤ ਕੀਤਾ ਸੀ ਅਤੇ ਹੁਕਮ ਦਿਤਾ ਸੀ ਕਿ ਪਾਕਿਸਤਾਨ ਵਿਚ ਆਏ ਇਲਾਕਾ ਛਡ ਕੇ, ਅਪਾਣੇ ਪਰਵਾਰ ਇਧਰ ਲੈ ਆਵੇ, ਜੋ ਨਹੀਂ ਆਏ ਸਨ, ਉਨਾਂ ਨੂੰ ਇਧਰ ਲਿਆ ਕੇ ਉਨਾਂ ਦੀ ਹਰ ਤਰ੍ਹਾਂ ਦੀ ਪ੍ਰਵਰਿਸ਼ ਕੀਤੀ ਸੀ ਤੇ ਪਾਕਿਸਤਾਨੀਆਂ ਤੋਂ ਮਰਦਿਆਂ ਨੂੰ ਬਚਾਇਆ ਸੀ।

ਪਾਰਟੀਸ਼ਨ ਤੋਂ ਪਹਿਲਾਂ ਹੀ ਜਿਲਾ ਹਿਸਾਰ ਵਿਚ ਜੋ ਜ਼ਮੀਨ ਖਰੀਦ ਕੇ ਜ਼ਿਮੀਦਾਰ ਨਾਮਧਾਰੀ ਪਰਵਾਰਾਂ ਨੂੰ ਉਥੇ ਵਸਾਇਆ। ਉਹ ਸਮਾ ਪਾ ਕੇ ਕਾਫੀ ਖੁਸ਼ਹਾਲ ਹੋ ਗਏ ਸਨ।

ਦੇਸ਼ ਦੇ ਬਟਵਾਰੇ ਮਗਰੋਂ ਜਦੋਂ ਜਿਹੜੇ ਨਾਮਧਾਰੀ ਘਰਾਣੇ ਉਸ ਘਲੂਘਾਰੇ ਤੋਂ ਜਾਨਾਂ ਬਚਾ ਕੇ ਲੁਟੇ ਪੁਟੇ ਭਾਰਤ ਵਿਚ ਆ ਗਏ ਤੇ ਖੁਸ਼ਹਾਲੀ ਵਲ ਆ ਰਹੇ ਸਨ ਤਾਂ ਫੁੱਟ ਚੰਦਰੀ ਨੇ ਕੁਝ ਇਕ ਚੁਗਲਖੋਰਾਂ ਦੀ ਕਿਰਪਾ ਸਦਕਾ ਹੌਲੀ ਹੌਲੀ ਗੁਰੂ ਘਰ ਵਿਚ ਪ੍ਰਵੇਸ਼ ਕਰਨਾ ਸ਼ੁਰੂ ਕਰ ਦਿਤਾ ਸੀ। ਮਾਇਆ ਦੇ ਭੁਖੇ, ਲਾਲਚੀ ਤੇ ਚਾਤਰ ਗੁਰੂ ਘਰ ਵਿਚ ਫੁਟ ਪਾ ਕੇ ਆਪਣਾ ਹਲਵਾ ਮੰਡਾ ਛਕਣਾ ਹੀ ਆਪਣਾ ਧਰਮ ਸਮਝਦੇ ਸਨ। ਉਨ੍ਹਾਂ ਸ੍ਰੀ ਜੀਵਨ ਨਗਰ ਜ਼ਮੀਨ ਦੀ ਵੰਡ ਦੀ ਆੜ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਖਿਲਾਫ ਕੋਰਟ ਵਿਚ ਦਾਹਵੇ ਕਰਾਏ ਤੇ ਸਤਿਗੁਰੂ ਜੀ ਦੇ ਕੰਮ ਕਰਨ ਵਿਚ ਦਖ਼ਲ ਅੰਦਾਜ਼ੀ ਕਰਨੀ ਸ਼ੁਰੂ ਕਰ ਦਿਤੀ।

ਸਤਿਗੁਰੂ ਜੀ ਨੂੰ ਕਚਹਿਰੀ ਹਾਜਰ ਹੋ ਕੇ ਬਿਆਨ ਕਰਾਉਣ ਦੀ ਕਾਰਵਾਈ ਸ਼ੁਰੂ ਕਰ ਦਿਤੀ ਤੇ ਦੂਜੇ ਸ੍ਰੀ ਭੈਣੀ ਸਾਹਿਬ ਦੀ ਵੰਡ ਬਾਰੇ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਨੂੰ ਗੁਰੂ ਘਰ ਦੀ ਜ਼ਾਇਦਾਦ ਵਿਚੋਂ ਅਧਾ ਹਿਸਾ ਦਿਵਾਉਣ ਲਈ ਸ: ਪਰਤਾਪ ਸਿੰਘ ਕੈਰੋ ਚੀਫ ਮਨਿਸਟਰ ਪੰਜਾਬ ਦੀ ਮਦਦ ਪ੍ਰਾਪਤ ਕੀਤੀ ਗਈ ਦਸੀ ਜਾਂਦੀ ਸੀ। ਹਾਲਾਂ ਕਿ ਇਹ ਨਾਮਧਾਰੀ ਧਰਮ ਅਸਥਾਨਾਂ ਸੰਗਤਾਂ ਤੇ ਦਾਨੀਆਂ ਸੇਵਕਾਂ ਵਲੋਂ ਅਰਦਾਸ ਕੀਤੀ ਹੋਈ ਸੀ ਅਤੇ ਗੁਰੂ ਕੇ ਲੰਗਰ ਲਈ ਨਾਮਧਾਰੀਆਂ ਵਲੋਂ ਯਥਾ ਸ਼ਕਤ ਉਗਰਾਹੀ ਕੀਤੀ ਜਾਂਦੀ ਸੀ ਤੇ ਹੁਣ ਤਕ ਕੀਤੀ ਜਾ ਰਹੀ ਹੈ।

ਹਾਲਾਤ ਇਥੋਂ ਤਕ ਪਹੁੰਚ ਗਏ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਚਹਿਰੀ ਪੇਸ਼ ਹੋ ਕੇ ਬਿਆਨ ਦਿਵਾਉਣ ਦੀ ਸਿਰਤੋੜ ਕੋਸ਼ਿਸ਼ ਕੀਤੀ ਗਈ ਸੀ ਪਰ ਨਾਮਧਾਰੀ ਪੰਥ ਦੇ ਹਰਮਨ ਪਿਆਰੇ ਸਤਿਗੁਰੂ ਜੀ ਨੇ ਝੂਠੀ ਕੋਰਟ ਵਿਚ ਬਿਆਨ ਦੇਣ ਦੀ ਬਜਾਏ ਆਪਣੇ ਸਰੀਰ ਨੂੰ ਤਿਆਗ ਦੇਣਾ ਪ੍ਰਵਾਨ ਕਰ ਲਿਆ ਤੇ ਮਿਤੀ ੨੨ ਅਗਸਤ ੧੯੫੯ ਦੀ ਰਾਤ ਨੂੰ ਨਾਮਧਾਰੀ ਸੰਗਤਾਂ ਨੂੰ ਸਦਾ ਲਈ ਵਿਛੋੜਾ ਦੇ ਗਏ ਸਨ।

ਇਹਨਾਂ ਤੋਂ ਮਗਰੋਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਜੇ ਗੁਰਗਦੀ ਦੀ ਜ਼ਮੇਵਾਰੀ ਸੰਭਾਲੀ ਹੀ ਸੀ ਕਿ ਸ੍ਰੀ ਭੈਣੀ ਸਾਹਿਬ ਦੀ ਵੰਡ ਨੇ ਇਹਨਾਂ ਨੂੰ ਕਾਫੀ ਬੇਚੈਨ ਕਰ ਦਿਤਾ।

ਕਿਉਂਕਿ ਉਸ ਵੇਲੇ ਇਹ ਚਰਚਾ ਕਾਫੀ ਹੋ ਰਹੀ ਸੀ ਕਿ ਸ: ਪ੍ਰਤਾਪ ਸਿੰਘ ਕੈਰੋਂ ਚੀਫ ਮਨਿਸਟਰ ਪੰਜਾਬ ਵੀ ਚੁਗਲਖੋਰਾਂ ਦੀ ਕਿਰਪਾ ਸਦਕਾ ਸ੍ਰੀ ਭੈਣੀ ਸਾਹਿਬ ਦੇ ਧਰਮ ਅਸਥਾਨ ਦੀ ਵੰਡ ਲਈ ਇਲਾਕੇ ਦੇ ਕਾਨੂੰਨਗੋ ਤੇ ਪਟਵਾਰੀਆਂ ਨੂੰ ਹੁਕਮ ਕੀਤਾ ਹੋਇਆ ਸੀ।

> **ਅਜ ਇਹ ਨਾਮਧਾਰੀ ਮਹਾਨ ਤੀਰਥ ਪਕੀਆਂ ਇਟਾਂ, ਸੀਮੇਂਟ ਅਤੇ ਲੋਹਾ ਆਦਿ ਨੂੰ ਪੂਰਾ ਮੌਕਾ ਦੇ ਰਿਹਾ ਹੈ ਜਿਸ ਕਰ ਕੇ ਪਕੀਆਂ ਇਮਾਰਤਾਂ ਚਾਰ ਚਾਰ ਮੰਜਲੀਆਂ ਉਸਾਰੀਆਂ ਜਾ ਰਹੀਆਂ ਹਨ ਅਤੇ ਇਸਦੇ ਪੁਰਾਤਨ ਤਲਾਊ ਨੂੰ ਇਸ ਵੇਲੇ ਦੀ ਕਲਾ ਤੇ ਖ਼ੂਬਸੂਰਤ ਡਿਜਾਇਨ ਮੁਤਾਬਕ ਇਕ ਮਹਾਨ ਤੀਰਥ ਤਿਆਰ ਹੋ ਗਿਆ ਹੈ। ਬੱਚਿਆਂ ਲਈ ਸਕੂਲ, ਕਾਲਜ, ਅਕੈਡਮੀ ਆਦਿ ਖੋਲ੍ਹ ਕੇ ਇਸ ਦੀ ਪ੍ਰਤਿਭਾ ਨੂੰ ਚਾਰ ਚੰਦ ਲਾਉਣ ਲਈ ਦਿਨ ਰਾਤ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਸ ਕਰਕੇ ਆਪਣੇ ਸਤਿਗੁਰੂ ਜੀ ਦਾ ਜਿੰਨਾ ਵੀ ਮਾਣ ਸਤਿਕਾਰ ਕੀਤਾ ਜਾਵੇ ਥੋੜਾ ਹੈ।**

੧੪-੧੫ ਜਨਵਰੀ ੧੯੬੦ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਸੇਵਕਾਂ ਸਹਿਤ ਸਮਾਣਾ ਪਤੀ ਮਾਜਰੀ ਜਿਲਾ ਪਟਿਆਲਾ ਵਿਖੇ ਨਾਮਧਾਰੀ ਪਰਵਾਰ ਦੀ ਅਰਜ ਪ੍ਰਵਾਨ ਕਰਕੇ ਆਏ ਸੀ। ਮੈਂ ਪਟਿਆਲਾ ਤੋਂ ਜਦੋਂ ਸਮਾਣੇ ਸ਼ਾਮ ਨੂੰ ਪਹੁੰਚਿਆ ਤਾਂ ਸੁਨੇਹਾ ਮਿਲਿਆ ਸਤਿਗੁਰੂ ਜੀ ਮਾਜਰੀ ਪਹੁੰਚੇ ਹੋਏ ਹਨ। ਆਪ ਨੂੰ ਯਾਦ ਕੀਤਾ ਹੈ। ਇਹ ਸੁਨੇਹਾ ਮਿਲਦੇ ਹੀ ਮੈਂ ਮਾਜਰੀ ਪਤੀ ਸਮਾਣਾ ਪਹੁੰਚਾ ਜਿਸ ਨਾਮਧਾਰੀ ਘਰ ਸਤਿਗੁਰੂ ਜੀ ਦਾ ਡੇਰਾ ਸੀ ਜਾਕੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਮੈਨੂੰ ਗਲਾਂਬਾਤਾਂ ਕਰਦਿਆਂ ਹੁਕਮ ਕੀਤਾ ਕਿ ੧੭-੧੮ ਜਨਵਰੀ ੧੯੬੦ ਨੂੰ ਮਲੇਰ ਕੋਟਲਾ ਸ਼ਹੀਦਾਂ ਦੇ ਮੇਲੇ ਤੇ ਸੈ ਕੰਮ ਛਡ ਕੇ ਜ਼ਰੂਰੀ ਪਹੁੰਚਣਾ ਹੈ।

ਉਸ ਵੇਲੇ ਮੇਰੇ ਸਾਹਮਣੇ ਸਮਾਣੇਂ ਤੋਂ ਕਿਤੇ ਜਾਣ ਲਈ ਇਕ ਭਾਰੀ ਸਮਸਿਆ ਸੀ, ਮੈਂ ਆਪਣੇ ਦੋ ਬੱਚਿਆਂ ਨਾਲ ਇਕਲਾ ਚੌਕ ਕਲਾ ਸਮਾਣਾ ਵਿਖੇ ਆਪਣੀ ਦੁਕਾਨ ਉਪਰ ਰਹਿੰਦਾ ਸੀ। ਇਹਨਾਂ ਨੂੰ ਇਕੱਲਿਆਂ ਛਡ ਕੇ ਮੈਂ ਦੂਰ ਨਹੀਂ ਜਾ ਸਕਦਾ ਸੀ। ਪਰ ਸਤਿਗੁਰੂ ਜੀ ਦੇ ਹੁਕਮ ਨੂੰ ਵੀ ਨਹੀਂ ਮੋੜਿਆ ਜਾਂਦਾ ਸੀ।

ਮੈਂ ਅਗਲੀ ਸਵੇਰ ਆਪਣੀ ਲੜਕੀ ਨੂੰ ਜਗਾਧਰੀ ਮਾਡਲ ਟਾਊਨ ਆਪਣੀ ਭੈਣ ਜੀ ਪਾਸ ਜਾ ਕੇ ਛਡ ਆਇਆ। ਰਾਜਿੰਦਰ ਸਿੰਘ ਲੜਕੇ ਨੂੰ ਸਮਾਣੇ ਹੀ ਛਡ ਕੇ ਮਲੇਰ ਕੋਟਲੇ ਚਲਾ ਗਿਆ ਅਤੇ ਦਸ ਵਜੇ ਰਾਤ ਪਹੁੰਚ ਕੇ ਮੇਲੇ ਦੀ ਜਗ੍ਹਾ ਦਾ ਪਤਾ ਕਰਕੇ ਪੈਦਲ ਤੁਰਿਆ। ਦੋ ਤਿੰਨ ਮੀਲ ਤੇ ਰਕੜ ਮੈਦਾਨ ਵਲ ਤੁਰਦੇ ਤੁਰਦੇ ਜਦੋਂ ਰੋਸ਼ਨੀ ਨਜਰ ਆਈ ਤਾਂ ਉਥੇ ਪਹੁੰਚ ਕੇ ਸੁਖ ਦਾ ਸਾਹ ਲਿਆ। ਇਹ ਸ਼ਹੀਦੀ ਮੇਲਾ ਰੱਕੜ ਮੈਦਾਨ ਵਿਚ ਟੈਂਟਾਂ ਤੇ ਸਾਇਵਾਨ ਲਾਕੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ੧੭-੧੮ ਜਨਵਰੀ ੧੯੬੦ ਨੂੰ ਕੀਤਾ ਜਾ ਰਿਹਾ ਸੀ। ਮੈਂ ਚੂੰਕਿ ਪਹਿਲੀ ਵਾਰ ਮਲੇਰਕੋਟਲਾ ਸ਼ਹੀਦੀ ਮੇਲਾ ਤੇ ਗਿਆ ਸੀ ਜਿਸ ਕਰਕੇ ਉਥੇ ਪਹੁੰਚਣ ਵਿਚ ਕੁਝ ਤਕਲੀਫ ਹੋਈ ਸੀ। ਰਾਤ ਅਰਾਮ ਕੀਤਾ ਤੇ ਸਵੇਰੇ ਇਸ਼ਨਾਨ ਕਰਕੇ ਆਸਾ ਦੀ ਵਾਰ ਰਾਗੀ ਲਾ ਰਹੇ ਸਨ ਵਿਚ ਪੁਜਾ ਤੇ ਸਤਿਗੁਰੂ ਨੂੰ ਨਮਸਕਾਰ ਕਰਕੇ ਬੈਠ ਗਿਆ।

ਆਸਾ ਦੀ ਵਾਰ ਦੇ ਭੋਗ ਪੈ ਜਾਣ ਮਗਰੋਂ ਸੰਤ ਇੰਦਰ ਸਿੰਘ ਚੱਕਰਵਰਤੀ ਨੇ ਉਠ ਕੇ ਐਲਾਨ ਕੀਤਾ ਕਿ ਸਤਿਗੁਰੂ ਜੀ ਨੇ ਨਾਮਧਾਰੀ ਦਰਬਾਰ ਦਾ ਜਨਰਲ ਸਕੱਤਰ ਡਾ: ਧਿਆਨ ਸਿੰਘ ਨੂੰ ਨੀਯਤ ਕੀਤਾ ਹੈ। ਇਹ ਐਲਾਨ ਸੁਣਦਿਆਂ ਮੈਂ ਹੈਰਾਨ ਹੋ ਗਿਆ ਕਿ ਮੇਰੇ ਵਰਗੇ ਮਾਮੂਲੀ ਸੇਵਕ ਨੂੰ ਇਤਨੀ ਪਦਵੀ ਕਿਉਂ ਦਿਤੀ ਗਈ ਹੈ।

ਮੈਂ ਸਤਿਗੁਰੂ ਜੀ ਪਾਸ ਅਰਜ ਕੀਤੀ। ਭਾਵੇਂ, ਮੈਂ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਆਪਣੇ ਦਾਦਿਆਂ ਦੀ ਸੰਤਾਨ ਵਿਚੋਂ ਇੱਕ ਨਾਮਧਾਰੀ ਹਾਂ ਪਰ ਮੈਨੂੰ ਪਤਾ ਹੈ ਕਿ ਇਸ ਘਰ ਵਿਚ ਜੋ ਵੀ ਉਚ ਪਦਵੀ ਤੇ ਆਇਆ ਉਸਨੂੰ ਬਹੁਤ ਪ੍ਰੇਸ਼ਾਨੀ ਉਠਾਨੀ ਪੈਂਦੀ ਹੈ। ਮੈਨੂੰ ਇਸ ਪਦਵੀ ਦੀ ਚਾਹ ਨਹੀਂ ਮੇਰੇ ਲਾਇਕ ਸੇਵਾ ਹੁਕਮ ਕਰੋ ਦਾਸ ਹਾਜ਼ਰ ਹੈ।

ਸਤਿਗੁਰੂ ਜੀ ਨੇ ਇਸ ਕੀਤੇ ਐਲਾਨ ਤੇ ਅਮਲ ਕਰਨ ਲਈ ਹੁਕਮ ਕੀਤਾ ਤੇ ਮੈਨੂੰ ਮੇਲੇ ਤੋਂ ਨਾਲ ਹੀ ਲੁਧਿਆਣਾ ਲੈ ਗਏ ਤੇ ਧਰਮਸਾਲਾ ਨਾਮਧਾਰੀ ਦੇ ਉਪਰ ਦੇ ਦੋ ਕਮਰਿਆਂ ਵਿਚ ਨਾਮਧਾਰੀ ਦਰਬਾਰ ਦਾ ਦਫਤਰ ਬਣਾਇਆ। ਸੂਬਾ ਗੁਰਬਖਸ਼ ਸਿੰਘ ਜੀ ਅਗੇ ਹੀ ਉਥੇ ਰਹਿੰਦੇ ਸਨ ਫੇਰ ਅਸਾਂ ਦੋਵਾਂ ਨੇ ਉਥੇ ਰਹਿਕੇ ਕੰਮ ਕਰਨਾ ਸ਼ੁਰੂ ਕਰ ਦਿਤਾ ਸੀ।

ਸ੍ਰੀ ਭੈਣੀ ਸਾਹਿਬ ਨਾਮਧਾਰੀ ਦਰਬਾਰ ਦੇ ਮੈਂਬਰਾਂ ਦੀ ਮੀਟਿੰਗ ਕੀਤੀ ਜਿਸ ਵਿਚ ਸ੍ਰੀ ਭੈਣੀ ਸਾਹਿਬ ਦੀ ਵੰਡ ਬਾਰੇ ਵੀਚਾਰ ਕੀਤੀ ਗਈ। ਸਭ ਨੇ ਆਪੋ ਆਪਣੀ ਰਾਇ ਦੇਂਦਿਆਂ ਹੋਇਆਂ, ਕਿਸੇ ਨੇ ਮੋਰਚਾ ਲਾਣ, ਕਿਸੇ ਗ੍ਰਿਫਤਾਰੀਆਂ ਦੇਣ ਦੀਆਂ ਤਜਵੀਜ਼ਾਂ ਰਖੀਆਂ।

ਸਤਿਗੁਰੂ ਜੀ ਨੇ ਅਖੀਰ ਤੇ ਮੈਨੂੰ ਪੁਛਿਆ, ਇਸ ਬਾਰੇ ਆਪ ਦੀ ਕੀ ਰਾਇ ਹੈ?

ਮੈਂ ਕਿਹਾ ਕਿ ਇਹਨਾਂ ਦੀ ਰਾਇ ਨਾਲ ਮੈਂ ਸਹਿਮਤ ਨਹੀਂ ਹਾਂ, ਕਿਉਂਕਿ ਮੋਰਚਾ ਜਾਂ ਗ੍ਰਿਫ਼ਤਾਰੀਆਂ ਦੇਣ ਨਾਲ ਬਟਵਾਰਾ ਨਹੀਂ ਰੁਕ ਸਕਦਾ ਪਰ ਆਪ ਨੂੰ ਕਾਫੀ ਤਕਲੀਫ਼ਾਂ ਦਾ ਸਾਹਮਣਾ ਕਰਨਾ ਪਵੇਗਾ।

ਮੇਰੀ ਰਾਏ ਹੈ ਕਿ ਇਸ ਧਰਮ ਅਸਥਾਨ ਦੀ ਵੰਡ ਬਾਰੇ ਸਿਵਲ ਕੋਰਟ ਵਿਚ ਦਾਹਵਾ ਕਰਕੇ ਸਟੇ ਲੈ ਕੇ ਕੇਸ ਲੜਨਾ ਪਵੇਗਾ ਤਾਂ ਕਿ ਫੈਸਲਾ ਹੋਣ ਤਕ ਕੋਈ ਵੰਡ ਨਾ ਕਰ ਸਕੇ।

ਇਸ ਤਜਵੀਜ ਤੇ ਨਾਮਧਾਰੀ ਦਰਬਾਰ ਵਲੋਂ ਸੂਬਾ ਗੁਰਬਖਸ਼ ਸਿੰਘ ਜੀ ਨੂੰ ਅਧਿਕਾਰ ਦਿਤਾ ਕਿ ਉਹੋ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ ਤੇ ਮਹਾਰਾਜ ਨਿਹਾਲ ਸਿੰਘ ਜੀ ਦੇ ਖਿਲਾਫ ਕੇਸ ਦਾਇਰ ਕਰ ਕੇ ਵੰਡ ਨਾ ਹੋਣ ਬਾਰੇ ਸਟੇ ਲੈਣ।

ਸੋ ਸੂਬਾ ਜੀ ਵਲੋਂ ਦਾਹਵਾ ਦਾਇਰ ਕੀਤਾ ਗਿਆ ਸੀ ਤੇ ਸਟੇ ਲੈ ਕੇ ਕੇਸ ਦੀ ਪੈਰਵੀ ਆਪਣੇ ਵਕੀਲ ਦੀ ਸਲਾਹ ਨਾਲ ਅਸੀਂ ਪੂਰੀ ਤਰਾਂ ਕੀਤੀ ਸੀ। ਕੇਸ ਦਾਇਰ ਕਰਕੇ ਸਟੇ ਲੈ ਲਿਆ। ਦਾਹਵਾ ਨੋਟਿਸ ਜਾਰੀ ਹੋ ਗਿਆ। ਜਿਸ ਦਾ ਫੈਸਲਾ ਮਿਤੀ

੨੧-੧-੬੩ ਨੂੰ ਨਾਮਧਾਰੀ ਦਰਬਾਰ ਦੇ ਹਕ ਵਿਚ ਹੋਇਆ ਸੀ, ਜਿਸ ਵਿਚ ਸ੍ਰੀ ਅਵਤਾਰ ਸਿੰਘ ਸਬ ਜਜ ਦਰਜਾ ਸੋਇਮ ਲੁਧਿਆਣਾ ਨੇ ਨਾਮਧਾਰੀ ਪੰਥ ਦੀ ਸਾਰੀ ਜਾਇਦਾਦ ਬਾਰੇ ਫੈਸਲਾ ਸੁਣਾ ਦਿਤਾ।

ਬਮੋਹ ਖਰਚਾ ਡਿਗਰੀ ਸੂਬਾ ਗੁਰਬਖਸ਼ ਸਿੰਘ ਜੀ ਦੇ ਹਕ ਵਿਚ ਦੇਂਦਿਆਂ ਹੁਕਮ ਕੀਤਾ ਕਿ ਇਸ ਜਾਇਦਾਦ ਨੂੰ ਕੋਈ ਤਕਸੀਮ ਨਹੀਂ ਕਰ ਸਕਦਾ, ਇਹ ਜਾਇਦਾਦ ਨਾਮਧਾਰੀ ਪੰਥ ਦੀ ਹੈ ਅਤੇ ਧਰਮ ਅਰਥ ਹੈ, ਸਿਰਫ ਮੌਜੂਦਾ ਗੱਦੀ ਨਸ਼ੀਨ ਸਤਿਗੁਰੂ ਇਸ ਦੀ ਦੇਖ ਭਾਲ ਕਰੇਗਾ।

ਇਹ ਫੈਸਲਾ ਹੋਣ ਤੋਂ ਮਗਰੋਂ ਮੌਜੂਦਾ ਗਦੀ ਨਸ਼ੀਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦੇ ਮਹਾਨ ਤੀਰਥ ਦੀ ਕਾਇਆ ਕਲਪ ਕਰ ਕੇ ਦਿਖਾ ਦਿਤੀ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਨਾਮਧਾਰੀ ਪੰਥ ਫੁਲਵਾੜੀ ਦੀ ਸ਼ਾਨ ਤੇ ਇਜ਼ਤ ਨੂੰ ਚਾਰ ਚੰਦ ਲਗਾ ਦਿਤੇ ਹਨ।

ਅਜ ਇਹ ਨਾਮਧਾਰੀ ਮਹਾਨ ਤੀਰਥ ਪਕੀਆਂ ਇਟਾਂ, ਸੀਮੇਂਟ ਅਤੇ ਲੋਹਾ ਆਦਿ ਨੂੰ ਪੂਰਾ ਮੌਕਾ ਦੇ ਰਿਹਾ ਹੈ ਜਿਸ ਕਰ ਕੇ ਪਕੀਆਂ ਇਮਾਰਤਾਂ ਚਾਰ ਚਾਰ ਮੰਜਲੀਆਂ ਉਸਾਰੀਆਂ ਜਾ ਰਹੀਆਂ ਹਨ ਅਤੇ ਇਸਦੇ ਪੁਰਾਤਨ ਤਲਾਉ ਨੂੰ ਇਸ ਵੇਲੇ ਦੀ ਕਲਾ ਤੇ ਖ਼ੂਬਸੂਰਤ ਡਿਜਾਇਨ ਮੁਤਾਬਕ ਇਕ ਮਹਾਨ ਤੀਰਥ ਤਿਆਰ ਹੋ ਗਿਆ ਹੈ। ਸ੍ਰੀ ਭੈਣੀ ਸਾਹਿਬ ਵਿਚ ਬੱਚਿਆਂ ਲਈ ਸਕੂਲ, ਕਾਲਜ, ਅਕੈਡਮੀ ਆਦਿ ਖੋਲ੍ਹ ਕੇ ਇਸ ਦੀ ਪ੍ਰਤਿਭਾ ਨੂੰ ਚਾਰ ਚੰਦ ਲਾਉਣ ਲਈ ਦਿਨ ਰਾਤ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਸ ਕਰਕੇ ਆਪਣੇ ਸਤਿਗੁਰੂ ਜੀ ਦਾ ਜਿੰਨਾ ਵੀ ਮਾਣ ਸਤਿਕਾਰ ਕੀਤਾ ਜਾਵੇ ਥੋੜਾ ਹੈ।

ਆਜ਼ਾਦੀ ਦੇ ਅਲੰਬਰਦਾਰ, ਅਨੰਤ ਕਲਾ ਦੇ ਮਾਲਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਉਤਸਵ ਜਗ੍ਹਾ ਜਗ੍ਹਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਲੇਖ ਵਿਚ ਮੈਂ ਕੁਝ ਤੱਥਾ ਨੂੰ ਪਾਠਕਾਂ ਦੇ ਸਾਹਮਣੇ ਰਖਿਆ ਏ। ਜਿਸਦਾ ਸਿੱਟਾ ਸਪਸ਼ਟ ਰੂਪ ਵਿਚ ਹੈ ਕਿ ਧਰਮ ਅਰਥ ਦਾਨ ਕੀਤੀ ਹੋਈ ਜ਼ਾਇਦਾਦ ਨਾਮਧਾਰੀ ਪੰਥ ਦੀ ਹੁੰਦੀ ਹੈ। ਇਸ ਦੀ ਵੰਡ ਨਹੀਂ ਹੋ ਸਕਦੀ ਅਤੇ ਹਾਜ਼ਰਾ ਹਜ਼ੂਰ ਸਤਿਗੁਰੂ ਇਸ ਦੀ ਦੇਖ ਭਾਲ ਕਰਦਾ ਹੈ।

ਕਲਿਜੁਗੀ ਸ਼ਕਤੀਆਂ ਕਦੀ ਕਦੀ ਗੁਰੂ ਘਰ ਵਿਚ ਫੁਟ ਦਾ ਬੀਜ ਬੀਜਣਾ ਅਰੰਭ ਕਰ ਦੇਂਦਿਆਂ ਹਨ। ਜਿਸ ਤੋਂ ਇਹ ਅਨੁਮਾਨ ਲਾਇਆ ਜਾ ਰਿਹਾ ਹੈ ਕਿ ਗੁਰਮਤਿ ਵਿਰੁੱਧ ਚਲਣ ਦੀ ਫੇਰ ਸਿਰਤੋੜ ਕੋਸ਼ਸ਼ ਹੋ ਸਕਦੀ ਹੈ।

ਜੇਕਰ ਐਸੀ ਸਥਿਤੀ ਨੂੰ ਨਜ਼ਰ ਅੰਦਾਜ਼ ਕਰੀਏ ਤਾਂ ਫਿਰ ਨਾਮਧਾਰੀ ਪੰਥ ਨੂੰ ਨੁਕਸਾਨ ਪਹੁੰਚਣ ਦਾ ਅਨੁਮਾਨ ਹੈ।

ਅਜ ਨਾਮਧਾਰੀ ਸਿੰਘਾਂ ਚੀਨੀ ਵਾਲੇ ਪਾਤਸ਼ਾਹ ਦੇ ਸ਼ੁਭ ਪ੍ਰਕਾਸ਼ ਉਤਸਵ ਨੂੰ ਮਨਾਉਣ ਸਮੇਂ ਬੜੇ ਠੰਢੇ ਦਿਲ ਨਾਲ ਚੰਗੀਆਂ ਵਿਚਾਰਾਂ ਕਰਨੀਆਂ ਜ਼ਰੂਰੀ ਹੋ ਗਈਆਂ ਹਨ। ਜਿਨ੍ਹਾਂ ਦੀ ਰੋਸ਼ਨੀ ਵਿੱਚ ਇਸ ਧਾਰਮਿਕ ਸੰਪ੍ਰਦਾਇ ਨੂੰ ਹਾਜ਼ਰਾ ਹਜ਼ੂਰ ਸਤਿਗੁਰੂ ਜੀ ਦੀ ਆਗਿਆ ਦਾ ਪਾਲਣ ਕਰਕੇ ਹੋਰ ਮਜ਼ਬੂਤ ਕੀਤਾ ਜਾਵੇ।

■

ਰੱਬੀ ਅਵਤਾਰ

■ ਡਾ. ਬਲਵੰਤ ਸਿੰਘ ਦਰਦੀ

ਭੈਣੀ ਵਿਚ ਪੰਚਮੀ ਨੂੰ ਜੱਸਾ ਸਿੰਘ ਘਰ ਆਇਆ,
ਰੱਬ ਦਾ ਹੀ ਰੂਪ ਇਕ ਰੱਬੀ ਅਵਤਾਰ ਸੀ।
ਨਾਮ ਦਾ ਸੀ ਰਾਮ ਸਿੰਘ ਸਦਾ ਦਾ ਦੁਲਾਰਾ ਚੰਨ,
ਦੁਖੀਆਂ ਗਰੀਬਾਂ ਦਾ ਸਹਾਈ ਦਿਲਦਾਰ ਸੀ।
ਅੰਮ੍ਰਿਤ ਦੀ ਚੂਲੀ ਦੇ ਕੇ ਨਾਮ ਉਪਦੇਸ਼ ਦਿੱਤਾ,
ਕੱਟਣ ਚੌਰਾਸੀ ਲਈ ਆਇਆ ਸੰਸਾਰ ਸੀ।
ਕੌਤਕ ਵਿਖਾਏ ਉਹਨੇ ਇਕ ਤੋਂ ਅਨੇਕ ਜਿਹੜੇ,
ਕਰ ਨ ਮੈਂ ਸਕਾਂ ਇਸ ਜੀਭ ਤੋਂ ਉਚਾਰ ਸੀ।
ਮਰਿਆ ਸੀ ਭੀੜ ਵਿਚ ਪੁਤ ਘੁਮਿਆਰੀ ਦਾ ਜਾਂ,
ਚਰਨ ਛੁਹਾ ਕੇ ਪਾਈ ਜਿੰਦ ਇਕ ਸਾਰ ਸੀ।
ਪਾਇਆ ਦੀਦਾਰ ਜਿਨ੍ਹੇ ਰੱਬ ਦਾ ਸੀ ਰੱਬ ਰੂਪ,
ਨਾਮ ਵਾਲੀ ਚੜ੍ਹ ਗਈ ਖ਼ੁਮਾਰ ਬੇ-ਸ਼ੁਮਾਰ ਸੀ।

ਡੁੱਬਦੀ ਬਚਾਈ ਹਿੰਦ ਬਣ ਕੇ ਮਲਾਹ ਆਪ,
ਨਾਮ ਵਾਲਾ ਚਪੂ ਲਾਕੇ, ਲਾਇਆ ਬੇੜਾ ਪਾਰ ਸੀ।
ਜ਼ੁਲਮ ਮਿਟੌਣੇ ਅਤੇ ਧਰਮ ਬਚਾਣੇ ਲਈ,
ਆ ਗਿਆ ਸੀ ਬਣ ਕੇ ਉਹ ਜੋਧਾ ਬਲਕਾਰ ਸੀ।
ਭਗਤੀ ਦੇ ਨਾਲ ਉਸ ਸ਼ਕਤੀ ਨੂੰ ਬਲ ਦੇ ਕੇ,
ਗੋਰਿਆਂ ਦੇ ਤਾਈਂ ਉਹਨਾਂ ਦਿੱਤਾ ਲਲਕਾਰ ਸੀ।
ਡੋਲਿਆ ਸਿੰਘਾਸਨ ਜਾਂ ਸ਼ਕਤੀ ਨੂੰ ਵੇਖਿਆ ਸੀ,
ਪੈ ਗਿਆ ਵਖਤ ਵੇਖੋ, ਲੰਡਨ ਵਿਚਕਾਰ ਸੀ।
ਸੋਚ ਸੋਚ ਸੋਚ ਕੇ ਤੇ ਸੋਚਿਆ ਸੀ ਗੋਰਿਆਂ ਨੇ,
ਸਤਿਗੁਰੂ ਤਾਈਂ ਲੈ ਗਏ ਦੇਸ ਵਿਚੋਂ ਬਾਹਰ ਸੀ।
ਉਸੇ ਦੀ ਵੰਗਾਰ ਨੇ ਸੀ 'ਦਰਦੀ' ਆਜ਼ਾਦ ਕੀਤਾ,
ਤਾਹੀਓਂ ਹਿੰਦ ਵਿਚ ਆਈ ਮੁੜ ਕੇ ਬਹਾਰ ਸੀ।

■

ਦੇਵਿੰਦਰ ਸਿੰਘ ਗਿਲ (ਜੀਆ ਨੌਥਾ)

ਮਾਸ ਸ਼ਰਾਬ ਨਿਸ਼ੇਧ ਅਤੇ ਸ਼ਾਕਾਹਾਰ

ਪੰਜਾਬੀ ਕਹਾਵਤ ਹੈ, "ਜੇਹਾ ਅੰਨ ਤੇਹਾ ਮਨ" ਭਾਵ ਜਿਹੋ ਜਿਹਾ ਅਸੀ ਆਹਾਰ ਕਰਾਂਗੇ ਉਹੋ ਜਿਹੇ ਸਾਡੇ ਮਾਨਸਿਕ ਵਿਚਾਰ ਹੋ ਜਾਣਗੇ। ਜੇਕਰ ਇਨਸਾਨ ਮਾਸ ਅਤੇ ਆਂਡਿਆਂ ਦਾ ਆਹਾਰ ਕਰੇਗਾ ਤਾਂ ਉਸਦੇ ਵਿਚਾਰ ਫਿਰ ਸੰਤ ਮਤ ਵਾਲੇ ਨਹੀਂ ਰਹਿਣਗੇ, ਉਹ ਤਾਮਸਿਕ ਬੁਧੀ ਵਾਲਾ ਹੋ ਜਾਵੇਗਾ, ਉਹ ਗੁਰਮੁਖ ਨਹੀਂ ਬਣ ਸਕੇਗਾ ਕਿਉਂਕਿ ਮਾਸ-ਅੰਡਾ ਐਸਾ ਗਲੀਜ਼ ਆਹਾਰ ਹੈ ਕਿ ਉਹ ਖਾਣ ਨਾਲ ਮਨਮੁਖਤਾ ਉਸ ਦਾ ਪਿੱਛਾ ਨਹੀਂ ਛੱਡੇਗੀ।



ਸੰਸਾਰ ਦਾ ਕੋਈ ਵੀ ਧਰਮ, ਇਨਸਾਨ ਨੂੰ ਮਾਸ, ਸ਼ਰਾਬ ਅਤੇ ਹੋਰ ਨਸ਼ਿਆਂ ਦੇ ਸੇਵਨ ਦੀ ਆਗਿਆ ਨਹੀਂ ਦੇਂਦਾ। ਜੇਕਰ ਕੋਈ ਐਸੀ ਖੁਲ੍ਹ ਦੇਂਦਾ ਹੈ ਤਾਂ ਉਸਨੂੰ ਧਰਮ ਨਾ ਸਮਝਿਆ ਜਾਵੇ, ਉਹ ਤਾਂ ਫਿਰ ਸ਼ੈਤਾਨੀ ਮਾਰਗ ਹੈ, ਧਰਮ ਨਹੀਂ। ਜਦੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਥੇਈਂ ਪ੍ਰਵੇਸ਼ ਤੋਂ ਬਾਅਦ "ਨਾ ਕੋ ਹਿੰਦੂ ਨਾ ਮੁਸਲਮਾਨ" ਦਾ ਹੋਕਰਾ ਦੇ ਕੇ ਨਿਰਮਲ ਪੰਥ ਨੂੰ ਉਜਾਗਰ ਕੀਤਾ ਤਾਂ ਉਦਾਸੀਆਂ ਕਰਨ ਸਮੇਂ ਅਨੇਕ ਕੌਡੇ ਰਾਖਸ਼ ਅਤੇ ਦੇਵ ਲੂਤ ਜਿਹੇ ਮਾਸਾਹਾਰੀਆਂ ਅਤੇ ਅਨੇਕ ਭੇਖੀ, ਪਾਖੰਡੀਆਂ ਅਤੇ ਜੋਗੀਆਂ ਤੇ ਸਿਧਾਂ ਨਾਲ ਉਹਨਾਂ ਦਾ ਮੇਲ ਹੋਇਆ। ਸਤਿਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਇਕ ਅਕਾਲ ਪੁਰਖ ਦੀ ਅਰਾਧਨਾ ਕਰਨ ਦਾ ਉਪਦੇਸ਼ ਦਿੱਤਾ ਅਤੇ ਉਹਨਾਂ ਅਗਿਆਨੀਆਂ ਨੂੰ ਸਿਖਿਆ ਦਿੱਤੀ ਕਿ ਉਹ ਮਾਸ ਜਿਹੇ ਗਲੀਚ ਆਹਾਰ ਨੂੰ ਤਿਆਗਣ ਅਤੇ ਜੀਵਾਂ ਤੇ ਦਇਆ ਕਰਨ, ਦਇਆ ਹੀ ਧਰਮ ਦਾ ਮੂਲ ਹੈ ਕਿਉਂਕਿ ਜਿਥੇ ਦਇਆ ਨਹੀਂ ਹੈ, ਉਥੇ ਧਰਮ ਦਾ ਵਾਸਾ ਹੀ ਨਹੀਂ ਹੈ। ਗੁਰਬਾਣੀ ਵਿਚ ਇਸ ਪ੍ਰਥਾਇ ਅਨੇਕ ਪ੍ਰਮਾਣ ਮਿਲ ਜਾਂਦੇ ਹਨ:-

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ (੪੭੧)
ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ॥ (੫੧)
ਜੀਵਤ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ॥
ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰੀਧਾਨ॥

ਇਨਸਾਨ ਨੂੰ ਦਇਆ ਸਤ ਸੰਤੋਖ ਦਾ ਧਾਰਨੀ ਅਵਸ਼ ਹੋਣਾ ਚਾਹੀਦਾ ਹੈ, ਦਇਆ ਬਿਨਾਂ ਕੋਈ ਸਾਧੂ, ਸਾਧੂ ਨਹੀਂ ਕਹਾ ਸਕਦਾ, ਮਹਾਂਪੁਰਸ਼ ਨਹੀਂ ਕਹਾ ਸਕਦਾ ਚਾਹੇ ਉਹ ਜਿੰਨੇ ਮਰਜ਼ੀ ਦੁਨੀਆਂ ਨੂੰ ਠੱਗਣ ਲਈ ਅਡੰਬਰ ਕਰ ਲਵੇ ਚਿਟੇ, ਨੀਲੇ ਅਤੇ ਭਗਵੇਂ ਬਸਤਰ ਪਹਿਨ ਲਵੇ, ਉਸਦੇ ਐਸੇ ਅਡੰਬਰ ਅਕਾਲ ਪੁਰਖ ਨੂੰ ਪ੍ਰਵਾਨ ਨਹੀਂ ਹਨ ਕਿਉਂਕਿ ਹਿੰਸਕ ਬਿਰਤੀ ਵਾਲੇ ਇਨਸਾਨ ਦੇ ਅੰਦਰ ਕਦੇ ਵੀ ਅਕਾਲ ਪੁਰਖ ਦੀ ਜੋਤ ਦਾ ਉਜਾਲਾ ਨਹੀਂ ਹੋ ਸਕਦਾ। ਸਤਿਗੁਰੂ ਨਾਨਕ ਦੇਵ ਜੀ ਦਾ ਕਥਨ ਹੈ,

ਨਿਰਦਇਆ ਨਹੀ ਜੋਤਿ ਉਜਾਲਾ॥ (੯੦੩)

(ੳ) ਧਰਮ ਅਨੁਸਾਰ ਮਾਸ ਨਿਸ਼ੇਧ :

ਪੰਜਾਬੀ ਕਹਾਵਤ ਹੈ, "ਜੇਹਾ ਅੰਨ ਤੇਹਾ ਮਨ" ਭਾਵ ਜਿਹੋ ਜਿਹਾ ਅਸੀ ਆਹਾਰ ਕਰਾਂਗੇ ਉਹੋ ਜਿਹੇ ਸਾਡੇ ਮਾਨਸਿਕ ਵਿਚਾਰ ਹੋ ਜਾਣਗੇ। ਜੇਕਰ ਇਨਸਾਨ ਮਾਸ ਅਤੇ ਆਂਡਿਆਂ ਦਾ ਆਹਾਰ ਕਰੇਗਾ ਤਾਂ ਉਸਦੇ ਵਿਚਾਰ ਫਿਰ ਸੰਤ ਮਤ ਵਾਲੇ ਨਹੀਂ ਰਹਿਣਗੇ, ਉਹ ਤਾਮਸਿਕ ਬੁਧੀ ਵਾਲਾ ਹੋ ਜਾਵੇਗਾ, ਉਹ ਗੁਰਮੁਖ ਨਹੀਂ ਬਣ ਸਕੇਗਾ ਕਿਉਂਕਿ ਮਾਸ-ਅੰਡਾ ਐਸਾ ਗਲੀਜ਼ ਆਹਾਰ ਹੈ ਕਿ ਉਹ ਖਾਣ ਨਾਲ ਮਨਮੁਖਤਾ ਉਸ ਦਾ ਪਿੱਛਾ ਨਹੀਂ ਛੱਡੇਗੀ।

ਸਾਰੇ ਜੀਵਾਂ ਦਾ ਮਾਲਕ ਇਕ ਅਕਾਲ ਪੁਰਖ ਹੈ, ਉਹ ਰੋਜ਼ੀ ਦਹਿੰਦ ਹੈ ਜੋ ਸਭ ਨੂੰ ਰੋਜ਼ੀ ਬਖਸ਼ਦਾ ਹੈ। ਉਹ ਮਾਸਾਹਾਰੀ ਨੂੰ ਮਾਸ ਦਾ ਆਹਾਰ ਬਖਸ਼ਦਾ ਹੈ ਅਤੇ ਘਾਹ ਪੱਤੇ ਖਾਣ ਵਾਲਿਆਂ ਨੂੰ ਘਾਹ ਪੱਤੇ ਖਾਣ ਨੂੰ ਦੇਂਦਾ ਹੈ। ਗੁਰਬਾਣੀ ਵਿਚ ਆਉਂਦਾ ਹੈ,

ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ॥ (੧੪੪)

ਸੋ ਇਨਸਾਨ ਨੂੰ ਰਿਜਕ ਦੀ ਚਿੰਤਾ ਨਹੀਂ ਕਰਨੀ ਚਾਹੀਦੀ

ਕਿਉਂਕਿ ਰਿਜਕ ਦੇਣ ਦੀ ਚਿੰਤਾ ਅਕਾਲ ਪੁਰਖ ਨੂੰ ਹੈ ਜੋ ਸਭਨਾਂ ਦਾ ਮਾਲਕ ਹੈ। ਉਹ ਤਾਂ ਪੱਥਰ ਵਿਚ ਬੈਠੇ ਜੀਵ ਨੂੰ ਵੀ ਰੋਜ਼ੀ ਦੇਂਦਾ ਹੈ:-

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸਹੀ ਹੇਇ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ॥
ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ॥
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸਹੀ ਹੇਇ॥ (੯੫੫)

ਗੁਰਬਾਣੀ ਪੜ੍ਹਕੇ ਜਾਂ ਸੁਣ ਕੇ ਵੀ ਇਨਸਾਨ ਇਸ ਤੇ ਅਮਲ ਨਹੀਂ ਕਰਦਾ। ਸ੍ਰੀ ਆਦਿ ਗਰੰਥ ਸਾਹਿਬ ਵਿਚ ਵਾਰ ਵਾਰ ਮਾਸ ਅਤੇ ਨਸ਼ਿਆਂ ਦੇ ਸੇਵਨ ਤੋਂ ਇਨਸਾਨ ਨੂੰ ਸੁਚੇਤ ਕੀਤਾ ਹੈ ਜੋ ਤਨ ਤੇ ਮਨ ਨੂੰ ਭ੍ਰਿਸ਼ਟ ਕਰਦੇ ਹਨ। ਆਓ ਜ਼ਰਾ ਭਗਤ ਬਾਣੀ ਵਿਚੋਂ ਮਾਸ ਨਿਸ਼ੇਧ ਦੇ ਪ੍ਰਮਾਣ ਲਭੀਏ:

੧. ਭਗਤ ਬਾਣੀ ਵਿਚ ਮਾਸ ਨਿਸ਼ੇਧ ਦੇ ਸਬੂਤ:-

ਭਗਤ ਕਬੀਰ ਜੀ ਨੇ ਜੀਵਾਂ ਨੂੰ ਜ਼ਿਬਾਹ ਕਰਨ ਵਾਲਿਆਂ ਨੂੰ ਕਰੜੇ ਹੱਥੀਂ ਲਿਆ ਹੈ। ਉਹ ਕਹਿੰਦੇ ਹਨ ਚਾਹੇ ਜੀਵਾਂ ਨੂੰ ਝਟਕਾ ਲਵੋ ਚਾਹੇ ਬਿਸਮਿਲਾ ਕਹਿਕੇ ਮਾਰ ਲਵੋ, ਗੱਲ ਤਾਂ ਇਕੋ ਹੀ ਹੈ, ਦੋਵੇਂ ਤਰ੍ਹਾਂ ਜੀਆਂ ਦਾ ਘਾਤ ਹੁੰਦਾ ਹੈ ਅਤੇ ਦੋਵਾਂ ਤਰੀਕਿਆਂ ਨਾਲ ਜੀਵ ਬਧ ਕਰਨ ਵਾਲਿਆਂ ਦੇ ਹਿਰਦਿਆਂ ਵਿਚ ਸਦਾ ਹੀ ਅਸ਼ਾਂਤੀ ਦੀ ਅੱਗ ਤੇ ਭਟਕਣਾ ਲਗੀ ਰਹਿੰਦੀ ਹੈ, ਜਿਵੇਂ ਕਿ:-

ਉਨ ਝਟਕਾ ਉਨ ਬਿਸਮਿਲ ਕੀਆ, ਦਯਾ ਦੁਹਾਂ ਤੇ ਭਾਗੀ॥
ਕਹੁ ਕਬੀਰ ਸੁਨਹੁ ਰੇ ਸੰਤਹੁ ਆਗ ਦੁਹੂੰ ਘਰਿ ਲਾਗੀ॥
(ਕਬੀਰ ਰਤਨਾਵਨੀ)

(ਇਹ ਸਲੋਕ ਸ੍ਰੀ ਆਦਿ ਗਰੰਥ ਸਾਹਿਬ ਵਿਚ ਨਹੀਂ ਹੈ।)

ਕਬੀਰ ਜੀ ਕਹਿੰਦੇ ਹਨ ਕਿ ਐਸਾ ਜ਼ੋਰ ਕਰਨਾ ਹਰਾਮ ਹੈ, ਜ਼ੋਰ ਕਰਨਾ ਜ਼ੁਲਮ ਹੈ। ਐਸੇ ਕੀਤੇ ਜ਼ੁਲਮਾਂ ਦਾ ਦਰਗਾਹ ਵਿਚ ਹਿਸਾਬ ਅਵਸ਼ ਹੀ ਹੋਣਾ ਹੈ:

ਕਬੀਰ ਜੋਰੀ ਕੀਏ ਜੁਲਮੁ ਹੈ, ਕਹਤਾ ਨਾਉ ਹਲਾਲੁ॥
ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ॥ ੧੯੭॥
(ਸਲੋਕ-੧੩੭੪)

ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥
ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥ ੨੦੦॥
(ਸਲੋਕ-੧੩੭੫)

ਫਿਰ ਕਬੀਰ ਜੀ ਨੇ ਸਪਸ਼ਟ ਸ਼ਬਦਾਂ ਵਿਚ ਹੀ ਕਹਿ ਦਿੱਤਾ ਹੈ ਕਿ ਜੋ ਜੋ ਪ੍ਰਾਣੀ ਮਾਸ, ਮੱਛੀ ਅਤੇ ਸ਼ਰਾਬ ਆਦਿਕ ਦਾ ਸੇਵਨ ਕਰਦੇ ਹਨ, ਚਾਹੇ ਕਿੰਨੇ ਵੀ ਗੁਰਦੁਆਰੇ ਮੰਦਰਾਂ ਦੇ ਦਰਸ਼ਨ ਕਰ ਲੈਣ, ਧਰਮ ਗਰੰਥ ਪੜ੍ਹਣ, ਬਰਤ ਨੇਮ ਕਰ ਲੈਣ, ਉਹ ਸਭ ਖੀਨ ਹੋ ਜਾਣਗੇ, ਐਸਾ ਕੁਝ ਮਾਸ, ਸ਼ਰਾਬ ਦੇ ਸੇਵਨ ਕਰਨ ਨਾਲ ਹੁੰਦਾ ਹੈ:-

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥ (੧੩੭੭)

ਭਗਤ ਪਰਮਾਨੰਦ ਜੀ ਦਖਣੀ ਭਾਰਤ ਦੇ ਪ੍ਰਸਿਧ ਸੰਤ ਹੋਏ ਹਨ। ਉਹਨਾਂ ਦਾ ਇਕ ਪਦਾ ਸ੍ਰੀ ਆਦਿ ਗਰੰਥ ਸਾਹਿਬ ਵਿਚ ਸ਼ਾਮਲ ਕੀਤਾ ਗਿਆ ਹੈ। ਉਹ ਫੁਰਮਾਉਂਦੇ ਹਨ ਕਿ ਮਨ ਵਿਚ ਕਦੇ ਵੀ ਹਿੰਸਾ ਨਹੀਂ ਉਪਜਣੀ ਚਾਹੀਦੀ ਅਤੇ ਜੀਵਾਂ ਤੇ ਦਇਆ ਕਰਨ ਨਾਲ ਹੀ ਇਨਸਾਨ ਧਰਮੀ ਬਣ ਸਕਦਾ ਹੈ। ਆਪ ਜੀ ਦਾ ਕਥਨ ਹੈ:-

ਘਾਟ ਪਾਰਿ ਘਰ ਮੂਸਿ ਬਿਰਾਨੋ ਪੇਟੁ ਭਰੈ ਅਪਰਾਧੀ॥
ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ॥
ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥
ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨਾ ਚਾਲੀ॥
(ਆਦਿ ਗ੍ਰੰਥ, ਪੰਨਾ ੧੨੫੩)

ਸੰਤ ਦਾਦੂ ਜੀ ਫੁਰਮਾਉਂਦੇ ਹਨ ਕਿ ਮਾਸਾਹਾਰੀ ਇਨਸਾਨ ਮਾਸ ਖਾ ਕੇ ਸ਼ਰਾਬ ਪੀਂਦੇ ਹਨ ਤਾਂ ਵਿਸ਼ੇ ਵਿਕਾਰ ਵਿਚ ਫਾ ਜਾਂਦੇ ਹਨ। ਅੱਲਾ ਦੇ ਮਿਲਣ ਦੇ ਮੁਸ਼ਤਾਕ (ਚਾਹਵਾਨ) ਕਿਸੇ ਹੋਰ ਨੂੰ ਨਹੀਂ ਬਲਕਿ ਆਪਣੇ ਆਪ ਨੂੰ ਹੀ ਮਾਰਦੇ ਹਨ:-

ਮਾਸ-ਆਹਾਰੀ ਮਦ ਪਿਵੈ, ਵਿਸ਼ੈ ਵਿਕਾਰੀ ਸੋਇ।
ਦਾਦੂ ਆਤਮ ਰਾਮ ਬਿਨ, ਦਯਾ ਕਹਾਂ ਥਥੇ ਹੋਇ।
ਆਪਨ ਕੋ ਮਾਰੇ ਨਹੀ ਪਰ ਕੋ ਮਾਰਨ ਜਾਇ।
ਦਾਦੂ ਆਪਾ ਮਾਰੇ ਬਿਨਾਂ ਕੈਸੇ ਮਿਲੇ ਖੁਦਾਇ।

ਸੰਤ ਮਲੂਕ ਦਾਸ ਜੀ ਜੋ ਉੱਚ ਕੋਟੀ ਦੇ ਮਹਾਤਮਾ ਹੋਏ ਹਨ, ਉਹ ਜੀਵ ਹਤਿਆ ਦੀ ਪੀੜ ਨੂੰ ਅਨੁਭਵ ਕਰਦੇ ਹੋਏ ਲਿਖਦੇ ਹਨ:-

ਪੀਰ ਸਭਨ ਕੀ ਏਕ ਸੀ, ਮੂਰਖ ਜਾਨਤ ਨਾਹਿੰ।
ਕਾਂਟਾ ਚੁਭੇ ਪੀਰ ਹੈ, ਗਲਾ ਕਾਟਿ ਕੇ ਖਾਇ।
ਸੰਤ ਪਰਸਾ ਜੀ ਕਹਿੰਦੇ ਹਨ:-
ਖਾਏ ਜੋ ਮੁਰਦਾਰ ਕਰ, ਸੋ ਹਲਾਲ ਕਯੋਂ ਹੋਯ।
ਪਰਸਾ ਕਰਮ ਹਰਾਮ ਕਰ, ਗਏ ਬਹਿਸਤਹਿ ਖੋਯ।
ਆਪਨ ਮਾਰੇ ਹਕ ਕਹੇ, ਕਰਤਾ ਤੌ ਹਰਾਮ।
ਪਰਸਾ ਮਾਰਤਿ ਜੀਤ ਕੋ ਬੂੜਿ ਮੋਏ ਬੇਕਾਮ।

ਪੰਜਾਬੀ ਸਾਹਿਤ ਦੇ ਸੂਫੀ ਸ਼ਾਇਰ ਸਾਈਂ ਬੁਲ੍ਹੇ ਸ਼ਾਹ ਜੀ ਆਪਣੇ ਕਲਾਮ ਵਿਚ ਲਿਖਦੇ ਹਨ:-

ਖਾਵੇ ਮਾਸ ਚਬਾਵੇ ਬੀੜੇ ਅੰਗ ਪੁਸ਼ਾਕ ਕਸਾਈਆਂ ਈ।
ਟੇਢੀ ਪਗੜੀ ਆਕੜ ਚਲੇ, ਜੁੱਤੀ ਪੈਰ ਅੜਾਈਆਂ ਈ।
ਪਲ ਪਲ ਪਲਦਾ ਹੈ ਜਮ ਦਾ ਬਕਰਾ,
ਇਕ ਦਿਨ ਆਪ ਕੁਹਾਏਗਾ।

੨. ਗੁਰੂ ਸਾਹਿਬਾਨ ਦੀ ਬਾਣੀ ਅਤੇ ਇਤਿਹਾਸ ਵਿਚੋਂ ਕੁਝ ਮਾਸ ਨਿਸ਼ੇਧ ਦੇ ਪ੍ਰਮਾਣ:-

ਦਸ ਗੁਰੂ ਸਾਹਿਬਾਨ ਨੇ ਮਾਸ ਅਤੇ ਹੋਰ ਨਸ਼ਿਆਂ ਜਿਹੇ ਵਿਵਰਜਤ ਆਹਾਰ ਤੋਂ ਲੋਕਾਈ ਨੂੰ ਖਬਰਦਾਰ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਐਸੇ ਆਹਾਰ ਤੋਂ ਵੀ ਪ੍ਰਾਣੀ ਨੂੰ ਖਬਰਦਾਰ ਕੀਤਾ ਹੈ ਜਿਸਨੂੰ ਖਾਣ ਨਾਲ ਮਨ ਵਿਚ ਵਿਕਾਰ ਪੈਦਾ ਹੋਣ ਅਤੇ ਤਨ ਵਿਚ ਪੀੜ ਮਹਿਸੂਸ ਹੋਵੇ:-

ਬਾਬਾ ਹੋਰ ਖਾਣਾ ਖੁਸੀ ਖੁਆਰ॥
ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ॥੧॥ਰਹਾਉ॥
(ਸਿਰੀ ਰਾਗੁ ਮ: ੧-੧੬)

ਫਿਰ ਸਤਿਗੁਰੂ ਨਾਨਕ ਦੇਵ ਜੀ ਇਨਸਾਨ ਨੂੰ ਮਿਸਾਲ ਦੇ ਕੇ ਸਮਝਾਉਂਦੇ ਹਨ ਕਿ ਹੇ ਪ੍ਰਾਣੀ! ਜੇ ਗਲ ਪਾਏ ਕਪੜੇ ਤੇ

ਕਿਤੇ ਰੱਤ ਲਗ ਜਾਵੇ, ਲਹੂ ਲਗ ਜਾਵੇ ਤਾਂ ਸਾਰਾ ਜਾਮਾ ਹੀ ਪਲੀਤ ਹੋ ਜਾਂਦਾ ਹੈ, ਫਿਰ ਉਸਨੂੰ ਚੰਗੀ ਤਰ੍ਹਾਂ ਸਾਫ਼ ਕਰੀਦਾ ਹੈ ਕਿਉਂਕਿ ਉਂਞ ਉਹ ਚੰਗਾ ਨਹੀਂ ਲਗਦਾ। ਫਿਰ ਜਦੋਂ ਇਨਸਾਨ ਨਿਰਦੋਸ਼ ਜੀਵਾਂ ਦੀ ਰਤ ਪੀਂਦਾ ਹੈ, ਭਾਵ ਮਾਸ ਖਾਂਦਾ ਹੈ ਤਾਂ ਫਿਰ ਆਪ ਹੀ ਦਸ ਕਿ ਹਿਰਦਾ ਕਿਵੇਂ ਸ਼ੁਧ ਹੋ ਜਾਵੇਗਾ ?

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥
(ਮਾਝ ਮਹਲਾ ੧-੧੪੦)

ਜਦੋਂ ਮਨ ਮਾਸ ਦੇ ਆਹਾਰ ਨਾਲ ਮਲੀਨ ਹੋ ਗਿਆ ਅਤੇ ਤਨ ਤਾਂ ਪਹਿਲਾਂ ਹੀ ਅਪਵਿੱਤਰ ਹੋਇਆ ਹੁੰਦਾ ਹੈ ਤਾਂ ਸਤਿਗੁਰੂ ਜੀ ਸਾਵਧਾਨ ਕਰਦੇ ਹਨ ਕਿ ਜਦ ਮਨ ਤੇ ਤਨ ਪਵਿੱਤਰ ਨਾ ਰਹੇ ਭਾਵ ਸੁਚ ਸੋਧ ਹੀ ਖਤਮ ਹੋ ਗਈ ਤਾਂ ਸਚ ਨੂੰ ਤੁਸੀਂ ਪਾ ਨਹੀਂ ਸਕਦੇ। ਗੁਰੂ ਜੀ ਕਹਿੰਦੇ ਹਨ:-

ਸੁਚਿ ਹੋਵੈ ਤਾ ਸਚੁ ਪਾਈਐ॥੨॥੬॥ (ਆਸਾ ਦੀ ਵਾਰ)

ਸੋ ਐਸੇ ਅਪਵਿੱਤਰ ਆਹਾਰ ਦੇ ਕਦੇ ਨੇੜੇ ਵੀ ਨਹੀਂ ਜਾਣਾ ਚਾਹੀਦਾ ਜੋ ਇਨਸਾਨ ਨੂੰ ਮਲੀਨ ਕਰਦਾ ਹੈ।

ਹੁਣ ਅਸੀਂ ਗੁਰ ਇਤਿਹਾਸ ਵਿਚੋਂ ਕੁਝ ਘਟਨਾਵਾਂ ਇਥੇ ਵਰਣਨ ਕਰ ਕੇ ਐਸੇ ਗਲੀਜ਼ ਆਹਾਰ ਨੂੰ ਨਾ ਖਾਣ ਦੇ ਗੁਰ ਉਪਦੇਸ਼ਾਂ ਨੂੰ ਅੰਕਿਤ ਕਰਦੇ ਹਾਂ। ਜਦੋਂ ਸਤਿਗੁਰੂ ਨਾਨਕ ਪਾਤਸ਼ਾਹ ੮-੯ ਸਾਲ ਦੀ ਆਯੂ ਦੇ ਸਨ ਤਾਂ ਬੇਦੀ ਕੁਲ ਦੇ ਪਰੋਹਿਤ ਨੇ ਸਤਿਗੁਰਾਂ ਨੂੰ ਜਨੇਊ ਪਾਉਣਾ ਚਾਹਿਆ ਅਤੇ ਪਿਤਾ ਕਾਲੂ ਨੇ ਸਾਕ ਸੰਬੰਧੀਆਂ ਨੂੰ ਆਪਣੇ ਘਰ ਬੁਲਾ ਲਿਆ ਅਤੇ ਜਸ਼ਨ ਮਨਾਉਣ ਲਈ ਬਕਰਿਆਂ ਨੂੰ ਵਢਣ ਦੀ ਤਿਆਰੀ ਹੋਣ ਲਗੀ। ਗਰੰਥ 'ਨਾਨਕ ਪ੍ਰਕਾਸ਼' ਵਿਚ ਮਹਾਂਕਵਿ ਸੰਤੋਖ ਸਿੰਘ ਜੀ ਲਿਖਦੇ ਹਨ:-

ਭੋਜਨ ਹੇਤ ਆਨ ਇਕ ਛਾਈ। (ਅਮਿਖ-ਮਾਸ)
ਆਮਿਖ ਕਾਰਨ ਛਾਗ ਮੰਗਾਈ। (ਛਾਗਿ-ਬਕਰਾ)

ਗੁਰੂ ਨਾਨਕ ਪਾਤਸ਼ਾਹ ਜੀ ਆਪ ਵੀ ਫਰਮਾਉਂਦੇ ਹਨ:-

ਤਗੁ ਕਪਾਹਹੁ ਕਤੀਐ, ਬਾਮ੍ਹਣੁ ਵਟੇ ਆਇ॥
ਕੁਹਿ ਬਕਰਾ ਰਿੰਨਿ ਪਾਇਆ ਸਭੁ ਕੋ ਆਖੈ ਪਾਇ॥
(ਵਾਰ ਆਸਾ, ਮਹਲਾ ੧-੪੭੧)

ਗੁਰੂ ਜੀ ਨੇ ਬ੍ਰਾਹਮਣ ਪਰੋਹਤ ਵਲੋਂ ਕੀਤਾ ਇਹ ਸਾਰਾ ਅਡੰਬਰ ਦੇਖ ਕੇ ਪੁਛਿਆ, "ਪੰਡਤ ਜੀ! ਪਹਿਲਾਂ ਇਹ ਦਸੋ, ਕਿ ਜਨੇਊ ਦੀ ਰਸਮ ਕਰਨ ਲਈ ਮਾਸ ਵਾਲੀ ਰੋਟੀ ਦਾ ਹੋਣਾ ਜ਼ਰੂਰੀ ਹੈ? ਜੇ ਐਸਾ ਹੈ ਤਾਂ ਮੈਂ ਜਨੇਊ ਨਹੀਂ ਪਾਉਣਾ।" ਸਤਿਗੁਰਾਂ ਦੇ ਵਚਨ ਸੁਣ ਕੇ ਪੰਡਤ ਹੈਰਾਨ ਹੋ ਗਿਆ ਤੇ ਕਿਹਾ, "ਹੇ ਨਾਨਕ, ਤੈਨੂੰ ਕੇਹੋ ਜਿਹਾ ਜਨੇਊ ਚਾਹੀਦਾ ਹੈ।" ਸਤਿਗੁਰੂ ਕਹਿੰਦੇ ਹਨ ਕਿ ਸਾਨੂੰ ਦਇਆ ਰੂਪੀ ਕਪਾਹ ਤੇ ਸੰਤੋਖ ਰੂਪੀ ਸੂਤ ਦਾ ਹੋਣਾ ਚਾਹੀਦਾ ਹੈ, ਜਿਸਨੂੰ ਜਤ ਤੇ ਸਤ ਦਾ ਵੱਟ ਤੇ ਗੰਢ ਦਿੱਤੀ ਹੋਈ ਹੋਵੇ ਜੇ ਐਸਾ ਜਨੇਊ ਹੈ ਤਾਂ ਅਸੀਂ ਪਾ ਲਵਾਂਗੇ। ਸਤਿਗੁਰਾਂ ਦੇ ਬਚਨ ਹਨ:-

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥੧॥੧੫॥
(ਆਸਾ ਦੀ ਵਾਰ ਮਹਲਾ ੧-੪੭੧)

ਇਸ ਪ੍ਰਕਾਰ ਗੁਰੂ ਨਾਨਕ ਜੀ ਨੂੰ ਉਦਾਸੀਆਂ ਦੇ ਦੌਰਾਨ ਦੇਵਲੂਤ ਮਿਲਿਆ ਜਿਸਦਾ ਆਹਾਰ ਜੰਗਲੀ ਜੀਵਾਂ ਦਾ ਮਾਸ ਸੀ। ਗੁਰੂ ਜੀ ਨੂੰ ਮਿਲਕੇ ਆਖਣ ਲਗਾ ਕਿ ਸੰਤ ਜੀ ਮੇਰੇ ਘਰ ਚਲੋ, ਭੋਜਨ ਕਰੋ। ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ:-

ਕਰਹੁ ਰਸੋਈ ਸੰਤ ਜੀ, ਭੋਜਨ ਅਚਹੁ ਬਨਾਏ॥
ਸਰਧਾ ਪੂਰਨ ਕੀਜੀਐ ਸੁਨ, ਸ੍ਰੀ ਗੁਰੂ ਅਲਾਏ॥
(ਸੂਰਜ ਪ੍ਰਕਾਸ਼)

ਸਤਿਗੁਰਾਂ ਨੇ ਕਿਹਾ ਕਿ ਤੂੰ ਜੀਵ ਹਤਿਆ ਕਰਦਾ ਹੈਂ, ਮਾਸ ਤੇਰਾ ਆਹਾਰ ਹੈ, ਅਸੀਂ ਤੇਰੇ ਘਰ ਰਸੋਈ ਨਹੀਂ ਕਰਾਂਗੇ। ਸਤਿਗੁਰਾਂ ਦੇ ਉਪਦੇਸ਼ ਸੁਣ ਕੇ ਉਸ ਨੇ ਮਾਸ ਆਹਾਰ ਨੂੰ ਤਿਆਗਿਆ ਅਤੇ ਪੂਰਨ ਗੁਰਸਿਖ ਬਣ ਗਿਆ। ਇਸ ਪ੍ਰਕਾਰ ਭਾਈ ਦੁਨੀ ਚੰਦ ਵਾਲੀ ਸਾਖੀ, ਕੌਡੇ ਰਾਖਸ਼ ਵਾਲੀ ਸਾਖੀ ਆਦਿਕ ਸਭ ਤੋਂ ਇਹੋ ਪਰੇਰਨਾ ਮਿਲਦੀ ਹੈ ਕਿ ਮਾਸ ਆਹਾਰ, ਗੁਰਮੁਖਾਂ ਦਾ ਆਹਾਰ ਨਹੀਂ ਹੈ। ਹੁਣ ਸਤਿਗੁਰਾਂ ਦੇ ਲੰਗਰ ਵਲ ਆਉਂਦੇ ਹਾਂ ਜਿਥੇ ਇਤਿਹਾਸਕ ਪ੍ਰਮਾਣਾਂ ਨਾਲ ਸਾਬਿਤ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਲੰਗਰ ਵਿਚ ਸ਼ਾਕਾਹਾਰੀ ਭੋਜਨ ਹੀ ਤਿਆਰ ਕੀਤਾ ਜਾਂਦਾ ਸੀ, ਅਜ ਵੀ ਚਾਹੇ ਰਹਿਤ ਮਰਯਾਦਾ ਵਿਚ ਵੱਖ ਵੱਖ ਸੰਪ੍ਰਦਾਵਾਂ ਵਿਚ ਅਨੇਕ ਵਖਰੇਵੇਂ ਅਤੇ ਭਿੰਨਤਾਵਾਂ ਹਨ ਪ੍ਰੰਤੂ ਫਿਰ ਵੀ ਦੇਖਣ ਵਾਲੀ ਗਲ ਇਹ ਹੈ ਕਿ ਕਿਸੇ ਗੁਰਦੁਆਰੇ ਵਿਚ ਵੀ ਮਾਸ ਨਹੀਂ ਤਿਆਰ ਕੀਤਾ ਜਾਂਦਾ। ਗੁਰੂ ਕਾਲ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਲੰਗਰ ਵਿਚ ਸਦਾ ਮਾਤਾ ਖੀਵੀ ਜੀ ਦੁਆਰਾ ਅੰਮ੍ਰਿਤ ਜੈਸੀ ਸੁਆਦੀ ਖੀਰ ਵਰਤਾਈ ਜਾਂਦੀ ਸੀ। ਇਸਦੀ ਹਾਮੀ ਸੱਤਾ ਬਲਵੰਡ ਜੀ ਇਸ ਪ੍ਰਕਾਰ ਕਰਦੇ ਹਨ:-

ਗੁਰੂ ਸਾਹਿਬਾਨ ਦੇ ਸਮੇਂ ਲੰਗਰ ਵਿਚ ਸ਼ਾਕਾਹਾਰੀ ਭੋਜਨ ਹੀ ਤਿਆਰ ਕੀਤਾ ਜਾਂਦਾ ਸੀ, ਅਜ ਵੀ ਚਾਹੇ ਰਹਿਤ ਮਰਯਾਦਾ ਵਿਚ ਵੱਖ ਵੱਖ ਸੰਪ੍ਰਦਾਵਾਂ ਵਿਚ ਅਨੇਕ ਵਖਰੇਵੇਂ ਅਤੇ ਭਿੰਨਤਾਵਾਂ ਹਨ ਪ੍ਰੰਤੂ ਫਿਰ ਵੀ ਦੇਖਣ ਵਾਲੀ ਗਲ ਇਹ ਹੈ ਕਿ ਕਿਸੇ ਗੁਰਦੁਆਰੇ ਵਿਚ ਵੀ ਮਾਸ ਨਹੀਂ ਤਿਆਰ ਕੀਤਾ ਜਾਂਦਾ। ਗੁਰੂ ਕਾਲ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਲੰਗਰ ਵਿਚ ਸਦਾ ਮਾਤਾ ਖੀਵੀ ਜੀ ਦੁਆਰਾ ਅੰਮ੍ਰਿਤ ਜੈਸੀ ਸੁਆਦੀ ਖੀਰ ਵਰਤਾਈ ਜਾਂਦੀ ਸੀ।

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ॥
(ਰਾਮਕਲੀ ਵਾਰ ੯੬੭)

ਇਸ ਤੋਂ ਅਗੇ ਜੇ ਅਸੀਂ ਗੁਰੂ ਅਮਰਦਾਸ ਜੀ ਦੇ ਲੰਗਰ ਵਲ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਲੰਗਰ ਵਿਚ ਗੁਰਸਿਖਾਂ ਨੂੰ ਘਿਓ, ਮੈਦਾ ਛਕਣ ਨੂੰ ਮਿਲਿਆ ਕਰਦਾ ਸੀ:-

ਸਤਹੁ ਖੇਤੁ ਜਮਾਇਓ ਸਤਹੁ ਛਾਵਾਣ॥
ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥
(ਵਾਰ ਸਤ ਬਲਵੰਡ-ਰਾਮਕਲੀ-੯੬੮)

ਗੁਰਬਾਣੀ ਤੋਂ ਬਿਨਾਂ ਜਦੋਂ ਗੁਰੂ ਸਾਹਿਬਾਨ, ਵੱਖ ਵੱਖ ਇਲਾਕਿਆਂ ਦੀਆਂ ਸੰਗਤਾਂ ਵਲ ਹੁਕਮਨਾਮੇ ਲਿਖਦੇ ਸਨ ਤਾਂ

ਵੈਦਿਕ ਕਾਲ ਤੋਂ ਸ਼ਰਾਬ ਨੂੰ ਸੇਹਤ ਲਈ ਹਾਨੀਕਾਰਕ ਮੰਨਿਆ ਜਾਂਦਾ ਰਿਹਾ ਹੈ। ਵੈਦਿਕ ਕਾਲ ਅਤੇ ਵੀਰ ਕਾਲ ਵਿਚ ਦੇਵਤਿਆਂ ਲਈ ਫਲਾਂ ਦਾ ਰਸ ਤਿਆਰ ਕੀਤਾ ਜਾਂਦਾ ਸੀ ਜੋ ਖਾਸ ਖੁਸ਼ੀ ਦੇ ਮੌਕਿਆਂ ਤੇ ਸੇਵਨ ਕੀਤਾ ਜਾਂਦਾ ਸੀ ਜਿਸ ਨੂੰ ਸੋਮਰਸ ਆਖਿਆ ਜਾਂਦਾ ਸੀ। ਰਾਖਸ਼ ਬੁਧੀ ਵਾਲੇ ਭਾਵ ਮਨਮੁਖ ਬਿਰਤੀ ਵਾਲੇ "ਸੁਰਾ" ਨਾਮ ਵਾਲਾ ਸ਼ਰਬਤ ਪੀਂਦੇ ਸਨ ਜਿਸਨੂੰ ਵਰਤਮਾਨ ਸਮੇਂ ਵਿਚ ਸ਼ਰਾਬ ਆਖਿਆ ਜਾਂਦਾ ਹੈ। ਇਹ ਸ਼ਰਾਬ ਸ਼ਬਦ ਸ਼ਰ+ਆਬ ਸ਼ਬਦਾਂ ਤੋਂ ਬਣਿਆ ਹੈ ਜਿਸਦਾ ਅਰਥ ਹੈ, ਸ਼ਰਾਰਤ ਦਾ ਪਾਣੀ। ਗੁਰੂ ਸਾਹਿਬਾਨ ਅਤੇ ਭਗਤਾਂ ਨੇ ਆਪਣੀ ਬਾਣੀ ਵਿਚ ਮਾਸ-ਆਹਾਰ ਵਾਂਗ ਸ਼ਰਾਬ ਅਤੇ ਹੋਰ ਨਸ਼ਿਆਂ ਦੇ ਸੇਵਨ ਤੋਂ ਇਨਸਾਨ ਨੂੰ ਖਬਰਦਾਰ ਕੀਤਾ ਹੈ।

ਗੁਰਸਿਖਾਂ ਨੂੰ ਮਾਸ-ਆਹਾਰ ਅਤੇ ਨਸ਼ਿਆਂ ਤੋਂ ਵਾਰ ਵਾਰ ਬਚਣ ਦੀ ਤਾਗੀਦ ਕਰਦੇ ਸਨ। ਛੇਵੇਂ ਪਾਤਸ਼ਾਹ ਜੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਪਟਨੇ, ਆਲਮ ਗੰਜ, ਬੀਨਾ ਤੇ ਮੰਗੇਰ ਦੀਆਂ ਸੰਗਤਾਂ ਨੂੰ ਹੁਕਮਨਾਮੇ ਵਿਚ ਇਸ ਪ੍ਰਕਾਰ ਲਿਖਿਆ ਹੈ:-

"੧ੴ ਗੁਰੁ ਸਤਿ...ਮਾਸ ਮਛੀ ਦੇ ਨੇੜੇ ਨਹੀ ਆਵਣਾ ਸੰਗਤਿ ਦੀ ਚਿਠੀ ਪਹੁਤੀ ਹਕੀਕਤਿ ਸਭ ਮਾਲੂਮ ਹੋਈ ਸੰਗਤਿ ਦੀ ਮਨਸਾ ਪੂਰੀ ਹੋਗੁ....।"

ਇਕ ਹੋਰ ਹੁਕਮਨਾਮੇ ਵਿਚ ਛੇਵੇਂ ਸਤਿਗੁਰੂ ਜੀ ਮਾਸ ਆਹਾਰ ਤੋਂ ਸੰਗਤ ਨੂੰ ਖਬਰਦਾਰ ਕਰਦੇ ਹੋਏ ਲਿਖਦੇ ਹਨ:-

"੧ੴ ਸਤਿਗੁਰੂ - - - - ਕੀਰਤਨੁ ਕਰਣਾ ਇਕ ਦਾਸ ਭਲੀ ਜੁਗਤਿ ਰਹਣਾ ਮਾਸੁ ਮੱਛੀ ਦੇ ਨੇੜੇ ਨਹੀਂ ਆਵਣਾ - - - ।"

ਨੌਵੇਂ ਸਤਿਗੁਰੂ ਤੇਗ ਬਹਾਦਰ ਜੀ ਨੇ ਇਕ ਹੁਕਮਨਾਮੇ ਵਿਚ ਮਾਸ ਆਹਾਰ, ਸ਼ਰਾਬ, ਪਰਾਈ ਔਰਤ ਅਤੇ ਜੂਆ ਖੇਡਣ ਤੋਂ ਬਚਣ ਲਈ ਖਬਰਦਾਰ ਕਰਦੇ ਹੋਇ ਲਿਖਿਆ ਸੀ:-

"- - - - - ਮਦਰਾ, ਮਾਸ, ਮਛੀ, ਜੂਆ ਪਰਤਿਰਿਆ ਤੇ ਸਦਾ ਦੂਰ ਰਹਿਣਾ - - - ।"

ਗੁਰੂ ਸਾਹਿਬਾਨ ਤੋਂ ਬਾਅਦ ਬੰਦਾ ਬਹਾਦਰ ਜੀ ਵੀ ਆਪਣੇ ਜੀਵਨ ਕਾਲ ਵਿਚ ਸਮੇਂ ਸਮੇਂ ਸੰਗਤਾਂ ਵਲ ਹੁਕਮਨਾਮੇਂ ਲਿਖਦੇ ਰਹੇ। ਉਸ ਨੇ ੧੨ ਦਸੰਬਰ ੧੭੧੦ ਈਸਵੀ ਨੂੰ ਇਕ ਹੁਕਮਨਾਮੇ ਵਿਚ ਲਿਖਿਆ ਸੀ:-

"੧ੴ ਫਤੇ ਦਰਸਨ - - - - ਖਾਲਸੇ ਦੀ ਰਹਤ ਰਹਣਾ ਭੰਗ ਤੰਮਾਕੂ ਹਫੀਮ ਪੋਸਤ ਦਾਰੂ ਕੋਈ ਨਹੀਂ ਖਾਣਾ ਮਾਸੁ ਮਛਲੀ ਪਿਆਜੁ ਨਾਹੀ ਖਾਣਾ ਚੋਰੀ ਜਾਰੀ ਨਾਹੀ ਕਰਨੀ ਅਸਾਂ ਸਤਜੁਗ ਵਰਤਾਇਆ ਹੈ - - - -।"

(ਅ) ਧਰਮ ਅਨੁਸਾਰ ਸ਼ਰਾਬ ਨਿਸ਼ੇਧ:-

ਵੈਦਿਕ ਕਾਲ ਤੋਂ ਸ਼ਰਾਬ ਨੂੰ ਸੇਹਤ ਲਈ ਹਾਨੀਕਾਰਕ ਮੰਨਿਆ ਜਾਂਦਾ ਰਿਹਾ ਹੈ। ਵੈਦਿਕ ਕਾਲ ਅਤੇ ਵੀਰ ਕਾਲ ਵਿਚ ਦੇਵਤਿਆਂ ਲਈ ਫਲਾਂ ਦਾ ਰਸ ਤਿਆਰ ਕੀਤਾ ਜਾਂਦਾ ਸੀ ਜੋ ਖਾਸ ਖੁਸ਼ੀ ਦੇ ਮੌਕਿਆਂ ਤੇ ਸੇਵਨ ਕੀਤਾ ਜਾਂਦਾ ਸੀ ਜਿਸ ਨੂੰ ਸੋਮਰਸ ਆਖਿਆ ਜਾਂਦਾ ਸੀ। ਰਾਖਸ਼ ਬੁਧੀ ਵਾਲੇ ਭਾਵ ਮਨਮੁਖ ਬਿਰਤੀ ਵਾਲੇ "ਸੁਰਾ" ਨਾਮ ਵਾਲਾ ਸ਼ਰਬਤ ਪੀਂਦੇ ਸਨ ਜਿਸਨੂੰ ਵਰਤਮਾਨ ਸਮੇ ਵਿਚ ਸ਼ਰਾਬ ਆਖਿਆ ਜਾਂਦਾ ਹੈ। ਇਹ ਸ਼ਰਾਬ ਸ਼ਬਦ ਸ਼ਰ+ਆਬ ਸ਼ਬਦਾਂ ਤੋਂ ਬਣਿਆ ਹੈ ਜਿਸਦਾ ਅਰਥ ਹੈ, ਸ਼ਰਾਰਤ ਦਾ ਪਾਣੀ। ਗੁਰੂ ਸਾਹਿਬਾਨ ਅਤੇ ਭਗਤਾਂ ਨੇ ਆਪਣੀ ਬਾਣੀ ਵਿਚ ਮਾਸ-ਆਹਾਰ ਵਾਂਗ ਸ਼ਰਾਬ ਅਤੇ ਹੋਰ ਨਸ਼ਿਆਂ ਦੇ ਸੇਵਨ ਤੋਂ ਇਨਸਾਨ ਨੂੰ ਖਬਰਦਾਰ ਕੀਤਾ ਹੈ। ਸ੍ਰੀ ਗੁਰੂ ਅਮਰਦਾਸ ਜੀ ਬਾਣੀ ਵਿਚ ਫੁਰਮਾਉਂਦੇ ਹਨ:-

ਮਾਣਸ ਭਰਿਆ ਆਣਿਆ ਮਾਣਸੁ ਭਰਿਆ ਆਇ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥੧॥੧੬॥

(ਵਾਰ ਬਿਹਾਗੜਾ, ਸਲੋਕ ਮਹਲਾ ੩-੫੫੪)

ਸਤਿਗੁਰੂ ਜੀ ਦਾ ਕਥਨ ਹੈ ਕਿ ਸ਼ਰਾਬ ਪੀਣ ਨਾਲ ਮਨੁੱਖ ਦੀ ਮੱਤ ਮਾਰੀ ਜਾਂਦੀ ਹੈ, ਆਪਣੇ ਤੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਖਸਮ (ਵਾਹਿਗੁਰੂ) ਵਿਸਰ ਜਾਂਦਾ ਹੈ ਅਤੇ ਮਾਲਕ ਦੀ ਦਰਗਾਹ ਤੋਂ ਧੱਕੇ ਪੈਂਦੇ ਹਨ। ਇਸ ਲਈ ਸ਼ਰਾਬ ਕਿਸੇ ਹਾਲਤ ਵਿਚ ਵੀ ਨਹੀਂ ਪੀਣੀ ਚਾਹੀਦੀ।

ਭਗਤ ਰਵਿਦਾਸ ਜੀ ਇਨਸਾਨ ਨੂੰ ਤਾੜਨਾ ਕਰਦੇ ਹੋਏ ਕਹਿੰਦੇ ਹਨ ਕਿ ਜੇ ਸ਼ਰਾਬ, ਗੰਗਾ ਜਲ ਦੀ ਵੀ ਬਣੀ ਹੋਵੇ ਤਾਂ ਵੀ ਇਹ ਘ੍ਰਿਣਤ ਹੈ, ਇਸ ਤੋਂ ਬਚਣਾ ਚਾਹੀਦਾ ਹੈ:-

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ
ਸੰਤ ਜਨ ਕਰਤ ਨਹੀ ਪਾਨੰ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ
ਸੁਰਸਰੀ ਮਿਲਤ ਨਹਿ ਹੋਇ ਆਨੰ॥੧॥੧॥

(ਮਲਾਰ ਰਵਿਦਾਸ ਜੀ-੧੨੯੩)

ਸ਼ਰਾਬ ਦਾ ਨਸ਼ਾ ਏਨਾ ਭੈੜਾ ਹੈ ਕਿ ਇਹ ਇਨਸਾਨ ਨੂੰ ਹੈਵਾਨ ਬਣਾ ਦਿੰਦਾ ਹੈ, ਉਸਨੂੰ ਆਪਣੇ ਆਪ ਦੀ ਸੋਝੀ ਨਹੀਂ ਰਹਿੰਦੀ, ਫਿਰ ਸ਼ਰਾਬੀ ਆਪਣਾ ਨਸ਼ਾ ਪੂਰਾ ਕਰਨ ਲਈ ਘਰ ਦੇ ਭਾਂਡੇ ਤਕ ਵੇਚਣ ਲਈ ਤਿਆਰ ਹੋ ਜਾਂਦਾ ਹੈ। ਐਸੇ ਸ਼ਰਾਬੀ ਨਸ਼ਈ ਨੂੰ ਸ਼ਹੀਦਾਂ ਦੇ ਸਿਰਤਾਜ ਸਤਿਗੁਰੂ ਅਰਜਨ ਦੇਵ ਜੀ "ਵੇਸਵਾ ਦਾ ਪਤੀ" ਆਖਦੇ ਹਨ:-

ਦੁਰਮਤਿ ਮਦ ਜੋ ਪੀਵਤੇ
ਬਿਖਲੀ ਪਤਿ ਕਮਲੀ॥੪॥੧੨॥੧੧੪॥

(ਆਸਾ ਮਹਲਾ ੫ - ੩੯੯)

ਸਤਿਗੁਰੂ ਜੀ ਆਖਦੇ ਹਨ ਕਿ ਜਿਹੜੇ ਸ਼ਰਾਬ ਪੀਂਦੇ ਹਨ ਉਹਨਾਂ ਦੀ ਬੁਧ ਭ੍ਰਿਸ਼ਟ ਹੋ ਜਾਂਦੀ ਹੈ, ਉਹ ਕਮਲੇ ਹਨ ਅਤੇ ਵੇਸਵਾ ਦੇ ਪਤੀ (ਬਿਖਲੀ ਪਤਿ) ਹਨ। ਵੇਸਵਾ ਦੇ ਪਤੀ ਹੋਣ ਦਾ ਭਾਵ ਹੈ ਆਪਣੇ ਘਰ ਵਾਲੀ ਤੋਂ ਪੇਸ਼ਾ ਕਰਾ ਕੇ ਕਮਾਈ ਖਾਣ ਵਾਲੇ।

ਸ਼ਰਾਬ, ਅਫੀਮ, ਭੰਗ, ਤੰਬਾਕੂ ਅਤੇ ਪੋਸਤ ਆਦਿਕ ਸਾਰੇ ਨਸ਼ੇ ਧਰਮ ਅਨੁਸਾਰ ਮਨੁੱਖ ਲਈ ਵਿਵਰਜਤ ਹਨ। ਕੋਈ ਵੀ ਧਰਮ, ਇਹਨਾਂ ਦੇ ਸੇਵਨ ਦੀ ਆਗਿਆ ਨਹੀਂ ਦੇਂਦਾ। ਭਾਈ ਗੁਰਦਾਸ ਜੀ ਲਿਖਦੇ ਹਨ:-

ਪੋਸਤ ਭੰਗ ਸ਼ਰਾਬ ਦਾ ਚਲੈ ਪਿਆਲਾ ਭੁਗਤ ਭੁੰਚਾਇਆ॥
ਸਾਧ ਸੰਗਤਿ ਵਿਣ ਭਰਮ ਭੁਲਾਇਆ॥
(ਭਾਈ ਗੁਰਦਾਸ, ੩੯-੧੬)

ਰਹਿਤਨਾਮਾ ਭਾਈ ਦਯਾ ਸਿੰਘ ਜੀ ਵਿਚ ਲਿਖਿਆ ਹੈ:-
ਜੂਆ ਖੇਲੈ, ਮਦ ਪੀਵੈ, ਸੋ ਨਰਕ ਮੇਂ ਜਾਵੈ॥
ਰਹਿਤਨਾਮਾ ਭਾਈ ਦੇਸਾ ਸਿੰਘ ਜੀ ਵਿਚ ਲਿਖਿਆ ਹੈ:-
ਪਰ ਨਾਰੀ, ਜੂਆ, ਆਸਤ, ਚੋਰੀ, ਮਦਰਾ ਜਾਨ॥
ਪਾਂਚ ਐਬ ਯਿਹ ਜਗਤ ਮੇਂ ਤਜੇ ਸੁ ਸਿੰਘ ਸੁਜਾਨ॥੪੪॥

ਸਿਖ ਜਗਤ ਵਿਚ ਅਨੇਕ ਪ੍ਰਾਚੀਨ ਹੱਥ ਲਿਖਤ ਬੀੜਾਂ ਐਸੀਆਂ ਵੀ ਹਨ ਜਿਹਨਾਂ ਵਿਚ ਗੁਰਬਾਣੀ ਤੋਂ ਬਿਨਾਂ ਵਾਧੂ ਪਤਰੇ ਲਗਾ ਕੇ ਸਿਆਹੀ ਦੀ ਵਿਧੀ, ਹਕੀਕਤ ਰਾਹ ਮੁਕਾਮਿ ਰਾਜੇ ਸ਼ਿਵਨਾਭ ਕੀ ਆਦਿਕ ਵਾਰਤਕ ਰਚਨਾਵਾਂ ਤੋਂ ਬਿਨਾਂ ਰਹਿਤਾਂ ਬਾਰੇ ਵੀ ਨੋਟ ਸਿਖਾਂ ਲਈ ਲਿਖੇ ਹੁੰਦੇ ਸਨ। ਮਿਸਾਲ ਵਜੋਂ ਸਿਖ ਰੇਫਰੇਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਇਕ ਐਸੀ ਬੀੜ ਸੀ ਜਿਸਦੇ ਪੰਨਾ ੫੨੪ ਉੱਤੇ ਇਹ ਲਿਖਤ ਦਰਜ ਸੀ:-

ਮਹਲਾ ੫॥ ੧ੴ ਸਤਿਗੁਰ ਪ੍ਰਸਾਦਿ॥
ਗੁਰੂ ਬੋਲਿਆ ਪੰਜ ਕੰਮ ਕਰੈ॥ ਪੰਜ ਕੰਮ ਨ ਕਰੈ॥
੧. ਪਰ ਦਰਬ ਨ ਹਿਰੈ ੨. ਪਰਾਈ ਇਸਤ੍ਰੀ ਨ ਰਵੈ ੩. ਪਰਾਈ ਨਿੰਦਾ ਨ ਕਰੈ ੪. ਜੂਆ ਨਾ ਖੇਲੈ ੫. ਮਦੁ ਮਾਸ ਨ ਖਾਇ॥ ਆਗਿਆ ਭੰਗ ਨ ਕਰੈ॥ - - - -

ਕੁਝ ਇਨਸਾਨ ਜੋ ਮਾਸ ਆਹਾਰ ਦੇ ਆਦੀ ਹਨ, ਇਹ ਦਲੀਲ ਦੇਂਦੇ ਹਨ ਕਿ ਛੇਵੇਂ ਪਾਤਸ਼ਾਹ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ ਖੇਡਦੇ ਸਨ ਤਾਂ ਫਿਰ ਅਸੀਂ ਜੀਵ ਹਿੰਸਾ ਕਿਉਂ ਨਾ ਕਰੀਏ, ਮਾਸ ਕਿਉਂ ਨਾ ਖਾਈਏ? ਇਸਦਾ ਜਵਾਬ ਇਹ ਹੈ ਕਿ ਗੁਰੂ ਸਾਹਿਬਾਨ ਨੇ ਐਸੇ ਕਿਸੇ ਜੀਵ ਦਾ ਸ਼ਿਕਾਰ ਨਾ ਕੀਤਾ ਜੋ ਨਿਰਦੋਸ਼ ਹੋਵੇ। ਗਿਆਨੀ ਗਿਆਨ ਸਿੰਘ ਜੀ "ਤਵਾਰੀਖ ਗੁਰੂ ਖਾਲਸਾ" ਵਿਚ ਲਿਖਦੇ ਹਨ, ਛੇਵੇਂ ਪਾਤਸ਼ਾਹ ਜੀ ਨੇ ਕਰਤਾਰਪੁਰ ਦੇ ਇਲਾਕੇ ਵਿਚ ਇਕ ਸ਼ੇਰ ਦਾ ਸ਼ਿਕਾਰ ਤਾਂ ਕੀਤਾ ਸੀ ਕਿ ਉਹ ਇਲਾਕੇ ਦੇ ਲੋਕਾਂ ਨੂੰ ਤੰਗ ਕਰਦਾ ਸੀ ਅਤੇ ਅਨੇਕ ਪ੍ਰਾਣੀਆਂ ਦੀ ਜਾਨ ਲੈ ਚੁੱਕਾ ਸੀ। ਸ਼ਿਕਾਰ ਕਰਨ ਦਾ ਇਕ ਹੋਰ ਕਾਰਨ ਇਹ ਵੀ ਸੀ ਕਿ ਸਤਿਗੁਰੂ ਜੀ ਆਪਣੀ ਦਿਬ ਦ੍ਰਿਸ਼ਟੀ ਨਾਲ ਜਾਨਵਰ ਦੀ ਰੂਹ ਬਾਰੇ ਜਾਣ ਲੈਂਦੇ ਸਨ ਕਿ ਉਹ ਪਿਛਲੇ ਜਨਮ ਵਿਚ ਕੀ ਸੀ? ਕਈ ਸਿਖ ਜੋ ਆਪਣੀਆਂ ਗਲਤੀਆਂ ਕਾਰਨ ਜਾਨਵਰਾਂ ਪੰਛੀਆਂ ਦੇ ਜਾਮੇ ਵਿਚ ਵਿਚਰਦੇ ਹੋਏ ਸਤਿਗੁਰਾਂ ਨੂੰ ਦਿਸ ਪੈਂਦੇ ਤਾਂ ਸਤਿਗੁਰੂ ਜੀ ਉਹਨਾਂ ਦਾ ਸ਼ਿਕਾਰ ਕਰਕੇ ਉਹਨਾਂ ਨੂੰ ਮੁਕਤੀ ਦਿਵਾ ਦੇਂਦੇ ਸਨ। ਇਥੇ ਇਕ ਘੋਗੜ ਕਾਂ ਦੇ ਮਾਰਨ ਦੀ ਸਾਖੀ ਮਿਸਾਲ ਵਜੋਂ ਦੇ ਰਿਹਾ ਹਾਂ ਜੋ ਦਸਮ ਪਾਤਸ਼ਾਹ ਜੀ ਨੇ ਮਾਰਿਆ ਸੀ:-

"ਸਤਿਗੁਰੂ ਜੀ ਰੁਪਾਣੇ ਪਿੰਡ, ਜੋ ਮੁਕਤਸਰ ਤੋਂ ਤਿੰਨ ਕੋਹ ਦਖੱਣ ਵਲ ਹੈ, ਆ ਠਹਿਰੇ। ਉਤਰਦਿਆਂ ਹੀ ਇਕ ਘੋਗੜ ਜਾਨਵਰ ਮਾਰਿਆ। ਉਸਦੇ ਮਾਰਨ ਦਾ ਕਾਰਨ ਜੋਰਾ ਸਿੰਘ ਰੰਧਾਵੇ ਨੇ ਪੁਛਿਆ ਤਾਂ ਗੁਰੂ ਜੀ ਨੇ ਕਿਹਾ, ਜੋਰਾ ਸਿੰਘ ! ਇਹ ਇਕ ਕੰਨਿਆਂ ਦੇ ਸਰਾਪ ਨਾਲ ਹੀ ਜਨਮ ਘੋਗੜ ਦਾ ਪਾ ਕੇ ਗੰਦ ਮੰਦ ਖਾਂਦਾ ਰਿਹਾ ਹੈ। ਇਹ ਪਹਿਲੇ ਇਕ ਰਾਜਾ ਸੀ। ਇਹ ਇਕ ਸਿਖ ਦੀ ਕੁਆਰੀ ਕੰਨਿਆਂ ਪਰ ਲੁਭਾਇਮਾਨ ਹੋ ਗਿਆ। ਜਦ ਉਸਦਾ ਸਤ ਜ਼ੋਰੀ ਜ਼ੋਰੀ ਤੋੜਨ ਲਗਾ ਤਾਂ ਓਨ ਸੰਖੀਆ ਖਾ ਕੇ ਮਰਨ ਵੇਲੇ ਉਸਨੂੰ ਸਰਾਪ ਦਿੱਤਾ ਕਿ ਤੂੰ ਗੰਦੀ ਗੱਲ ਕੀਤੀ ਹੈ, ਏਸ ਕਰਕੇ ਸੌ ਜਨਮ ਘੋਗੜ ਦਾ ਪਾ ਕੇ ਗੰਦ ਮੰਦ ਖਾ। ਉਸ ਤੋਂ ਸਰਾਪ ਸੁਣਿ, ਘਘਿਆ ਕੇ ਬੇਨਤੀ ਕੀਤੀ ਕਿ ਦੇਵੀ! ਮੇਰਾ ਭਲਾ ਕੀਕੂੰ ਹੋਵੇਗਾ? ਕੰਨਿਆਂ ਦੇ ਮੂੰਹੋ ਨਿਕਲਿਆ, ਤੇਰਾ ਕਲਿਆਣ ਗੁਰੂ ਕਰੇਗਾ। ਸੋ ਇਸ ਕਰਕੇ ਇਸਨੂੰ ਘੋਗੜ ਦੀ ਜੂਨੋ ਛਡਾ ਕੇ ਸਵਰਗ ਭੇਜਿਆ ਹੈ।" (ਤਵਾਰੀਖ ਗੁਰੂ ਖਾਲਸਾ, ਪੰਨਾ ੧੦੩੨-੧੦੩੩)

ਇਸ ਪ੍ਰਕਾਰ ਸਮੇਂ ਸਮੇਂ ਹੋਰ ਵੀ ਅਨੇਕ ਵਿਗੜੀਆਂ ਜੂਨਾਂ, ਜੋ ਸਿਖ ਗਲਤੀਆਂ ਕਾਰਨ ਚੌਰਾਸੀ ਦੇ ਗੇੜ ਵਿਚ ਪਏ ਹੋਏ ਸਨ, ਗੁਰੂ ਸਾਹਿਬਾਨ ਉਹਨਾਂ ਪਰਿੰਦਿਆਂ ਤੇ ਜਾਨਵਰਾਂ ਦਾ ਸ਼ਿਕਾਰ ਕਰਕੇ ਉਹਨਾਂ ਨੂੰ ਮੁਕਤੀ ਦੇਂਦੇ ਰਹੇ ਪਰੰਤੂ ਕਿਸੇ ਜਾਨਵਰ ਦਾ ਮਾਸ ਨਾਂ ਤਾਂ ਸਤਿਗੁਰਾਂ ਨੇ ਖਾਧਾ ਅਤੇ ਨਾਂ ਹੀ ਸਿੱਖਾਂ ਨੂੰ ਖਾਣ ਦੀ ਆਗਿਆ ਕੀਤੀ ਹੈ, ਇਹੋ ਕਾਰਨ ਹੈ ਕਿ ਵਰਤਮਾਨ ਸਮੇਂ ਵਿਚ ਕਿਸੇ ਗੁਰਦੁਆਰੇ ਦੇ ਲੰਗਰ ਵਿਚ ਮਾਸ ਪਕਾਇਆ ਨਹੀਂ ਜਾਂਦਾ।

ਕੜਾਹ ਪ੍ਰਸ਼ਾਦ ਹੀ ਮਹਾਂ ਪ੍ਰਸਾਦਿ ਹੈ:

ਕੁਝ ਮਾਸ ਖਾਣ ਵਾਲੇ ਪ੍ਰਾਣੀਆਂ ਨੇ ਸਿਖ ਜਗਤ ਵਿਚ ਮਾਸ ਦੇ ਆਹਾਰ ਨੂੰ ਮਹਾ ਪ੍ਰਸਾਦਿ ਕਹਿਣਾ ਸ਼ੁਰੂ ਕਰ ਦਿੱਤਾ ਹੈ ਜੋ ਕਿ ਉਹਨਾਂ ਦੀ ਕਾਇਰਤਾ ਅਤੇ ਬੁਜ਼ਦਿਲੀ ਦਾ ਸਬੂਤ ਹੈ। ਸਿਖ ਇਤਿਹਾਸ ਵਿਚ ਮਾਸ ਨੂੰ ਕਿਤੇ ਵੀ ਮਹਾਂ ਪ੍ਰਸਾਦਿ ਨਹੀਂ ਆਖਿਆ ਗਿਆ ਸਗੋਂ ਕੜਾਹ ਪ੍ਰਸਾਦਿ ਨੂੰ ਮਹਾਂ ਪ੍ਰਸਾਦਿ ਆਖਿਆ ਗਿਆ ਹੈ। ਭਾਈ ਗੁਰਦਾਸ ਜੀ ਲਿਖਦੇ ਹਨ:-

ਸਾਧ ਸੰਗਤ ਅਸਨ ਬਸਨ ਕੇ ਮਹਾਂ ਪ੍ਰਸਾਦ
ਸੋਈ ਤੌ ਅਸਾਧ ਸੰਗ ਬਿਖਮ ਅਹਾਰ ਹੈ॥
(ਭਾਈ ਗੁਰਦਾਸ, ੧੭੫-੧ ਕਬਿਤ ਸਵਯੇ)

ਭਾਵ- ਸਾਧ ਸੰਗਤ ਵਿਚ ਜਾਣ ਨਾਲ ਮਨੁੱਖ ਸੰਤੋਖੀ ਹੋ ਜਾਂਦਾ ਹੈ ਅਤੇ ਫਟੇ ਪੁਰਾਣੇ ਕਪੜਿਆਂ ਨੂੰ ਦੁਸ਼ਾਲਿਆਂ ਅਥਵਾ ਜੋ ਵੀ ਰੁਖੀ ਸੁਖੀ ਮਿਲੇ, ਉਸਨੂੰ ਕੜਾਹ ਪ੍ਰਸਾਦ ਸਮਝਣ ਲਗ ਜਾਂਦਾ ਹੈ।

ਗਿਆਨੀ ਬਿਸ਼ਨ ਸਿੰਘ ਜੀ ਨੇ ਬਾਣੀ ਭਾਈ ਗੁਰਦਾਸ ਜੀ ਸਟੀਕ ਵਿਚ ਪੰਨਾ ੧੧੨ ਉੱਤੇ ਫੁਟ ਨੋਟ ਵਿਚ ਸਪਸ਼ਟ ਲਿਖਿਆ ਹੈ ਕਿ ਮਹਾਂ ਪ੍ਰਸਾਦ-ਮਾਸ ਨਹੀ, ਕੜਾਹ ਪ੍ਰਸਾਦ ਹੈ।

ਗਿਆਨੀ ਲਾਲ ਸਿੰਘ ਜੀ ਸੰਗਰੂਰ ਪੁਸਤਕ "ਸਿਖ ਕਾਨੂੰਨ" ਵਿਚ ਲਿਖਦੇ ਹਨ-"ਮਹਾਂ ਪ੍ਰਸਾਦ ਪਵਿਤ੍ਰ ਭੋਜਨ ਹੈ। ਇਸਦਾ ਨਾਮ ਪੰਚਾਮ੍ਰਿਤ ਭਾਵ ਪੰਜ ਵਸਤਾਂ ਦਾ ਮਿਲਾਪ। ਸਿਖ ਧਰਮ ਵਿਚ ਮਹਾਂ ਪ੍ਰਸਾਦ ਨਾਲੋਂ ਕੋਈ ਉਤਮ ਪਦਾਰਥ ਨਹੀਂ। ਪੰਚਾਮ੍ਰਿਤ- ਅੱਗ, ਪਾਣੀ, ਅਨਾਜ, ਘਿਉ ਤੇ ਮਿਠਾ। ਮਾਸ ਨੂੰ ਮਹਾਂ ਪ੍ਰਸਾਦਿ ਕਹਿਣਾ ਗਲਤੀ ਹੈ।" ਸੋ ਮਾਸ ਨੂੰ ਮਹਾਂ ਪ੍ਰਸਾਦ ਕਹਿਣਾ ਮੂਰਖਤਾ ਹੈ।

ਧਰਮ ਗਰੰਥਾਂ ਵਿਚ ਮਾਸ ਸ਼ਰਾਬ ਨਿਸ਼ੇਧ:

ਕੁਝ ਵਿਦਵਾਨਾਂ ਦਾ ਖਿਆਲ ਹੈ ਕਿ ਮਾਸ ਆਹਾਰ ਨੂੰ ਸਿਰਫ ਭਗਤਾਂ ਅਤੇ ਸੂਫੀ ਕਵੀਆਂ ਨੇ ਹੀ ਅਸਵੀਕਾਰ ਕੀਤਾ ਹੈ ਅਤੇ

ਗੁਰੂ ਸਾਹਿਬਾਨ ਨੇ ਇਸਦਾ ਖੰਡਨ ਨਹੀਂ ਕੀਤਾ। ਪ੍ਰੰਤੂ ਇਹ ਗੱਲ ਠੀਕ ਨਹੀਂ ਹੈ, ਗੁਰੂ ਸਾਹਿਬਾਨ ਨੇ ਵੀ ਮਾਸ ਆਹਾਰ ਦਾ, ਬਾਣੀ ਵਿਚ ਅਨੇਕ ਜਗ੍ਹਾ ਖੰਡਨ ਕੀਤਾ ਹੈ ਅਤੇ ਇਨਸਾਨ ਲਈ ਨੁਕਸਾਨ ਦੇਹ ਦਸਿਆ ਹੈ। ਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਵਿਚ ਵਾਰ ਵਾਰ ਸਿਖਾਂ ਨੂੰ ਤਾਕੀਦ ਕੀਤੀ ਗਈ ਹੈ ਕਿ ਉਹ ਮਾਸ ਆਹਾਰ ਤੋਂ ਬਚ ਕੇ ਰਹਿਣ, ਹੁਕਮਨਾਮਿਆਂ ਦੇ ਕੁਝ ਰੈਫਰੈਂਸ ਅਸੀਂ ਉਪਰ ਦੇ ਆਏ ਹਾਂ। ਸ੍ਰੀ ਆਦਿ ਗਰੰਥ ਸਾਹਿਬ ਵਿਚ ਥਾਂ ਥਾਂ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਮਾਸ ਆਹਾਰ ਦੇ ਨਿਸ਼ੇਧ ਦੀ ਹਾਮੀ ਭਰੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਬਾਣੀ ਵਿਚ ਲਿਖਦੇ ਹਨ:-

'ਅਸੰਖ ਗਲ ਵਢਿ ਹਤਿਆ ਕਮਾਹਿ॥
ਅਸੰਖ ਪਾਪੀ ਪਾਪੁ ਕਰਿ ਜਾਹਿ॥
ਅਸੰਖ ਕੂੜਿਆਰ ਕੂੜੇ ਫਿਰਾਹਿ॥
ਅਸੰਖ ਮਲੇਛ ਮਲੁ ਭਖਿ ਖਾਹਿ॥੧੮॥

ਇਸ ਦਾ ਅਰਥ ਮਹਾਂਕਵਿ ਸੰਤੋਖ ਸਿੰਘ ਜੀ ਕਰਦੇ ਹਨ ਭਾਵ ਤੁਕ "ਅਸੰਖ ਮਲੇਛ ਮਲੁ ਭਖਿ ਖਾਹਿ" ਦਾ ਅਰਥ ਇਸ ਪ੍ਰਕਾਰ ਕਰਦੇ ਹਨ, "ਅਸੰਖ ਹੀ ਮਲੇਛ ਹੈ ਜਨਮ ਮਲੇਛ ਕੋ ਹੈ। ਅਰਥ ਮਲ ਕੀ ਇੱਛਾ ਜਿਨ ਕੋ ਹੋਇ ਸੋ ਮਲੇਛ, ਸੋ ਕੈਸੇ ਮਲੇਛ ਹੈਂ? ਸਦੀਵ ਹੀ ਮਲ ਕੋ ਭਖਤ ਹੈਂ। ਮਲ ਕੋ ਅਰਥ ਸਭ ਕੋ ਮਲ-ਮਾਸ ਸੋ ਖਾਤੇ ਹੈਂ, ਕਾਹੂ ਕੇ ਮਾਸ ਨਹੀਂ ਛਾਡਤ" (ਸ੍ਰੀ ਜਪੁਜੀ ਸਟੀਕ, ਗਰਬ ਗੰਜਨੀ ੧੦੦)

ਸੰਪ੍ਰਦਾਈ ਟੀਕਾ ਸ੍ਰੀ ਅਮੀਰ ਭੰਡਾਰ ਭਾਵ ਸ੍ਰੀ ਆਦਿ ਗ੍ਰੰਥ ਸਾਹਿਬ ਸਟੀਕ ਸੈਂਚੀ ਪਹਿਲੀ ਦੇ ਪੰਨਾ ੨੨੨ ਤੇ ਗਿਆਨੀ ਕਿਰਪਾਲ ਸਿੰਘ ਜੀ ਇਸ ਤੁਕ ਦੇ ਅਰਥ ਕਰਦੇ ਹੋਏ ਲਿਖਦੇ ਹਨ:-

'ਅਣਗਿਣਤ ਐਸੇ ਮਲੇਛ=ਮਲੀਨਬੁਧੀ ਵਾਲੇ ਦੁਸ਼ਟ ਪੁਰਸ਼ ਹਨ ਜੋ ਮਲੁ ਭਖਿ=ਵਿਸ਼ਟਾ ਦਾ ਭੋਜਨ ਖਾਂਦੇ ਹਨ, ਘੋਰੀ ਆਦਿ। ਵਾ=ਮਲੁ ਭਖਿ=ਮਲੀਨ ਭੋਜਨ ਮਾਸ ਸ਼ਰਾਬ ਆਦਿਕਾਂ ਨੂੰ ਖਾਂਦੇ ਹਨ। ਵਾ-ਮਲ ਭਖੀ ਜੋ ਕੁਕੜ ਸੂਰ ਆਦਿਕ ਹਨ, ਉਨ੍ਹਾਂ ਜੀਆਂ ਨੂੰ ਖਾਂਦੇ ਹਨ।"

ਜੇ ਕਿਸੇ ਸਿੱਖ ਦਾ ਚਿਤ ਕਰੇ, ਗੈਰ-ਨਾਮਧਾਰੀ, ਬਿਨਾਂ ਨਾਮਧਾਰੀ ਤੋਂ ਵੀ ਕੋਈ ਜਾ ਕੇ ਦੇਖਣਾ ਚਾਹੇ, ਹਜ਼ੂਰ ਸਾਹਿਬ ਵਿਚ ਜਿਹੜਾ ਗੁਰੂ ਕਾ ਲੰਗਰ ਹੈ ਗੁਰੂ ਗੋਬਿੰਦ ਸਿੰਘ ਜੀ ਦਾ, ਉਹਦੇ ਵਿਚ ਮਾਸ ਨਹੀਂ ਰਿਝ ਸਕਦਾ। ਜਿਹੜਾ ਗ੍ਰੰਥੀ ਹੈ ਗੁਰਦੁਆਰੇ ਦੇ ਅੰਦਰ, ਕਿਉਂਕਿ ਸਤਿਗੁਰਾਂ ਨੇ ਏਥੇ ਭਾਈ ਰਾਇ ਸਿੰਘ ਨੂੰ ਭੇਜਿਆ ਹੈ, ਇਹਨੇ ਹੀ ਮਰਯਾਦਾ ਹਜ਼ੂਰ ਸਾਹਿਬੋਂ ਲਿਖ ਕੇ ਲਿਆਂਦੀ, ਪੰਜਾਬ ਵਿਚ ਨਹੀਂ ਮਿਲੀ, ਉਸੇ ਮਰਯਾਦਾ ਅਨੁਸਾਰ ਉਥੇ ਲੰਗਰ ਦਾ ਕੰਮ ਚਲਿਆ- ਜਿਹੜਾ ਅੰਦਰਲਾ ਗ੍ਰੰਥੀ ਹੈ ਜਿਹੜਾ ਹਜ਼ੂਰ ਦੇ ਤਖਤ ਦੀ ਸੇਵਾ ਕਰਦਾ ਹੈ, ਉਹ ਗ੍ਰੰਥੀ ਉਸ ਲੰਗਰ ਵਿਚੋਂ ਵੀ ਪ੍ਰਸਾਦ ਨਹੀਂ ਛਕਦਾ। ਦਰਸ਼ਨ ਦੇ ਵੇਰ ਗੁਰਦੁਆਰੇ ਦੇ ਕੀਤੇ ਜਾ ਕੇ ਪੁਛਿਆ, 'ਕਿਉਂ ਭਾਈ?' ਉਹ ਕਹਿੰਦੇ ਹਨ, 'ਮਹਾਰਾਜ ਕੀ ਦੱਸੀਏ, ਗ੍ਰੰਥੀ ਸਿੰਘ ਕਹਿੰਦਾ ਹੈ, ਲੰਗਰ ਵਿਚ ਮਾਸ ਬੇਸ਼ਕ ਨਹੀਂ ਪੈਂਦਾ ਪਰ ਕੋਈ ਕੋਈ ਸੱਜਣ ਮਾਸ ਖਾਣ ਵਾਲੇ ਲੰਗਰ ਵਿਚ ਆ ਕੇ ਲੱਗ ਜਾਂਦੇ ਹਨ।' ਇਸ ਕਰਕੇ ਪ੍ਰਸ਼ਾਦ, ਜਿਹੜੇ ਮਾਸ ਖਾਂਦੇ ਨੇ ਉਹਨਾਂ ਦੇ ਹੱਥ ਦਾ ਵੀ ਨਹੀਂ ਛਕਦੇ ਉਹਨਾਂ ਦਾ ਅਲਹਿਦਾ ਲੰਗਰ ਹੁੰਦਾ ਹੈ ਔਰ ਸਣੇ ਕੇਸੀ ਇਸ਼ਨਾਨ ਕਰਦਾ ਹੈ, ਅੰਦਰ ਜਾ ਕੇ ਮਹਾਰਾਜ ਦੀ ਸੇਵਾ ਕਰਦਾ ਹੈ।"

ਸੰਤ ਨਿਰੰਜਨ ਸਿੰਘ ਜੀ ਨਿਰਮਲੇ ਜਪੁਜੀ ਸਾਹਿਬ ਸਟੀਕ ਪੰਨਾ ੨੨ ਤੇ ਅਰਥ ਕਰਦੇ ਹੋਏ ਲਿਖਦੇ ਹਨ, "ਅਨੇਕ ਹੀ ਮਲੇਛ ਹਨ ਜੋ ਮਲ (ਭਖ) ਦੇ ਖਾਣ ਵਾਲੇ ਜੀਵਾਂ ਨੂੰ ਖਾਂਦੇ ਹਨ, ਭਾਵ ਸੂਰ ਤੇ ਕੁਕੜ ਆਦਿਕ ਦੇ ਮਾਸ ਨੂੰ ਖਾਂਦੇ ਹਨ।"

ਭਾਈ ਗੁਰਦਾਸ ਜੀ ਜਿਹਨਾਂ ਨੂੰ ਸਿਖ ਜਗਤ ਵਿਚ ਗੁਰੂ ਘਰ ਦੇ ਵੇਦ ਬਿਆਸ ਨਾਮ ਨਾਲ ਜਾਣਿਆ ਜਾਂਦਾ ਹੈ ਉਹਨਾਂ ਦਾ ਕਥਨ ਹੈ ਕਿ ਮਾਸ ਆਹਾਰ ਕਰਨ ਵਾਲੇ ਅਤੇ ਜੀਵ ਬੱਧ ਕਰਨ ਵਾਲੇ ਦਾ ਅੰਤ ਹਮੇਸ਼ਾ ਮਾੜਾ ਹੀ ਹੁੰਦਾ ਹੈ। ਉਹ ਇਕ ਬੱਕਰੀ ਅਤੇ ਸ਼ੇਰ ਦੀ ਮਿਸਾਲ ਦੇਂਦੇ ਹੋਏ ਕਹਿੰਦੇ ਹਨ ਕਿ ਇਕ ਬੱਕਰੀ ਜੋ ਸ਼ੇਰ ਦਾ ਸ਼ਿਕਾਰ ਬਣਨ ਵਿਚ ਘੜੀ ਪਲ ਦੀ ਪ੍ਰਾਹੁਣੀ ਹੈ, ਉਹ ਨਿਰਭੈ ਹੋ ਕੇ ਖਿੜ ਖਿੜਾ ਕੇ ਹੱਸ ਪੈਂਦੀ ਹੈ। ਸ਼ੇਰ ਉਸਨੂੰ ਹੈਰਾਨ ਹੋ ਕੇ ਹੱਸਣ ਦਾ ਕਾਰਣ ਪੁਛਦਾ ਹੈ ਤਾਂ ਉਹ ਕਹਿੰਦੀ ਹੈ ਕਿ ਮੈਂ ਅੱਕ ਧਤੂਰਾ ਆਦਿਕ ਫਲ ਬੂਟੇ ਖਾ ਕੇ ਪੇਟ ਭਰਦੀ ਸਾਂ, ਜਿਸ ਬਦਲੇ ਮੈਨੂੰ ਸ਼ੇਰ ਦੁਆਰਾ ਮਾਰਨ ਦੀ ਸਜ਼ਾ ਮਿਲੀ ਪ੍ਰੰਤੂ ਜੋ ਜੀਵ ਹੱਤਿਆ ਕਰਦੇ ਹਨ ਅਤੇ ਮਾਸ ਦਾ ਆਹਾਰ ਕਰਦੇ ਹਨ, ਉਹਨਾਂ ਦਾ ਕੀ ਹਸ਼ਰ ਹੋਵੇਗਾ ਭਾਵ ਉਹਨਾਂ ਦਾ ਅੰਤ ਬੁਰਾ ਹੀ ਹੋਵੇਗਾ। ਭਾਈ ਗੁਰਦਾਸ ਜੀ ਵਾਰ ੨੫ ਪਉੜੀ ੧੭ ਵਿਚ ਲਿਖਦੇ ਹਨ:-

ਸੀਹ ਪਜੂਤੀ ਬਕਰੀ ਮਰਦੀ ਹੋਈ ਹੜ ਹੜ ਹਸੀ॥
ਸੀਹ ਪੁੱਛੈ ਬਿਸਮਾਦ ਹੋਇ ਇਤੁ ਅਉਸਰ ਕਿਤੁ ਰਹਸਿ ਰਹਸੀ॥
ਬਿਨਉ ਕਰੇਦੀ ਬਕਰੀ ਪੁਤਰ ਅਸਾਡੇ ਕੀਚਨਿ ਖਸੀ॥
ਅਕ ਧਤੂਰਾ ਖਾਦਿਆਂ ਕੁਹਿ ਕੁਹਿ ਖਲ ਉਖਲਿ ਵਿਣਸੀ॥
ਮਾਸੁ ਖਾਨਿ ਗਲ ਵਢਿ ਕੈ ਹਾਲੁ ਤਿਨਾੜਾ ਕਉਣੁ ਹੋਵਸੀ॥
ਗਰਬੁ ਗਰੀਬੀ ਦੇਹ ਖੇਹਿ ਖਾਜੁ ਅਖਾਜੁ ਅਕਾਜੁ ਕਰਸੀ॥
ਜਗਿ ਆਇਆ ਸਭ ਕੋਈ ਮਰਸੀ॥

ਹੋਰ ਵੀ ਅਨੇਕ ਹਵਾਲੇ ਸ੍ਰੀ ਆਦਿ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਵਿਚੋਂ ਮਾਸ ਨਿਸ਼ੇਧ ਬਾਰੇ ਲਭੇ ਜਾ ਸਕਦੇ ਹਨ ਭਾਵ ਉਹਨਾਂ ਦੀ ਸਾਰੀ ਰਚਨਾ ਹੀ ਮਾਸ ਸ਼ਰਾਬ ਨਿਸ਼ੇਧ ਦੀ ਹਾਮੀ

ਭਰਦੇ ਹਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਮਾਸ ਆਹਾਰੀਆਂ ਤੇ ਵਿਅੰਗਆਤਮਕ ਚੋਟ ਕਰਦਿਆਂ ਹੋਇਆਂ ਆਪਣੀ ਰਚਨਾ "ਜ਼ਫ਼ਰਨਾਮਾ" ਵਿਚ ਬਾਦਸ਼ਾਹ ਔਰੰਗਜ਼ੇਬ ਨੂੰ ਮੁਖਾਤਿਬ ਹੋਕੇ ਕਹਿੰਦੇ ਹਨ:-

"ਮਜਨ ਤੇਗ ਬਰ ਖ਼ੂਨ ਬਦਰੇਗ॥
ਤੁਰਾ ਨੀਜ਼ਓ ਖ਼ੂਨ ਰੇਜ਼ਦ ਬਤੇਗ॥"

ਭਾਵ: (ਕਿਸੇ ਦੀ ਗਰਦਨ ਤੇ ਬੇਰਹਿਮ ਹੋਕੇ ਤਲਵਾਰ ਨਾ ਚਲਾ। ਤੇਰੀ ਗਰਦਨ ਵੀ ਇਕ ਦਿਨ ਅਰਸ਼ੀ ਤੇਗ ਨਾਲ ਕੱਟੀ ਜਾਏਗੀ।)

ਇਹ ਲਿਖਤ ਉਹਨਾਂ ਮਾਸ ਆਹਾਰੀਆਂ ਦੇ ਮੂੰਹ ਤੇ ਕਰੜੀ ਚਪੇੜ ਮਾਰਦੀ ਹੈ ਜੋ ਇਹ ਕਹਿੰਦੇ ਨਹੀਂ ਥੱਕਦੇ ਕਿ ਮਾਸ ਦਾ ਆਹਾਰ ਅਤੇ ਜੀਵ ਹੱਤਿਆ ਦੀ ਖੁਲ੍ਹ ਸਾਨੂੰ ਦਸਮ ਪਾਤਸ਼ਾਹ ਜੀ ਨੇ ਦਿੱਤੀ ਹੈ। ਕੁਝ ਲਿਖਾਰੀਆਂ ਦਾ ਮੱਤ ਹੈ ਕਿ ਖਾਲਸਾ ਪੰਥ ਦੀ ਸਾਜਨਾ ਸਮੇਂ ੧੬੯੯ ਈਸਵੀ ਦੀ ਵਿਸਾਖੀ ਨੂੰ ਗੁਰੂ ਜੀ ਨੇ ਪੰਜ ਬੱਕਰੇ ਝਟਕਾਏ ਸਨ ਪ੍ਰੰਤੂ ਇਹ ਸਰਾਸਰ ਗਲਤ ਹੈ ਕਿਉਂਕਿ ਅਟਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਸਮ ਪਾਤਸ਼ਾਹ ਜੀ ਦੇ ਸਮਕਾਲੀ ਜਾਸੂਸ ਦੀ ਇਕ ਡਾਇਰੀ ਦੇ ਬਿਆਨ ਨਾਲ ਇਹ ਸਿਧ ਕਰ ਦਿੱਤਾ ਸੀ ਕਿ ਗੁਰੂ ਜੀ ਨੇ ਬੱਕਰੇ ਨਹੀਂ ਝਟਕਾਏ ਸਨ। (ਹਵਾਲੇ ਲਈ ਦੇਖੋ ਪੁਸਤਕ ਪੰਜ ਨਿਰਣੇ ਲੇਖਕ ਸੰਤ ਤਰਨ ਸਿੰਘ ਵਹਿਮੀ, ਸ੍ਰੀ ਰਾਮ ਪੁਰ)

ਉਂਞ ਤਾਂ ਅਜੇ ਤਕ ਅਕਾਲ ਪੁਰਖ ਦਾ ਸ਼ੁਕਰ ਹੈ ਕਿ ਕਿਸੇ ਵੀ ਗੁਰਦੁਆਰਾ ਸਾਹਿਬ ਵਿਚ ਲੰਗਰ ਸਮੇਂ ਮਾਸ ਆਹਾਰ ਨਹੀਂ ਕੀਤਾ ਜਾਂਦਾ ਅਤੇ ਕੁਝ ਲੋਕ ਚੋਰੀ ਛੁਪੇ ਹੀ ਕਰਦੇ ਹਨ ਪ੍ਰੰਤੂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਕੀਤੇ ਭਾਸ਼ਣ ਅਨੁਸਾਰ ਇਸ ਨਿਯਮ ਤੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਬੜੀ ਸਖਤੀ ਨਾਲ ਪਾਲਣਾ ਕੀਤੀ ਜਾਂਦੀ ਹੈ। ਆਪ ਜੀ ਨੇ ਬੰਕੋਕ ਵਿਖੇ ੧੯੫੦ ਈਸਵੀ ਵਿਚ ਪਵਿੱਤਰ ਉਪਦੇਸ਼ ਵਿਚ ਫਰਮਾਇਆ ਸੀ:-

ਜੇ ਕਿਸੇ ਸਿੱਖ ਦਾ ਚਿਤ ਕਰੇ, ਗੈਰ-ਨਾਮਧਾਰੀ, ਬਿਨਾਂ ਨਾਮਧਾਰੀ ਤੋਂ ਵੀ ਕੋਈ ਜਾ ਕੇ ਦੇਖਣਾ ਚਾਹੇ, ਹਜ਼ੂਰ ਸਾਹਿਬ ਵਿਚ ਜਿਹੜਾ ਗੁਰੂ ਕਾ ਲੰਗਰ ਹੈ ਗੁਰੂ ਗੋਬਿੰਦ ਸਿੰਘ ਜੀ ਦਾ, ਉਹਦੇ ਵਿਚ ਮਾਸ ਨਹੀਂ ਰਿਝ ਸਕਦਾ। ਜਿਹੜਾ ਗ੍ਰੰਥੀ ਹੈ ਗੁਰਦੁਆਰੇ ਦੇ ਅੰਦਰ, ਕਿਉਂਕਿ ਸਤਿਗੁਰਾਂ ਨੇ ਏਥੇ ਭਾਈ ਰਾਇ ਸਿੰਘ ਨੂੰ ਭੇਜਿਆ ਹੈ, ਇਹਨੇ ਹੀ ਮਰਯਾਦਾ ਹਜ਼ੂਰ ਸਾਹਿਬੋਂ ਲਿਖ ਕੇ ਲਿਆਂਦੀ, ਪੰਜਾਬ ਵਿਚ ਨਹੀਂ ਮਿਲੀ, ਉਸੇ ਮਰਯਾਦਾ ਅਨੁਸਾਰ ਉਥੇ ਲੰਗਰ ਦਾ ਕੰਮ ਚਲਿਆ- ਜਿਹੜਾ ਅੰਦਰਲਾ ਗ੍ਰੰਥੀ ਹੈ ਜਿਹੜਾ ਹਜ਼ੂਰ ਦੇ ਤਖਤ ਦੀ ਸੇਵਾ ਕਰਦਾ ਹੈ, ਉਹ ਗ੍ਰੰਥੀ ਉਸ ਲੰਗਰ ਵਿਚੋਂ ਵੀ ਪ੍ਰਸਾਦ ਨਹੀਂ ਛਕਦਾ। ਦਰਸ਼ਨ ਦੇ ਵੇਰ ਗੁਰਦੁਆਰੇ ਦੇ ਕੀਤੇ ਜਾ ਕੇ ਪੁਛਿਆ, 'ਕਿਉਂ ਭਾਈ?' ਉਹ ਕਹਿੰਦੇ ਹਨ, ਮਹਾਰਾਜ ਕੀ ਦੱਸੀਏ, ਗ੍ਰੰਥੀ ਸਿੰਘ ਕਹਿੰਦਾ ਹੈ, ਲੰਗਰ ਵਿਚ ਮਾਸ ਬੇਸ਼ਕ ਨਹੀਂ ਪੈਂਦਾ ਪਰ ਕੋਈ ਕੋਈ ਸੱਜਣ ਮਾਸ ਖਾਣ ਵਾਲੇ ਲੰਗਰ ਵਿਚ ਆ ਕੇ ਲੱਗ ਜਾਂਦੇ ਹਨ।' ਇਸ ਕਰਕੇ ਪ੍ਰਸ਼ਾਦ, ਜਿਹੜੇ ਮਾਸ ਖਾਂਦੇ ਨੇ ਉਹਨਾਂ ਦੇ ਹੱਥ ਦਾ ਵੀ ਨਹੀਂ ਛਕਦੇ ਉਹਨਾਂ ਦਾ ਅਲਹਿਦਾ ਲੰਗਰ ਹੁੰਦਾ ਹੈ ਔਰ ਸਣੇ ਕੇਸੀ ਇਸ਼ਨਾਨ ਕਰਦਾ ਹੈ, ਅੰਦਰ ਜਾ ਕੇ ਮਹਾਰਾਜ ਦੀ ਸੇਵਾ ਕਰਦਾ ਹੈ।"

ਸਿਖ ਧਰਮ ਦੇ ਗ੍ਰੰਥਾਂ, ਇਤਿਹਾਸਕ ਸਰੋਤਾਂ ਅਤੇ ਸ੍ਰੀ ਆਦਿ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਭੀ ਧਰਮਾਂ ਦੇ ਅਨੇਕ ਗ੍ਰੰਥਾਂ ਨੇ ਇਸ ਵਿਚਾਰਧਾਰਾ ਦੀ ਹਾਮੀ ਭਰੀ ਹੈ। ਹਿੰਦੂ ਗ੍ਰੰਥ ਮਨੂ ਸਿਮ੍ਰਤੀ ਵਿਚ ਲਿਖਿਆ ਹੈ, "ਜੀਵ ਹਤਿਆ ਕਰਨ ਵਾਲਾ, ਜੀਵ ਹਤਿਆ ਦੀ ਸਲਾਹ ਦੇਣ ਵਾਲਾ, ਜੀਵ ਨੂੰ ਮਾਰ ਕੇ ਭੋਜਨ ਤਿਆਰ ਕਰਨ ਵਾਲਾ, ਮਾਸ ਖਰੀਦਣ ਵਾਲਾ, ਵੇਚਣ ਵਾਲਾ, ਰਿੰਨ੍ਹਣ ਵਾਲਾ, ਖਾਣ ਵਾਲਾ ਤੇ ਖੁਆਉਣ ਵਾਲਾ ਅਤੇ ਜੀਵ ਹੱਤਿਆ ਦੇ ਭਾਗੀ ਹਨ।" ਈਸਾਈ ਧਰਮ ਦੀ ਪਵਿੱਤਰ ਪੁਸਤਕ 'ਬਾਈਬਲ' ਵਿਚ ਵੀ ਥਾਂ ਥਾਂ ਮਾਸ ਆਹਾਰ ਦੀ ਨਿੰਦਿਆ ਕੀਤੀ ਗਈ ਅਤੇ ਜੀਵਾਂ ਤੇ ਦਇਆ ਕਰਨੀ ਸਿਖਾਈ ਹੈ। ਸੇਂਟ ਮੈਥੀਉ ਦੀ ਅੰਜੀਲ ਵਿਚ ਈਸਾ ਮਸੀਹ ਨੇ ਬਚਨ ਕੀਤਾ ਹੈ ਕਿ ਤੁਸੀਂ ਜੀਵ ਹੱਤਿਆ ਨਹੀਂ ਕਰੋਗੇ। ਪੁਸਤਕ ਪਾਵਰਬਸ ਦੇ ਦੂਜੇ ਅਧਿਆਇ ਵਿਚ ਈਸਾ ਜੀ ਕਹਿੰਦੇ ਹਨ, "ਮੇਰੇ ਪਿਆਰੇ ਮੈਂ ਤੈਨੂੰ ਅਜਨਬੀ ਸਮਝਦਾ ਹਾਂ। ਯਾਤਰਾ ਕਰਨ ਵਾਲੇ ਜਾਨਵਰਾਂ ਦੇ ਮਾਸ ਤੋਂ ਪਰਹੇਜ਼ ਕਰਦੇ ਹਨ। ਜ਼ਬ੍ਹਾ ਕਰਨ ਦਾ ਕੰਮ ਅਸਲ ਵਿਚ ਰੂਹ ਨੂੰ ਕੋਹਣ ਵਾਲੀ ਗਲ ਹੈ।"

ਸੰਤ ਮੀਰਾਂ ਦਾਦ ਪਰਮਾਰਥ ਦੇ ਰਸਤੇ ਤੇ ਚਲਣ ਵਾਲਿਆਂ ਨੂੰ ਚੇਤਾਵਨੀ ਦੇਂਦਾ ਹੈ, "ਪਰਮਾਰਥ ਉਤੇ ਚਲਣ ਵਾਲਿਆਂ ਨੂੰ ਇਹ ਗੱਲ ਸਦਾ ਯਾਦ ਰਖਣੀ ਚਾਹੀਦੀ ਹੈ ਕਿ ਜਿਸ ਜੀਵ ਦਾ ਤੁਸਾਂ ਮਾਸ ਤੋੜ ਕੇ ਖਾਧਾ ਹੈ, ਤੁਹਾਨੂੰ ਆਪ ਹੀ ਆਪਣੇ ਮਾਸ ਨਾਲ ਉਸਦਾ ਇਵਜ਼ਾਨਾ ਦੇਣਾ ਪਵੇਗਾ। ਇਸੇ ਤਰ੍ਹਾਂ ਜੇ ਤੁਸੀਂ ਕਿਸੇ ਜੀਵ ਦੀ ਹੱਡੀ ਤੋੜੀ ਹੈ, ਤਾਂ ਤੁਹਾਡੀ ਹੱਡੀ ਤੋੜ ਕੇ ਉਸਦਾ ਇਵਜ਼ਾਨਾ ਦਿੱਤਾ ਜਾਵੇਗਾ। ਜੇ ਤੁਸਾਂ ਕਿਸੇ ਦੇ ਖੂਨ ਦਾ ਕਤਰਾ ਡੋਲ੍ਹਿਆ ਹੈ, ਤੁਹਾਨੂੰ ਆਪਣਾ ਖੂਨ ਦੇ ਕੇ ਭੁਗਤਾਨ ਕਰਨਾ ਪਵੇਗਾ, ਇਹੋ ਜੀਵ ਹੱਤਿਆ ਦਾ ਅਟਲ ਕਾਨੂੰਨ ਹੈ।"

ਉਪਰੋਕਤ ਤੱਥ ਦੀ ਹਾਮੀ ਰਾਧਾ ਸੁਆਮੀ ਮਹਾਂਪੁਰਸ਼ਾਂ ਨੇ ਵੀ ਭਰੀ ਹੈ। ਮਹਾਰਾਜ ਸਾਵਣ ਸਿੰਘ ਜੀ ਆਪਣੇ ਇਕ ਸੇਵਕ ਨੂੰ ਚਿਠੀ ਵਿਚ ਲਿਖਦੇ ਹਨ, " ....ਕਈ ਲੋਕ ਤਾਂ ਗੁਰੂ ਦੇ ਸਿਰ ਦੋਸ਼ ਦੇਣ ਤੋਂ ਵੀ ਨਹੀਂ ਝਿਜਕਦੇ ਅਤੇ ਕਹਿ ਦਿੰਦੇ ਹਨ ਕਿ ਸਾਨੂੰ ਅੰਦਰੋਂ ਮਾਸ-ਸ਼ਰਾਬ ਦੀ ਆਗਿਆ ਮਿਲ ਗਈ ਹੈ। ਮਹਾਰਾਜ ਬਾਬਾ ਜੈਮਲ ਸਿੰਘ ਜੀ ਨੇ ਫ਼ਰਮਾਇਆ ਹੈ ਕਿ ਸਤਿਗੁਰੂ ਦਾ ਬਚਨ ਇਕ ਹੁੰਦਾ ਹੈ ਅਤੇ ਕਦੇ ਬਦਲਦਾ ਨਹੀਂ। ਅਜਿਹੇ ਬਹਾਨੇ ਲਭਣ ਵਾਲੇ ਲੋਕ ਅਸਲ ਵਿਚ ਮਨ ਦੀ ਮੱਕਾਰੀ ਦਾ ਸ਼ਿਕਾਰ ਹੁੰਦੇ ਹਨ। ਸਤਿਗੁਰੂ ਕਦੇ ਮਾਸ ਸ਼ਰਾਬ ਅਤੇ ਨੇਕ ਚਲਣ ਦੀ ਸ਼ਰਤ ਵਿਚ ਛੋਟ ਨਹੀਂ ਦਿੰਦੇ ਕਿਉਂਕਿ ਕੋਈ ਮਾਂ ਕਦੇ ਆਪਣੇ ਬੱਚੇ ਨੂੰ ਜ਼ਹਿਰ ਨਹੀਂ ਦੇ ਸਕਦੀ। ਮਾਸ, ਆਂਡੇ ਅਤੇ ਸ਼ਰਾਬ ਜ਼ਹਿਰ ਹਨ ਅਤੇ ਇਨ੍ਹਾਂ ਦਾ ਇਸਤੇਮਾਲ ਕਰਨ ਦੀ ਕਿਸੇ ਤਰ੍ਹਾਂ ਕਿਸੇ ਵਕਤ ਇਜਾਜ਼ਤ ਨਹੀਂ ਹੈ।"

ਜੀਵ ਹੱਤਿਆ, ਮਾਸ ਆਹਾਰ ਅਤੇ ਨਸ਼ਿਆਂ ਦੇ ਸੇਵਨ ਨੂੰ ਜੈਨ ਧਰਮ, ਬੁਧ ਧਰਮ ਅਤੇ ਇਸਲਾਮ ਧਰਮ ਆਦਿਕ ਵਿਚ ਵੀ ਵਿਵਰਜਤ ਕਰਾਰ ਦਿੱਤਾ ਗਿਆ ਹੈ।

ਡਾਕਟਰਾਂ ਦੀ ਨਜ਼ਰ ਵਿਚ ਮਾਸ ਆਹਾਰ ਅਤੇ ਸ਼ਾਕਾਹਾਰੀ ਭੋਜਨ:

ਦੇਸ਼, ਵਿਦੇਸ਼ ਦੇ ਡਾਕਟਰਾਂ ਅਤੇ ਜੀਵ ਵਿਗਿਆਨੀਆਂ ਨੇ ਵੀ ਮਾਸ ਆਹਾਰ ਦੇ ਮੁਕਾਬਲੇ ਸ਼ਾਕਾਹਾਰੀ ਭੋਜਨ ਨੂੰ ਉੱਤਮ, ਛੇਤੀ ਹਜ਼ਮ ਹੋਣ ਵਾਲਾ ਅਤੇ ਵਿਟਾਮਿਨ ਭਰਪੂਰ ਦਸਿਆ ਹੈ। ਡਾਕਟਰ ਕਵੀ ਰਾਜ ਹਰਨਾਮ ਦਾਸ ਜੀ ਪੁਸਤਕ "ਭੋਜਨ ਰਾਹੀਂ ਸੇਹਤ ਅਤੇ ਇਲਾਜ" ਦੇ ਪੰਨਾ ੭੬ ਤੇ ਲਿਖਦੇ ਹਨ, "ਅਮਰੀਕਾ

ਦੇ ਦਸ ਬਹੁਤ ਹੀ ਵਿਦਵਾਨ ਡਾਕਟਰਾਂ ਅਤੇ ਸਾਇੰਸਦਾਨਾਂ ਨੇ ਖੁਰਾਕ ਦੇ ਪ੍ਰਸ਼ਨ ਦੀ ਬਹੁਤ ਛਾਨ ਬੀਨ ਕਰਨ ਵਿਚ ਆਪਣੀ ਉਮਰ ਦਾ ਬਹੁਤ ਸਾਰਾ ਹਿੱਸਾ ਬਿਤਾ ਦਿੱਤਾ। ਮਾਸ ਦੇ ਵਿਸ਼ੇ ਵਿਚ ਏਨ੍ਹਾਂ ਸਾਰਿਆਂ ਦੀ ਰੀਪੋਰਟ ਦਾ ਨਚੋੜ ਡਾਕਟਰ ਐਚ. ਕਾਰਲਸਨ ਐਮ. ਡੀ. ਨੇ ਹੇਠ ਲਿਖੇ ਸ਼ਬਦਾਂ ਵਿਚ ਦਿੱਤਾ ਹੈ:-

"ਮਾਸ ਨੂੰ ਬਹੁਤ ਸਾਰੇ ਵਿਅਕਤੀ ਅਜੇ ਤਕ ਵੀ ਕੁਦਰਤੀ ਭੋਜਨ ਸਮਝਦੇ ਹਨ, ਪਰ ਕਿਸੇ ਨੇ ਪੜਚੋਲ ਨਹੀਂ ਕੀਤੀ ਕਿ ਏਸ ਵਿਚ ਤਾਕਤ ਦੇਣ ਵਾਲੇ ਗੁਣਾਂ ਦੇ ਨਾਲ ਨਾਲ ਕਿੰਨੇ ਹੀ ਅਜਿਹੇ ਔਗੁਣ ਵੀ ਹਨ ਜੋ ਸਿਹਤ ਦੇ ਵਿਗਾੜਨ ਦਾ ਕਾਰਣ ਹੁੰਦੇ ਹਨ।

---ਦੂਸਰੀ ਗੱਲ, ਮਨੁੱਖ ਦੀਆਂ ਅੰਤੜੀਆਂ ਵਿਚ ਸੁਭਾਵਕ ਹੀ ਕ੍ਰੋੜਾਂ ਸ਼ਾਂਤ ਪ੍ਰਮਾਣੂ ਹੁੰਦੇ ਹਨ। ਜੇਕਰ ਮਾਸ ਦੇ ਭੋਜਨ ਤੇ ਇਹ ਪ੍ਰਮਾਣੂ ਪਲਣ ਲਗਣ ਤਾਂ ਇਨ੍ਹਾਂ ਵਿਚੋਂ ਬਦਬੂਦਾਰ ਜ਼ਹਿਰੀਲੇ ਟਾਕਸੀਨ ਪੈਦਾ ਹੁੰਦੇ ਹਨ। ਇਸ ਤੇ ਇਕ ਹੋਰ ਬਿਪਤਾ ਇਹ ਹੈ ਕਿ ਮਾਸ ਕਬਜ਼ੀ ਕਰਦਾ ਹੈ, ਇਸ ਕਰਕੇ ਇਹ ਜ਼ਹਿਰੀਲੇ ਪ੍ਰਮਾਣੂ ਅੰਤੜੀਆਂ ਵਿਚ ਜ਼ਿਆਦਾ ਦੇਰ ਤਕ ਰੁਕੇ ਰਹਿੰਦੇ ਹਨ ਅਤੇ ਉਥੇ ਹੀ ਆਪਣਾ ਘਰ ਬਣਾ ਲੈਂਦੇ ਹਨ। ਫੇਰ ਵੱਡੇ ਤੋਂ ਵੱਡੇ ਜੁਲਾਬ ਵੀ ਉਨ੍ਹਾਂ ਨੂੰ ਸਾਫ਼ ਨਹੀਂ ਕਰ ਸਕਦੇ। ਹੁੰਦਿਆਂ ਹੁੰਦਿਆਂ ਇਹ ਜ਼ਹਿਰ ਲਹੂ ਵਿਚ ਖਿਲਰ ਜਾਂਦਾ ਹੈ ਅਤੇ ਫੇਰ ਸਰੀਰ ਵਿਚ ਇਹ ਜ਼ਹਿਰ ਫੈਲ ਜਾਂਦਾ ਹੈ। ਇਹ ਜ਼ਹਿਰ ਹੋਰ ਵੀ ਵਧੇਰੇ ਨੁਕਸਾਨਦਾਇਕ ਹੁੰਦਾ ਹੈ, ਜਦ ਬਹੁਤ ਘਿਓ ਪਾ ਕੇ ਮਾਸ ਪਕਾਇਆ ਗਿਆ ਹੋਵੇ। ਇਸਦੇ ਚਿੰਨ੍ਹ ਹਨ:- ਮੈਲੀ ਜੀਭ, ਮੁਰਝਾਇਆ ਚਿਹਰਾ, ਅੱਖਾਂ ਦੇ ਥਲੇ ਕਾਲੇ ਟੋਏ, ਜਿਗਰ ਦੀ ਖਰਾਬੀ, ਪੇਟ ਵਿਚ ਹਵਾ, ਥੋੜੀ ਰੋਟੀ ਖਾਣ ਤੇ ਵੀ ਭਾਰ ਮਹਿਸੂਸ ਕਰਨਾ, ਬਦਬੂਦਾਰ ਟੱਟੀ, ਕਬਜ਼, ਪਿਸ਼ਾਬ ਦਾ ਗੰਦਲਾ ਹੋਣਾ, ਦਰਦ ਕਰਨਾ, ਜੋੜਾਂ ਵਿਚ ਦਰਦ ਅਤੇ ਥੋੜੀ ਜਿਹੀ ਹਵਾ ਵਧਣ ਤੇ ਪਿਸ਼ਾਬ ਦੇ ਨਾਲ ਸ਼ੱਕਰ ਆਉਣੀ। ਇਹ ਸਭ ਲੱਛਣ ਤੁਰੰਤ ਇਕੱਠੇ ਹੋ ਜਾਣੇ ਜਰੂਰੀ ਨਹੀਂ। ਹੌਲੀ ਹੌਲੀ ਇਹ ਪ੍ਰਭਾਵ ਪ੍ਰਤੱਖ ਹੁੰਦਾ ਹੈ।"

ਅਗੇ ਅਸੀਂ ਸ਼ਾਕਾਹਾਰੀ ਭੋਜਨ ਅਤੇ ਮਾਸ ਆਹਾਰ ਦਾ ਨਕਸ਼ਾ ਬਣਾ ਕੇ ਦੇਖਦੇ ਹਾਂ ਜਿਸ ਦੇ ਤੁਲਨਾਤਮਿਕ ਅਧਿਐਨ ਤੋਂ ਪਤਾ ਲਗ ਜਾਵੇਗਾ ਕਿ ਕਿਹੜਾ ਆਹਾਰ ਵਧੇਰੇ ਪੌਸ਼ਟਿਕ ਅਤੇ ਮਨੁੱਖੀ ਸਰੀਰ ਲਈ ਯੋਗ ਹੈ। ਇਹ ਨਕਸ਼ਾ ਪੁਸਤਕ "ਸ਼ਾਕਹਾਰ ਚਿਤਰਾਵਲੀ" ਪ੍ਰਕਾਸ਼ਕ ਜੀਵ ਦਇਆ ਮੰਡਲ ਦੇ ਪੰਨਾ ੯ ਤੋਂ ਲਿਆ ਹੈ:-

ਨਾਮ ਪਦਾਰਥ	ਪ੍ਰੋਟੀਨ	ਚਿਕਨਾਈ	ਖਣਿਜ	ਕਾਰਬੋਹਾਈਡਰੇਟਸ	ਕੈਲਸ਼ੀਅਮ
ਮੂੰਗੀ	੨੪.੦	੧.੩	੩.੬	੫੬.੬	੦.੦੧੪
ਮਸਰ	੨੫.੧	੦.੭	੨.੧	੫੯.੭	੦.੦੧੩
ਸੋਆਬੀਨ	੪੩.੨	੧੯.੫	੪.੬	੨੨.੯	੦.੦੨੪
ਬਦਾਮ	੨੦.੮	੫੮.੯	੨.੯	੧੦.੫	੦.੨੩
ਪਨੀਰ	੨੪.੧	੨੫.੧	੪.੨	੬.੩	੦.੭੯
ਘਿਓ	-	੯੮.੦	-	-	-

ਮਾਸਾਹਾਰੀ ਭੋਜਨ

ਅੰਡਾ	੧੩.੩	੧੩.੩	੧.੦	-	੦.੦੬
ਮਛਲੀ	੨੨.੬	੦.੬	੦.੮	-	੦.੦੨
ਬੱਕਰੀ ਦਾ ਮਾਸ	੧੮.੫	੧੩.੩	੧.੩	-	੦.੧੫
ਸੂਅਰ ਦਾ ਮਾਸ	੧੮.੭	੪.੪	੧.੦	-	੦.੦੩

ਹਵਾਲਾ ਪੁਸਤਕ ਵਿਚ ਇਹ ਤਾਲਿਕਾ ਬਹੁਤ ਲੰਬੀ ਦਿੱਤੀ ਗਈ ਹੈ, ਪੇਪਰ ਦਾ ਆਕਾਰ ਬਹੁਤ ਵਧ ਜਾਣ ਕਾਰਨ ਸੰਖੇਪ ਰੂਪ ਵਿਚ ਹੀ ਕੁਝ ਅੰਸ਼ ਅੰਕਿਤ ਕੀਤਾ ਗਿਆ ਹੈ, ਜਿਸ ਤੋਂ ਭਲੀ ਭਾਂਤ ਸਾਬਿਤ ਹੋ ਜਾਂਦਾ ਹੈ ਕਿ ਸ਼ਾਕਾਹਾਰੀ ਭੋਜਨ ਵਿਚ ਹੀ ਸਾਰੇ ਲੋੜੀਂਦੇ ਤੱਤ ਮੌਜੂਦ ਹੁੰਦੇ ਹਨ ਜੋ ਮਨੁੱਖੀ ਸਰੀਰ ਨੂੰ ਤੰਦਰੁਸਤ ਰਖਦੇ ਹਨ। ਅਗੇ ਹੋਰ ਇਕ ਨਕਸ਼ਾ ਹੋਮਯੋਪੈਥਿਕ ਡਾਕਟਰਾਂ ਦੀ ਖੋਜ ਬਾਰੇ ਦਿੱਤਾ ਜਾ ਰਿਹਾ ਹੈ ਜੋ ਕਵੀ ਰਾਜ ਹਰਨਾਮ ਦਾਸ ਦੀ ਪੁਸਤਕ "ਭੋਜਨ ਰਾਹੀ ਸੇਹਤ" ਦੇ ਪੰਨਾ ੯੫ ਤੋਂ ਧੰਨਵਾਦ ਸਹਿਤ ਲਿਆ ਗਿਆ ਹੈ:-

ਪਦਾਰਥ ਸਰੀਰ ਵਿਚ ਮਾਸ ਬਣਾਉਣ ਵਾਲੇ ਅੰਸ਼ ਪ੍ਰਤੀ ਸੈਂਕੜਾ ਸਰੀਰ ਵਿਚ ਤਾਕਤ ਅਤੇ ਗਰਮੀ ਪੈਦਾ ਕਰਨ ਵਾਲੇ ਅੰਸ਼ ਪ੍ਰਤੀ ਸੈਂਕੜਾ ਦਿਮਾਗ ਅਤੇ ਹੱਡੀ ਬਣਾਉਣ ਵਾਲੇ ਅੰਸ਼ ਪ੍ਰਤੀ ਸੈਂਕੜਾ ਪਾਣੀ ਆਦਿ

ਪਦਾਰਥ	ਸਰੀਰ ਵਿਚ ਮਾਸ ਬਣਾਉਣ ਵਾਲੇ ਅੰਸ਼ ਪ੍ਰਤੀ ਸੈਂਕੜਾ	ਸਰੀਰ ਵਿਚ ਤਾਕਤ ਅਤੇ ਗਰਮੀ ਪੈਦਾ ਕਰਨ ਵਾਲੇ ਅੰਸ਼ ਪ੍ਰਤੀ ਸੈਂਕੜਾ	ਦਿਮਾਗ ਅਤੇ ਹੱਡੀ ਬਣਾਉਣ ਵਾਲੇ ਅੰਸ਼ ਪ੍ਰਤੀ ਸੈਂਕੜਾ	ਪਾਣੀ ਆਦਿ
ਕਣਕ	੧੯	੬੨	੫	੧੪
ਜੌਂ	੧੭	੬੬	੩	੧੪
ਮਕਈ	੩੫	੪੭	੪	੧੪
ਚਾਵਲ	੬	੭੯	੧	੩
ਆਲੂ	੨	੨੨	੧	੭੫
ਮਾਸ	੧੩	੧੬	੧	੭੦
ਆਂਡਾ	੨੧	੨੪	੩	੫੨

ਉਪਰੋਕਤ ਨਕਸ਼ੇ ਤੋਂ ਵੀ ਸਾਬਿਤ ਹੋ ਜਾਂਦਾ ਹੈ ਕਿ ਸਿਰਫ਼ ਮਾਸ ਆਹਾਰ ਵਿਚ ਪਾਣੀ ਦੀ ਮਾਤਰਾ ਹੀ ਜ਼ਿਆਦਾ ਹੁੰਦੀ ਹੈ ਬਾਕੀ ਹੋਰ ਕੋਈ ਤੱਤ ਸ਼ਾਕਾਹਾਰੀ ਭੋਜਨ ਤੋਂ ਕਿਧਰੇ ਵੀ ਜ਼ਿਆਦਾ ਨਹੀਂ ਹੁੰਦਾ, ਸੋ ਸ਼ਾਕਾਹਾਰੀ ਭੋਜਨ ਖਾਣਾ ਹੀ ਹਰ ਤਰ੍ਹਾਂ ਬੇਹਤਰ ਹੈ। ਮਾਸ ਖਾਣ ਨਾਲ ਸਰੀਰ ਵਿਚ ਯੂਰਿਕ ਏਸਿਡ ਨਾਮਿਕ ਜ਼ਹਿਰ ਪੈਦਾ ਹੋ ਜਾਂਦੀ ਹੈ ਜੋ ਕਈ ਘਾਤਕ ਤੇ ਮਾਰੂ ਬੀਮਾਰੀਆਂ ਦਾ ਕਾਰਨ ਬਣਦਾ ਹੈ। ਕਿਹੜੇ ਮਾਸ ਵਿਚ ਕਿੰਨਾ ਯੂਰਿਕ ਏਸਿਡ ਹੁੰਦਾ ਹੈ, ਉਸਦੀ ਮਾਤਰਾ ਇਸ ਪ੍ਰਕਾਰ ਹੈ:-

ਪਦਾਰਥ	ਯੂਰਿਕ ਏਸਿਡ ਪ੍ਰਤੀ ਗਰੇਨ
ਮੱਛੀ	੫ ਗਰੇਨ
ਭੇਡ ਬਕਰੀ	੬ "
ਬਛੜਾ	੮ "
ਸੂਅਰ	੮ "
ਚੂਚੇ	੯ "
ਗਊ	੯ "
ਗਊ ਦੇ ਭੂੰਨੀ ਬੋਟੀ	੧੪ "
ਗਊ ਦਾ ਜਿਗਰ	੧੯ "
ਮਾਸ ਦਾ ਸ਼ੋਰਬਾ	੫੦ "

ਯੂਰਿਕ ਏਸਿਡ ਜਦੋਂ ਖੂਨ ਵਿਚ ਮਿਲਦਾ ਹੈ ਤਾਂ ਦਿਲ ਦੀ ਬੀਮਾਰੀ, ਟੀ.ਬੀ., ਜਿਗਰ ਦੀ ਖਰਾਬੀ, ਸਾਹ ਰੋਗ, ਖੂਨ ਦੀ ਕਮੀ, ਗਠੀਆ, ਹਿਸਟੀਰੀਆ, ਸੁਸਤੀ, ਨੀਂਦ ਦਾ ਅਧਿਕ ਆਉਣਾ, ਅਜੀਰਣ, ਤਰਾਂ ਤਰਾਂ ਦੇ ਦਰਦ, ਇਨਫਲੂਏਂਜਾ, ਅਨੇਕ ਪ੍ਰਕਾਰ ਦੇ ਬੁਖਾਰ ਆਦਿਕ ਰੋਗ ਹੋ ਜਾਂਦੇ ਹਨ।

ਸ਼ਾਕਾਹਾਰ ਭੋਜਨ ਜਿਸ ਵਿਚ ਫਲ ਸਬਜੀਆਂ ਅਤੇ ਸੁੱਕੇ ਮੇਵੇ ਤੇ ਦੁਧ ਸ਼ਾਮਲ ਹੈ ਮਨੁੱਖ ਦੀ ਅਸਲ ਖੁਰਾਕ ਹੈ। ਉਪਰ ਅਸੀਂ ਦੇਖ ਆਏ ਹਾਂ ਕਿ ਮਾਸ ਆਹਾਰ ਕਰਨ ਨਾਲ ਇਨਸਾਨ

ਨੂੰ ਕਈ ਬੀਮਾਰੀਆਂ ਲਗ ਜਾਂਦੀਆਂ ਹਨ। ਮਾਸਾਹਾਰੀਆਂ ਨੂੰ ਹਮੇਸ਼ਾ ਕੈਲਸ਼ੀਅਮ ਦੀ ਘਾਟ ਰਹਿੰਦੀ ਹੈ। ਸੂਰ ਦਾ ਮਾਸ ਖਾਣ ਵਾਲਿਆਂ ਨੂੰ ਅਧਰੰਗ ਦੀ ਬੀਮਾਰੀ ਹੋ ਜਾਂਦੀ ਹੈ। ਕਵੀ ਹਰਨਾਮ ਦਾਸ ਪੁਸਤਕ "ਭੋਜਨ ਰਾਹੀਂ ਸੇਹਤ" ਦੇ ਪੰਨਾ ੧੪੩ ਤੇ ਲਿਖਦੇ ਹਨ "ਮਾਸ ਖਾਣ ਵਾਲੇ ਦਾ ਸੁਭਾ ਕਰੋਧੀ, ਜੋਸ਼ੀਲਾ ਅਤੇ ਬਹੁਤ ਕਾਮੀ ਬਣ ਜਾਂਦਾ ਹੈ। ਜੀਭ ਦੇ ਸਵਾਦ ਪਿਛੇ ਅਕਲ ਦੀ ਸੂਖਮਤਾ ਤੇ ਸ਼ਾਂਤੀ ਦਾ ਸੁਭਾ ਗੁਆ ਦੇਣਾ ਅਤੇ ਆਤਮਕ ਉਨਤੀ ਤੋਂ ਹੱਥ ਧੋ ਬੈਠਨਾ ਅਤਿਅੰਤ ਭੈੜੇ ਭਾਗਾਂ ਦੀ ਨਿਸ਼ਾਨੀ ਹੈ। ਡਾਕਟਰਾਂ ਅਤੇ ਸਾਇੰਸਦਾਨਾਂ ਦੀ ਬਹੁਸੰਮਤੀ ਇਹ ਹੈ ਕਿ ਸਿਹਤ ਵਧਾਉਣ ਵਿਚ ਮਾਸ ਦੀ ਕੋਈ ਲੋੜ ਨਹੀਂ। ਮਾਸ ਸਾਰੇ ਸਰੀਰਕ, ਦਿਮਾਗੀ, ਆਤਮਕ ਤੇ ਮਾਨਸਕ ਨਾਸ਼ ਦਾ ਹੀ ਕਾਰਣ ਬਣਦਾ ਹੈ।"

ਮਛੀ ਦਾ ਮਾਸ ਖਾਣ ਨਾਲ ਫੁਲਬਹਿਰੀ ਦਾ ਰੋਗ ਹੋਣ ਦਾ ਡਰ ਰਹਿੰਦਾ ਹੈ। ਜਾਨਵਰਾਂ ਦੀ ਚਰਬੀ ਵਿਚ ਕੋਸਟਰੋਲ ਨਾਮਕ ਜ਼ਹਿਰ ਹੁੰਦੀ ਹੈ ਜੋ ਦਿਲ ਦੇ ਰੋਗਾਂ ਦਾ ਵੱਡਾ ਕਾਰਨ ਬਣਦੀ ਹੈ। ਮਾਸਾਹਾਰ ਨਾਲ ਰਕਤ ਦੋਸ਼ ਪੈਦਾ ਹੁੰਦੇ ਹਨ ਜਿਸ ਕਾਰਨ ਆਦਰਾਂ ਦੀ ਸੋਜ਼ ਜੋੜਾਂ ਦਾ ਦਰਦ, ਸ਼ੁਦਾਅ, ਸੁਸਤੀ ਅਤੇ ਅਧਰੰਗ ਜਿਹੇ ਰੋਗ ਮਾਸਾਹਾਰੀਆਂ ਨੂੰ ਹੋ ਜਾਂਦੇ ਹਨ। ਮਾਸਾਹਾਰ ਛੇਤੀ ਹਜ਼ਮ ਨਹੀਂ ਹੁੰਦਾ ਜਿਸ ਕਾਰਨ ਮਨੁੱਖ ਦੀ ਪਾਚਨ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ।

ਕੁਝ ਲੋਕ ਆਂਡਿਆਂ ਨੂੰ ਸ਼ਾਕਾਹਾਰੀ ਭੋਜਨ ਵਿਚ ਸ਼ਾਮਲ ਕਰਦੇ ਹਨ ਪ੍ਰੰਤੂ ਉਹਨਾਂ ਦੀ ਇਹ ਵੱਡੀ ਭੁਲ ਹੈ ਕਿਉਂਕਿ ਆਂਡਾ ਇਕ ਗਰਭ ਹੀ ਹੁੰਦਾ ਹੈ। ਜਿਸ ਵਿਚ ਨਰ ਪੰਛੀ ਤੇ ਮਾਦਾ ਪੰਛੀ ਦੀ ਰਕਤ ਅਤੇ ਵੀਰਯ ਹੁੰਦਾ ਹੈ, ਜਿਸ ਵਿਚੋਂ ਪੰਛੀ ਦਾ ਬੱਚਾ ਪੈਦਾ ਹੁੰਦਾ ਹੈ। ਸੋ ਆਂਡਿਆਂ ਦਾ ਖਾਣਾ ਵੀਰਯ ਦਾ ਖਾਣਾ ਹੀ ਹੈ। ਡਾ. ਜੇ. ਈ. ਆਰ. ਮੈਕਡਾਲੇਗ ਇੰਗਲੈਂਡ ਦਾ ਕਹਿਣਾ ਹੈ ਕਿ ਅੰਡੇ ਮਨੁੱਖ ਦੀਆਂ ਆਂਦਰਾਂ ਵਿਚ ਪਾਏ ਜਾਣ ਵਾਲੇ ਕਿਲਾਈ ਕੀਟਾਣੂਆਂ ਨੂੰ ਜ਼ਹਿਰੀਲਾ ਬਣਾਉਂਦੇ ਹਨ ਜਿਸ ਕਾਰਨ ਭਿਆਨਕ ਰੋਗ ਲਗ ਜਾਂਦੇ ਹਨ।

ਹਰਨਾਮ ਦਾਸ ਜੀ ਦਾ ਕਥਨ ਹੈ ਕਿ "ਆਂਡਾ ਗਰਮ ਤਰ ਹੈ ਪਰ ਬਹੁਤਾ ਉਬਲਿਆ ਸਖਤ ਆਂਡਾ ਭਾਰਾ ਅਤੇ ਚਿਰਾਕਾ ਹਜ਼ਮ ਹੁੰਦਾ ਹੈ। ਘਿਓ ਵਿਚ ਭੁੰਨਿਆਂ ਭਾਰਾ ਅਤੇ ਵਧੇਰੇ ਗਰਮ ਹੁੰਦਾ ਹੈ। ਆਂਡਾ ਤਮੋਗੁਣ ਵਾਲਾ ਭੋਜਨ ਹੈ। ਬ੍ਰਹਮਚਰਯ ਦਾ ਖੰਡਨ ਕਰਦਾ ਹੈ। ਮਨ ਨੂੰ ਵਸ ਵਿਚ ਕਰਨ ਅਤੇ ਆਤਮਕ ਖੋਜੀਆਂ ਦਾ ਵੈਰੀ ਹੈ। ਜੋ ਮਾਸ ਦਾ ਸੇਵਨ ਨਹੀਂ ਕਰਦੇ ਅਤੇ ਦੁਧ, ਦਹੀ, ਘਿਓ, ਦਾਲ, ਸਬਜ਼ੀ ਫਲ ਆਦਿ ਦੇ ਸੇਵਨ ਨਾਲ ਤੰਦਰੁਸਤ ਹਨ, ਉਹ ਇਸਨੂੰ (ਆਂਡਾ) ਜੀਭ ਦੇ ਸਵਾਦ ਦੀ ਖਾਤਰ ਨਾ ਖਾਣ। ਸ਼ਕਤੀ ਦੇ ਲੋਭ ਵਿਚ ਕਿਤੇ ਪਹਿਲੀ ਹਾਲਤ ਤੋਂ ਵੀ ਹੱਥ ਨਾ ਧੋ ਬੈਠਣ। ਅਉਲੇ ਦਾ ਮੁਰਬਾ ਆਂਡੇ ਦਾ ਬਦਲ ਹੈ। (ਬਦਲ ਤੋਂ ਭਾਵ ਹੈ ਜੋ ਕਿਸੇ ਦੂਜੀ ਚੀਜ਼ ਦੀ ਥਾਂ ਪੂਰੇ ਲਾਭ ਨਾਲ ਵਰਤਿਆ ਜਾ ਸਕੇ) ਦੁਧ, ਦਹੀਂ, ਪਨੀਰ, ਮਟਰ, ਕੇਲਾ, ਸੇਬ, ਅੰਬ, ਅਨਾਰ, ਦਾਲ, ਸੁੱਕੇ ਮੇਵੇ ਅਤੇ ਸੋਯਾਬੀਨ ਤੋਂ ਅਸਲੋਂ ਹੀ ਆਂਡੇ ਤੇ ਮਾਸ ਤੋਂ ਬਹੁਤਾ ਲਾਭ ਪ੍ਰਾਪਤ ਹੁੰਦਾ ਹੈ।"

ਡਾ: ਰਾਬਰਟ ਗਰਾਸ– ਇੰਗਲੈਂਡ ਦੀ ਖੋਜ ਦਸਦੀ ਹੈ ਕਿ ਆਂਡਿਆਂ ਦੀ ਸਫੈਦੀ ਸਭ ਤੋਂ ਵਧ ਖਤਰਨਾਕ ਹੈ ਜਿਸ ਨਾਲ ਲਕਵੇ ਦਾ ਰੋਗ ਹੋ ਜਾਂਦਾ ਹੈ ਅਤੇ ਚਮੜੀ ਨੂੰ ਸੋਜਸ਼ ਹੋ ਜਾਂਦੀ ਹੈ। ਇਸੇ ਤਰ੍ਹਾਂ ਡਾ. ਜੇ. ਕੈਲੇਫੋਰਨੀਆਂ ਲਿਖਦੇ ਹਨ ਕਿ ਆਂਡਿਆਂ ਵਿਚ ਕੋਲਿਸਟਰੋਲ ਨਾਮੀ ਜ਼ਹਿਰ ਹੁੰਦੀ ਹੈ ਜਿਸ ਨਾਲ ਮਨੁੱਖ ਦੀ ਪਾਚਨ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ ਅਤੇ ਗੁਰਦੇ ਵਿਚ ਪੱਥਰੀ ਹੋ ਜਾਂਦੀ ਹੈ। ਪ੍ਰੋ: ਇਰਵਨ ਰਈਸ ਦਾ ਕਥਨ ਹੈ ਕਿ ਅੰਡੇ ਦੀ ਜ਼ਰਦੀ ਵਿਚ ੪ ਗਰੇਨ ਅਲਕੋਹਲ ਹੁੰਦੀ ਹੈ ਜੋ ਅੰਡਿਆਂ ਦੇ ਆਹਾਰ ਨਾਲ ਮਨੁੱਖ ਦੇ ਜਿਗਰ ਵਿਚ ਜਮਾ ਹੁੰਦੀ ਰਹਿੰਦੀ ਹੈ ਅਤੇ ਪਿੱਤੇ ਦੀ ਥੈਲੀ ਵਿਚ ਪਥਰੀ ਪੈਦਾ ਕਰਦੀ ਹੈ। ਸੋ ਐਸੇ ਵਿਵਰਜਤ ਆਹਾਰ ਨੂੰ ਕਦਾਚਿਤ ਖਾਣਾ ਨਹੀਂ ਚਾਹੀਦਾ।

ਸ਼ਾਕਹਾਰੀ ਭੋਜਨ ਕਰਨ ਵਾਲੇ ਇਨਸਾਨਾਂ ਵਲੋਂ ਸਮੇਂ ਸਮੇਂ ਮਾਸਾਹਾਰ ਅਤੇ ਜੀਵਾਂ ਨੂੰ ਕੋਹ ਕੇ ਮਾਰਨ ਵਿਰੁਧ ਆਵਾਜ਼ ਉਠਾਈ ਜਾਂਦੀ ਰਹੀ ਹੈ। ਮਾਸ ਵਿਰੋਧੀ ਪਹਿਲੀ ਸੰਸਥਾ ਛੇ ਸਦੀਆਂ ਪੂਰਬ ਈਸਾ ਵਿਚ ਪਾਈਥਾਗੋ ਰਾਜ ਵਲੋਂ ਕਾਇਮ ਕੀਤੀ ਗਈ ਸੀ ਜਿਸਦੇ ਚੰਗੇ ਘਰਾਣਿਆਂ ਦੇ ੩੦੦ ਨੌਜੁਆਨ ਤੇ ਔਰਤਾਂ ਮੈਂਬਰ ਸਨ। ਪਾਈਥਾਗੋ ਰਾਜ ਦੀ ਸੰਸਥਾ ਦੇ ਕੁਝ ਨਿਯਮ ਇਸ ਪ੍ਰਕਾਰ ਸਨ। (੧) ਬਲੀ ਦੇਣ ਦੀ ਸਖਤ ਮਨਾਹੀ ਸੀ (੨) ਜਾਨਵਰਾਂ ਨੂੰ ਮਾਰਨਾ ਸਖਤ ਤੌਰ ਤੇ ਮਨਾਹ ਸੀ (੩) ਬਿਨਾਂ ਮਤਲਬ ਦੇ ਬ੍ਰਿਛਾਂ ਬੂਟਿਆਂ ਨੂੰ ਨੁਕਸਾਨ ਪਹੁੰਚਾਉਣ ਤੇ ਵੀ ਪਾਬੰਦੀ ਸੀ।

ਦੂਜੇ ਪਾਸੇ ਸ਼ਾਕਾਹਾਰੀ ਭੋਜਨ ਖਾਣ ਵਾਲੇ ਹੀ ਵਿਦਵਾਨ, ਯੋਧੇ ਅਤੇ ਸੰਤ ਮਹਾਤਮਾ ਬਣੇ ਹਨ। ਇਤਿਹਾਸ ਗਵਾਹ ਹੈ ਕਿ ਸਿਖ ਮਿਸਲਾਂ ਦੇ ਸਮੇਂ ਸਿਖ ਸਰਦਾਰਾਂ ਵਿਚੋਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਕਟੜ ਵੈਸ਼ਨੋ ਭੋਜਨ ਦਾ ਆਹਾਰੀ ਸੀ ਜਿਸ ਨੇ ਤਿੰਨ ਵਾਰ ਦਿੱਲੀ ਸ਼ਹਿਰ ਨੂੰ ਖਾਲਸੇ ਦੇ ਘੋੜਿਆਂ ਦੇ ਸੁੰਮਾਂ ਹੇਠ ਰੋਲਿਆ ਸੀ ਅਤੇ ਲਾਲ ਕਿਲ੍ਹੇ ਤੇ ਖਾਲਸਈ ਝੰਡਾ ਝੁਲਾਇਆ ਸੀ। ਮਹਾਰਾਜਾ ਰਣਜੀਤ ਸਿੰਘ ਦਾ ਬਹਾਦਰ ਜਰਨੈਲ ਸ੍ਰ. ਹਰੀ ਸਿੰਘ ਨਲੂਆ ਸ਼ਾਕਾਹਾਰੀ ਸੀ ਅਤੇ ਉਹ ਬੜੇ ਮਾਣ ਨਾਲ ਕਿਹਾ ਕਰਦਾ ਸੀ ਕਿ ਮੱਖਣ ਦਾ ਪੇੜਾ, ਲੱਸੀ ਦਾ ਛੰਨਾ ਅਤੇ ਘੋੜ ਸਵਾਰੀ ਉਸਦੀ ਚੰਗੀ ਸੇਹਤ ਦੇ ਭੇਦ ਹਨ।

ਸਤਿਗੁਰੂ ਰਾਮ ਸਿੰਘ ਜੀ ਨੇ ਐਸੀਆਂ ਆਚਰਣਕ ਕੁਰੀਤੀਆਂ ਤੋਂ ਪੰਜਾਬੀ ਸਮਾਜ ਨੂੰ ਖ਼ਬਰਦਾਰ ਕੀਤਾ ਸੀ ਅਤੇ ਦੇਸ਼ ਦੀ ਆਜ਼ਾਦੀ ਦੀ ਜੰਗ ਅਰੰਭ ਕੀਤੀ ਸੀ। ਜੇਕਰ ਅੰਗਰੇਜ਼ ਉਹਨਾਂ ਨੂੰ ੧੮੭੨ ਈਸਵੀ ਵਿਚ ਜਲਾਵਤਨ ਨਾ ਕਰਦਾ ਤਾਂ ਸ਼ਾਇਦ ਦੇਸ਼ ਉਸ ਸਮੇਂ ਹੀ ਆਜ਼ਾਦ ਹੋ ਜਾਂਦਾ। ਮਹਾਤਮਾ ਗਾਂਧੀ ਕਟੜ ਸ਼ਾਕਾਹਾਰੀ ਸਨ ਜਿਹਨਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਨੂੰ ਪ੍ਰਚੰਡ ਕਰਨ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਨੂੰ ਅਪਨਾਇਆ ਸੀ ਅਤੇ ਅੰਗਰੇਜ਼ ਸਰਕਾਰ ਨਾਲ ਨਾਮਿਲਵਰਤਣ ਦੀ ਨੀਤੀ ਨੂੰ ਅਮਲ ਵਿਚ ਲਿਆਂ

੧੯੪੭ ਈਸਵੀ ਵਿਚ ਦੇਸ਼ ਆਜ਼ਾਦ ਕਰਵਾਇਆ। ਯੂਨਾਨੀਆਂ ਦੀ ਪ੍ਰਸਿਧ ਕੌਮ "ਸਮਾਰਟਾ" ਜੋ ਆਪਣੇ ਸਮੇਂ ਬਹਾਦਰੀ ਵਿਚ ਆਪਣੀ ਮਿਸਾਲ ਆਪ ਹੀ ਸੀ. ਪੂਰਨ ਤੌਰ ਤੇ ਸ਼ਾਕਾਹਾਰੀ ਹੈ। ਮਹਾਰਾਜਾ ਅਸ਼ੋਕ ਜਿਸ ਨੇ ਕਲਿੰਗਾ ਦੀ ਲੜਾਈ ਤੋਂ ਬਾਅਦ ਜੰਗ ਕਰਨੀ ਤਿਆਗ ਦਿੱਤੀ। ਉਹ ਆਪਣੇ ਸਮੁਚੇ ਰਾਜ ਭਾਗ ਸਮੇਤ ਸ਼ਾਕਾਹਾਰੀ ਹੋ ਗਿਆ ਸੀ। ਸਾਰੀਆਂ ਸੰਪ੍ਰਦਾਵਾਂ ਜਿਵੇਂ ਕਿ ਉਦਾਸੀਨ. ਸੇਵਾ ਪੰਥੀ ਅਤੇ ਨਿਰਮਲੇ ਆਦਿਕ ਦੇ ਸਮੁਚੇ ਸੰਤ ਮਹਾਂਪੁਰਸ਼ ਸ਼ਾਕਾਹਾਰੀ ਰਹੇ ਹਨ ਅਤੇ ਅਜ ਵੀ ਇਸ ਨਿਯਮ ਦੀ ਪਾਲਣਾ ਕਰ ਰਹੇ ਹਨ। ਰਾਮ ਮੂਰਤੀ ਨੂੰ ਕੌਣ ਨਹੀਂ ਜਾਣਦਾ. ਉਹ ਚਲਦੀਆਂ ਗੱਡੀਆਂ ਨੂੰ ਆਪਣੀ ਸ਼ਕਤੀ ਨਾਲ ਰੋਕ ਲੈਂਦਾ ਸੀ ਤੇ ਆਪਣੀ ਛਾਤੀ ਉਤੋਂ ਹਾਥੀ ਲੰਘਾ ਸਕਦਾ ਸੀ। ਉਹ ਪੂਰਨ ਸ਼ਾਕਾਹਾਰੀ ਸੀ।

ਸ਼ਾਕਹਾਰੀ ਭੋਜਨ ਕਰਨ ਵਾਲੇ ਇਨਸਾਨਾਂ ਵਲੋਂ ਸਮੇਂ ਸਮੇਂ ਮਾਸਾਹਾਰ ਅਤੇ ਜੀਵਾਂ ਨੂੰ ਕੋਹ ਕੇ ਮਾਰਨ ਵਿਰੁਧ ਆਵਾਜ਼ ਉਠਾਈ ਜਾਂਦੀ ਰਹੀ ਹੈ। ਮਾਸ ਵਿਰੋਧੀ ਪਹਿਲੀ ਸੰਸਥਾ ਛੇ ਸਦੀਆਂ ਪੂਰਬ ਈਸਾ ਵਿਚ ਪਾਈਥਾਗੋ ਰਾਜ ਵਲੋਂ ਕਾਇਮ ਕੀਤੀ ਗਈ ਸੀ ਜਿਸਦੇ ਚੰਗੇ ਘਰਾਣਿਆਂ ਦੇ ੩੦੦ ਨੌਜੁਆਨ ਤੇ ਔਰਤਾਂ ਮੈਂਬਰ ਸਨ। ਪਾਈਥਾਗੋ ਰਾਜ ਦੀ ਸੰਸਥਾ ਦੇ ਕੁਝ ਨਿਯਮ ਇਸ ਪ੍ਰਕਾਰ ਸਨ। (੧) ਬਲੀ ਦੇਣ ਦੀ ਸਖਤ ਮਨਾਹੀ ਸੀ (੨) ਜਾਨਵਰਾਂ ਨੂੰ ਮਾਰਨਾ ਸਖਤ ਤੌਰ ਤੇ ਮਨਾਹ ਸੀ (੩) ਬਿਨਾਂ ਮਤਲਬ ਦੇ ਬ੍ਰਿਛਾਂ ਬੂਟਿਆਂ ਨੂੰ ਨੁਕਸਾਨ ਪਹੁੰਚਾਉਣ ਤੇ ਵੀ ਪਾਬੰਦੀ ਸੀ। ਭਾਰਤ ਵਿਚ ਸ਼ਾਕਾਹਾਰੀ ਭੋਜਨ ਨੂੰ ਹੀ ਆਹਾਰ ਬਨਾਉਣ ਲਈ ਮਹਾਰਾਜਾ ਅਸ਼ੋਕ ਨੇ ਵੀ ਇਕ ਸੰਸਥਾ ਹੋਂਦ ਵਿਚ ਲਿਆਂਦੀ ਸੀ। ਪ੍ਰਸਿਧ ਰੂਸੀ ਨਾਵਲਿਸਟ ਟਾਲਸਟਾਏ ਵੀ ਕਟੜ ਸ਼ਾਕਾਹਾਰੀ ਸੀ। ਪ੍ਰਸਿਧ ਕਵੀ ਮਿਲਟਨ. ਸਾਇੰਸਦਾਨ ਆਈਜ਼ਿਕਨਿਊਟਨ. ਬਰਨਾਰਡ ਸ਼ਾਅ ਤੇ ਅਬਰਾਹਮ ਲਿੰਕਨ ਜਿਹੀਆ ਪ੍ਰਸਿਧ ਹਸਤੀਆਂ ਸ਼ਾਕਾਹਾਰੀ ਸਨ।

੧੮੦੯ ਈਸਵੀ ਦੇ ਸਾਲ ਬਰਤਾਨੀਆਂ ਵਿਚ ਮਾਸਾਹਾਰ ਤੋਂ ਤੰਗ ਆ ਕੇ ਇਸਨੂੰ ਰੋਕਣ ਲਈ ਡਬਲਿਊ ਕੋਹੈਰਡ ਨੇ ਸਾਲਫੋਰਡ ਦੇ ਪਹਿਲੇ ਮੈਂਬਰ ਪਾਰਲੀਮੈਂਟ ਜੋਸਿਫ ਬ੍ਰਾਦਰਟਨ ਨਾਲ ਮਿਲ ਕੇ "ਬਾਈਬਲ ਈਸਾਈ ਚਰਚ" ਸਥਾਪਤ ਕੀਤਾ ਜਿਸਦੀ ਮੈਂਬਰੀ ਦੀਆਂ ਸ਼ਰਤਾਂ ਸਨ:- (੧) ਅਲਕੋਹਲ (ਸ਼ਰਾਬ ਦੀ ਇਕ ਕਿਸਮ) ਅਤੇ (੨) ਮਾਸਾਹਾਰ ਤੋਂ ਪ੍ਰਹੇਜ਼। ੧੮੪੧ ਈਸਵੀ ਵਿਚ ਇਸ ਸੰਸਥਾ ਦੇ ੪੧ ਮੈਂਬਰ ਅਮਰੀਕਾ ਗਏ ਜਿਥੇ ਮੇਟਕਾਫ ਦੀ ਅਗਵਾਈ ਵਿਚ ਚਰਚ ਨਾਂ ਦੀ ਸੰਸਥਾ ਫਿਲਾਡੇਲਫੀਆ ਵਿਚ ਵੀ ਸਥਾਪਤ ਕੀਤੀ ਗਈ। ਅਜ ਇੰਗਲੈਂਡ ਵਿਚ ਲਗਭਗ ੬੦ ਸ਼ਾਕਾਹਾਰੀ ਸੰਸਥਾਵਾਂ ਹਨ ਜੋ ਸ਼ਾਕਾਹਾਰ ਦਾ ਪ੍ਰਚਾਰ ਕਰ ਰਹੀਆਂ ਹਨ।

ਅੰਤਰਰਾਸ਼ਟਰੀ ਸ਼ਾਕਾਹਾਰੀ ਸੰਗਠਨ ੧੯੦੭ ਈਸਵੀ ਵਿਚ ਹੋਂਦ ਵਿਚ ਆਇਆ ਜਿਸ ਦੀ ਪਹਿਲੀ ਇਕੱਤਰਤਾ ਡਰੇਸਡਨ ਵਿਚ ਹੋਈ ਸੀ। ਇਹ ਸੰਗਠਨ ਅਜ ਵੀ ਪੂਰਨ ਸਫਲਤਾ ਨਾਲ ਸ਼ਾਕਾਹਾਰ ਦਾ ਪ੍ਰਚਾਰ ਕਰ ਰਿਹਾ ਹੈ। ਵਰਤਮਾਨ ਸਤਿਗੁਰੂ ਜੀ ਸ਼ਾਕਾਹਾਰ ਦੇ ਪ੍ਰਚਾਰ ਦੇ ਮੁਦਈ ਹਨ। ਸਚੇ ਪਾਤਸ਼ਾਹ ਜੀ ਨੇ ੧੯੭੧ ਵਿਚ ਹਾਲੈਂਡ ਦੀ ਰਾਜਧਾਨੀ ਵਿਖੇ ਸ਼ਾਕਾਹਾਰੀ ਸੰਮੇਲਨ ਵਿਚ ਭਾਗ ਲਿਆ ਸੀ। ਅੰਤਰਰਾਸ਼ਟਰੀ ਸੰਗਠਨ ਦਾ ਪ੍ਰਧਾਨ ਡਾ. ਲਾਟੋ ਸਤਿਗੁਰਾਂ ਦੀ ਸਖਸ਼ੀਅਤ ਤੋਂ ਬਹੁਤ ਪ੍ਰਭਾਵਤ ਹੋਇਆ ਸੀ। ੧੯੭੧ ਦੇ ਸ਼ਾਕਾਹਾਰੀ ਸੰਮੇਲਨ ਨੂੰ ਸਵਰਨ ਸਿੰਘ ਸਨੇਹੀ ਨੇ ਇਸਤਰ੍ਹਾਂ ਵਰਣਨ ਕੀਤਾ ਸੀ ਕਿ ਇਸ ਦੀ ਰਿਪੋਰਟ ਟੈਲੀਵੀਜਨ ਤੇ ਪ੍ਰਸਾਰਤ ਹੋਈ ਤਾਂ ਇਕ ਬੁਤਘਾੜੇ ਦੀ ਵਿਧਵਾ ਨੇ ਸਤਿਗੁਰਾਂ ਨੂੰ ਆਪਣੇ ਘਰ ਚਰਨ ਪਾਉਣ ਲਈ ਬੇਨਤੀ ਕੀਤੀ। ਸਤਿਗੁਰਾਂ ਨੇ ਉਸਦੀ ਅਰਜ਼ ਮਨਜ਼ੂਰ ਕੀਤੀ ਅਤੇ ਆਪਣੇ ਸੇਵਕਾਂ ਸਹਿਤ ਉਸਦੇ ਗ੍ਰਿਹ ਚਰਨ ਪਾਕੇ ਉਸ ਤੜਪਦੀ ਰੂਹ ਨੂੰ ਠੰਢ ਪਾਈ। ੧੯੭੩ ਵਿਚ ਲੰਕਾ ਵਿਚ ਸ਼ਾਕਾਹਾਰ ਸੰਮੇਲਨਾਂ ਵਿਚ ਮਹਾਰਾਜ ਬੀਰ ਸਿੰਘ ਜੀ ਨੂੰ ਪ੍ਰਤੀਨਿਧਤਾ ਕਰਨ ਲਈ ਸਤਿਗੁਰੂ ਜੀ ਨੇ ਆਗਿਆ ਬਖਸ਼ੀ ਸੀ। ਸ਼ਾਕਾਹਾਰੀ ਸੰਸਥਾ ਵਿਚ ਇਕ ਪਰੰਪਰਾ ਪ੍ਰਚਲਤ ਹੋ ਗਈ ਹੈ ਕਿ ਹਰ ਦਸ ਸਾਲ ਬਾਅਦ ਸ਼ਾਕਾਹਾਰੀ ਸੰਮੇਲਨ ਭਾਰਤ ਵਿਚ ਹੁੰਦਾ ਹੈ। ਜਿਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ਾਕਾਹਾਰੀ ਵਿਦੇਸ਼ੀ ਪ੍ਰਾਹੁਣਿਆਂ ਨੂੰ ੧੯੫੭ ਵਿਚ ਪ੍ਰੀਤੀ ਭੋਜਨ ਨਾਲ ਨਿਵਾਜਿਆ ਸੀ. ਉਸੇ ਤਰ੍ਹਾਂ ਹੀ ੧੯੬੭ ਅਤੇ ੧੯੭੭ ਵਿਚ ਵਰਤਮਾਨ ਸਤਿਗੁਰਾਂ ਨੇ ਵੀ ਪ੍ਰਾਹੁਣਿਆਂ ਨੂੰ ਸ਼ਾਕਾਹਾਰੀ ਭੋਜਨ ਛਕਾ ਕੇ ਖੁਸ਼ੀਆਂ ਬਖਸ਼ੀਆਂ ਸਨ। ਮੇਰੀ ਸਤਿਗੁਰਾਂ ਦੇ ਚਰਨਾਂ ਵਿਚ ਹੱਥ ਜੋੜ ਜੋਦੜੀ ਹੈ. ਅਰਜ਼ ਹੈ ਕਿ ਸੱਚੇ ਪਾਤਸ਼ਾਹ ਜੀ ਕਿਰਪਾ ਕਰਨ ਸਾਰਾ ਸੰਸਾਰ ਮਾਸ ਆਹਾਰ ਨੂੰ ਤਿਆਗ ਦੇਵੇ ਅਤੇ ਨਸ਼ੇ ਮੁਕਤ ਹੋ ਜਾਵੇ ਤਾਂ ਸਭ ਪਾਸੇ ਸਤਿਜੁਗ ਦਾ ਪਹਿਰਾ ਹੋ ਜਾਵੇਗਾ।

ਸਹਾਇਕ ਪੁਸਤਕ ਸੂਚੀ

੧ ਸੰਤ ਨਿਧਾਨ ਸਿੰਘ ਆਲਿਮ: ਸਿਖ ਧਰਮ ਤੇ ਮਾਸ ਪ੍ਰਕਾਸ਼ਕ ਨਾਮਧਾਰੀ ਦ੍ਰਬਾਰ।

੨ ਸਵਰਨ ਸਿੰਘ ਸਨੇਹੀ: ਪ੍ਰਾਣ ਪੂਜਾ. ਪ੍ਰਕਾਸ਼ਕ ਨਾਮਧਾਰੀ ਸਾਹਿਤ ਪ੍ਰਕਾਸ਼ਨ. ਸ੍ਰੀ ਜੀਵਨ ਨਗਰ।

੩ ਸੰਤੋਖ ਸਿੰਘ. ਟੀ. ਆਰ. ਸ਼ੰਗਾਰੀ: ਹੰਸਾ ਹੀਰਾ ਮੋਤੀ ਚੁਗਣਾ. ਪ੍ਰਕਾਸ਼ਕ ਰਾਧਾ ਸੁਆਮੀ ਸਤਸੰਗ ਬਿਆਸ।

੪ ਸੰਤੋਖ ਸਿੰਘ. ਟੀ. ਆਰ. ਸ਼ੰਗਾਰੀ: ਸੰਤ ਮਤ ਵੀਚਾਰ. ਪ੍ਰਕਾਸ਼ਕ ਰਾਧਾ ਸੁਆਮੀ ਸਤਸੰਗ ਬਿਆਸ।

੫ ਜੇ. ਪੀ. ਸੰਗਤ ਸਿੰਘ: ਸਿਖ ਧਰਮ ਤੇ ਮਾਸ ਸ਼ਰਾਬ ਪ੍ਰਕਾਸ਼ਕ ਸਿੰਘ ਬ੍ਰਦਰਜ. ਮਾਈ ਸੇਵਾਂ. ਅੰਮ੍ਰਿਤਸਰ।

੬ ਭਾਈ ਸਾਹਿਬ ਰਣਧੀਰ ਸਿੰਘ: ਝਟਕਾ ਮਾਸ ਪ੍ਰਥਾਇ ਤਤ ਗੁਰਮਤਿ ਨਿਰਣਯ. ਪ੍ਰਕਾਸ਼ਕ ਖਾਲਸਾ ਬ੍ਰਦਰਜ. ਮਾਈ ਸੇਵਾਂ. ਅੰਮ੍ਰਿਤਸਰ।

੭ ਸ਼ਮਸ਼ੇਰ ਸਿੰਘ ਅਸ਼ੋਕ. ਨਿਸ਼ਾਨ ਤੇ ਹੁਕਮਨਾਮੇ ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ. ਅੰਮ੍ਰਿਤਸਰ।

੮ ਡਾ. ਗੰਡਾ ਸਿੰਘ: ਹੁਕਮਨਾਮੇ. ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ ਪਟਿਆਲਾ।

੯ ਭਾਈ ਜੋਗਿੰਦਰ ਸਿੰਘ ਤਲਵਾੜਾ: ਤਉ ਕਿਉ ਮੁਰਗੀ ਮਾਰੈ. ਪ੍ਰਕਾਸ਼ਕ ਸੂਰਾ ਪੁਸਤਕ ਭੰਡਾਰ. ਅੰਮ੍ਰਿਤਸਰ।

੧੦ ਬੀਬੀ ਬੇਅੰਤ ਕੌਰ (ਸੰਪਾਦਕ): ਲਾਲ ਦੇਹਿ ਰਤਨ (ਉਪਦੇਸ ਸਤਿਗੁਰੂ ਪ੍ਰਤਾਪ ਸਿੰਘ)ਪ੍ਰਕਾਸ਼ਕ ਨਾਮਧਾਰੀ ਦਰਬਾਰ।

੧੧ ਸੂਰਾ ਮਾਸਿਕ ਰਿਸਾਲੇ ਦਾ "ਮਾਸ ਸ਼ਰਾਬ ਪ੍ਰਥਾਇ ਵਿਸ਼ੇਸ਼ ਅੰਕ". ਪ੍ਰਕਾਸ਼ਕ ਸੂਰਾ ਪ੍ਰਕਾਸ਼ਨ ਅੰਮ੍ਰਿਤਸਰ।

■

ਨਰਿੰਦਰ ਸਿੰਘ

ਸਾਡੇ ਜੀਵਨ ਵਿਚ ਬਸੰਤ ਕਿਵੇਂ ਆਵੇ?

ਜ਼ਿੰਦਗੀ ਵਿਚ ਬਸੰਤ ਦੀ ਬਹਾਰ ਲਿਆਉਣ ਦਾ ਫਾਰਮੂਲਾ ਸਤਿਗੁਰੂ ਜੀ ਬਾਣੀ ਵਿਚ ਲਿਖ ਗਏ ਹਨ। ਜੇ ਨਾਮ ਮਨ ਵਿਚ ਵਸ ਜਾਏ ਤਾਂ ਕੋਈ ਤ੍ਰਿਸ਼ਨਾ ਭੁਖ ਰਹਿ ਨਹੀਂ ਜਾਂਦੀ। ਜੇ ਮਨ ਵਿਚ ਕਿਸੇ ਪ੍ਰਕਾਰ ਦੀ ਤ੍ਰਿਸ਼ਨਾ ਹੈ, ਕੋਈ ਵਾਸ਼ਨਾ ਹੈ ਤਾਂ ਫਿਰ ਸਮਝੋ ਨਾਮ ਨੇ ਅਸਰ ਨਹੀਂ ਕੀਤਾ।

ਕਵੀ ਇਕਬਾਲ ਜਿਸਨੂੰ "ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ" ਰਚਨਾਕ਼ਾਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਨੇ ਸਤਿਗੁਰੂ ਨਾਨਕ ਜੀ ਬਾਰੇ ਲਿਖਿਆ ਕਿ:

"ਰਹਿਮਤੇ ਬਾਰਿਸ਼ ਹੁਈ ਪਰ ਜਮੀਂ ਕਾਬਿਲ ਨ ਥੀ"

ਸਤਿਗੁਰੂ ਨਾਨਕ ਜੀ ਨੇ ਜਦੋਂ ਸਾਰੇ ਪਾਸੇ ਧਿਆਨ ਧਰ ਕੇ ਵੇਖਿਆ ਤਾਂ ਸਾਰਾ ਸੰਸਾਰ ਜਲਦਾ ਨਜ਼ਰ ਆਇਆ:

"ਬਾਬੇ ਡਿਠਾ ਧਿਆਨ ਧਰ ਜਲਦੀ ਸਭ ਪ੍ਰਿਥਵੀ ਦਿਸ ਆਈ।"

ਆਪ ਜੀ ਨੇ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕੀਤੀ:-

"ਜਗਤ ਜਲੰਦਾ ਰਖ ਲੈ ਆਪਣੀ ਕਿਰਪਾ ਧਾਰ।"

ਪ੍ਰਭੂ ਜੀ ਮੇਰੇ ਤੇ ਕਿਰਪਾ ਕਰੋ ਕਿ ਮੈਂ ਇਸ ਬਲਦੀ ਅੱਗ ਨੂੰ ਬੁਝਾ ਸੱਕਾਂ। ਜਦੋਂ ਅਕਾਲ ਪੁਰਖ ਨੇ ਕਿਰਪਾ ਕੀਤੀ ਤਾਂ :-

"ਪਹਿਲਾਂ ਪਾਇਆ ਬਾਬੇ ਬਖਸ ਦਰ
ਪਿਛੋਂ ਦੇ ਫਿਰ ਘਾਲ ਘੁਮਾਈ।"

ਅਨੁਸਾਰ ਆਪ ਨੇ ਧਰਮ ਪ੍ਰਚਾਰ ਅਰੰਭਿਆ। ਸਰਬਤ ਦੇ ਭਲੇ ਦਾ ਸੰਦੇਸ਼ ਲੈ ਕੇ ਸੰਸਾਰ ਦਾ ਰਟਨ ਕਰਨ ਵਾਸਤੇ ਨਿਕਲ ਤੁਰੇ। ਜਿਥੇ ਆਪ ਜਾਂਦੇ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦਾ ਉਪਦੇਸ਼ ਕਰਦੇ। ਜਿਹੜਾ ਦਰਸ਼ਨ ਕਰਦਾ, ਉਸਦਾ ਤਪਦਾ ਹਿਰਦਾ ਸ਼ਾਂਤ ਹੋ ਜਾਂਦਾ। ਜਿਸਤਰ੍ਹਾਂ ਆਸਾ ਦੀ ਵਾਰ ਵਿਚ ਲਿਖਿਆ ਹੈ:

ਜਿਨਾ ਭੇਟਿਆ ਮੇਰਾ ਪੂਰਾ ਸਤਿਗੁਰੂ
ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ॥
ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ
ਜੋ ਹਰਿ ਨਾਮੁ ਧਿਆਵੈ॥
ਜੋ ਹਰਿ ਹਰਿ ਨਾਮੁ ਧਿਆਇਦੇ ਤਿਨ ਜਮੁ ਨੇੜਿ ਨ ਆਵੈ॥

ਜ਼ਿੰਦਗੀ ਵਿਚ ਬਸੰਤ ਦੀ ਬਹਾਰ ਲਿਆਉਣ ਦਾ ਫਾਰਮੂਲਾ ਸਤਿਗੁਰੂ ਜੀ ਬਾਣੀ ਵਿਚ ਲਿਖ ਗਏ ਹਨ। ਜੇ ਨਾਮ ਮਨ ਵਿਚ ਵਸ ਜਾਏ ਤਾਂ ਕੋਈ ਤ੍ਰਿਸ਼ਨਾ ਭੁਖ ਰਹਿ ਨਹੀਂ ਜਾਂਦੀ। ਜੇ ਮਨ ਵਿਚ ਕਿਸੇ ਪ੍ਰਕਾਰ ਦੀ ਤ੍ਰਿਸ਼ਨਾ ਹੈ, ਕੋਈ ਵਾਸ਼ਨਾ ਹੈ ਤਾਂ ਫਿਰ ਸਮਝੋ ਨਾਮ ਨੇ ਅਸਰ ਨਹੀਂ ਕੀਤਾ।

ਇਸ ਲਈ ਅਸੀਂ ਨਾਮ ਤੋਂ ਸ਼ੁਰੂ ਨਹੀਂ ਹੁੰਦੇ। ਤ੍ਰਿਸ਼ਨਾ ਭੁਖ ਤੋਂ ਸ਼ੁਰੂ ਹੁੰਦੇ ਹਾਂ। ਜਿਸਤਰ੍ਹਾਂ ਬਾਲਮੀਕ ਨੇ 'ਮਰਾ-ਮਰਾ' ਦਾ ਜਾਪ ਅਰੰਭਿਆ ਸੀ ਅਸੀਂ ਵੀ ਤ੍ਰਿਸ਼ਨਾ ਅਤੇ ਭੁਖ ਦੇ ਵਿਰੁਧ ਮੋਰਚਾ ਖੋਹਲ ਦਈਏ। ਆਪਣੀਆਂ ਇਛਾਵਾਂ ਨੂੰ ਨਕੇਲ ਪਾਉਣ ਦਾ ਜਤਨ ਕਰੀਏ। ਸਾਨੂੰ ਭੁਖ ਲਗਦੀ ਹੈ, ਅਸੀਂ ਭੋਜਨ ਕਰਦੇ ਹਾਂ, ਭੁਖ ਮਿਟ ਜਾਂਦੀ ਹੈ। ਪਰ ਕੋਈ ਚੀਜ਼ ਬੜੀ

ਸਵਾਦੀ ਬਣਦੀ ਹੈ। ਅਸੀਂ ਪੇਟ ਭਰ ਖਾ ਲੈਂਦੇ ਹਾਂ ਭੁਖ ਮਿਟ ਜਾਂਦੀ ਹੈ ਪਰ ਅੱਖਾਂ ਨਹੀਂ ਰਜਦੀਆਂ। ਇਸ ਨੂੰ ਤ੍ਰਿਸ਼ਨਾ ਆਖਦੇ ਹਨ। ਸਤਿਗੁਰੂ ਦੇ ਦਰਸ਼ਨ ਕਰਨ ਨਾਲ ਭੁਖ ਅਤੇ ਤ੍ਰਿਸ਼ਨਾ ਦੋਵੇਂ ਮਿਟ ਜਾਂਦੇ ਹਨ।

ਇਸਦਾ ਅਰਥ ਇਹ ਹੋਇਆ ਕਿ ਸਤਿਗੁਰੂ ਦੇ ਦਰਸ਼ਨ ਕਰਨ ਜਾਣ ਲਗਿਆਂ ਸਾਰੀਆਂ ਇਛਾਵਾਂ, ਭੁਖ ਤੇ ਤ੍ਰਿਸ਼ਨਾਂ ਪਿਛੇ ਛੱਡ ਆਈਏ। ਨਹੀਂ ਤਾਂ ਸਤਿਗੁਰੂ ਦੇ ਦਰਸ਼ਨ ਦਾ ਸੁਖ ਪ੍ਰਾਪਤ ਨਹੀਂ ਹੋਣਾ.

"ਪੂਰਾ ਸਤਿਗੁਰੁ ਕਿਆ ਕਰੇ ਜਉ ਸਿਖਾਂ ਮਹਿ ਚੂਕ॥"
ਵਾਲੀ ਗਲ ਲਾਗੂ ਹੋ ਜਾਏਗੀ।

ਅਸੀਂ ਨਾਮ ਸਿਮਰਨ ਵਾਸਤੇ ਬੈਠਦੇ ਹਾਂ। ਜਿਸਤਰ੍ਹਾਂ ਸਰੀਰ ਨੂੰ ਤੰਦਰੁਸਤ ਰੱਖਣ ਵਾਸਤੇ ਚੌਬੀਸ ਘੰਟਿਆਂ ਵਿਚ ਇਕ ਘੰਟਾ ਕਸਰਤ ਦੀ ਜ਼ਰੂਰਤ ਹੁੰਦੀ ਹੈ ਇਸਤਰ੍ਹਾਂ ਆਤਮਾ ਨੂੰ ਤੰਦਰੁਸਤ ਰੱਖਣ ਵਾਸਤੇ ਘੱਟ ਤੋਂ ਘੱਟ ਇਕ ਘੰਟਾ ਨਾਮ ਸਿਮਰਨ ਜ਼ਰੂਰੀ ਹੋ ਜਾਂਦਾ ਹੈ। ਨਾਮ ਸਿਮਰਨ ਵੇਲੇ ਕੋਸ਼ਿਸ਼ ਏਹੀ ਹੋਣੀ ਚਾਹੀਦੀ ਹੈ ਕਿ ਕਿਸੇ ਵੀ ਚੀਜ਼ ਦਾ, ਕੋਈ ਫੁਰਨਾ ਨਾ ਹੋਵੇ। ਬੰਦਾ ਬਿਲਕੁਲ ਨਿਸ਼ਕਾਮ. ਹੋਵੇ।

ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥

ਸਾਡਾ ਮਨ ਇਕ ਤਾਰ ਘਰ ਹੈ। ਜਿਥੇ ਕਈ ਤਰ੍ਹਾਂ ਦੇ ਸੰਦੇਸ਼ ਲਗਾਤਾਰ ਔਂਦੇ ਅਤੇ ਜਾਂਦੇ ਰਹਿੰਦੇ ਹਨ। ਮੰਨ ਲਉ ਸਾਡੇ ਮਨ ਦੀ ਹਾਲਤ ਕ੍ਰੋਧ ਦੀ ਹੈ। ਕਿਸੇ ਵਿਅਕਤੀ ਪ੍ਰਤੀ ਸਾਨੂੰ ਬਹੁਤ ਕ੍ਰੋਧ ਆ ਰਿਹਾ ਹੈ। ਉਹ ਕ੍ਰੋਧ ਜਾ ਕੇ ਉਸਨੂੰ ਪਰੇਸ਼ਾਨ ਕਰੇਗਾ। ਉਸ ਦੇ ਕੰਮ ਵਿਚ ਰੁਕਾਵਟ ਪਾਵੇਗਾ। ਜਾਂਦਾ ਹੋਇਆ ਸਾਡਾ ਵੀ ਨੁਕਸਾਨ ਕਰੇਗਾ। ਜਦੋਂ ਅਸੀਂ ਕਿਸੇ ਵਲ ਇੱਕ ਉਂਗਲ ਉਠਾਂਦੇ ਹਾਂ ਤਾਂ ਤਿੰਨ ਉਂਗਲਾਂ ਸਾਡੇ ਆਪਣੇ ਵਲ ਉਠਦੀਆਂ ਹਨ। ਇਸ ਤੋਂ ਉਲਟ ਤੁਸਾਂ ਕਈ ਵਾਰ ਮਹਿਸੂਸ ਕੀਤਾ ਹੋਵੇਗਾ ਕਿ ਜਦੋਂ ਸਾਡੇ ਕਿਸੇ ਬਹੁਤ ਨਜ਼ਦੀਕੀ ਤੇ ਕੋਈ ਸੰਕਟ ਬਣਦਾ ਹੈ, ਉਸਦੇ ਸੰਦੇਸ਼ ਸਾਨੂੰ ਔਣੇ ਸ਼ੁਰੂ ਹੋ ਜਾਂਦੇ ਹਨ। ਜਦੋਂ ਕੋਈ ਖੁਸ਼ੀ ਦਾ ਸਬੱਬ ਬਣਦਾ ਹੈ ਉਸਦਾ ਅਹਿਸਾਸ ਵੀ ਮਨ ਨੂੰ ਹੁੰਦਾ ਹੈ। ਇਸ ਲਈ ਜੇ ਕਦੀ ਅਸੀਂ ਕਿਸੇ ਦਾ ਚੰਗਾ ਨਾ ਸੋਚ ਸਕੀਏ ਤਾਂ ਬੁਰਾ ਵੀ ਨਹੀਂ ਸੋਚਣਾ ਚਾਹੀਦਾ। ਕਿਉਂਕਿ ਕਿਸੇ ਦਾ ਬੁਰਾ ਸੋਚਣ ਨਾਲ ਅਸੀਂ ਆਪਣਾ ਹੀ ਨੁਕਸਾਨ ਕਰ ਰਹੇ ਹੁੰਦੇ ਹਾਂ।

ਜੇ ਅਸੀਂ ਅਠੇ ਪਹਿਰ ਬਸੰਤ ਮਨਾਣੀ ਚਾਹੁੰਦੇ ਹਾਂ ਤਾਂ ਫਿਰ ਕੀ ਕਰਨਾ ਹੋਵੇਗਾ? ਹੁਣ ਸਾਡੀ ਹਾਲਤ ਤਾਂ ਇਹ ਹੈ ਕਿ ਕੋਈ ਸਾਨੂੰ ਕੌੜੀ ਗੱਲ ਆਖ ਦੇਵੇ ਜਿਨਾਂ ਚਿਰ ਅਸੀਂ ਇਕ ਦੀਆਂ ਚਾਰ ਸੁਣਾ ਨਹੀਂ ਲੈਂਦੀਆਂ ਸਾਡਾ ਜਿਗਰਾ ਠੰਡਾ ਨਹੀਂ ਹੋਣਾ। ਪਰ ਅਸੀਂ ਸਤਿਗੁਰੂ ਦੀ ਸ਼ਰਨ ਔਂਦੇ ਹਾਂ ਉਥੋਂ ਸਾਨੂੰ ਪ੍ਰੇਰਨਾ ਮਿਲਦੀ ਹੈ ਕਿ ਮਾੜਾ ਪਾਸਾ ਛਡ ਕੇ ਚੰਗੇ ਵਲ ਆਈਏ। ਗੁਰੂ-ਪੀਰਾਂ ਦੀ ਡਿਊਟੀ ਇਕ ਜੱਜ ਵਾਲੀ ਹੁੰਦੀ ਹੈ। ਉਹ ਨਿਆਂ ਕਰਦੇ ਹਨ। ਜੇ ਚੰਗੇ ਕੰਮ ਦਾ ਨਤੀਜਾ ਚੰਗਾ ਨਾ ਹੋਵੇ ਤਾਂ ਚੰਗਿਆਈ ਵਲ ਆਵੇਗਾ ਕੌਣ।

ਸਤਿਗੁਰੁ ਵਡਾ ਕਰਿ ਸਾਲਾਹੀਐ
ਜਿਸੁ ਵਿਚਿ ਵਡੀਆ ਵਡਿਆਈਆ॥
ਸਹਿ ਮੇਲੇ ਤਾ ਨਦਰੀ ਆਈਆ॥
ਕਰਿ ਹੁਕਮੁ ਮਸਤਕਿ ਹਥੁ ਧਰਿ
ਵਿਚਹੁ ਮਾਰਿ ਕਢੀਆ ਬੁਰਿਆਈਆ॥
ਸਹਿ ਤੁਠੈ ਨਉ ਨਿਧਿ ਪਾਈਆ॥

ਬਸੰਤ, ਚੀਨੀ ਵਾਲੇ ਪਾਤਸ਼ਾਹ ਦਾ ਪ੍ਰਕਾਸ਼ ਉਤਸਵ ਹੈ। ਉਹਨਾਂ ਨੇ ਲੱਖਾਂ ਲੋਕਾਂ ਦੇ ਜੀਵਨ ਵਿਚ ਬਸੰਤ ਦੀ ਬਹਾਰ ਲੈ ਆਂਦੀ ਸੀ। ਗਿਆਨੀ ਗਿਆਨੀ ਸਿੰਘ ਅਨੁਸਾਰ:

ਪਾਇ ਕੇ ਹੁਕਮ ਪਰਮੇਸ਼ ਕਾ ਵਿਸ਼ੇਸ਼ ਫਿਰ,
ਰਾਮ ਮ੍ਰਿਗੇਸ਼ ਉਪਦੇਸ ਦੈਨ ਲਾਗਿਓ।
ਹੁਕੇ ਛਡਵਾਏ ਰਖਵਾਏ ਕੇਸ ਮੋਨਿਓ ਕੋ,
ਸੁਧਾ ਛਕ ਥਾਏ ਸਿਖ ਭਾਗ ਜਿਨੈ ਜਾਗਿਓ।
ਫੈਲਿਓ ਜਸ ਭਾਰੀ ਸਿੰਘ ਥੀਏ ਤਾਹਿ ਕੇ ਅਪਾਰੀ,
ਸਿਖ ਪੰਥ ਬਿਰਧਾਨੇ ਨਾਮ ਰਸ ਪਾ ਗਿਓ।
ਅਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ,
ਠਗੀ ਤਜ ਥੀਏ ਸੰਤ ਸਤਿਜੁਗ ਆਗਿਓ।

ਸਤਿਗੁਰੂ ਰਾਮ ਸਿੰਘ ਜੀ ਨੇ ੧੫ ਸਾਲ ਦੀ ਲਗਾਤਾਰ ਮਿਹਨਤ ਨਾਲ ਜਿਹੜੀ ਲੋਕਾਂ ਵਿਚ ਜਾਗਰੂਕਤਾ ਲਿਆਂਦੀ, ਉਹ ਜਦੋਂ ਫਲ ਦੇਣ ਤੇ ਆਈ ਉਸ ਵੇਲੇ ਇਕ ਐਸੀ ਘਟਨਾ ਘਟ ਗਈ ਕਿ ਅਕਾਸ਼ ਤੇ ਚੜ੍ਹੀ ਇਸ ਲਹਿਰ ਦੀ ਗੁਡੀ ਨੂੰ ਮੁੜ ਧਰਤੀ ਤੇ ਲੈ ਆਂਦਾ। ਤਿਆਰੀ ਪਛਮੀ ਪੰਜਾਬ ਵਲ ਹੋ ਰਹੀ ਸੀ। ਅਕਤੂਬਰ ੧੯੭੧ ਵਿਚ ਸੂਬਾ ਬ੍ਰਹਮਾ ਸਿੰਘ ਗੁਜਰਾਂਵਾਲੇ ਦੇ ਇਲਾਕੇ ਵਿਚ ਪ੍ਰਚਾਰ ਕਰ ਰਹੇ ਸਨ। ਆਪਣੇ ਕੋਲ ਪੈਸੇ ਨਕਦ ਰਖੋ ਕੋਈ ਮਕਾਨ ਨਾ ਬਣਾਓ। ਸਰਕਾਰ ਬਦਲਣ ਵਾਲੀ ਹੈ। ਜ਼ਮੀਨਾਂ, ਮਕਾਨ ਵੇਚ ਕੇ ਵੀ, ਪੈਸੇ ਨਕਦ ਰਖੋ। ਪਤਾ ਨਹੀਂ ਕਿਸ ਵੇਲੇ ਲੋੜ ਪੈ ਜਾਵੇ। ਰੂਸ ਨਾਲ ਮਿਲ ਕੇ ਦੇਸ਼ ਦੀ ਅਜ਼ਾਦੀ ਲਈ ਸੰਗਰਾਮ ਦਾ ਬਿਗੁਲ ਵੱਜਣ ਵਾਲਾ ਹੀ ਸੀ ਕਿ ਏਧਰ ਮਲੇਰਕੋਟਲਾ ਦਾ ਸਾਕਾ ਵਰਤ ਗਿਆ। ਸਤਿਗੁਰੂ ਜੀ ਨੂੰ ਪ੍ਰਦੇਸ ਜਾਣਾ ਪੈ ਗਿਆ। ਸਖ਼ਤੀਆਂ ਦੇ ਦੌਰ ਚਲ ਪਏ। ਪਰ ਨਾਮਧਾਰੀ ਪੰਥ ਦੇ ਹਿਰਦੇ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਸਦਾ ਬਣੀ ਹੋਈ ਹੈ।

ਅਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰੋਗਰਾਮ ਨੂੰ ਅਗੇ ਵਧਾ ਰਹੇ ਹਨ। ੧੯ ਜਗਾਹ ਨਾਮ ਸਿਮਰਨ ਦੀ ਵਰਨੀ ਚਲ ਰਹੀ ਹੈ। ਨਿਸ਼ਕਾਮ ਭਗਤੀ ਹੀ ਕੋਈ ਫਲ ਦੇ ਸਕਦੀ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਦੀ ਕਾਮਨਾ ਸਾਰੀਆਂ ਵਾਸ਼ਨਾਵਾਂ ਤੇ ਕਾਬੂ ਪਾਣ ਦਾ ਤਰੀਕਾ ਹੈ।

ਜੇ ਅਸੀਂ ਆਪਣੇ ਕੇਂਦਰ, ਜੋ ਕਿ ਸ੍ਰੀ ਸਤਿਗੁਰੂ ਜੀ ਹਨ, ਦੇ ਪ੍ਰੋਗਰਾਮ ਨੂੰ ਸਮਝੀਏ ਅਤੇ ਉਸਨੂੰ ਸਫਲ ਕਰਨ ਦਾ ਜਤਨ ਕਰੀਏ ਤਾਂ ਜ਼ਰੂਰ ਗੱਲ ਬਣ ਸਕਦੀ ਹੈ। ਅਜ ਵੀ ਜੇ ਅਸੀਂ ਸਤਿਗੁਰੂ ਜੀ ਦਾ ਪ੍ਰੋਗਰਾਮ ਪੂਰਾ ਕਰਨ ਵਿਚ ਆਪਣਾ ਯੋਗਦਾਨ ਨਹੀਂ ਦੇਂਦੇ ਤਾਂ ਸਾਡਾ ਕੰਮ ਇਤਿਹਾਸ ਵਿਰੋਧੀ ਹੋਵੇਗਾ। ਪਰ ਜੇ ਅਸੀਂ ਸਤਿਗੁਰੂ ਜੀ ਦੇ ਪ੍ਰੋਗਰਾਮ ਨੂੰ ਪੂਰੀ ਵਫ਼ਾਦਾਰੀ ਨਾਲ ਸਿਰੇ ਚੜ੍ਹਾਈਏ ਤਾਂ ਅਸੀਂ ਇਤਿਹਾਸ ਬਣਾ ਰਹੇ ਹੋਵਾਂਗੇ।

■

✍ ਦਲੀਪ ਸਿੰਘ ਨਾਮਧਾਰੀ

ਸਮਾਜ ਸੁਧਾਰਕ ਅਤੇ ਕ੍ਰਾਂਤੀ ਦੂਤ– ਸਤਿਗੁਰੂ ਰਾਮ ਸਿੰਘ ਜੀ

ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਾਦੁਰਭਾਵ ਪਿੰਡ ਭੈਣੀ ਰਾਈਆਂ ਜ਼ਿਲਾ ਲੁਧਿਆਣਾ ਵਿਚ ਮਾਘ ਸੁਦੀ ੫ ਸੰਮਤ ੧੮੭੨ ਬਿ., ੩ ਫਰਵਰੀ ੧੮੧੬ ਈ. ਨੂੰ ਬਾਬਾ ਜੱਸਾ ਸਿੰਘ ਦੇ ਘਰ ਹੋਇਆ। ਗਿਆਨੀ ਗਿਆਨ ਸਿੰਘ ਜੀਪੰਥ ਪ੍ਰਕਾਸ਼ ਵਿਚ ਲਿਖਦੇ ਹਨ:

ਸੋਈ ਨੌਤ ਫੁਰੀ ਆਇ ਸੰਮਤ ਬਹਤ੍ਰੈ ਮੈਂ,
ਮਾਘ ਸੁਦੀ ਪੰਚਮੀ ਸਵੇਰੇ ਗੁਰਵਾਰ ਕੈ।
ਜ਼ਿਲਾ ਲੁਦਿਹਾਣਾ ਗ੍ਰਾਮ ਭੈਣੀ ਨਾਮ ਜਾਣੈ ਆਮ,
ਅਵਤਰੇ ਸਿੰਘ ਰਾਮ ਕਲਮਲੈਂ ਟਾਰ ਕੈ।

੨੧ ਸਾਲ ਦੀ ਭਰ ਜਵਾਨੀ ਅਵਸਥਾ ਵਿਚ ਆਪ ਜੀ ਨੂੰ ਕੰਵਰ ਨੌ-ਨਿਹਾਲ ਸਿੰਘ ਦੀ ਰਜਮੈਂਟ ਵਿਚ ਰਹਿੰਦਿਆਂ ਸੰਮਤ ੧੮੯੮ ਬਿ. ਵਿਚ ਪਲਟਣ ਦੇ ਨਾਲ ਕਿਸੇ ਸਰਕਾਰੀ ਕੰਮ ਤੇ ਹਜ਼ਰੋ ਵੱਲ ਜਾਣਾ ਪਿਆ ਤਾਂ ਉਥੇ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰ ਨਾਮ ਦੀ ਦਾਤ ਪ੍ਰਾਪਤ ਕੀਤੀ। ਜਿਸ ਦੀ ਬਾਬਤ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:-

ਬਾਲਕ ਮ੍ਰਿਗੇਸ ਕਾ ਬਿਸੇਸ ਜਸ ਸੁਨ ਸੋਊ,
ਕੋਕਿਲ ਬਤਕ ਸੁਤ ਸਮ ਹੁਲਸਾਏ ਕੈ।
ਪੂਰਾ ਪੁੰਨਯ ਪੁੰਜ ਜਾਗਯੋ ਰੰਗਨ ਮੈਂ ਖੂਬ ਰਾਗਯੋ,
ਬਡਭਾਗੀ ਪ੍ਰੇਮ ਪਾਗਯੋ ਹਾਰੇ ਪਗ ਜਾਇ ਕੈ।
ਖੇਪ ਅਧਿਕਾਰੀ ਈਸ-ਅੰਸ ਅਵਤਾਰੀ,
ਤਬਿ ਬਾਲਕ ਮ੍ਰਿਗਾਰੀ ਦੀਉ ਨਾਮ ਮੁਦਬਾਇ ਕੈ।

ਇਥੋਂ ਨਾਮ ਦੀ ਦਾਤ ਪ੍ਰਾਪਤ ਕਰ ਅਤੇ ਗੁਰਿਆਈ ਦਾ ਤਿਲਕ ਲਵਾ ਨੌਕਰੀ ਛੌੜ ਵਾਪਸ ਸ੍ਰੀ ਭੈਣੀ ਸਾਹਿਬ ਆ ਕੇ ੨੦ ਵਰ੍ਹੇ ਘੋਰ ਤਪ ਕੀਤਾ। ਉਸ ਸਮੇਂ ਆਪ ਜੀ ਦੇ ਬਚਨਾਂ ਵਿਚ ਇੰਨੀ ਤਾਸੀਰ ਆ ਚੁੱਕੀ ਸੀ ਕਿ ਜੋ ਬਚਨ ਆਪ ਜੀ ਕਰਦੇ ਉਹ ਪੂਰਾ ਹੋ ਜਾਂਦਾ। ਇਸ ਸਮੇਂ ਜੋ ਆਪ ਜੀ ਨੂੰ ਅਕਾਲ ਪੁਰਖ ਦਾ ਹੁਕਮ ਆਇਆ ਤੇ ਉਸ ਨੂੰ ਕਿਵੇਂ ਲਾਗੂ ਕੀਤਾ ਇਸ ਬਾਰੇ ਗਿ. ਗਿਆਨੀ ਸਿੰਘ ਜੀ ਇੰਝ ਲਿਖਦੇ ਹਨ:-

ਬੀਸਕ ਬਰਸ ਜਬਿ ਸਰਸ ਬਿਤਾਏ ਐਸ,
ਬੰਦਗੀ ਜੁਹਦ ਜਾਪ ਕੀਨੋ ਮਨ ਲਾਇ ਕੈ।
ਦਾਸੀ ਜੋਊ ਨਾਮ ਕੀ ਪ੍ਰਕਾਸ਼ੀ ਰਿਧਿ ਸਿਧਿ ਸੋਊ,
ਭਾਸੀ ਬਾਣੀ ਮੈਂ ਤਸੀਰ ਭਜਨ ਪ੍ਰਭਾਇ ਕੈ।
ਭਈ ਤੇ ਅਕਾਸ਼ ਬਾਨੀ ਖਾਸ ਯੋ ਮਹਾਨੀ ਤਾਂਹਿ,
ਦੇਹ ਨਾਮ ਜੀਵਨ ਕੋ ਸੀਖ ਭੇਰਾ ਦਾਇਕੈ।
ਪੰਥ ਗੁਰੂ ਦਸਮ ਕੀ ਰਸਮ ਬਢਾਵੇ ਜਗਿ,
ਖਸਮ ਕਾ ਖਾਲਸਾ ਹੈ ਖਾਸ ਯੋ ਲਖਾਇ ਕੈ।

ਅਤੇ ਫੇਰ

ਪਾਇ ਏਹ ਹੁਕਮ ਪ੍ਰਮੇਸ ਕਾ ਬਿਸੇਸ ਫਿਰ,
ਰਾਮ ਮ੍ਰਿਗੇਸ ਉਪਦੇਸ ਦੈਨ ਲਾਗਿਉ।
ਹੁੱਕੇ ਛਡਵਾ ਕੈ ਰਖਵਾਏ ਕੇਸ ਮੋਨਯੋ ਕੇ,
ਸੁਧਾ ਛਕਿ ਬਾਏ ਸਿੱਖ ਭਾਗ ਜਿਨੈ ਜਾਗਿਉ।

ਆਪ ਜੀ ਨੇ ਉਸ ਸਮੇਂ ਫਜ਼ੂਲ ਰਸਮਾਂ ਰਿਵਾਜਾਂ ਦਾ ਤਿਆਗ ਕਰਵਾ ਸਮਾਜ ਵਿਚ ਇਕ ਇਨਕਲਾਬ ਲੈ ਆਂਦਾ। ਕੁੜੀਆਂ ਨੂੰ ਜੰਮਦਿਆਂ ਮਾਰ ਦੇਣਾ, ਵੱਟਾ ਕਰਨਾ, ਅਤੇ ਸਮਾਜ ਵਿਚਲੇ ਇਸ ਕੋੜ੍ਹ ਨੂੰ ਜੜ੍ਹੋਂ ਪੁੱਟ ਦੂਰ ਕੀਤਾ। ਸੰਮਤ ੧੯੨੦ ਬਿ: ਪਿੰਡ ਸਿਆੜ

ਜ਼ਿਲਾ ਲੁਧਿਆਣਾ ਵਿਖੇ ਇਸਤਰੀਆਂ ਨੂੰ ਵੀ ਖੰਡੇ ਦਾ ਅੰਮ੍ਰਿਤ ਛਕਾ ਪੰਜ ਕਕਾਰ ਦੇ ਧਾਰਨੀ ਬਣਾ ਦਿਤਾ। ਤਿੰਨ ਜੂਨ ਸੰਨ ੧੮੬੩ ਈ. ਨੂੰ ਪਿੰਡ ਖੋਟੇ ਜ਼ਿਲਾ ਫਿਰੋਜ਼ਪੁਰ (ਹੁਣ ਫਰੀਦਕੋਟ) ਵਿਖੇ ਛੇ ਅੰਤਰ ਜਾਤੀ ਆਨੰਦ ਕਾਰਜ ਦੀ ਨਵੀਂ ਰਸਮ ਤੋਰ ਕੇ ਤੇ ਪੁਰਾਣੀ ਵੇਦ ਰੀਤੀ ਵਾਲੇ ਵਿਆਹਾਂ ਦੀ ਰਸਮ ਨੂੰ ਖਤਮ ਕਰ ਕੇ ਨਵੀਂ ਪ੍ਰੰਪਰਾ ਦੀ ਸਿਰਜਣਾ ਕੀਤੀ। ਗਿ. ਗਿਆਨ ਸਿੰਘ ਜੀ ਲਿਖਦੇ ਹਨ:

ਸ੍ਰੀ ਰਾਮ ਸਿੰਘ ਕੂਕੇ ਪਹਿਲੇ।
ਅਨੰਦ ਸੁਛੰਦ ਪੜ੍ਹਾਏ ਸਹਿਲੇ।
ਤਿਨਕੋ ਦੇਖ ਔਰ ਸਿੱਖ ਘਨੇ,
ਲਗੇ ਅਨੰਦ ਪੜ੍ਹਾਵਨ ਤਨੇ। (ਭੁਪਿੰਦਰਾ ਨੰਦ)

ਇਸ ਤੋਂ ਇਲਾਵਾ ਵਿਧਵਾ ਵਿਆਹ ਦੀ ਖੁਲ੍ਹ ਦਿੱਤੀ। ਆਪ ਜੀ ਨੇ ਪ੍ਰਦੇਸ਼ ਤੋਂ ਜੋ ਹੁਕਮਨਾਮਾ ਲਿਖ ਭੇਜਿਆ :

"ਇਕ ਹੋਰ ਬਾਤ ਸਭ ਨੂੰ ਸੁਣਾ ਦੇਣੀ ਜੋ ਨਾ ਕੋਈ ਕੁੜੀ ਮਾਰੇ, ਨਾ ਵੇਚੇ, ਨਾ ਵੱਟਾ ਕਰੇ।....ਜੋ ਕੋਈ ਵੱਟਾ ਕਰੂਗਾ, ਬਿਆਜ ਲਊਗਾ, ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ ਉਸ ਦੇ ਨਾਲ ਨਹੀਂ ਵਰਤਣਾ।"

ਆਜ਼ਾਦੀ ਦੀ ਲੜਾਈ ਨੂੰ ਇਕ ਨਵੇਕਲੇ ਢੰਗ ਦਾ ਸ਼ਸਤਰ "ਅਸਹਿਯੋਗ ਅੰਦੋਲਨ" ਭਾਵ ਨਾ ਮਿਲਵਰਤਣ ਲਹਿਰ ਦਾ ਬਿਗਲ ਸਭ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਵਜਾਇਆ। ਇਸ ਦੀ ਪ੍ਰੋੜ੍ਹਤਾ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਜਿੰਦਰ ਪ੍ਰਸਾਦ ਨੇ ਇਨ੍ਹਾਂ ਸ਼ਬਦਾਂ ਵਿਚ ਕੀਤੀ:

"ਸਤਿਗੁਰੂ ਰਾਮ ਸਿੰਘ ਜੀ ਸੁਤੰਤਰਤਾ ਕੋ ਭੀ ਧਰਮ ਕਾ ਅੰਗ ਸਮਝਤੇ ਥੇ। ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਇਆ ਹੈ ਉਸ ਕਾ ਗੁਰੂ ਰਾਮ ਸਿੰਘ ਨੇ ਪ੍ਰਾਯ ਪਚਾਸ ਵਰਸ਼ ਪੂਰਵ ਹੀ ਨਾਮਧਾਰੀਓਂ ਮੇਂ ਪ੍ਰਚਾਰ ਕੀਆ ਥਾ। ਉਨ ਕੇ ਸਿਧਾਂਤੋਂ ਮੇਂ ਪਾਂਚ ਚੀਜੇਂ ਥੀ: (੧) ਸਰਕਾਰੀ ਨੌਕਰੀ ਕਾ ਵਹਿਸ਼ਕਾਰ, (੨) ਸਰਕਾਰੀ ਅਦਾਲਤੋਂ ਕਾ ਵਹਿਸ਼ਕਾਰ, (੩) ਸਰਕਾਰੀ ਸਕੂਲੋਂ ਕਾ ਵਹਿਸ਼ਕਾਰ, (੪) ਵਿਦੇਸ਼ੀ ਬਸਤਰੋਂ ਕਾ ਵਹਿਸ਼ਕਾਰ, (੫) ਐਸੇ ਕਾਨੂੰਨ ਮਾਨਨੇ ਸੇ ਇਨਕਾਰ ਜੋ ਆਪਣੀ ਆਤਮਾ ਕੇ ਵਿਰੁਧ ਹੈ। ਇਸ ਤੋਂ ਇਲਾਵਾ ਡਾਕ-ਪ੍ਰਣਾਲੀ ਦਾ ਪ੍ਰਬੰਧ ਵੀ ਆਪਣਾ ਵੱਖਰਾ ਕੀਤਾ।"

ਅੰਗਰੇਜ਼ ਨਾਲ ਲੜਾਈ ਨੂੰ ਹੋਰ ਤੇਜ ਕਰਨ ਲਈ ਆਪ ਜੀ ਨੇ ਕਾਬਲ, ਜੰਮੂ-ਕਸ਼ਮੀਰ, ਨੇਪਾਲ ਤੇ ਰੂਸ ਨਾਲ ਰਾਜਨੀਤਕ ਸੰਬੰਧ ਕਾਇਮ ਕੀਤੇ। ਸ. ਹੀਰਾ ਸਿੰਘ ਸਢੌਰਾ (ਅੰਬਾਲਾ) ਦੀ ਕਮਾਨ ਹੇਠ ਇਕ "ਕੂਕਾ ਪਲਟਨ" ਜੰਮੂ-ਕਸ਼ਮੀਰ ਦੇ ਮਹਾਰਾਜਾ ਨੇ ਕਾਇਮ ਕੀਤੀ। ਇਸੇ ਤਰ੍ਹਾਂ ਕਾਬਲ ਤੇ ਰੂਸ ਨਾਲ ਚਿੱਠੀ ਪੱਤਰ ਦਾ ਸਿਲਸਿਲਾ ਸੂਬਾ ਗੁਰਚਰਨ ਸਿੰਘ ਦੇ ਰਾਹੀਂ ਕੀਤਾ ਅਤੇ ਰੂਸ ਦੇ ਜਾਰ ਵਲੋਂ ਤੋਹਫਿਆਂ ਦਾ ਸਮੇਂ ਸਮੇਂ ਅਦਾਨ-ਪ੍ਰਦਾਨ ਕਰਨਾ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰੂਸ ਨਾਲ ਕਿੰਨੇ ਗੂੜ੍ਹੇ ਸੰਬੰਧ ਸਨ। ਇਸੇ ਤਰ੍ਹਾਂ ਨੇਪਾਲ ਦੇ ਰਾਣਾ ਜੰਗ ਬਹਾਦਰ ਨਾਲ ਵੀ ਗੁਪਤ ਸੰਬੰਧ ਤੇ ਤੋਹਫਿਆਂ ਦਾ ਅਦਾਨ ਪ੍ਰਦਾਨ ਹੁੰਦਾ ਰਿਹਾ।

ਅੰਗਰੇਜ਼ਾਂ ਦੀ 'ਫੁੱਟ ਪਾਓ ਤੇ ਰਾਜ ਕਰੋ' ਦੀ ਨੀਤੀ ਨੇ ਪੰਜਾਬ ਭਰ ਵਿਚ ਗਊ ਬੱਧ ਕਰਨ ਲਈ ਬੁੱਚੜਖਾਨੇ ਖੋਲ੍ਹ ਦਿੱਤੇ ਜਿਹੜੇ ਕਿ ਹਿੰਦੂ ਸਿੱਖਾਂ ਲਈ ਚੈਲੰਜ ਸੀ। ਅੰਗਰੇਜ਼ਾਂ ਦਾ ਉਦੋਂ ਇੰਨਾ ਦਬ-ਦਬਾ ਅਤੇ ਚੜ੍ਹਦੇ ਤੋਂ ਲਹਿੰਦੇ ਤਕ ਦਾ ਰਾਜ ਸੰਭਾਲਣ ਦੀ ਇੱਛਾ ਸੀ ਕਿ ਉਸ ਨੇ ਪੰਜਾਬ ਦੇ ਵੱਡੇ-ਵੱਡੇ ਲੀਡਰਾਂ ਨੂੰ ਆਪਣਾ ਦੁਬੇਲ ਬਣਾ ਲਿਆ ਹੋਇਆ ਸੀ। ਉਸ ਵਕਤ ਸਤਿਗੁਰੂ ਰਾਮ ਸਿੰਘ ਜੀ ਦੇ ਸੂਰਬੀਰ ਸਿਰਲਥ ਜੋਧਿਆਂ ਨੇ ਇਸ ਤਾਕਤ ਨੂੰ ਨੇਸਤੋਨਾਬੂਦ ਕਰਨ ਦਾ ਬੀੜਾ ਆਪਣੇ ਮੋਢਿਆਂ 'ਤੇ ਚੁਕਿਆ ਅਤੇ ਅੰਮ੍ਰਿਤਸਰ, ਰਾਏਕੋਟ ਤੇ ਮਲੇਰਕੋਟਲਾ ਦੇ ਬੁੱਚੜਖਾਨਿਆਂ ਵਿਚੋਂ ਬੁੱਚੜ ਮਾਰ, ਗਊਆਂ ਖੁਲ੍ਹੀਆਂ ਛੱਡ ਤੇ ਆਪ ਫਾਂਸੀਆਂ ਦੇ ਰੱਸੇ ਗਲਾਂ ਵਿਚ ਪਾ ਝੂਲ ਗਏ ਅਤੇ ਤੋਪਾਂ ਅੱਗੇ ਛਾਤੀਆਂ ਤਾਣ ਫੀਤਾ ਫੀਤਾ ਹੋ ਉੱਡੇ। ਜੇਕਰ ਕੱਦ ਮਧਰੇ ਹੋਣ ਦਾ ਬਹਾਨਾ ਬਣਾ ਕੇ ਛੱਡਣ ਦੀ ਗੱਲ ਚੱਲੀ ਤਾਂ ਸ਼ਹੀਦ ਭਾਈ ਵਰਿਆਮ ਸਿੰਘ ਵਰਗਿਆਂ ਨੇ ਢੀਮਾਂ ਹੀ ਇਕੱਠੀਆਂ ਕਰ ਉੱਤੇ ਖਲੋ ਕੇ ਵੰਗਾਰ ਕੇ ਸ਼ਹੀਦੀ ਪ੍ਰਾਪਤ ਕੀਤੀ। ਇਥੇ ਹੀ ਬੱਸ ਨਹੀਂ ਸ਼ਹੀਦ ਭਾਈ ਬਿਸ਼ਨ ਸਿੰਘ ਬਾਰਾਂ ਕੁ ਸਾਲ ਦੀ ਉਮਰ ਦਾ ਬੱਚਾ ਇਹ ਗੱਲ ਨਾ ਸਹਾਰਦਾ ਹੋਇਆ ਕਿ "ਜੇਕਰ ਇਹ ਕਹਿ ਦੇਵੇ ਕਿ (ਗੁਰੂ) ਰਾਮ ਸਿੰਘ ਦਾ ਸਿੱਖ ਨਹੀਂ ਤਾਂ ਇਸ ਨੂੰ ਛੱਡ ਦਿੱਤਾ ਜਾਂਦਾ ਹੈ" ਲਲਕਾਰ ਕੇ ਕਾਵਨ ਡਿਪਟੀ ਕਮਿਸ਼ਨਰ ਲੁਧਿਆਣਾ ਦੀ ਦਾੜ੍ਹੀ ਨੂੰ ਦੋਹਾਂ ਹੱਥਾਂ ਨਾਲ ਫੜ ਕੇ ਜ਼ੋਰ ਦੀ ਝਟਕਾ ਦੇ ਕੇ ਵੰਗਾਰਿਆ, "ਫੇਰ ਕਹੇਂਗਾ, ਬਿਲਿਆ! ਕਿ ਮੈਂ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ" ਤਲਵਾਰ ਨਾਲ ਸ਼ਹੀਦ ਤਾਂ ਹੋ ਗਿਆ ਪਰ ਅੰਗਰੇਜ਼ ਦੀ ਈਨ ਨਾ ਮੰਨੀ। ਨਾਮਧਾਰੀ ਅੰਦੋਲਨ ਵਿਚ ਮਲੇਰਕੋਟਲੇ ਦਾ ਸਾਕਾ ਇਕ ਚੜ੍ਹਤ ਤੇ ਜਲੌ ਵਾਲਾ ਪੜਾਅ ਸੀ। ਉਸ ਸਾਕੇ ਨੇ ਨਾਮਧਾਰੀਆਂ ਨੂੰ ਦੇਸ਼ ਭਗਤਾਂ ਦੀ ਕਤਾਰ ਵਿਚ ਸਭ ਤੋਂ ਮੂਹਰੇ ਖੜਾ ਕਰ ਦਿੱਤਾ। ਉਸ ਸਾਕੇ ਨਾਲ

ਅੰਗਰੇਜ਼ ਨਾਲ ਲੜਾਈ ਨੂੰ ਹੋਰ ਤੇਜ ਕਰਨ ਲਈ ਆਪ ਜੀ ਨੇ ਕਾਬਲ, ਜੰਮੂ-ਕਸ਼ਮੀਰ, ਨੇਪਾਲ ਤੇ ਰੂਸ ਨਾਲ ਰਾਜਨੀਤਕ ਸੰਬੰਧ ਕਾਇਮ ਕੀਤੇ। ਸ. ਹੀਰਾ ਸਿੰਘ ਸਢੌਰਾ (ਅੰਬਾਲਾ) ਦੀ ਕਮਾਨ ਹੇਠ ਇਕ "ਕੂਕਾ ਪਲਟਨ" ਜੰਮੂ-ਕਸ਼ਮੀਰ ਦੇ ਮਹਾਰਾਜਾ ਨੇ ਕਾਇਮ ਕੀਤੀ। ਇਸੇ ਤਰ੍ਹਾਂ ਕਾਬਲ ਤੇ ਰੂਸ ਨਾਲ ਚਿੱਠੀ ਪੱਤਰ ਦਾ ਸਿਲਸਿਲਾ ਸੂਬਾ ਗੁਰਚਰਨ ਸਿੰਘ ਦੇ ਰਾਹੀਂ ਕੀਤਾ ਅਤੇ ਰੂਸ ਦੇ ਜਾਰ ਵਲੋਂ ਤੋਹਫਿਆਂ ਦਾ ਸਮੇਂ ਸਮੇਂ ਅਦਾਨ-ਪ੍ਰਦਾਨ ਕਰਨਾ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰੂਸ ਨਾਲ ਕਿੰਨੇ ਗੂੜ੍ਹੇ ਸੰਬੰਧ ਸਨ। ਇਸੇ ਤਰ੍ਹਾਂ ਨੇਪਾਲ ਦੇ ਰਾਣਾ ਜੰਗ ਬਹਾਦਰ ਨਾਲ ਵੀ ਗੁਪਤ ਸੰਬੰਧ ਤੇ ਤੋਹਫਿਆਂ ਦਾ ਅਦਾਨ ਪ੍ਰਦਾਨ ਹੁੰਦਾ ਰਿਹਾ।

ਸਾਰੇ ਹਿੰਦੁਸਤਾਨ ਦੀ ਧਰਤੀ ਕੰਬ ਗਈ ਤੇ ਸੰਗਰਾਮੀਆਂ ਦੀਆਂ ਨਜ਼ਰਾਂ ਕੂਕਿਆਂ ਵਲ ਟਿਕ ਗਈਆਂ। ਇਸ ਸ਼ਹੀਦੀ ਸਾਕੇ ਨੂੰ ਇਕ ਕਵੀ ਨੇ ਇਨ੍ਹਾਂ ਸ਼ਬਦਾਂ ਵਿਚ ਨਿਰੂਪਮ ਕੀਤਾ ਹੈ:-

ਛਾਤੀ ਤਾਣ ਕੇ ਸੂਰਮੇ ਖੜ੍ਹ ਗਏ,
ਗੋਰੇ ਦੀ ਤੋਪ ਬੁੜ੍ਹਕੀ।
ਸਿੰਘ ਕੋਈ ਨਾ ਤੋਪ ਤੋਂ ਡਰਦਾ,
ਹੱਸ ਹੱਸ ਆਏ ਸਾਹਮਣੇ।
ਗੋਰਾ ਮੇਮ ਸਾਬ ਨੂੰ ਆਖੇ,
ਹਿੰਦੀਆਂ ਦੇ ਜੋਸ਼ ਬੁਰੇ।

ਇਸ ਸਾਕੇ ਦੀ ਵਾਰਦਾਤ ਸਮੇਂ ੧੮ ਜਨਵਰੀ, ੧੮੭੨ ਈ. ਦੀ ਸਵੇਰ ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਸਰਕਾਰ ਨੇ ਜਲਾਵਤਨ ਕਰ ਦਿੱਤਾ। ਕੂਕਿਆਂ ਤੇ ਇਕ ਕਹਿਰ ਵਿਛੋੜੇ ਦਾ ਮਾਰੂ ਝੱਖੜ ਝੁਲਿਆ, ਜਿਹੜਾ ਕਿ ਕੂਕਿਆਂ ਲਈ ਅਸਹਿ ਸੀ।

'ਟੁੱਟ ਜਾਏਂ ਰੇਲ ਗੱਡੀਏ, ਸੱਚੇ ਗੁਰਾਂ ਦਾ ਵਿਛੋੜਾ ਪਾਇਆ'। ਆਮ ਪੜ੍ਹਿਆ ਜਾਂਦਾ ਸੀ।

ਉਸ ਸਮੇਂ ਮਾਲਵੇ ਦੀਆਂ ਸਿੱਖ ਰਿਆਸਤਾਂ ਦੇ ਮਹਾਰਾਜੇ ਤੇ ਗੁਰਦੁਆਰਿਆਂ ਦੇ ਪੁਜਾਰੀ ਅੰਗਰੇਜ਼ ਹਕੂਮਤ ਦੇ ਪਿੱਠੂ ਸਨ, ਉਨ੍ਹਾਂ ਨੇ ਸਰਕਾਰ ਨੂੰ ਲਿਖਿਆ ਕਿ ਕੂਕਿਆਂ ਦੇ ਗੁਰੂ ਨੂੰ ਵਾਪਸ ਨਹੀਂ ਆਉਣ ਦੇਣਾ ਚਾਹੀਦਾ।

ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਬਾਅਦ ਨਾਮਧਾਰੀਆਂ ਤੇ ਅਸਹਿ ਤੇ ਅਕਹਿ ਜ਼ੁਲਮ ਢਾਏ ਗਏ। ਇਨ੍ਹਾਂ ਨਾਮਧਾਰੀਆਂ ਦੀਆਂ ਕੁਰਬਾਨੀਆਂ ਤੇ ਘਾਲਣਾ ਸਦਕਾ ਅੱਜ ਹਿੰਦੁਸਤਾਨ ਆਜ਼ਾਦ ਹੈ ਅਤੇ ਅਸੀਂ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ।

ਸਤਿਗੁਰੂ ਰਾਮ ਸਿੰਘ ਜੀ ਬਾਬਤ ਬਰ੍ਹਮਾਂ ਦੇ ਉਸ ਵਕਤ ਦੇ ਚੀਫ ਕਮਿਸ਼ਨਰ ਸਰ ਚਾਰਲਸ ਬਰਨਾਰਡ ਨੇ ੨੩ ਅਗਸਤ ਸੰਨ ੧੮੮੬ ਨੂੰ ਆਪਣੇ ਇਕ ਮਿੱਤਰ ਸ. ਅਤਰ ਸਿੰਘ ਭਦੌੜੀਏ ਨੂੰ ਚਿੱਠੀ ਰਾਹੀਂ ਲਿਖਿਆ ਹੈ "(ਗੁਰੂ) ਰਾਮ ਸਿੰਘ ਕੂਕਾ ਐਸੀ ਦੂਰ ਥਾਂ 'ਤੇ ਬਦਲਿਆ ਜਾ ਰਿਹਾ ਹੈ ਜਿਥੇ (ਕੂਕਿਆਂ ਦਾ) ਉਨ੍ਹਾਂ ਨਾਲ ਸੰਪਰਕ ਕਰਨਾ ਸੌਖਾ ਨਹੀਂ ਹੋਵੇਗਾ।" ਇਸ ਤੋਂ ਬਿਨਾਂ ਹੋਰ ਕਿੰਨੇ ਹੀ ਪ੍ਰਮਾਣ ਹਨ ਜਿਹੜੇ ਇਹ ਸਿੱਧ ਕਰਦੇ ਹਨ ਕਿ ਸਤਿਗੁਰੂ ਰਾਮ ਸਿੰਘ ਜੀ ਨੇ ੧੮੮੫ ਵਿਚ ਰੰਗੂਨ ਵਿਖੇ ਸਰੀਰ ਨਹੀਂ ਛਡਿਆ ਬਲਕਿ ਮਰਗੋਈ ਤੋਂ ਬਾਅਦ ਉਹ ਉਥੋਂ ਅਲੋਪ ਹੋ ਗਏ, ਜਿਨ੍ਹਾਂ ਦੇ ਮੁੜ ਆਉਣ ਦੀ ਉਡੀਕ ਵਿਚ ਨਾਮਧਾਰੀ ਅੱਜ ਵੀ ਅੱਖਾਂ ਵਿਛਾਈ ਬੈਠੇ ਹਨ।

ਉਸ ਮਹਾਨ ਸਤਿਗੁਰੂ ਰਾਮ ਸਿੰਘ ਜੀ ਦੀ ਗੱਦੀ ਪਰ ਐਸ ਵੇਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਿਰਾਜਮਾਨ ਹਨ। ਜਿਨ੍ਹਾਂ ਨੇ ਵਿਸ਼ਵ ਸ਼ਾਂਤੀ, ਮਾਨਵ ਭਲਾਈ ਅਤੇ ਪਹਿਲੇ ਗੁਰੂ ਸਾਹਿਬਾਨਾਂ ਦੀ ਚਲਾਈ ਹੋਈ ਰੀਤੀ, ਨਾਮ ਬਾਣੀ ਦੇ ਪ੍ਰਵਾਹ ਨੂੰ ਅਤੇ ਗੁਰਬਾਣੀ ਨੂੰ ਸ਼ੁਧ ਰਾਗਾਂ ਰਾਹੀਂ ਤੰਤੀ ਸਾਜ਼ਾਂ ਨਾਲ ਕੀਰਤਨ ਪ੍ਰਥਾ ਨੂੰ ਜਿਉਂ ਦਾ ਤਿਉਂ ਕਾਇਮ ਰਖਿਆ ਹੋਇਆ ਹੈ।

■

ਸਤਿਗੁਰੂ ਜਗਜੀਤ ਸਿੰਘ ਜੀ
ਦੇ ਜਨਮ ਦਿਨ ਦੀ ਖੁਸ਼ੀ ਵਿਚ

ਜਗਜੀਤ ਜਗ ਜਿਤਿਆ

■ ਹਰਭਜਨ ਸਿੰਘ 'ਰਤਨ'

ਜਗਜੀਤ ਜਗ ਜਿਤਿਆ, ਅਤੇ ਨਾਮ ਵਾਲਾ ਡੰਕਾ ਵਜਾਇਆ।
ਰੋਗ ਸੋਗ ਉਹਦੇ ਮਿਟ ਗਏ, ਜਿਸਨੇ ਦਰਸ ਏਸ ਦਾ ਪਾਇਆ।

ਨਾਨਕ ਤੇ ਗੋਬਿੰਦ ਗੁਰੂ ਦੀ, ਇਸ ਦੀ ਪਿਠ ਤੇ ਹੈ ਸ਼ਕਤੀ ਭਾਰੀ।
ਸਤਿਗੁਰੂ ਰਾਮ ਸਿੰਘ ਦੀ ਮਿਲੀ ਭਗਤੀ ਏਸ ਨੂੰ ਸਾਰੀ।

ਸਤਿਗੁਰੂ ਹਰੀ ਸਿੰਘ ਦਾ ਤਪ ਤੇਜ ਇਹਦੇ ਹਿਸੇ ਵਿਚ ਆਇਆ।
ਰੋਗ ਸੋਗ ਉਹਦੇ ਮਿਟ ਗਏ, ਜਿਸਨੇ ਦਰਸ ਏਸ ਦਾ ਪਾਇਆ।

ਏਹਦੇ ਵਿਚ ਜੋਤ ਵੇਖਕੇ, ਇਸਨੂੰ ਝੁਕਦਾ ਹੈ ਸਾਰਾ ਜ਼ਮਾਨਾ।
ਸੇਵਾ ਸਿਮਰਨ, ਨੇਕੀ ਵਾਲੜਾ, ਇਹਨੇ ਭਰ ਭਰ ਵੰਡਿਆ ਖ਼ਜ਼ਾਨਾ।

ਸਤਿਗੁਰੂ ਪ੍ਰਤਾਪ ਸਿੰਘ ਨੇ, ਇਹਨੂੰ ਜਾਨਸ਼ੀਨ ਆਪਣਾ ਬਣਾਇਆ।
ਰੋਗ ਸੋਗ ਉਹਦੇ ਮਿਟ ਗਏ, ਜਿਸਨੇ ਦਰਸ ਏਸ ਦਾ ਪਾਇਆ।

ਜੋ ਵੀ ਇਹਦੇ ਦਰ ਆ ਗਿਆ, ਤਨ ਮਨ ਦਾ ਉਸ ਰੋਗ ਗੁਆਇਆ।
ਝੋਲੀ ਭਰ ਹਾਸੇ ਲੈ ਗਿਆ, ਇਹਦੇ ਦਰ ਤੇ ਜੋ ਅਥਰੂ ਲਿਆਇਆ.

ਸੁਚਤਾ ਤੇ ਸਾਦਗੀ ਦਾ ਇਹਨੇ ਜਗ ਤਾਈਂ ਸਬਕ ਪੜ੍ਹਾਇਆ।
ਰੋਗ ਸੋਗ ਉਹਦੇ ਮਿਟ ਗਏ, ਜਿਸਨੇ ਦਰਸ ਏਸ ਦਾ ਪਾਇਆ।

ਰਜ ਰਜ ਪੀਵੋ ਪਿਆਰਿਓ, ਖੁਲਾ ਨਾਮ ਵਾਲਾ ਇਸਦਾ ਮੈਖ਼ਾਨਾ।
ਇਕ ਘੁਟ ਜੇਹੜਾ ਪੀ ਲਵੇ, ਬਣੇ ਸਦਾ ਲਈ ਏਸ ਦਾ ਦੀਵਾਨਾ।

ਵੇਲਾ ਹਥ ਨਹੀਂ ਜੇ ਆਵਣਾ, ਜੋ ਵੀ ਖੁੰਝਿਆ ਓਹੀ ਪਛਤਾਇਆ।
ਰੋਗ ਸੋਗ ਉਹਦੇ ਮਿਟ ਗਏ, ਜਿਸਨੇ ਦਰਸ ਏਸ ਦਾ ਪਾਇਆ।

ਦੋਹਾਂ ਹੀ ਜਹਾਨਾਂ ਵਾਲੀਆਂ, ਦਾਤਾਂ ਮਿਲਦੀਆਂ ਏਸ ਦੇ ਦੁਆਰੇ।
ਸ਼ਰਧਾ ਦੀ ਘਾਟ ਨਾ ਹੋਵੇ, ਬੰਦਾ ਸਿਦਕੋਂ ਮੂਲ ਨਾ ਹਾਰੇ।

ਲੋਕਾਂ ਦੀ ਮੈਂ ਗੱਲ ਕੀ ਕਰਾਂ, 'ਰਤਨ' ਆਪ ਮੈਂ ਇਹਨੂੰ ਅਜ਼ਮਾਇਆ।
ਰੋਗ ਸੋਗ ਉਹਦੇ ਮਿਟ ਗਏ, ਜਿਸਨੇ ਦਰਸ ਏਸ ਦਾ ਪਾਇਆ।

■

✍ ਸੁਖਦੇਵ ਮਾਦਪੁਰੀ

ਮਹਾਨ ਸੁਤੰਤਰਤਾ ਸੈਨਾਨੀ ਸਤਿਗੁਰੂ ਰਾਮ ਸਿੰਘ

ਸੈਂਕੜੇ ਵਰ੍ਹੇ ਪਹਿਲਾਂ ਅੰਗਰੇਜ਼ "ਈਸਟ ਇੰਡੀਆ ਕੰਪਨੀ" ਬਣਾ ਕੇ ਭਾਰਤ ਵਿਚ ਵਪਾਰ ਕਰਨ ਆਏ ਸਨ ਤੇ ਹੌਲੀ ਹੌਲੀ ਭਾਰਤ ਵਾਸੀਆਂ ਦੀ ਆਪਸੀ ਫੁਟ ਕਰਕੇ ਏਥੇ ਰਾਜ ਕਰਨ ਲੱਗੇ। ਅੰਗਰੇਜ਼ ਸੈਂਕੜੇ ਵਰ੍ਹੇ ਭਾਰਤ ਦਾ ਧਨ-ਦੌਲਤ ਲੁੱਟ ਕੇ ਆਪਣੇ ਦੇਸ ਬਰਤਾਨੀਆਂ ਭੇਜਦੇ ਰਹੇ-ਉਹ ਭਾਰਤ ਜਿਸਨੂੰ ਅਮੀਰੀ ਕਾਰਨ 'ਸੋਨੇ ਦੀ ਚਿੜੀ' ਆਖਿਆ ਜਾਂਦਾ ਸੀ- ਕੰਗਾਲ ਹੋ ਗਿਆ।

ਪਿਛਲ-ਝਾਤ:

ਤੁਸੀਂ ਬਹੁਤ ਹੀ ਖੁਸ਼ਨਸੀਬ ਹੋ ਜਿਹੜੇ ਆਜ਼ਾਦ ਭਾਤਰ ਵਿਚ ਵਸ ਰਹੇ ਹੋ। ਆਜ਼ਾਦ ਭਾਰਤੀ ਹੋਣ ਦੇ ਨਾਤੇ ਤੁਸੀਂ ਸੰਸਾਰ ਭਰ ਵਿਚ ਬੜੇ ਮਾਣ-ਸਤਿਕਾਰ ਨਾਲ ਵਿਚਰ ਰਹੇ ਹੋ। ਉਹ ਵੀ ਸਮਾਂ ਸੀ ਜਦੋਂ ਸਾਡਾ ਦੇਸ ਅੰਗਰੇਜ਼ ਸਾਮਰਾਜ ਦਾ ਗ਼ੁਲਾਮ ਸੀ। ਸੈਂਕੜੇ ਵਰ੍ਹੇ ਪਹਿਲਾਂ ਅੰਗਰੇਜ਼ "ਈਸਟ ਇੰਡੀਆ ਕੰਪਨੀ" ਬਣਾ ਕੇ ਭਾਰਤ ਵਿਚ ਵਪਾਰ ਕਰਨ ਆਏ ਸਨ ਤੇ ਹੌਲੀ ਹੌਲੀ ਭਾਰਤ ਵਾਸੀਆਂ ਦੀ ਆਪਸੀ ਫੁਟ ਕਰਕੇ ਏਥੇ ਰਾਜ ਕਰਨ ਲੱਗੇ।

ਅੰਗਰੇਜ਼ ਸੈਂਕੜੇ ਵਰ੍ਹੇ ਭਾਰਤ ਦਾ ਧਨ-ਦੌਲਤ ਲੁੱਟ ਕੇ ਆਪਣੇ ਦੇਸ ਬਰਤਾਨੀਆਂ ਭੇਜਦੇ ਰਹੇ-ਉਹ ਭਾਰਤ ਜਿਸਨੂੰ ਅਮੀਰੀ ਕਾਰਨ 'ਸੋਨੇ ਦੀ ਚਿੜੀ' ਆਖਿਆ ਜਾਂਦਾ ਸੀ- ਕੰਗਾਲ ਹੋ ਗਿਆ। ਆਮ ਭਾਰਤੀ ਆਏ ਦਿਨ ਗ਼ਰੀਬ ਤੋਂ ਗ਼ਰੀਬ ਹੁੰਦੇ ਗਏ। ਗ਼ੁਲਾਮੀ ਨਾਲੋਂ ਵੱਡੀ ਲਾਹਨਤ ਹੋਰ ਕੀ ਹੋ ਸਕਦੀ ਹੈ। ਅਸੀਂ ਅੰਗਰੇਜ਼ਾਂ ਦੇ ਸਮਾਜਕ ਤੌਰ ਤੇ ਅਤੇ ਦਿਮਾਗੀ ਤੌਰ ਤੇ ਵੀ ਗ਼ੁਲਾਮ ਬਣ ਕੇ ਰਹਿ ਗਏ ਸਾਂ। ਇਸੇ ਲਾਹਨਤ ਕਰਕੇ ਆਪਣੇ ਦੇਸ ਅਤੇ ਦੇਸ ਤੋਂ ਬਾਹਰ ਵਸਦੇ ਭਾਰਤੀਆਂ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ। ਨਾ ਭਾਰਤੀਆਂ ਨੂੰ ਵੱਡੀਆਂ ਨੌਕਰੀਆਂ ਤੇ ਲਾਇਆ ਜਾਂਦਾ ਸੀ ਤੇ ਨਾ ਹੀ ਹੋਰ ਮਾਣ ਸਤਿਕਾਰ ਵਾਲਾ ਕੰਮ ਸੌਂਪਿਆ ਜਾਂਦਾ ਸੀ- ਏਥੋਂ ਤੱਕ ਕਿ ਭਾਰਤੀ ਅਜਿਹੇ ਹੋਟਲਾਂ, ਕਲੱਬਾਂ ਤੇ ਜਨਤਕ ਸਥਾਨਾਂ ਵਿਚ ਦਾਖਲ ਨਹੀਂ ਸੀ ਹੋ ਸਕਦੇ ਜਿੱਥੇ ਅੰਗਰੇਜ਼ ਜਾਂਦੇ ਸਨ- ਉਹ ਅੰਗਰੇਜ਼ ਮੁਸਾਫ਼ਰਾਂ ਨਾਲ ਰੇਲ ਗੱਡੀ ਵਿਚ ਵੀ ਸਫ਼ਰ ਨਹੀਂ ਸੀ ਕਰ ਸਕਦੇ। ਕੇਡੀ ਹੀਣਤਾ ਭਰੀ ਜ਼ਿੰਦਗੀ ਅਸੀਂ ਜੀ ਰਹੇ ਸਾਂ।

ਗ਼ੁਲਾਮੀ ਦੇ ਜੂਲੇ ਨੂੰ ਗਲੋਂ ਲਾਹੁਣ ਲਈ ਭਾਰਤ ਵਾਸੀਆਂ ਨੂੰ ਬਹੁਤ ਕੁਰਬਾਨੀਆਂ ਦੇਣੀਆਂ ਪਈਆਂ ਹਨ। ਅਜ਼ਾਦੀ ਸਾਨੂੰ ਸੌਖਿਆਂ ਨਹੀਂ ਮਿਲੀ।

ਭਾਰਤ ਦੀ ਅਜ਼ਾਦੀ ਦੀ ਕਹਾਣੀ ਦਿਲ ਹਲੂਣ ਕੇ ਰੱਖ ਦੇਣ ਵਾਲੀ ਕਹਾਣੀ ਹੈ। ਭਾਰਤ ਦੇ ਹਰ ਪ੍ਰਾਂਤ ਦੇ ਲੋਕਾਂ ਨੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ, ਜਾਨੋਮਾਲ ਦੀਆਂ ਕੁਰਬਾਨੀਆਂ ਦੇ ਕੇ ਇਸ ਸੰਗਰਾਮ ਵਿਚ ਆਪਣਾ ਯੋਗਦਾਨ ਪਾਇਆ ਹੈ। ਲੱਖਾਂ ਹੀ ਭਾਰਤੀ ਅੰਗਰੇਜ਼ ਸਾਮਰਾਜ ਦੀਆਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਤਸੀਹੇ ਸਹਿੰਦੇ ਰਹੇ, ਹਜ਼ਾਰਾਂ ਸੁਤੰਤਰਤਾ ਸੰਗਰਾਮੀ ਹੱਸ ਹੱਸ ਫਾਂਸੀ ਦੇ ਰੱਸਿਆਂ ਨਾਲ ਲਟਕ ਗਏ। ਇਹਨਾਂ ਸੂਰਬੀਰ ਮਰਜੀਵੜੇ ਅਜ਼ਾਦੀ ਸੰਗਰਾਮੀਆਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਅਸੀਂ ਅਜ਼ਾਦੀ ਦਾ ਆਨੰਦ ਮਾਣ ਰਹੇ ਹਾਂ।

ਅਸਲ ਵਿਚ ਅੰਗਰੇਜ਼ਾਂ ਦੇ ਭਾਰਤ ਵਿਚ ਆਉਣ ਨਾਲ ਹੀ ਭਾਰਤ ਦੀ ਅਜ਼ਾਦੀ ਦੀ ਕਹਾਣੀ ਦੀ ਸ਼ੁਰੂਆਤ ਹੋ ਜਾਂਦੀ ਹੈ। ਭਾਰਤੀਆਂ ਦੇ ਦਿਲਾਂ ਵਿਚ ਅੰਗਰੇਜ਼ਾਂ ਵਿਰੁੱਧ ਰੋਹ, ਰੋਸ ਤੇ ਵਿਦਰੋਹ ਦੀ ਚਿੰਗਾਰੀ ਤਾਂ ਸ਼ੁਰੂ ਤੋਂ ਹੀ ਭੜਕ ਰਹੀ ਸੀ ਪਰੰਤੂ ਜਥੇਬੰਦਕ ਰੂਪ ਇਸ ਨੇ ਕਾਫੀ ਚਿਰ ਮਗਰੋਂ ਧਾਰਨ ਕੀਤਾ। ਅੰਗਰੇਜ਼ ਸਰਕਾਰ ਵਿਰੋਧੀ ਸੰਗਰਾਮ ਦਾ ਜਥੇਬੰਦਕ ਰੂਪ ਵਿਚ ਪਹਿਲਾ

ਪੜਾ ੧੮੫੭ ਦਾ ਗਦਰ ਹੈ ਜਿਸਨੂੰ ਇਤਿਹਾਸਕਾਰ ਭਾਰਤ ਦੀ ਆਜ਼ਾਦੀ ਦੀ ਪਹਿਲੀ ਲੜਾਈ ਆਖਦੇ ਹਨ। ੧੦ ਮਈ ੧੮੫੭ ਈ. ਨੂੰ ਮੇਰਠ ਛਾਉਣੀ ਤੋਂ ਮੰਗਲ ਪਾਂਡੇ ਨਾਂ ਦੇ ਭਾਰਤੀ ਸਿਪਾਹੀ ਨੇ ਆਪਣੇ ਫੌਜੀ ਅੰਗਰੇਜ਼ ਅਫਸਰ ਦੀ ਗੋਲੀ ਨਾਲ ਹੱਤਿਆ ਕਰਕੇ ਇਸ ਬਗ਼ਾਵਤ ਦਾ ਬਿਗਲ ਬਜਾ ਦਿੱਤਾ। ਇਸ ਬਗ਼ਾਵਤ ਵਿਚ ਲੱਖਾਂ ਕਿਸਾਨਾਂ, ਕਿਰਤੀਆਂ ਅਤੇ ਸਿਪਾਹੀਆਂ ਨੇ ਭਾਗ ਲਿਆ। ਇਹ ਬਗ਼ਾਵਤ ਪੰਜਾਬ, ਨਰਮਦਾ, ਬਿਹਾਰ ਅਤੇ ਰਾਜਸਥਾਨ ਤਕ ਫੈਲ ਗਈ। ਭਾਵੇਂ ਅੰਗਰੇਜ਼ਾਂ ਨੇ ਇਹ ਬਗ਼ਾਵਤ ਅਥਾਹ ਸਖਤੀ ਨਾਲ ਦਬਾ ਦਿੱਤੀ ਤੇ ਸਮੁੱਚੇ ਭਾਰਤ ਤੇ ਆਪਣਾ ਕਬਜ਼ਾ ਮਜ਼ਬੂਤ ਕਰ ਲਿਆ ਪਰ ਆਮ ਲੋਕਾਂ ਵਿਚ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਦੀ ਚਿਣਗ ਮਘਦੀ ਰਹੀ।

ਜਦੋਂ ਭਾਰਤ ਵਿਚ ਅੰਗਰੇਜ਼ ਆਪਣੀ ਕੁਟਲ ਨੀਤੀ ਅਨੁਸਾਰ ਆਪਣਾ ਰਾਜ ਸਥਾਪਿਤ ਕਰਨ ਵਿਚ ਲੱਗੇ ਹੋਏ ਸਨ ਉਦੋਂ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ। ਉਹ ਇਕ ਇਨਸਾਫ ਪਸੰਦ ਰਾਜਾ ਸੀ। ਸਾਰੀ ਪਰਜਾ ਉਸ ਨੂੰ ਬਹੁਤ ਪਿਆਰ ਕਰਦੀ ਸੀ। ਸਾਰੇ ਧਰਮਾਂ ਦੇ ਲੋਕ ਹਿੰਦੂ, ਮੁਸਲਮਾਨ, ਸਿੱਖ ਉਸ ਦੀਆਂ ਫ਼ੌਜਾਂ ਅਤੇ ਪ੍ਰਬੰਧਕੀ ਕੰਮਾਂ ਦੇ ਵੱਡੇ ਵੱਡੇ ਅਹੁਦਿਆਂ ਤੇ ਲੱਗੇ ਹੋਏ ਸਨ। ਉਹ ਜਨਤਾ ਦਾ ਸੱਚਾ ਸੇਵਕ ਬਣ ਕੇ ਲੋਕਾਂ ਵਿਚ ਵਿਚਰਦਾ ਸੀ। ਉਸ ਸਮੇਂ ਸਹੀ ਅਰਥਾਂ ਵਿਚ ਪੰਜਾਬ ਵਿਚ ਪੰਜਾਬੀਆਂ ਦਾ ਸਾਂਝਾ ਰਾਜ ਸੀ। ਮਹਾਰਾਜਾ ਰਣਜੀਤ ਸਿੰਘ ਦੇ ਕੁਸ਼ਲ ਪ੍ਰਬੰਧਕ ਅਤੇ ਸ਼ਾਸ਼ਕ ਰਾਜਾ ਹੋਣ ਕਰਕੇ ਆਮ ਲੋਕ ਖ਼ੁਸ਼ੀਆਂ ਭਰਪੂਰ ਜ਼ਿੰਦਗੀ ਬਤੀਤ ਕਰ ਰਹੇ ਸਨ। ਰਣਜੀਤ ਸਿੰਘ ਬੁਧੀਵਾਨ ਤੇਜਸਵੀ ਰਾਜਾ ਸੀ ਜਿਸ ਕਰਕੇ ਉਸ ਦੇ ਜਿਉਂਦੇ ਜੀ ਅੰਗਰੇਜ਼ ਉਸ ਦੇ ਰਾਜ ਵੱਲ ਭੈੜੀ ਨਿਗਾਹ ਨਾਲ ਝਾਕਣ ਦੀ ਹਿੰਮਤ ਨਹੀਂ ਸੀ ਕਰ ਸਕੇ ਸਗੋਂ ਉਸ ਨਾਲ ਉਹਨਾਂ ਨੇ ਮਿੱਤਰਤਾ ਭਰਪੂਰ ਸਬੰਧ ਬਣਾਈ ਰੱਖੇ। ਪੂਰੇ ੪੦ ਵਰ੍ਹੇ (੧੭੯੯ ਈ. ਤੋਂ ੧੮੩੯ ਈ. ਤੱਕ) ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਰਾਜ ਕੀਤਾ ਪਰੰਤੂ ੨੭ ਜੂਨ ੧੮੩੯ ਈ. ਨੂੰ ਉਹ ਸਦਾ ਸਦਾ ਲਈ ਅੱਖਾਂ ਮੀਟ ਗਏ। ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਦੀ ਦੇਰ ਸੀ ਕਿ ਪੰਜਾਬ ਰਾਜ ਵਿਚ ਬਹੁਤ ਹੀ ਦੁਖਦਾਈ ਘਟਨਾਵਾਂ ਵਾਪਰੀਆਂ। ਮਹਾਰਾਜਾ ਰਣਜੀਤ ਸਿੰਘ ਮਗਰੋਂ ਮਹਾਰਾਜਾ ਖੜਕ ਸਿੰਘ, ਮਹਾਰਾਜਾ ਨੌਨਿਹਾਲ ਸਿੰਘ ਅਤੇ ਮਹਾਰਾਜਾ ਸ਼ੇਰ ਸਿੰਘ ਨੇ ਬਹੁਤ ਹੀ ਥੋਹੜਾ ਸਮਾਂ ਰਾਜ ਕੀਤਾ -ਖਾਲਸਾ ਦਰਬਾਰ ਖਾਨਾ ਜੰਗੀ ਦਾ ਸ਼ਿਕਾਰ ਹੋ ਗਿਆ। ਅੰਗਰੇਜ਼ ਤਾਂ ਪਹਿਲਾਂ ਹੀ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੀ ਉਡੀਕ ਕਰ ਰਹੇ ਸਨ। ਉਹਨਾਂ ਨੇ ਆਪਣੀ ਕੁਟਲ ਨੀਤੀ ਅਨੁਸਾਰ ਸਿੱਖ ਸਰਦਾਰਾਂ ਨੂੰ ਆਪਣੇ ਨਾਲ ਮਿਲਾਇਆ। ਪੰਜਾਬ ਦਾ ਆਖਰੀ ਮਹਾਰਾਜਾ ਦਲੀਪ ਸਿੰਘ ੫ ਵਰ੍ਹਿਆਂ ਦੀ ਉਮਰ ਵਿਚ ਲਾਹੌਰ ਦੇ ਤਖਤ ਤੇ ਬੈਠਾ। ਅੰਗਰੇਜ਼ਾਂ ਨੇ ਮਹਾਰਾਜਾ ਦਲੀਪ ਸਿੰਘ ਦੇ ਨਿਗਰਾਨ ਵਜੋਂ ਕਾਰਜ ਸੰਭਾਲ ਲਿਆ ਤੇ ਰਾਜ ਮਾਤਾ ਜਿੰਦਾਂ ਨੂੰ ਆਪਣੇ ਪੁੱਤਰ ਦਲੀਪ ਨਾਲੋਂ ਵੱਖ ਕਰ ਕੇ ਸ਼ੇਖ਼ੂਪੁਰੇ ਦੇ ਕਿਲੇ ਵਿਚ ਕੈਦ ਕਰ ਦਿੱਤਾ। ਇਸ ਮਗਰੋਂ ੨੯ ਮਾਰਚ ੧੮੪੯ ਈ. ਨੂੰ ਪੰਜਾਬੀਆਂ ਦੇ ਸੁਤੰਤਰ ਰਾਜ ਨੂੰ ਸਮਾਪਤ ਕਰਕੇ ਅੰਗਰੇਜ਼ੀ ਰਾਜ ਵਿਚ ਮਿਲਾਏ ਜਾਣ ਦਾ ਐਲਾਨ ਕਰ ਦਿੱਤਾ ਤੇ ਲਾਹੌਰ ਦੇ ਸ਼ਾਹੀ ਕਿਲੇ ਤੇ ਅੰਗਰੇਜ਼ਾਂ ਦਾ ਝੰਡਾ ਲਹਿਰਾਉਣ ਲੱਗਾ ਤੇ ਇਸ ਤਰ੍ਹਾਂ ਭਾਰਤ ਦੇ ਦੂਜੇ ਰਾਜਾਂ ਵਾਂਗ ਪੰਜਾਬ ਰਾਜ ਵਿਚ ਵੀ ਅੰਗਰੇਜ਼ ਸਾਮਰਾਜ ਦਾ ਰਾਜ ਸਥਾਪਤ ਹੋ ਗਿਆ। ਬਹੁਤ ਸਾਰੇ ਸਿੱਖ ਸਰਦਾਰ ਆਪਣਾ ਰਾਜ ਖੁਸਣ ਮਗਰੋਂ ਭੁੱਬਾਂ ਮਾਰਦੇ ਹੋਏ ਆਪਣੇ ਘਰਾਂ ਨੂੰ ਪਰਤ ਗਏ ਪਰ ਇਕੋ ਇਕ ਸਿੱਖ ਸਰਦਾਰ ਮਹਾਰਾਜ ਸਿੰਘ ਸੀ ਜਿਸ ਨੇ ਅੰਗਰੇਜ਼ਾਂ ਦੀ ਈਨ ਅਤੇ ਗ਼ੁਲਾਮੀ ਸਵੀਕਾਰ ਨਾ ਕੀਤੀ ਜੋ ਆਪਣੇ ਸਾਥੀਆਂ ਸਮੇਤ, ਆਪਣੇ ਅੰਤਲੇ ਸੁਆਸਾਂ ਤੱਕ ਲੜਦਾ ਹੋਇਆ ਸ਼ਹੀਦ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖਾਲਸਾ ਦਰਬਾਰ ਵਿਚ ਜੋ ਘਟਨਾਵਾਂ ਘਟੀਆਂ ਉਹਨਾਂ ਦਾ ਅਸਰ ਪੰਜਾਬੀਆਂ ਦੀ ਸਮਾਜਕ, ਸਭਿਆਚਾਰਕ ਤੇ ਰਾਜਸੀ ਜ਼ਿੰਦਗੀ ਤੇ ਪਿਆ। ਇਹਨਾਂ ਘਟਨਾਵਾਂ ਭਰਪੂਰ ਦਸਾਂ ਸਾਲਾਂ ਵਿਚ ਇਕ ਮਜ਼ਬੂਤ ਸੁਤੰਤਰ ਰਾਜ ਖੇਰੂੰ ਖੇਰੂੰ ਹੋਕੇ ਅੰਗਰੇਜ਼ਾਂ ਦੀ ਗ਼ੁਲਾਮੀ ਦਾ ਸ਼ਿਕਾਰ ਹੋ ਗਿਆ। ਅੰਗਰੇਜ਼ਾਂ ਦੀਆਂ ਕੁਟਲ ਨੀਤੀਆਂ ਅਤੇ ਸ਼ਤਰੰਜੀ ਚਾਲਾਂ ਨੇ ਆਪਣਾ ਰੰਗ ਵਖਾਉਣਾ ਸ਼ੁਰੂ ਕਰ ਦਿੱਤਾ। ਸਿੱਖ ਸਰਦਾਰ ਆਮ ਲੋਕਾਂ ਨਾਲੋਂ ਟੁਟ ਕੇ ਐਸ਼ ਭਰੀ ਜ਼ਿੰਦਗੀ ਬਤੀਤ ਕਰਨ ਲੱਗੇ। ਸਮੁੱਚਾ ਸਮਾਜ ਪਤਨ ਵਲ ਜਾ ਰਿਹਾ ਸੀ। ਸਿੱਖ ਕੌਮ ਆਪਣੇ ਗੁਰੂਆਂ ਦੇ ਅਸੂਲਾਂ ਨੂੰ ਵਿਸਾਰ ਚੁੱਕੀ ਸੀ। ਅੰਗਰੇਜ਼ਾਂ ਦੀ ਸਭਿਆਚਾਰਕ ਤੇ ਰਾਜਸੀ ਗ਼ੁਲਾਮੀ ਨੂੰ ਉਹਨਾਂ ਨੇ ਸਵੀਕਾਰ ਕਰ ਲਿਆ ਸੀ। ਜਿਸ ਦੇ ਫਲਸਰੂਪ ਲੋਕਾਂ ਵਿਚੋਂ ਆਤਮ-ਵਿਸ਼ਵਾਸ਼ ਤੇ ਸਮਾਜਕ ਚੇਤਨਾ ਖੰਭ ਲਾਕੇ ਉਡ ਗਈ ਸੀ। ਸਿੱਖ ਕੌਮ ਤੇ ਸਮੁੱਚਾ ਪੰਜਾਬੀ ਭਾਈਚਾਰਾ ਨਿਘਾਰ ਵਲ ਜਾ ਰਿਹਾ ਸੀ। ਲੋਕੀ ਆਪਣੇ ਧਾਰਮਕ ਵਿਸ਼ਵਾਸ਼ਾਂ ਨੂੰ ਗਵਾ ਚੁੱਕੇ ਸਨ। ਉਹ ਕੁਰਹਿਤੀਏ ਬਣ ਗਏ ਸਨ। ਸ਼ਰਾਬ, ਤੰਬਾਕੂ ਤੇ ਹੋਰ ਨਸ਼ਿਆਂ ਦੀ ਵਰਤੋਂ ਆਮ ਹੋ ਗਈ ਸੀ। ਪੰਜਾਬੀ ਸਮਾਜ ਭੈੜੀਆਂ ਲਤਾਂ ਦਾ ਸ਼ਿਕਾਰ ਹੋ ਗਿਆ ਸੀ। ਧੀਆਂ ਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਂਦਾ ਸੀ। ਕੁੜੀਆਂ ਦੇ ਵਿਆਹ ਮੁਲ ਦੇ ਜਾਂ ਵੱਟੇ ਦੇ ਕੀਤੇ ਜਾਂਦੇ ਸਨ। ਵਿਧਵਾ ਵਿਆਹ ਵੀ ਵਰਜਤ ਸਨ। ਇਸਤਰੀ ਜਾਤੀ ਨਾਲ ਬਹੁਤ ਮਾੜਾ ਸਲੂਕ ਕੀਤਾ ਜਾਂਦਾ ਸੀ।

ਭਾਵੇਂ ਸਿੱਖ ਸਰਦਾਰ ਤੇ ਰਜਵਾੜੇ ਆਪਣੇ ਸਵਾਰਥਾਂ ਲਈ ਅੰਗਰੇਜ਼ ਦੇ ਚਾਪਲੂਸ ਤੇ ਝੋਲੀ ਚੁਕ ਬਣੇ ਹੋਏ ਸਨ ਪਰੰਤੂ ਆਮ ਪੰਜਾਬੀਆਂ ਨੇ ਅੰਗਰੇਜ਼ੀ ਰਾਜ ਨੂੰ ਕਦੀ ਵੀ ਸਵੀਕਾਰ ਨਹੀਂ ਸੀ ਕੀਤਾ। ਉਹ ਜਾਣਦੇ ਸਨ ਕਿ ਅੰਗਰੇਜ਼ ਹਾਕਮਾਂ ਨੇ ਕੁਟਲ ਨੀਤੀ ਅਤੇ ਧੋਖਾ ਦੇਹੀ ਨਾਲ ਪੰਜਾਬ ਦਾ ਰਾਜ ਪ੍ਰਾਪਤ ਕੀਤਾ ਹੈ। ਇਸ ਕਰਕੇ ਪੰਜਾਬੀਆਂ ਦੇ ਮਨਾਂ ਵਿਚ ਅੰਗਰੇਜ਼ ਹਾਕਮਾਂ ਵਿਰੁਧ ਰੋਸ ਤੇ ਵਿਦਰੋਹ ਦੀ ਭਾਵਨਾ ਭੜਕ ਰਹੀ ਸੀ। ਉਸ ਸਮੇਂ ਪੰਜਾਬ ਦੀ ਸਭਿਆਚਾਰਕ ਤੇ ਰਾਜਨੀਤਕ ਹਾਲਤ ਪਤਨ ਵਲ ਜਾ ਚੁੱਕੀ ਸੀ। ਕੋਈ ਵੀ ਅਜਿਹਾ ਆਗੂ ਨਜ਼ਰ ਨਹੀਂ ਸੀ ਆ ਰਿਹਾ ਜੋ ਸਮੁੱਚੀ ਕੌਮ ਦੀ ਵਾਗ ਡੋਰ ਸੰਭਾਲਣ ਦੇ ਸਮਰਥ ਹੋਵੇ। ਪੰਜਾਬ ਦੇ ਅਜਿਹੇ ਘੋਰ ਨਿਰਾਸ਼ਾ ਭਰਪੂਰ ਸਮਾਜਕ ਤੇ ਰਾਜਸੀ ਹਾਲਤਾਂ ਵਿਚ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਕੂਕਾ ਵਿਦਰੋਹ, ਜਿਸ ਨੂੰ ਨਾਮਧਾਰੀ ਲਹਿਰ ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ, ਦਾ ਜਨਮ ਹੋਇਆ ਜਿਸ ਦੀ ਅਗਵਾਈ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੀ। ਸਮਾਜ ਸੁਧਾਰ, ਰਾਜਸੀ ਚੇਤਨਾ ਅਤੇ ਅਜ਼ਾਦੀ ਸੰਗਰਾਮ ਵਿਚ ਕੂਕਾ ਅੰਦੋਲਨ ਨੇ ਜਿਹੜਾ ਵੱਡਮੁੱਲਾ ਯੋਗਦਾਨ ਪਾਇਆ ਹੈ ਉਸ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਮਹਾਨ ਸੁਤੰਤਰਤਾ ਸੰਗਰਾਮੀਏ

ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨ ਕਥਾ ਪੇਸ਼ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ।

ਮੁਢਲਾ ਜੀਵਨ

ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ੩ ਫਰਵਰੀ ੧੮੧੬ ਈ. ਨੂੰ ਬਸੰਤ ਪੰਚਮੀ ਵਾਲੇ ਦਿਨ ਲੁਧਿਆਣੇ ਜ਼ਿਲ੍ਹੇ ਦੇ ਇਕ ਛੋਟੇ ਜਹੇ ਪਿੰਡ ਰਾਈਆਂ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਸ. ਜੱਸਾ ਸਿੰਘ ਸੀ ਤੇ ਮਾਤਾ ਦਾ ਨਾਮ ਮਾਤਾ ਸਦਾ ਕੌਰ ਸੀ। ਆਪ ਦੇ ਮਾਤਾ ਪਿਤਾ ਧਾਰਮਕ ਵਿਚਾਰਾਂ ਦੇ ਧਾਰਨੀ ਸਨ ਤੇ ਦਸਾਂ ਨਹੁਆਂ ਦੀ ਸੱਚੀ ਸੁੱਚੀ ਕਿਰਤ ਕਰਕੇ ਗੁਜ਼ਾਰਾ ਕਰਦੇ ਸਨ। ਸ. ਜੱਸਾ ਸਿੰਘ ਇਕ ਸਾਧਾਰਨ ਕਿਰਤੀ ਪਰਿਵਾਰ ਵਿਚੋਂ ਸਨ। ਉਹ ਰਾਈਆਂ ਦੇ ਨਾਲ ਲਗਦੇ ਪਿੰਡ ਭੈਣੀ ਵਿਖੇ ਤਰਖਾਣਾ ਅਤੇ ਵਾਹੀ ਦਾ ਕੰਮ ਕਰਦੇ ਸਨ। ਮਾਤਾ ਸਦਾ ਕੌਰ ਬੜੇ ਹੀ ਨਿਮਰ ਸੁਭਾਅ ਦੇ ਮਾਲਕ ਸਨ। ਉਹਨਾਂ ਦੇ ਘਰ ਸਦਾ ਗੁਰਬਾਣੀ ਦਾ ਪ੍ਰਵਾਹ ਚਲਦਾ ਰਹਿੰਦਾ। ਉਹ ਗੁਰਮਤ ਮਰਯਾਦਾ ਅਨੁਸਾਰ ਸਾਦਾ ਤੇ ਸੱਚਾ ਸੁੱਚਾ ਜੀਵਨ ਬਤੀਤ ਕਰ ਰਹੇ ਸਨ। ਘਰ ਦੇ ਧਾਰਮਕ ਵਾਤਵਰਣ ਦਾ ਪ੍ਰਭਾਵ ਸਤਿਗੁਰੂ ਰਾਮ ਸਿੰਘ ਜੀ ਤੇ ਪੈਣਾ ਸੁਭਾਵਿਕ ਹੀ ਸੀ। ਮਾਤਾ ਸਦਾ ਕੌਰ ਨੇ ਆਪ ਨੂੰ ਭਗਤਾਂ, ਸੰਤਾਂ, ਗੁਰੂਆਂ ਅਤੇ ਸੂਰਮਿਆਂ ਦੀਆਂ ਕਹਾਣੀਆਂ ਸੁਣਾ ਕੇ ਆਪ ਦੇ ਮਨ ਵਿਚ ਵਿਰਾਗ, ਭਗਤੀ ਅਤੇ ਬਹਾਦਰੀ ਦੇ ਜਜ਼ਬੇ ਭਰ ਦਿੱਤੇ।

ਉਹਨਾਂ ਦਿਨਾਂ ਵਿਚ, ਅਜੋਕੇ ਸਮੇਂ ਅਨੁਸਾਰ, ਨਿਯਮਤ ਪੜ੍ਹਾਈ ਦਾ ਪ੍ਰਬੰਧ ਨਹੀਂ ਸੀ। ਸਕੂਲੀ ਵਿਦਿਆ ਅਜੇ ਆਰੰਭ ਨਹੀਂ ਸੀ ਹੋਈ। ਸਾਧਾਂ, ਸੰਤਾਂ ਦੇ ਡੇਰਿਆਂ ਵਿਚ ਜਾਂ ਧਰਮਸ਼ਾਲਾਂ ਵਿਚ ਸਾਧ ਸੰਤ ਥੋੜ੍ਹੀ ਬਹੁਤ ਪੰਜਾਬੀ ਸਿਖਣ ਲਈ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾ ਦੇਂਦੇ ਸਨ ਜਿਸ ਨਾਲ ਗੁਰਬਾਣੀ ਪੜ੍ਹਨ ਦੇ ਯੋਗ ਹੋਇਆ ਜਾ ਸਕਦਾ ਸੀ। ਆਮ ਤੌਰ ਤੇ ਗੁਰਬਾਣੀ ਸੁਣਕੇ ਕੰਠ ਕਰਵਾਈ ਜਾਂਦੀ ਸੀ।

ਸਤਿਗੁਰੂ ਰਾਮ ਸਿੰਘ ਜੀ ਦਾ ਬਚਪਨ ਵੀ ਆਮ ਬੱਚਿਆਂ ਵਾਂਗ ਭੈਣੀ ਪਿੰਡ ਵਿਚ ਬੀਤਿਆ। ਉਹਨਾਂ ਨੇ ਭੈਣੀ, ਜਿਸ ਨੂੰ ਅਜ ਕਲ ਭੈਣੀ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਦੇ ਖੇਤਾਂ ਵਿਚ ਪਸ਼ੂ ਚਾਰੇ, ਬੱਚਿਆਂ ਨਾਲ ਖੇਡਾਂ ਖੇਡੀਆਂ ਅਤੇ ਆਪਣੇ ਪਿਤਾ ਨਾਲ ਖੇਤੀ ਤੇ ਤਰਖਾਣੇ ਕੰਮ ਵਿਚ ਹੱਥ ਵੀ ਵਟਾਇਆ ਅਤੇ ਮਾਤਾ ਪਿਤਾ ਪਾਸੋਂ ਗੁਰਮੁਖੀ ਅੱਖਰਾਂ ਦਾ ਗਿਆਨ ਪ੍ਰਾਪਤ ਕੀਤਾ। ਬਚਪਨ ਵਿਚ ਹੀ ਉਹ ਧਾਰਮਿਕ ਵਿਚਾਰਾਂ ਦੇ ਧਾਰਨੀ ਬਣ ਗਏ ਜਿਸ ਕਰਕੇ ਬਹੁਤ ਸਾਰੀ ਗੁਰਬਾਣੀ ਉਹਨਾਂ ਦੇ ਕੰਠ ਹੋ ਗਈ। ਉਹ ਤੜਕ ਸਾਰ ਉਠਦੇ, ਇਸ਼ਨਾਨ ਕਰਦੇ ਅਤੇ ਨਾਮ ਜਪਦੇ। ਆਪ ਨੇ ਆਪਣੇ ਮਾਤਾ ਪਿਤਾ ਦੀ ਸੁਘੜ ਅਗਵਾਈ ਵਿਚ ਸਿੱਖ ਇਤਿਹਾਸ, ਗੁਰਬਾਣੀ, ਧਾਰਮਿਕ ਵਿਰਸੇ ਅਤੇ ਸਭਿਆਚਾਰ ਦੀ ਸੋਝੀ ਪ੍ਰਾਪਤ ਕੀਤੀ।

ਕੁੜਮਾਈ ਅਤੇ ਵਿਆਹ—

ਉੱਨੀਵੀਂ ਸਦੀ ਦਾ ਸਮਾਜ ਬਹੁਤ ਪਛੜਿਆ ਹੋਇਆ ਸੀ। ਅਗਿਆਨਤਾ ਅਤੇ ਅਨਪੜ੍ਹਤਾ ਦੇ ਕਾਰਨ ਪੰਜਾਬ ਦੀ ਸਮਾਜਕ ਜ਼ਿੰਦਗੀ ਵਿਚ ਬਹੁਤ ਸਾਰੀਆਂ ਬੁਰਾਈਆਂ ਆ ਗਈਆਂ ਸਨ। ਲੋਕਾਂ ਵਿਚ ਸਮਾਜਕ ਚੇਤਨਾ ਦਾ ਅਜੇ ਪਸਾਰ ਨਹੀਂ ਸੀ ਹੋਇਆ। ਬੱਚੇ ਅਜੇ ਸੁਰਤ ਵੀ ਨਹੀਂ ਸੀ ਸੰਭਾਲਦੇ, ਉਹਨਾਂ ਦੇ ਵਿਆਹ ਕਰ ਦਿੱਤੇ ਜਾਂਦੇ ਸਨ। ਇਸ ਤਰ੍ਹਾਂ ਦੇ ਵਿਆਹ ਕਰਨ ਦਾ ਆਮ ਰਿਵਾਜ ਸੀ। ਸਨਾਤਨੀ ਵਿਚਾਰਾਂ ਦੇ ਬ੍ਰਾਹਮਣ ਛੋਟੀ ਉਮਰ ਦੇ ਬੱਚਿਆਂ ਦੇ ਵਿਆਹਾਂ ਨੂੰ ਉਤਸਾਹਿਤ ਕਰਦੇ ਸਨ। ਜਨ ਸਧਾਰਨ ਸਨਾਤਨੀ ਬ੍ਰਾਹਮਣਾਂ ਦੇ ਮਗਰ ਲੱਗੀ ਹੋਈ ਸੀ। ਆਮ ਜਨਤਾ ਵਿਚ ਅਜੇ ਸਮਾਜਕ ਚੇਤਨਾ ਨਹੀਂ ਸੀ ਜਾਗੀ। ਸਤਿਗੁਰੂ ਰਾਮ ਸਿੰਘ ਜੀ ਅਜੇ ਬਚਪਨ ਦੀਆਂ ਖੇਡਾਂ ਹੀ ਖੇਡਦੇ ਪਏ ਸਨ ਕਿ ਪੰਜ ਸਾਲ ਦੀ ਉਮਰ ਵਿਚ ਉਹਨਾਂ ਦੀ ਕੁੜਮਾਈ ਧਰੌਤ ਪਿੰਡ ਦੇ ਸਾਹਿਬ ਸਿੰਘ ਨਾਂ ਦੇ ਵਿਅਕਤੀ ਦੀ ਸਪੁਤਰੀ ਬੀਬੀ ਜੱਸਾਂ ਨਾਲ ਕਰ ਦਿੱਤੀ ਗਈ ਅਤੇ ਜਦੋਂ ਉਹ ਸਤ ਸਾਲ ਦੇ ਹੋਏ ਤਾਂ ੧੮੨੩ ਈ. ਵਿਚ ਉਹਨਾਂ ਦਾ ਵਿਆਹ ਰਚਾ ਦਿੱਤਾ ਗਿਆ। ਦੋ ਬਾਲ ਜਿੰਦੜੀਆਂ ਸਮਾਜਕ ਬੰਧਨ ਵਿਚ ਜਕੜ ਦਿੱਤੀਆਂ ਗਈਆਂ।

ਸੰਤ-ਸਿਪਾਹੀ ਦੇ ਰੂਪ ਵਿਚ—

ਆਪਣੇ ਪਿਤਾ ਦੇ ਕੰਮ ਕਾਰ ਵਿਚ ਹੱਥ ਵਟਾਉਂਦੇ, ਨਾਮ ਜਪਦੇ ਸਤਿਗੁਰੂ ਰਾਮ ਸਿੰਘ ਜੀ ਜਵਾਨੀ ਦੀਆਂ ਬਰੂਹਾਂ ਤੇ ਪੁਜ ਗਏ। ਗੁਰਬਾਣੀ ਦੇ ਅਧਿਐਨ, ਨਾਮ ਸਿਮਰਣ ਅਤੇ ਸਾਦਗੀ ਭਰਪੂਰ ਜੀਵਣ ਜੀਣ ਕਰਕੇ ਉਹ ਆਤਮਕ, ਮਾਨਸਕ ਅਤੇ ਸਰੀਰਕ ਪੱਖੋਂ ਤੰਦਰੁਸਤ ਤੇ ਨਰੋਈ ਸ਼ਖ਼ਸੀਅਤ ਦੇ ਮਾਲਕ ਬਣ ਗਏ ਸਨ। ਉਹਨਾਂ ਦਾ ਕਦਾਵਰ, ਸੁੰਦਰ, ਸੁਢੋਲ ਤੇ ਸੋਧਿਆ ਹੋਇਆ ਸਰੀਰ ਹਰ ਕਿਸੇ ਨੂੰ ਆਪਣੇ ਵਲ ਖਿਚ ਰਿਹਾ ਸੀ- ਉਹਨਾਂ ਨੂੰ ਵੇਖਿਆਂ ਭੁਖ ਲਹਿ ਲਹਿ ਜਾਂਦੀ ਸੀ- ਅੱਖਾਂ ਰਜ ਰਜ ਜਾਂਦੀਆਂ ਸਨ। ਆਪਣੇ ਦੇਸ ਅਤੇ ਕੌਮ ਲਈ ਆਪਾ ਵਾਰਨ ਲਈ ਉਹ ਵੀਹ-ਬਾਈ ਵਰ੍ਹਿਆਂ ਦੀ ਆਯੂ ਵਿਚ ਮਹਾਰਾਜਾ ਰਣਜੀਤ ਸਿੰਘ ਦੀ 'ਖਾਲਸਾ ਫੌਜ' ਵਿਚ ਜਾ ਭਰਤੀ ਹੋਏ। ਫੌਜ ਦੀ ਅਨੁਸ਼ਾਸ਼ਨ ਭਰਪੂਰ ਨੌਕਰੀ ਸਮੇਂ ਵੀ ਉਹ ਨਿਤਨੇਮ ਨਾਲ ਤੜਕੇ ਜਾਗਦੇ, ਇਸ਼ਨਾਨ-ਪਾਣੀ ਮਗਰੋਂ ਗੁਰਬਾਣੀ ਦਾ ਸਿਮਰਨ ਕਰਦੇ ਪ੍ਰਭੂ ਭਗਤੀ ਵਿਚ ਲੀਨ ਹੋ ਜਾਂਦੇ। ਉਹ ਆਪਣੇ ਸਾਥੀ ਸਿਪਾਹੀਆਂ ਅਤੇ ਲੋੜਵੰਦਾਂ ਦੀ ਮਦਦ ਭਜ ਭਜ ਕਰਦੇ, ਉਹਨਾਂ ਦਾ ਮਿਠਬੋਲੜਾ ਸੁਭਾਅ ਸਭ ਨੂੰ ਚੰਗਾ ਲਗਦਾ ਸੀ। ਉਹਨਾਂ ਦੀ ਮਨੋਹਰ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਦੇ ਕਈ ਸਾਥੀ ਸਿਪਾਹੀ ਵੀ ਪ੍ਰਭੂ ਭਗਤੀ ਵਿਚ ਲੱਗ ਗਏ ਤੇ ਨਾਮ ਜਪਣ ਲੱਗੇ। ਉਹਨਾਂ ਦੀ ਰਜਮੈਂਟ ਦਾ ਨਾਂ "ਭਾਈਆਂ ਤੇ ਭਗਤਾਂ ਦੀ ਰਜਮੈਂਟ" ਪੈ ਗਿਆ। ੧੮੪੧ ਈ. ਵਿਚ ਜਦੋਂ ਉਹਨਾਂ ਦੀ ਪਲਟਣ ਪਿਸ਼ਾਵਰ ਨੂੰ ਜਾ ਰਹੀ ਸੀ ਤਾਂ ਰਾਹ ਵਿਚ ਹਜ਼ਰੋਂ (ਜ਼ਿਲ੍ਹਾ ਕੈਂਬਲਪੁਰ, ਪਾਕਿਸਤਾਨ) ਵਿਖੇ ਉਹਨਾਂ ਨੇ ਇਕ ਭਜਨੀਕ ਮਹਾਂਪੁਰਸ਼ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕੀਤੇ। ਉਹਨਾਂ ਦੇ ਪਰਵਚਨ ਸੁਣੇ- ਉਹ ਗੁਰੂ ਬਾਲਕ ਸਿੰਘ ਜੀ ਤੋਂ ਐਨਾ ਪ੍ਰਭਾਵਿਤ ਹੋਏ ਕਿ ਉਹ ਉਹਨਾਂ ਦੇ ਸ਼ਰਧਾਲੂ ਬਣ ਗਏ ਤੇ ਉਹਨਾਂ ਪਾਸੋਂ ਸਦਾਚਾਰਕ ਤੇ ਅਧਿਆਤਮਕ ਸਿੱਖਿਆ ਪ੍ਰਾਪਤ ਕੀਤੀ ਤੇ ਦੀਖਿਆ ਲਈ। ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖ਼ਸੀਅਤ ਦਾ ਗੁਰੂ ਬਾਲਕ ਸਿੰਘ ਜੀ ਤੇ ਐਨਾ ਪ੍ਰਭਾਵ ਪਿਆ ਕਿ ਉਹਨਾਂ ਨੂੰ ਉਹਨਾਂ ਨੇ ਆਪਣਾ ਉਤਰ ਅਧਿਕਾਰੀ (ਜਾਂਨਸ਼ੀਨ) ਹੋਣ ਦਾ ਮਾਣ ਬਖਸ਼ਿਆ।

ਖਾਲਸਾ ਫੌਜ ਦੀ ਨੌਕਰੀ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੇ ਜਿੱਥੇ ਖਾਲਸਾ ਰਾਜ ਦੀ ਚੜ੍ਹਤ ਵੇਖੀ ਉਥੇ ਉਹਨਾਂ ਨੇ ਖਾਲਸਾ ਦਰਬਾਰ ਦੇ ਪਤਨ ਨੂੰ ਵੀ ਆਪਣੇ ਅੱਖੀਂ ਵੇਖਿਆ,

ਜੰਗ ਅਤੇ ਅਮਨ ਦੀ ਰਣਨੀਤੀ ਬਾਰੇ ਨਿੱਜੀ ਅਨੁਭਵ ਤੇ ਸਿੱਖਿਆ ਪ੍ਰਾਪਤ ਕੀਤੀ। ਉਹ ਇਕ ਸੰਵੇਦਨਸ਼ੀਲ ਮਨੁੱਖ ਸਨ। ਖਾਲਸਾ ਦਰਬਾਰ ਅਤੇ ਜੰਗ ਦੇ ਮੈਦਾਨ ਵਿਚ ਉਹਨਾਂ ਨੂੰ ਜਿਹੜੇ ਕੌੜੇ ਅਨੁਭਵ ਹੋਏ ਉਹਨਾਂ ਤੋਂ ਉਹ ਧੁਰ ਅੰਦਰ ਤਕ ਝੰਜੋੜੇ ਗਏ। ਉਹਨਾਂ ਇਹ ਵੀ ਵੇਖਿਆ ਕਿ ਕਿਵੇਂ ਅੰਗਰੇਜ਼ ਸਾਮਰਾਜ ਆਪਣੀਆਂ ਲੂੰਬੜ ਚਾਲਾਂ ਰਾਹੀਂ ਸਿੱਖ ਰਾਜ ਨੂੰ ਹੜੱਪਣ ਲਈ ਪੰਜੇ ਫੈਲਾ ਰਿਹਾ ਹੈ। ਖਾਲਸਾ ਦਰਬਾਰ ਦੇ ਸਿਰਕੱਢ ਮੁਖੀਏ ਅੰਦਰ ਖਾਤੇ ਅੰਗਰੇਜ਼ਾਂ ਨਾਲ ਗੰਢ ਤਰੁੱਪ ਕਰ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਜੋ ਕੁਝ ਖਾਲਸਾ ਦਰਬਾਰ ਵਿਚ ਵਾਪਰਿਆ ਉਹ ਆਪ ਨੇ ਅੱਖੀਂ ਵੇਖਿਆ। ਖਾਲਸਾ ਰਾਜ ਦੀ ਸਮਾਪਤੀ ਆਪ ਤੋਂ ਵੇਖੀ ਨਾ ਗਈ- ਇਸ ਦਾ ਆਪ ਦੇ ਮਨ ਤੇ ਬੜਾ ਡੂੰਘਾ ਪ੍ਰਭਾਵ ਪਿਆ। ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਕਾਇਮੀ ਦਾ ਕਾਰਨ ਦੇਸ ਦੇ ਹਾਕਮਾਂ ਵਿਚ ਨਾ-ਇਤਫਾਕੀ, ਬੇਭਰੋਸਗੀ ਅਤੇ ਰਾਜ ਕਾਜ ਵਲੋਂ ਲਾਪਰਵਾਹੀ ਸੀ। ਦੇਸੀ ਰਾਜੇ ਅਤੇ ਸਰਦਾਰ ਐਸ਼-ਇਸ਼ਰਤ ਦੀ ਜ਼ਿੰਦਗੀ ਬਤੀਤ ਕਰ ਰਹੇ ਸਨ-ਸਮੁੱਚੀ ਕੌਮ ਨਿਘਾਰ ਵਲ ਜਾ ਰਹੀ ਸੀ। ਆਪ ਨੇ ਦਸੰਬਰ ੧੮੪੫ ਈ. ਵਿਚ ਖਾਲਸਾਈ ਫੌਜ ਨੂੰ ਅਲਵਿਦਾ ਆਖ ਦਿੱਤੀ ਤੇ ਭੈਣੀ ਸਾਹਿਬ ਆ ਟਿਕੇ ਤੇ ਭਜਨ ਬੰਦਗੀ ਵਿਚ ਲੀਨ ਹੋ ਗਏ। ਆਪ ਨੇ ਅੰਗਰੇਜ਼ ਸਰਕਾਰ ਦੀ ਅਧੀਨਗੀ ਕਦੀ ਵੀ ਸਵੀਕਾਰ ਨਾ ਕੀਤੀ। ਆਪ ਨੇ ਖੇਤੀ ਬਾੜੀ ਦੇ ਧੰਦੇ ਦੇ ਨਾਲ ਭੈਣੀ ਸਾਹਿਬ ਵਿਖੇ ਇਕ ਦੁਕਾਨ ਖੋਹਲ ਲਈ ਜੋ ਸਥਾਨਕ ਕਿਸਾਨਾਂ ਅਤੇ ਹੋਰ ਪਿੰਡ ਵਾਸੀਆਂ ਦੀਆਂ ਲੋੜਾਂ ਪੂਰਦੀ ਸੀ।

ਸੁਤੰਤਰਤਾ ਸੰਗਰਾਮ ਦੇ ਮੋਢੀ—

ਭੈਣੀ ਸਾਹਿਬ ਨੂੰ ਹੁਣ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਕਰਮ ਭੂਮੀ ਬਣਾ ਲਿਆ ਸੀ। ਉਹ ਨਿਤਨੇਮ ਕੀਰਤਨ ਕਰਦੇ ਨਾਮ ਜਪਦੇ। ਉਹਨਾਂ ਨੂੰ ਉਹਨਾ ਦੇ ਨਾਲ ਰਹਿ ਚੁੱਕੇ ਫੌਜੀ ਵੀ ਏਥੇ ਆਣ ਮਿਲਦੇ ਜਿਨ੍ਹਾਂ ਨਾਲ ਉਹ ਕੌਮ ਦੀ ਅਧੋਗਤੀ ਬਾਰੇ ਵਿਚਾਰ ਵਟਾਂਦਰਾ ਕਰਦੇ, ਸੋਚਾਂ ਸੋਚਦੇ। ਸਮਾਜ ਸੁਧਾਰ ਤੇ ਰਾਜਸੀ ਚੇਤਨਾ ਉਸ ਸਮੇਂ ਦੀ ਮੁਖ ਲੋੜ ਸੀ। ਨਾਮ ਸਿਮਰਨ ਤੇ ਵਿਚਾਰ-ਵਿਮਰਸ਼ ਦਾ ਇਹ ਸਿਲਸਿਲਾ ਕਈ ਵਰ੍ਹੇ ਚਲਦਾ ਰਿਹਾ। ਹਜ਼ਾਰਾਂ ਸ਼ਰਧਾਲੂ ਉਹਨਾਂ ਨਾਲ ਜੁੜਦੇ ਗਏ। ਆਪ ਨੇ ਸਮੁੱਚੀ ਕੌਮ ਨੂੰ ਜਗਾਉਣ ਲਈ ਅਤੇ ਦੇਸ ਦੀ ਨਿਘਰਦੀ ਹਾਲਤ ਨੂੰ ਉੱਚਾ ਚੁੱਕਣ ਲਈ ੧੨ ਅਪ੍ਰੈਲ ੧੮੫੭ ਈ. ਦੀ ਵਸਾਖੀ ਵਾਲੇ ਦਿਨ ਭੈਣੀ ਸਾਹਿਬ ਵਿਖੇ ਜੁੜੇ ਹਜ਼ਾਰਾਂ ਸ਼ਰਧਾਲੂਆਂ ਦੇ ਇਕੱਠ ਵਿਚ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਛਕਾਇਆ ਇਸੇ ਇਕੱਠ ਵਿਚ ਉਹਨਾਂ ਨੇ ਤਿਕੋਨਾ ਚਿੱਟਾ ਝੰਡਾ ਝੁਲਾ ਕੇ ਭਾਰਤ ਦੀ ਅਜ਼ਾਦੀ ਦੀ ਲੜਾਈ ਦਾ ਬਿਗਲ ਬਜਾ ਦਿੱਤਾ। ਆਪ ਦੇ ਇਸ ਕ੍ਰਾਂਤੀਕਾਰੀ ਅੰਦੋਲਨ ਦਾ ਬਾਹਰੀ ਸਰੂਪ ਧਾਰਮਕ ਤੇ ਸਮਾਜ ਸੁਧਾਰ ਸੀ। ਉਹਨਾਂ ਨੇ ਜੁੜੀ ਸੰਗਤ ਵਿਚ ਐਲਾਨ ਕੀਤਾ:-

"ਭਾਰਤ ਵਾਸੀਓ ਆਪਣੇ ਚਰਿੱਤਰ ਨੂੰ ਉੱਚਾ ਉਠਾਵੋ, ਅੰਮ੍ਰਿਤ ਵੇਲੇ ਜਾਗੋ, ਸਣਕੇਸੀਂ ਇਸ਼ਨਾਨ ਕਰੋ, ਪ੍ਰਭੂ ਦਾ ਸਿਮਰਨ ਕਰੋ। ਦਸਾਂ ਨਹੁੰਆਂ ਦੀ ਕਿਰਤ ਕਰੋ, ਵੰਡ ਛਕੋ, ਪਰਾਈ ਵਸਤ ਵਲ ਅੱਖ ਉਠਾ ਕੇ ਨਾ ਵੇਖੋ, ਗਊ ਗ਼ਰੀਬ ਦੀ ਰੱਖਿਆ ਕਰੋ, ਬੇਸਹਾਰਿਆਂ ਤੇ ਲੋੜਵੰਦਾਂ ਦੀ ਸਹਾਇਤਾ ਕਰੋ। ਕਿਸੇ ਵੀ ਪਰਕਾਰ ਦਾ ਨਸ਼ਾ ਨਾ ਵਰਤੋ। ਦਇਆ, ਪ੍ਰੇਮ, ਸੇਵਾ ਤੇ ਵੱਡਿਆਂ ਦਾ ਆਦਰ ਮਾਣ ਸਦਾ ਮਨ ਵਿਚ ਰੱਖੋ। ਵਹਿਮਾਂ ਭਰਮਾਂ ਚੋਂ ਨਿਕਲੋ ਤੇ ਗੁਰੂਆਂ ਦੀ ਬਾਣੀ ਤੇ ਵਿਸ਼ਵਾਸ ਕਰੋ।"

ਆਪ ਨੇ ਆਪਣੇ ਸ਼ਰਧਾਲੂਆਂ ਨੂੰ ਸਾਦਾ ਅਤੇ ਸੱਚਾ ਸੁਚਾ ਜੀਵਨ ਜੀਣ ਲਈ ਪ੍ਰੇਰਿਆ। ਚਿੱਟਾ ਕਲੀਆਂ ਵਾਲਾ ਕੁੜਤਾ, ਚੂੜੀਦਾਰ ਪਜਾਮਾ, ਚਿੱਟੀ ਸਿੱਧੀ ਦਸਤਾਰ ਤੇ ਉਨ ਦੀ ਮਾਲਾ ਆਪਦੇ ਸੇਵਕਾਂ ਦੀ ਨਿਯਮਤ ਪੁਸ਼ਾਕ ਸੀ- ਅਕਾਲ ਪੁਰਖ ਦਾ ਨਾਮ ਉਹਨਾਂ ਦੀ ਜ਼ਬਾਨ ਤੇ ਰਹਿੰਦਾ ਸੀ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਨਿਡਰ ਤੇ ਸਿਰਲੱਥ ਸਿਪਾਹੀ ਸਨ ਜੋ ਬਿਨਾਂ ਹੱਥਿਆਰਾਂ ਦੇ ਦੇਸ ਤੇ ਸਮਾਜ ਦੀ ਸੇਵਾ ਸੰਭਾਲ ਵਿਚ ਲੱਗੇ ਹੋਏ ਸਨ, ਉਹਨਾਂ ਦੀ ਸਵੱਛ ਤੇ ਸਫੈਦ ਪੁਸ਼ਾਕ ਪਵਿੱਤਰਤਾ ਦਾ ਪ੍ਰਤੀਕ ਸੀ। ਵਿਸ਼ੇਸ਼ ਪਛਾਣ ਦਾ ਚਿੰਨ ਸੀ। ਨਾਮ ਸਿਮਰਨ ਦੇ ਰਸੀਏ ਹੋਣ ਕਰਕੇ ਆਪ ਦੇ ਸ਼ਰਧਾਲੂਆਂ ਨੂੰ ਨਾਮਧਾਰੀ ਆਖਿਆ ਜਾਂਦਾ ਹੈ। ਆਪ ਦੇ ਸ਼ਰਧਾਲੂ ਨਾਮ ਸਿਮਰਨ ਵਿਚ ਲੀਨ ਹੋਏ ਮਸਤੀ ਵਿਚ ਮਸਤਾਨੇ ਹੋ ਕੇ ਪ੍ਰਭੂ ਭਗਤੀ ਵਿਚ ਕੂਕਾਂ ਮਾਰਨ ਲਗਦੇ ਸਨ। ਇਹ ਕੂਕ ਜਿਥੇ ਆਪਣੇ ਗੁਰੂ ਦੀ ਲੋਚਾ ਲਈ ਸੀ ਓਥੇ ਦੇਸ ਦੀ ਅਜ਼ਾਦੀ ਲਈ ਤੜਪ ਵੀ ਸੀ। ਇਸੇ ਕਰਕੇ ਇਹਨਾਂ ਮਸਤਾਨਿਆਂ ਨੂੰ ਕੂਕੇ ਲਕਬ ਨਾਲ ਵੀ ਯਾਦ ਕੀਤਾ ਜਾਂਦਾ ਹੈ। ਕੂਕਾ ਲਹਿਰ ਤੇ ਨਾਮਧਾਰੀ ਲਹਿਰ ਇੱਕੋ ਹੀ ਲਹਿਰ ਦੇ ਨਾਮ ਹਨ।

ਸਤਿਗੁਰੂ ਰਾਮ ਸਿੰਘ ਜੀ ਨੇ ਸਮਾਜ ਸੁਧਾਰ ਲਈ ਬੜੇ ਯਤਨ ਕੀਤੇ। ਆਪ ਨੇ ਇਸਤਰੀ ਜਾਤੀ ਨੂੰ ਘਰ ਦੀ ਚਾਰਦੀਵਾਰੀ ਚੋਂ ਕੱਢ ਕੇ ਸਮਾਜ ਦਾ ਇਕ ਉਪਯੋਗੀ ਅੰਗ ਬਣਾਇਆ, ਕੁੜੀਆਂ ਮਾਰਨ, ਪੈਸੇ ਲੈ ਕੇ ਵੇਚਣ, ਵੱਟੇ ਦਾ ਵਿਆਹ ਕਰਨ, ਛੋਟੀ ਉਮਰ ਦੇ ਵਿਆਹ ਕਰਨ ਤੇ ਸਤੀ ਦੀ ਰਸਮ ਵਿਰੁਧ ਆਵਾਜ਼ ਬੁਲੰਦ ਕੀਤੀ। ਆਪ ਨੇ ਵਿਧਵਾ ਵਿਆਹ ਪ੍ਰਚਲਤ ਕੀਤੇ ਅਤੇ ਬਿਨਾ ਦਹੇਜ਼ ਸਾਦਾ ਵਿਆਹਾਂ ਦੀ ਰੀਤ ਤੋਰੀ। ਅੱਜ ਸਿੱਖਾਂ ਵਿਚ ਜਿਹੜੀ ਆਨੰਦ ਕਾਰਜ ਦੀ ਰੀਤ ਪ੍ਰਚਲਤ ਹੈ ਉਹ ਆਪ ਦੀ ਹੀ ਦੇਣ ਹੈ।

ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਸਮਾਜ ਸੁਧਾਰ ਦੀ ਲਹਿਰ ਪੰਜਾਬ ਦੇ ਕੋਨੇ ਕੋਨੇ ਵਿਚ ਫੈਲ ਗਈ। ਸ਼ਹਿਰ ਸ਼ਹਿਰ, ਪਿੰਡ ਪਿੰਡ ਦੀਵਾਨ ਲਗਣ ਲੱਗੇ, ਸੰਗਤਾਂ ਹੁਮਹੁਮਾ ਕੇ ਗੁਰੂ ਦੇ ਦਰਸ਼ਨਾਂ ਨੂੰ ਆਉਂਦੀਆਂ- ਹਜ਼ਾਰਾਂ ਲੋਕਾਂ ਨੇ ਗੁਰੂ ਜੀ ਤੋਂ ਨਾਮ ਲਿਆ ਤੇ ਪ੍ਰਭੂ ਸਿਮਰਨ ਵਿਚ ਲੀਨ ਹੋ ਗਏ। ਹਿੰਦੂ, ਮੁਸਲਮਾਨ ਅਤੇ ਸਿੱਖ, ਮਰਦ-ਇਸਤਰੀਆਂ ਸੈਂਕੜਿਆਂ ਦੀ ਗਿਣਤੀ ਵਿਚ ਉਹਨਾਂ ਦੇ ਪੈਰੋਕਾਰ ਬਣਦੇ ਗਏ। ਸਮਾਜਕ ਚੇਤਨਾ ਦੇ ਨਾਲ ਨਾਲ ਉਹ ਲੋਕਾਂ ਵਿਚ ਰਾਜਸੀ ਚੇਤਨਾ ਦਾ ਸੰਚਾਰ ਵੀ ਕਰ ਰਹੇ ਸਨ ਪਰੰਤੂ ਅੰਗਰੇਜ਼ ਹਾਕਮ ਉਹਨਾਂ ਦੀ ਲਹਿਰ ਨੂੰ ਕੇਵਲ ਇਕ ਧਾਰਮਕ ਤੇ ਸਮਾਜ ਸੁਧਾਰ ਲਹਿਰ ਦੇ ਰੂਪ ਵਿਚ ਹੀ ਵੇਖ ਰਹੇ ਸਨ।

ਇਸਤਰੀ ਜਾਤੀ ਦਾ ਮੁਕਤੀ ਦਾਤਾ—

ਕੂਕਾ ਅੰਦੋਲਨ ਦੇ ਮਨੋਰਥ ਸਪਸ਼ਟ ਸਨ ਧਾਰਮਕ ਪੁਨਰ ਜਾਗ੍ਰਤੀ, ਸਮਾਜ ਸੁਧਾਰ ਅਤੇ ਰਾਜਨੀਤਕ ਅਜ਼ਾਦੀ। ਪਹਿਲੇ ਦੋ ਮਨੋਰਥ ਤਾਂ ਬਾਹਰੀ ਤੌਰ ਤੇ ਨਜ਼ਰ ਆ ਰਹੇ ਸਨ ਤੇ ਤੀਜੇ ਦੀ ਪ੍ਰਾਪਤੀ ਲਈ ਲੁਕਵੇਂ ਰੂਪ ਵਿਚ ਸੰਘਰਸ਼ ਜਾਰੀ ਸੀ।

ਜਨ ਸਾਧਾਰਨ ਦੀ ਮਾਨਸਿਕਤਾ ਤੇ ਸਮਾਜ ਸੁਧਾਰ ਦੀਆਂ ਲਹਿਰਾਂ ਦਾ ਬਹੁਤ ਜਲਦੀ ਪ੍ਰਭਾਵ ਪੈਂਦਾ ਹੈ। ਕੂਕਾ ਅੰਦੋਲਨ

ਤਾਂ ਇਕ ਅਜਿਹਾ ਅੰਦੋਲਨ ਸੀ ਜੋ ਦੱਬੇ ਕੁਚਲੇ ਲੋਕਾਂ ਅਤੇ ਪੁਰਸ਼ ਸਮਾਜ ਵਲੋਂ ਦਰੜੀਆਂ ਹੋਈਆਂ ਇਸਤਰੀਆਂ ਨੂੰ ਬਰਾਬਰਤਾ ਦਾ ਦਰਜਾ ਦੇ ਕੇ ਸਮਾਜਕ ਅਤੇ ਸਭਿਆਚਾਰਕ ਅਜ਼ਾਦੀ ਲਈ ਰਾਹ ਬਣਾ ਰਿਹਾ ਸੀ, ਸਤਿਗੁਰੂ ਰਾਮ ਸਿੰਘ ਜੀ ਨੇ ਇਹ ਅਨੁਭਵ ਕਰ ਲਿਆ ਸੀ ਕਿ ਸਮਾਜਕ ਤੇ ਆਰਥਕ ਪੱਖੋਂ ਪਛੜੀ ਹੋਈ ਇਸਤਰੀ ਜਾਤੀ ਨੂੰ ਸਮਾਜ ਵਿਚ ਪੁਰਸ਼ ਦੇ ਬਰਾਬਰ ਦਾ ਸਥਾਨ ਦਿੱਤੇ ਬਿਨਾਂ ਨਰੋਏ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਨਹੀਂ ਕੀਤੀ ਜਾ ਸਕਦੀ। ਇਸ ਲਈ ਉਹਨਾਂ ਇਸਤਰੀ ਜਾਤੀ ਨੂੰ ਸਮਾਜਕ ਬੰਧਨਾ ਤੋਂ ਅਜ਼ਾਦ ਕਰਵਾਉਣ ਲਈ ਉਸ ਸਮੇਂ ਦੇ ਸਮਾਜ ਦੀਆਂ ਕੁਰੀਤੀਆਂ ਅਤੇ ਭੈੜੇ ਰਸਮਾਂ ਰਿਵਾਜਾਂ ਵਿਰੁੱਧ ਪਰਚਾਰ ਕੀਤਾ। ਉਹਨਾਂ ਨੇ ਇਸਤਰੀ ਜਾਤੀ ਦੀ ਮੁਕਤੀ ਲਈ ਕ੍ਰਾਂਤੀਕਾਰੀ ਕਦਮ ਚੁੱਕੇ।

ਕੁੜੀਆਂ ਨੂੰ ਮਾਰਨਾ—

ਉਸ ਸਮੇਂ ਪੰਜਾਬੀ ਸਮਾਜ ਵਿਚ ਜੰਮਦੀਆਂ ਧੀਆਂ ਨੂੰ ਮਾਰਨ ਦਾ ਰਿਵਾਜ ਸੀ। ਇਹ ਰਿਵਾਜ ਐਨਾ ਪ੍ਰਚਲਤ ਹੋ ਗਿਆ ਸੀ ਕਿ ਬਾਲੜੀ ਨੂੰ ਮਾਰਨ ਲੱਗਿਆਂ ਕਿਸੇ ਨੂੰ ਵੀ ਤਰਸ ਨਹੀਂ ਸੀ ਆਉਂਦਾ। ਉਸ ਮਾਂ ਦਾ ਕੀ ਹਾਲ ਹੁੰਦਾ ਹੋਵੇਗਾ ਜਿਸ ਦੇ ਦਿਲ ਦੇ ਟੋਟੇ ਨੂੰ ਅੱਖ ਝਮਕਣ ਤੋਂ ਪਹਿਲਾਂ ਹੀ ਖਤਮ ਕਰ ਦਿੱਤਾ ਜਾਂਦਾ ਸੀ। ਗਲੀ ਮਹੱਲੇ ਦੀ ਕੋਈ ਜਨਾਨੀ ਬਾਲੜੀ ਨੂੰ ਗੋਦੀ ਚੁੱਕਦੀ, ਮਲਕੜੇ ਜਹੇ ਅੱਕ ਦੇ ਦੁਧ ਜਾਂ ਕੋਈ ਹੋਰ ਜ਼ਹਿਰੀਲੀ ਚੀਜ ਨਾਲ ਭਿੱਜੀ ਹੋਈ ਰੂੰ ਦੀ ਬੱਤੀ ਉਹਦੇ ਮੂੰਹ ਨਾਲ ਛੁਹਾ ਦਿੰਦੀ ਤੇ ਬਾਲੜੀ ਉਸ ਜ਼ਹਿਰ ਨੂੰ ਚੂਸ ਲੈਂਦੀ ਤੇ ਬਸ ....

> ਆਮ ਲੋਕ ਇਹ ਸਮਝਦੇ ਸਨ ਕਿ ਧੀਆਂ ਮਾਪਿਆਂ ਦੀ ਪਤ ਰੋਲਦੀਆਂ ਹਨ। ਇਹ ਝੂਠੀ ਲੋਕ ਲੱਜਿਆ ਵੀ ਧੀਆਂ ਨੂੰ ਮਾਰਨ ਦਾ ਇਕ ਬਹਾਨਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਅਣ-ਮਨੁੱਖੀ ਰਿਵਾਜ ਵਿਰੁਧ ਆਵਾਜ਼ ਬੁਲੰਦ ਕੀਤੀ ਤੇ ਆਪਣੇ ਸ਼ਰਧਾਲੂਆਂ ਨੂੰ ਹੁਕਮ ਦਿੱਤਾ, "ਧੀਆਂ ਨੂੰ, ਪੁੱਤਰਾਂ ਸਮਾਨ ਸਮਝ ਕੇ, ਮਾਰਨਾ ਬੰਦ ਕਰੋ। ਇਹ ਬਹੁਤ ਵੱਡਾ ਪਾਪ ਹੈ। ਜੇ ਕੋਈ ਕੁੜੀ ਨੂੰ ਮਾਰਦਾ ਹੈ ਉਹ ਮੇਰਾ ਸਿੱਖ ਨਹੀਂ – ਕੁੜੀਮਾਰ ਨੂੰ ਮੂੰਹ ਨਾ ਲਾਵੋ ਨਾ ਹੀ ਉਸ ਨੂੰ ਸੰਗਤ ਵਿਚ ਆਉਣ ਦੇਵੋ।'

ਵਿਦੇਸ਼ੀ ਹਮਲਾਵਰ ਭਾਰਤ ਤੇ ਹਮਲਾ ਕਰਦੇ ਸਮੇਂ ਪੰਜਾਬ, ਜੋ ਭਾਰਤ ਦਾ ਮੁਖ ਦੁਆਰ ਸੀ, ਵਿਚ ਮਾਰ ਧਾੜ ਕਰਦੇ ਹੋਏ ਪੰਜਾਬ ਦੀਆਂ ਧੀਆਂ ਭੈਣਾਂ ਦੀ ਬੇਪਤੀ ਵੀ ਕਰਦੇ ਸਨ। ਉਸ ਸਮੇਂ ਜਵਾਨ ਧੀਆਂ ਭੈਣਾਂ ਦੀ ਰਾਖੀ ਇਕ ਸਮੱਸਿਆ ਬਣੀ ਹੋਈ ਸੀ ਇਸ ਲਈ ਉਹਨਾਂ ਨੂੰ ਜੰਮਦਿਆਂ ਹੀ ਮਾਰ ਦੇਣਾ ਠੀਕ ਸਮਝਿਆ ਜਾਂਦਾ ਸੀ।

ਦੂਜਾ ਕਾਰਨ ਇਹ ਵੀ ਸੀ ਕਿ ਆਮ ਲੋਕ ਇਹ ਸਮਝਦੇ ਸਨ ਕਿ ਧੀਆਂ ਮਾਪਿਆਂ ਦੀ ਪਤ ਰੋਲਦੀਆਂ ਹਨ। ਇਹ ਝੂਠੀ ਲੋਕ ਲੱਜਿਆ ਵੀ ਧੀਆਂ ਨੂੰ ਮਾਰਨ ਦਾ ਇਕ ਬਹਾਨਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਅਣ-ਮਨੁੱਖੀ ਰਿਵਾਜ ਵਿਰੁਧ ਆਵਾਜ਼ ਬੁਲੰਦ ਕੀਤੀ ਤੇ ਆਪਣੇ ਸ਼ਰਧਾਲੂਆਂ ਨੂੰ ਹੁਕਮ ਦਿੱਤਾ, "ਧੀਆਂ ਨੂੰ, ਪੁੱਤਰਾਂ ਸਮਾਨ ਸਮਝ ਕੇ, ਮਾਰਨਾ ਬੰਦ ਕਰੋ। ਇਹ ਬਹੁਤ ਵੱਡਾ ਪਾਪ ਹੈ। ਜੇ ਕੋਈ ਕੁੜੀ ਨੂੰ ਮਾਰਦਾ ਹੈ ਉਹ ਮੇਰਾ ਸਿੱਖ ਨਹੀਂ – ਕੁੜੀਮਾਰ ਨੂੰ ਮੂੰਹ ਨਾ ਲਾਵੋ ਨਾ ਹੀ ਉਸ ਨੂੰ ਸੰਗਤ ਵਿਚ ਆਉਣ ਦੇਵੋ।'

ਧੀ ਦੇ ਪੈਸੇ ਵਟਣੇ ਤੇ ਵੱਟੇ ਦਾ ਵਿਆਹ—

ਉਸ ਸਮੇਂ ਧੀਆਂ ਨੂੰ ਵੇਚਣ ਅਤੇ ਵੱਟੇ ਦਾ ਵਿਆਹ ਕਰਨ ਦਾ ਰਿਵਾਜ ਵੀ ਪ੍ਰਚਲਤ ਸੀ। ਕਈ ਲਾਲਚੀ, ਐਬੀ, ਵੈਲੀ ਜਾਂ ਆਰਥਕ ਤੌਰ ਤੇ ਥੁੜੇ ਹੋਏ ਮਾਪੇ ਆਪਣੀਆਂ ਧੀਆਂ ਨੂੰ ਪੈਸੇ ਲੈ ਕੇ ਵਿਆਹ ਦਿੰਦੇ ਸਨ। ਅਜਿਹੀ ਹਾਲਤ ਵਿਚ ਮੁੰਡਾ ਕਿਸੇ ਵੀ ਪੱਖੋਂ ਕੁੜੀ ਦੇ ਹਾਣ ਦਾ ਨਹੀਂ ਸੀ ਹੁੰਦਾ- ਕਿਸੇ ਵਿਚ ਕੋਈ ਸਰੀਰਕ ਕੱਜ ਹੁੰਦਾ ਸੀ, ਕੋਈ ਵੱਡੀ ਉਮਰ ਦਾ ਬਦਸੂਰਤ ਤੇ ਬਾਲ ਬੱਚੇਦਾਰ, ਰੰਡਾ ਜਾਂ ਬੇ-ਔਲਾਦ ਹੁੰਦਾ ਸੀ। ਕੁੜੀ ਦੀ ਇਸ ਸਬੰਧੀ ਕੋਈ ਰਾਏ ਨਹੀਂ ਸੀ ਲਈ ਜਾਂਦੀ ਬਸ ਇਕ ਬੇਜ਼ਬਾਨ ਗਊ ਸਮਝ ਕੇ ਉਸ ਨੂੰ ਜਿਥੇ ਮਰਜ਼ੀ ਵੇਚ ਦਿੱਤਾ ਜਾਂਦਾ ਸੀ। ਵੱਟੇ ਦੇ ਵਿਆਹ ਵਿਚ ਕਿਸੇ ਕਾਰਨ ਵਿਆਹ ਤੋਂ ਖੁੰਝੇ ਆਦਮੀ ਇਕ ਦੂਜੇ ਦੀ ਭੈਣ ਨਾਲ ਵਿਆਹ ਕਰਵਾ ਕੇ ਇਕ ਦੂਜੇ ਦੇ ਸਾਲਾ-ਭਣੋਈਆ ਬਣ ਜਾਂਦੇ ਸਨ। ਇਸ ਕਿਸਮ ਦੇ ਵਿਆਹਾਂ ਵਿਚ ਵੀ ਕੁੜੀਆਂ ਦੀ ਮਰਜ਼ੀ ਨਹੀਂ ਸੀ ਚਲਦੀ ਉਹ ਐਵੇਂ ਬਲੀ ਚੜ੍ਹਾ ਦਿੱਤੀਆਂ ਜਾਂਦੀਆਂ ਸਨ।

ਸਤਿਗੁਰੂ ਰਾਮ ਸਿੰਘ ਜੀ ਨੇ ਇਹਨਾਂ ਕੁਰੀਤੀਆਂ ਵਿਰੁਧ ਵੀ ਪਰਚਾਰ ਕੀਤਾ ਤੇ ਆਪਣੇ ਸੇਵਕਾਂ ਨੂੰ ਹੁਕਮ-ਨਾਮੇ ਜਾਰੀ ਕੀਤੇ:

"ਇਕ ਹੋਰ ਬਾਤ ਸਭ ਨੂੰ ਸੁਣਾ ਦੇਣੀ ਜੋ ਨਾ ਕੋਈ ਕੁੜੀ ਮਾਰੇ, ਨਾ ਵੇਚੇ ਨਾ ਵੱਟਾ ਕਰੇ। ਜੇ ਇਹ ਬਾਤ ਨਾ ਮੰਨੇ ਤਾਂ ਉਸ ਨੂੰ ਸੰਗਤ ਮੇਂ ਨਾ ਬੜਨ ਦੇਣਾ।" ਅਤੇ "ਜੋ ਕੋਈ ਵੱਟਾ ਕਰੂਗਾ, ਬਿਆਜ ਲਊਗਾ, ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ ਉਸ ਦੇ ਨਾਲ ਨਹੀ ਵਰਤਣਾ।"

ਛੋਟੀ ਉਮਰ ਦਾ ਵਿਆਹ—

ਉਸ ਸਮੇਂ ਸਨਾਤਨੀ ਮਰਿਆਦਾ ਅਨੁਸਾਰ ਛੋਟੇ ਛੋਟੇ ਬੱਚਿਆਂ ਦੇ ਵਿਆਹ ਨੂੰ ਬੜੇ ਪੁੰਨ ਦਾ ਕਾਰਜ ਸਮਝਿਆ ਜਾਂਦਾ ਸੀ। ਕਈ ਵਾਰੀ ਲਾੜਾ ਲਾੜੀ ਗੋਦੀ ਚੁੱਕ ਕੇ ਖਾਰੇ ਚਾੜ੍ਹੇ ਜਾਂਦੇ ਸਨ। ਕਈ ਹਾਲਤਾਂ ਵਿਚ ਛੋਟੀ ਉਮਰ ਦੀ ਬਾਲੜੀ ਦਾ ਵਿਆਹ ਉਸ ਤੋਂ ਕਾਫੀ ਵੱਡੀ ਉਮਰ ਦੇ ਲਾੜੇ ਨਾਲ ਕਰ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਗੁੱਡੀਆਂ ਪਟੋਲਿਆਂ ਨਾਲ ਖੇਡਣ ਵਾਲੀ ਬਾਲੜੀ ਕਬੀਲਦਾਰੀ ਦੇ ਝੰਜਟ ਵਿਚ ਜਕੜ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਦੇ ਵਿਆਹ ਸਰੀਰਕ ਪੱਖੋਂ ਅਤੇ ਮਾਨਸਿਕ ਪੱਖੋਂ ਉੱਕਾ ਹੀ ਠੀਕ ਨਹੀਂ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਰੀਤ

ਨੂੰ ਖਤਮ ਕਰਨ ਲਈ ਹੁਕਮਨਾਮਾ ਜਾਰੀ ਕੀਤਾ "ਸਾਰੇ ਬਹੀਰ ਨੂੰ ਹੁਕਮ ਸੁਣਾ ਦੇਣਾ ਜੋ ਪੰਦਰਾਂ ਸੋਲਾਂ ਬਰਸ ਤੇ ਘਟ ਕੋਈ ਕੁੜੀ ਨਾ ਵਿਆਹੇ। ਖੌਫ ਰੱਖਣਾ ਗੁਰੂ ਦਾ ਹਰਦਮ।"

ਵਿਧਵਾ-ਵਿਆਹ ਕਰਵਾਉਣੇ-

ਭਾਰਤੀ ਹਿੰਦੂ ਸਮਾਜ ਵਿਚ ਵਿਧਵਾ ਵਿਆਹ ਕਰਨ ਦੀ ਆਗਿਆ ਨਹੀਂ ਸੀ। ਬਾਲ ਵਿਆਹਾਂ ਦੇ ਰਿਵਾਜ ਕਾਰਨ ਬਾਲ ਵਿਧਵਾਵਾਂ ਨੂੰ ਸਾਰੀ ਜ਼ਿੰਦਗੀ ਬਿਨਾਂ ਵਿਆਹ ਦੇ ਆਪਣੇ ਮਾਪਿਆਂ ਦੇ ਘਰ ਜਾਂ ਸਹੁਰਿਆਂ ਦੇ ਪਰਿਵਾਰ ਵਿਚ ਔਕੜਾਂ ਭਰੀ ਤੇ ਮਾਨਸਕ ਤਣਾਓ ਭਰਪੂਰ ਜ਼ਿੰਦਗੀ ਬਤਾਉਣੀ ਪੈਂਦੀ ਸੀ। ਉਹ ਐਡਾ ਪਹਾੜ ਜੇਡਾ ਜੀਵਨ ਮੰਦਹਾਲੀ ਦੀ ਹਾਲਤ ਵਿਚ ਬਿਤਾਉਂਦੀਆਂ ਸਨ। ਉਹਨਾਂ ਨੂੰ ਦੂਜਾ ਵਿਆਹ ਕਰਨ ਦੀ ਸਖਤ ਮਨਾਹੀ ਸੀ। ਪਤੀ ਆਪਣੀ ਪਤਨੀ ਦੇ ਮਰਨ ਤੇ ਦੂਜਾ ਵਿਆਹ ਕਰਵਾ ਸਕਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਵਿਧਵਾ-ਵਿਆਹ ਨੂੰ ਸਹੀ ਤੇ ਉਚਿੱਤ ਕਰਾਰ ਦੇਂਦਿਆਂ ਵਿਧਵਾ-ਵਿਆਹ ਦੀ ਰੀਤ ਤੋਰ ਕੇ ਇਕ ਵੱਡਾ ਸਮਾਜ ਸੁਧਾਰਕ ਕਦਮ ਪੁੱਟਿਆ।

ਆਨੰਦ ਕਾਰਜ ਦੀ ਰੀਤ-

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤਕ ਸਿੱਖ ਪਰਿਵਾਰਾਂ ਵਿਚ ਵਿਆਹ ਦੀ ਰਸਮ ਸਨਾਤਨੀ ਮਰਯਾਦਾ ਅਨੁਸਾਰ ਕੀਤੀ ਜਾਂਦੀ ਸੀ। ਇਸ ਵਿਚ ਫੇਰਿਆਂ ਨਾਲ ਸਬੰਧਿਤ ਰਸਮਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਬਰਾਤ ਦਾ ਆਉਣਾ, ਬਰਾਤ ਦੀ ਟਹਿਲ ਸੇਵਾ ਤੇ ਖਰਚ ਅਤੇ ਦਾਜ-ਦਹੇਜ ਆਦਿ ਦੇ ਬਹੁਤ ਹੀ ਖਰਚੇ ਕਰਨੇ ਪੈਂਦੇ ਸਨ। ਜਿਹੜੇ ਧੀਆਂ ਦੇ ਮਾਪਿਆਂ ਦਾ ਲੱਕ ਤੋੜ ਕੇ ਰੱਖ ਦੇਂਦੇ ਸਨ। ਇਹਨਾਂ ਖਰਚਾਂ ਕਾਰਨ ਹੀ ਧੀਆਂ ਦੇ ਜਨਮ ਨੂੰ ਅਪਸ਼ਗਨ ਸਮਝਿਆ ਜਾਂਦਾ ਸੀ। ਆਮ ਮਾਪਿਆਂ ਲਈ ਧੀ ਦਾ ਵਿਆਹ ਕਰਨਾ ਇਕ ਬਹੁਤ ਵੱਡੀ ਸਮੱਸਿਆ ਸੀ।

ਸਤਿਗੁਰੂ ਰਾਮ ਸਿੰਘ ਜੀ ਨੇ ਵਿਆਹ ਦੀਆਂ ਸਾਰੀਆਂ ਭੈੜੀਆਂ ਤੇ ਖਰਚੀਲੀਆਂ ਰਸਮਾਂ ਨੂੰ ਸਮਾਪਤ ਕਰਕੇ ਸ੍ਰੀ ਆਦਿ ਗ੍ਰੰਥ ਸਾਹਿਬ ਵਿਚੋਂ ਲਾਵਾਂ ਪੜ੍ਹ ਕੇ ਸਰਲ ਤੇ ਸਾਦੇ ਗੁਰਮਤ ਆਨੰਦ ਕਾਰਜ ਦੀ ਰੀਤ ਤੋਰੀ।

ਇਸਤਰੀ ਵਿਦਿਆ ਤੇ ਜ਼ੋਰ-

ਸਤਿਗੁਰੂ ਰਾਮ ਸਿੰਘ ਜੀ ਦਾ ਵਿਸ਼ਵਾਸ ਸੀ ਕਿ ਇਸਤਰੀਆਂ ਜੋ ਸਾਡੇ ਸਮਾਜ ਦਾ ਅੱਧਾ ਭਾਗ ਹਨ ਵਿਦਿਆ ਦੇ ਚਾਨਣ ਦੀ ਅਣਹੋਂਦ ਕਾਰਨ ਜਲਦੀ ਵਹਿਮਾਂ ਭਰਮਾਂ ਅਤੇ ਅੰਧ-ਵਿਸ਼ਵਾਸਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ ਅਤੇ ਭਾਂਤ ਭਾਂਤ ਦੇ ਚੇਲੇ ਸਿਆਣੇ ਇਨ੍ਹਾਂ ਅਨਪੜ੍ਹ ਇਸਤਰੀਆਂ ਦੀ ਕਮਜ਼ੋਰੀ ਦਾ ਲਾਭ ਉਠਾ ਕੇ ਉਹਨਾਂ ਦੀ ਲੁਟ ਖਸੁੱਟ ਕਰਦੇ ਹਨ। ਉਸ ਸਮੇਂ ਭਾਵੇਂ ਅੱਜ ਵਾਂਗ ਵਿਦਿਆ ਦੇ ਵਿਆਪਕ ਸਾਧਨ ਨਹੀਂ ਸਨ ਪਰੰਤੂ ਸੀਮਤ ਸਾਧਨਾਂ ਦੇ ਹੁੰਦੇ ਹੋਏ ਵੀ ਉਸ ਸਮੇਂ ਇਸਤਰੀਆਂ ਨੂੰ ਵਿਦਿਆ ਦੇ ਚਾਨਣ ਤੋਂ ਦੂਰ ਰੱਖਿਆ ਜਾਂਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਬੀਬੀਆਂ ਨੂੰ ਅਗਿਆਨਤਾ, ਅੰਧ ਵਿਸ਼ਵਾਸਾਂ ਅਤੇ ਵਹਿਮਾਂ ਭਰਮਾਂ ਦੇ ਹਨ੍ਹੇਰੇ ਚੋਂ ਕੱਢਣ ਲਈ, ਇਸਤਰੀਆਂ ਦੀ ਪੜ੍ਹਾਈ ਉੱਤੇ ਪੁਰਸ਼ਾਂ ਦੇ ਬਰਾਬਰ ਜ਼ੋਰ ਦਿੱਤਾ। ਉਹਨਾਂ ਨੇ ਹੁਕਮ ਕੀਤਾ, "ਲੜਕੇ ਲੜਕੀਆਂ ਨੂੰ ਅੱਖਰ ਪੜਾਉਣੇ, ਹੋਸ਼ ਆਉਂਦੀ ਦੇ ਨਾਲ"। "ਬਾਣੀ ਸਭ ਨੇ ਕੰਠ ਕਰਨੀ ਜਨਾਨੇ ਮਰਦਾਨੇ ਨੇ ਬੁੱਢੇ ਬਾਲੇ ਨੇ" ਅਤੇ "ਸਾਰੀ ਸੰਗਤ ਨੂੰ ਇਹ ਹੁਕਮ ਸੁਣਾ ਦੇਣਾ। ਬਾਣੀ ਕੰਠ ਕਰਨ ਸਰਬ ਬੁੱਢੇ ਬਾਲੇ ਮਾਈ ਬੀਬੀ। ਪਿਛਲੀ ਰਾਤ ਇਸ਼ਨਾਨ ਤੇ ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾ ਦੇਣੇ।"

ਇਸਤਰੀਆਂ ਨੂੰ ਅੰਮ੍ਰਿਤ ਛਕਾਉਣਾ-

ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਅਤੇ ਪੰਜਾਂ ਕਕਾਰਾਂ ਦੀਆਂ ਧਾਰਨੀ ਬਣਾਉਣ ਦੀ ਕ੍ਰਾਂਤੀਕਾਰੀ ਰੀਤ ਤੋਰੀ। ਇਸ ਤੋਂ ਪਹਿਲਾਂ ਕੇਵਲ ਪੁਰਸ਼ਾਂ ਨੂੰ ਹੀ ਅੰਮ੍ਰਿਤ ਛਕਾਇਆ ਜਾਂਦਾ ਸੀ। ਉਹਨਾਂ ਨੇ ਪੁਰਸ਼ਾਂ ਵਾਂਗ ਇਸਤਰੀ ਲਈ ਵੀ ਗੁਰਮੁਖਾਂ ਵਾਲੇ ਦੁੱਧ ਚਿੱਟੇ ਵਸਤਰ ਨਿਸ਼ਚਿਤ ਕੀਤੇ। ਭੜਕੀਲੇ ਲਬਾਸ, ਗਹਿਣਿਆਂ ਦੇ ਤਿਆਗ ਅਤੇ ਘੁੰਡ ਕੱਢਣ ਦੀ ਮਨਾਹੀ ਨੇ ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਸਮਾਜ ਵਿਚ ਵਿਚਰਨ ਲਈ ਉਤਸਾਹਿਤ ਕੀਤਾ। ਉਹ ਧਾਰਮਿਕ ਇਕੱਠਾਂ ਅਤੇ ਦੀਵਾਨਾਂ ਵਿਚ ਪੁਰਸ਼ਾਂ ਦੇ ਨਾਲ ਨਾਲ ਇਕੱਤਰ ਹੋਣ ਲੱਗੀਆਂ।

ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਜਾਤੀ ਦੀ ਮੁਕਤੀ ਲਈ ਅਨੇਕਾਂ ਕ੍ਰਾਂਤੀਕਾਰੀ ਕਦਮ ਚੁੱਕੇ। ਅੱਜ ਸੰਸਾਰ ਭਰ ਵਿਚ ਇਸਤਰੀ ਜਾਤੀ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੀ ਹੈ। ਸਤਿਗੁਰੂ ਰਾਮ ਸਿੰਘ ਜੀ ਵਲੋਂ ਇਸਤਰੀ ਜਾਤੀ ਦੀ ਮੁਕਤੀ ਲਈ ਕੀਤੇ ਯਤਨ ਇਤਿਹਾਸਕ ਮਹੱਤਵ ਰੱਖਦੇ ਹਨ। ਉਹ ਸੱਚਮੁੱਚ ਹੀ ਇਸਤਰੀ ਜਾਤੀ ਦੇ ਮੁਕਤੀ ਦਾਤਾ ਸਨ।

ਅੰਗਰੇਜ਼ ਸਰਕਾਰ ਨਾਲ ਨਾਮਿਲਵਰਤਣ-

ਸਤਿਗੁਰੂ ਰਾਮ ਸਿੰਘ ਜੀ ਕੇਵਲ ਇਕ ਧਾਰਮਕ ਆਗੂ ਹੀ ਨਹੀਂ ਸਨ ਬਲਕਿ ਉਹ ਇਕ ਸੂਝਵਾਨ ਰਾਜਸੀ ਵਿਚਾਰ-ਧਾਰਾ ਦੇ ਗਿਆਤਾ ਵੀ ਸਨ। ਉਹਨਾਂ ਦਾ ਪੱਕਾ ਵਿਸ਼ਵਾਸ਼ ਸੀ ਕਿ ਆਤਮਕ ਤੇ ਧਾਰਮਕ ਅਜ਼ਾਦੀ ਓਦੋਂ ਤਕ ਸਥਾਈ ਰੂਪ ਧਾਰਨ ਨਹੀਂ ਕਰ ਸਕਦੀ ਜਦੋਂ ਤਕ ਅਸੀਂ ਸਭਿਆਚਾਰਕ ਤੇ ਰਾਜਸੀ ਅਜ਼ਾਦੀ ਪ੍ਰਾਪਤ ਨਹੀਂ ਕਰ ਲੈਂਦੇ। ਇਸ ਦੀ ਪ੍ਰਾਪਤੀ ਲਈ ਉਹਨਾਂ ਨੇ ਧਾਰਮਕ ਅਤੇ ਸਦਾਚਾਰਕ ਸਿੱਖਿਆ ਦੇ ਨਾਲ ਨਾਲ, ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਦਿਲਾਉਣ ਲਈ, ਭਾਰਤ ਦੇ ਲੋਕਾਂ ਵਿਚ ਰਾਜਸੀ ਚੇਤਨਾ ਜਗਾਉਣ ਵਾਲੇ ਕਈ ਕ੍ਰਾਂਤੀਕਾਰੀ ਕਦਮ ਚੁੱਕੇ ਤੇ ਪ੍ਰੋਗਰਾਮ ਉਲੀਕੇ। ਉਹਨਾਂ ਦੇ ਸਾਹਮਣੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਇਤਿਹਾਸਕ ਤੱਥ ਸਨ-ਕਿਵੇਂ ਉਹਨਾਂ ਨੇ ਮੁਗ਼ਲ ਸਾਮਰਾਜ ਦਾ ਟਾਕਰਾ ਕਰਨ ਲਈ ਆਪਣਾ ਸਰਬੰਸ ਵਾਰ ਦਿੱਤਾ-ਸਿਰਲੱਥ ਖਾਲਸੇ ਦੀਆਂ ਕੁਰਬਾਨੀਆਂ ਦੇ ਇਤਿਹਾਸ ਤੋਂ ਉਹ ਭਲੀ ਪਰਕਾਰ ਜਾਣੂੰ ਸਨ। ਅੰਗਰੇਜ਼ ਸਾਮਰਾਜ ਤਾਂ ਮੁਗ਼ਲ ਸਾਮਰਾਜ ਤੋਂ ਵਧ ਸ਼ਾਤਰ ਸੀ- ਇਹ ਇਕ ਅਜਿਹਾ ਸਾਮਰਾਜ ਸੀ ਜਿਸ ਦੇ ਖੇਤਰ ਵਿਚ ਸੂਰਜ ਨਹੀਂ ਸੀ ਛਿਪਦਾ। ਸਤਿਗੁਰੂ ਰਾਮ ਸਿੰਘ ਜੀ ਨੇ ਲੁਕਵੇਂ ਤੇ ਅਸਿੱਧੇ ਰੂਪ ਵਿਚ ਪੰਜਾਬੀਆਂ ਵਿਚ ਰਾਜਸੀ ਜਾਗ੍ਰਤੀ ਲਿਆਂਦੀ ਤੇ ਉਹਨਾਂ ਨੂੰ ਦੇਸ ਦੀ ਅਜ਼ਾਦੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇਣ ਲਈ ਪ੍ਰੇਰਿਆ। ਉਹਨਾਂ ਨੇ ਅੰਗਰੇਜ਼ਾਂ ਵਿਰੁੱਧ ਪੂਰਨ ਨਾਮਿਲਵਰਤਣ ਤੇ ਅਸਹਿਯੋਗ ਅੰਦੋਲਨ ਸ਼ੁਰੂ ਕਰ ਦਿੱਤਾ। ਉਹਨਾਂ ਨੇ ਆਪਣੇ ਸ਼ਰਧਾਲੂਆਂ ਨੂੰ ਆਖਿਆ ਕਿ ਉਹ ਅੰਗਰੇਜ਼ਾਂ ਨੂੰ ਕਿਸੇ ਵੀ ਕਿਸਮ ਦਾ ਸਹਿਯੋਗ ਨਾ ਦੇਣ ਤੇ ਨਾ ਹੀ ਵਿਦੇਸ਼ੀ ਵਸਤਾਂ ਦੀ ਵਰਤੋਂ ਕਰਨ। ਉਹਨਾਂ ਨੇ ਹੇਠ ਲਿਖੇ ਅਨੁਸਾਰ ਆਪਣਾ ਪੰਜ ਨੁਕਾਤੀ ਪ੍ਰੋਗਰਾਮ ਸੰਗਤਾਂ ਅੱਗੇ ਰੱਖਿਆ:-

੧. ਅੰਗਰੇਜ਼ੀ ਸਰਕਾਰ ਦੀ ਨੌਕਰੀ ਨਾ ਕਰੋ। ਅੰਗਰੇਜ਼ਾਂ ਦੀ ਬੋਲੀ ਨਾ ਬੋਲੋ, ਨਾ ਪੜ੍ਹੋ ਨਾ ਸਿੱਖੋ। ਇਹ ਤੁਹਾਡੀ ਸੋਚ ਨੂੰ ਗ਼ੁਲਾਮ ਬਣਾਉਂਦੀ ਹੈ।

੨. ਅੰਗਰੇਜ਼ੀ ਸਰਕਾਰ ਵਲੋਂ ਚਲਾਈਆਂ ਸਿੱਖਿਆ ਸੰਸਥਾਵਾਂ ਵਿਚ ਦਾਖਲ ਨਾ ਹੋਵੋ।

੩. ਅੰਗਰੇਜ਼ੀ ਸਰਕਾਰ ਦੀਆਂ ਅਦਾਲਤਾਂ ਦਾ ਬਾਈਕਾਟ ਕਰੋ। ਇਹਨਾਂ ਤੋਂ ਇਨਸਾਫ ਦੀ ਆਸ ਰੱਖੋ, ਆਪਣੇ ਫੈਸਲੇ ਆਪਣੀਆਂ ਪੰਚਾਇਤਾਂ ਰਾਹੀਂ ਨਬੇੜੋ।

੪. ਅੰਗਰੇਜ਼ ਸਰਕਾਰ ਦੇ ਉਹਨਾਂ ਹੁਕਮਾਂ ਦੀ ਪਾਲਣਾ ਨਾ ਕਰੋ ਜਿਹੜੇ ਤੁਹਾਡੀ ਆਤਮਾ ਦੇ ਵਿਰੁੱਧ ਜਾਂਦੇ ਹੋਣ।

੫. ਰੇਲਾਂ, ਸਰਕਾਰੀ ਸੜਕਾਂ, ਸਰਕਾਰੀ ਡਾਕ ਸੇਵਾ ਦਾ ਬਾਈਕਾਟ ਕਰੋ, ਵਿਦੇਸ਼ੀ ਕਪੜਾ ਨਾ ਪਹਿਨੋ, ਨਾ ਹੀ ਹੋਰ ਵਿਦੇਸ਼ੀ ਵਸਤਾਂ ਦੀ ਵਰਤੋਂ ਕਰੋ। ਆਪਣੇ ਘਰ ਕੱਤਿਆ ਕਪੜਾ ਪਹਿਨੋ।

ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਸੁਦੇਸ਼ੀ ਤੇ ਨਾਮਿਲਵਰਤਣ ਲਹਿਰ ਦੇ ਬੜੇ ਦੂਰ-ਰਸ ਸਿੱਟੇ ਨਿਕਲੇ। ਕਈ ਦਹਾਕੇ ਮਗਰੋਂ ਇਸੇ ਲਹਿਰ ਤੋਂ ਪ੍ਰੇਰਨਾ ਲੈ ਕੇ ਮਹਾਤਮਾ ਗਾਂਧੀ ਨੇ ਅੰਗਰੇਜ਼ਾਂ ਵਿਰੁਧ ਦੇਸ ਵਿਆਪੀ ਨਾਮਿਲਵਰਤਣ ਲਹਿਰ ਚਲਾਈ ਤੇ ਸੁਦੇਸ਼ੀ ਅੰਦੋਲਣ ਸ਼ੁਰੂ ਕੀਤਾ।

ਨਾਮਧਾਰੀਆਂ ਨੇ ਆਪਣੇ ਗੁਰੂ ਦੇ ਹੁਕਮਾਂ ਦੀ ਇਨ ਬਿਨ ਪਾਲਣਾ ਕੀਤੀ। ਉਹਨਾਂ ਅੰਗਰੇਜ਼ ਸਰਕਾਰ ਦਾ ਮੁਕੰਮਲ ਤੌਰ ਤੇ ਬਾਈਕਾਟ ਕੀਤਾ। ਕੋਈ ਕੂਕਾ ਰੇਲ ਗੱਡੀ ਤੇ ਸਫਰ ਨਹੀਂ ਸੀ ਕਰਦਾ ਤੇ ਨਾ ਹੀ ਅਜਿਹੇ ਵਾਹਨਾਂ ਤੇ ਸਵਾਰ ਹੁੰਦਾ ਸੀ ਜਿਸ ਦਾ ਪ੍ਰਬੰਧ ਸਰਕਾਰੀ ਹੋਵੇ। ਏਥੋਂ ਤਕ ਕਿ ਉਹ ਸਰਕਾਰ ਵਲੋਂ ਬਣਾਈਆਂ ਸੜਕਾਂ ਤੇ ਸਫਰ ਨਹੀਂ ਸੀ ਕਰਦੇ, ਨਾ ਸੜਕ ਕੰਢੇ ਲੱਗੇ ਦਰੱਖਤਾਂ ਦੀ ਛਾਂ ਥੱਲੇ ਬੈਠਦੇ ਸਨ। ਨਾ ਨਲਕੇ ਦਾ ਪਾਣੀ ਪੀਂਦੇ ਸਨ। ਉਹ ਕੱਚੇ ਰਾਹਾਂ ਅਤੇ ਪਗਡੰਡੀਆਂ ਰਾਹੀਂ ਸਫਰ ਕਰਦੇ ਸਨ। ਇਹ ਜਾਣਕੇ ਬੜੀ ਹੈਰਾਨੀ ਹੁੰਦੀ ਹੈ ਕਿ ਕੂਕੇ ਦੇਸ ਤੋਂ ਬਾਹਰ ਜਾਣ ਲਈ ਵੀ ਪਹਾੜੀ ਤੇ ਨੀਮ ਪਹਾੜੀ ਪਗਡੰਡੀਆਂ ਰਾਹੀਂ, ਨੇਪਾਲ, ਅਫਗਾਨਿਸਤਾਨ ਅਤੇ ਰੂਸ ਤਕ ਪੈਦਲ ਸਫਰ ਕਰਦੇ ਰਹੇ ਹਨ।

ਕੂਕੇ ਸਰਕਾਰੀ ਡਾਕ ਪ੍ਰਬੰਧ ਦੀ ਉੱਕਾ ਹੀ ਵਰਤੋਂ ਨਹੀਂ ਸੀ ਕਰਦੇ ਬਲਕਿ ਉਹਨਾਂ ਦਾ ਆਪਣਾ ਪੂਰਨ ਤੌਰ ਤੇ ਵਿਕਸਤ ਤੇ ਮੁਕੰਮਲ ਡਾਕ ਪ੍ਰਬੰਧ ਸੀ ਜਿਸ ਨੂੰ 'ਕੂਕਾ ਪੋਸਟਲ ਸਰਵਿਸ' ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਉਹ ਆਪਣੇ ਭਰੋਸੇ ਯੋਗ ਬੰਦਿਆਂ ਰਾਹੀਂ ਆਪਣੇ ਗੁਪਤ ਸੁਨੇਹੇ ਅਤੇ ਪੱਤਰ ਗੁਪਤ ਸੰਕੇਤਾਂ ਦੁਆਰਾ ਭੇਜਦੇ ਸਨ ਜਿਨ੍ਹਾਂ ਨੂੰ ਕੇਵਲ ਕੂਕੇ ਹੀ ਸਮਝ ਸਕਦੇ ਸਨ। ਉਹਨਾਂ ਦਾ ਇਹ ਜਾਲ ਕੇਵਲ ਭਾਰਤ ਤਕ ਹੀ ਸੀਮਤ ਨਹੀਂ ਸੀ ਬਲਕਿ ਉਹਨਾਂ ਨੇ ਪਿਸ਼ਾਵਰ, ਕਾਬਲ, ਹਰੀਪੁਰ ਹਜ਼ਾਰਾ ਤੇ ਰੂਸੀ ਤੁਰਕਸਤਾਨ ਤਕ ਆਪਣੇ ਗੁਪਤ ਅੱਡੇ ਸਥਾਪਿਤ ਕੀਤੇ ਹੋਏ ਸਨ ਜਿਨ੍ਹਾਂ ਦੀ ਦੇਖ ਰੇਖ ਸੂਬਾ ਗੁਰਚਰਨ ਸਿੰਘ ਕਰਦਾ ਸੀ।

ਅੰਗਰੇਜ਼ ਅਜੇ ਤਕ ਇਹ ਨਹੀਂ ਸੀ ਜਾਣ ਸਕੇ ਕਿ ਕੂਕੇ ਉਹਨਾਂ ਦੀ ਸਰਕਾਰ ਦੇ ਸਮਾਂਤਰ ਆਪਣਾ ਪ੍ਰਬੰਧ ਚਲਾ ਰਹੇ ਹਨ। ਸਤਿਗੁਰੂ ਰਾਮ ਸਿੰਘ ਜੀ ਨੇ ਸਾਰੇ ਪੰਜਾਬ ਵਿਚ ੨੨ ਪ੍ਰਬੰਧਕ ਨਿਯੁਕਤ ਕੀਤੇ ਹੋਏ ਸਨ ਜਿਨ੍ਹਾਂ ਨੂੰ ਸੂਬੇ ਆਖਿਆ ਜਾਂਦਾ ਹੈ। ਹਰ ਸੂਬਾ ਆਪਣੇ ਇਲਾਕੇ ਵਿਚ ਨਾਮਧਾਰੀ ਮਿਸ਼ਨ ਦਾ ਮੁਖੀਆ ਸੀ ਅਤੇ ਸਤਿਗੁਰੂ ਰਾਮ ਸਿੰਘ ਜੀ ਨਾਲ ਤਾਲ ਮੇਲ ਰੱਖ ਕੇ ਉਹਨਾਂ ਦੇ ਹੁਕਮਾਂ ਦੀ ਪਾਲਣਾ ਕਰਵਾਉਂਦਾ ਸੀ।

ਸੜਕਾਂ ਅਤੇ ਰੇਲਾਂ ਰਾਹੀਂ ਸਫਰ ਨਾ ਕਰਨ ਕਰਕੇ ਅਤੇ ਕੂਕਿਆਂ ਦੇ ਗੁਪਤ ਡਾਕ ਪ੍ਰਬੰਧ ਕਾਰਨ ਕੂਕਾ ਲਹਿਰ ਕਾਫੀ ਲੰਮਾ ਸਮਾਂ ਅੰਗਰੇਜ਼ ਹਾਕਮਾਂ ਦਾ ਧਿਆਨ ਆਪਣੇ ਵਲ ਨਾ ਖਿੱਚ ਸਕੀ। ਕੂਕੇ ਅੰਗਰੇਜ਼ਾਂ ਦੇ ਸੂਹਿਆਂ ਤੋਂ ਵੀ ਓਹਲੇ ਰਹੇ। ਇਸੇ ਕਰਕੇ ਅੰਗਰੇਜ਼ ਹਾਕਮ ਨਾਮਧਾਰੀਆਂ ਦੇ ਰਾਜਸੀ ਮਨੋਰਥ ਤੋਂ ਲੰਮਾ ਸਮਾਂ ਅਨਜਾਣ ਰਹੇ। ਉਹ ਤਾਂ ਇਸ ਲਹਿਰ ਨੂੰ ਇਕ ਸਮਾਜਕ ਤੇ ਧਾਰਮਕ ਲਹਿਰ ਦੇ ਰੂਪ ਵਿਚ ਹੀ ਵੇਖ ਰਹੇ ਸਨ।

ਨਾਮ ਸਿਮਰਨ ਦੇ ਨਾਲ ਨਾਲ ਕੂਕਿਆਂ ਵਲੋਂ ਸਮਾਜ ਸੁਧਾਰ ਦਾ ਕਾਰਜ ਵੀ ਜਾਰੀ ਸੀ-ਆਮ ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਅਜ਼ਾਦ ਕਰਵਾਉਣ ਲਈ ਕੂਕੇ ਮੜ੍ਹੀਆਂ ਮਸਾਣੀਆਂ ਨੂੰ ਢਾਹ ਰਹੇ ਸਨ ਜਿਸ ਕਰਕੇ ਪਿਛਾਂਹ ਖਿਚੂ ਅਤੇ ਸਨਾਤਨੀ ਵਿਚਾਰਾਂ ਦੇ ਲੋਕ, ਮੰਦਰਾਂ ਦੇ ਪੁਜਾਰੀ ਅਤੇ ਮਹੰਤ ਕੂਕਿਆਂ ਦੇ ਪ੍ਰਚਾਰ ਦੀ ਵਿਰੋਧਤਾ ਕਰਨ ਲੱਗੇ। ਪਿੰਡਾਂ ਦੇ ਅਖੌਤੀ ਸਿਆਣੇ ਸਾਧ ਸੰਤ, ਜੋ ਸਾਧਾਰਨ ਲੋਕਾਂ ਦੀ ਅਗਿਆਨਤਾ ਦਾ ਲਾਭ ਉਠਾ ਕੇ, ਉਹਨਾਂ ਦੀ ਟੂਣੇ-ਟਾਮਣਾਂ ਰਾਹੀਂ ਲੁਟ ਖਸੁਟ ਕਰਦੇ ਸਨ. ਵੀ ਕੂਕਿਆਂ ਦੇ ਪਰਚਾਰ ਤੋਂ ਔਖੇ ਸਨ। ਇਸ ਤਰ੍ਹਾਂ ਸਮਾਜ ਦੀ ਲੁਟ ਕਰਨ ਵਾਲਾ ਅਨਸਰ ਕੂਕਿਆਂ ਵਿਰੁਧ ਲਾਮ ਬੰਦ ਹੋ ਰਿਹਾ ਸੀ।

ਜਿਵੇਂ ਕਿ ਉਪਰ ਵਰਨਣ ਕੀਤਾ ਗਿਆ ਹੈ ਅੰਗਰੇਜ਼ ਸਰਕਾਰ ਨਾਮਧਾਰੀਆਂ ਦੇ ਪਰਚਾਰ ਨੂੰ ਕੇਵਲ ਧਾਰਮਕ ਪਰਚਾਰ ਸਮਝ ਕੇ ਅੱਖੋਂ ਓਹਲੇ ਕਰ ਰਹੀ ਸੀ ਪਰੰਤੂ ੩ ਜੂਨ ੧੮੬੩ ਈ. ਨੂੰ ਜ਼ਿਲਾ ਫਿਰੋਜ਼ਪੁਰ ਦੇ ਖੋਟੇ ਨਾਮੀ ਪਿੰਡ ਵਿਚ ੫੦੦ ਨਾਮਧਾਰੀਆਂ ਵਲੋਂ ਸਤਿਗੁਰੂ ਰਾਮ ਸਿੰਘ ਜੀ ਦੀ ਛਤਰ ਛਾਇਆ ਹੇਠ ਇਕ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਜਾਤਪਾਤ ਦੇ ਬੰਧਨ ਤੋੜ ਕੇ ਆਨੰਦ ਕਾਰਜ ਦੀ ਰੀਤ ਤੋਰੀ ਗਈ। ਨਾਮਧਾਰੀਆਂ ਦੇ ਏਸ ਇਕੱਠ ਨੂੰ ਅੰਗਰੇਜ਼ ਸਰਕਾਰ ਨੇ ਆਪਣੀ ਸਰਕਾਰ ਵਿਰੁਧ ਇਕ ਚਣੌਤੀ ਦੇ ਰੂਪ ਵਿਚ ਲਿਆ ਤੇ ਲੈਫਟੀਨੈਂਟ ਗਵਰਨਰ ਦੇ ਹੁਕਮ ਅਨੁਸਾਰ ਇਸ ਇਕੱਠ ਨੂੰ ਤਿੱਤਰ ਬਿੱਤਰ ਕਰ ਦਿੱਤਾ ਗਿਆ ਤੇ ਸਤਿਗੁਰੂ ਰਾਮ ਸਿੰਘ ਨੂੰ ਭੈਣੀ ਸਾਹਿਬ ਵਿਖੇ ਨਜ਼ਰਬੰਦ ਕਰ ਦਿੱਤਾ ਤੇ ਸਾਰੇ ਪੰਜਾਬ ਵਿਚ ਨਾਮਧਾਰੀਆਂ ਵਲੋਂ ਕਿਸੇ ਵੀ ਕਿਸਮ ਦਾ ਦੀਵਾਨ ਲਾਉਣ ਤੇ ਪਾਬੰਦੀ ਲਾ ਦਿੱਤੀ। ਸੂਹੀਏ ਨਾਮਧਾਰੀਆਂ ਦੀ ਪੈਰ ਪੈਰ ਤੇ ਸੂਹ ਲੈਣ ਲੱਗੇ।

ਅੰਗਰੇਜ਼ ਸਰਕਾਰ ਵਲੋਂ ਚੌਕਸੀ—

ਅੰਗਰੇਜ਼ ਹਾਕਮ ਭਾਵੇਂ ਨਾਮਧਾਰੀ ਅੰਦੋਲਨ ਨੂੰ ਸਮਾਜ ਸੁਧਾਰ ਅਤੇ ਧਾਰਮਕ ਅੰਦੋਲਨ ਦੀ ਦ੍ਰਿਸ਼ਟੀ ਤੋਂ ਵੇਖ ਰਹੇ ਸਨ ਪਰੰਤੂ ਇਹ ਅੰਦੋਲਨ ਨਾਮਿਲਵਰਤਣ ਲਹਿਰ ਦੇ ਪਸਾਰ ਕਾਰਨ ਇਕ ਮਹਾਨ ਰਾਜਨੀਤਕ ਲਹਿਰ ਦਾ ਰੂਪ ਧਾਰਨ ਕਰ ਗਿਆ ਸੀ। ਅੰਗਰੇਜ਼ ਹਾਕਮ ਇਸ ਦੇ ਸਮਾਜਕ ਅਤੇ ਰਾਜਨੀਤਕ ਪ੍ਰਭਾਵ ਤੋਂ ਅਵੇਸਲੇ ਨਹੀਂ ਸਨ। ਹੁਣ ਉਹਨਾਂ ਦੀਆਂ ਅੱਖਾਂ ਖੁਲ੍ਹ ਚੁੱਕੀਆਂ ਸਨ। ੧੮੬੩ ਈ. ਤਕ ਇਹ ਲਹਿਰ ਬਰਤਾਨਵੀ ਪੰਜਾਬ ਅਤੇ ਰਿਆਸਤੀ ਪੰਜਾਬ ਦੇ ਸ਼ਹਿਰਾਂ ਵਿਸ਼ੇਸ਼ ਕਰਕੇ ਪਿੰਡਾਂ ਵਿਚ ਆਪਣੇ ਪੈਰ ਜਮਾ ਚੁੱਕੀ ਸੀ। ਲੋਕ ਹਜ਼ਾਰਾਂ ਦੀ

ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਬਾਘਾ ਪੁਰਾਣਾ ਦੇ ਥਾਣੇ ਵਿਚ ਸੱਦ ਕੇ ਪੁਛ ਪੜਤਾਲ ਕੀਤੀ। ਆਪ ਨੇ ਆਪਣੇ ਮਿਸ਼ਨ ਬਾਰੇ ਦੱਸਿਆ:

"ਮੈਂ ਸੱਚੇ ਧਰਮ ਦਾ ਪਰਚਾਰ ਕਰਦਾ ਹਾਂ। ਫਜ਼ੂਲ ਤੇ ਖਰਚੀਲੀਆਂ ਰਸਮਾਂ ਦੇ ਭਾਰ ਤੋਂ ਜਨਤਾ ਨੂੰ ਮੁਕਤ ਕਰਵਾਉਣਾ ਚਾਹੁੰਦਾ ਹਾਂ। ਸਮਾਜਕ ਤੇ ਧਾਰਮਕ ਗਰਾਵਟ ਕਾਰਨ ਲੋਕਾਂ ਨੂੰ ਜੋ ਦੁਖ ਹੋ ਰਹੇ ਹਨ ਮੈਂ ਉਹਨਾਂ ਨੂੰ ਦੂਰ ਕਰਨ ਦਾ ਯਤਨ ਕਰ ਰਿਹਾ ਹਾਂ। ਮੇਰਾ ਕਿਸੇ ਨਾਲ ਵੈਰ ਵਿਰੋਧ ਨਹੀਂ। ਮੈਂ ਦੇਸ ਤੇ ਕੌਮ ਦਾ ਹਿਤੂ ਹਾਂ। ਜੇ ਅਜਿਹੇ ਕੰਮਾਂ ਦਾ ਨਾਂ ਬਗ਼ਾਵਤ ਹੈ ਤਾਂ ਮੈਂ ਇਸ ਲਈ ਹਰ ਤਰ੍ਹਾਂ ਦਾ ਕਸ਼ਟ ਸਹਿਣ ਲਈ ਸਦਾ ਹਾਜ਼ਰ ਹਾਂ।"

ਗਿਣਤੀ ਵਿਚ ਇਸ ਲਹਿਰ ਨਾਲ ਜੁੜ ਰਹੇ ਸਨ। ਅੰਗਰੇਜ਼ ਅਫਸਰ ਸਤਿਗੁਰੂ ਰਾਮ ਸਿੰਘ ਜੀ ਦੀਆਂ ਗਤੀਵਿਧੀਆਂ ਤੇ ਪੂਰੀ ਨਿਗਾਹ ਰਖ ਰਹੇ ਸਨ। ਇਸ ਸਬੰਧੀ ਸਭ ਤੋਂ ਪਹਿਲਾਂ ਸਿਆਲਕੋਟ (ਪਾਕਿਸਤਾਨ) ਦੇ ਡਿਪਟੀ ਕਮਿਸ਼ਨਰ ਮੈਕਨਬ ਨੇ ਸਰਕਾਰ ਨੂੰ ਇਹ ਸੂਚਨਾ ਭੇਜੀ:-

'ਰਾਮ ਸਿੰਘ ਨਾਮ ਦਾ ਇਕ ਬਜ਼ੁਰਗ ਆਪਣੇ ੨੦੦ ਸੇਵਕਾਂ ਨਾਲ ਜ਼ਿਲ੍ਹਾ ਸਿਆਲਕੋਟ ਦਾ ਦੌਰਾ ਕਰ ਰਿਹਾ ਹੈ। ਉਹ ਆਪਣੇ ਸਿੱਖਾਂ ਨੂੰ ਬੰਦੂਕਾਂ ਦੀ ਥਾਂ ਲਾਠੀਆਂ ਨਾਲ ਕਵਾਇਤ (ਡਰਿਲ) ਕਰਵਾਉਂਦਾ ਹੈ। ਉਹ ਕਿਸੇ ਅਧਿਕਾਰੀ ਦਾ ਹੁਕਮ ਨਹੀਂ ਮੰਨਦਾ, ਵਿਸਾਖੀ ਦਾ ਮੇਲਾ ਦੇਖਣ ਲਈ ਉਹ ਅੰਮ੍ਰਿਤਸਰ ਨੂੰ ਜਾ ਰਿਹਾ ਹੈ।"

੧੧ ਅਪ੍ਰੈਲ ੧੮੬੩ ਨੂੰ ਗੁਰੂ ਰਾਮ ਸਿੰਘ ਜੀ, ਆਪਣੇ ਸੇਵਕਾਂ ਨਾਲ ਅੰਮ੍ਰਿਤਸਰ ਪੁਜੇ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮੇਜਰ ਮਰੇ ਅਤੇ ਸੁਪਰਡੈਂਟ ਪੁਲੀਸ ਅੰਮ੍ਰਿਤਸਰ ਨੇ ਉਹਨਾਂ ਨਾਲ ਉਹਨਾਂ ਦੇ ਅੰਦੋਲਨ ਬਾਰੇ ਗਲਬਾਤ ਕਰਨ ਮਗਰੋਂ ਇਹ ਸੂਚਨਾ ਪੰਜਾਬ ਸਰਕਾਰ ਨੂੰ ਭੇਜੀ:-

'ਉਹਨਾਂ ਦੇ ਸੇਵਕ ਰਿਸ਼ਟ-ਪੁਸ਼ਟ ਅਤੇ ਜੁਆਨ ਹਨ। ਉਹਨਾਂ ਦਾ ਗਲਬਾਤ ਦਾ ਢੰਗ ਬਾਗੀਆਨਾ ਨਹੀਂ ਸਗੋਂ ਉਹ ਸ਼ਾਂਤਮਈ ਅਤੇ ਗੰਭੀਰ ਪ੍ਰਵਿਰਤੀ ਵਾਲੇ ਜਾਪਦੇ ਹਨ। ਇਸ ਲਈ ਭਰੇ ਮੇਲੇ ਵਿਚ ਉਹਨਾਂ ਦੇ ਕੰਮ ਵਿਚ ਦਖਲ ਅੰਦਾਜ਼ੀ ਕਰਨੀ ਉਚਿਤ ਨਹੀਂ ਸਮਝੀ ਗਈ।"

੩ ਜੂਨ ੧੮੬੩ ਨੂੰ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਖੋਟੇ ਵਿਖੇ ਨਾਮਧਾਰੀਆਂ ਵਲੋਂ ਸਾਦਾ ਵਿਆਹਾਂ ਦੀ ਰੀਤ ਸ਼ੁਰੂ ਕਰਨ ਲਈ ਆਨੰਦ ਕਾਰਜ ਦੀ ਰਸਮ ਦਾ ਆਯੋਜਨ ਕੀਤਾ ਗਿਆ। ਨਾਮਧਾਰੀਆਂ ਦੇ ਇਸ ਸੰਮੇਲਨ ਬਾਰੇ ੪ ਜੂਨ ਨੂੰ ਖੋਟੇ ਪਿੰਡ ਦੇ ਚੌਕੀਦਾਰ ਨੇ ਬਾਘਾ ਪੁਰਾਣਾ ਦੇ ਥਾਣੇ ਵਿਚ ਸੂਚਨਾ ਦਿੱਤੀ ਕਿ ਸਿੱਖ ਸਰਕਾਰ ਵਿਰੋਧੀ ਭਾਸ਼ਨ ਦੇ ਰਹੇ ਸਨ। ਸਰਕਾਰ ਝਟ ਹਰਕਤ ਵਿਚ ਆ ਗਈ। ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਬਾਘਾ ਪੁਰਾਣਾ ਦੇ ਥਾਣੇ ਵਿਚ ਸੱਦ ਕੇ ਪੁਛ ਪੜਤਾਲ ਕੀਤੀ। ਆਪ ਨੇ ਆਪਣੇ ਮਿਸ਼ਨ ਬਾਰੇ ਦੱਸਿਆ:

"ਮੈਂ ਸੱਚੇ ਧਰਮ ਦਾ ਪਰਚਾਰ ਕਰਦਾ ਹਾਂ। ਫਜ਼ੂਲ ਤੇ ਖਰਚੀਲੀਆਂ ਰਸਮਾਂ ਦੇ ਭਾਰ ਤੋਂ ਜਨਤਾ ਨੂੰ ਮੁਕਤ ਕਰਵਾਉਣਾ ਚਾਹੁੰਦਾ ਹਾਂ। ਸਮਾਜਕ ਤੇ ਧਾਰਮਕ ਗਰਾਵਟ ਕਾਰਨ ਲੋਕਾਂ ਨੂੰ ਜੋ ਦੁਖ ਹੋ ਰਹੇ ਹਨ ਮੈਂ ਉਹਨਾਂ ਨੂੰ ਦੂਰ ਕਰਨ ਦਾ ਯਤਨ ਕਰ ਰਿਹਾ ਹਾਂ। ਮੇਰਾ ਕਿਸੇ ਨਾਲ ਵੈਰ ਵਿਰੋਧ ਨਹੀਂ। ਮੈਂ ਦੇਸ ਤੇ ਕੌਮ ਦਾ ਹਿਤੂ ਹਾਂ। ਜੇ ਅਜਿਹੇ ਕੰਮਾਂ ਦਾ ਨਾਂ ਬਗ਼ਾਵਤ ਹੈ ਤਾਂ ਮੈਂ ਇਸ ਲਈ ਹਰ ਤਰ੍ਹਾਂ ਦਾ ਕਸ਼ਟ ਸਹਿਣ ਲਈ ਸਦਾ ਹਾਜ਼ਰ ਹਾਂ।"

ਇਸ ਮਗਰੋਂ ਗੁਰੂ ਜੀ ਨੂੰ ਪੁਲਿਸ ਦੀ ਹਰਾਸਤ ਵਿਚ ਭੈਣੀ ਸਾਹਿਬ ਭੇਜ ਦਿੱਤਾ ਗਿਆ ਤੇ ਉਹਨਾਂ ਦੇ ਸੇਵਕਾਂ ਨੂੰ ਘਰੋ ਘਰੀਂ ਚਲੇ ਜਾਣ ਦੇ ਹੁਕਮ ਦਿੱਤੇ ਗਏ। ਇਸ ਦੇ ਨਾਲ ਹੀ ਦੀਵਾਨ ਲਾਉਣ ਤੇ ਪਾਬੰਦੀ ਲਾ ਦਿੱਤੀ ਗਈ।

ਪੰਜਾਬ ਦੇ ਸਰਕਾਰੀ ਕਰਮਚਾਰੀ ਜਿਨ੍ਹਾਂ ਵਿਚੋਂ ਬਹੁਤਿਆਂ ਦਾ ਮੰਤਵ ਬਰਤਾਨਵੀ ਸਰਕਾਰ ਤੋਂ ਫੋਕੀ ਪਰਸੰਸਾ ਤੇ ਇਨਾਮ ਪ੍ਰਾਪਤ ਕਰਨਾ ਸੀ ਕੂਕਾ ਅੰਦੋਲਨ ਬਾਰੇ ਮਨਘੜਤ ਤੇ ਝੂਠੀਆਂ ਖ਼ਬਰਾਂ ਭੇਜਦੇ ਰਹੇ। ਅੰਮ੍ਰਿਤਸਰ ਦੇ ਜ਼ਿਲ੍ਹਾ ਪੁਲਿਸ ਕਪਤਾਨ ਨੇ ਸਰਕਾਰ ਨੂੰ ਖ਼ਬਰ ਭੇਜੀ "੧੮੬੩ ਈ. ਦੀ ਦੀਵਾਲੀ ਨੂੰ ਸਤਿਗੁਰੂ ਰਾਮ ਸਿੰਘ ਤੇ ਉਹਨਾਂ ਦੇ ਕੂਕੇ ਅੰਮ੍ਰਿਤਸਰ ਵਿਚ ਬਗ਼ਾਵਤ ਕਰਨਗੇ।"

ਇਹਨਾਂ ਖ਼ਬਰਾਂ ਦੇ ਅਧਾਰ ਤੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ੩੦ ਜੂਨ ੧੮੬੩ ਨੂੰ ਹੁਕਮ ਜਾਰੀ ਕੀਤਾ ਕਿ ਸਤਿਗੁਰੂ ਰਾਮ ਸਿੰਘ ਅੰਮ੍ਰਿਤਸਰ ਵਿਖੇ ਕੋਈ ਮੇਲਾ ਨਾ ਲਾਵੇ ਜੇ ਅਜਿਹਾ ਕੀਤਾ ਗਿਆ ਤਾਂ ਹੁਕਮਾਂ ਦੀ ਉਲੰਘਣਾ ਅਤੇ ਅਮਨ ਭੰਗ ਕਰਨ ਦੇ ਦੋਸ਼ ਵਿਚ ਉਹਨਾਂ ਤੇ ਮੁਕੱਦਮਾ ਚਲਾਇਆ ਜਾਵੇਗਾ। ਇਸ ਹੁਕਮ ਵਿਚ ਇਹ ਵੀ ਕਿਹਾ ਗਿਆ ਕਿ ਸਤਿਗੁਰੂ ਰਾਮ ਸਿੰਘ ਆਪਣੇ ਪਿੰਡ ਵਿਚ ਹੀ ਰਹਿਣਗੇ। ਪੁਲਿਸ ਉਹਨਾਂ ਦੀ ਨਿਗਰਾਨੀ ਰੱਖੇਗੀ ਤੇ ਉਹਨਾਂ ਦੀਆਂ ਸਰਗਰਮੀਆਂ ਦੀ ਸੂਚਨਾ ਦੇਵੇਗੀ।

੨੮ ਜੂਨ ੧੮੬੩ ਨੂੰ ਪੰਜਾਬ ਦੇ ਇੰਸਪੈਕਟਰ ਜਨਰਲ ਪੁਲਿਸ ਨੇ ਖੇਤਰ ਚੋਂ ਮਿਲੀਆਂ ਸੂਚਨਾਵਾਂ ਦੇ ਅਧਾਰ ਤੇ ਲਾਟ ਸਾਹਿਬ ਵਲ ਭੇਜੀ ਇਕ ਰਿਪੋਰਟ ਵਿਚ ਲਿਖਿਆ, "ਇਸ ਧਾਰਮਕ ਸੁਧਾਰ ਦੀ ਲਹਿਰ ਦੇ ਪਰਦੇ ਵਿਚ ਕੁਝ ਲੋਕ ਝੂਠੀਆਂ ਚਿੱਠੀਆਂ ਭੇਜ ਰਹੇ ਹਨ ਅਤੇ ਗੁਰੂ ਰਾਮ ਸਿੰਘ ਦੇ ਕੁਝ ਚੇਲੇ ਰਾਜ-ਵਿਦਰੋਹ ਦੀਆਂ ਗੱਲਾਂ ਵੀ ਕਰਦੇ ਹਨ ਅਤੇ ਅਜਿਹਾ ਪ੍ਰਭਾਵ ਲੋਕਾਂ ਉੱਤੇ ਪੈ ਰਿਹਾ ਹੈ ਕਿ ਸੱਚੇ ਪਾਤਸ਼ਾਹ ਗੁਰੂ ਰਾਮ ਸਿੰਘ ਨੇ ਹੀ ਅੰਗਰੇਜ਼ ਨੂੰ ਪੰਜਾਬ ਵਿਚੋਂ ਕੱਢਣਾ ਹੈ।"

ਇਸ ਤੋਂ ਮਗਰੋਂ ਜੁਲਾਈ ੧੮੬੩ ਤੋਂ ਜੁਲਾਈ ੧੮੬੭ ਤਕ ਸਤਿਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਵਿਚ ਨਜ਼ਰਬੰਦ ਰੱਖਿਆ ਗਿਆ।

ਇਸ ਤਰ੍ਹਾਂ ਬਰਤਾਨਵੀ ਸਰਕਾਰ ਨੇ ਸਤਿਗੁਰੂ ਰਾਮ ਸਿੰਘ

ਜੀ ਤੇ ਪਾਬੰਦੀ ਲਾ ਦਿੱਤੀ। ਉਹ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਨਾ ਕਿਸੇ ਵੱਡੇ ਸੰਮੇਲਨ ਜਾਂ ਮੇਲੇ ਵਿਚ ਸ਼ਾਮਲ ਹੋ ਸਕਦੇ ਸਨ ਅਤੇ ਨਾ ਹੀ ਭੈਣੀ ਸਾਹਿਬ ਤੋਂ ਬਾਹਰ ਜਾ ਸਕਦੇ ਸਨ। ਗੁਪਤ ਰੂਪ ਵਿਚ ਸਰਕਾਰੀ ਸੂਹੀਏ ਉਹਨਾਂ ਦੀਆਂ ਗਤੀ ਵਿਧੀਆਂ ਤੇ ਪੂਰੀ ਨਜ਼ਰ ਰੱਖ ਰਹੇ ਸਨ। ਸਰਕਾਰ ਹਰ ਕੂਕੇ ਤੇ ਹੀ ਪੂਰੀ ਨਿਗਰਾਨੀ ਰੱਖ ਰਹੀ ਸੀ। ਪਰੰਤੂ ਸਖਤ ਸਰਕਾਰੀ ਪਾਬੰਦੀਆਂ ਅਤੇ ਸਾਵਧਾਨੀ ਦੇ ਹੁੰਦੇ ਹੋਏ ਵੀ ਗੁਰੂ ਰਾਮ ਸਿੰਘ ਜੀ ਨੇ ਆਪਣਾ ਪਰਚਾਰ ਜਾਰੀ ਰੱਖਿਆ। ਇਹ ਲਹਿਰ ਬੜੇ ਸ਼ਾਂਤਮਈ ਢੰਗ ਨਾਲ ਪਨਪ ਰਹੀ ਸੀ। ਇਸ ਲਹਿਰ ਦੇ ਸ਼ਾਂਤਮਈ ਵਰਤਾਰੇ ਕਾਰਨ ਬਰਤਾਨਵੀ ਸਰਕਾਰ ਨੇ ੧੮੬੭ ਵਿਚ ਸਤਿਗੁਰੂ ਰਾਮ ਸਿੰਘ ਜੀ ਤੇ ਲਾਈਆਂ ਪਾਬੰਦੀਆਂ ਨਰਮ ਕਰ ਦਿੱਤੀਆਂ।

ਵਿਦੇਸ਼ੀ ਸਰਕਾਰਾਂ ਨਾਲ ਸੰਪਰਕ—

ਕੂਕਾ ਲਹਿਰ ਤੇ ਹੁਣ ਅੰਗਰੇਜ਼ ਹਾਕਮ ਘੋਖਵੀਂ ਨਜ਼ਰ ਰਖ ਰਹੇ ਸਨ। ਸਾਰੇ ਪੰਜਾਬ ਵਿਚ ਜਸੂਸਾਂ ਦਾ ਜਾਲ ਵਿਛਾ ਦਿੱਤਾ ਗਿਆ। ਰਿਆਸਤ ਨਾਭਾ, ਪਟਿਆਲਾ ਅਤੇ ਜੀਂਦ ਦੇ ਰਾਜੇ ਅੰਗਰੇਜ਼ਾਂ ਦੇ ਹਿਤੈਸ਼ੀ ਸਨ ਉਹ ਆਪਣੀਆਂ ਰਿਆਸਤਾਂ ਵਿਚ ਇਸ ਲਹਿਰ ਦੇ ਵਾਧੇ ਨੂੰ ਰੋਕਣ ਲਈ ਯਤਨਸ਼ੀਲ ਸਨ। ਉਹ ਕੂਕਿਆਂ ਦੀਆਂ ਗਤੀ-ਵਿਧੀਆਂ ਬਾਰੇ ਅੰਗਰੇਜ਼ ਸਰਕਾਰ ਨੂੰ ਸਮੇਂ ਸਮੇਂ ਜਾਣੂ ਕਰਵਾ ਰਹੇ ਸਨ। ਇਸ ਤੋਂ ਉਪਰੰਤ ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿਚ ਵਸਦੇ ਮਹੰਤ, ਪੁਜਾਰੀ ਅਤੇ ਇਸਾਈ ਮਿਸ਼ਨਰੀ ਵੀ ਇਹਨਾਂ ਬਾਰੇ ਅੰਗਰੇਜ਼ ਹਾਕਮਾਂ ਨੂੰ ਸੂਚਿਤ ਕਰਦੇ ਰਹਿੰਦੇ ਸਨ।

ਕੂਕਾ ਅੰਦੋਲਨ ਨਾਲ ਸੰਬੰਧਿਤ ਗੁਪਤ ਸਰਕਾਰੀ ਰੀਕਾਰਡ ਤੋਂ ਪਤਾ ਲਗਦਾ ਹੈ ਕਿ ੧੧ ਸਤੰਬਰ ੧੮੬੬ ਈ. ਨੂੰ ਕਰਨਲ ਆਰ. ਜੀ. ਟਾਇਲਰ, ਕਮਿਸ਼ਨਰ ਤੇ ਸੁਪਰਡੈਂਟ ਅੰਬਾਲਾ ਨੇ ਪੰਜਾਬ ਸਰਕਾਰ ਦੇ ਸਕੱਤਰ ਨੂੰ ਇਕ ਵਿਸਥਾਰ ਪੂਰਬਕ ਪੱਤਰ ਲਿਖਿਆ ਜਿਸ ਵਿਚ ਉਸ ਨੇ ਗੁਰੂ ਰਾਮ ਸਿੰਘ ਵਲੋਂ ਚਲਾਏ ਨਾਮਧਾਰੀ ਪੰਥ ਨੂੰ 'ਸ਼ਰਾਰਤੀ ਪੰਥ' ਆਖਿਆ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ 'ਬਰਤਾਨਵੀ ਸਰਕਾਰ' ਲਈ ਬਹੁਤ ਹੀ ਖ਼ਤਰਨਾਕ ਪੁਰਸ਼ ਐਲਾਨਦਿਆਂ ਉਹਨਾਂ ਨੂੰ ਗ੍ਰਿਫਤਾਰ ਕਰਨ ਦੀ ਸਲਾਹ ਦਿਤੀ।

ਅੰਗਰੇਜ਼ ਸਰਕਾਰ ਨੇ ਇਕ ਇਨਸਾਫ ਪਸੰਦ ਸਰਕਾਰ ਹੋਣ ਦਾ ਮਖੌਟਾ ਪਹਿਨਿਆ ਹੋਇਆ ਸੀ ਜਿਸ ਕਰਕੇ ਉਹ ਬਿਨਾਂ ਕਿਸੇ ਵਿਸ਼ੇਸ਼ ਕਾਰਨ ਅਤੇ ਠੋਸ ਗਵਾਹੀ ਦੇ ਸਤਿਗੁਰੂ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਨਹੀਂ ਸੀ ਕਰਨਾ ਚਾਹੁੰਦੀ। ਨਾਮਧਾਰੀ ਅਹਿੰਸਾ ਦੇ ਪੁਜਾਰੀ ਸਨ ਉਹ ਬਿਨਾਂ ਕਿਸੇ ਉਕਸਾਹਟ ਤੋਂ ਆਪਣੀਆਂ ਗਤੀਵਿਧੀਆਂ ਵਿਚ ਰੁਝੇ ਹੋਏ ਸਨ। ਕੂਕਾ ਅੰਦੋਲਨ ਦੀ ਵੱਡੀ ਖੂਬੀ ਇਹ ਸੀ ਕਿ ਉਹ ਬਗੈਰ ਹਥਿਆਰਾਂ ਤੋਂ ਆਪਣੀ ਲੜਾਈ ਲੜ ਰਹੇ ਸਨ।

ਸਤਿਗੁਰੂ ਰਾਮ ਸਿੰਘ ਜੀ ਭੈਣੀ ਸਾਹਿਬ ਵਿਖੇ ਨਜ਼ਰਬੰਦ ਸਨ। ਉਹਨਾਂ ਨੂੰ ਬਿਨਾ ਆਗਿਆ ਭੈਣੀ ਸਾਹਿਬ ਤੋਂ ਬਾਹਰ ਜਾਣ ਦੀ ਮਨਾਹੀ ਸੀ ਪਰੰਤੂ ਉਹਨਾਂ ਨੇ ਆਪਣੇ ਰਾਜਸੀ ਮਨੋਰਥਾਂ ਦੀ ਪ੍ਰਾਪਤੀ ਲਈ ਯਤਨ ਜਾਰੀ ਰੱਖੇ। ਉਹਨਾਂ ਨੇ ਅੰਗਰੇਜ਼ ਵਿਰੋਧੀ ਮਹਾਜ ਸਥਾਪਿਤ ਕਰਨ ਲਈ ਕਸ਼ਮੀਰ, ਨੇਪਾਲ, ਅਫਗਾਨਿਸਤਾਨ ਅਤੇ ਮਧ ਏਸ਼ੀਆ ਆਦਿ ਦੇਸਾਂ ਦੀਆਂ ਸਰਕਾਰਾਂ ਨਾਲ ਆਪਣੇ ਸੰਬੰਧ ਜੋੜੇ। ਉਹਨਾਂ ਭਾਰਤ ਦੀਆਂ ਉਹਨਾਂ ਦੇਸੀ ਰਿਆਸਤਾਂ ਨਾਲ ਵੀ ਸੰਪਰਕ ਜੋੜਿਆ ਜੋ ਅੰਗਰੇਜ਼ ਸਰਕਾਰ ਦਾ ਪੱਖ ਨਹੀਂ ਸੀ ਪੂਰਦੀਆਂ। ਇਹਨਾਂ ਸਬੰਧਾਂ ਬਾਰੇ ਅੰਗਰੇਜ਼ ਹਾਕਮ ਬਹੁਤ ਚਿੰਤਤ ਹੋਏ। ਅੰਗਰੇਜ਼ਾਂ ਨੇ ਆਪਣੇ ਏਜੰਟਾਂ ਰਾਹੀਂ ਨਾਮਧਾਰੀਆਂ ਅਤੇ ਸਿੱਖਾਂ ਵਿਚਕਾਰ ਨਫਰਤ ਦੇ ਬੀਜ ਬੀਜਣ ਦੇ ਯਤਨ ਕੀਤੇ। ਉਹਨਾਂ ਹਿੰਦੂਆਂ ਨੂੰ ਇਹਨਾਂ ਦੇ ਵਿਰੁਧ ਭੜਕਾਇਆ। ਅੰਗਰੇਜ਼ਾਂ ਦੀ ਨੀਤੀ ਮੁੱਢ ਤੋਂ ਹੀ 'ਪਾੜੋ ਤੇ ਰਾਜ ਕਰੋ' ਦੀ ਰਹੀ ਹੈ। ਇਸ ਕਰਕੇ ਉਹ ਵਖ ਵਖ ਫਿਰਕਿਆਂ ਨੂੰ ਇਕ ਦੂਜੇ ਦੇ ਵਿਰੁਧ ਉਕਸਾਉਣ ਵਿਚ ਕੋਈ ਮੌਕਾ ਹੱਥੋਂ ਨਹੀਂ ਸੀ ਜਾਣ ਦਿੰਦੇ। ਇਸ ਮੰਤਵ ਲਈ ਉਹਨਾਂ ਨੇ ਵਖ ਵਖ ਦੇਸੀ ਰਿਆਸਤਾਂ ਵਿਚ ਛਪਦੇ ਦੇਸੀ ਭਾਸ਼ਾਵਾਂ ਦੇ ਅਖਬਾਰਾਂ ਰਾਹੀਂ ਵੀ ਕੂਕਿਆਂ ਬਾਰੇ ਝੂਠਾ ਪ੍ਰਚਾਰ ਕੀਤਾ।

ਭਾਵੇਂ ਕੂਕਾ ਲਹਿਰ ਹਥਿਆਰਬੰਦ ਲਹਿਰ ਨਹੀਂ ਸੀ ਅਤੇ ਨਾ ਹੀ ਉਹਨਾਂ ਦਾ ਟੀਚਾ ਹਥਿਆਰਬੰਦ ਕ੍ਰਾਂਤੀ ਲਿਆਉਣਾ ਸੀ ਉਹਨਾਂ ਪਾਸ ਤਾਂ ਨਾ ਮਿਲਵਰਤਣ ਅਤੇ ਬਾਈਕਾਟ ਦਾ ਅਜਿਹਾ ਹਥਿਆਰ ਸੀ ਜਿਸ ਨਾਲ ਅੰਗਰੇਜ਼ ਸਰਕਾਰ ਨੂੰ ਹੱਥਾਂ ਪੈਰਾਂ ਦੀਆਂ ਪਈਆਂ ਹੋਈਆਂ ਸਨ-ਪਿੰਡ-ਪਿੰਡ, ਸ਼ਹਿਰ ਸ਼ਹਿਰ, ਸ਼ਾਂਤਮਈ ਅੰਦੋਲਨ ਚਲ ਰਿਹਾ ਸੀ। ਕੂਕਿਆਂ ਵਲੋਂ ਚਲਾਈ ਸਮਾਜ ਸੁਧਾਰ ਦੀ ਲਹਿਰ ਦਾ ਸਿੱਟਾ ਸੀ ਕਿ ਲੱਖਾਂ ਦੀ ਗਿਣਤੀ ਵਿਚ ਪੁਰਸ਼ ਇਸਤਰੀਆਂ ਨਾਮਧਾਰੀ ਅੰਦੋਲਨ ਵਿਚ ਸ਼ਾਮਲ ਹੋ ਗਏ ਸਨ। ਉਹ ਆਪਣੇ ਗੁਰੂ ਦੇ ਬਚਨਾਂ ਦੀ ਪਾਲਣਾ ਕਰਨ ਲਈ ਹਰ ਕੁਰਬਾਨੀ ਦੇਣ ਲਈ ਤਤਪਰ ਸਨ। ਖਾਲਸਾ ਫੌਜ ਦੀ ਨੌਕਰੀ ਸਮੇਂ ਗੁਰੂ ਰਾਮ ਸਿੰਘ ਜੀ ਨੇ ਸੰਜਮ ਅਤੇ ਅਨੁਸਾਸ਼ਨ ਦੇ ਮਹੱਤਵ ਨੂੰ ਜਾਣ ਲਿਆ ਹੋਇਆ ਸੀ ਜਿਸ ਕਰਕੇ ਉਹਨਾਂ ਨੇ ਆਪਣੇ ਨੌਜਵਾਨ ਤੇ ਸਿਹਤਮੰਦ ਕੂਕਿਆਂ ਨੂੰ ਯੋਗ ਸਮੇਂ ਤੇ ਫੌਜੀ ਅਨੁਸਾਸ਼ਨ ਗ੍ਰਹਿਣ ਕਰਨ ਲਈ ਫੌਜੀ ਸਿਖਲਾਈ ਦੇ ਪ੍ਰਬੰਧ ਕੀਤੇ। ਪੰਜਾਬ ਵਿਚ ਰਾਤ ਸਮੇਂ ਇਹਨਾਂ ਨੂੰ ਕਈ ਥਾਵਾਂ ਤੇ ਲਾਠੀਆਂ ਨਾਲ ਕਵਾਇਦ (ਡਰਿਲ) ਕਰਵਾਈ ਜਾਂਦੀ ਸੀ। (ਇਸ ਗੱਲ ਦਾ ਜ਼ਿਕਰ ਸਰਕਾਰ ਦੀਆਂ ਗੁਪਤ ਰਿਪੋਟਾਂ ਵਿਚ ਮਿਲਦਾ ਹੈ।)

ਸਤਿਗੁਰੂ ਰਾਮ ਸਿੰਘ ਜੀ ਨੇ ਇਹ ਵੀ ਅਨੁਭਵ ਕਰ ਲਿਆ ਸੀ ਕਿ ਸਵੈ-ਰਖਿਆ ਲਈ ਨੌਜਵਾਨਾਂ ਨੂੰ ਹਥਿਆਰਬੰਦ ਸਿਖਲਾਈ ਦੀ ਵੀ ਲੋੜ ਹੈ। ਇਸ ਮੰਤਵ ਲਈ ਉਹਨਾਂ ਨੇ ਕਸ਼ਮੀਰ ਤੇ ਨੇਪਾਲ ਦੀਆਂ ਸਰਕਾਰਾਂ ਨਾਲ ਸੰਪਰਕ ਕੀਤਾ ਤੇ ੧੮੬੮ ਈ. ਵਿਚ ਰਿਆਸਤ ਕਸ਼ਮੀਰ ਵਿਚ "ਕੂਕਾ ਰਜਮੈਂਟ" ਸਥਾਪਤ ਹੋਈ। ਇਸ ਰਜਮੈਂਟ ਵਿਚ ੨੦੦, ੨੫੦ ਕੂਕੇ ਸਨ ਜਿਨ੍ਹਾਂ ਨੂੰ ਬਾਕਾਇਦਾ ਹਥਿਆਰਬੰਦ ਸਿਖਲਾਈ ਦਿੱਤੀ ਜਾਂਦੀ ਸੀ ਪਰੰਤੂ ਬਾਅਦ ਵਿਚ ਅੰਗਰੇਜ਼ ਸਰਕਾਰ ਦੇ ਦਬਾਅ ਪੈਣ ਕਰਕੇ ਕਸ਼ਮੀਰ ਦੇ ਰਾਜੇ ਨੇ ਇਹ ਰਜਮੈਂਟ ਭੰਗ ਕਰ ਦਿੱਤੀ ਤੇ "ਕੂਕਾ ਰਜਮੈਂਟ" ਬਾਰੇ ੭ ਅਕਤੂਬਰ ੧੮੭੧ ਨੂੰ ਗੁਜਰਾਂਵਾਲਾ ਪੁਲਿਸ ਨੇ ਇਹ ਰਿਪੋਰਟ ਭੇਜੀ:-

"੧੮੬੮ ਵਿਚ ਗੁਰੂ ਰਾਮ ਸਿੰਘ ਜੀ ਨੇ ਆਪਣਾ ਇਕ ਸੂਬਾ ਹੀਰਾ ਸਿੰਘ (ਸ. ਹੀਰਾ ਸਿੰਘ ਸੂਬਾ ਨਹੀਂ ਸੀ- ਸੰਪਾਦਕ) ਕਸ਼ਮੀਰ ਦੇ ਹਾਕਮ ਨੂੰ ਮਿਲਣ ਲਈ ਭੇਜਿਆ। ਕਸ਼ਮੀਰ ਦੇ ਹਾਕਮ ਨੇ ਉਸ ਨੂੰ ਕੂਕਿਆਂ ਦੀ ਇਕ ਰਜਮੈਂਟ ਤਿਆਰ ਕਰਨ

ਦਾ ਹੁਕਮ ਦਿੱਤਾ ਅਤੇ ਉਸ ਨੂੰ ਕਰਨਲ ਹੁਕਮਾ ਸਿੰਘ ਦੀ ਕਮਾਣ ਹੇਠ ਇਸ ਰਜਮੈਂਟ ਦਾ ਕਮਾਂਡਰ ਨਿਯੁਕਤ ਕਰ ਦਿੱਤਾ। ਹੀਰਾ ਸਿੰਘ ਗੁਰੂ ਰਾਮ ਸਿੰਘ ਕੋਲ ਭੈਣੀ ਸਾਹਿਬ ਆਇਆ ਤੇ ਉਹਨਾਂ ਪਾਸੋਂ ੧੭੫ ਕੂਕੇ ਜੰਮੂ ਲੈਜਾਣ ਦੀ ਆਗਿਆ ਮੰਗੀ। ਇਹਨਾਂ ਦੀਆਂ ਦੋ ਕੰਪਨੀਆਂ ਬਣਾ ਦਿੱਤੀਆਂ ਗਈਆਂ। ਉਹਨਾਂ ਨੂੰ ਨੁਸ਼ਹਿਰਾ ਦੇ ਕਿਲੇ ਵਿਚ ਭੇਜ ਦਿੱਤਾ ਗਿਆ ਜਿੱਥੇ ਉਹ ਤਿੰਨ ਮਹੀਨੇ ਰਹੇ ਫੇਰ ਇਕ ਸਾਲ ਹੋਰ ਉਹ ਵਖ ਵਖ ਥਾਵਾਂ ਤੇ ਰਹੇ ਪਰ ਅਚਾਨਕ ਹੀ ਮਹਾਰਾਜਾ ਨੇ ਉਹਨਾਂ ਨੂੰ ਨੌਕਰੀ ਤੋਂ ਹਟਾ ਦਿੱਤਾ ਕਿਉਂਕਿ ਅੰਗਰੇਜ਼ ਸਰਕਾਰ ਕੂਕਿਆਂ ਨੂੰ ਆਪਣਾ ਵੈਰੀ ਸਮਝਦੀ ਸੀ।"

ਏਸ 'ਕੂਕਾ ਰਜਮੈਂਟ' ਦਾ ਇਤਿਹਾਸਕ ਮਹੱਤਵ ਹੈ ਕਿਉਂਕਿ ਇਹ ਵੀ ਇਕ ਅਧਾਰ ਸੀ ਜਿਸ ਦੇ ਆਧਾਰ ਤੇ ਅੰਗਰੇਜ਼ਾਂ ਨੇ ਗੁਰੂ ਰਾਮ ਸਿੰਘ ਜੀ ਨੂੰ ਦੇਸ ਨਿਕਾਲਾ ਦੇਣ ਦਾ ਬਹਾਨਾ ਬਣਾਇਆ।

ਦੋ ਸੂਬਿਆਂ ਰਾਹੀਂ ਸਤਿਗੁਰੂ ਰਾਮ ਸਿੰਘ ਜੀ ਨੇ ਨੇਪਾਲ ਦੇ ਹਾਕਮ ਨਾਲ ਵੀ ਸੰਪਰਕ ਕੀਤਾ ਜੰਗ ਬਹਾਦਰ ਰਾਣਾ ਨੇ ਸਤਿਗੁਰੂ ਰਾਮ ਸਿੰਘ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ ਤੇ ਇਹਨਾਂ ਲਈ ਖੂਬਸੂਰਤ ਤੋਹਫੇ ਭੇਜੇ ਜਿਨ੍ਹਾਂ ਵਿਚ ੫੦੦ ਰੁਪਏ, ਤਿਬਤੀ ਘੋੜੀ, ਬੇਸ਼ਕੀਮਤ ਸ਼ਾਲ, ਕਸਤੂਰੀ ਦੀ ਨਾਪਿਆਂ ਦੀ ਮਾਲਾ ਅਤੇ ਦੋ ਖੋਖਰੀਆਂ ਸ਼ਾਮਲ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਵੀ ਦੋ ਪੰਜਾਬੀ ਮੱਝਾਂ ਤੇ ਇਕ ਖੱਚਰ ਸੂਬਾ ਸਾਹਿਬ ਸਿੰਘ ਤੇ ਸੂਬਾ ਕਾਹਨ ਸਿੰਘ ਰਾਹੀਂ ਨੇਪਾਲ ਦੇ ਹਾਕਮ ਨੂੰ ਤੋਹਫੇ ਦੇ ਵਟਾਂਦਰੇ ਵਜੋਂ ਭੇਜੀ। ਇਸੇ ਤਰ੍ਹਾਂ ਸੂਬਾ ਗੁਰਚਰਨ ਸਿੰਘ ਰਾਹੀਂ ਅਫਗਾਨਿਸਤਾਨ ਅਤੇ ਮਧ ਏਸ਼ੀਆ ਦੀਆਂ ਸਰਕਾਰਾਂ ਨਾਲ ਸੰਪਰਕ ਸਥਾਪਤ ਕੀਤੇ ਗਏ ਤਾਂ ਜੋ ਬਰਤਾਨਵੀ ਸਰਕਾਰ ਦਾ ਟਾਕਰਾ ਯੋਜਨਾਬਧ ਤਰੀਕੇ ਨਾਲ ਕੀਤਾ ਜਾ ਸਕੇ।

ਸਤਿਗੁਰੂ ਰਾਮ ਸਿੰਘ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਕਈ ਇਕ ਯੋਜਨਾਵਾਂ ਬਣਾ ਰਹੇ ਸਨ ਕਿ ਪੰਜਬ ਵਿਚ ਗਊਕੁਸ਼ੀ ਵਿਰੁਧ ਹਿੰਸਕ ਲਹਿਰ ਚੱਲੀ ਜਿਸ ਨੇ ਸੁਤੰਤਰਤਾ ਸੰਗਰਾਮ ਨੂੰ ਅਜਿਹਾ ਮੋੜ ਦਿੱਤਾ ਕਿ ਅੰਗਰੇਜ਼ ਹਾਕਮਾਂ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਕਰਕੇ ਜਲਾਵਤਨ ਕਰਨ ਦਾ ਬਹਾਨਾ ਲਭ ਲਿਆ।

ਅੰਮ੍ਰਿਤਸਰ ਤੇ ਰਾਏਕੋਟ ਦੇ ਹੱਤਿਆ ਕਾਂਡ—

ਪੰਜਾਬੀਆਂ ਦੀ ਸਮਾਜਕ, ਧਾਰਮਕ ਤੇ ਸਭਿਆਚਾਰਕ ਜ਼ਿੰਦਗੀ ਵਿਚ ਗਊ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਪੰਜਾਬ ਦੇ ਲੋਕਾਂ ਤੇ ਸਨਾਤਨੀ ਬ੍ਰਾਹਮਣਾਂ ਦਾ ਬਹੁਤ ਪ੍ਰਭਾਵ ਸੀ ਜੋ ਆਦਿ ਕਾਲ ਤੋਂ ਹੀ ਗਊ ਦੀ ਪੂਜਾ ਕਰਦੇ ਆਏ ਹਨ। ਪੰਜਾਬੀਆਂ ਦਾ ਮੁਖ ਧੰਦਾ ਖੇਤੀਬਾੜੀ ਹੋਣ ਕਰਕੇ ਗਊ ਦੇ ਜਾਏ ਬਲਦ ਕਿਸਾਨ ਦੇ ਖੇਤੀ ਬਾੜੀ ਨਾਲ ਸਬੰਧਿਤ ਕੰਮਾਂਕਾਰਾਂ ਲਈ ਵਿਸ਼ੇਸ਼ ਮਦਦਗਾਰ ਰਹੇ ਹਨ ਜਿਸ ਕਰਕੇ ਉਹਨਾਂ ਦੀ ਆਰਥਕ ਖ਼ੁਸ਼ਹਾਲੀ ਲਈ ਵੀ ਗਊ ਦਾ ਵਿਸ਼ੇਸ਼ ਯੋਗਦਾਨ ਸੀ। ਪੰਜਾਬ ਦੇ ਹਿੰਦੂ-ਸਿੱਖ ਗਊ ਨੂੰ ਗਊਮਾਤਾ ਦਾ ਦਰਜਾ ਦੇ ਕੇ ਸਤਿਕਾਰਦੇ ਰਹੇ ਹਨ। ਇਸੇ ਕਰਕੇ ਗਊ ਦੀ ਰੱਖਿਆ ਕਰਨਾ ਉਹਨਾਂ ਦਾ ਪ੍ਰਮੁੱਖ ਧਾਰਮਕ ਫਰਜ਼ ਰਿਹਾ ਹੈ।

ਮਹਾਰਾਜਾ ਰਣਜੀਤ ਸਿੰਘ ਪੰਜਾਬੀਆਂ ਦਾ ਹਰਮਨ ਪਿਆਰਾ ਮਹਾਰਾਜਾ ਸੀ। ਉਸ ਨੇ ਹਿੰਦੂ ਸਿੱਖਾਂ ਦੀਆਂ ਧਾਰਮਕ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਆਪਣੇ ਰਾਜ ਦੀ ਸੀਮਾ ਵਿਚ ਗਊ ਕੁਸ਼ੀ ਦੀ ਮਨਾਹੀ ਕੀਤੀ ਹੋਈ ਸੀ। ਉਹਨਾਂ ਦੀ ਫੌਜ ਵਿਚ ਭਰਤੀ ਹੋਇਆ ਕੋਈ ਵੀ ਵਿਦੇਸ਼ੀ ਅਧਿਕਾਰੀ ਗਊ ਮਾਸ ਦੀ ਵਰਤੋਂ ਨਹੀਂ ਸੀ ਕਰ ਸਕਦਾ।

ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਦੀ ਦੇਰ ਸੀ ਕਿ ਦਸਾਂ ਵਰ੍ਹਿਆਂ ਦੇ ਅੰਦਰ ਅੰਦਰ ਹੀ ਖਾਲਸਾ ਰਾਜ ਸਮਾਪਤ ਹੋ ਗਿਆ। ਅੰਗਰੇਜ਼ ਹਾਕਮਾਂ ਨੇ ਮਾਰਚ ੧੮੪੯ ਦੇ ਅਖੀਰ ਵਿਚ ਪੰਜਾਬ ਨੂੰ ਅਗਰੇਜ਼ੀ ਰਾਜ ਵਿਚ ਸ਼ਾਮਲ ਕਰਕੇ ਪੰਜਾਬੀਆਂ ਨੂੰ ਆਪਣਾ ਗੁਲਾਮ ਬਣਾ ਲਿਆ। ਉਹ ਪੰਜਾਬ ਵਿਚ ਪੱਕੇ ਤੌਰ ਤੇ ਆਪਣਾ ਰਾਜ ਸਥਾਪਿਤ ਕਰਨਾ ਚਾਹੁੰਦੇ ਸਨ। ਇਸ ਮੰਤਵ ਲਈ ਉਹਨਾਂ ਨੇ ਪੰਜਾਬ ਦੇ ਵਸਨੀਕਾਂ ਵਿਚ ਫੁਟ ਪਾਉਣ ਲਈ ਆਪਣੀ ਕੂਟਲ ਨੀਤੀ ਅਨੁਸਾਰ ਚਾਲਾਂ ਚਲਣੀਆਂ ਸ਼ੁਰੂ ਕਰ ਦਿੱਤੀਆਂ। ਉਹ ਇਹ ਨਹੀਂ ਸੀ ਚਾਹੁੰਦੇ ਕਿ ਪੰਜਾਬ ਵਿਚ ਹਿੰਦੂ-ਸਿੱਖ ਤੇ ਮੁਸਲਮਾਨ ਰਲ ਮਿਲ ਕੇ ਰਹਿਣ। ਉਹ ਪੰਜਾਬੀਆਂ ਦੀ ਇਕਮੁਠ ਸ਼ਕਤੀ ਤੋਂ ਘਬਰਾਉਂਦੇ ਸਨ। ਉਹਨਾਂ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਨੁਸਾਰ ਪੰਜਾਬੀਆਂ ਨੂੰ ਵਖ ਵਖ ਫਿਰਕਿਆਂ ਵਿਚ ਵੰਡਣ ਲਈ ਉਹਨਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ। ਇਸ ਮੰਤਵ ਲਈ ਅੰਗਰੇਜ਼ ਹਾਕਮਾਂ ਨੇ ਪਹਿਲਾ ਕਦਮ ਇਹ ਚੁੱਕਿਆ ਉਹਨਾਂ ਨੇ ਪੰਜਾਬ ਵਿਚ ਗਊ ਕੁਸ਼ੀ (ਗਊਆਂ ਨੂੰ ਕਤਲ ਕਰਨ) ਦੀ ਆਗਿਆ ਦੇ ਦਿੱਤੀ। ਅੰਗਰੇਜ਼ ਪੰਜਾਬੀਆਂ ਨੂੰ ਇਹ ਦਸਣਾ ਚਾਹੁੰਦੇ ਸਨ ਕਿ ਉਹ ਉਹਨਾਂ ਦੇ ਹਾਕਮ ਹਨ ਜਿਸ ਤਰ੍ਹਾਂ ਚਾਹੁਣ ਐਲਾਨ ਕਰ ਸਕਦੇ ਹਨ। ਦੂਜੇ ਉਹ ਮੁਸਲਮਾਨਾਂ ਤੇ ਹਿੰਦੂ-ਸਿੱਖਾਂ ਨੂੰ ਆਪਸ ਵਿਚ ਲੜਾਉਣਾ ਚਾਹੁੰਦੇ ਸਨ। ਪੰਜਾਬ ਦੇ ਗਵਰਨਰ ਜਨਰਲ ਨੇ ੫ ਮਈ ੧੮੪੯ ਨੂੰ ਐਲਾਨ ਕੀਤਾ, "ਅਜ ਤੋਂ ਕਿਸੇ ਨੂੰ ਵੀ ਆਪਣੇ ਕੰਮਾਂ ਰਾਹੀਂ ਆਪਣੇ ਗੁਆਂਢੀਆਂ ਦੇ ਰਸਮੋ ਰਿਵਾਜਾਂ ਵਿਚ ਦਖਲ ਦੇਣ ਦੀ ਆਗਿਆ ਨਹੀਂ ਹੋਵੇਗੀ।"

ਇਸ ਐਲਾਨ ਮਗਰੋਂ ਪੰਜਾਬ ਦੇ ਵਖ ਵਖ ਸ਼ਹਿਰਾਂ ਵਿਚ ਬੁਚੜਖਾਨੇ (ਪਸ਼ੂਆਂ ਨੂੰ ਕਤਲ ਕਰਨ ਦੀ ਥਾਂ) ਖੁਲ੍ਹਣੇ ਸ਼ੁਰੂ ਹੋ ਗਏ। ਇਸ ਧੰਦੇ ਨੂੰ ਚਲਾਉਣ ਵਾਲੇ ਮੁਸਲਮਾਨ ਸਨ ਪਰੰਤੂ ਪੰਜਾਬ ਦੇ ਮੁਸਲਮਾਨ ਆਮ ਕਰਕੇ ਗਊ ਮਾਸ ਦੀ ਵਰਤੋਂ ਨਹੀਂ ਸੀ ਕਰਦੇ। ਅੰਗਰੇਜ਼ਾਂ ਨੇ ਮੁਸਲਮਾਨ ਫਿਰਕੇ ਦੇ ਲੋਕਾਂ ਨੂੰ ਆਪਣਾ ਹਿਤੈਸ਼ੀ ਬਣਾਉਣ ਲਈ ਗਊ ਕੁਸ਼ੀ ਦੇ ਹੱਕ ਵਿਚ ਪਰਚਾਰ ਕੀਤਾ। ਸਭ ਤੋਂ ਪਹਿਲਾਂ ਅੰਗਰੇਜ਼ ਸਰਕਾਰ ਦੀ ਆਗਿਆ ਨਾਲ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਘੰਟਾ ਘਰ ਕੋਲ ਇਕ ਬੁਚੜਖਾਨਾ ਖੋਹਲਿਆ ਗਿਆ। ਇਹ ਹਿੰਦੂ-ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪੁਚਾਉਣ ਲਈ, ਅੰਗਰੇਜ਼ਾਂ ਵਲੋਂ ਚਲਾਕੀ ਭਰਿਆ ਇਕ ਘਿਣਾਉਣਾ ਕਦਮ ਸੀ। ਹਿੰਦੂ-ਸਿੱਖਾਂ ਨੇ ਗਊ ਹੱਤਿਆ ਵਿਰੁੱਧ ਰੋਸ ਪ੍ਰਗਟ ਕਰਨ ਲਈ ਅੰਦੋਲਨ ਸ਼ੁਰੂ ਕਰ ਦਿੱਤਾ, ਹੜਤਾਲਾਂ ਕੀਤੀਆਂ, ਜਲਸੇ ਕੀਤੇ ਤੇ ਜਲੂਸ ਕੱਢੇ ਪਰੰਤੂ ਅੰਗਰੇਜ਼ਾਂ ਨੇ ਬੁਚੜਖਾਨੇ ਬੰਦ ਕਰਨ ਦੀ ਬਜਾਏ ਮੁਸਲਮਾਨਾਂ ਨੂੰ ਅੰਦਰਖਾਤੇ ਹਿੰਦੂ-ਸਿੱਖਾਂ ਵਿਰੁੱਧ ਲਾਮਬੰਦ ਹੋਣ ਲਈ ਉਕਸਾਇਆ। ਨਫਰਤ ਦੇ ਬੀਜ ਬੀਜੇ ਗਏ, ਅੰਮ੍ਰਿਤਸਰ ਵਿਚ ਦੋਹਾਂ ਫਿਰਕਿਆਂ ਵਿਚਕਾਰ ਦੰਗੇ-ਫਸਾਦ ਵੀ ਹੋਏ।

ਗਊ ਹੱਤਿਆ ਵਿਰੁਧ ਸਾਰੇ ਪੰਜਾਬ ਵਿਚ ਰੋਸ ਦੀ ਲਹਿਰ ਚਲ ਪਈ। ਇਹ ਉਹ ਸਮਾਂ ਸੀ ਜਦੋਂ ਅੰਗਰੇਜ਼ਾਂ ਨੇ ਸਤਿਗੁਰੂ ਰਾਮ ਸਿੰਘ ਜੀ, ਵਿਰੁੱਧ ਲਾਈਆਂ ਪਾਬੰਦੀਆਂ ਖਤਮ ਕਰ ਦਿੱਤੀਆਂ ਸਨ। ਕੂਕਾ ਲਹਿਰ ਵਿਚ ਨਵਾਂ ਜੋਸ਼ ਤੇ ਉਤਸ਼ਾਹ ਸੀ ਤੇ ਨਾਮਧਾਰੀ ਪਿੰਡ ਪਿੰਡ, ਸ਼ਹਿਰ ਸ਼ਹਿਰ ਅੰਗਰੇਜ਼ ਸਾਮਰਾਜ ਵਿਰੁਧ ਪਰਚਾਰ ਕਰ ਰਹੇ ਸਨ ਤੇ ਭਾਰਤ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਉਣ ਲਈ ਯਤਨਸ਼ੀਲ ਸਨ। ਨਾਮਧਾਰੀ ਗਊ ਹੱਤਿਆ ਦੇ ਵਿਰੁਧ ਸਨ। ਗੁਰੂ ਕੀ ਨਗਰੀ ਅੰਮ੍ਰਿਤਸਰ ਦੇ ਖੁੱਲੇ ਬਾਜ਼ਾਰਾਂ ਵਿਚ ਗਊ ਦੇ ਮਾਸ ਦੀ ਵਿਕਰੀ ਦੀਆਂ ਖ਼ਬਰਾਂ ਨੇ ਕੂਕਿਆਂ ਦਾ ਖੂਨ ਖੌਲਣ ਲਾ ਦਿੱਤਾ। ਬੁਚੜਖਾਨੇ ਬੰਦ ਕਰਵਾਉਣ ਲਈ ਅਨੇਕਾਂ ਮਰਜੀਵੜੇ ਕੂਕੇ ਆਪਣੀ ਜਾਨ ਤਲੀ ਤੇ ਧਰ ਕੇ ਮੈਦਾਨ ਵਿਚ ਨਿੱਤਰ ਆਏ। ਸਤਿਗੁਰੂ ਰਾਮ ਸਿੰਘ ਜੀ ਇਹ ਨਹੀਂ ਸੀ ਚਾਹੁੰਦੇ ਕਿ ਗਊ ਕੁਸ਼ੀ ਵਿਰੋਧੀ ਲਹਿਰ ਕਿਸੇ ਵੀ ਕਿਸਮ ਦਾ ਹਿੰਸਕ ਰੂਪ ਧਾਰੇ ਪਰੰਤੂ ਕੂਕੇ ਐਨੇ ਜੋਸ਼ ਵਿਚ ਸਨ ਕਿ ਉਹਨਾਂ ਨੇ ਪੰਜਾਬ ਦੇ ਸ਼ਹਿਰਾਂ ਦੇ ਬੁਚੜਖਾਨੇ ਜ਼ਬਰਦਸਤੀ ਬੰਦ ਕਰਵਾਉਣ ਲਈ ਸਿੱਧੀ ਹਥਿਆਰਬੰਦ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਮੰਤਵ ਲਈ ਅੰਮ੍ਰਿਤਸਰ ਦੇ ਕੁਝ ਕੂਕੇ ਇਕੱਠੇ ਹੋਏ। ਇਸ ਬਾਰੇ ਅੰਗਰੇਜ਼ ਹਾਕਮਾਂ ਨੂੰ ਕੋਈ ਖ਼ਬਰ ਨਹੀਂ ਸੀ। ੧੪ ਜੂਨ ੧੮੭੧ ਦੀ ਰਾਤ ਨੂੰ ੮-੧੦ ਕੂਕਿਆਂ ਦੇ ਜਥੇ ਨੇ ਅੰਮ੍ਰਿਤਸਰ ਦੇ ਬਾਹਰ ਸਥਿਤ ਬੁਚੜਖਾਨੇ ਤੇ ਹੱਥਿਆਰਾਂ ਨਾਲ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ੪ ਬੁਚੜ (ਪਸ਼ੂਆਂ ਨੂੰ ਕਤਲ ਕਰਨ ਵਾਲੇ) ਮਾਰੇ ਗਏ ਤੇ ਤਿੰਨ ਚਾਰ ਸਖਤ ਫੱਟੜ ਹੋ ਗਏ। ਕੂਕੇ ਗਊਆਂ ਦੇ ਰੱਸੇ ਖੋਹਲਣ ਮਗਰੋਂ ਰਾਤ ਦੇ ਹਨ੍ਹੇਰੇ ਵਿਚ ਅਲੋਪ ਹੋ ਗਏ। ਨਾ ਕਿਸੇ ਉਹਨਾਂ ਦਾ ਪਿੱਛਾ ਕੀਤਾ ਤੇ ਨਾ ਹੀ ਕੋਈ ਉਹਨਾਂ ਦੀ ਪਛਾਣ ਕਰ ਸਕਿਆ।

ਬੁਚੜਾਂ ਦੇ ਕਤਲਾਂ ਅਤੇ ਬੁਚੜਖਾਨੇ ਤੇ ਹਥਿਆਰਬੰਦ ਹਮਲੇ ਨੇ ਅੰਮ੍ਰਿਤਸਰ ਦੇ ਅੰਗਰੇਜ਼ ਅਧਿਕਾਰੀਆਂ ਨੂੰ ਅਚੰਭਿਤ ਕਰ ਦਿੱਤਾ। ਇਹ ਹਮਲਾ ਅੰਗਰੇਜ਼ ਸਾਮਰਾਜ ਤੇ ਸਰਕਾਰ ਲਈ ਇਕ ਵੰਗਾਰ ਸੀ। ਪੁਲਿਸ ਇਕ ਦਮ ਹਰਕਤ ਵਿਚ ਆ ਗਈ। ਸ਼ਹਿਰ ਵਿਚ ਛਾਪੇ ਮਾਰਕੇ ਪੁਲਿਸ ਨੇ ਕਈ ਸ਼ੱਕੀ ਨਿਹੰਗ ਤੇ ਹਿੰਦੂ ਹਰਾਸਤ ਵਿਚ ਲੈ ਲਏ। ਜਿੰਨੇ ਵੀ ਪੁਲਿਸ ਨੇ ਸ਼ੱਕੀ ਅਪਰਾਧੀ ਫੜੇ ਉਹ ਸਾਰੇ ਨਿਰਦੋਸ਼ ਸਨ ਪਰੰਤੂ ਪੁਲਿਸ ਨੇ ਉਹਨਾਂ ਨੂੰ ਐਨੇ ਤਸੀਹੇ ਦਿੱਤੇ ਮਾਰ ਕੁਟ ਕੀਤੀ ਕਿ ਉਹਨਾਂ ਨੇ ਨਿਰਦੋਸ਼ ਹੁੰਦੇ ਹੋਏ ਵੀ ਦੋਸ਼ ਮੰਨ ਲਿਆ। ਅਦਾਲਤ ਨੇ ਨਿਰਦੋਸ਼ ਦੋਸ਼ੀਆਂ ਨੂੰ ਫਾਂਸੀ ਦਾ ਹੁਕਮ ਸੁਣਾ ਦਿੱਤਾ।

ਕੁਝ ਦਿਨਾਂ ਮਗਰੋਂ ਇਸ ਕਾਂਡ ਨੂੰ ਕਰਨ ਵਾਲੇ ਕੂਕੇ ਫਿਰਦੇ ਫਿਰਾਉਂਦੇ ਭੈਣੀ ਸਾਹਿਬ ਆ ਗਏ। ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਅੱਗੇ ਪੇਸ਼ ਹੋ ਕੇ ਸੱਚੋ-ਸੱਚ ਦੱਸ ਦਿੱਤਾ। ਸਤਿਗੁਰਾਂ ਨੇ ਉਹਨਾਂ ਦੀ ਸਾਰੀ ਗਲਬਾਤ ਸੁਣ ਕੇ ਕਿਹਾ, "ਤੁਹਾਡੇ ਕਰਕੇ ਨਿਰਦੋਸ਼ਾਂ ਨੂੰ ਸਜ਼ਾ ਮਿਲ ਰਹੀ ਹੈ। ਕਰੇ ਕੋਈ ਤੇ ਭਰੇ ਕੋਈ ਇਹ ਬਹੁਤ ਵੱਡਾ ਗੁਨਾਹ ਹੈ। ਜਾਓ ਆਪਣੇ ਆਪ ਨੂੰ ਅਦਾਲਤ ਵਿਚ ਪੇਸ਼ ਕਰੋ ਤੇ ਨਿਰਦੋਸ਼ਾਂ ਨੂੰ ਫਾਂਸੀ ਦੇ ਫੰਦੇ ਤੋਂ ਮੁਕਤ ਕਰਵਾਓ।"

ਇਹ ਕੂਕੇ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਮੰਨ ਕੇ ਅੰਮ੍ਰਿਤਸਰ ਦੀ ਪੁਲਿਸ ਕੋਲ ਆਤਮ ਸਮਰਪਨ ਲਈ ਜਾ ਪੇਸ਼ ਹੋਏ ਤੇ ਅਦਾਲਤ ਵਿਚ ਆਪਣਾ ਦੋਸ਼ ਮੰਨ ਲਿਆ। ਅਦਾਲਤ ਨੇ ਨਿਰਦੋਸ਼ਾਂ ਨੂੰ ਛੱਡ ਦਿੱਤਾ। ਇਹਨਾਂ ਬਹਾਦਰ ਕੂਕਿਆਂ ਦੇ ਪੇਸ਼ ਹੋਣ ਨਾਲ ਅੰਗਰੇਜ਼ਾਂ ਦੇ ਇਨਸਾਫ ਦਾ ਪਰਦਾ ਫਾਸ਼ ਹੋ ਗਿਆ .....ਉਹ ਤਾਂ ਨਿਰਦੋਸ਼ਾਂ ਨੂੰ ਫਾਂਸੀ ਦੇਣ ਲੱਗੇ ਸਨ।

ਅੰਗਰੇਜ਼ ਹਾਕਮ ਆਮ ਜਨਤਾ ਵਿਚ ਦਹਿਸ਼ਤ ਫੈਲਾਉਣਾ ਚਾਹੁੰਦੇ ਸਨ ਇਸ ਲਈ ਉਹਨਾਂ ਨੇ ੪ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਅਤੇ ੩ ਨੂੰ ਉਮਰ ਕੈਦ ਦੀ ਸਜ਼ਾ ੩੧ ਅਗਸਤ ੧੮੭੧ ਨੂੰ ਸੁਣਾ ਦਿੱਤੀ ਤੇ ੧੫ ਸਤੰਬਰ ੧੮੭੧ ਨੂੰ ਇਹ ਮਰਜੀਵੜੇ ਦਰਬਾਰ ਸਾਹਿਬ ਦੇ ਸਰੋਵਰ ਵਿਚੋਂ ਇਸ਼ਨਾਨ ਕਰਨ ਉਪਰੰਤ ਕੀਰਤਨ ਕਰਦੇ ਹੋਏ ਅਜਨਾਲਾ ਰੋਡ ਤੇ ਬੋਹੜ ਦੇ ਰੁੱਖ ਕੋਲ ਪੁੱਜੇ ਜਿੱਥੇ ਉਹਨਾਂ ਨੂੰ ਆਮ ਜਨਤਾ ਸਾਹਮਣੇ ਫਾਂਸੀ ਦਿੱਤੀ ਜਾਣੀ ਸੀ। ਉਹਨਾਂ ਹਸਦਿਆਂ ਹਸਦਿਆਂ ਨੰਗੇ ਮੂੰਹ ਆਪਣੇ ਹੱਥੀਂ ਫਾਂਸੀ ਦੇ ਰੱਸੇ ਆਪਣੇ ਗਲਾਂ ਵਿਚ ਪਾਏ ਅਤੇ ਖ਼ੁਸ਼ੀ ਖ਼ੁਸ਼ੀ ਸ਼ਹੀਦ ਹੋ ਗਏ। ਆਪਣਾ ਅਪਰਾਧ ਕਬੂਲ ਕਰਕੇ ਨਿਰਦੋਸ਼ਾਂ ਨੂੰ ਛੁਡਾਉਣ ਵਾਲੇ ਇਹਨਾਂ ਬਹਾਦਰ ਕੂਕਿਆਂ ਦੀ ਬਹਾਦਰੀ ਦੇ ਕਿੱਸੇ ਅੰਮ੍ਰਿਤਸਰ ਦੇ ਘਰ ਘਰ ਦੀ ਚਰਚਾ ਬਣ ਗਏ।

ਅੰਮ੍ਰਿਤਸਰ ਹੱਤਿਆ ਕਾਂਡ ਨੂੰ ਵਾਪਰਿਆਂ ਮਸਾਂ ਮਹੀਨਾ ਹੀ ਬੀਤਿਆ ਸੀ ਕਿ ਲੁਧਿਆਣੇ ਜ਼ਿਲ੍ਹੇ ਦੇ ਕਸਬਾ ਰਾਏਕੋਟ ਵਿਚ ੧੫ ਜੁਲਾਈ ੧੮੭੧ ਦੀ ਅੱਧੀ ਰਾਤ ਨੂੰ ਹੱਥਿਆਰਬੰਦ ਕੂਕਾ ਜੱਥੇ ਨੇ ਬੁਚੜਖਾਨੇ ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ੨ ਜਣੇ ਮਾਰੇ ਗਏ ਤੇ ੭ ਸਖਤ ਫੱਟੜ ਹੋਏ। ਕੂਕੇ ਆਪਣੀ ਕਾਰਵਾਈ ਕਰਕੇ ਹਨ੍ਹੇਰੇ ਦੀ ਬੁੱਕਲ ਵਿਚ ਗੁਆਚ ਗਏ। ਕਿਸੇ ਨੇ ਵੀ ਉਹਨਾਂ ਦਾ ਪਿੱਛਾ ਨਾ ਕੀਤਾ।

ਅਗਲੀ ਭਲਕ ੧੬ ਜੁਲਾਈ ਨੂੰ ਸਵੇਰੇ ੧੦ ਵਜੇ ਦੇ ਕਰੀਬ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਨੂੰ ਇਸ ਹਮਲੇ ਬਾਰੇ ਸੂਚਨਾ ਮਿਲੀ ਉਹ ਉਸੇ ਵੇਲੇ ਜ਼ਿਲ੍ਹਾ ਸੁਪਰਡੈਂਟ ਪੁਲਿਸ ਨੂੰ ਨਾਲ ਲੈ ਕੇ ਰਾਏਕੋਟ ਲਈ ਚਲ ਪਿਆ।

ਇਕ ਮਹੀਨੇ ਦੇ ਵਿਚ ਵਿਚ ਅੰਮ੍ਰਿਤਸਰ ਤੇ ਰਾਏਕੋਟ ਦੇ ਬੁਚੜਖਾਨਿਆਂ ਤੇ ਹੋਏ ਹਮਲਿਆਂ ਨੇ ਅੰਗਰੇਜ਼ ਹਾਕਮਾ ਦੀ ਨੀਂਦ ਉਡਾ ਦਿੱਤੀ। ਉਹ ਮੁਜਰਮਾਂ ਨੂੰ ਤੁਰੰਤ ਫੜ ਕੇ ਸਖਤ ਸਜ਼ਾਵਾਂ ਦੇਣੀਆਂ ਚਾਹੁੰਦੇ ਸਨ ਤਾਂ ਜੋ ਪੰਜਾਬੀਆਂ ਤੇ ਸਰਕਾਰੀ ਦਬਦਬਾ ਬਣਿਆ ਰਹੇ।

ਰਾਏਕੋਟ ਹੱਤਿਆਂ ਕਾਂਡ ਦੇ ਹਤਿਆਰੇ ਰਿਆਸਤ ਪਟਿਆਲਾ ਅਤੇ ਨਾਭਾ ਦੇ ਪਿੰਡਾਂ ਵਿਚ ਜਾ ਛੁਪੇ ਸਨ। ਪੁਲਿਸ ਨੇ ਪੈੜੀਆਂ (ਉਹ ਖੋਜੀ ਜੋ ਪੈਰਾਂ ਦੇ ਨਿਸ਼ਾਨਾਂ ਦੀ ਪਛਾਣ ਨਾਲ ਦੋਸ਼ੀਆਂ ਨੂੰ ਪਕੜਾਉਂਦੇ ਹਨ) ਦੀ ਮਦਦ ਨਾਲ ਦੋਸ਼ੀਆਂ ਦੇ ਖੁਰੇ ਖੋਜ ਲਏ। ਪੰਜਾਬ ਸਰਕਾਰ ਨੇ ਰਿਆਸਤ ਪਟਿਆਲਾ ਦੇ ਮਹਾਰਾਜਾ ਮਹਿੰਦਰ ਸਿੰਘ ਨੂੰ ਤਾਰ ਭੇਜੀ, "ਰਾਏਕੋਟ ਦੇ ਕਾਤਲਾਂ ਦੇ ਖੁਰੇ ਪਿੰਡ ਫੀਨੀਵਾਲ ਰਿਆਸਤ ਪਟਿਆਲਾ ਵਿਚ ਪਹੁੰਚ ਗਏ ਹਨ। ਇਸ ਲਈ ਲੈਫਟੀਨੈਂਟ ਗਵਰਨਰ ਸਾਹਿਬ ਆਪ ਨੂੰ ਕਹਿੰਦੇ ਹਨ ਕਿ ਆਪ ਇਹਨਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਵਾਉਣ ਲਈ ਹਰ ਪ੍ਰਕਾਰ ਦੀ ਸਹਾਇਤਾ ਕਰੋ।"

ਰਿਆਸਤ ਪਟਿਆਲਾ ਅਤੇ ਨਾਭਾ ਦੇ ਹਾਕਮਾਂ ਦੀਆਂ ਸਿਰਤੋੜ ਕੋਸ਼ਿਸ਼ਾਂ ਨਾਲ ਇਸ ਕਾਂਡ ਦੇ ੭ ਕੂਕੇ ਫੜ ਲਏ ਗਏ ਜਿਨ੍ਹਾਂ ਨੂੰ ਅੰਗਰੇਜ਼ ਹਾਕਮਾਂ ਨੇ ੨੧ ਜੁਲਾਈ ੧੮੭੧ ਨੂੰ ਬੱਸੀਆਂ ਦੇ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕਰ

ਦਿੱਤਾ। ੨੪ ਜੁਲਾਈ ੧੮੭੧ ਨੂੰ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਨੇ ਬੱਸੀਆਂ ਤੋਂ ਪੰਜਾਬ ਸਰਕਾਰ ਨੂੰ ਰਿਪੋਰਟ ਭੇਜੀ, "ਸਤ ਫੜੇ ਕੂਕਿਆਂ ਵਿਚੋਂ ੪ ਬਿਨਾਂ ਸ਼ੱਕ ਕਤਲਾਂ ਦੇ ਦੋਸ਼ੀ ਹਨ। ਦਲ ਸਿੰਘ ਵਾਅਦਾ ਮੁਆਫ ਗਵਾਹ ਬਣ ਗਿਆ ਹੈ। ਉਸ ਨੇ ਦੁਖੀ ਹਿਰਦੇ ਨਾਲ ਕਤਲਾਂ ਦਾ ਵਿਸਥਾਰ ਦੱਸਿਆ ਹੈ।"

ਇਸ ਹੱਤਿਆ ਕਾਂਡ ਦੀ ਤਫਤੀਸ਼ ਸਮੇਂ ਕਈ ਸਰਕਾਰੀ ਗਵਾਹਾਂ ਨੇ ਬਿਆਨ ਦਿੱਤੇ ਸਨ ਕਿ ਬੁਚੜਾਂ ਦੇ ਕਤਲਾਂ ਪਿੱਛੇ ਸਤਿਗੁਰੂ ਰਾਮ ਸਿੰਘ ਦਾ ਹੱਥ ਹੈ। ਉਹਨਾਂ ਨੇ ਆਪਣੇ ਕੂਕਿਆਂ ਨੂੰ ਅਜਿਹਾ ਕਰਨ ਦੇ ਹੁਕਮ ਦਿੱਤੇ ਹਨ।

੨੪ ਜੁਲਾਈ ਨੂੰ ਗੁਰੂ ਰਾਮ ਸਿੰਘ ਜੀ ਨੂੰ ਹੋਰ ਸੂਬਿਆਂ ਸਮੇਤ ਬੱਸੀਆਂ ਦੀ ਕੋਠੀ ਮੁਕਦਮੇ ਵਿਚ ਗਵਾਹੀ ਦੇਣ ਲਈ ਸੱਦਿਆ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਝੂਠੇ ਗਵਾਹਾਂ ਦੇ ਦੋਸ਼ਾਂ ਦਾ ਭਰਪੂਰ ਖੰਡਨ ਕੀਤਾ।

੨੭ ਜੁਲਾਈ ੧੮੭੧ ਨੂੰ ਬੱਸੀਆਂ ਦੇ ਸਥਾਨ ਤੇ ਇਸ ਕੇਸ ਦਾ ਫੈਸਲਾ ਸੁਣਾਇਆ ਗਿਆ ਜਿਸ ਅਨੁਸਾਰ ਮਸਤਾਨ ਸਿੰਘ, ਗੁਰਮੁਖ ਸਿੰਘ ਅਤੇ ਮੰਗਲ ਸਿੰਘ ਨੂੰ ਕਤਲਾਂ ਦੇ ਦੋਸ਼ੀ ਸਾਬਤ ਕਰਕੇ ਫਾਂਸੀ ਦੀ ਸਜ਼ਾ ਦਿੱਤੀ ਗਈ। ੫ ਅਗਸਤ ੧੮੭੧ ਨੂੰ ਇਹਨਾਂ ਨੂੰ ਰਾਏਕੋਟ ਵਿਖੇ ਆਮ ਜਨਤਾ ਸਾਹਮਣੇ ਫਾਂਸੀ ਤੇ ਲਟਕਾ ਦਿੱਤਾ ਗਿਆ।

ਇਸੇ ਕਾਂਡ ਵਿਚ ਪੁਲਿਸ ਵਲੋਂ ਫਸਾਏ ਸੂਬਾ ਰਤਨ ਸਿੰਘ ਉਰਫ ਗਿਆਨੀ ਸਿੰਘ ਅਤੇ ਰਤਨ ਸਿੰਘ ਨੂੰ ੨੮ ਜੁਲਾਈ ੧੮੭੧ ਨੂੰ ਲੁਧਿਆਣਾ ਜ਼ੇਲ ਵਿਚ ਭੇਜ ਦਿੱਤਾ ਗਿਆ। ਇਹ ਦੋਨੋ ਨਿਰਦੋਸ਼ ਸਨ ਪਰੰਤੂ ਇਹਨਾਂ ਨੂੰ ੨੬ ਨਵੰਬਰ ੧੮੭੧ ਨੂੰ ਲੁਧਿਆਣਾ ਜ਼ੇਲ੍ਹ ਦੇ ਸਾਹਮਣੇ ਫਾਂਸੀ ਤੇ ਲਟਕਾ ਦਿੱਤਾ ਗਿਆ। ਸੂਰਬੀਰ ਕੂਕੇ ਹਸਦੇ ਹਸਦੇ ਸ਼ਹਾਦਤ ਦਾ ਜਾਮ ਪੀ ਗਏ।

ਅੰਗਰੇਜ਼ ਸਰਕਾਰ ਰਾਏਕੋਟ ਅਤੇ ਅੰਮ੍ਰਿਤਸਰ ਦੇ ਹੱਤਿਆ ਕਾਂਡਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਦੋਸ਼ੀ ਬਣਾ ਕੇ ਗ੍ਰਿਫਤਾਰ ਕਰਨਾ ਚਾਹੁੰਦੀ ਸੀ ਕਿਉਂਕਿ ਇਹਨਾਂ ਕਤਲਾਂ ਦੇ ਦੋਸ਼ੀ ਸਾਰੇ ਕੂਕੇ ਹੀ ਸਨ। ਉਹ ਕੋਈ ਠੋਸ ਸਬੂਤ ਨਾ ਮਿਲਣ ਕਰਕੇ ਅਜਿਹਾ ਨਾ ਕਰ ਸਕੀ। ਅੰਗਰੇਜ਼ ਅਧਿਕਾਰੀਆਂ ਦਾ ਵਿਚਾਰ ਸੀ ਕਿ ਸਤਿਗੁਰੂ ਰਾਮ ਸਿੰਘ ਨੇ ਬੁਚੜਾਂ ਨੂੰ ਮਾਰਨ ਲਈ ਕੂਕਿਆਂ ਨੂੰ ਉਕਸਾਇਆ ਹੈ ਤੇ ਉਹ ਉਹਨਾਂ ਦੇ ਹੁਕਮਾਂ ਦੀ ਪਾਲਣਾ ਹਿਤ ਬੁਚੜਾਂ ਨੂੰ ਕਤਲ ਕਰ ਰਹੇ ਹਨ।

ਹੁਣ ਅੰਗਰੇਜ਼ ਹਾਕਮਾਂ ਨੇ ਕੂਕਿਆਂ ਵਿਰੁੱਧ ਦਮਨ ਚੱਕਰ ਚਲਾ ਦਿੱਤਾ ਤੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਗਤੀਵਿਧੀਆਂ ਤੇ ਘੋਖਵੀਂ ਨਿਗਾਹ ਰੱਖੀ ਜਾਣ ਲੱਗੀ।

ਅੰਗਰੇਜ਼ ਹਾਕਮਾਂ ਵਲੋਂ ਸਖਤੀ—

ਰਾਏਕੋਟ ਹੱਤਿਆ ਕਾਂਡ ਨੇ ਨਾਮਧਾਰੀ ਲਹਿਰ ਪ੍ਰਤੀ ਅੰਗਰੇਜ਼ ਸਰਕਾਰ ਦਾ ਦ੍ਰਿਸ਼ਟੀਕੋਣ ਹੀ ਬਦਲ ਕੇ ਰਖ ਦਿੱਤਾ। ਉਹ ਪਹਿਲਾਂ ਤਾਂ ਇਸ ਲਹਿਰ ਨੂੰ ਸਮਾਜ ਸੁਧਾਰ ਦੀ ਲਹਿਰ ਦੇ ਰੂਪ ਵਿਚ ਹੀ ਵੇਖ ਰਹੇ ਸਨ ਹੁਣ ਉਹ ਇਸ ਨੂੰ ਇਕ ਰਾਜਨੀਤਕ ਲਹਿਰ ਦੇ ਰੂਪ ਵਿਚ ਵਾਚਣ ਲੱਗੇ। ਨਾਮਧਾਰੀਆਂ ਦੀ ਵਧ ਰਹੀ ਲੋਕਪ੍ਰੀਜਤਾ ਅਤੇ ਲੋਕ ਸ਼ਕਤੀ ਤੋਂ ਅੰਗਰੇਜ਼ ਹਾਕਮ ਘਬਰਾ ਗਏ। ਇਸ ਲੋਕ ਸ਼ਕਤੀ ਦਾ ਉਭਾਰ ਰਾਜ ਸੱਤਾ ਲਈ ਇਕ ਵੰਗਾਰ ਸੀ- ਇਕ ਚਣੌਤੀ ਸੀ। ਇਸ ਲਈ ਉਹਨਾਂ ਨੇ ਕੂਕਾ ਲਹਿਰ ਨੂੰ ਕਰੜੇ ਹੱਥੀਂ ਲਿਆ ਤੇ ਪੂਰੀ ਸ਼ਕਤੀ ਨਾਲ ਕੁਚਲਣ ਦਾ ਫੈਸਲਾ ਕਰ ਲਿਆ।

ਸਾਰੇ ਪੰਜਾਬ ਵਿਚ ਜਸੂਸਾਂ ਦਾ ਜਾਲ ਵਿਛਾ ਦਿੱਤਾ ਗਿਆ ਤਾਂ ਜੋ ਸਤਿਗੁਰੂ ਰਾਮ ਸਿੰਘ ਤੇ ਉਸ ਦੇ ਕੂਕਿਆਂ ਦੀਆਂ ਸਰਗਰਮੀਆਂ ਬਾਰੇ ਸਰਕਾਰ ਨੂੰ ਤੁਰੰਤ ਜਾਣਕਾਰੀ ਮਿਲਦੀ ਰਹੇ। ਹਰ ਜ਼ਿਲ੍ਹਾ ਸੁਪਰਡੈਂਟ ਪੁਲਿਸ ਨੂੰ ਹਦਾਇਤ ਕੀਤੀ ਗਈ ਕਿ ਪਿੰਡ ਵਾਰ ਕੂਕਿਆਂ ਦੀਆਂ ਸੂਚੀਆਂ, ਉਹਨਾਂ ਦੇ ਪਤਿਆਂ ਸਮੇਤ, ਤਿਆਰ ਕਰਕੇ ਆਪਣੇ ਪਾਸ ਰੱਖਣ। ਕੂਕਿਆਂ ਬਾਰੇ ਗੁਪਤ ਸੂਚਨਾ ਪ੍ਰਾਪਤ ਕਰਨ ਲਈ ਪਿੰਡਾਂ ਦੇ ਨੰਬਰਦਾਰਾਂ, ਸਫੈਦ ਪੋਸ਼ਾਂ, ਚੌਕੀਦਾਰਾਂ ਅਤੇ ਸਰਕਾਰੀ ਅਹਿਲਕਾਰਾਂ ਦੀ ਮਦਦ ਲਈ ਜਾਣ ਲੱਗੀ। ਸਰਕਾਰ ਹਰ ਸੂਚਨਾ ਦੇਣ ਵਾਲੇ ਨੂੰ ਨਕਦ ਇਨਾਮ, ਮਿਹਨਤਾਨੇ ਵਜੋਂ ਦੇਂਦੀ ਸੀ। ਕੂਕਿਆਂ ਨੂੰ ਪੁਲਿਸ ਵਿਚ ਭਰਤੀ ਕਰਨ ਤੇ ਰੋਕ ਲਾ ਦਿੱਤੀ ਗਈ। ਇਸ ਤੋਂ ਇਲਾਵਾ ਪੁਲਿਸ ਵਿਚ ਭਰਤੀ ਹੋਏ ਕੂਕੇ ਉਹਨਾਂ ਜ਼ਿਲ੍ਹਿਆਂ ਵਿਚੋਂ ਬਦਲ ਦਿੱਤੇ ਗਏ ਜਿਨ੍ਹਾਂ ਜ਼ਿਲ੍ਹਿਆਂ ਵਿਚ ਕੂਕਾ ਲਹਿਰ ਦਾ ਪ੍ਰਭਾਵ ਨਹੀਂ ਸੀ। ਦੇਸੀ ਰਿਆਸਤਾਂ ਦੇ ਰਾਜਿਆਂ ਨੂੰ ਵੀ ਇਹਨਾਂ ਤੇ ਕੜੀ ਨਜ਼ਰ ਰੱਖਣ ਲਈ ਆਖਿਆ ਗਿਆ।

ਸਤਿਗੁਰੂ ਰਾਮ ਸਿੰਘ ਜੀ ਜੋ ਨਾਮਧਾਰੀ ਲਹਿਰ ਦੇ ਪ੍ਰੇਰਨਾ ਸਰੋਤ ਸਨ ਅਗਰੇਜ਼ ਹਾਕਮਾਂ ਦੀਆਂ ਅੱਖਾਂ ਵਿਚ ਰੜਕ ਰਹੇ ਸਨ। ਅੰਗਰੇਜ਼ ਕਿਸੇ ਨਾ ਕਿਸੇ ਬਹਾਨੇ ਉਹਨਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਵਿਰੁਧ ਅਦਾਲਤ ਵਿਚ ਮੁਕੱਦਮਾ ਚਲਾਉਣਾ ਚਾਹੁੰਦੇ ਸਨ। ਰਾਏਕੋਟ ਹੱਤਿਆ ਕਾਂਡ ਵਿਚ ਉਹਨਾਂ ਨੂੰ ਝੂਠੇ ਗਵਾਹਾਂ ਰਾਹੀਂ ਫਸਾਉਣ ਦੀ ਕੋਸ਼ਿਸ਼ ਕੀਤੀ ਗਈ ਪਰੰਤੂ ਉਹਨਾਂ ਵਿਰੁਧ ਠੋਸ ਸਬੂਤਾਂ ਦੀ ਅਣਹੋਂਦ ਕਾਰਨ ਉਹ ਆਪਣੇ ਇਸ ਮੰਤਵ ਵਿਚ ਸਫਲ ਨਾ ਹੋਏ।

ਬਰਤਾਨਵੀ ਸਰਕਾਰ ਨਾਮਧਾਰੀਆਂ ਦੀਆਂ ਗੁਪਤ ਗਤੀਵਿਧੀਆਂ ਕਰਕੇ ਸਾਵਧਾਨ ਹੋ ਗਈ। ਨਾਮਧਾਰੀ ਪੰਥ, ਉਸ ਦੇ ਮੰਤਵ ਅਤੇ ਸਰਗਰਮੀਆਂ ਬਾਰੇ ਵਿਸਥਾਰ ਪੂਰਵਕ ਰਿਪੋਰਟ ਤਿਆਰ ਕਰਨ ਲਈ ਪੰਜਾਬ ਸਰਕਾਰ ਨੇ ਆਪਣੇ ਦੋ ਉਚ ਅਧਿਕਾਰੀਆਂ ਨੂੰ ਹੁਕਮ ਦਿੱਤਾ। ਜੇ. ਡਵਲਿਯੂ. ਮੈਕਨਬ ਕਮਿਸ਼ਨਰ ਅੰਬਾਲਾ ਡਵੀਜ਼ਨ ਨੇ ੪ ਨਵੰਬਰ ੧੮੭੧ ਨੂੰ ਆਪਣੀ ਵਿਸਥਾਰ ਪੂਰਬਕ ਰਿਪੋਰਟ ਸਰਕਾਰ ਨੂੰ ਭੇਜੀ ਤੇ ਇਹ ਸਿੱਟਾ ਕੱਢਿਆ, "ਮੁੱਢ ਵਿਚ ਭਾਵੇਂ ਇਸ ਲਹਿਰ ਦੇ ਮੋਢੀਆਂ ਦਾ ਮੰਤਵ ਕੁਝ ਵੀ ਹੋਵੇ, ਪਰੰਤੂ ਹੁਣ ਇਸ ਦਾ ਝੁਕਾ ਸਪਸ਼ਟ ਰੂਪ ਵਿਚ ਰਾਜਸੀ ......ਬਹੁਤ ਸਾਰੇ ਪ੍ਰਭਾਵਸ਼ਾਲੀ ਤੇ ਪ੍ਰਤਿਸ਼ਠ ਪੁਰਸ਼ ਇਸ ਫਿਰਕੇ ਵਿਚ ਸ਼ਾਮਲ ਹੋ ਰਹੇ ਹਨ- ਇਹ ਜ਼ਰੂਰੀ ਹੋ ਗਿਆ ਹੈ ਕਿ ਦੇਸ ਦੀ ਅੰਦਰੂਨੀ ਸੁਰੱਖਿਆ ਅਤੇ ਅਮਨ ਚੈਨ ਲਈ ਰਾਮ ਸਿੰਘ ਨੂੰ ਅਜਿਹੀ ਥਾਂ ਤੇ ਦੇਸ ਨਿਕਾਲਾ ਦੇ ਦਿੱਤਾ ਜਾਵੇ ਜਿਥੇ ਉਸ ਦੇ ਸ਼ਰਧਾਲੂ ਉਸ ਨੂੰ ਜਾਕੇ ਨਾ ਮਿਲ ਸਕਣ। ਮੇਰੀ ਸਪਸ਼ਟ ਰਾਏ ਇਹ ਹੈ ਕਿ ਰਾਮ ਸਿੰਘ ਨੂੰ ਅੰਡੇਮਾਨ ਦੇ ਟਾਪੂਆਂ ਵਿਚ ਭੇਜ ਦਿੱਤਾ ਜਾਵੇ ...... ਜੇ ਸਰਕਾਰ ਉਸ ਨੂੰ ਬੰਗਾਲ ਐਕਟ ਬਰਡ ੧੮੧੮ ਦੇ ਅਧੀਨ ਨਜ਼ਰਬੰਦ ਕਰਨਾ ਚਾਹੁੰਦੀ ਹੈ ਤਾਂ ਇਹ ਕਾਰਵਾਈ ਤੁਰੰਤ ਹੀ ਕੀਤੀ ਜਾਵੇ।"

ਲੈਫਟੀਨੈਂਟ ਕਰਨਲ ਜੀ. ਮੈਕਐਂਡਰਯੂ. ਡਿਪਟੀ

ਇੰਸਪੈਕਟਰ ਜਨਰਲ ਪੁਲਿਸ, ਅੰਬਾਲਾ ਸਰਕਲ ਨੇ ੨੦ ਨਵੰਬਰ ੧੮੭੧ ਨੂੰ ਆਪਣੀ ਰਿਪੋਰਟ ਸਰਕਾਰ ਨੂੰ ਭੇਜੀ ਜਿਸ ਵਿਚ ਉਸ ਨੇ ਕਿਹਾ, "ਮੈਂ ਇਸ ਸਿੱਟੇ ਤੇ ਪੁੱਜਿਆ ਹਾਂ ਕਿ ਸਰਕਾਰ ਬਿਨਾ ਕੋਈ ਕਾਨੂੰਨੀ ਕਾਰਵਾਈ ਕੀਤੇ, ਰਾਮ ਸਿੰਘ ਨੂੰ ਦੇਸ ਬਦਰ ਕਰ ਸਕਦੀ ਹੈ .... ਉਹ ਤੇ ਉਸ ਦੇ ਪੈਰੋਕਾਰਾਂ ਦੀਆਂ ਗਤੀਵਿਧੀਆਂ ਦੇ ਅਜਿਹੇ ਸੰਕੇਤ ਮਿਲੇ ਹਨ ਕਿ ਉਹਨਾਂ ਨੇ ਸਰਕਾਰੀ ਕਾਨੂੰਨ ਤੇ ਹੁਕਮ ਨੂੰ ਤੋੜਨ ਦੀ ਠਾਣੀ ਹੋਈ ਹੈ।"

ਸਰਕਾਰ ਦੇ ਜ਼ੁੰਮੇਵਾਰ ਉੱਚ ਅਧਿਕਾਰੀਆਂ ਵਲੋਂ ਭੇਜੀਆਂ ਰਿਪੋਰਟਾਂ ਨੇ ਕੂਕਿਆਂ ਵਿਰੁੱਧ ਬਰਤਾਨਵੀ ਹਾਕਮਾਂ ਦੇ ਮਨਾਂ ਵਿਚ ਡਰ ਅਤੇ ਗੁੱਸੇ ਦੀ ਲਹਿਰ ਦੁੜਾ ਦਿੱਤੀ। ਉਹਨਾਂ ਨੂੰ ਹੁਣ ਸਾਰੇ ਦੇਸ ਵਿਚ ਹਥਿਆਰਬੰਦ ਬਗ਼ਾਵਤ ਨਜ਼ਰੀਂ ਪੈ ਰਹੀ ਸੀ ਜਿਸ ਦੀ ਅਗਵਾਈ ਸਤਿਗੁਰੂ ਰਾਮ ਸਿੰਘ ਜੀ ਕਰ ਰਹੇ ਸਨ ਤੇ ਉਹਨਾਂ ਦੇ ਸ਼ਰਧਾਲੂ ਆਪਣੇ ਦੇਸ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਸਨ।

ਉਹਨਾਂ ਨੇ ਇਸ ਲਹਿਰ ਨੂੰ ਸਖ਼ਤੀ ਨਾਲ ਕੁਚਲਣ ਦਾ ਫੈਸਲਾ ਕਰ ਲਿਆ। ਬਰਤਾਨੀਆਂ ਸਰਕਾਰ ਯੋਗ ਮੌਕੇ ਦੀ ਉਡੀਕ ਵਿਚ ਸੀ ਕਿ ਮਲੇਰਕੋਟਲੇ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਨੇ ਸਰਕਾਰ ਨੂੰ ਸਤਿਗੁਰੂ ਰਾਮ ਸਿੰਘ ਜ਼ੀ ਵਿਰੁੱਧ ਕਾਰਵਾਈ ਕਰਨ ਦਾ ਅਵਸਰ ਪ੍ਰਦਾਨ ਕਰ ਦਿੱਤਾ।

ਮਲੌਦ ਤੇ ਮਲੇਰਕੋਟਲੇ ਦਾ ਕਾਂਡ—

ਭੈਣੀ ਸਾਹਿਬ ਵਿਖੇ ੧੧ ਜਨਵਰੀ ੧੮੭੨ ਤੋਂ ੧੩ ਜਨਵਰੀ ੧੮੭੨ ਤਕ ਲੋਹੜੀ ਅਤੇ ਮਾਘੀ ਦਾ ਮੇਲਾ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਸੀ। ਇਸ ਮੇਲੇ ਵਿਚ ਹਜ਼ਾਰਾਂ ਕੂਕੇ ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਲਈ ਪੁੱਜੇ ਹੋਏ ਸਨ। ਦੂਰੋਂ ਨੇੜਿਓਂ ਸੰਗਤਾਂ ਆ ਜਾ ਰਹੀਆਂ ਸਨ। ਨਾਮ ਸਿਮਰਨ ਦਾ ਪ੍ਰਵਾਹ ਚਲ ਰਿਹਾ ਸੀ।

੧੩ ਜਨਵਰੀ ਨੂੰ ਭਰੇ ਦੀਵਾਨ ਵਿਚ ਮਲੇਰਕੋਟਲਾ ਰਿਆਸਤ ਦੇ ਪਿੰਡ ਫਰਵਾਹੀ ਦੇ ਗੁਰਮੁਖ ਸਿੰਘ ਨਾਂ ਦੇ ਨਾਮਧਾਰੀ ਸਿੱਖ ਨੇ ਖੜੇ ਹੋ ਕੇ ਅਜਿਹੀ ਦਰਦਨਾਕ ਵਿਥਿਆ ਸੁਣਾਈ ਕਿ ਸਾਰੀ ਸੰਗਤ ਸੁੰਨ ਹੋ ਗਈ। ਉਸ ਨੇ ਹੱਥ ਜੋੜ ਕੇ ਸੰਗਤ ਅੱਗੇ ਬੇਨਤੀ ਕੀਤੀ, "ਸਾਧ ਸੰਗਤ ਮੈਂ ਆਪਣੇ ਪਿੰਡੋਂ ਮਲੇਰਕੋਟਲੇ ਨੂੰ ਮਾਮਲਾ ਜਮਾਂ ਕਰਵਾਉਣ ਜਾ ਰਿਹਾ ਸੀ ਕਿ ਰਸਤੇ ਵਿਚ ਮਲੇਰਕੋਟਲਾ ਸ਼ਹਿਰ ਦੇ ਉਰਲੇ ਪਾਸੇ ਮੈਨੂੰ ਇਕ ਅਰਾਈਂ ਮਿਲਿਆ – ਉਹਨੇ ਇਕ ਬਲਦ ਉਪਰ ਸਬਜ਼ੀ ਲੱਦੀ ਹੋਈ ਸੀ ਤੇ ਨਾਲੇ ਆਪ ਉਸ ਤੇ ਸਵਾਰ ਸੀ। ਭਾਰ ਨਾਲ ਬਲਦ ਦਾ ਬੁਰਾ ਹਾਲ ਸੀ। ਮੇਰੇ ਪਾਸੋਂ ਬੇਜ਼ਬਾਨ ਦੀ ਤਰਸਯੋਗ ਹਾਲਤ ਵੇਖੀ ਨਾ ਗਈ। ਮੈਂ ਉਸ ਨੂੰ ਆਖਿਆ ਕਿ ਉਹ ਬਲਦ ਤੋਂ ਥੱਲੇ ਉਤਰ ਆਵੇ। ਮੇਰੇ ਮਨ੍ਹਾ ਕਰਨ ਤੇ ਉਹ ਮੇਰੇ ਗਲ ਪੈ ਗਿਆ ਤੇ ਹੱਥੋ ਪਾਈ ਤੱਕ ਨੌਬਤ ਆ ਗਈ। ਐਨੇ ਨੂੰ ਰੌਲਾ ਸੁਣ ਕੇ ਹੋਰ ਬਹੁਤ ਸਾਰੇ ਲੋਕ ਇਕੱਠੇ ਹੋ ਗਏ ਤੇ ਮੈਨੂੰ ਫੜ ਕੇ ਮਲੇਰਕੋਟਲੇ ਦੀ ਕੋਤਵਾਲੀ ਲੈ ਗਏ। ਕੋਤਵਾਲ ਵੀ ਕਟੜਵਾਦੀ ਸੀ। ਉਸ ਨੇ ਹੁਕਮ ਦਿੱਤਾ ਕਿ ਮੇਰੇ (ਗੁਰਮੁਖ ਸਿੰਘ ਦੇ) ਸਾਹਮਣੇ ਉਸ ਬਲਦ ਨੂੰ ਜ਼ਿਬਾਹ ਕਰ ਦਿੱਤਾ ਜਾਵੇ .... ਮੇਰੇ ਵੇਖਦੇ ਵੇਖਦੇ ਉਹ ਬੇਜ਼ਬਾਨ ਬਲਦ ਕਤਲ ਕਰ ਦਿੱਤਾ ਗਿਆ ਤੇ ਮੈਨੂੰ ਉਹਨਾਂ ਖੂਬ ਮਾਰਿਆ ਕੁੱਟਿਆ ਤੇ ਉਥੋਂ ਸਿੱਧਾ ਮੈਂ ਭੈਣੀ ਸਾਹਿਬ ਆਇਆ ਹਾਂ........।"

ਗੁਰਮੁਖ ਸਿੰਘ ਦੀ ਦਰਦਾਂ-ਵਿੰਨੀ, ਵਿੱਥਿਆ ਸੁਣ ਕੇ ਦੀਵਾਨ ਵਿਚ ਰੋਹ ਦੀ ਲਹਿਰ ਦੌੜ ਗਈ। ਬਹੁਤ ਸਾਰੇ ਕੂਕੇ ਜੋਸ਼ ਵਿਚ ਆ ਗਏ .... ਉਹਨਾਂ ਦੀਆਂ ਅੱਖੀਆਂ ਵਿਚ ਗੁੱਸੇ ਦੀ ਜਵਾਲਾ ਮਚ ਰਹੀ ਸੀ ਤੇ ਉਹਨਾਂ ਦੇ ਬੋਲ ਅੱਗ ਵਰ੍ਹਾ ਰਹੇ ਸਨ .... ਰਿਆਸਤ ਪਟਿਆਲਾ ਦੇ ਸਰਗੋਦੀ ਪਿੰਡ ਦੇ ਕੂਕੇ ਸਰਦਾਰ ਹੀਰਾ ਸਿੰਘ ਅਤੇ ਸਰਦਾਰ ਲਹਿਣਾ ਸਿੰਘ ਐਨੇ ਜੋਸ਼ ਵਿਚ ਸਨ ਕਿ ਉਹਨਾਂ ਨੇ ਕਟੜਧਰਮੀ ਕੋਤਵਾਲ ਵਲੋਂ ਬਲਦ ਨੂੰ ਜ਼ਿਬਾਹ ਕਰਨ ਅਤੇ ਕੂਕਾ ਗੁਰਮੁਖ ਸਿੰਘ ਨੂੰ ਅਪਮਾਨਿਤ ਕਰਨ ਦਾ

ਨਾਮਧਾਰੀ ਲਹਿਰ ਦੇ ਵਧ ਰਹੇ ਪ੍ਰਭਾਵ ਨੂੰ ਰੋਕਣ ਲਈ ਅੰਗਰੇਜ਼ ਹਾਕਮ ਕਿਸੇ ਨਾ ਕਿਸੇ ਬਹਾਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਕਰਨਾ ਚਾਹੁੰਦੇ ਸਨ। ੧੫ ਜੁਲਾਈ ੧੮੭੧ ਨੂੰ ਰਾਏਕੋਟ ਵਿਖੇ ਬੁੱਚੜਾਂ ਤੇ ਹੋਏ ਹਮਲੇ ਲਈ ਉਹਨਾਂ ਨੂੰ ਜ਼ੁੰਮੇਵਾਰ ਮਿਥ ਕੇ ਉਹਨਾਂ ਤੇ ਕਤਲ ਦਾ ਦੋਸ਼ ਲਾਇਆ ਗਿਆ ਪਰੰਤੂ ਕੋਈ ਸਿੱਧੀ ਗਵਾਹੀ ਅਤੇ ਠੋਸ ਸਬੂਤ ਨਾ ਮਿਲਣ ਕਰਕੇ ਉਹ ਦੋਸ਼ ਮੁਕਤ ਹੋ ਗਏ। ਇਸ ਕਾਂਡ ਦੀ ਤਫਤੀਸ਼ (ਪੜਤਾਲ) ਕਰਦਿਆਂ ਅੰਗਰੇਜ਼ ਅਧਿਕਾਰੀ ਇਸ ਸਿੱਟੇ ਤੇ ਪੁਜੇ, 'ਭਾਵੇਂ ਸਿੱਧਾ ਸਬੂਤ ਕੋਈ ਨਹੀਂ ਮਿਲਦਾ ਪਰੰਤੂ ਬੁਚੜਬਧ ਲਹਿਰ ਦੇ ਪਿੱਛੇ (ਸਤਿਗੁਰੂ) ਰਾਮ ਸਿੰਘ ਦਾ ਹੱਥ ਜ਼ਰੂਰ ਹੈ।' ਇਸ ਸਬੰਧ ਵਿਚ ਅੰਬਾਲਾ ਡਵੀਜ਼ਨ ਦੇ ਉੱਚ ਅਧਿਕਾਰੀ ਜੇ. ਡਬਲਿਯੂ ਮੈਕਨਬ ਅਤੇ ਕਰਨਲ ਜੀ. ਮੈਕ. ਐਂਡਰਯੂ ਨੇ ਬੰਗਾਲ ਰੈਗੂਲੇਸ਼ਨ ੩, ੧੮੧੮ ਅਧੀਨ ਸਤਿਗੁਰੂ ਰਾਮ ਸਿੰਘ ਜੀ ਨੂੰ ਨਜ਼ਰਬੰਦ ਕਰ ਕੇ ਜਲਾਵਤਨ (ਦੇਸ ਨਿਕਾਲਾ) ਕਰਨ ਦੀ ਮੰਗ ਕੀਤੀ ਪਰੰਤੂ ਪੰਜਾਬ ਸਰਕਾਰ ਨੇ ੧੮੭੧ ਵਿਚ ਉਹਨਾਂ ਦੀ ਇਹ ਮੰਗ ਨਾ ਮੰਨੀ। ਹਾਲਾਤ ਨੇ ਅਜਿਹਾ ਮੋੜ ਕੱਟਿਆ ਕਿ ਅਗਲੇ ਵਰ੍ਹੇ ਹੀ ਮਲੌਦ ਅਤੇ ਮਲੇਰਕੋਟਲੇ ਤੇ ਹੋਏ ਕੂਕਿਆਂ ਦੇ ਹਮਲਿਆਂ ਨੇ ਸਤਿਗੁਰੂ ਰਾਮ ਸਿੰਘ ਜੀ ਅਤੇ ਉਸ ਦੇ ਸੂਬਿਆਂ ਨੂੰ ਗ੍ਰਿਫਤਾਰ ਕਰਨ ਲਈ ਰਾਹ ਪੱਧਰਾ ਕਰ ਦਿੱਤਾ।

ਬਦਲਾ ਲੈਣ ਲਈ, ਭੜਕੀ ਹੋਈ ਸੰਗਤ ਨੂੰ ਆਪਣੇ ਮਗਰ ਲਾ ਕੇ ਮਲੇਰਕੋਟਲੇ ਤੇ ਹਮਲਾ ਕਰਨ ਦਾ ਫੈਸਲਾ ਕਰ ਲਿਆ। ਰਾਏਕੋਟ ਦੇ ਹੱਤਿਆ ਕਾਂਡ ਵਿਚ ਸੂਬਾ ਗਿਆਨੀ ਸਿੰਘ ਉਰਫ ਰਤਨ ਸਿੰਘ ਅਤੇ ਰਤਨ ਸਿੰਘ ਨੂੰ ਨਿਰਦੋਸ਼ ਹੁੰਦੇ ਹੋਏ ਵੀ ਸਰਕਾਰ ਨੇ ਫਾਂਸੀ ਦੇ ਦਿੱਤੀ ਸੀ। ਇਸ ਬੇ-ਇਨਸਾਫੀ ਦਾ ਵੀ ਕੂਕਿਆਂ ਦੇ ਮਨਾਂ ਵਿਚ ਰੋਸ ਸੀ। ਸੈਂਕੜੇ ਕੂਕਿਆਂ ਨੇ ਸਰਦਾਰ ਹੀਰਾ ਸਿੰਘ ਅਤੇ ਸਰਦਾਰ ਲਹਿਣਾ ਸਿੰਘ ਦੀ ਅਗਵਾਈ ਵਿਚ ਮਲੇਰਕੋਟਲੇ ਤੇ ਹਮਲਾ ਕਰਨ ਅਤੇ ਅੰਗਰੇਜ਼ੀ ਸਰਕਾਰ ਵਿਰੁੱਧ ਬਗ਼ਾਵਤ ਕਰਨ ਦਾ ਐਲਾਨ ਕਰ ਦਿੱਤਾ।

ਸਤਿਗੁਰੂ ਰਾਮ ਸਿੰਘ ਜੀ ਇਕ ਸੂਝਵਾਨ ਰਾਜਨੀਤਕ ਸਨ। ਉਹਨਾਂ ਨੂੰ ਆਪਣੀ ਕ੍ਰਾਂਤੀਕਾਰੀ ਯੋਜਨਾ ਲਈ ਆਪਣੀ ਰਾਜਨੀਤਕ ਸ਼ਕਤੀ ਦਾ ਪੂਰਨ ਗਿਆਨ ਸੀ। ਅਜੇ ਉਹ ਰਾਜਸੀ ਵਿਦਰੋਹ ਲਈ ਆਪਣੇ ਸਮਰਥਕਾਂ ਨੂੰ ਪੂਰੀ ਤਰ੍ਹਾਂ ਤਿਆਰ ਨਹੀਂ ਸੀ ਕਰ ਪਾਏ। ਉਹਨਾਂ ਨੇ ਜਜ਼ਬਾਤਾਂ ਦੀ ਰੌਂ ਵਿਚ ਵਹੇ ਹੋਏ ਕੂਕਿਆਂ ਨੂੰ ਬਹੁਤ ਸਮਝਾਇਆ, "ਅਜੇ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਬਗ਼ਾਵਤ ਕਰਨ ਦਾ ਸਮਾਂ ਨਹੀਂ ਆਇਆ। ਸਾਡੀ ਪੂਰੀ ਤਿਆਰੀ ਵੀ ਨਹੀਂ। ਸ਼ਾਂਤ ਰਹੋ ਤੇ ਆਪਣੇ ਘਰਾਂ ਨੂੰ ਚਲੇ ਜਾਓ।"

ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਮੰਨ ਕੇ ਬਹੁਤ ਸਾਰੀ ਸੰਗਤ ਆਪਣੇ ਪਿੰਡਾਂ ਨੂੰ ਪਰਤ ਗਈ ਪਰੰਤੂ ਇਕ ਜਥਾ ਜਿਸ ਦੀ ਅਗਵਾਈ ਸ. ਹੀਰਾ ਸਿੰਘ ਤੇ ਸ. ਲਹਿਣਾ ਸਿੰਘ ਕਰ ਰਹੇ ਸਨ ਆਪਣੇ ਫੈਸਲੇ ਤੇ ਅੜਿਆ ਰਿਹਾ। ਸਤਿਗੁਰਾਂ ਉਹਨਾਂ ਨੂੰ ਸਮਝਾਇਆ ਵੀ, ਹੁਕਮ ਵੀ ਦਿੱਤਾ ਪਰੰਤੂ ਉਹਨਾਂ ਜੋਸ਼ੀਲੇ ਕੂਕਿਆਂ ਨੇ ਉਹਨਾਂ ਦੀ ਸਲਾਹ ਨਾ ਮੰਨੀ। ਮਸਤਾਨਿਆਂ ਦਾ ਇਹ ਜਥਾ ਜਿਸ ਵਿਚ ੧੩੦ ਦੇ ਲਗਭਗ ਕੂਕੇ ਸਨ ੧੩ ਜਨਵਰੀ ੧੮੭੨ ਨੂੰ ਦੁਪਹਿਰ ਮਗਰੋਂ ਮਲੇਰਕੋਟਲੇ ਤੇ ਹਮਲਾ ਕਰਨ ਲਈ, ਭੈਣੀ ਸਾਹਿਬ ਤੋਂ ਚਲ ਗਿਆ।

ਸਤਿਗੁਰੂ ਰਾਮ ਸਿੰਘ ਜੀ ਯੋਗ ਸਮੇਂ ਤੇ ਪੂਰੀ ਤਿਆਰੀ ਨਾਲ ਅੰਗਰੇਜ਼ ਵਿਰੁੱਧ ਬਗ਼ਾਵਤ ਕਰਨਾ ਚਾਹੁੰਦੇ ਸਨ। ਅਜੇ ਲੋਹਾ ਗਰਮ ਨਹੀਂ ਸੀ ਹੋਇਆ ਤੇ ਨਾ ਹੀ ਜਥੇਬੰਦਕ ਤੌਰ ਤੇ ਇਸ ਮੰਤਵ ਲਈ ਤਿਆਰੀ ਕੀਤੀ ਗਈ ਸੀ। ਅੰਗਰੇਜ਼ੀ ਸਰਕਾਰ ਨਾਲ ਇਸ ਸਮੇਂ ਹਥਿਆਰਬੰਦ ਟੱਕਰ ਲੈਣੀ ਕੂਕਾ ਜਥੇਬੰਦੀ ਲਈ ਉਚਿਤ ਨਹੀਂ ਸੀ। ਇਸ ਲਈ ਉਹਨਾਂ ਨੇ ਆਪਣੀ ਜਥੇਬੰਦੀ ਨੂੰ ਸਰਕਾਰੀ ਜਬਰ ਤੋਂ ਬਚਾਉਣ ਲਈ, ਮਲੇਰਕੋਟਲੇ ਤੇ ਹਮਲਾ ਕਰਨ ਜਾ ਰਹੇ ਜਥੇ ਦੇ ਇਰਾਦਿਆਂ ਬਾਰੇ ਸਾਹਨੇਵਾਲ ਦੇ ਡਿਪਟੀ ਇੰਸਪੈਕਟਰ ਪੁਲਿਸ ਨੂੰ ਸੂਚਨਾ ਦੇ ਕੇ ਆਖਿਆ ਕਿ ਮਸਤਾਨੇ ਉਹਨਾਂ ਦੇ ਕਾਬੂ ਵਿਚ ਨਹੀਂ ਰਹੇ। ਇਸੇ ਸਮੇਂ ਗੁਰੂ ਜੀ ਨੇ ਬਾਬਾ ਲੱਖਾ ਸਿੰਘ ਨੂੰ ਡਿਪਟੀ ਕਮਿਸ਼ਨਰ ਲੁਧਿਆਣਾ ਪਾਸ ਸੂਚਨਾ ਦੇਣ ਲਈ ਭੇਜ ਦਿੱਤਾ ਜਿਥੇ ਉਹਨਾਂ ਨੂੰ ਕੈਦ ਕਰ ਲਿਆ ਗਿਆ।

ਸਾਹਨੇਵਾਲ ਦੇ ਡਿਪਟੀ ਇੰਸਪੈਕਟਰ ਪੁਲਿਸ ਨੇ ੧੩ ਜਨਵਰੀ ਦੀ ਸ਼ਾਮ ਨੂੰ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਨੂੰ ਆਪ ਜਾ ਕੇ ਸਾਰੀ ਸਥਿਤੀ ਤੋਂ ਜਾਣੂ ਕਰਵਾ ਦਿੱਤਾ। ਉਸ ਨੇ ਰਿਆਸਤ ਪਟਿਆਲਾ ਅਤੇ ਮਲੇਰਕੋਟਲਾ ਦੇ ਵਕੀਲਾਂ ਨੂੰ ਬੁਲਾ ਕੇ ਮਲੇਰਕੋਟਲੇ ਤੇ ਸੰਭਾਵੀ ਹਮਲੇ ਨੂੰ ਮੁੱਖ ਰੱਖਦਿਆਂ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਦੇ ਆਦੇਸ਼ ਦੇ ਦਿੱਤੇ।

ਕੂਕਿਆਂ ਦਾ ਸ਼ਹੀਦੀ ਜਥਾ ਭੈਣੀ ਸਾਹਿਬ ਤੋਂ ਚਲਕੇ ਜ਼ਿਲਾ ਲੁਧਿਆਣਾ ਦੇ ਪਿੰਡ ਰੱਬੋਂ ਪੁੱਜਾ ਤੇ ਉਥੇ ਰਾਤ ਕੱਟਣ ਮਗਰੋਂ ੧੪ ਜਨਵਰੀ ਦੀ ਸ਼ਾਮ ਨੂੰ ਮਲੇਰਕੋਟਲੇ ਵੱਲ ਨੂੰ ਚਲ ਪਿਆ।

ਰਾਤ ਦਾ ਹਨ੍ਹੇਰਾ ਗੂੜ੍ਹਾ ਹੋਣ ਲੱਗਾ ਸੀ ਕਿ ਜਥੇ ਨੇ ਮਲੌਦ ਵਿਚ ਪ੍ਰਵੇਸ਼ ਕੀਤਾ ਤੇ ਸਰਦਾਰ ਬਦਨ ਸਿੰਘ ਕੋਲੋਂ ਮਦਦ ਮੰਗੀ, ਉਸਦੇ ਇਨਕਾਰ ਕਰਨ ਉੱਤੇ ਗੁੱਸੇ ਵਿਚ ਲੜਾਈ ਝਗੜਾ ਹੋਇਆ। ਬਦਨ ਸਿੰਘ ਜ਼ਖ਼ਮੀ ਹੋ ਗਿਆ ਪਰੰਤੂ ਉਸ ਨੇ ਆਪਣੇ ਆਪ ਨੂੰ ਛੁੱਡਾ ਲਿਆ। ਹਥਿਆਰ ਲੈਣ ਲਈ ਖ਼ਜ਼ਾਨੇ ਵਲ ਗਏ ਉਥੋਂ ਉਹਨਾਂ ਨੇ ਕਈ ਹਥਿਆਰ ਲਏ। ਉਹਨਾਂ ਨੇ ਮੁਨਸ਼ੀ ਨੂੰ ਮਾਰ ਦਿੱਤਾ। ਤਬੇਲੇ ਦੇ ਪਹਿਰੇਦਾਰ ਨੂੰ ਮਾਰਨ ਮਗਰੋਂ ਉਹਨਾਂ ਦੋ ਘੋੜੀਆਂ ਖੋਹਲੀਆਂ। ਐਨੇ ਨੂੰ ਪਿੰਡ ਵਿਚ ਰੌਲਾ ਪੈ ਗਿਆ। ਲੋਕ ਲਾਠੀਆਂ, ਕੁਹਾੜੀਆਂ ਤੇ ਬਰਛੇ ਲੈ ਕੇ ਆਪਣੇ ਘਰਾਂ ਵਿਚੋਂ ਨਿਕਲ ਆਏ ਤੇ ਕੂਕਿਆਂ ਨਾਲ ਲੜਾਈ ਹੋਣ ਲੱਗੀ। ਕੋਈ ਇਕ ਘੰਟਾ ਲੜਾਈ ਚਲਦੀ ਰਹੀ। ਇਸ ਲੜਾਈ ਵਿਚ ਦੋ ਕੂਕੇ ਮਾਰੇ ਗਏ ਅਤੇ ੪ ਜ਼ਖ਼ਮੀ ਕੂਕੇ ਮਲੌਦ ਦੇ ਲੋਕਾਂ ਨੇ ਫੜ ਲਏ। ਇਸ ਮਗਰੋਂ ਇਹ ਜਥਾ ਰਾਤ ਸਮੇਂ ਹੀ ਮਲੇਰਕੋਟਲੇ ਨੂੰ ਕੂਚ ਕਰ ਗਿਆ।

ਰਾਤ ਦਾ ਸਫਰ ਝਾਖ ਕੇ ਸਿਰਲੱਥ ਕੂਕਿਆਂ ਦਾ ਇਹ ਜਥਾ ੧੫ ਜਨਵਰੀ ੧੮੭੨ ਨੂੰ ਸਵੇਰੇ ੭ ਵਜੇ ਮਲੇਰਕੋਟਲੇ ਪੁੱਜ ਗਿਆ। ਸ਼ਹਿਰ ਦੇ ਸੁਰੱਖਿਆ ਅਧਿਕਾਰੀ ਤਾਂ ੧੪ ਜਨਵਰੀ ਨੂੰ ਹਮਲੇ ਦੀ ਉਡੀਕ ਕਰਦੇ ਕਰਦੇ ਉਕਤਾ ਗਏ ਸਨ। ੧੪ ਜਨਵਰੀ ਦੀ ਰਾਤ ਨੂੰ ਵੀ ਪੁਲਿਸ ਗਸ਼ਤ ਕਰਦੀ ਰਹੀ ਸੀ ਜਿਸ ਕਰਕੇ ਉਹ ੧੫ ਜਨਵਰੀ ਦੀ ਸਵੇਰ ਨੂੰ ਸੁਰੱਖਿਆ ਪ੍ਰਬੰਧਾਂ ਵਲੋਂ ਕੁਝ ਅਵੇਸਲੇ ਹੋ ਗਏ ਸਨ ਜਿਸ ਲਈ ਜਥੇ ਨੂੰ ਸ਼ਹਿਰ ਵਿਚ ਪ੍ਰਵੇਸ਼ ਕਰਦਿਆਂ ਕਿਸੇ ਔਖ ਦਾ ਸਾਹਮਣਾ ਨਾ ਕਰਨਾ ਪਿਆ। ਜਥੇ ਨੇ ਕਈ ਟੁਕੜੀਆਂ ਵਿਚ ਕੋਤਵਾਲੀ ਅਤੇ ਮਹਿਲ ਤੇ ਹੱਲਾ ਬੋਲਿਆ ਉਥੇ ਬੈਲ ਨੂੰ ਜ਼ਿਬਾਹ ਕਰਵਾਉਣ ਵਾਲੇ ਕੋਤਵਾਲ ਨੂੰ ਕਤਲ ਕਰਨ ਮਗਰੋਂ ਕੁਝ ਕੂਕੇ ਕੋਤਵਾਲੀ ਵੱਲ ਗਏ। ਉਥੋਂ ਉਹਨਾਂ ਨੂੰ ਕੋਈ ਹਥਿਆਰ ਹੱਥ ਨਾ ਲੱਗਾ ...... ਜਥਾ ਮਹਿਲ ਵਲ ਨੂੰ ਵਧ ਰਿਹਾ ਸੀ ਕਿ ਉਹਨਾਂ ਦਾ ਟਾਕਰਾ ਅਹਿਮਦਖਾਨ ਥਾਣੇਦਾਰ ਨਾਲ ਹੋ ਗਿਆ। ਉਹਨੇ ਆਪਣੇ ਅਨੇਕਾਂ ਸਿਪਾਹੀਆਂ ਸਮੇਤ ਕੂਕਿਆਂ ਨਾਲ ਗਹਿਗੱਚਵੀਂ ਲੜਾਈ ਕੀਤੀ। ਕੂਕੇ ਵੀ ਬੜੀ ਬਹਾਦਰੀ ਨਾਲ ਜੂਝ ਰਹੇ ਸਨ। ਇਸ ਲੜਾਈ ਵਿਚ ਰਿਆਸਤ ਮਲੇਰਕੋਟਲਾ ਦੇ ੭ ਸਿਪਾਹੀ ਤੇ ਅੱਠਵਾਂ ਥਾਣੇਦਾਰ ਮਾਰਿਆ ਗਿਆ ਤੇ ਕੁਝ ਸਿਪਾਹੀ ਜ਼ਖ਼ਮੀ ਵੀ ਹੋ ਗਏ। ਮੁਠਭੇੜ ਵਿਚ ਤੇ ਸ਼ਹਿਰ ਦੀਆਂ ਵੱਖ ਵੱਖ ਹੋਰ ਥਾਵਾਂ ਤੇ ਹੋਈਆਂ ਝਪਟਾਂ ਵਿਚ ੭ ਕੂਕੇ ਸ਼ਹੀਦ ਹੋ ਗਏ। ਮਲੇਰਕੋਟਲੇ ਦੇ ਹਮਲੇ ਵਿਚ ਕੂਕਿਆਂ ਨੇ ਬੜੀ ਬਹਾਦਰੀ ਦੇ ਜੌਹਰ ਵਖਾਏ ਤੇ ਵਿਰੋਧੀਆਂ ਨੂੰ ਭਾਜੜਾਂ ਪਾ ਦਿੱਤੀਆਂ। ਜਦੋਂ ਕੁਝ ਸ਼ਾਂਤੀ ਹੋਈ ਤਾਂ ਕੂਕੇ ਆਪਣੇ ੨੯ ਜ਼ਖ਼ਮੀ ਸਾਥੀਆਂ ਨੂੰ ਚੁਕ ਕੇ ਰਿਆਸਤ ਪਟਿਆਲਾ ਦੇ ਪਿੰਡ ਰੜ ਵਲ ਨੂੰ ਚਲ ਪਏ। ਮਲੇਰਕੋਟਲਾ ਦੇ ਕੁਝ ਵਾਸੀਆਂ ਨੇ ਉਹਨਾਂ ਦਾ ਪਿੱਛਾ ਵੀ ਕੀਤਾ ਪਰੰਤੂ ਇਹ ਅਫਵਾਹ ਫੈਲ ਗਈ ਸੀ ਕਿ ਬਹੁਤ ਸਾਰੇ ਪਿੰਡਾਂ ਦੇ ਕੂਕੇ ਮਲੇਰਕੋਟਲੇ ਤੇ ਹਮਲਾ ਕਰਨ ਆ ਰਹੇ ਹਨ ਇਸ ਡਰ ਕਾਰਨ ਉਹ ਪਿਛਾਂਹ ਮੁੜ ਗਏ। ਰੜ ਦੀ ਝਿੜੀ ਵਿਚ ਬਹਾਦਰ ਕੂਕਿਆਂ ਨੇ ਡੇਰੇ ਲਾ ਲਏ।

ਇਹਨਾਂ ਬਹਾਦਰ ਕੂਕਿਆਂ ਨੇ ਆਤਮ ਸਮਰਪਣ ਕਰ ਦਿੱਤਾ। ਇਸ ਸਮੇਂ ਇਹਨਾਂ ਦੀ ਗਿਣਤੀ ੬੮ ਸੀ ਜਿਨ੍ਹਾਂ ਵਿਚ ਦੋ ਔਰਤਾਂ ਸਨ ਤੇ ੨੯ ਕੂਕੇ ਫਟੜ ਹੋਏ ਹੋਏ ਸਨ।

ਲੁਧਿਆਣੇ ਦਾ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਮਲੌਦ ਤੋਂ ਹੋ ਕੇ ੧੬ ਜਨਵਰੀ ਨੂੰ ਮਲੇਰਕੋਟਲੇ ਪੁੱਜਿਆ। ਉਸ ਨੇ ਸਾਰੇ ਸ਼ਹਿਰ ਵਿਚ ਘੁੰਮ ਕੇ ਸਥਿਤੀ ਦਾ ਜਾਇਜ਼ਾ ਲਿਆ। ਇਸ ਮਗਰੋਂ ਉਹਨੇ ਕੈਦੀ ਕੂਕਿਆਂ ਨੂੰ ਸ਼ੇਰਪੁਰ ਦੇ ਕਿਲੇ ਤੋਂ ਮਲੇਰਕੋਟਲੇ ਲਿਆਉਣ ਦਾ ਹੁਕਮ ਕੀਤਾ।

ਕਾਵਨ ਬਹੁਤ ਹੀ ਨਿਰਦਈ ਅੰਗਰੇਜ਼ ਹਾਕਮ ਸੀ। ਉਸ ਨੇ ਆਪਣੇ ਮਨ ਵਿਚ ਦੇਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣ ਦਾ ਫੈਸਲਾ ਕੀਤਾ ਹੋਇਆ ਸੀ। ਉਹ ਆਮ ਲੋਕਾਂ ਵਿਚ ਦਹਿਸ਼ਤ ਫੈਲਾਉਣਾ ਚਾਹੁੰਦਾ ਸੀ ਤਾਂ ਜੋ ਅੱਗੇ ਤੋਂ ਕੋਈ ਅੰਗਰੇਜ਼ੀ ਸਰਕਾਰ ਵਿਰੁੱਧ ਕੁਸਕ ਨਾ ਸਕੇ। ਉਹਨੇ ਆਪਣੇ ਅਖ਼ਤਿਆਰਾਂ ਤੋਂ ਬਾਹਰ ਹੋ ਕੇ ਬਿਨਾਂ ਮੁਕੱਦਮਾ ਚਲਾਏ ਬਹਾਦਰ ਕੂਕਿਆਂ ਨੂੰ ਤੋਪਾਂ ਨਾਲ ਉਡਾਣ ਦਾ ਹੁਕਮ ਸੁਣਾ ਦਿੱਤਾ।

੧੭ ਜਨਵਰੀ ੧੮੭੨ ਨੂੰ ਮਲੇਰਕੋਟਲੇ ਦੇ ਨਾਲ ਲਗਦੇ ਪਿੰਡ ਜਮਾਲਪੁਰ ਦੇ ਰੱਕੜ ਵਿਚ ੭ ਤੋਪਾਂ ਗੱਡੀਆਂ ਗਈਆਂ ਸਾਰੇ ਦੇਸ਼ੀ ਇਕ ਕਤਾਰ ਵਿਚ ਖੜੇ ਸਨ - ਦੇਸ਼ੀ ਤੋਪਾਂ ਵਲ ਵੇਖ ਵੇਖ ਮੁਸਕਰਾ ਰਹੇ ਸਨ ..... ਇਕ ਅਣੋਖਾ ਜਲੌ ਉਹਨਾਂ ਦੇ ਚਿਹਰਿਆਂ ਤੇ ਝਲਕਾਂ ਮਾਰ ਰਿਹਾ ਸੀ। ਉਹਨਾਂ ਦੀ ਸਾਹਮਣੀ ਕਤਾਰ ਵਿਚ ਸਰਕਾਰੀ ਅਧਿਕਾਰੀ, ਪਟਿਆਲਾ, ਨਾਭਾ ਅਤੇ ਜੀਂਦ ਦੀਆਂ ਫੌਜਾਂ ਦੀਆਂ ਟੁਕੜੀਆਂ ਖੜੀਆਂ ਸਨ ਤੇ ਹਜ਼ਾਰਾਂ ਦਰਸ਼ਕ ਸਾਹ ਰੋਕੀ ਖੜੇਤੇ ਅਣਮਨੁੱਖੀ ਤੇ ਲਾਸਾਨੀ ਮੌਤ ਦੀ ਖੇਡ ਦੇ ਸ਼ੁਰੂ ਹੋਣ ਦੀ ਉਡੀਕ ਕਰ ਰਹੇ ਸਨ।

ਇਕ ਵਾਰੀ ਵਿਚ ਸੱਤ ਜਣਿਆਂ ਨੂੰ ਤੋਪ ਅੱਗੇ ਉਡਾਇਆ ਜਾਣਾ ਸੀ। ਹਰ ਕੋਈ ਪਹਿਲੀ ਵਾਰੀ ਵਿਚ ਜਾਣ ਲਈ ਉਤਾਵਲਾ ਸੀ- ਉਹਨਾਂ ਆਖਿਆ- "ਅਸੀਂ ਪਿੱਠਾਂ ਕਰਕੇ ਤੋਪਾਂ ਅੱਗੇ ਨਹੀਂ ਖੜੋਣਾ, ਛਾਤੀ ਡਾਹ ਕੇ ਮੌਤ ਰਾਣੀ ਨੂੰ ਵਿਆਹੁਣਾ ਹੈ"- ਪਹਿਲੀ ਟੋਲੀ ਵਿਚ ਸ. ਲਹਿਣਾ ਸਿੰਘ ਤੇ ਸ. ਹੀਰਾ ਸਿੰਘ ਸ਼ਾਮਲ ਸਨ- ਇਸ਼ਾਰਾ ਹੋਇਆ ਤੋਪਾਂ ਚੱਲੀਆਂ ਤੇ ਸੱਤਾਂ ਦੇ ਸੱਤ ਕੂਕੇ ਚੀਥੜਿਆਂ ਦੇ ਰੂਪ ਵਿਚ ਫੀਤਾ ਫੀਤਾ ਹੋ ਗਏ ... ਬਾਕੀ ਕੂਕੇ ਇਕ ਦੂਜੇ ਤੋਂ ਵਧ ਕੇ ਵਾਰੀ ਲੈਣ ਲਈ ਅੱਗੇ ਵਧ ਰਹੇ ਸਨ .....ਬਹਾਦਰ ਕੂਕੇ ਖ਼ੁਸ਼ੀ ਖ਼ੁਸ਼ੀ ਚਾਂਬੜਾਂ ਪਾਉਂਦੇ ਹੋਏ ਮੌਤ ਰਾਣੀ ਨੂੰ ਗਲਵਕੜੀ ਪਾ ਰਹੇ ਸਨ ਤੇ ਦਰਸ਼ਕ ਇਹਨਾਂ ਮਰਜੀਵੜਿਆਂ ਦੇ ਬਲਿਹਾਰੇ ਜਾ ਰਹੇ ਸਨ। ਇਕ ਕੂਕਾ ਵਰਿਆਮ ਸਿੰਘ ਕਦ ਦਾ ਛੋਟਾ ਸੀ ਉਹਦੀ ਛਾਤੀ ਤੋਪ ਦੇ ਮੂੰਹ ਅੱਗੇ ਨਹੀਂ ਸੀ ਜਾ ਰਹੀ - ਉਹ ਦੌੜ ਕੇ ਖੇਤ ਵਿਚੋਂ ਮਿੱਟੀ ਦੇ ਢੇਲੇ ਚੁੱਕ ਲਿਆਇਆ ਤੇ ਪੈਰਾਂ ਥੱਲੇ ਰਖ ਕੇ ਤੋਪ ਦੇ ਮੇਚ ਦਾ ਬਣ ਗਿਆ ਤੇ ਇਸ ਤਰ੍ਹਾਂ ਉਸ ਨੇ ਆਪਣੀ ਸ਼ਹਾਦਤ ਪ੍ਰਾਪਤ ਕੀਤੀ। ਤੋਪਾਂ ਦੇ ਗੋਲੇ ਚਲਦੇ ਰਹੇ ਤੇ ਇਸ ਤਰ੍ਹਾਂ ੪੯ ਕੂਕੇ ਤੂੰਬਾ ਤੂੰਬਾ ਹੋ ਕੇ ਸ਼ਹੀਦ ਹੋ ਗਏ। ਪੰਜਾਹਵਾਂ ਕੂਕਾ ਤੇਰਾਂ ਚੌਦਾਂ ਵਰ੍ਹਿਆਂ ਦਾ ਕੂਕਾ ਬਿਸ਼ਨ ਸਿੰਘ, ਕਾਵਨ ਦੀ ਦਾਹੜੀ ਨੂੰ ਜਾ ਪਿਆ ਤੇ ਉਸ ਦਾ ਗਲਾ ਜਾ ਦਬੋਚਿਆ। ਸੁਰੱਖਿਆ ਦਸਤਿਆਂ ਨੇ ਬਿਸ਼ਨ ਸਿੰਘ ਦੇ ਤਲਵਾਰ ਨਾਲ ਟੁਕੜੇ ਟੁਕੜੇ ਕਰ ਦਿੱਤੇ ਤਦ ਕਿਤੇ ਜਾ ਕੇ ਕਾਵਨ ਦੀ ਖਲਾਸੀ ਹੋਈ। ਕਾਵਨ ਅਚਾਨਕ ਹੋਏ ਹਮਲੇ ਤੋਂ ਬਹੁਤ ਘਬਰਾ ਗਿਆ ....

ਇਸ ਅਣਮਨੁੱਖੀ ਨਰਸੰਘਾਰ ਨੂੰ ਵੇਖ ਕੇ ਦਰਸ਼ਕ ਅੰਗਰੇਜ਼ ਹਾਕਮਾਂ ਤੇ ਲਾਅਣਤਾਂ ਪਾ ਰਹੇ ਸਨ।

੧੮ ਜਨਵਰੀ ੧੮੭੨ ਨੂੰ ਅੰਬਾਲਾ ਡਵੀਜ਼ਨ ਦਾ ਕਮਿਸ਼ਨਰ ਮਿਸਟਰ ਫੋਰਸਾਈਥ ਮਲੇਰਕੋਟਲੇ ਪੁੱਜਾ। ਉਸ ਨੇ ਭਾਵੇਂ ੧੭ ਜਨਵਰੀ ਨੂੰ ਮਿਸਟਰ ਕਾਵਨ ਨੂੰ ਕੋਈ ਵੀ ਕਾਰਵਾਈ ਕਰਨ ਤੋਂ ਰੋਕਿਆ ਸੀ ਪਰੰਤੂ ਉਸ ਨੇ ਉਸ ਦੀ ਚਿੱਠੀ ਨੂੰ ਨਜ਼ਰ ਅੰਦਾਜ਼ ਕਰਕੇ ਆਪਣੀ ਅਣਮਨੁੱਖੀ ਕਾਰਵਾਈ ਜਾਰੀ ਰੱਖੀ। ਕਮਿਸ਼ਨਰ ਨੇ ਅੰਗਰੇਜ਼ ਸਰਕਾਰ ਦੇ ਹਿਤਾਂ ਨੂੰ ਸਨਮੁੱਖ ਰੱਖਦਿਆਂ ਆਮ ਜਨਤਾ ਤੇ ਦਹਿਸ਼ਤ ਦਾ ਦਬਦਬਾ ਕਾਇਮ ਰੱਖਣ ਲਈ ਕਾਵਨ ਵਲੋਂ ਕੀਤੀ ਕਾਰਵਾਈ ਦੀ ਪੁਸ਼ਟੀ ਹੀ ਨਹੀਂ ਕੀਤੀ ਬਲਕਿ ਆਪ ਵੀ ਇਸ ਮੁਕਦਮੇ ਦੀ ਸੰਖੇਪ ਸੁਣਵਾਈ ਕਰਕੇ ਬਾਕੀ ਦੇ ੧੬ ਬਹਾਦਰ ਕੂਕਿਆਂ ਨੂੰ ਤੋਪਾਂ ਅੱਗੇ ਉਡਾਣ ਦਾ ਫੈਸਲਾ ਸੁਣਾਇਆ ਤੇ ਦੋ ਔਰਤਾਂ ਨੂੰ ਪਟਿਆਲੇ ਦੇ ਹਾਕਮਾਂ ਦੇ ਸਪੁਰਦ ਕਰ ਦਿੱਤਾ। ਅਗਲੀ ਭਲਕ ਵੀ ੧੭ ਜਨਵਰੀ ਵਾਲੀ ਕਾਰਵਾਈ ਦੁਹਰਾਈ ਗਈ। ੧੬ ਮਰਜੀਵੜੇ ਕੂਕਿਆਂ ਨੂੰ ੧੮ ਜਨਵਰੀ ੧੮੭੨ ਨੂੰ ਜਮਾਲਪੁਰ ਦੇ ਰੱਕੜ ਵਿਚ ਤੋਪਾਂ ਅੱਗੇ ਖੜੇ ਕਰਕੇ ਮੌਤ ਰਾਣੀ ਨਾਲ ਪਰਨਾ ਦਿੱਤਾ ਗਿਆ।

ਏਧਰ ਮਲੇਰਕੋਟਲੇ ਵਿਚ ਕੂਕਿਆਂ ਨਾਲ ਅੰਗਰੇਜ਼ਾਂ ਦੀ ਜ਼ਾਲਮ ਸਰਕਾਰ ਅਣਮਨੁੱਖੀ ਕਾਰਵਾਈ ਕਰ ਰਹੀ ਸੀ ਓਧਰ ਭੈਣੀ ਸਾਹਿਬ ਵਿਖੇ ਸਤਿਗੁਰੂ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਕਰਕੇ ਦੇਸ-ਨਿਕਾਲਾ ਦੇਣ ਦੇ ਆਹਰ ਵਿਚ ਲੱਗੀ ਹੋਈ ਸੀ।

ਜਲਾਵਤਨੀ—

ਨਾਮਧਾਰੀ ਲਹਿਰ ਦੇ ਵਧ ਰਹੇ ਪ੍ਰਭਾਵ ਨੂੰ ਰੋਕਣ ਲਈ ਅੰਗਰੇਜ਼ ਹਾਕਮ ਕਿਸੇ ਨਾ ਕਿਸੇ ਬਹਾਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਕਰਨਾ ਚਾਹੁੰਦੇ ਸਨ। ੧੫ ਜੁਲਾਈ ੧੮੭੧ ਨੂੰ ਰਾਏਕੋਟ ਵਿਖੇ ਬੁੱਚੜਾਂ ਤੇ ਹੋਏ ਹਮਲੇ ਲਈ ਉਹਨਾਂ ਨੂੰ ਜ਼ੁੰਮੇਵਾਰ ਮਿਥ ਕੇ ਉਹਨਾਂ ਤੇ ਕਤਲ ਦਾ ਦੋਸ਼ ਲਾਇਆ ਗਿਆ ਪਰੰਤੂ ਕੋਈ ਸਿਧੀ ਗਵਾਹੀ ਅਤੇ ਠੋਸ ਸਬੂਤ ਨਾ ਮਿਲਣ ਕਰਕੇ ਉਹ ਦੋਸ਼ ਮੁਕਤ ਹੋ ਗਏ। ਇਸ ਕਾਂਡ ਦੀ ਤਫਤੀਸ਼ (ਪੜਤਾਲ) ਕਰਦਿਆਂ ਅੰਗਰੇਜ਼ ਅਧਿਕਾਰੀ ਇਸ ਸਿੱਟੇ ਤੇ ਪੁਜੇ, "ਭਾਵੇਂ ਸਿੱਧਾ ਸਬੂਤ ਕੋਈ ਨਹੀਂ ਮਿਲਦਾ ਪਰੰਤੂ ਬੁਚੜਬਧ ਲਹਿਰ ਦੇ ਪਿੱਛੇ (ਸਤਿਗੁਰੂ) ਰਾਮ ਸਿੰਘ ਦਾ ਹੱਥ ਜ਼ਰੂਰ ਹੈ।" ਇਸ ਸਬੰਧ ਵਿਚ ਅੰਬਾਲਾ ਡਵੀਜ਼ਨ ਦੇ ਉੱਚ ਅਧਿਕਾਰੀ ਜੇ. ਡਬਲਿਯੂ ਮੈਕਨਬ ਅਤੇ ਕਰਨਲ ਜੀ. ਮੈਕ. ਐਂਡਰਯੂ ਨੇ ਬੰਗਾਲ ਰੈਗੂਲੇਸ਼ਨ ੩, ੧੮੧੮ ਅਧੀਨ ਸਤਿਗੁਰੂ ਰਾਮ ਸਿੰਘ ਜੀ ਨੂੰ ਨਜ਼ਰਬੰਦ ਕਰ ਕੇ ਜਲਾਵਤਨ (ਦੇਸ ਨਿਕਾਲਾ) ਕਰਨ ਦੀ ਮੰਗ ਕੀਤੀ ਪਰੰਤੂ ਪੰਜਾਬ ਸਰਕਾਰ ਨੇ ੧੮੭੧ ਵਿਚ ਉਹਨਾਂ ਦੀ ਇਹ ਮੰਗ ਨਾ ਮੰਨੀ। ਹਾਲਾਤ ਨੇ ਅਜਿਹਾ ਮੋੜ ਕੱਟਿਆ ਕਿ ਅਗਲੇ ਵਰ੍ਹੇ ਹੀ ਮਲੌਦ ਅਤੇ ਮਲੇਰਕੋਟਲੇ ਤੇ ਹੋਏ ਕੂਕਿਆਂ ਦੇ ਹਮਲਿਆਂ ਨੇ ਸਤਿਗੁਰੂ ਰਾਮ ਸਿੰਘ ਜੀ ਅਤੇ ਉਸ ਦੇ ਸੂਬਿਆਂ ਨੂੰ ਗ੍ਰਿਫਤਾਰ ਕਰਨ ਲਈ ਰਾਹ ਪੱਧਰਾ ਕਰ ਦਿੱਤਾ।

੧੬ ਜਨਵਰੀ ੧੮੭੨ ਨੂੰ ਲੈਫਟੀਨੈਂਟ ਗਵਰਨਰ ਨੇ ਗਵਰਨਰ ਜਨਰਲ ਨੂੰ ਤਾਰ ਭੇਜੀ ਕਿ ਉਸ ਨੇ (ਸਤਿਗੁਰੂ) ਰਾਮ ਸਿੰਘ ਅਤੇ ਉਸ ਦੇ ਕੂਕਿਆਂ ਨੂੰ ਗ੍ਰਿਫਤਾਰ ਕਰਨ ਦੇ ਆਦੇਸ਼ ਦੇ ਦਿੱਤੇ ਹਨ। ਉਸੇ ਸ਼ਾਮ ਇਸ ਕਾਰਵਾਈ ਦੀ ਪ੍ਰਵਾਨਗੀ ਪੰਜਾਬ ਸਰਕਾਰ ਨੂੰ ਮਿਲ ਗਈ।

ਮਲੇਰਕੋਟਲਾ ਕਾਂਡ ਨੇ ਪੰਜਾਬ ਸਰਕਾਰ ਨੂੰ ਨਾਮਧਾਰੀਆਂ ਨੂੰ ਸਖ਼ਤੀ ਨਾਲ ਕੁਚਲਣ ਲਈ ਪੂਰੀ ਤਾਕਤ ਵਰਤਣ ਦਾ ਮੌਕਾ ਪਰਦਾਨ ਕਰ ਦਿੱਤਾ। ਕਮਿਸ਼ਨਰ ਫੋਰਸਾਈਥ ਦੇ ਹੁਕਮ ਅਨੁਸਾਰ ਕਰਨਲ ਬੇਲੀ ਨੇ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਤਿੰਨ ਸੂਬਿਆਂ ਜਵਾਹਰ ਸਿੰਘ, ਸਾਹਿਬ ਸਿੰਘ, ਲੱਖਾ ਸਿੰਘ ਅਤੇ ਉਹਨਾਂ ਦੇ ਨਿੱਜੀ ਸੇਵਕ ਨਾਨੂੰ ਸਿੰਘ ਨੂੰ ਗ੍ਰਿਫਤਾਰ ਕਰਕੇ ੧੮ ਜਨਵਰੀ ੧੮੭੨ ਦੀ ਰਾਤ ਨੂੰ ਇਲਾਹਾਬਾਦ ਲਈ ਲੁਧਿਆਣਾ ਦੇ ਰੇਲਵੇ ਸਟੇਸ਼ਨ ਤੋਂ ਗੱਡੀ ਚੜ੍ਹਾ ਦਿੱਤਾ। ਇਸ ਤੋਂ ਤੁਰੰਤ ਬਾਅਦ ਸੂਬਾ ਸਾਹਿਬ ਸਿੰਘ, ਰੂੜ ਸਿੰਘ, ਕਾਹਨ ਸਿੰਘ, ਬ੍ਰਹਮਾ ਸਿੰਘ, ਮਾਨ ਸਿੰਘ ਅਤੇ ਹੁਕਮਾ ਸਿੰਘ ਸੂਬਿਆਂ ਨੂੰ ਵੀ ਗ੍ਰਿਫਤਾਰ ਕਰਕੇ ਇਲਾਹਾਬਾਦ ਜ਼ੇਲ੍ਹ ਵਿਚ ਨਜ਼ਰ ਬੰਦ ਕਰ ਦਿੱਤਾ ਗਿਆ। ਸਾਰਿਆਂ ਨੂੰ ਬੰਗਾਲ ਰੈਗੂਲੇਸ਼ਨ ੩,੧੮੧੮ ਅਧੀਨ ਨਜ਼ਰਬਬੰਦੀ ਦੇ ਆਦੇਸ਼ ਦਿੱਤੇ ਗਏ। ਸਤਿਗੁਰੂ ਰਾਮ ਸਿੰਘ ਜੀ ਨੂੰ ੧੦ ਮਾਰਚ ੧੮੭੨ ਤਕ ਇਲਾਹਾਬਾਦ ਹੀ ਰੱਖਿਆ ਗਿਆ ਇਸ ਮਗਰੋਂ ੧੧ ਮਾਰਚ ੧੮੭੨ ਨੂੰ ਉਹਨਾਂ ਨੂੰ ਉਹਨਾਂ ਦੇ ਨਿੱਜੀ ਸੇਵਕ ਨਾਨੂੰ ਸਿੰਘ ਸਮੇਤ, ਭਾਰਤ ਸਰਕਾਰ ਨੇ ਸਮੁੰਦਰੀ ਜਹਾਜ਼ ਰਾਹੀਂ ਰੰਗੂਨ (ਬਰ੍ਹਮਾਂ) ਲਈ ਰਵਾਨਾ ਕਰ ਦਿੱਤਾ। ਉਹ ੧੬ ਮਾਰਚ ੧੮੭੨ ਨੂੰ ਰੰਗੂਨ ਪੁਜ ਗਏ। ਓਥੇ ਉਹਨਾਂ ਨੂੰ ਸ਼ਾਹੀ ਕੈਦੀ ਦੇ ਰੂਪ ਵਿਚ, ਉਸ ਬੰਗਲੇ ਵਿਚ ਨਜ਼ਰਬੰਦ ਰੱਖਿਆ ਗਿਆ ਜਿਥੇ ਭਾਰਤ ਦਾ ਆਖਰੀ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਨਜ਼ਰਬੰਦ ਰਿਹਾ ਸੀ। ਹਿੰਦ ਸਰਕਾਰ ਇਹ ਚਾਹੁੰਦੀ ਸੀ ਕਿ ਨਾਮਧਾਰੀਆਂ ਨੂੰ ਸਤਿਗੁਰੂ ਰਾਮ ਸਿੰਘ ਬਾਰੇ ਕਿਸੇ ਵੀ ਕਿਸਮ ਦੀ ਸੂਹ ਨਾ ਮਿਲੇ। ਇਸ ਕਰਕੇ ਅੰਗਰੇਜ਼ ਸਰਕਾਰ ਵਲੋਂ ਉਹਨਾਂ ਦੀ ਬਰ੍ਹਮਾਂ ਭੇਜਣ ਦੀ ਕਾਰਵਾਈ ਨੂੰ ਵੀ ਪੂਰੀ ਤਰ੍ਹਾਂ ਗੁਪਤ ਰੱਖਿਆ ਗਿਆ। ਭਾਵੇਂ ਅੰਗਰੇਜ਼ ਸਰਕਾਰ ਨੇ ਉਹਨਾਂ ਦੀ ਨਜ਼ਰਬੰਦੀ ਨੂੰ ਗੁਪਤ ਰਖਿਆ ਹੋਇਆ ਸੀ। ਜੂਨ ੧੮੭੨ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਇਕ ਪੱਤਰ ਭੈਣੀ ਸਾਹਿਬ ਭੇਜਿਆ ਵੀ ਸੀ ਜੋ ਸਰਕਾਰ ਨੇ ਰਾਹ ਵਿਚ ਹੀ ਰੋਕ ਲਿਆ। ੧੮੭੪ ਦੇ ਅਖੀਰ ਤਕ ਨਾਮਧਾਰੀਆਂ ਦਾ ਸੰਪਰਕ ਉਹਨਾਂ ਨਾਲ ਸਥਾਪਤ ਹੋ ਗਿਆ ਤੇ ਕਈ ਕੂਕੇ ਉਹਨਾਂ ਨੂੰ ਗੁਪਤ ਰੂਪ ਵਿੱਚ ਮਿਲ ਵੀ ਆਏ। ਉਹਨਾਂ ਦੇ ਕਈ ਹੁਕਮਨਾਮੇ ਭੈਣੀ ਸਾਹਿਬ ਪੁਚਾਏ ਗਏ। ਦੂਜੀਆਂ ਜ਼ੇਲਾਂ ਵਿਚ ਨਜ਼ਰਬੰਦ ਸੂਬਿਆਂ ਦੇ ਸੁਨੇਹੇ ਵੀ ਉਹਨਾਂ ਤਕ ਪੁਜਦੇ ਰਹੇ। ਇਸ ਤਰ੍ਹਾਂ ਖਤ ਪੱਤਰਾਂ ਰਾਹੀਂ ਉਹਨਾਂ ਦਾ ਸੰਪਰਕ ਬਾਹਰਲੀ ਦੁਨੀਆਂ ਨਾਲ ਜੁੜਿਆ ਰਿਹਾ। ਕੂਕੇ ਚੋਰੀ ਛਿਪੇ ਉਹਨਾਂ ਦੇ ਬੰਗਲੇ ਕੋਲ ਪੁਜਦੇ, ਕਿਵੇਂ ਨਾ ਕਿਵੇਂ ਕੰਧ ਉੱਤੋਂ ਦੀ ਪੱਤਰ ਬੰਗਲੇ ਵਿਚ ਸੁੱਟਿਆ ਜਾਂਦਾ ਤੇ ਇਸੇ ਪਰਕਾਰ ਸਤਿਗੁਰੂ ਰਾਮ ਸਿੰਘ ਜੀ ਪੱਤਰ ਦਾ ਉਤਰ ਬਾਹਰ ਭੇਜਦੇ। ਸ਼ਾਹੀ ਕੈਦੀ ਨੂੰ ਪੱਤਰ ਲਿਖਣ ਦੀ ਮਨਾਹੀ ਸੀ। ਅੰਗਰੇਜ਼ ਸਰਕਾਰ ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਪੱਤਰ ਲਿਖਣ ਅਤੇ ਪ੍ਰਾਪਤ ਕਰਨ ਬਾਰੇ ਸੂਚਨਾ ਮਿਲ ਗਈ ਸੀ। ਐਨੀ ਕਰੜੀ ਨਿਗਰਾਨੀ ਹੁੰਦੇ ਹੋਏ ਵੀ ਸਤਿਗੁਰੂ ਆਪਣੇ ਸ਼ਰਧਾਲੂਆਂ ਤੇ ਪੈਰੋਕਾਰਾਂ ਨਾਲ ਪੱਤਰ ਵਿਹਾਰ ਕਰ ਰਹੇ ਸਨ। ਇਸ ਬਾਰੇ ਪੰਜਾਬ ਸਰਕਾਰ ਦੇ ਅਸਥਾਈ ਸਕੱਤਰ ਐਲ. ਐਚ. ਗਰੀਫਨ ਨੇ ੧੨-੧੦-੧੮੭੭ ਨੂੰ ਭਾਰਤ ਸਰਕਾਰ ਦੇ ਸਕੱਤਰ ਨੂੰ ਸੂਚਨਾ ਭੇਜੀ, "ਰਾਮ ਸਿੰਘ ਅਕਸਰ ਆਪਣੇ ਪੰਜਾਬ ਦੇ ਪੈਰੋਕਾਰਾਂ ਨਾਲ ਖ਼ਤ ਪੱਤਰ ਕਰ ਰਿਹਾ ਹੈ। ਇਹਨਾਂ ਪੱਤਰਾਂ ਦੀਆਂ ਕਈ ਕਾਪੀਆਂ ਗੁਪਤ ਰੂਪ ਵਿਚ ਪੰਜਾਬ ਸਰਕਾਰ ਨੇ ਫੜੀਆਂ ਹਨ।"

ਸਤਿਗੁਰੂ ਰਾਮ ਸਿੰਘ ਜੀ ਵਲੋਂ ਲਿਖੀਆਂ ਚਿੱਠੀਆਂ ਜਿਥੇ ਕੂਕਿਆਂ ਵਿਚ ਜੋਸ਼ ਭਰ ਰਹੀਆਂ ਸਨ ਉਥੇ ਬੇਚੈਨੀ ਵੀ ਵਧਾ ਰਹੀਆਂ ਸਨ। ਕੂਕੇ ਲੁਕ ਛਿਪ ਕੇ ਰੰਗੂਨ ਜਾਂਦੇ ਸਨ ਕਈ ਵਾਰ ਫੜੇ ਵੀ ਜਾਂਦੇ ਸਨ। ਨੱਥਾਣਾ ਸਿੰਘ ਕੂਕਾ ਰੰਗੂਨ ਵਿਖੇ ਸਤਿਗੁਰੂ ਰਾਮ ਸਿੰਘ ਨੂੰ ਖ਼ਤ ਸੁਟਦਾ ਹੋਇਆ ਫੜਿਆ ਗਿਆ ਜਿਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਗਈ।

ਬਰ੍ਹਮਾ ਦੀ ਬਰਿਟਿਸ਼ ਸਰਕਾਰ ਲਈ ਸਤਿਗੁਰੂ ਰਾਮ ਸਿੰਘ ਜੀ ਦਾ ਆਪਣੇ ਸ਼ਰਧਾਲੂਆਂ ਨਾਲ ਖ਼ਤ ਪੱਤਰਾਂ ਰਾਹੀਂ ਜੁੜਿਆ ਸੰਪਰਕ ਇਕ ਗੰਭੀਰ ਪ੍ਰਬੰਧਕੀ ਮਸਲਾ ਬਣ ਗਿਆ ਸੀ। ਇਸ ਪ੍ਰਬੰਧ ਤੋਂ ਭਾਰਤ ਦੀ ਅੰਗਰੇਜ਼ ਸਰਕਾਰ ਖ਼ੁਸ਼ ਨਹੀਂ ਸੀ। ਇਸ ਮਸਲੇ ਦੇ ਸਥਾਈ ਹਲ ਲਈ ਰੰਗੂਨ ਦੇ ਚੀਫ ਕਮਿਸ਼ਨਰ ਨੇ ਉਹਨਾਂ ਨੂੰ ਕਾਫੀ ਦੂਰ ਦੁਰਾਡੇ ਦੇ ਟਾਪੂ ਮਰਗੋਈ ਵਿਖੇ ਉਸਾਰੀ ਗਈ ਵਿਸ਼ੇਸ਼ ਇਮਾਰਤ ਵਿਚ ਤਬਦੀਲ ਕਰਨ ਦਾ ਫੈਸਲਾ ਕਰ ਲਿਆ। ਮਰਗੋਈ ਰੰਗੂਨ ਦੇ ਟਾਕਰੇ ਤੇ ਇਕ ਸੁੰਨ ਸਾਨ ਸਥਾਨ ਸੀ ਜਿਥੇ ਪੁਜਣਾ ਸੌਖਾ ਨਹੀਂ ਸੀ। ਮਰਗੋਈ ਜਾਣ ਲਈ ੧੫ ਦਿਨਾਂ ਮਗਰੋਂ ਇਕ ਸਟੀਮਰ (ਛੋਟੇ ਅਕਾਰ ਦਾ ਸਮੁੰਦਰੀ ਜਹਾਜ਼) ਰੰਗੂਨ ਤੋਂ ਚਲਦਾ ਸੀ। ਏਥੇ ਆਬਾਦੀ ਵੀ ਘੱਟ ਸੀ ਜਿਸ ਕਰਕੇ ਓਪਰੇ ਭਾਰਤੀਆਂ ਦੀ ਪਛਾਣ ਕਰਨੀ ਬਹੁਤ ਸੌਖੀ ਸੀ।

ਸਤਿਗੁਰੂ ਰਾਮ ਸਿੰਘ ਨੂੰ ੨੧ ਸਤੰਬਰ ੧੮੮੦ ਨੂੰ ਮਰਗੋਈ ਵਿਖੇ ਤਬਦੀਲ ਕਰ ਦਿੱਤਾ ਗਿਆ। ਆਪਣੇ ਦੇਸ, ਪਰਿਵਾਰ ਅਤੇ ਅਤਿ ਪਿਆਰੀ ਸੰਗਤ ਤੋਂ ਦੂਰ ਸੁੰਨਸਾਨ ਟਾਪੂ ਵਿਚ ਵਿਛੋੜੇ ਅਸਹਿ ਕਸ਼ਟ ਸਹਾਰਦੇ ਹੋਏ ਸਤਿਗੁਰੂ ਰਾਮ ਸਿੰਘ ਜੀ ਨਾਮ ਸਿਮਰਨ ਵਿਚ ਲੀਨ ਹੋ ਗਏ। ਅੰਗਰੇਜ਼ ਹਾਕਮ ਇਹ ਸਮਝਦੇ ਸਨ ਕਿ ਉਹਨਾਂ ਦੇ ਪੈਰੋਕਾਰ ਉਹਨਾਂ ਨੂੰ ਏਥੇ ਆ ਕੇ ਨਹੀਂ ਮਿਲ ਸਕਣਗੇ ਪਰ 'ਸੀਨੇ ਖਿਚ ਜਿਨ੍ਹਾਂ ਨੇ ਖਾਧੀ ਉਹ ਕਰ ਆਰਾਮ ਨਹੀਂ ਬਹਿੰਦੇ' ਦੇ ਕਥਨ ਅਨੁਸਾਰ ਗੁਰੂ ਦੇ ਦਰਸ਼ਨਾਂ ਦੀ ਤਾਂਘ ਦੇ ਕੂਕਿਆਂ ਮੀਰ ਸਿੰਘ ਤੇ ਸੌਂਧ ਸਿੰਘ ਨੂੰ ਮਰਗੋਈ ਖਿਚ ਲਿਆਂਦੀ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਸੰਪਰਕ ਕਿਵੇਂ ਨਾ ਕਿਵੇਂ ਆਪਣੇ ਅਨੁਆਈਆਂ ਨਾਲ ਜੁੜਿਆ ਰਿਹਾ ਤੇ ਉਹ ਉਹਨਾਂ ਦੀ ਅਗਵਾਈ ਕਰਦੇ ਰਹੇ।

ਨਾਮਧਾਰੀਆਂ ਦਾ ਇਹ ਅਟਲ ਵਿਸ਼ਵਾਸ਼ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਮਰਗੋਈ ਤੋਂ ਕਿਧਰੇ ਅਲੋਪ ਹੋ ਗਏ ਸਨ ਤੇ ਸਰੀਰਕ ਰੂਪ ਵਿਚ ਅਜੇ ਵੀ ਜੀਵਤ ਹਨ ਅਤੇ ਉਹ ਆਪਣੀ ਰਜ਼ਾ ਅਨੁਸਾਰ ਵਾਪਸ ਪਰਤਣਗੇ।

ਸਤਿਗੁਰੂ ਰਾਮ ਸਿੰਘ ਜੀ ਦੀ ਜਗਾਈ ਹੋਈ ਜੋਤ ਅਜ ਵੀ ਸ੍ਰੀ ਭੈਣੀ ਸਾਹਿਬ ਵਿਖੇ ਜਗ ਰਹੀ ਹੈ ਤੇ ਸਾਰੀ ਮਾਨਵਤਾ ਨੂੰ ਦੇਸ ਪ੍ਰੇਮ, ਸਹਿਣਸ਼ੀਲਤਾ, ਆਪਸੀ-ਸਹਿਹੋਂਦ ਅਤੇ ਅਮਨ ਸ਼ਾਂਤੀ ਦਾ ਸੁਨੇਹਾ ਪਰਦਾਨ ਕਰ ਰਹੀ ਹੈ।

■

ਨਿਰੰਜਨ ਸਿੰਘ ਜਯੋਤੀ

ਮੀਰੀ ਪੀਰੀ ਦਾ ਮਾਲਿਕ–
ਵੱਡ ਯੋਧਾ ਗੁਰ ਸੂਰਮਾ

ਹਜ਼ੂਰ ਨੇ ਸੰਗਤਾਂ ਨੂੰ ਹੁਕਮ ਕੀਤਾ ਕਿ ਹੁਣ ਪੁਰਾਣਾ ਸਮਾਂ ਨਹੀਂ ਰਿਹਾ। ਹੁਣ ਕਾਰਜ ਹੋਰ ਤਰ੍ਹਾਂ ਦੇ ਹੋਣੇ ਹਨ। ਗੁਰੂ ਦਰਬਾਰ ਵਿਚ, ਚੰਗੇ ਤੋਂ ਚੰਗੇ ਘੋੜੇ, ਚੰਗੇ ਤੋਂ ਚੰਗੇ ਸ਼ਸਤਰ ਲਿਆਓ। ਹੁਣ ਸ਼ਸਤਰਾਂ ਦਾ ਸਮਾਂ ਹੈ। ਆਪਣੇ ਵਿਚੋਂ ਸੂਰਬੀਰ ਯੋਧੇ ਪੈਦਾ ਕਰੋ ਜੋ ਰਣਭੂਮੀ ਵਿੱਚ ਪਹਾੜ ਵਾਂਗ ਡਟ ਜਾਣ ਤੇ ਵੈਰੀ ਦਾ ਨਾਸ ਕਰ ਦੇਣ ਤੇ ਅੰਮ੍ਰਿਤਸਰ ਵਿਖੇ ਲੋਹਗੜ੍ਹ ਦਾ ਕਿਲ੍ਹਾ ਉਸਾਰ ਦਿੱਤਾ।

ਸਿੱਖ ਸਮਾਜ ਦਾ ਨੀਂਹ-ਪੱਥਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖਿਆ। ਉਹਨਾਂ ਨੇ ਆਦੇਸ਼ ਦਿੱਤਾ ਤੇ ਇਹ ਵਿਚਾਰ ਬੁਲੰਦ ਕੀਤਾ ਕਿ 'ਨਾ ਕੋ ਹਿੰਦੂ ਨਾ ਮੁਸਲਮਾਨ। ਅੱਲਾ ਰਾਮ ਕੇ ਪਿੰਡ ਪਰਾਨ।' ਇਸ ਵਿਚਾਰਧਾਰਾ ਨੂੰ ਪ੍ਰਚਾਰਨ ਤੇ ਪ੍ਰਸਾਰਨ ਲਈ ਆਪ ਨੇ ਉੱਤਰ, ਦੱਖਣ, ਪੂਰਬ ਤੇ ਪੱਛਮ ਦੇਸਾਂ ਵਿੱਚ ਰਟਨ ਕੀਤਾ। ਇਸ ਦੌਰਾਨ ਕਈ ਵਿਦਵਾਨ, ਸਾਧੂ, ਸੰਤ, ਮਹਾਤਮਾ, ਮਹਾਂਪੁਰਸ਼ ਇਹਨਾਂ ਦੀ ਸੰਗਤ ਵਿੱਚ ਆਏ ਜੋ ਇਹਨਾਂ ਦੀ ਵਿਚਾਰਧਾਰਾ ਦੇ ਕਾਇਲ ਹੋਏ। ਇਹਨਾਂ ਦੇ ਮਾਨਵਵਾਦੀ ਉਦੇਸ਼, ਪ੍ਰਚਾਰ-ਪਸਾਰਨ-ਢੰਗ ਤੇ ਗੁਫਤਗੂ ਨੂੰ ਵੇਖ ਕੇ ਲੋਕਾਂ ਨੇ, ਵਿਦਵਾਨਾਂ ਨੇ, ਮਹਾਂਪੁਰਸ਼ਾਂ ਨੇ ਇਹਨਾਂ ਨੂੰ ਪੀਰਾਨ ਪੀਰ ਤੇ ਗੁਰੂਆਨ ਗੁਰੂ ਆਖਿਆ ਤੇ ਸਤਿਕਾਰ ਦਿੱਤਾ। ਗੁਰੂ ਬਾਬੇ ਨੇ ਇਸ ਉਦੇਸ਼ ਦੀ ਪੂਰਤੀ ਲਈ ਧਾਰਮਿਕਤਾ, ਅਧਿਆਤਮਿਕਤਾ, ਰੂਹਾਨੀਅਤ ਤੇ ਹਕੀਕਤ ਦੇ ਰਾਹ ਨੂੰ ਅਪਣਾਇਆ ਤੇ ਸੱਚ ਦਾ ਸੰਦੇਸ਼ ਦਿੱਤਾ।

ਇਹਨਾਂ ਦੇ ਉਤਰਾਧਿਕਾਰੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਵੀ ਏਸੇ ਸੰਦੇਸ਼ ਨੂੰ ਲੈ ਕੇ ਤੁਰਦੇ ਰਹੇ ਤੇ ਇਸਦਾ ਹੀ ਪ੍ਰਚਾਰ ਕਰਦੇ ਰਹੇ। ਪਰ ਸਮੇਂ ਨੇ ਪਲਟਾ ਖਾਧਾ ਗੁਰੂ ਅਰਜਨ ਦੇਵ ਜੀ ਨੇ ਭਾਵੇਂ ਕਬੀਰ ਜੀ ਦੀ ਜ਼ਬਾਨੀ ਇਹ ਗੱਲ ਹੀ ਆਖੀ, *"ਅਵਲ ਅੱਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ"* ਪਰ ਫੇਰ ਵੀ ਹਜ਼ੂਰ ਨੂੰ ਤੱਤੀ ਤਵੀ ਤੇ ਬਹਿਣਾ ਪਿਆ ਤੇ ਆਪਣੇ ਉੱਤੇ ਤੱਤੀ ਰੇਤ ਪੁਆਉਣੀ ਪਈ। ਬਾਦਸ਼ਾਹ ਜਹਾਂਗੀਰ ਨੇ ਕੋਈ ਪਰਵਾਹ ਨਾ ਕੀਤੀ, ਕੋਈ ਧਿਆਨ ਨਾ ਦਿੱਤਾ ਤੇ ਗੁਰੂ ਅਰਜਨ ਦੇਵ ਜੀ ਦੇ ਸਰੀਰ ਦਾ ਏਸੇ ਤਰ੍ਹਾਂ ਹੀ ਅੰਤ ਹੋ ਗਿਆ।

ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਉਸ ਵੇਲੇ ਕੋਈ ਦਸ-ਯਾਰਾਂ ਸਾਲ ਦੇ ਸਨ ਜੋ ਗੁਰੂ ਨਾਨਕ ਦੇਵ ਜੀ ਦੇ ਛੇਵੇਂ ਉਤਰਾਧਿਕਾਰੀ ਬਣੇ। ਗੁਰਤਾ ਦੀ ਰਸਮ ਨੂੰ ਪੂਰਨ ਕਰਦਿਆਂ ਚਲੀ ਆ ਰਹੀ ਪੁਰਾਨੀ ਰੀਤੀ ਨੂੰ ਬਦਲ ਦਿੱਤਾ-ਮੰਜੀ ਸ੍ਰੀ ਆਦਿ ਗ੍ਰੰਥ ਸਾਹਿਬ ਨੂੰ, ਸੇਲ੍ਹੀ ਬੇਦੀਆਂ ਨੂੰ ਤੇ ਟੋਪੀ ਸਾਧਾਂ ਨੂੰ ਦੇ ਦਿੱਤੀ ਤੇ ਹੁਕਮ ਕੀਤਾ ਕਿ ਕਿਰਪਾਨ ਲਿਆਓ ਤੇ ਉਹ ਪਹਿਨਾਓ। ਬਾਬਾ ਬੁੱਢਾ ਜੀ ਨੇ ਜਦ ਕਿਰਪਾਨ ਆਂਦੀ ਤਾਂ ਉਹ ਆਪ ਜੀ ਨੇ ਸੱਜੇ ਪਾਸੇ ਪਹਿਨ ਲਈ ਤੇ ਕਿਹਾ ਕਿ ਇਹ ਪੀਰੀ ਦੀ ਹੈ, ਇੱਕ ਹੋਰ ਲਿਆਓ। ਉਹ ਖੱਬੇ ਪਾਸੇ ਪਹਿਨ ਲਈ ਤੇ ਕਿਹਾ ਕਿ ਇਹ ਮੀਰੀ ਦੀ ਹੈ। ਇਹ ਦੋਵੇਂ ਤਲਵਾਰਾਂ ਮੀਰੀ ਤੇ ਪੀਰੀ ਦੀ ਰੱਖਿਆ ਕਰਨਗੀਆਂ। ਇਸਤਰ੍ਹਾਂ ਉਹ ਮੀਰੀ ਤੇ ਪੀਰੀ ਦੇ ਮਾਲਿਕ ਬਣ ਗਏ। ਫੇਰ ਸੀਸ ਤੇ ਕਲਗੀ ਸਜਾ ਲਈ। ਇਕ ਤਖ਼ਤ ਤੇ ਬੈਠ ਗਏ, ਜਿਸ ਦਾ ਨਾਂ ਅਕਾਲ ਤਖ਼ਤ ਰਖਿਆ। ਇਸਤਰ੍ਹਾਂ ਉਹ ਬਾਦਸ਼ਾਹ ਸਰੂਪ ਵਿੱਚ ਜ਼ਹੂਰ ਵਿੱਚ ਆਏ। ਨਾਲੇ ਗੁਰੂ ਤੇ ਨਾਲੇ ਪਾਤਸ਼ਾਹ। ਭਾਈ ਗੁਰਦਾਸ ਜੀ ਕੋਲ ਹੀ ਸਨ। ਸਭ ਕੁਝ ਵੇਖ ਰਹੇ ਸੀ। ਉਹਨਾਂ ਨੂੰ ਇਹ ਸਭ ਨਜ਼ਾਰਾ ਬਾਦਸ਼ਾਹੀ ਦਰਬਾਰ ਤੇ ਗੁਰੂ ਹਰਿਗੋਬਿੰਦ ਜੀ ਮਹਾਨ ਤੇ ਵੱਡ ਯੋਧੇ, ਜੋਧਿਆਂ ਦੇ ਇਕੱਠ ਵਿਚ ਬੈਠੇ ਸ਼ਸ਼ੋਭਿਤ ਦਿੱਸੇ। ਆਪ ਜੀ ਨੇ ਉਚਾਰਨ ਕੀਤਾ:-

ਅਰਜਨ ਕਾਇਆ ਪਲਟ ਕਰ ਮੂਰਤਿ ਹਰਿ ਗੋਬਿੰਦ ਸਵਾਰੀ।
ਚੱਲੀ ਪੀੜੀ ਸੋਢੀਆਂ ਰੂਪ ਦਖਾਵਨ ਵਾਰੋ ਵਾਰੀ।
ਵਡ ਜੋਧਾ ਗੁਰ ਸੂਰਮਾ ਦਲ ਭੰਜਨ ਬਹੁ ਪਰਉਪਕਾਰੀ।

ਇਹ ਭਾਈ ਗੁਰਦਾਸ ਜੀ ਦੀ ਭਵਿਖ ਬਾਣੀ ਹੈ ਜੋ ਬਾਅਦ ਵਿੱਚ ਸੱਚੋ ਸੱਚ ਹਕੀਕਤ ਵਿੱਚ ਰੂਪਮਾਨ ਹੋਈ। ਇਸ ਤੋਂ ਪਿਛਾਂਹ ਵਲ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਇਹਨਾਂ ਦੇ ਜਨਮ ਤੋਂ ਪਹਿਲਾਂ ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ, ਜੋ ਇਨ੍ਹਾਂ ਦੇ ਮਾਤਾ ਜੀ ਸਨ ਨੂੰ ਬੀੜ ਵਿਚ ਵਰ ਦਿੱਤਾ ਸੀ, ਜਦੋਂ ਉਹ ਬਾਬਾ ਜੀ ਨੂੰ ਪ੍ਰਸ਼ਾਦ ਛਕਾ ਰਹੇ ਸਨ ਤੇ ਉਹਨਾਂ ਨੇ ਗੰਢਾ ਫੜ ਕੇ ਦੋਹਾਂ ਹੱਥਾਂ ਵਿੱਚ ਫੇਹ ਦਿੱਤਾ ਤੇ ਕਿਹਾ ਸੀ, "ਮਾਤਾ ਜੀ! ਆਪ ਜੀ ਦੀ ਗੋਦ ਵਿੱਚ ਇੱਕ ਯੋਧਾ ਆਵੇਗਾ। ਆਪ ਦੇ ਆਂਗਨ ਵਿੱਚ ਇਕ ਯੋਧਾ ਖੇਡੇਗਾ। ਤੁਸੀਂ ਇੱਕ ਮਹਾਨ ਤੇ ਵੱਡੇ ਯੋਧੇ ਦੀ ਮਾਤਾ ਹੋਵੋਗੇ, ਜੋ ਵੈਰੀਆਂ ਦਾ ਸਿਰ ਇਵੇਂ ਫੇਹ ਸੁੱਟੇਗਾ ਜਿਵੇਂ ਮੈਂ ਇਹ ਗੰਢਾ ਆਪਣੇ ਹੱਥਾਂ ਵਿਚ ਫੇਹ ਦਿੱਤਾ ਹੈ।"

ਬਾਬਾ ਜੀ ਦੇ ਇਹ ਵਾਕ ਵੀ ਏਸੇ ਤਰ੍ਹਾਂ ਹੀ ਫਲੀਭੂਤ ਹੋਏ ਤੇ ਆਪ ਆਪਣੇ ਜੀਵਨ ਵਿੱਚ ਮੀਰੀ ਪੀਰੀ ਦੇ ਮਾਲਿਕ ਤੇ ਵੱਡੇ ਯੋਧੇ ਹੀ ਸਾਬਤ ਹੋਏ। ਹਜ਼ੂਰ ਨੇ ਸੰਗਤਾਂ ਨੂੰ ਹੁਕਮ ਕੀਤਾ ਕਿ ਹੁਣ ਪੁਰਾਣਾ ਸਮਾਂ ਨਹੀਂ ਰਿਹਾ। ਹੁਣ ਕਾਰਜ ਹੋਰ ਤਰ੍ਹਾਂ ਦੇ ਹੋਣੇ ਹਨ। ਗੁਰੂ ਦਰਬਾਰ ਵਿਚ, ਚੰਗੇ ਤੋਂ ਚੰਗੇ ਘੋੜੇ, ਚੰਗੇ ਤੋਂ ਚੰਗੇ ਸ਼ਸਤਰ ਲਿਆਓ। ਹੁਣ ਸ਼ਸਤਰਾਂ ਦਾ ਸਮਾਂ ਹੈ। ਆਪਣੇ ਵਿਚੋਂ ਸੂਰਬੀਰ ਯੋਧੇ ਪੈਦਾ ਕਰੋ ਜੋ ਰਣਭੂਮੀ ਵਿੱਚ ਪਹਾੜ ਵਾਂਗ ਡਟ ਜਾਣ ਤੇ ਵੈਰੀ ਦਾ ਨਾਸ ਕਰ ਦੇਣ ਤੇ ਅੰਮ੍ਰਿਤਸਰ ਵਿਖੇ ਲੋਹਗੜ੍ਹ ਦਾ ਕਿਲ੍ਹਾ ਉਸਾਰ ਦਿੱਤਾ। ਦਿਨਾਂ ਵਿੱਚ ਸ਼ਸਤਰਾਂ ਨਾਲ ਭੰਡਾਰ ਭਰੇ ਗਏ। ਘੋੜਿਆਂ ਦੇ ਘੋੜੇ ਜਮਾਂ ਹੋ ਗਏ। ਸਿੱਖ ਸ਼ਸਤਰ ਵਿਦਿਆ ਸਿੱਖਣ ਲਗ ਪਏ। ਇਸਤਰ੍ਹਾਂ ਗੁਰੂ ਬਾਬੇ ਦੇ ਧਾਰਮਿਕ, ਅਧਿਆਤਮਿਕ ਤੇ ਰੂਹਾਨੀਅਤ ਦੇ ਬਾਗ਼ ਵਿੱਚ ਸਾਧਾਂ ਸੰਤਾਂ ਤੇ ਮਹਾਤਮਾਵਾਂ ਦੇ ਨਾਲ ਨਾਲ ਯੋਧਿਆਂ ਦੇ ਅਲੌਕਾਰ ਕਰਤਬਾਂ ਦੇ ਦ੍ਰਿਸ਼ ਵੀ ਦਿਸਣ ਲੱਗ ਪਏ। ਹਜ਼ੂਰ ਕੋਲ ਹਜ਼ਾਰਾਂ ਦੀ ਗਿਣਤੀ ਵਿਚ ਯੋਧੇ ਫ਼ੌਜ ਦੀ ਸ਼ਕਲ ਵਿੱਚ ਜਮਾਂ ਹੋ ਗਏ। ਮੁਸਲਮਾਨ ਪਠਾਣ ਵੀ ਨੌਕਰ ਰੱਖ ਲਏ ਤੇ ਪਰਤਿੱਗਿਆ ਕੀਤੀ ਕਿ ਚੰਦੂ ਸੁਆਹੀ ਨੇ ਗੁਰੂ ਅਰਜਨ ਦੇਵ ਜੀ ਨੂੰ ਬਹੁਤ ਤਕਲੀਫ ਦਿੱਤੀ ਹੈ, ਉਸਦਾ ਨਾਸ ਕਰਕੇ ਉਸਨੂੰ ਕੀਤੀ ਦਾ ਫਲ ਭੁਗਤਾਵਾਂਗੇ।

ਸ਼ੀਘਰ ਹੀ ਸਮਾਂ ਬਣ ਗਿਆ ਕਿ ਬਾਦਸ਼ਾਹ ਜਹਾਂਗੀਰ ਨੇ ਚੰਦੂ ਸੁਆਹੀ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ ਤੇ ਕਿਹਾ ਕਿ ਇਸਨੇ ਆਪ ਜੀ ਦੇ ਪਿਤਾ ਗੁਰੂ ਅਰਜਨ ਦੇਵ ਜੀ ਨੂੰ ਬਹੁਤ ਤਸੀਹੇ ਦਿੱਤੇ ਹਨ, ਤੁਸੀਂ ਹੁਣ ਜਿਵੇਂ ਚਾਹੋ ਇਸ ਨਾਲ ਸਲੂਕ ਕਰੋ। ਉਸੇ ਵੇਲੇ ਸਿੱਖਾਂ ਨੇ ਉਸ ਨੂੰ ਫੜ ਲਿਆ। ਉਸਦੇ ਨੱਕ ਵਿਚ ਨਕੇਲ ਪਾ ਦਿੱਤੀ ਤੇ ਉਸ ਦੇ ਪੈਰੀਂ ਬੇੜੀਆਂ ਪਾ ਦਿੱਤੀਆਂ। ਦਿਲੀਓਂ ਲਾਹੌਰ ਲੈ ਆਏ। ਗਲੀ ਗਲੀ ਤੇ ਬਾਜ਼ਾਰ ਬਾਜ਼ਾਰ ਫੇਰਿਆ, ਹੱਟੀ ਹੱਟੀ ਭਿਛਿਆ ਮੰਗਾਈ। ਅੰਤ ਜਦ ਗੁਰਦਿਤੇ ਭੜਭੂੰਜੇ ਕੋਲ ਪਹੁੰਚੇ ਤਾਂ ਉਸ ਨੇ ਗਰਮ ਰੇਤ ਉਸ ਦੇ ਸਿਰ ਤੇ ਪਾਈ ਤੇ ਉਸ ਨੂੰ ਕੜਛਾ ਐਸਾ ਮਾਰਿਆ ਕਿ ਉਸਦੀ ਜਾਨ ਨਿਕਲ ਗਈ। *'ਅਹਿ ਕਰ ਕਰੇ ਸੁ ਅਹਿ ਕਰ ਪਾਏ'* ਦਾ ਵਾਕ ਪੂਰਨ ਹੋ ਗਿਆ। ਲੋਕੀਂ ਗੁਰੂ ਕਾ ਜਸ ਗਾਉਣ ਲੱਗੇ, ਇਤਿਹਾਸ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਯੋਧੇ ਮਹਾਂਬਲੀ ਸੂਰਬੀਰ ਹੁੰਦੇ ਹਨ। ਪਹਾੜਾਂ ਨਾਲ ਟਕਰਾ ਜਾਂਦੇ ਹਨ। ਸ਼ੇਰਾਂ ਦੇ ਸਾਹਮਣੇ ਡੱਟ ਜਾਂਦੇ ਹਨ। ਯੋਧਿਆਂ ਨਾਲ ਅੜ ਜਾਂਦੇ ਹਨ, ਲਸ਼ਕਰਾਂ ਦੇ ਵਿਚ ਵੜ ਜਾਂਦੇ ਹਨ, ਬਹੁਤਿਆਂ ਦੀ ਪ੍ਰਵਾਹ ਨਹੀਂ ਕਰਦੇ, ਮਰਨਾ ਜਾਂ ਮਾਰਨਾਂ ਹੀ ਜਾਣਦੇ ਹਨ, ਪੈਰ ਪਿਛੇ ਨਹੀਂ ਪਾਉਂਦੇ। ਫਤ੍ਹੇ ਉਹਨਾਂ ਦੇ ਪੈਰ ਚੁੰਮਦੀ ਹੈ। ਮਾੜਿਆਂ ਦੀ ਮਦਦ ਕਰਦੇ ਹਨ ਤੇ ਏਸੇ ਤਰ੍ਹਾਂ ਹੀ ਇਹਨਾਂ ਸਿਫਤਾਂ ਦੇ ਮਾਲਿਕ ਸਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ।

ਗੁਰੂ ਜੀ ਦਾ ਖੰਡਾ ਸਵਾ ਛੀ ਸੇਰ ਪੱਕੇ ਦਾ ਸੀ। ਜਿਦ੍ਹੀ ਗਰਦਨ ਤੇ ਧਰਿਆ ਜਾਏ ਉਹਦੀ ਗਰਦਨ ਅੜੇ ਰਹਿਣ ਦਾ ਸਹਾਰਾ ਨਹੀਂ ਸੀ ਮੰਗਦੀ। ਕਰਤਾਰ ਪੁਰ ਵਿਚ ਹਜ਼ੂਰ ਦੀ ਕਿਰਪਾਨ ਦੇ ਦਰਸ਼ਨ ਹੋਏ ਹਨ, ਜਿਸਨੂੰ ਚੰਗੀ ਸਿਹਤ ਵਾਲੇ ਉੱਚੇ ਲੰਮੇ ਜੁਆਨ ਦੋਹਾਂ ਹੱਥਾਂ ਨਾਲ ਮੁਸ਼ਕਲ ਨਾਲ ਚੁਕਦੇ ਸਨ। ਹਜ਼ੂਰ ਉਸ ਨੂੰ ਇੱਕ ਹੱਥ ਨਾਲ ਜੰਗ ਵਿੱਚ ਚਲਾਉਂਦੇ ਸਨ। ਸੁ ਹਿਸਾਬ ਲਾਓ ਕਿ ਹਜ਼ੂਰ ਕਿੰਨੀ ਕੁ ਸਰੀਰਕ ਤਾਕਤ ਦੇ ਮਾਲਿਕ ਹੋਣਗੇ।

ਸਿੱਖਾਂ ਵਿੱਚ ਬੀਰ ਰਸ ਭਰਨ ਲਈ ਕਥਾ ਕੀਰਤਨ ਦੇ ਨਾਲ ਜੋਧਿਆਂ ਦੀਆਂ ਵਾਰਾਂ ਗਾਉਣ ਦਾ ਹੁਕਮ ਦਿੱਤਾ-ਲਲਾ ਬਹਿਲੀਮਾ ਦੀ ਵਾਰ, ਟੁੰਡੇ ਅਸਰਾਜੇ ਦੀ ਵਾਰ, ਮਹਿਮੇ ਹਸਨੇ ਦੀ ਵਾਰ ਆਦਿ। ਏਥੋਂ ਤਕ ਕਿ ਬਾਣੀ ਦੀਆਂ ਬਾਈ ਵਾਰਾਂ ਵਿਚੋਂ ਨੌ ਵਾਰਾਂ ਤੇ ਧੁਨਾਂ ਵੀ ਚੜ੍ਹਾ ਦਿੱਤੀਆਂ ਕਿ ਇਹ ਵਾਰਾਂ ਇਹਨਾਂ ਧੁਨਾਂ ਤੇ ਗਾਈਆਂ ਜਾਇਆ ਕਰਨ। ਗੱਲ ਕੀ ਗੁਰੂ ਜੀ ਨੇ ਗੁਰੂ ਦਰਬਾਰ ਨੂੰ ਸ਼ਾਹੀ ਦਰਬਾਰ, ਰਣਭੂਮੀ ਵਿੱਚ ਲੜਨ ਵਾਲੇ ਯੋਧਿਆਂ ਵਿੱਚ ਬਦਲ ਦਿੱਤਾ।

ਹਜ਼ੂਰ ਦੇ ਸੂਰਬੀਰਤਾ ਦੇ ਕੌਤਕਾਂ ਦਾ ਕੀ ਜ਼ਿਕਰ ਕਰੀਏ? ਇਤਿਹਾਸ ਭਰਿਆ ਪਿਆ ਹੈ, ਇਹਨਾਂ ਕੌਤਕਾਂ ਨਾਲ। ਕਈਆਂ ਸ਼ੇਰਾਂ ਬਬਰਾਂ ਨਾਲ ਟਾਕਰਾ ਹੋਇਆ। ਕਈ ਸ਼ੇਰ ਤੀਰਾਂ ਬੰਦੂਕਾਂ ਨਾਲ ਮਾਰੇ ਪਰ ਦਿੱਲੀ ਵਿਖੇ ਇਕ ਸ਼ੇਰ ਨੇ ਕਈ ਘੋੜੇ ਤੇ ਕਈ ਆਦਮੀ ਮਾਰ ਦਿੱਤੇ ਸਨ, ਬਾਦਸਾਹ ਨੇ ਹੁਕਮ ਦਿੱਤਾ ਕਿ ਕੋਈ ਜੋਧਾ ਹੈ ਜੋ ਇਸਨੂੰ ਤਲਵਾਰ ਨਾਲ ਮਾਰੇ। ਬਾਦਸ਼ਾਹ ਨੇ ਇਹਨਾਂ ਨੂੰ ਸ਼ੇਰ ਮਾਰਨ ਲਈ ਆਖਿਆ। ਹਜ਼ੂਰ ਛਾਲ ਮਾਰ ਕੇ ਬੇਖੌਫ ਸ਼ੇਰ ਦੇ ਸਾਹਮਣੇ ਜਾ ਹੋਏ। ਅਜੇਹੇ ਜ਼ੋਰ ਨਾਲ ਉਸ ਦੇ ਮੂੰਹ ਤੇ ਢਾਲ ਮਾਰੀ ਕਿ ਸ਼ੇਰ ਪੁੱਠਾ ਹੋ ਕੇ ਜਾ ਪਿਆ ਤੇ ਹਜ਼ੂਰ ਨੇ ਖੰਡੇ ਨਾਲ ਉਸਨੂੰ ਟੋਟੇ ਟੋਟੇ ਕਰ ਦਿੱਤਾ। ਵਡਾਲੀ ਵਿਖੇ ਇਕ ਸੂਰ ਬਹੁਤ ਤੰਗ ਕਰਦਾ ਸੀ, ਉਸਨੂੰ ਸਰੋਹੀ ਵਾਹ ਕੇ ਪਾਰ ਬੁਲਾਇਆ। ਉਸ ਸਮੇਂ ਜੰਗਲ ਜ਼ਿਆਦਾ ਸਨ, ਜਿਨ੍ਹਾਂ ਵਿੱਚ ਸ਼ੇਰ ਵੀ ਜ਼ਿਆਦਾ ਫਿਰਦੇ ਸਨ। ਉਹ ਪਿੰਡਾਂ ਵਿਚ ਆ ਕੇ ਗਾਈਆਂ, ਮੱਝਾਂ, ਬਕਰੀਆਂ ਤੇ ਹੋਰ ਪਸ਼ੂਆਂ ਦਾ ਵਿਨਾਹ ਕਰਦੇ। ਗੁਰੂ ਜੀ ਨੇ ਜਿਸ ਪਿੰਡ ਦੀ ਪੁਕਾਰ ਸੁਣੀ, ਕਰਤਾਰਪੁਰ ਆਦਿਕ ਤੇ ਹੋਰ ਪਿੰਡਾਂ ਵਿੱਚ, ਉਥੇ ਹੀ ਜਾ ਸ਼ੇਰ ਨੂੰ ਮਾਰ ਗਉਆਂ, ਮੱਝਾਂ ਤੇ ਪਿੰਡ ਵਾਸੀਆਂ ਦੀ ਰੱਖਿਆ ਕੀਤੀ। ਕੁਦਰਤ ਦੀ ਖੇਡ ਨੂੰ ਕੌਣ ਜਾਣੇ, ਕੁਝ ਸਮਝ ਨਹੀਂ ਆਉਂਦੀ।

ਬਿਧਾਂ ਆਪ ਹੀ ਬਣ ਜਾਂਦੀਆਂ ਹਨ ਤੇ ਕੁਝ ਦਾ ਕੁਝ ਹੋ ਜਾਂਦਾ ਹੈ। ਬਾਦਸ਼ਾਹ ਸ਼ਾਹਜਹਾਂ ਦੇ ਬਾਜ਼ ਦੀ ਬਿਧ ਐਸੀ ਬਣੀ ਕਿ ਰਸੂਲ ਖਾਂ ਨੂੰ ਸੱਤ ਹਜ਼ਾਰ ਸਵਾਰ ਦੇ ਕੇ ਗੁਰੂ

ਜੀ ਤੇ ਚੜ੍ਹਾ ਦਿੱਤਾ। ਇਹ ਖ਼ਬਰ ਦੇਸ ਵਿਚ ਫਿਰੀ ਤਾਂ ਪਿੰਡਾਂ ਤੋਂ ਸਿੱਖ ਸ਼ਾਹੀ ਫੌਜ ਨਾਲ ਲੜਨ ਲਈ ਗੁਰੂ ਜੀ ਦੀ ਸ਼ਰਨ ਵਿੱਚ ਆ ਜਮਾਂ ਹੋਏ। ਸੈਂਕੜਿਆਂ ਸਿੱਖਾਂ ਦੀ ਗਿਣਤੀ ਹੋ ਗਈ। ਪਿਪਲੀ ਸਾਹਿਬ ਕੋਲ ਜੁਧ ਹੋਇਆ। ਰਸੂਲ ਖਾਂ ਜ਼ਖ਼ਮੀ ਹੋ ਗਿਆ, ਫੌਜ ਸ਼ਾਹੀ ਭੱਜ ਖਲੋਤੀ। ਸਿੱਖਾਂ ਨੇ ਪੰਜ ਛੇ ਕੋਹ ਤਕ ਪਿੱਛਾ ਕੀਤਾ। ਇਸ ਪਹਿਲੀ ਲੜਾਈ ਵਿਚ ਸਿੱਖਾਂ ਨੇ ਜਿਤ ਪ੍ਰਾਪਤ ਕੀਤੀ ਤਾਂ ਉਨ੍ਹਾਂ ਦੇ ਹੌਸਲੇ ਵਧ ਗਏ।

ਸ਼ਾਹਜਹਾਂ ਨੇ ਆਪਣੀ ਹਾਰ ਸੁਣ ਕੇ, ਮੁਖਲਸ ਖਾਂ, ਜ਼ਵਰ ਜੰਗ ਨੂੰ ਪੰਦਰਾਂ ਹਜ਼ਾਰ ਫੌਜ ਤੇ ਇਕ ਤੋਪਖਾਨਾ ਦੇ ਕੇ ਤੇ ਨਾਲ ਬਹਾਦਰ ਖਾਂ ਕਸੂਰੀ, ਕਲੰਦਰ ਖਾਂ ਤੁਰਾਨੀ, ਮਿਰਜ਼ਾ ਤਾਹਿਰ ਬੇਗ, ਨਵਾਬ ਕਾਲੇ ਖਾਂ ਤੇ ਸ਼ਮਸ ਖਾਂ ਆਦਿਕਾਂ ਨੂੰ ਗੁਰੂ ਜੀ ਤੇ ਚੜ੍ਹਾ ਦਿੱਤਾ। ਗੁਰੂ ਜੀ ਕੋਲ ਪੰਜ ਕੁ ਹਜ਼ਾਰ ਸਵਾਰ ਤੇ ਪਿਆਦਾ ਇਕੱਠਾ ਹੋ ਗਿਆ। ਘਮਸਾਨ ਦਾ ਜੰਗ ਹੋਇਆ। ਸਿੱਖਾਂ ਦੇ ਕਈ ਹੱਲੇ ਤੁਰਕਾਂ ਨੇ ਬਹਾਦਰੀ ਨਾਲ ਰੋਕੇ। ਸ਼ਾਹੀ ਫੌਜਾਂ ਨੇ ਮੋਰਚਾ ਛੁਡਾ ਲਿਆ। ਰਾਤ ਹੋ ਗਈ। ਢਲੀ ਰਾਤ, ਭਾਈ ਬਿਧੀ ਚੰਦ, ਭਲਣ ਜਟੂ, ਪੈਂਦੇ ਖਾਂ ਗੁਰੂ ਜੀ ਦੀਆਂ ਫੌਜਾਂ ਲੈ ਸ਼ਾਹੀ ਫੌਜ ਤੇ ਜਾ ਪਏ। ਕੁਝ ਸਿੱਖਾਂ ਨੇ ਮਾਰੇ, ਕੁੱਝ ਹਨੇਰੇ ਵਿੱਚ ਆਪਸ ਵਿਚ ਲੜ ਕੇ ਕਟ ਗਏ। ਇਸ ਲੜਾਈ ਵਿਚ ਅਲੀ ਮੁਹੰਮਦ ਖਾਂ, ਮਿਰਜ਼ਾ ਤਾਹਰ ਬੇਗ, ਮੌਲਵੀ ਰਮਜ਼ਾਨ ਤੇ ਇਸਮਾਈਲ ਖਾਂ, ਕਾਜ਼ੀ ਰੁਸਤਮ ਖਾਂ ਦਾ ਪੁੱਤਰ, ਬਹੁਤ ਸਿਪਾਹੀਆਂ ਸਮੇਤ ਮਾਰੇ ਗਏ। ਤੇ ਸਿੱਖਾਂ ਵਲੋਂ ਭਾਈ ਭਾਨਾ, ਬਾਗਾ, ਸੋਭਾ, ਭਾਗੂ, ਦਾਮਾ, ਚੰਦ ਆਦਿ ਸ਼ਹੀਦ ਹੋਏ।

ਮੁਖਲਸ ਖਾਂ ਨੇ ਜਦ ਇਸ ਰਾਤ ਦਾ ਹਾਲ ਸੁਣਿਆਂ ਤਾਂ ਉਸ ਨੂੰ ਬਹੁਤ ਰੋਹ ਚੜ੍ਹਿਆ। ਸਿੱਧਾ ਅੰਮ੍ਰਿਤਸਰ ਤੇ ਆ ਪਿਆ। ਉਸ ਕਸਮ ਖਾਧੀ ਕਿ ਫਤ੍ਹੇ ਪਾ ਕੇ ਹੀ ਤੇਗ਼ ਮਿਆਨ ਵਿੱਚ ਪਾਉਣੀ ਹੈ। ਦੋਹੀਂ ਪਾਸੀ ਤੋਪਾਂ, ਬੰਦੂਕਾਂ, ਤੀਰਾਂ ਦੀ ਵਾਛੜ ਹੋਣ ਲੱਗੀ। ਸਿੱਖ ਲੋਹ ਗੜ੍ਹ ਦੇ ਕਿਲੇ ਵਿਚ ਆ ਗਏ। ਗੁਰੂ ਜੀ ਨੇ ਆਪਣੇ ਸਾਰੇ ਪਰਵਾਰ ਨੂੰ ਰਾਮਸਰ ਵਲ ਤੋਰ ਦਿੱਤਾ ਤੇ ਫੇਰ ਝਬਾਲ ਪਿੰਡ ਨੂੰ ਭੇਜ ਦਿੱਤਾ। ਹੁਣ ਸੰਬੰਧੀਆਂ ਵੱਲੋਂ ਬੇਫਿਕਰ ਹੋ ਗੁਰੂ ਜੀ ਕੇਵਲ ਜੰਗ ਕਰਨ ਲਈ ਤਿਆਰ ਹੋ ਖਲੋਤੇ। ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਲੋਹਗੜ੍ਹ ਵਾਲੇ ਪਾਸੇ ਜਾਓ। ਜਿਹੜਾ ਤੁਰਕ ਮਿਲੇ, ਅਗੋਂ ਆਪੇ ਉਹ ਤੁਹਾਡੇ ਪਿੱਛੇ ਪੈਣਗੇ। ਏਸ ਤਰਾਂ ਉਹਨਾਂ ਨੂੰ ਏਧਰ ਲੈ ਆਓ। ਸਿੱਖਾਂ ਇਉਂ ਹੀ ਕੀਤਾ ਤੇ ਤੁਰਕ ਏਧਰ ਆ ਗਏ। ਡਟ ਕੇ ਲੜਾਈ ਹੋਈ। ਸ਼ਮਸ ਖਾਂ ਮਰਿਆ, ਅਨਵਰ ਖਾਂ ਜ਼ਖ਼ਮੀ ਹੋਇਆ, ਭਾਈ ਸੰਤੂ ਸ਼ਹੀਦ। ਅਲੀ ਮੁਹੰਮਦ ਖਾਂ ਦੀ ਲਲਕਾਰ ਨਾਲ ਤੁਰਕ ਇੱਕੋ ਵਾਰ ਸਿੱਖਾਂ ਤੇ ਆ ਪਏ। ਭਾਈ ਅਮੀਆਂ ਦੋ ਸੌ ਸਿੱਖਾਂ ਨਾਲ ਪਹੁੰਚਿਆ। ਤੁਰਕਾਂ ਨੇ ਅਜੇਹੀ ਤੀਰ ਗੋਲੀ ਦੀ ਵਰਖਾ ਕੀਤੀ ਕਿ ਸਿੱਖਾਂ ਦਾ ਮੋਰਚਾ ਟੁੱਟਣ ਲੱਗਾ। ਗੁਰੂ ਜੀ ਨੇ ਸਿੰਘ, ਪ੍ਰੋਹਤ ਤੇ ਭਾਈ ਜੇਠੇ ਨੂੰ ਜੋ ਅਦੁਤੀ ਤੀਰੰਦਾਜ਼ ਸਨ ਪੰਜ ਸੌ ਸਵਾਰ ਦੇ ਕੇ ਉਹਨਾਂ ਨੂੰ ਠਲ ਪਾਈ। ਇਹਨਾਂ ਤੁਰਕਾਂ ਨੂੰ ਪਛਾੜ ਸੁਟਿਆ, ਦੋਹਾਂ ਪਾਸਿਆਂ ਤੋਂ ਜੋਧੇ ਬੜੀ ਦ੍ਰਿੜਤਾ ਤੇ ਹੌਸਲੇ ਨਾਲ ਲੜਦੇ ਰਹੇ। ਗੁਰੂ ਸਾਹਿਬ ਰਣਭੂਮੀ ਵਿਚ ਇਕ ਉੱਚੀ ਜਗ੍ਹਾ ਆਣ ਖਲੋਤੇ ਤੇ ਤੀਰਾਂ ਦਾ ਮੀਂਹ ਵਸਾਉਣ ਲਗ ਪਏ। ਗੁਰੂ ਸਾਹਿਬ ਦੇ ਤੀਰ ਦੋ ਦੋ, ਚਾਰ ਚਾਰ, ਜਵਾਨਾਂ ਤੇ ਘੋੜਿਆਂ ਨੂੰ ਵਿੰਨ੍ਹ ਵਿੰਨ੍ਹ ਜਾਂਦੇ ਸੀ। ਭਾਈ ਬਿਧੀ ਚੰਦ, ਪੈੜਾ, ਭਲਣ, ਪੈਂਦੇ ਖਾਂ, ਜਟੂ ਦੇ ਤੀਰ ਵੀ ਕਈਆਂ ਨੂੰ ਪਾਰ ਬਲਾਉਂਦੇ ਸਨ। ਇਹਨਾਂ ਤੁਰਕਾਂ ਦੀ ਫੌਜ ਨੂੰ ਅੱਗੇ ਲਾ ਲਿਆ। ਨਵਾਬ ਕਾਲੇ ਖਾਂ ਜੌਨਪੁਰੀਆ, ਬਹਾਦਰ ਖਾਂ ਕਸੂਰੀ, ਕਲੰਦਰ ਖਾਂ ਤੁਰਾਨੀ ਫੌਜ ਲੈ ਪਹੁੰਚੇ। ਬੜਾ ਭਾਰੀ ਜੰਗ ਹੋਇਆ। ਬਹਾਦਰ ਜਾਨਾਂ ਤੋੜ ਕੇ ਲੜੇ। ਲੋਥ ਤੇ ਲੋਥ ਚੜ੍ਹ ਗਈ। ਜੱਟੂ ਦੇ ਹੱਥੋਂ ਕਾਲੇ ਖਾਂ ਜ਼ਖ਼ਮੀਂ ਹੋਇਆ। ਪੈਂਦੇ ਖਾਂ ਨੇ ਬਹਾਦਰ ਖਾਂ ਨੂੰ ਮਾਰਿਆ ਤਾਂ ਤੁਰਕੀ ਸੈਨਾ ਵਿਚ ਹਲ ਚਲ ਮਚ ਗਈ। ਮੁਖ਼ਲਸ ਖਾਂ, ਗੁਰੂ ਜੀ ਦੇ ਸਾਹਮਣੇ ਆ ਹੋਇਆ ਤੇ ਲਲਕਾਰ ਕੇ ਕਹਿਣ ਲੱਗਾ ਕਿ ਹੋਰਨਾਂ ਨੂੰ ਕਿਉਂ ਮਾਰਦੇ ਮਰਵਾਉਂਦੇ ਹੋ ਹੁਣ ਅਸੀਂ ਦੋਵੇਂ ਆਪਸ ਵਿਚ ਜੁਧ ਕਰ ਲਈਏ। ਇੱਕ ਤੋਂ ਇੱਕ ਹੋ ਜਾਊ। ਗੁਰੂ ਜੀ ਬੜੀ ਛੇਤੀ ਨਾਲ ਸਾਹਵੇਂ ਆ ਗਏ। ਲਗੇ ਦੋਵੇਂ ਤੀਰ ਚਲਾਉਣ ਤੇ ਢਾਲਾਂ ਤੇ ਵਾਰ ਰੋਕਣ। ਮੁਖਲਸ ਖਾਂ ਦੇ ਇੱਕ ਇਕ ਕਰਕੇ ਦੋ ਘੋੜੇ ਮਾਰੇ ਗਏ। ਉਸ ਨੇ ਗੁਰੂ ਜੀ ਨੂੰ ਤਲਵਾਰ ਨਾਲ ਲੜਨ ਲਈ ਵੰਗਾਰਿਆ। ਗੁਰੂ ਜੀ ਖੰਡਾ ਢਾਲ ਲੈ ਉਸਦੇ ਸਾਹਮਣੇ ਆ ਹੋਏ। ਕਈ ਜ਼ਖ਼ਮ ਗੁਰੂ ਜੀ ਨੂੰ ਵੀ ਲੱਗੇ ਪਰ ਉਹਨਾਂ ਦੇ ਖੰਡੇ ਨੇ ਉਸਨੂੰ ਟੋਟੇ ਟੋਟੇ ਕਰ ਕੇ ਰਖ ਦਿੱਤਾ। ਤੁਰਕਾਂ ਨੂੰ ਫਤੇ ਦੀ ਆਸ ਨਾ ਰਹੀ ਪਰ ਇਕੱਠੇ ਹੋ ਸਿੱਖਾਂ ਤੇ ਆ ਚੜ੍ਹੇ। ਸਿੱਖਾਂ ਦੇ ਹੌਸਲੇ ਵੱਧੇ ਹੋਏ ਸਨ। ਅਕਾਲ ਅਕਾਲ ਕਰਦੇ ਚਿੜਿਆਂ ਵਾਂਗੂੰ ਉਹਨਾਂ ਤੇ ਲਪਕ ਪਏ। ਛੇਕੜ ਤੁਰਕ ਮੈਦਾਨ ਛੱਡ ਕੇ ਨਸ ਗਏ। ਗੁਰੂ ਜੀ ਦੀ ਫਤ੍ਹੇ ਹੋਈ।

ਚੌਥੀ ਲੜਾਈ ਹਰਿਗੋਬਿੰਦ ਪੁਰ ਵਿਖੇ ਸੂਬੇ ਜਾਲੰਧਰ ਨਾਲ ਹੋਈ। ਏਥੇ ਭਗਵਾਨ ਦਾਸ ਖਤਰੀ ਨੇ ਆ ਕੇ ਬੋਲ ਕਬੋਲ ਬੋਲਣੇ ਸ਼ੁਰੂ ਕਰ ਦਿੱਤੇ ਤੇ ਵੱਡੇ ਗੁਰੂਆਂ ਦਾ ਨਾਂ ਲੈ ਲੈ ਗਾਲ੍ਹੀਆਂ ਕੱਢੀਆਂ। ਸਿੱਖ ਸਹਾਰ ਨਾ ਸਕੇ। ਭਾਈ ਭੱਲਣ ਦੀ ਲੱਤ-ਮੁੱਕੀ ਦੇ ਨਾਲ ਮਾਰ ਖਾ ਖਾ ਮਰ ਗਿਆ। ਉਹਦਾ ਪੁਤ ਰਤਨ ਚੰਦ ਸੂਬੇ ਜਾਲੰਧਰ ਪਾਸ ਜਾ ਰੋਇਆ। ਚੰਦੂ ਸੁਆਹੀ ਦਾ ਭਰਾ ਨਾਲੇ ਉਹਦਾ ਪੁੱਤਰ ਕਰਮਚੰਦ ਵੀ ਉਥੇ ਸੀ। ਸਭ ਨੇ ਸੂਬੇ ਅਬਦੁਲੇ ਖਾਂ ਨੂੰ ਭੜਕਾਇਆ। ਉਹ ਵੀ ਇਹਨਾਂ ਨਾਲ ਤਿਆਰ ਹੋ ਪਿਆ ਤੇ ਫੌਜ ਲੈ ਕੇ ਗੁਰੂ ਜੀ ਤੇ ਚੜ੍ਹ ਆਇਆ। ਪੰਜ ਹਜ਼ਾਰ ਆਪਣੀ ਫੌਜ ਤੇ ਕੁੱਝ ਹਜ਼ਾਰ ਤਾਬੇਦਾਰ ਜਾਗੀਰਦਾਰਾਂ ਦੀ ਫੌਜ ਉਸ ਦੇ ਨਾਲ ਸੀ। ਦੀਨ ਮਜ਼ਹਬ ਦੇ ਜੰਗ ਦਾ ਢੰਡੋਰਾ ਫੇਰ ਦਿੱਤਾ। ਇਹ ਸੁਣ ਕੇ ਮਾਝੇ ਤੇ ਮਾਲਵੇ ਦੇ ਸਿੱਖ ਘਰਾਂ ਤੋਂ ਹੀ ਸ਼ਸਤਰ ਲੈ ਕੇ ਗੁਰੂ ਜੀ ਕੋਲ ਆ ਗਏ। ਗੁਰੂ ਜੀ ਦੇ ਉੱਘੇ ਯੋਧੇ ਭਾਈ ਜਟੂ, ਪੈੜਾ, ਜੇਠਾ, ਕਲਿਆਨਾ, ਪਰਾਗਾ, ਤੋਤਾ, ਮਥਰਾ, ਜਗਨਾ, ਪਰਸੂ, ਸਕਤੂ, ਭਲਣ, ਬਿਧੀ ਚੰਦ ਆਦਿ ਸਨ। ਰਾਜਾ ਹਰੀ ਪੁਰੀਆ, ਬਸੌਲੀ, ਤਾਰਾ ਚੰਦ, ਸਭਾ ਚੰਦ ਨੂਰ ਪੁਰੀਆ, ਪ੍ਰਤਾਪ ਸਿੰਘ, ਮੰਜ, ਸੀਹਾਂ ਚੌਧਰੀ, ਗਿਲ, ਕਰਮਾ, ਸਰਾਓ, ਚੌਧਰੀ ਕਲ, ਢੁਲਣ, ਫਤੇ ਮੁਹੰਮਦ ਪਠਾਨ ਕੋਟ ਆਪਣੀ ਆਪਣੀ ਫੌਜ ਲੈ ਗੁਰੂ ਜੀ ਕੋਲ ਇਕੱਠੇ ਹੋ ਗਏ। ਗੁਰੂ ਜੀ ਕੋਲ ਸਤ ਅੱਠ ਹਜ਼ਾਰ ਬਹਾਦਰ ਹੋ ਗਿਆ। ਸੂਬਾ ਬਿਆਸਾ ਪਾਰ ਕਰਕੇ ਆ ਗਿਆ। ਦੋਹਾਂ ਦਲਾਂ ਦਾ ਪਿਛਲੇ ਪਹਿਰ ਭੇੜ ਹੋ ਪਿਆ। ਤੀਰ ਤੇ ਗੋਲੀ ਬਹੁਤ ਵੱਸੀ। ਭਾਈ ਮਥਰੇ ਨੇ ਬੈਰਮ ਖਾਂ ਨੂੰ ਪਾਰ ਬੁਲਾਇਆ। ਪਰ ਤੁਰਕੀ ਦਲ ਉਛਲ ਪਿਆ ਉਹ ਵੀ ਸ਼ਹੀਦ ਹੋ ਗਿਆ।

ਦੂਜੇ ਦਿਨ ਸੂਬੇ ਨੇ ਬਲਵੰਡ ਖਾਂ, ਅਲੀ ਬਖਸ਼ ਤੇ ਕਰੀਮ ਬਖਸ਼ ਨੂੰ ਛੇ ਛੇ ਹਜ਼ਾਰ ਜੁਆਨਾ ਨਾਲ ਅੱਗੇ ਕੀਤਾ। ਬਲਵੰਡ ਖਾਂ ਪਰਾਗੇ ਦੀ ਬੰਦੂਕ ਦਾ ਨਿਸ਼ਾਨਾ ਹੋ ਗਿਆ। ਦੋਹੀਂ ਪਾਸੀਂ ਯੋਧੇ ਟੁੱਟ ਪਏ। ਘਮਸਾਨ ਦੀ ਲੜਾਈ ਹੋਈ। ਸੈਂਕੜੇ ਜੁਆਨ ਧਰਤੀ ਤੇ ਲੇਟ ਗਏ। ਅਲੀ ਬਖਸ਼ ਨੂੰ ਭਾਈ ਨਾਨੋ ਨੇ ਸ਼ਬਦ ਭੇਦ ਬਾਨ ਨਾਲ ਵਿੰਨ ਸੁੱਟਿਆ। ਜਗਨੇ ਦੇ ਹਥੋਂ ਇਮਾਮ ਬਖਸ਼ ਮਰਿਆ। ਇਸ ਲੜਾਈ ਵਿੱਚ ਕਦੀ ਸਿੱਖ ਤੁਰਕਾਂ ਨੂੰ ਤੇ ਕਦੀ ਤੁਰਕ ਸਿੱਖਾਂ ਨੂੰ ਦਬਾ ਲੈਂਦੇ।

ਤੀਜੇ ਦਿਨ ਫੌਜਾਂ ਆਹਮਣੇ ਸਾਹਮਣੇ ਆ ਹੋਈਆਂ। ਤੁਰਕੀ ਫੌਜ ਨੇ ਝੰਡਾ ਅਗੇ ਆ ਗੱਡਿਆ। ਏਧਰ ਭਾਈ ਸਕਤੂ ਨੇ ਅੱਗੇ ਵਧ ਕੇ ਇਕ ਨਿਸ਼ਾਨ ਜਾ ਗੱਡਿਆ। ਹੁਣ ਦੋਹਾਂ ਧਿਰਾਂ ਦੇ ਬਹਾਦਰ ਆਪਣੇ ਆਪਣੇ ਨਿਸ਼ਾਨਾਂ ਤੋਂ ਪਿਛੇ ਹਟਣਾ ਨਮੋਸ਼ੀ ਜਾਣ ਕੇ ਜੋਰ ਦੇ ਕੇ ਲੜਨ ਲੱਗੇ। ਏਸਤਰ੍ਹਾਂ ਦੋਵੇਂ ਫੌਜਾ ਝੰਡਿਆਂ ਦੀ ਹਦ ਤੇ ਭਿੜਨ ਲਗੀਆਂ। ਲੋਥ ਤੇ ਲੋਥ ਚੜ ਗਈ। ਤੁਰਕਾਂ ਦੇ ਪੈਰ ਪਿਛੇ ਹਟਣ ਲੱਗੇ, ਸੂਬਾ ਘਬਰਾਇਆ, ਕਰਮਚੰਦ ਤੇ ਰਤਨ ਚੰਦ ਨੂੰ ਬਹੁਤ ਝਿੜਕਿਆ। ਉਹਨਾ ਸਮੇਤ ਹੋਰ ਸਾਥੀਆ ਨੂੰ ਨਾਲ ਲੈ ਕੇ ਜੰਗ ਵਿਚ ਆਣ ਖਲੋਤਾ। ਇਹ ਵੇਖ ਗੁਰੂ ਜੀ ਵੀ ਆਪਣੇ ਬਹਾਦਰ ਸਾਥੀਆਂ ਨੂੰ ਨਾਲ ਲੈ ਕੇ ਉਸਦੇ ਮੁਕਾਬਲੇ ਤੇ ਉਸਦੇ ਸਾਹਮਣੇ ਆ ਖਲੋਤੇ। ਏਨੇ ਨੂੰ ਕਰਮ ਚੰਦ ਕੁਝ ਮੁਸਲਮਾਨਾਂ ਦੇ ਨਾਲ ਭਾਈ ਬਿਧੀ ਚੰਦ ਦੇ ਸਾਹਮਣੇ ਆ ਗਿਆ। ਦੂਜੇ ਪਾਸਿਓ ਰਤਨ ਚੰਦ ਨੇ ਤੀਰ ਚਲਾਏ। ਇਕ ਤੀਰ ਨਾਲ ਭਾਈ ਬਿਧੀ ਚੰਦ ਦਾ ਘੋੜਾ ਮਰਿਆ ਤੇ ਦੂਜਾ ਭਾਈ ਜੀ ਨੂੰ ਲੱਗਾ। ਭਾਈ ਜੀ ਨੇ ਉਹਦਾ ਘੋੜਾ ਮਾਰ ਸੁਟਿਆ। ਘੋੜਾ ਡਿੱਗਿਆ ਤਾਂ ਉਹ ਉਸਦੇ ਥੱਲੇ ਆ ਗਿਆ। ਭਾਈ ਬਿਧੀ ਚੰਦ ਨੇ ਉਸ ਨੂੰ ਫੜ ਲਿਆ ਤੇ ਬਹੁਤ ਕੁੱਟਿਆ ਤੇ ਗੁਰੂ ਜੀ ਕੋਲ ਲੈ ਗਿਆ। ਗੁਰੂ ਜੀ ਨੇ ਦਇਆ ਕੀਤੀ ਤੇ ਛੱਡ ਦਿੱਤਾ। ਕਰੀਮ ਬਖਸ਼ ਮਾਰਿਆ ਗਿਆ।

ਗੁਰੂ ਜੀ ਨੇ ਤੀਰਾਂ ਦੀ ਬੁਛਾੜ ਕੀਤੀ। ਕਈ ਸਰਦਾਰ ਪਛਾੜੇ। ਪਰਤਾਪ ਸਿੰਘ ਨੇ ਹਮੀਦੁਲ ਦੀਨ ਨੂੰ ਤੇ ਰਸਾਲਦਾਰ ਸ਼ਾਹਬਾਜ਼ ਖਾਂ ਨੂੰ ਰਾਏ ਜੀਵੇ ਨੇ ਥਾਂ ਰੱਖਿਆ। ਏਸ ਹੱਲੇ ਵਿੱਚ, ਭਾਈ ਪਰਸੂ, ਸਕਤੂ, ਗਜਣ, ਭਾਗਾ, ਬੰਮਣ, ਤੋਤਾ ਇਹ ਉਘੇ ਜੋਧੇ ਸ਼ਹੀਦ ਹੋ ਗਏ। ਨਬੀ ਬਖਸ਼ ਨੂੰ ਵੀ ਭਾਈ ਬਿਧੀ ਚੰਦ ਨੇ ਮਾਰਿਆ। ਬੜਾ ਘੋਰ ਜੁਧ ਮਚਿਆ। ਸ਼ਾਮ ਪੈ ਗਈ। ਰਤਨ ਚੰਦ, ਕਰਮ ਚੰਦ ਤੇ ਸੂਬਾ ਤਿੰਨੇ ਗੁਰੂ ਜੀ ਦੇ ਸਾਹਮਣੇ ਆ ਹੋਏ। ਗੁਰੂ ਜੀ ਇਕੱਲੇ ਸਨ। ਸੇਵਕ ਕੋਈ ਕੋਲ ਨਹੀਂ ਸੀ। ਸਭ ਆਪੋ ਆਪਣੀ ਥਾਵੇਂ ਰੁੱਝੇ ਹੋਏ ਸਨ। ਗੁਰੂ ਜੀ ਨਿਰਭੈ ਖੜੇ ਰਹੇ। ਤਾਰਾ ਚੰਦ ਦਾ ਤੀਰ ਗੁਰੂ ਜੀ ਦੇ ਘੋੜੇ ਨੂੰ ਲੱਗਾ। ਫੇਰ ਤਾਂ ਤਿੰਨੇ ਹੀ ਤੀਰ ਮਾਰਨ ਲਗੇ। ਗੁਰੂ ਜੀ ਸਭ ਤੀਰ ਢਾਲ ਉੱਤੇ ਲੈਂਦੇ ਰਹੇ। ਸੱਚ ਹੈ ਕਿ ਯੋਧੇ ਇਕੱਲੇ ਹੀ ਬਹੁਤਿਆਂ ਨਾਲ ਲੜਿਆ ਕਰਦੇ ਹਨ। ਗੁਰੂ ਜੀ ਤਿੰਨਾਂ ਦੇ ਤੀਰ ਹੀ ਪਟੇ ਬਾਜੀ ਦੇ ਕਰਤਬ ਨਾਲ ਬਚਾਉਂਦੇ ਰਹੇ। ਤੀਰਾਂ ਦੀ ਮਾਰ ਨਾਲ ਚਾਰੇ ਘੋੜੇ ਮਾਰੇ ਗਏ। ਚਾਰੇ ਬਹਾਦਰ ਸਾਹਮਣੇ ਸਾਹਮਣੇ ਹੋ ਗਏ। ਕਰਮ ਚੰਦ ਨੇ ਖੰਡੇ ਨਾਲ ਗੁਰੂ ਜੀ ਤੇ ਵਾਰ ਕੀਤਾ। ਗੁਰੂ ਜੀ ਨੇ ਢਾਲ ਉਸ ਦੇ ਸਿਰ ਮਾਰੀ। ਉਹ ਮੂਰਛਿਤ ਹੋ ਡਿਗ ਪਿਆ। ਦੂਜੇ ਪਾਸਿਉਂ ਰਤਨ ਚੰਦ ਨੇ ਗੁਰੂ ਜੀ ਤੇ ਤਲਵਾਰ ਵਾਹੀ ਜੋ ਢਾਲ ਤੇ ਵਜ ਕੇ ਟੁਟ ਗਈ। ਗੁਰੂ ਜੀ ਨੇ ਤਲਵਾਰ ਨਾਲ ਉਸ ਨੂੰ ਢੇਰ ਕਰ ਦਿੱਤਾ। ਦੋਵੇਂ ਸਾਥੀ ਡਿਗ ਪਏ। ਨਵਾਬ ਭਜਣ ਲੱਗਾ। ਗੁਰੂ ਜੀ ਨੇ ਉਸਨੂੰ ਗੀਦੀ ਗਿੱਦੜ ਕਹਿ ਕੇ ਵੰਗਾਰਿਆ। ਉਹਨੂੰ ਸਾਹਮਣੇ ਹੋਣਾ ਪਿਆ। ਉਸ ਬਚਾਅ ਦੇ ਬਹੁਤ ਦਾਅ ਕੀਤੇ ਪਰ ਗੁਰੂ ਜੀ ਦੇ ਖੰਡੇ ਨਾਲ ਖੰਡ ਖੰਡ ਹੋ ਗਿਆ। ਕਰਮ ਚੰਦ ਮੂਰਛਾ ਹਾਲਤ ਤੋਂ ਜਾਗ ਉਠਿਆ। ਉਹ ਜਦ ਤਕ ਸਾਵਧਾਨ ਨਾ ਹੋਇਆ ਗੁਰੂ ਜੀ ਨੇ ਉਸ ਤੇ ਕੋਈ ਵਾਰ ਨਾ ਕੀਤਾ। ਜਦ ਉਸ ਤੇਗ਼ ਉਠਾਈ ਤਾਂ ਗੁਰੂ ਜੀ ਨੇ ਕਿਹਾ ਵਾਰ ਕਰ ਲੈ। ਕੋਈ ਗੁਮਰ ਨਾ ਰਹਿ ਜਾਈ। ਓਸ ਆਖਿਆ ਤਾਂ ਲੜਦਾ ਹਾਂ ਜੋ ਢਾਲ ਸਿਟ ਦਿਓ। ਗੁਰੂ ਜੀ ਨੇ ਢਾਲ ਸਿਟ ਦਿੱਤੀ। ਖਾਲੀ ਤੇਗ਼ ਲੈ ਖਲੋਤੇ। ਉਸ ਨੇ ਬੜੇ ਜ਼ੋਰ ਤੇ ਕ੍ਰੋਧ ਨਾਲ ਤੇਗ਼ ਵਾਹੀ ਜੋ ਗੁਰੂ ਜੀ ਨੇ ਰੋਕੀ। ਦੋਵੇਂ ਤਲਵਾਰਾਂ ਟੁਟ ਗਈਆਂ। ਆਪਨੇ ਉਸ ਨੂੰ ਗਰਦਨੋ ਫੜ ਲਿਆ। ਉਨ ਬਥੇਰੇ ਹੱਥ ਪੈਰ ਮਾਰੇ ਪਰ ਗੁਰੂ ਜੀ ਨੇ ਪਟਕਾ ਕੇ ਧਰਤੀ ਤੇ ਮਾਰਿਆ ਤੇ ਜਾਨ ਕੱਢ ਦਿੱਤੀ। ਗੁਰੂ ਜੀ ਨੇ ਉੱਚੀ ਸਾਰੀ ਜੈਕਾਰਾ ਗਜਾਇਆ 'ਜੈ ਹੋਈ ਗੁਰੂ ਨਾਨਕ ਦੇਵ ਜੀ ਦੀ' ਨਵਾਬ ਮਾਰਿਆ। ਸਰਦਾਰ ਨੂੰ ਮਰਿਆ ਸੁਣ ਕੇ ਤੁਰਕ ਫੌਜਾਂ ਨੱਸਣ ਲੱਗ ਪਈਆਂ। ਸਿੱਖਾਂ ਨੇ ਭਜਦਿਆਂ ਨੂੰ ਮਾਰਨਾ ਚੰਗਾ ਨਾ ਸਮਝਿਆ। ਤੀਸਰੇ ਦਿਨ ਇਹ ਭਾਰੀ ਲੜਾਈ ਹੁੰਦੀ ਰਹੀ। ਅਖੀਰ ਗੁਰੂ ਜੀ ਦੀ ਫਤਹਿ ਹੋਈ।

ਇਸ ਤੋਂ ਬਾਅਦ ਮਾਲਵੇ ਵਿਚ ਨਿਥਾਣੇ ਤੋਂ ਤਿੰਨ ਕੋਹ ਮਰਾੜ ਵਾਲੇ ਪਾਸੇ ਤੋਂ ਏਥੇ ਤੁਰਕ ਫੌਜਾਂ, ਈਸਫਜ਼ਈ, ਯੂਸਫਜ਼ਈ, ਦਾਊਦਜ਼ਈ, ਗਿਲਜ਼ੱਈ, ਅਬਦਾਲੀ, ਅਰਬੀ ਰੁਹੇਲੇ, ਤੁਰਕਮਾਨ, ਕਸ਼ਮੀਰੀ, ਹਬਸ਼ੀ ਆ ਇਕੱਠੇ ਹੋਏ। ਇਧਰ ਮਾਲਵੇ ਵਿੱਚ ਬਰਾੜ, ਗਿੱਲ,

ਕਰਮ ਚੰਦ ਮੂਰਛਾ ਹਾਲਤ ਤੋਂ ਜਾਗ ਉਠਿਆ। ਉਹ ਜਦ ਤਕ ਸਾਵਧਾਨ ਨਾ ਹੋਇਆ ਗੁਰੂ ਜੀ ਨੇ ਉਸ ਤੇ ਕੋਈ ਵਾਰ ਨਾ ਕੀਤਾ। ਜਦ ਉਸ ਤੇਗ਼ ਉਠਾਈ ਤਾਂ ਗੁਰੂ ਜੀ ਨੇ ਕਿਹਾ ਵਾਰ ਕਰ ਲੈ। ਕੋਈ ਗੁਮਰ ਨਾ ਰਹਿ ਜਾਈ। ਓਸ ਆਖਿਆ ਤਾਂ ਲੜਦਾ ਹਾਂ ਜੇ ਢਾਲ ਸਿਟ ਦਿਓ। ਗੁਰੂ ਜੀ ਨੇ ਢਾਲ ਸਿਟ ਦਿੱਤੀ। ਖਾਲੀ ਤੇਗ਼ ਲੈ ਖਲੋਤੇ। ਉਸ ਨੇ ਬੜੇ ਜ਼ੋਰ ਤੇ ਕ੍ਰੋਧ ਨਾਲ ਤੇਗ਼ ਵਾਹੀ ਜੋ ਗੁਰੂ ਜੀ ਨੇ ਰੋਕੀ। ਦੋਵੇਂ ਤਲਵਾਰਾਂ ਟੁਟ ਗਈਆਂ। ਆਪ ਨੇ ਉਸ ਨੂੰ ਗਰਦਨੋ ਫੜ ਲਿਆ। ਉਨ ਬਥੇਰੇ ਹੱਥ ਪੈਰ ਮਾਰੇ ਪਰ ਗੁਰੂ ਜੀ ਨੇ ਪਟਕਾ ਕੇ ਧਰਤੀ ਤੇ ਮਾਰਿਆ ਤੇ ਜਾਨ ਕੱਢ ਦਿੱਤੀ। ਗੁਰੂ ਜੀ ਨੇ ਉੱਚੀ ਸਾਰੀ ਜੈਕਾਰਾ ਗਜਾਇਆ 'ਜੈ ਹੋਈ ਗੁਰੂ ਨਾਨਕ ਦੇਵ ਜੀ ਦੀ' ਨਵਾਬ ਮਾਰਿਆ। ਸਰਦਾਰ ਨੂੰ ਮਰਿਆ ਸੁਣ ਕੇ ਤੁਰਕ ਫੌਜਾਂ ਨੱਸਣ ਲੱਗ ਪਈਆਂ। ਸਿੱਖਾਂ ਨੇ ਭਜਦਿਆਂ ਨੂੰ ਮਾਰਨਾ ਚੰਗਾ ਨਾ ਸਮਝਿਆ। ਤੀਸਰੇ ਦਿਨ ਇਹ ਭਾਰੀ ਲੜਾਈ ਹੁੰਦੀ ਰਹੀ। ਅਖੀਰ ਗੁਰੂ ਜੀ ਦੀ ਫਤਹਿ ਹੋਈ।

ਧਾਰੀਵਾਲ, ਮਾਨ, ਭੁੱਲਰ, ਮਾਹਲਸਰ ਤੂਲਹ, ਰੰਧਾਵੇ, ਚਾਹਲ, ਸਿੱਧੂ, ਸੰਧੂ, ਵੜਾਇਚ ਆਦਿਕ ਆ ਇਕੱਠੇ ਹੋਏ। ਨਵਾਬ ਕਮਰਦੀਨ ਨਾਲ ੭੦ ਹਜ਼ਾਰ ਫੌਜ ਸੀ। ਓਧਰ ਇਸਮਾਈਲ ਖਾਂ, ਨਾਹਰ ਖਾਂ, ਜ਼ਾਲਿਮ ਖਾਂ, ਪੁਰਾਣੇ ਲੜਾਕੇ ਜੰਗਜੂ ਸਨ। ਰਾਤ ਹੀ ਲੜਾਈ ਸ਼ੁਰੂ ਹੋ ਗਈ। ਸਰਦੀ ਬੜੀ ਸੀ। ਏਧਰ ਜੋਧ ਸ਼ਾਹ, ਪਰਤਾਪ ਸਿੰਘ, ਚੌਧਰੀ ਸ਼ੀਹਾਂ, ਜੇਠਾ, ਜੈਤਾ ਆਦਿਕ ਹਜ਼ਾਰ ਬਾਰਾਂ ਸੌ ਸਿੱਖਾਂ ਨਾਲ ਲੜ ਰਹੇ ਸੀ। ਗੁਰੂ ਸਾਹਿਬ ਘੋੜੇ ਤੇ ਸਵਾਰ ਪੰਜ ਸੌ ਜਵਾਨਾ ਨਾਲ ਵਣਖੰਡ ਵਾਲੇ ਪਾਸੇ ਜੰਡ ਬ੍ਰਿਛ ਹੇਠ ਖੜੇ ਸਨ। ਫੌਜ ਨੇੜੇ ਆ ਗਈ। ਯੋਧੇ ਭਿੜ ਪਏ। ਕਿਆਮਤ ਵਾਲੀ ਰਾਤ ਆ ਗਈ। ਹਨੇਰਾ ਸੀ। ਐਸੀ ਬਿਧ ਬਣੀ ਕਿ ਤੁਰਕ ਸਿੱਖ ਸਮਝ ਆਪੇ ਵਿੱਚ ਹੀ ਇਕ ਦੂਜੇ ਨੂੰ ਮਾਰੀ ਜਾਣ। ਨਾਲੇ ਅੱਗਾਂ ਬਾਲਣ ਨਾਲੇ ਲੜਨ। ਸਿੱਖਾਂ ਨੇ ਵੀ ਤੁਰਕਾਂ ਦੇ ਸਬਰ ਲਾਹ ਸੁੱਟੇ। ਗੁਰੂ ਜੀ ਨੇ ਹੁਕਮ ਕੀਤਾ ਕਿ ਤੁਰਕਾਂ ਦੇ ਏਸ ਵੇਲੇ ਦਮ ਨਿਕਲੇ ਹੋਏ ਹਨ, ਹੁਣੇ ਪਿੱਛਾ ਕਰੋ, ਸਵੇਰ ਹੋਈ ਤੰਗ ਕਰਨਗੇ। ਇਹਨਾਂ ਨੂੰ ਦਮ ਨਾ ਲੈਣ ਦਿਓ। ਹੱਲੇ ਤੇ ਹੱਲਾ ਕਰ ਦੱਬੀ ਜਾਓ। ਬਸ ਫੇਰ ਸਿੱਖ ਭੁੱਖੇ ਬਘਿਆੜਾਂ ਵਾਂਗ ਤਲਵਾਰਾਂ ਖਿੱਚ ਤੁਰਕੀ ਸੈਨਾ ਤੇ ਜਾ ਪਏ। ਤੀਰ ਗੋਲੀ ਦਾ ਮੀਂਹ ਦੋਹਾਂ ਪਾਸਿਆਂ ਤੋਂ ਵਰ੍ਹਿਆ। ਕਾਲੇ ਖਾਂ ਨੇ ਹਬਸ਼ੀਆਂ ਤੇ ਰੁਹੇਲਿਆਂ ਨੂੰ ਸਿੱਖਾਂ ਤੇ ਝੁਕਾਇਆ। ਸਿੱਖਾਂ ਨੇ ਹੱਥੋ ਹੱਥ ਲਏ। ਠੰਡ ਨੇ ਵੀ ਬਹੁਤ ਤੰਗ ਕੀਤਾ। ਮੈਦਾਨ ਵਿਚ ਤੁਰਕਾਂ ਦੀਆਂ ਲੋਥਾਂ ਹੀ ਲੋਥਾਂ ਦੇਖ ਨਵਾਬ ਲੱਲਾ ਬੇਗ ਬਹੁਤ ਫਿਕਰ ਕਰਨ ਲੱਗਾ। ਭਾਈ ਮਰੇ ਦੇਖ ਭੁੱਬਾਂ ਨਿਕਲ ਗਈਆਂ। ਪਰ ਤੁਰਕ ਫੌਜਾਂ ਨੂੰ ਵੰਗਾਰ ਕੇ ਫੇਰ ਸਿੱਖਾਂ ਸਾਹਵੇਂ ਖੜਾ ਕਰ ਦਿੱਤਾ।

ਏਧਰ ਗੁਰੂ ਜੀ ਨੇ ਆਪਣੇ ਜੋਧਿਆਂ ਨੂੰ ਹੁਕਮ ਦਿੱਤਾ ਤਾਂ ਇਹਨਾਂ ਵੀ ਤਕੜੇ ਹੋ ਤੀਰ ਗੋਲੀ ਵਰਾਉਣੀ ਸ਼ੁਰੂ ਕਰ ਦਿੱਤੀ। ਏਸ ਵੇਲੇ ਗੁਰੂ ਜੀ ਨੇ ਇਕ ਐਸਾ ਤੀਰ ਛਡਿਆ ਜਿਸ ਨਾਲ ਲੱਲਾ ਬੇਗ ਦਾ ਤਾਜ ਉਡ ਗਿਆ। ਤੁਰਕ ਅਫਸਰ ਵੀ ਬਹੁਤ ਤੀਰ ਚਲਾਉਂਦੇ ਪਰ ਗੁਰੂ ਜੀ ਦੇ ਤੀਰਾਂ ਦੀ ਜੋ ਦੂਰੋਂ ਹੀ ਚਲਾਉਂਦੇ ਸਨ, ਬਰਾਬਰੀ ਨਹੀਂ ਸਨ ਕਰ ਸਕਦੇ। ਕਾਬਲੀ ਬੇਗ ਜੋ ਮੰਨਿਆਂ ਹੋਇਆ ਜੋਧਾ ਸੀ ਘੋੜਾ ਛੇੜ ਗੁਰੂ ਜੀ ਦੇ ਸਾਹਮਣੇ ਆ ਗਿਆ ਤੇ ਗੁਰੂ ਜੀ ਨੂੰ ਵੰਗਾਰਿਆ। ਦੋਵੇਂ ਬਹਾਦਰ ਜੁਟ ਪਏ। ਪਹਿਲਾਂ ਤੀਰ ਫੇਰ ਤਲਵਾਰਾਂ ਚਲੀਆਂ। ਅਖੀਰ ਗੁਰੂ ਜੀ ਨੇ ਉਸ ਨੂੰ ਦੋ ਟੋਟੇ ਕਰ ਦਿੱਤਾ। ਕਮਰ ਬੇਗ ਖਾਂ ਨੂੰ ਜੋਧ ਸ਼ਾਹ ਨੇ ਖ਼ਤਮ ਕਰ ਦਿੱਤਾ। ਉਹਨੇ ਉਸ ਨੂੰ ਸਾਂਗ ਵਿੱਚ ਪਰੋ ਕੇ ਗੁਰੂ ਜੀ ਦੇ ਸਾਹਮਣੇ ਜਾ ਸੁੱਟਿਆ। ਏਸ ਤਰ੍ਹਾਂ ਹੀ ਭੱਲਣ ਨੇ ਸ਼ਮਸਬੇਗ ਤੇ ਰਾਇ ਲਾਲ ਨੇ ਕਾਸਮ ਬੇਗ ਨੂੰ ਬਰਛੇ ਵਿੱਚ ਪਰੋ ਕੇ ਉਹਨਾਂ ਦੇ ਸਿਰ ਗੁਰੂ ਜੀ ਅੱਗੇ ਲਿਆ ਰੱਖੇ। ਲੱਲਾ ਬੇਗ ਦੇ ਹੌਸਲੇ ਟੁਟ ਗਏ। ਪਰ ਚਾਰ ਹਜ਼ਾਰ ਫੌਜ ਨਾਲ ਫੇਰ ਸਾਹਮਣੇ ਹੋਇਆ। ਤੇ ਗੁਰੂ ਜੀ ਦੇ ਸਿੱਖ ਵੀ ਸਾਹਮਣੇ ਆ ਖਲੋਤੇ। ਦੋ ਘੜੀਆਂ ਭਾਰੀ ਕਟ ਵੱਢ ਹੋਈ। ਲੋਹੇ ਤੇ ਲੋਹਾ ਖੜਕਿਆ। ਦੋਹਾਂ ਪਾਸਿਆਂ ਤੋਂ ਜੋਧੇ ਬੜੀ ਦਲੇਰੀ ਨਾਲ ਲੜੇ। ਸਲੇਮ ਸ਼ਾਹ, ਬਿਧੀ ਚੰਦ, ਚੌਧਰੀ ਤ੍ਰਹੜ, ਦੁਲਟ, ਜੈਤਾ, ਭਗਤਾ, ਨੰਦਾ, ਸਿੰਘਾ ਜਿਧਰ ਪੈਣ ਰਾਹ ਖਾਲੀ ਕਰੀ ਜਾਣ।

ਸਿਖਾਂ ਦਾ ਜੋਰ ਦੇਖ ਲੱਲਾ ਬੇਗ ਨੇ ਸਾਰੀ ਫੌਜ ਸਿੱਖਾਂ ਤੇ ਝੁਕਾ ਦਿੱਤੀ। ਲੱਲਾ ਬੇਗ ਦੇ ਸਾਹਵੇਂ ਪਰਤਾਪ ਸਿੰਘ ਆਣ ਹੋਇਆ ਪਰ ਗੁਰੂ ਜੀ ਨੇ ਆਖਿਆ ਕਿ ਇਹ ਸਾਨੂੰ ਵੰਗਾਰਦਾ ਹੈ। ਏਸ ਲਈ ਸਾਡਾ ਤੇ ਇਹਦਾ ਜੁਧ ਹੋਵੇਗਾ। ਗੁਰੂ ਜੀ ਨੇ ਝਟ ਉਸਨੂੰ ਘੇਰ ਲਿਆ। ਦੋਵੇਂ ਤੀਰੰਦਾਜ਼ ਪਟੇਬਾਜ਼ ਸਨ। ਇਕ ਦੂਜੇ ਦੇ ਵਾਰ ਝਲਦੇ ਰਹੇ। ਦੋਵੇਂ ਘੋੜੇ ਛਡ ਧਰਤੀ ਤੇ ਆਹਮਣੇ ਸਾਹਮਣੇ ਹੋ ਖਲੋਤੇ। ਗੁਰੂ ਜੀ ਨੇ ਤੇਗ਼ ਖਿਚ ਲਈ ਤੇ ਉਸ ਖੰਡਾ ਫੜ ਲਿਆ। ਉਹ ਵੀ ਜ਼ਖ਼ਮੀ ਹੋਇਆ ਤੇ ਗੁਰੂ ਜੀ ਨੂੰ ਪਟ ਤੇ ਘਾਓ ਲੱਗਾ। 'ਜਬੇ ਬਾਨ ਲਾਗੇ ਤਬੇ ਰੋਸ ਜਾਗੇ'। ਤਿੰਨ ਹੱਥ ਲੰਮਾ ਤੇ ੧੮ ਸੇਰ ਦਾ ਖੰਡਾ, ਗੁਰੂ ਜੀ ਦਾ ਕਿਥੋਂ ਸਹਾਰਿਆ ਜਾਏ। ਟਪਦੇ ਹੋਏ ਲਲਾ ਬੇਗ ਨੂੰ ਅਜੇਹਾ ਲੱਗਾ ਕਿ ਮੋਢੇ ਤੋਂ ਦੋਫਾੜ ਕਰਕੇ ਧਰਤੀ ਵਿਚ ਧਸ ਗਿਆ। ਤੁਰਕੀ ਦਲ ਵਿੱਚ ਹਲਚਲ ਮੱਚ ਗਈ। ਸਿੱਖਾਂ ਦੇ ਹੌਸਲੇ ਵਧ ਗਏ। ਜ਼ਾਲਮ ਖਾਂ ਹਬਸ਼ੀ ਨੂੰ ਭਲਣੇ ਬਰਾੜ ਨੇ ਸਾਂਗ ਵਿੱਚ ਪਰੋ ਸੁੱਟਿਆ। ਗੁਰੂ ਜੀ ਨੇ ਭੱਲਣ ਨੂੰ ਵਰ ਦਿੱਤਾ, ਕਿ 'ਤੇਰੀ ਵੰਸ਼ ਰਾਜ ਕਰੇਗੀ' ਗੁਲਬੇਗ ਖਾਂ ਨੂੰ ਬਿਧੀ ਚੰਦ ਨੇ ਇਸਮਾਈਲ ਖਾਂ ਨੂੰ ਰਾਇ ਲਾਲ ਨੇ ਬਹਿਲੋਲ ਖਾਂ ਨੂੰ ਜੈਤੇ ਨੇ ਮਾਰ ਕੇ ਤੁਰਕਾਂ ਨੂੰ ਭਜਾ ਦਿੱਤਾ। ਗੁਰੂ ਕੀ ਫਤ੍ਹੇ ਹੋਈ।

ਪੈਂਦੇ ਖਾਂ ਦਾ ਨਾਂ ਬੜਾ ਮਸ਼ਹੂਰ ਹੈ। ਇਹ ਛੋਟੀ ਉਮਰ ਵਿਚ ਹੀ ਗੁਰੂ ਜੀ ਕੋਲ ਆ ਗਿਆ। ਗੁਰੂ ਜੀ ਇਹਨੂੰ ਆਪਣੇ ਬੱਚਿਆਂ ਵਾਂਗ ਪਾਲਦੇ ਰਹੇ। ਕਿਸੇ ਗੱਲ ਦੀ ਇਹਨੂੰ ਕਮੀ ਨਾ ਆਉਣ ਦਿੱਤੀ। ਬੜਾ ਜੋਧਾ ਨਿਕਲਿਆ। ਜੰਗਾਂ ਵਿਚ ਗੁਰੂ ਜੀ ਨਾਲ ਹੋ ਲੜਾਈ ਕਰਦਾ ਰਿਹਾ। ਗੁਰੂ ਜੀ ਨੇ ਇਸਤੇ ਬੜੀ ਦਇਆ ਰੱਖੀ। ਅਖੀਰ ਹੰਕਾਰੀ ਹੋ ਗਿਆ। ਕੀਤੀ ਨੂੰ ਭੁਲ ਅਕ੍ਰਿਤਘਨ ਹੋ ਗਿਆ। ਬੇਈਮਾਨ ਹੋ ਗਿਆ। ਗੁਰੂ ਕਾ ਬਾਜ਼ ਪਕੜ ਲਿਆ। ਵਾਪਸ ਨਾ ਦਿੱਤਾ। ਸਗੋਂ ਅਯੋਗ ਬੋਲ ਬੋਲੇ। ਸੂਬਾ ਜਾਲੰਧਰ ਤੇ ਬਾਦਸ਼ਾਹ ਕੋਲ ਜਾ ਰੋਇਆ, ਇਸਨੇ ਉਹਨਾਂ ਨੂੰ ਕਿਹਾ ਕਿ ਗੁਰੂ ਕੋਲ ਆਮ ਲੋਕਾਂ ਵਰਗੇ ਸਿੱਖ ਹਨ। ਕੋਈ ਜੋਧੇ ਨਹੀਂ। ਉਹਨਾਂ ਦੀ ਗਿਣਤੀ ਵੀ ਥੋਹੜੀ ਹੈ। ਫਿਕਰ ਨਾ ਕਰੋ ਤਾਂ ਕੁਤਬ ਖਾਂ ਨੇ ਕਿਹਾ ਕਿ ਗੁਰੂ ਆਪ ਵੀ ਤਾਂ ਬੜਾ ਬਲੀ ਜੋਧਾ ਹੈ ਤੇ ਉਸ ਦੇ ਸਿੱਖ ਵੀ ਸਾਹਮਣੇ ਹੋ ਕੇ ਮਰਨ ਮਾਰਨ ਵਾਲੇ ਹਨ। 'ਜਾਦੂ ਉਹ ਜੋ ਸਿਰ ਚੜ੍ਹ ਬੋਲੇ' ਗੁਰੂ ਕੀ ਵਡਿਆਈ ਏਨੀ ਫੈਲ ਚੁੱਕੀ ਸੀ, ਜੋ ਕੁਤਬ ਦੀਨ ਨੇ ਕਹੀ। ਕਾਲੇ ਖਾਂ ਨੇ ਬੀੜਾ ਚੁਕਿਆ। ਕੁਤਬ ਖਾਂ ਸੂਬਾ ਜਾਲੰਧਰ ਤੇ ਹੋਰ ਪ੍ਰਸਿੱਧ ਯੋਧੇ, ਹਜ਼ਾਰਾਂ ਦੀ ਗਿਣਤੀ ਵਿਚ ਫੌਜ ਲੈ ਗੁਰੂ ਜੀ ਤੇ ਚੜ੍ਹਾਈ ਕਰ ਦਿੱਤੀ। ਕਰਤਾਰਪੁਰ ਦੇ ਮੈਦਾਨ ਵਿਚ ਆ ਲੜਨ ਲਗੇ। ਗੁਰੂ ਕੀਆਂ ਫੌਜਾਂ ਵੀ ਉਹਨਾਂ ਨਾਲੋਂ ਕੁੱਝ ਘਟ ਹਜ਼ਾਰਾਂ ਦੀ ਗਿਣਤੀ ਵਿਚ ਸਨ। ਖੂਬ ਗੱਚਾ ਗੱਚ ਲੜਾਈ ਹੋਈ। ਬੜੇ ਜਵਾਨ ਮਾਰੇ ਗਏ। ਜਿਧਰ ਵੇਖਣ ਓਧਰ ਲੋਥਾਂ ਹੀ ਲੋਥਾਂ। ਜਿਨ੍ਹਾਂ ਵਿੱਚ ਤੁਰਕਾਂ ਦੀ ਗਿਣਤੀ ਜ਼ਿਆਦਾ। ਤੁਰਕ ਸਰਦਾਰ ਘਬਰਾ ਗਏ। ਸਾਦੇ ਖਾਨ, ਅਨਵਰ ਖਾਨ ਮਾਰਿਆ ਗਿਆ। ਤੁਰਕ ਸੈਨਾ ਬੇਚੈਨ ਹੋ ਗਈ। ਕਈ ਖਾਨ ਮਾਰੇ ਗਏ। ਬਦਰਦੀਨ ਗ਼ਫ਼ੂਰ ਖਾਂ ਆਦਿਕ, ਤਾਂ ਪੈਂਦੇ ਖਾਨ ਗੁਰੂ ਜੀ ਦੇ ਸਾਹਮਣੇ ਆਇਆ ਤੇ ਗੁਰੂ ਜੀ ਨੂੰ ਵੰਗਾਰਿਆ ਕਿ ਜੇ ਕਰ ਅਣਖੀ ਹੈਂ ਤਾਂ ਖੜਗ ਦਾ ਦ੍ਵੰਦ ਜੁਧ ਕਰ। ਤਾਂ ਗੁਰੂ ਜੀ ਨੇ ਖੜਗ ਫੜ ਲਈ ਤੇ ਗਰਜ ਕੇ ਕਿਹਾ ਕਿ ਨਮਕ ਹਰਾਮੀਆ ਤੇਰੀ ਅਕਲ ਮਾਰੀ ਗਈ ਹੈ। ਹੁਣ ਤੂੰ ਪਹਿਲਾਂ ਵਾਰ ਕਰ ਲੈ ਕੋਈ ਗੁਮਰ ਨਾ ਰਹਿ ਜਾਈ। ਉਸ ਨੇ ਆਪਣਾ ੨੫ ਸੇਰ ਦਾ ਖੰਡਾ ਵਾਹਿਆ ਜੋ ਗੁਰੂ ਜੀ ਨੇ ਸਤ ਸੇਰ ਭਰਤ ਦੀ ਰਕਾਬ ਤੇ ਰੋਕ ਲਿਆ। ਦੂਜਾ ਵਾਰ ਢਾਲ ਤੇ

ਇਹ ਸਾਰੇ ਜੰਗ ਗੁਰੂ ਜੀ ਨੇ ਅਣਖੀ ਜੋਧਿਆਂ ਵਾਂਗੂੰ ਲੜੇ। ਕਿਧਰੇ ਵੀ ਸ਼ਿਕਸ਼ਤ ਜਾਂ ਢਿਲ ਨਹੀਂ ਆਈ। ਗੁਰੂ ਕੀ ਹਰ ਵੇਲੇ ਜੈ ਜੈ ਕਾਰ ਹੁੰਦੀ ਰਹੀ। ਇਹ ਜੰਗ ਗੁਰੂ ਜੀ ਦੀ ਅਣਖ, ਨਿਡਰਤਾ, ਬਲ, ਸੂਰਬੀਰਤਾ, ਸੂਰਮਤਾਈ ਨੂੰ ਉਜਾਗਰ ਕਰਦੇ ਹਨ।

ਰੋਕ ਲਿਆ। ਢਾਲ ਦਾ ਫੁੱਲ ਕੱਟਿਆ ਗਿਆ। ਉਸ ਸਮੇਂ ਹਾਲਤ ਐਸੀ ਸੀ ਕਿ ਕਿਰਪਾਨ ਨਹੀਂ ਸੀ ਚੱਲ ਸਕਦੀ। ਗੁਰੂ ਜੀ ਨੇ ਖੱਬੇ ਹੱਥ ਨਾਲ ਢਾਲ ਉਸ ਨੂੰ ਮਾਰੀ। ਪੈਂਦੇ ਖਾਨ ਮੂਰਛਿਤ ਹੋ ਕੇ ਡਿਗ ਪਿਆ। ਪੈਂਦੇ ਖਾਂ ਨੂੰ ਜਦ ਹੋਸ਼ ਆਈ, ਉਹ ਉਠ ਖਲੋਤਾ ਤਾਂ ਗੁਰੂ ਜੀ ਨੇ ਤੇਗ ਵਾਹੀ ਤੇ ਦੋਫਾੜ ਕਰ ਦਿੱਤਾ। ਕੁਤਬ ਖਾਂ ਗੁਰੂ ਜੀ ਦੇ ਸਾਹਮਣੇ ਆਇਆ ਉਹ ਵੀ ਮਾਰਿਆ ਗਿਆ ਤਾਂ ਫੇਰ ਕਾਲੇ ਖਾਂ ਦਾ ਵੀ ਗੁਰੂ ਜੀ ਨੇ ਤਲਵਾਰ ਨਾਲ ਅੰਤ ਕਰ ਦਿੱਤਾ। ਤੁਰਕ ਫੌਜ ਭੱਜ ਨਿਕਲੀ।

ਗੁਰੂ ਜੀ ਨੇ ਸਿਆਣੇ ਸਿੱਖਾਂ ਦੀ ਸਲਾਹ ਨਾਲ ਕੀਰਤਪੁਰ ਨੂੰ ਚਾਲੇ ਪਾ ਦਿੱਤੇ। ਤਦੋ ਅਹਿਮਦ ਖਾਂ, ਤਵਲ ਖਾਂ, ਕੁਤਬ ਖਾਂ, ਜਮਾਲ ਖਾਂ, ਫਤੇ ਖਾਂ ਰਈਸ ਬਸੀ ਸੇਖਾਂ ਵਾਲੀ, ਅਲਾਉਲ ਪਰੀਏ, ਲਾਫਤੇ ਖਾਂ ਵੱਡੇ ਵੱਡੇ ਆਦਮੀ ਪੰਜ ਕੁ ਹਜ਼ਾਰ ਸਵਾਰ ਪਿਆਦਾ ਲੈ ਕੇ ਫਗਵਾੜੇ ਕੋਲ ਆ ਗੁਰੂ ਜੀ ਦੇ ਸਾਹਮਣੇ ਹੋਏ। ਗੁਰੂ ਜੀ ਕੋਲ ਹਜ਼ਾਰ ਬਾਰਾਂ ਸੌ ਸਿੱਖ ਸੀ। ਉਹਨਾਂ ਦੀਆਂ ਬੰਦੂਕਾਂ ਚੱਲ ਪਈਆਂ। ਤੁਰਕ ਕਾਫੀ ਡਿਗੇ। ਖੂਬ ਲੜਾਈ ਹੋਈ। ਪੰਜ ਸਤ ਸੌ ਤੁਰਕ ਮਾਰਿਆ ਗਿਆ ਬਾਕੀ ਭਜ ਗਏ। ਰੋਪੜੀਏ ਪਠਾਨਾਂ ਦੀ ਤੇ ਪਹਾੜੀ ਰਾਜਿਆਂ ਦੀ ਖਟਪਟੀ ਰਹਿੰਦੀ ਸੀ। ਉਸ ਵਿਚ ਗੁਰੂ ਜੀ ਨੂੰ ਆਉਣਾ ਪਿਆ। ਲੜਾਈ ਹੋ ਗਈ। ਘਨੌਲੇ ਮੁੱਠ ਭੇੜ ਹੋਈ। ਪਠਾਨ ਜੋਰ ਦੇ ਕੇ ਆ ਪਏ। ਗੁਰੂ ਜੀ ਨੇ ਉਹਨਾਂ ਤੇ ਹੱਲਾ ਦੂਜੇ ਪਾਸਿਓਂ ਕਰ ਦਿੱਤਾ। ਖਟਾ ਖਟ ਤਲਵਾਰ ਚਲੀ। ਸਿੱਖਾਂ ਨੇ ਪਠਾਨ ਪਛਾੜ ਦਿੱਤੇ। ਗੁਰੂ ਕੀ ਜੈ ਜੈ ਕਾਰ ਹੋਈ।

ਇਕ ਦਿਨ ਗੁਰੂ ਜੀ ਸਤਲੁਜ ਦੇ ਕੰਢੇ ਦੂਰ ਨਿਕਲ ਗਏ। ਦੂਜੇ ਪਾਸੇ ਨਵਾਬ ਰਹਿਮਤ ਖਾਂ, ਫਤ੍ਹੇ ਖਾਂ, ਮੁਹੰਮਦ ਬਖਸ਼ ਆਦਿਕ ਰੋਪੜੀਏ ਪਠਾਨ ਵੀ ਆ ਨਿਕਲੇ। ਟਾਕਰਾ ਹੋ ਪਿਆ। ਖੂਬ ਮੁੱਠ ਭੇੜ ਹੋਈ। ਗੁਰੂ ਜੀ ਦਾ ਤੀਰ ਰੋਪੜੀਏ ਨਵਾਬ ਰਹਿਮਤ ਖਾਂ ਨੂੰ ਲੱਗ ਗਿਆ। ਤੁਰਕ ਮਾਰੇ ਗਏ।

ਵੈਸਾਖ ਸੰਮਤ ੧੬੯੫ ਨੂੰ ਰਾਜਾ ਦੀਪ ਚੰਦ ਕਹਿਲੂਰੀ ਦੇ ਪ੍ਰੇਮ ਤੇ ਪ੍ਰੇਰਨਾ ਸਦਕਾ ਗੁਰੂ ਜੀ ਸੂਰਜ ਗ੍ਰਹਿਨ ਤੇ ਕੁਰੂਕਸ਼ੇਤਰ ਚਲੇ ਗਏ। ਔਠ ਦਿਨ ਭਰਪੂਰ ਮੇਲਾ ਰਿਹਾ। ਗੁਰੂ ਕਾ ਜੱਸ ਫੈਲਿਆ। ਉਥੋਂ ਵਾਪਸ ਹੋਏ ਤਾਂ ਰੋਪੜੀਏ ਪਠਾਨ, ਜੋ ਰੋਪੜ ਦੇ ਜੰਗ ਵਿਚ ਹਾਰ ਗਏ ਸਨ, ਆਪਣੇ ਸਜਨਾਂ ਮਿਤਰਾਂ, ਮੁਸਲਮਾਨੀ ਭਾਈਚਾਰੇ ਨੂੰ ਚਾਰ ਚੁਫੇਰੇ ਦੇ ਪਿੰਡਾਂ ਸੰਘੋਲ, ਬਹਿਲੋਲ ਪੁਰ, ਕੀੜੀ ਬਸੀ, ਕੋਟਲੇ ਆਦਿ ਤੋਂ ਇਕੱਠਾ ਕਰ ਕੇ ਗੁਰੂ ਜੀ ਦਾ ਰਾਹ ਰੋਕ ਖਲੋਤੇ। ਇਹ ਪੰਜ ਛੇ ਹਜ਼ਾਰ ਦੇ ਲਗ ਪਗ ਸਨ। ਜਦ ਗੁਰੂ ਜੀ ਬਾਮਨ ਮਾਜਰੇ ਪਹੁੰਚੇ ਤਾਂ ਭੇੜ ਹੋ ਪਿਆ। ਗੁਰੂ ਜੀ ਕੋਲ ਕੋਈ ਦੋ ਕੁ ਹਜ਼ਾਰ ਸਿੱਖ ਸਨ। ਤੀਰ ਤੇ ਬੰਦੂਕਾਂ ਚੱਲਣ ਲੱਗੀਆਂ। ਸਿਖ ਥੋੜੇ ਸਨ ਪਠਾਨ ਬਹੁਤੇ। ਪਰ ਪਿਛਾਂ ਹਟਣ ਨਾ ਜਾਣਦੇ ਯੋਧੇ ਵਡ ਸੂਰੇ। ਪੈਰ ਅਗੇਰੇ ਰਖਦੇ ਅਣਖਾਂ ਦੇ ਪੂਰੇ। ਸਿੱਖ ਖੂਬ ਜਾਨ ਮਾਰ ਕੇ ਲੜੇ। ਬਾਮਣ ਮਾਜਰੇ ਦੀ ਗੜੀ ਵਿਚ ਜਾ ਵੜੇ। ਗੜ੍ਹੀ ਦਾ ਦਰਵਾਜ਼ਾ ਕੋਈ ਨਹੀਂ ਸੀ। ਤੁਰਕ ਕੱਲੇ ਤੇ ਹੱਲਾ ਕਰਕੇ ਪੈਂਦੇ। ਅੱਗੋਂ ਸਿੱਖ ਰੋਕ ਦੇਂਦੇ, ਬੜੇ ਹੱਲੇ ਰੋਕੇ। ਗੁਰੂ ਜੀ ਇਕ ਚੁਬਾਰੇ ਵਿਚ ਮੋਰਚਾ ਲਾ ਬੈਠੇ। ਗੁਰੂ ਜੀ ਦਾ ਤੀਰ ਜਿਥੋਂ ਤੀਕ ਦੂਰ ਮਾਰ ਕਰਦਾ ਸੀ ਤੁਰਕਾਂ ਦਾ ਤੀਰ ਓਡੀ ਦੂਰ ਮਾਰ ਨਹੀਂ ਸੀ ਕਰਦਾ। ਸਿੱਖਾਂ ਤੇ ਗੁਰੂ ਜੀ ਨੇ ਕਿਸੇ ਨੂੰ ਅੰਦਰ ਨਹੀਂ ਲੰਘਣ ਦਿੱਤਾ। ਦਰਵਾਜੇ ਅਗੇ ਤੁਰਕਾਂ ਦੀਆਂ ਲੋਥਾਂ ਤੇ ਲੋਥਾਂ ਚੜ੍ਹ ਗਈਆਂ। ਸਵੇਰ ਤੋਂ ਲੈ ਕੇ ਸ਼ਾਮ ਤਕ ਲੜਾਈ ਹੁੰਦੀ ਰਹੀ। ਹਨੇਰਾ ਹੋ ਗਿਆ ਤੁਰਕ ਪਿਛੇ ਹਟੇ। ਕੁਝ ਸਿੱਖ ਘੋੜ ਸਵਾਰ ਕੀਰਤਪੁਰ ਪਹੁੰਚੇ। ਜਾ ਖਬਰ ਦਿੱਤੀ। ਉਥੋਂ ਭਾਈ ਤਾਰੂ, ਕੁਸਾਲੀ, ਚੂਹੜ, ਰਾਮ, ਸਾਧੂ, ਸਾਂਗਾ ਆਦਿਕ ਦਸ ਬਾਰਾਂ ਸੌ ਸਵਾਰ ਪਿਆਦਾ ਲੈ ਕੇ ਧਾਈ ਕਰਕੇ ਸਵੇਰ ਹੁੰਦੀ ਤਕ ਆ ਪਹੁੰਚੇ। ਨੇਜੇ, ਭਾਲੇ, ਬਰਛੇ, ਤੇਗੇ ਚਲਣ ਲੱਗੇ। ਬੜੀ ਕਟ ਵੱਢ ਹੋਈ। ਘਮਸਾਨ ਦਾ ਯੁਧ ਹੋਇਆ। ਚਾਰ ਚੁਫੇਰਿਓਂ ਸਿੱਖ ਵੀ ਆ ਗਏ। ਤੁਰਕਾਂ ਨੂੰ ਰਗੜ ਸੁਟਿਆ। ਤੁਰਕ ਜਿਧਰ ਕਿਸੇ ਨੂੰ ਰਾਹ ਲੱਭਾ ਨੱਸ ਗਿਆ। ਮੈਦਾਨ ਸਿੱਖਾਂ ਦੇ ਹੱਥ ਰਿਹਾ। ਗੁਰੂ ਕੀ ਫਤ੍ਹੇ ਹੋਈ।

ਇਹ ਸਾਰੇ ਜੰਗ ਗੁਰੂ ਜੀ ਨੇ ਅਣਖੀ ਜੋਧਿਆਂ ਵਾਂਗੂੰ ਲੜੇ। ਕਿਧਰੇ ਵੀ ਸ਼ਿਕਸ਼ਤ ਜਾਂ ਢਿਲ ਨਹੀਂ ਆਈ। ਗੁਰੂ ਕੀ ਹਰ ਵੇਲੇ ਜੈ ਜੈ ਕਾਰ ਹੁੰਦੀ ਰਹੀ। ਇਹ ਜੰਗ ਗੁਰੂ ਜੀ ਦੀ ਅਣਖ, ਨਿਡਰਤਾ, ਬਲ, ਸੂਰਬੀਰਤਾ, ਸੂਰਮਤਾਈ ਨੂੰ ਉਜਾਗਰ ਕਰਦੇ ਹਨ।

ਕੌਲਾਂ ਦੇ ਪ੍ਰਸੰਗ ਵਿਚ ਵੀ ਗੁਰੂ ਜੀ ਦੀ ਸੂਰਮਤਾਈ ਕੰਮ ਕਰਦੀ ਹੈ। ਕੌਲਾਂ ਕਾਜ਼ੀ ਦੀ ਪੁਤਰੀ ਮਾਨਵਵਾਦੀ ਵਿਚਾਰਾਂ ਦੀ ਮਾਲਿਕ ਸਮਦਰਸ਼ੀ ਸੀ। ਹਿੰਦੂਆਂ ਦੀ ਤਾਰੀਫ ਕਰਦੀ, ਵਿਚਾਰ ਸੁਣਦੀ ਤੇ ਬਾਣੀ ਪੜ੍ਹਦੀ ਸੀ। ਪਿਤਾ ਕਾਜ਼ੀ, ਕੱਟੜਪੰਥੀ ਸੀ। ਕਾਜ਼ੀਆਂ ਤੋਂ ਫਤਵਾ ਦੁਆ ਕੇ ਉਸ ਨੂੰ ਮਾਰ ਦੇਣਾ ਚਾਹੁੰਦਾ ਸੀ। ਕੌਲਾਂ, ਸਾਈਂ ਮੀਆਂ ਮੀਰ ਕੋਲ ਚਲੀ ਗਈ। ਉਹ ਵੀ ਮਾਨਵਵਾਦੀ ਸੂਫੀ ਫਕੀਰ ਸਮਦਰਸ਼ੀ ਸਨ। ਉਹਨਾਂ ਕੌਲਾਂ ਨੂੰ ਗੁਰੂ ਹਰਿਗੋਬਿੰਦ ਜੀ ਕੋਲ ਉਹਨਾਂ ਦੀ ਸੁਰਖਿਆ ਵਿਚ ਸੌਂਪ ਦਿੱਤਾ ਕਿ ਇਸਦਾ ਬਚਾਅ ਹੁਣ ਤੁਸੀਂ ਕਰੋ। ਕੌਲਾਂ ਸਾਰੀ ਜ਼ਿੰਦਗੀ ਗੁਰੂ ਜੀ ਕੋਲ ਰਹੀ। ਸਤਸੰਗ ਕਰਦੀ ਰਹੀ। ਨਾਮ ਜਪਦੀ ਰਹੀ। ਉਹਨੂੰ ਕਿਧਰੇ ਆਂਚ ਨਹੀਂ ਆਈ। ਉਥੇ ਹੀ ਚਲਾਣਾ ਕਰ ਗਈ, ਕੌਲਾਂ ਕਰਕੇ ਕੋਈ ਸ਼ਾਹੀ ਜਾਂ ਹੋਰ ਕੱਟੜ ਪੰਥੀ ਗੁਰੂ ਜੀ ਵਲ ਅੱਖ ਭਰ ਕੇ ਨਹੀਂ ਤਕ ਸਕਿਆ ਸਭ ਭੈ ਖਾਂਦੇ ਰਹੇ।

ਏਦਾਂ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੇ ਕਹੇ ਹੋਏ ਬਚਨ ਸੱਚ ਬਣ ਕੇ ਪ੍ਰਕਾਸ਼ਮਾਨ ਹੋਏ ਤੇ ਸਿੱਧ ਹੋਏ ਕਿ ਗੁਰੂ ਜੀ ਮਹਾਨ ਜੋਧੇ ਤੇ ਅਣਖੀ ਜਰਨੈਲ ਸਨ।

■

ਜਥੇਦਾਰ ਜੋਗਾ ਸਿੰਘ

ਸਫੈਦ ਪਹਿਰਾਵਾ



ਸੰਸਾਰ ਅੰਦਰ ਅਨੇਕ ਰੰਗਾਂ ਦੇ ਪਹਿਰਾਵੇ ਆਪੋ ਆਪਣੇ ਰਿਵਾਜ਼ ਅਨੁਸਾਰ ਪਹਿਨੇ ਜਾਂਦੇ ਹਨ। ਬਹੁਤ ਸਾਰੇ ਰੰਗ ਆਪਣੇ ਪਿਛੋਕੜ ਇਤਿਹਾਸ ਨਾਲ ਜੁੜੇ ਹੋਏ ਹਨ ਅਤੇ ਉਹਨਾਂ ਦਾ ਵਿਸ਼ੇਸ਼ ਮਹੱਤਵ ਹੈ। ਬਸੰਤ ਪੰਚਮੀ ਦਾ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਦਿਵਸ ਨਾਲ ਸੰਬੰਧਿਤ ਹੋ ਕਾਰਨ ਅਸੀਂ ਇਸ ਦਿਨ ਸ੍ਰੀ ਸਤਿਗੁਰੂ ਜੀ ਦੇ ਉਪਕਾਰਾਂ ਨੂੰ ਅਖਬਾਰਾਂ, ਰਸਾਲਿਆਂ ਤੇ ਹੋਰ ਪ੍ਰਚਾਰ ਮਾਧਿਅਮ ਦੁਆਰਾ ਆਮ ਲੋਕਾਂ ਤਕ ਪਹੁੰਚਾਣ ਦਾ ਯਤਨ ਕਰਦੇ ਹਾਂ। ਸ੍ਰੀ ਸਤਿਗੁਰੂ ਜੀ ਦੇ ਉਪਕਾਰ ਸੰਸਾਰੀ ਜੀਵਾਂ ਦੇ ਭਲੇ ਲਈ ਹੁੰਦੇ ਹਨ। ਉਹਨਾਂ ਉਪਕਾਰਾਂ ਵਿਚੋਂ ਇਕ ਉਪਕਾਰ ਹੈ ਨਾਮਧਾਰੀ ਅਨੁਯਾਈਆਂ ਨੂੰ ਸਫੈਦ ਪਹਿਰਾਵੇ ਪਹਿਨਣ ਦਾ ਆਦੇਸ਼।

ਨਾਮਧਾਰੀ ਸੰਸਾਰ ਅੰਦਰ ਸਫੈਦ ਪਹਿਰਾਵਾ ਪਹਿਨਣ ਦਾ ਪਿਛੋਕੜ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੇਠ ਲਿਖੇ ਭਵਿਖਤ ਵਾਕ ਨਾਲ ਜੁੜਦਾ ਹੈ ਜੋ ਕਿ ਉਹਨਾਂ ਨੇ ਆਪਣੇ ਬਾਰ੍ਹਵੇਂ ਜਾਮੇ ਬਾਰੇ ਉਚਾਰਨ ਕੀਤਾ-

ਕਲਿਜੁਮ ਮੈਂ ਸਤਿਜੁਗ ਵਰਤਾਊਂ॥
ਤਬੀ ਬਾਰਵਾਂ ਬਪੁ ਕਹਾਊਂ॥(ਗੁਰਿੰਡ ਨਾਮਾ)

ਇਸ ਭਵਿਖਤ ਵਾਕ ਅੰਦਰ ਸਤਿਜੁਗ ਅਤੇ ਕਲਿਜੁਗ ਦੇ ਸਮੇਂ ਦਾ ਇਤਿਹਾਸ ਸਮਾਇਆ ਹੋਇਆ ਹੈ। ਦਸਮ ਪਾਤਸ਼ਾਹ ਜੀ ਦੇ ਇਸ ਵਾਕ ਦਾ ਭਾਵ ਹੈ- ਮੇਰੇ ਬਾਰ੍ਹਵੇਂ ਜਾਮੇ 'ਚ ਆਉਣ ਦੀ ਇਹ ਪਹਿਚਾਣ ਹੋਵੇਗੀ ਕਿ ਕਲਿਜੁਗ ਅੰਦਰ ਸਤਿਜੁਗ ਦੇ ਸਮੇਂ ਦੀ ਮਰਿਯਾਦਾ ਪ੍ਰਚਲਤ ਕਰ ਦਿਆਂਗਾ। ਸੋ ਉਹਨਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਰੂਪ ਵਿਚ ਅਵਤਾਰ ਧਾਰ ਕੇ ਸੰਤ ਖਾਲਸੇ ਦੀ ਸਿਰਜਨਾ ਕੀਤੀ ਅਤੇ ਉਹ ਮਰਿਯਾਦਾ ਕਾਇਮ ਕੀਤੀ ਜਿਹਦੇ ਵਿਚੋਂ ਸਤਿਜੁਗੀ ਨਜ਼ਾਰੇ ਦੀ ਝਲਕ ਪੈਂਦੀ ਹੈ। ਗਿਆਨੀ ਗਿਆਨ ਸਿੰਘ ਜੀ ਲਿਖਦੇ ਨੇ:-

ਪਾਏ ਇਹ ਹੁਕਮ ਪਰਮੇਸ ਦਾ ਬਸੇਸ ਫਿਰ,
ਰਾਮ ਮਰਗੇਸ਼ ਉਪਦੇਸ ਦੈਨ ਲਾਗਿਓ।
ਹੁੱਕੇ ਛੁਡਵਾਏ, ਰਖਵਾਏ ਕੇਸ ਮੋਨਿਓਂ ਕੇ,
ਸੁਧਾ ਛਕ ਥਾਇ ਸਿਖ ਭਾਗ ਜਿਨੈ ਜਾਗਿਓ।
ਫੈਲਿਯੋ ਜਸ ਭਾਰੀ, ਸਿਖ ਥੀਏ ਤਾਇ ਕੇ ਅਪਾਰੀ,
ਸਿਖ ਪੰਥ ਬਿਰਦਾਇਓ ਨਾਮ ਰਸ ਪਾਗਿਓ।
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਯਾਰੀ,
ਠੱਗੀ ਤੱਜ ਥੀਏ ਸੰਤ, ਸਤਿਜੁਗ ਆਗਿਓ।

(ਪੰਥ ਪ੍ਰਕਾਸ਼)

ਉਪਰੋਕਤ ਮਰਿਯਾਦਾ ਦਾ ਇਕ ਅੰਗ ਹੈ-ਸਫੈਦ ਪਹਿਰਾਵਾ ਪਹਿਨਣਾ। ਇਸ ਪਹਿਰਾਵੇ ਦਾ ਸੰਬੰਧ ਸਤਿਜੁਗ ਵਿਚ ਅਵਤਰੇ- ਹੰਸਾ ਅਵਤਾਰ ਨਾਲ ਹੈ ਜੋ ਕਿ ਹੰਸ ਦਾ ਰੂਪ ਸੀ। ਭਾਗਵਤ ਗ੍ਰੰਥ ਦੇ ਗਿਆਰਵੇਂ ਸਕੰਧ ਦੇ ਤੇਰਵੇਂ ਅਧਿਆਇ ਵਿਚ ਕਥਾ ਹੈ ਕਿ ਬ੍ਰਹਮਾਂ ਦੇ ਚਾਰੇ ਮਾਨਸਿਕ ਪੁਤਰ ਸਨਕਾਦਿਕਾਂ ਨੇ ਬ੍ਰਹਮਾ ਪਾਸ ਆਤਮ ਵਿਵੇਕ ਦਾ ਪ੍ਰਸ਼ਨ ਕੀਤਾ। ਜਦ ਬ੍ਰਹਮਾ ਉੱਤਰ ਦੇਣ ਦੀ ਚਿੰਤਾ ਵਿਚ ਪੈ ਗਿਆ ਤਾਂ ਵਿਸ਼ਨੂੰ ਭਗਵਾਨ ਨੇ ਹੰਸ ਰੂਪ ਧਾਰ ਕੇ ਤਤ੍ਵਗਯਾਨ ਦ੍ਰਿੜਾਇਆ। ਇਹ ਹੰਸਾ ਅਵਤਾਰ ਸਫੈਦ ਪਹਿਰਾਵਾ ਧਾਰਨ ਕਰਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਉਚਾਰਦੇ ਹਨ:-

"ਸਾਮ ਕਹੈ ਸੇਤੰਬਰੁ ਸੁਆਮੀ ਸਚਿ ਮਹਿ ਆਛੈ ਸਾਚਿ ਰਹੇ॥"
(ਆਸਾ ਦੀ ਵਾਰ)

ਭਾਵ- ਸਾਮ ਵੇਦ ਕਥਨ ਕਰਦਾ ਹੈ ਕਿ ਸਤਿਜੁਗ ਦਾ ਸੁਆਮੀ ਸਫੈਦ ਬਸਤਰਾਂ ਵਾਲਾ ਹੰਸ ਅਵਤਾਰ ਹੈ। (ਸਫੈਦ ਬਸਤਰਾਂ ਵਿਚ ਸਤੋਗੁਣ ਪ੍ਰਧਾਨ ਹੁੰਦਾ ਹੈ) ਸਤਿਜੁਗ ਦੇ ਜੀਵ ਸਚ ਵਿਚ ਔਛੇ ਸਨ ਤੇ ਬਾਣੀ ਕਰਕੇ ਵੀ ਸਚ ਵਿਚ ਰਹਿੰਦੇ ਸਨ। ਤਨ ਕਰਕੇ ਵੀ ਸਚ ਵਿਚ ਸਮਾਂਵਦੇ ਸਨ।

ਸੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਤਿਜੁਗੀ ਆਚਰਣ ਵਾਲੇ ਸੰਤ ਖਾਲਸੇ ਨੂੰ ਹੰਸਾ ਅਵਤਾਰ ਦੇ ਬਾਣੇ ਵਾਲਾ ਸਫੈਦ ਪਹਿਰਾਵਾ ਪਹਿਨਣ ਦਾ ਹੁਕਮ ਕੀਤਾ। ਇਸ ਕ੍ਰਿਆ ਨੂੰ ਕਲਿਜੁਗ ਅੰਦਰ ਸਤਿਜੁਗ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਜੰਗਲ ਵਿਚ ਭਿਆਨਕ ਅੱਗ ਲਗੀ ਹੋਵੇ ਘਰ ਉਸ ਦੇ ਵਿਚਕਾਰ ਪਈ ਬਰਫ ਨ ਪਿਘਲੇ-ਐਨ ਇਸੇਤਰ੍ਹਾਂ ਨਾਮਧਾਰੀ ਜਗਤ ਸਤਿਜੁਗੀ ਸਰੂਪ ਵਿਚ ਵਿਚਰ ਰਿਹਾ ਹੈ। ਇਹਨੂੰ ਆਂਹਦੇ ਨੇ-ਗੁਰਮੁਖੀ ਚਾਲ। ਪਰ ਇਹ ਗੁਰਮੁਖੀ ਚਾਲ ਉਹੀ ਚਲ ਸਕਦਾ ਹੈ ਜਿਹਦੇ ਸਿਰ ਉੱਤੇ ਸਮਰੱਥ ਦੇਹਧਾਰੀ ਸਤਿਗੁਰੂ ਦਾ ਮਿਹਰ ਭਰਿਆ ਹੱਥ ਹੋਵੇ।

੧ ਵਿਸਾਖ ਸੰਮਤ ੧੯੧੪ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਜੋ ਝੰਡਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਲਹਿਰਾਇਆ ਉਸ ਦਾ ਰੰਗ ਸਫੈਦ ਸੀ- ਭਾਵ "ਸਤਿਜੁਗ ਆਗਿਓ।" ਅਜ ਵੀ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਕਾਰ ਉੱਤੇ ਸਫੈਦ ਝੰਡੀ ਲਹਿਰਾਂਦੀ ਵੇਖੀ ਜਾ ਸਕਦੀ ਹੈ। ਆਪ ਜੀ ਕਲਿਜੁਗ ਦੇ ਮਾਰੂ ਅਸਰ ਤੋਂ ਜੀਵਾਂ ਨੂੰ ਬਚਾਈ ਰਖਣ। "ਆਪਿ ਜਪੈ ਅਵਰਹ ਨਾਮੁ ਜਪਾਵੈ॥" (ਸ੍ਰੀ ਆਦਿ ਗ੍ਰੰਥ ਪੰਨਾ ੩੦੬) ਦੀ ਪ੍ਰੰਪਰਾ ਨੂੰ ਦ੍ਰਿੜਤਾ ਨਾਲ ਨਿਭਾਂਦੇ ਹਨ।

ਨਾਮਧਾਰੀ ਪਹਿਰਾਵੇ ਦੀ ਬਣਤਰ:-

ਸਿੰਘਾਂ ਵਾਸਤੇ- ਕਲੀਆਂ ਵਾਲਾ ਕੁੜਤਾ, ਰੇਬ ਚੂੜੀਦਾਰ ਪਜਾਮਾ, ਸਿਧੀ-ਗੋਲ ਦਸਤਾਰ।

ਸਿੰਘਣੀਆਂ ਵਾਸਤੇ- ਕਲੀਆਂ ਵਾਲਾ ਕੁੜਤਾ, ਚੂੜੀਦਾਰ ਸੁੱਥਣ ਤੇ ਦੁਪੱਟਾ।

ਸਫੈਦ ਪਹਿਰਾਵੇ ਬਾਰੇ ਕੁਝ ਹੋਰ ਮਹੱਤਵ ਪੂਰਨ ਧਾਰਨਾਵਾਂ ਇਸ ਪ੍ਰਕਾਰ ਹਨ:-

- ਸੂਰਜ ਦੀ ਗਰਮੀ ਦਾ ਬਹੁਤ ਘੱਟ ਅਸਰ ਹੁੰਦਾ ਹੈ।
- ਵਿਅਕਤੀ ਅਤੀ ਸੁੰਦਰ, ਚੁਸਤ, ਨੇਕ ਸੁਭਾਅ ਵਾਲਾ ਤੇ ਸੱਚਾ-ਸੁਚਾ ਪ੍ਰਤੀਤ ਹੁੰਦਾ ਹੈ।
- ਵਿਅਕਤੀ ਨੂੰ ਅੰਦਰੋ ਅੰਦਰੀ ਪ੍ਰੇਰਨਾ ਦਿੰਦਾ ਰਹਿੰਦਾ ਹੈ- ਵੇਖੀਂ ਕਿਤੇ ਕੋਈ ਕਾਲੀ ਕਰਤੂਤ ਨ ਕਰ ਬੈਠੀਂ। ਜਿਹੋ ਜਿਹੇ ਕਪੜੇ ਪਹਿਨੇ ਨੇ, ਮਨ ਵੀ ਬਣਾਈ ਰੱਖ। ਨਿਰਮਲ ਕਰਮ ਕਰ।
- ਵਿਅਕਤੀ ਨੂੰ ਸਾਫ ਸੁਥਰਾ ਰਹਿਣ ਦਾ ਪ੍ਰੇਰਨਾ ਸ੍ਰੋਤ ਹੈ।
- ਸਾਂਤੀ ਤੇ ਪਿਆਰ ਦਾ ਪ੍ਰਤੀਕ ਹੈ। ਯੁੱਧ ਸਮਾਪਤੀ ਤੇ ਫੌਜਾਂ ਸਫੈਦ ਝੰਡੇ ਲਹਿਰਾਂਦੀਆਂ ਹਨ।

ਸੋ ਆਓ- ਅਜ ਤੋਂ ਸੱਤੋਗੁਣੀ ਪ੍ਰਭਾਵ ਵਾਲੇ ਸਫੈਦ ਪਹਿਰਾਵੇ ਦੇ ਧਾਰਨੀ ਬਣੀਏ।

■

ਦਿਹੁ ਦਿਦਾਰ ਸਤਿਗੁਰੂ

■ *ਦਰਸ਼ਨ ਸਿੰਘ*

ਸਤਿਗੁਰੂ ਰਾਮ ਸਿੰਘ ਇਹੁ ਹਰ ਲਹਮੇ ਦੀ ਅਰਦਾਸ।
ਦਿਉ ਦਿਦਾਰ, ਰਹੇ ਗਏ ਹੁਣ ਆਖ਼ਿਰੀ ਸਵਾਸ।

ਰੁੱਤ ਬਸੰਤ ਨੇ ਕੀਤਾ ਚਾਰੋਂ ਦਿਸ਼ਾਵਾਂ ਤੀਕ ਉਲਾਸ।
ਚੌਰਾਹੇ, ਨੁਕੜਾਂ ਤੇ ਸੀ ਗਿੱਧੇ, ਟੱਪਿਆਂ ਦਾ ਨਿਵਾਸ।
ਵੇੜ੍ਹੇ ਕਰਦੇ ਪਇ ਸਨ ਖੁਸ਼ੀਆਂ ਦਾ ਅੱਯਾਸ।
ਹੱਰ ਚਿਹਰਾ ਖੋ ਬੈਠਾ ਸੀ ਹੋਸ਼ ਹਵਾਸ।
ਕੁਦਰਤ ਨੇ ਪਾਇਆ ਇੰਜ ਦਾ ਲਿਬਾਸ।
ਨਿੱਕੇ ਵੱਡਿਆਂ ਨੂੰ ਨਹੀਂ ਹੋਂਦਾ ਪਿਆ ਵਿਸ਼ਵਾਸ।
ਬੂਰਾਂ ਦਾ ਹੋਇਆ ਅੰਬਾਂ 'ਚ ਚਾੜ੍ਹਾ ਤੇ ਵਿਨਿਆਸ।
ਕੀਤਾ ਸ਼ੁਰੂ ਕੋਇਲ ਨੇ ਕੂਕ ਮਾਰਨ ਦਾ ਅਭਿਆਸ।
ਇਲਾਹੀ। ਆਉਂਦਾ ਨਹੀਂ ਤੇਰੇ ਬਿਨਾ ਕੁਝ ਰਾਸ।
ਵਿਲਾਸ ਵੀ ਲਗਦਾ ਪਇਆ ਸੀ ਬਦਹਵਾਸ।
ਸਤਿਗੁਰੂ ਰਾਮ ਸਿੰਘ- - - - -

ਚੜ੍ਹਿਆ ਜਦ ਕੂਕਿਆਂ ਤੇ ਰਹਿਨੁਮਾ ਦਾ ਸ਼ਬਾਬ।
ਰੇਗਿਸਤਾਨ ਵਿਚ ਆਇਆ ਆਸ਼ਕਾਂ ਦਾ ਸੈਲਾਬ।
ਪੈਰੀ ਪੈਣਾ ਕਰ, ਹੱਥ ਜੋੜ ਖੜ੍ਹਾ ਹੋਇਆ ਤਾਲਾਬ।
ਕੇਹੜੀ ਰਬਾਬ ਨੇ ਕੀਤਾ ਤੁਹਾਨੂੰ ਐਨ੍ਹਾਂ ਬੇਤਾਬ।
ਉਥਲੇ ਪਤਰ੍ਹੇ ਪੜ੍ਹੀ ਜਦ ਕਿਰਣਾਂ ਨੇ ਕਿਤਾਬ।
ਪਿਤਾ ਜੱਸਾ ਸਿੰਘ ਜੀ ਦਾ ਸੀ ਉਹ ਆਫਤਾਬ।
ਮਾਤਾ ਸਦਾ ਜੀ ਦਾ ਉਹ ਅਨੋਖਾ ਮਾਹਤਾਬ।
ਸਾਰੇ ਚਸ਼ਮੇ ਦਾ ਸੀ ਉਹ 'ਨਿਗਾਹੇਂ-ਕਰਮ' ਜਨਾਬ।
ਚੀਨੀ-ਅਸਵਾਰ। ਹੈ ਸਾਰੇ ਜਹਾਂ ਦਾ ਨਵਾਬ।
ਖ਼ਤਾ ਨਾ ਹੋ ਜਾਏ, ਰਹਿ ਗਿਆ ਦੇਣ ਨੂੰ ਕੋਈ ਖ਼ਿਤਾਬ।
ਭਾਂਬੜ ਪਏ ਬਲਦੇ ਸਨ ਦਿਲਾਂ ਵਿਚ ਬੇਹਿਸਾਬ।
ਸੁਪਰ-ਕੰਪਿਊਟਰ ਨੂੰ ਵੀ ਨਹੀਂ ਮਿਲਦਾ ਸੀ ਹਿਸਾਬ।
ਕਿੰਜ ਦਾ ਕਰਾਂ 'ਦਰਸ਼ਨ' ਅਦਾਬ, ਐ ਮੇਰੇ ਸਾਬ੍ਹ।
ਪੰਜ ਤੱਤ ਮਿਲਣ ਤੋਂ ਪਹਿਲਾਂ ਪੂਰਾ ਕਰ ਜਾ ਖ਼ਵਾਬ।
ਸਤਿਗੁਰੂ ਰਾਮ ਸਿੰਘ - - - - -

■

ਤਾਰਾ ਸਿੰਘ ਅਨਜਾਣ

ਸਤਿਗੁਰੂ ਜੀ ਦੀਆਂ ਜਲਾਵਤਨੀ ਸਮੇਂ ਸਰਗਰਮੀਆਂ



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ, ਸ੍ਰੀ ਭੈਣੀ ਸਾਹਿਬ ਤੋਂ ਪੁਲਿਸ ਦੀ ਨਿਗਰਾਨੀ ਹੇਠ, ਲੁਧਿਆਣੇ ਲਿਆ ਕੇ ਇਕ ਸਪੈਸ਼ਲ ਗਡੀ ਰਾਹੀਂ ੧੮ ਜਨਵਰੀ ੧੮੭੨ ਈ. ਨੂੰ, ਅਲਾਹਬਾਦ ਭੇਜ ਦਿਤਾ ਗਿਆ। ਲੈਫਟੀਨੈਂਟ ਗਵਰਨਰ ਪੰਜਾਬ ਸੁਚੇਤ ਤੌਰ ਤੇ ਧਿਆਨ ਨਾਲ ਨਿਗਰਾਨੀ ਰੱਖ ਰਿਹਾ ਸੀ ਕਿ ਕੋਈ ਪੰਜਾਬੀ, ਗੁਰੂ ਰਾਮ ਸਿੰਘ ਨੂੰ ਨਾ ਮਿਲੇ। ਉਸ ਦੇ ਅਫ਼ਸਰਾਂ ਨੇ ਉਸ ਨੂੰ ਦੱਸਿਆ ਸੀ ਕਿ ਆਪ ਦੇ ਸੁਨੇਹੇ ਅਲਾਹਾਬਾਦ ਤੋਂ ਪੰਜਾਬ ਆਉਂਦੇ ਸਨ। ਲੈਫਟੀਨੈਂਟ ਗਵਰਨਰ ਵਲੋਂ, ਈ. ਸੀ. ਬੇਲੀ, ਸਕੱਤਰ ਭਾਰਤ ਸਰਕਾਰ ਨੂੰ ਪੰਜਾਬ ਦੇ ਸਕੱਤਰ ਐਲ. ਐਚ. ਗ੍ਰਿਫਨ ਨੇ ੧੬ ਮਾਰਚ ੧੮੭੨ ਈ: ਦੀ ਚਿੱਠੀ ਵਿਚ ਲਿਖਿਆ,

"ਗੁਰੂ ਰਾਮ ਸਿੰਘ ਅਤੇ ਉਸ ਦੇ ਸਾਥੀ, ਦੋ ਨੌਕਰਾਂ ਅਤੇ ਇਕ ਬਾਣੀਏ ਰਾਹੀਂ ਜਿਸ ਤੋਂ ਉਹ ਰਸਦ ਲੈਂਦੇ ਹਨ, ਪੰਜਾਬ ਨਾਲ ਪੱਤਰ ਵਿਹਾਰ ਰਖਦੇ ਹਨ।"

ਇਹ ਲਿਖਦਿਆਂ ਉਸ ਆਪ ਨੂੰ ਮਿਲਣ ਵਾਲਿਆਂ ਉਤੇ ਕਰੜੀ ਨਿਗਰਾਨੀ ਰੱਖਣ ਦੀ ਸਲਾਹ ਦਿੱਤੀ।

ਸਖ਼ਤ ਨਿਗਰਾਨੀ ਰੱਖਣ, ਲਈ ਸਰਕਾਰ ਨੇ ਇਹ ਹੀ ਉਚਿਤ ਸਮਝਿਆ ਕਿ ਆਪ ਨੂੰ ਸਮੁੰਦਰੋਂ ਪਾਰ ਭੇਜ ਦਿਤਾ ਜਾਵੇ। ਸੋ ਆਪ ਨੂੰ ੧੬ ਮਾਰਚ ੧੮੭੨ ਈ: ਨੂੰ ਹੀ ਰੰਗੂਨ ਭੇਜ ਦਿੱਤਾ ਗਿਆ ਕਲਕੱਤਿਓਂ, ਇਕ ਸਮੁੰਦਰੀ ਜਹਾਜ਼ ਰਾਹੀਂ।

ਰੰਗੂਨ ਆਪ ਨੂੰ ਸੈਂਟਰਲ ਜੇਲ੍ਹ ਵਿਚ, ਇਕ ਰਾਜਸੀ ਕੈਦੀ ਦੀਆਂ ਸਾਰੀਆਂ ਸਹੂਲਤਾਂ ਦੇ ਕੇ ਰੱਖਿਆ ਗਿਆ। ਆਪ ਵਾਸਤੇ ਸੁਖ ਆਰਾਮ ਨੂੰ ਧਿਆਨ ਵਿਚ ਰਖਦੇ ਹੋਏ ਜੇਲ੍ਹ ਵਿਚ ਇਕ ਵਖਰਾ ਵਾਰਡ ਵਲਿਆ ਗਿਆ। ਇਹ ਵਾਰਡ ਜੇਲ੍ਹ ਵਿਚ ਪਉੜੀਆਂ ਚੜ੍ਹਕੇ ਆਉਂਦਾ ਸੀ। ਇਹ ਵਾਰਡ ਜ਼ਨਾਨਾ ਜੇਲ੍ਹ ਦੇ ਰੂਪ ਵਿਚ ਵਰਤਿਆ ਜਾਂਦਾ ਰਿਹਾ ਸੀ। ਦੱਖਣ ਵਾਲੇ ਪਾਸੇ ਫੱਟੀਆਂ ਦੀ ਵਾੜ ਕਰਕੇ ਉਸ ਵਾਰਡ ਨੂੰ ਯੂਰਪੀਨ ਕੈਦੀਆਂ ਦੇ ਵਾਰਡ ਤੋਂ ਅੱਡ ਕੀਤਾ ਗਿਆ ਸੀ। ਇਸ ਵਾਰਡ ਵਿਚ ਇਕ ਖੂਹ, ਇਕ ਰਸੋਈ ਅਤੇ ਇਕ ਪਖਾਨਾ ਅੱਡ ਹੀ ਸੀ। ਆਪ ਜੀ ਦੇ ਕਮਰੇ ਵਿਚ ਇਕ ਮੰਜਾ, ਮੇਜ਼ ਅਤੇ ਕੁਰਸੀਆਂ ਸਨ। ਉਸ ਵਾਰਡ ਦੇ ਘੇਰੇ ਵਿਚ ਆਪ ਨੂੰ ਫਿਰਨ ਤੁਰਨ, ਬਹਿਣ ਖਲੋਣ ਦੀ ਖੁਲ੍ਹੀ ਛੁੱਟੀ ਸੀ। ਰਾਤੀਂ ਵੀ ਕਮਰੇ ਨੂੰ ਜੰਦਰਾ ਨਹੀਂ ਸੀ ਮਾਰਿਆ ਜਾਂਦਾ ਤਾਂ ਕਿ ਆਪ ਆਪਣੀ ਇੱਛਾ ਅਨੁਸਾਰ ਅੰਦਰ ਬਾਹਰ, ਜਿਥੇ ਚਾਹੁਣ ਸੌਂ ਸਕਣ। ਪਰ ਬਾਹਰ ਦੀ ਦੁਨੀਆਂ ਨਾਲ ਸਾਂਝ ਰੱਖਣ ਦੀ ਆਪ ਨੂੰ ਪੂਰੀ ਮਨਾਹੀ ਅਤੇ ਰੁਕਾਵਟ ਸੀ।

ਕਿਉਂਕਿ ਆਪ ਸਿਆਸੀ ਕੈਦੀ ਸਨ ਸੋ ਆਪ ਜੀ ਦੀ ਸੇਵਾ ਲਈ ਤਿੰਨ ਉੱਚੀ ਜ਼ਾਤ ਦੇ ਹਿੰਦੂ ਸਦਾ ਹਾਜ਼ਰ ਸਨ। ਚੌਥਾ ਭੈਣੀ ਸਾਹਿਬੋਂ ਆਇਆ, ਆਪ ਦਾ ਨਿਜੀ ਸੇਵਕ, ਨਾਨੂੰ ਸਿੰਘ ਸੀ।

ਨਾਨੂੰ ਸਿੰਘ ਬਾਰੇ ਕਈ ਲੋਕ ਦੰਦ ਕਥਾ ਕਰਦੇ ਰਹੇ ਕਿ ਉਹ ਸਰਕਾਰ ਦੇ ਗੁਪਤਚਰ ਵਿਭਾਗ ਦਾ ਬੰਦਾ ਸੀ, ਉਹ ਸਤਿਗੁਰਾਂ ਨੂੰ ਸਮੁੰਦਰੀ ਜਹਾਜ਼ ਉਤੇ ਬਿਠਾ ਕੇ ਕਲਕਤਿਓਂ ਹੀ ਵਾਪਸ ਚਲਾ ਗਿਆ ਸੀ। ਪਰ ਤਾਰੀਖ਼ੀ ਗੁਆਹੀ ਇਹ ਸੀ ਕਿ ਉਹ ਵੀ ੧੦

ਮਾਰਚ ੧੮੭੨ ਈ: ਨੂੰ ਕਲਕੱਤਿਓਂ, ਸਤਿਗੁਰਾਂ ਨਾਲ ਜਹਾਜ਼ ਉੱਤੇ ਬੈਠਾ ਕਿਉਂਕਿ ਉਹ ਘਰ ਦੇ ਸੁਖ ਆਰਾਮ ਨੂੰ ਛੱਡ ਕੇ ਆਪਣੇ ਅਧਿਆਤਮਕ ਰਾਹਨੁਮਾ ਸਤਿਗੁਰੂ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਰਹਿ ਕੇ ਹੀ ਸੇਵਾ ਕਰਨਾ ਚਾਹੁੰਦਾ ਸੀ। ਉਸ ਨੂੰ ਯਾਰੜੇ ਦਾ ਸੱਥਰ ਚੰਗਾ ਸੀ। ਉਹ ਵੀ ੧੬ ਮਾਰਚ ੧੮੭੨ ਈ: ਨੂੰ ਹੀ ਰੰਗੂਨ ਪਹੁੰਚਿਆ।

ਰੰਗੂਨ ਜੇਲ੍ਹ ਦੇ ਕਾਰਜਕਾਰੀ ਸੁਪਰਇੰਨਟੈਂਡੈਂਟ ਨੇ ਨਾਨੂੰ ਸਿੰਘ ਕੋਲੋਂ ਇਕਰਾਰਨਾਮਾ ਲਿਖਵਾ ਲਿਆ ਕਿ ਉਹ ਜਿਥੇ ਅਤੇ ਜਿਸ ਹਾਲਤ ਵਿਚ ਵੀ ਸਤਿਗੁਰੂ ਰਾਮ ਸਿੰਘ ਨੂੰ ਰਖਿਆ ਜਾਵੇਗਾ ਨਾਲ ਰਹੇਗਾ। ਇਕਰਾਰਨਾਮੇ ਦੀ ਇਬਾਰਤ ਸੀ:

"ਨਾਨੂੰ ਸਿੰਘ ਦਾ ਇਕਰਾਰ-ਨਾਮਾ।

ਮੈਂ ਨਾਨੂੰ ਸਿੰਘ ਪੰਜਾਬ ਇਲਾਕਾ ਪਟਿਆਲਾ ਗਾਂਵ ਰੁੜਕੀ ਕਾ ਰਹਿਣੇ ਵਾਲਾ ਹਾਲ ਮੁਕਾਮ ਰੰਗੂਨ ਜੇਲ੍ਹ ਯਹ ਇਕਰਾਰ ਕਰਤਾ ਹੂੰ ਔਰ ਸੰਨਦਨਾਮਾ ਭੀ ਲਿਖ ਦੇਤਾ ਹੂੰ। ਕਿਸ ਵਾਸਤੇ ਤੋਂ ਯਹ ਜੇਲ੍ਹ ਮੇਂ ਆਪਣੀ ਖ਼ੁਸ਼ੀ ਸੇ ਰਾਜ਼ੀ-ਓ-ਰਜ਼ਾਮੰਦੀ ਕੇ ਸਾਥ ਯਹੀਂ ਰਹੂੰਗਾ। ਔਰ ਖਿਦਮਤ ਤੋਂ ਰਾਜਾ ਸਾਹਿਬ ਆਪਨੇ ਗੁਰੂ ਕੇ ਹਮਰਾਹ ਬਿਲਾ ਉਜ਼ਰ ਬਤੌਰ ਕੈਦ ਕੇ ਰਹੂੰਗਾ। ਕਭੀ ਕੋਈ ਬਾਤ ਕਾ ਉਜ਼ਰ ਨਹੀਂ ਕਰੂੰਗਾ। ਔਰ ਜਿਧਰ ਯਹ ਰਾਜਾ ਸਾਹਿਬ ਰਹੇਂਗੇ ਉਧਰ ਮੈਂ ਭੀ ਰਹੂੰਗਾ। ਕਭੀ ਕੋਈ ਬਾਤ ਕਾ ਉਜ਼ਰ ਕਰੂੰ ਤੋ ਬਾਤਲ ਹੈ। ਇਸੇ ਵਾਸਤੇ ਯਹ ਸੰਨਦਨਾਮਾ ਲਿਖ ਦੇਤਾ ਹੂੰ। ਲਿਹਾਜਾ ਸਰਕਾਰ ਕੇ ਕਾਮ ਆਵੇ।

ਨਾਨੂੰ ਸਿੰਘ ਦੇ ਅੰਗੂਠੇ ਦਾ ਨਿਸ਼ਾਨ

ਮਾਰਚ ੧੮੭੨

ਨਾਨੂੰ ਸਿੰਘ ਸਿੱਖ ਨੇ ਮੇਰੀ ਹਾਜ਼ਰੀ ਵਿਚ ਦਸਖ਼ਤ ਕੀਤੇ।

ਕਾਰਜਕਾਰ ਦਸਖ਼ਤ ਸੁਪਰਇੰਨਟੈਂਡੈਂਟ

ਜੇ ਨਾਨੂੰ ਸਿੰਘ ਸਰਕਾਰੀ ਖੁਫ਼ੀਆ ਵਿਭਾਗ ਦਾ ਬੰਦਾ ਹੁੰਦਾ ਤਾਂ ਸਰਕਾਰ ਨੂੰ ਉਸ ਕੋਲੋਂ ਇਕਰਾਰ ਕਰਾਉਣ ਦੀ ਕੋਈ ਲੋੜ ਨਹੀਂ ਸੀ। ਪਰਵਾਰ ਤੋਂ ਨਿਖੜ ਕੇ ਉਮਰ ਕੈਦ ਭੋਗਣ ਦੀ ਉਸਨੂੰ ਕੀ ਲੋੜ ਸੀ। ਸੋ ਇਹ ਮਨਘੜਤ ਕਹਾਣੀ ਸਤਿਗੁਰਾਂ ਤੇ ਉਸਨੂੰ ਛੁਟਿਆਉਣ ਲਈ ਅਤੇ ਕੂਕਾ ਲਹਿਰ ਨੂੰ ਬਦਨਾਮ ਕਰਨ ਲਈ ਘੜੀ ਗਈ ਜੋ ਤੱਤਹੀਣ ਅਤੇ ਅਰਥਹੀਣ ਸੀ।

ਸਤਿਗੁਰਾਂ ਦੀ ਖਾਧ ਖੁਰਾਕ ਦਾ ਵੀ ਪੂਰਾ ਧਿਆਨ ਰੱਖਿਆ ਜਾ ਰਿਹਾ ਸੀ। ਸਰਕਾਰ ਨੇ ਆਪ ਦੇ ਦੁਧ ਦਹੀਂ ਦੀ ਲੋੜ ਨੂੰ ਪੂਰਾ ਕਰਨ ਲਈ ਆਪ ਦੇ ਵਾਰਡ ਵਿਚ ੭੫ ਰੁਪਏ ਦੀ ਇਕ ਗਾਂ ਵੀ ਬੰਨ੍ਹ ਦਿੱਤੀ ਸੀ। ਬਦਾਮ ਤਕ ਆਪ ਨੂੰ ਮਿਲਦੇ ਸਨ। ਹੋਰ ਵੀ ਮਨ ਭਾਉਂਦਾ ਖਾਣਾ, ਖੁਰਾਕ ਫਲ ਆਦਿ ਆਪ ਨੂੰ ਮਿਲ ਸਕਦੇ ਸਨ, ਪਰ ਆਪ ਸਬਰ ਸੰਤੋਖ ਵਾਲੇ ਪਰਮ ਪੁਰਖ ਸਨ ਸੋ ਆਪ ਨੇ ਆਪਣੀਆਂ ਜ਼ਰੂਰਤਾਂ ਨੂੰ ਸੀਮਤ ਰੱਖਿਆ ਅਤੇ ਕਦੀ ਕੁਝ ਨਹੀਂ ਸੀ ਮੰਗਿਆ।

ਫਿਰ ਵੀ ਉਸ ਸਮੇਂ ੪੦-ਰੁਪਏ ਮਹੀਨਾ, ਸਰਕਾਰ ਦਾ ਆਪ ਦੀ ਅਤੇ ਆਪ ਦੇ ਸੇਵਕਾਂ ਦੀ ਰੋਟੀ ਦਾ ਖਰਚਾ ਆਉਂਦਾ ਸੀ। ੪੦- ਰੁਪਏ ਦੇ ਕਪੜੇ ਅਤੇ ਜੋੜੇ ਲੈ ਕੇ ਦਿਤੇ ਗਏ। ਕੁਰਸੀਆਂ ਮੇਜ਼ ਮੰਜਾ ਆਦਿ ੫੦-ਰੁਪਏ ਦਾ ਲਿਆਂਦਾ ਗਿਆ।

ਸਤਿਗੁਰਾਂ ਨੂੰ ਇਕ ਸਿਆਸੀ ਕੈਦੀ ਵਾਲੇ ਸਾਰੇ ਸ਼ਹਾਨਾ ਸੁਖ ਮਿਲੇ ਹੋਏ ਸਨ। ਫਿਰ ਵੀ ਆਪ ਦਾ ਮਨ ਡੋਲਦਾ, ਹਮਵਤਨਾਂ ਨੂੰ ਮਿਲਣ ਲਈ ਤਾਂਘਦਾ, ਵਤਨ ਪਰਸਤੀ ਬੇਚੈਨ ਕਰਦੀ ਤੇ ਆਪ ਉਦਾਸ ਰਹਿਣ ਲਗੇ, ਆਪ ਵਿਆਕੁਲਤਾ ਅਤੇ ਬੇਚੈਨੀ ਮਹਿਸੂਸ ਕਰਦੇ। ਦਿਨੇ ਤਾਂ ਕੀ ਰਾਤੀ ਵੀ ਆਪ ਨੂੰ ਬਹੁਤ ਗਰਮੀ ਮਹਿਸੂਸ ਹੁੰਦੀ।

ਸਰਕਾਰ ਆਪ ਨੂੰ ਕੋਈ ਸਰੀਰਕ ਤਕਲੀਫ ਨਹੀਂ ਸੀ ਦੇਣਾ ਚਾਹੁੰਦੀ। ਏਸੇ ਕਰਕੇ ਜਦ ਆਪ ਨੇ ਰਾਤ ਨੂੰ ਗਰਮੀ ਲਗਣ ਦੀ ਗੱਲ ਅਧਿਕਾਰੀਆਂ ਨੂੰ ਦੱਸੀ ਤਾਂ ਬ੍ਰਿਟਿਸ਼ ਬ੍ਰਹਮਾ ਦੇ ਚੀਫ਼ ਕਮਿਸ਼ਨਰ ਦੇ ਸਕੱਤਰ ਟਾਲ ਬੁਆਇਜ਼ ਵੀਲ੍ਹਰ ਨੇ ਭਾਰਤ ਸਰਕਾਰ ਦੇ ਸਕੱਤਰ ਨੂੰ ੧੫ ਅਪਰੈਲ ੧੮੭੨ ਈ. ਨੂੰ ਆਪ ਦੀ ਤਕਲੀਫ ਬਾਰੇ ਲਿਖਿਆ। ਉਸ ਲਿਖਿਆ ਕਿ ਡਬਲਿਊ. ਪੀ. ਕੋਲੀ, ਇਨਸਪੈਕਟਰ ਜਨਰਲ ਜੇਲ੍ਹ ਬ੍ਰਿਟਿਸ਼ ਬ੍ਰਹਮਾ ਦਾ ਡਰ ਸੀ ਕਿ ਜੇਲ੍ਹ ਵਿਚ ਸਤਿਗੁਰਾਂ ਦੀ ਸਿਹਤ ਖ਼ਰਾਬ ਹੋ ਸਕਦੀ ਸੀ। ਜੇ ਹਾਲਾਤ ਇਜਾਜ਼ਤ ਦੇਣ ਤਾਂ ਆਪ ਨੂੰ ਛਾਉਣੀ ਡਾਕ ਘਰ ਵਾਲੀ ਇਮਾਰਤ ਵਿਚ ਰੱਖਿਆ ਜਾਵੇ, ਜਿੱਥੇ ਪਹਿਲਾਂ ਦਿੱਲੀ ਦੇ ਮਹਾਰਾਜਾ ਬਹਾਦਰ ਸ਼ਾਹ ਨੂੰ ਰੱਖਿਆ ਗਿਆ ਸੀ। ਉਨ੍ਹਾਂ ਨੂੰ ਹਫਤੇ ਵਿਚ ਤਿੰਨ ਵਾਰ ਪੁਲਿਸ ਇਨਸਪੈਕਟਰ ਦੀ ਨਿਗਰਾਨੀ ਹੇਠ ਬੱਘੀ ਉਤੇ ਸੈਰ ਕਰਨ ਲਈ ਭੇਜਿਆ ਜਾਵੇ।

ਉਸ ਨੇ ਇਹ ਵੀ ਦੱਸਿਆ ਕਿ ਗੁਰੂ ਰਾਮ ਸਿੰਘ ਦਾ ਜੇਲ੍ਹ ਵਿਚ ਰਖਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ ਕਿਉਂਕਿ ਉਸਨੂੰ ਡਰ ਸੀ ਕਿ ਆਪ ਜੇਲ੍ਹ ਦੇ ਦੂਜੇ ਕੈਦੀਆਂ ਨਾਲ ਗੰਢ-ਤੁਪ ਕਰ ਸਕਦੇ ਸਨ ਅਤੇ ਵਤਨੋ ਦੂਰ ਬੈਠੇ, ਜੇਲ੍ਹ ਦੇ ਵਾਰਡ ਵਿਚੋਂ ਵੀ ਸੁਤੰਤਰਤਾ ਦੀ ਲੜਾਈ ਲੜ ਸਕਦੇ ਸਨ।

ਉਤਲੀਆਂ ਸਾਰੀਆਂ ਗਲਾਂ ਅਤੇ ਡਰਾਂ ਨੂੰ ਧਿਆਨ ਵਿਚ ਰਖਦਿਆਂ ਸਤਿਗੁਰਾਂ ਨੂੰ ਰੰਗੂਨ ਛਾਉਣੀ, ਡਾਕਖਾਨੇ ਵਾਲੀ ਇਮਾਰਤ ਵਿਚ ਰਖਣ ਦੀ ਮਨਜ਼ੂਰੀ ਮਿਲ ਗਈ।

ਸਤਿਗੁਰੂ ਜੀ ਸੰਗਤਾਂ ਨੂੰ ਪੂਜਾ ਪਾਠ, ਭਜਨ ਬੰਦਗੀ ਕਰਨ ਦਾ ਉਪਦੇਸ਼ ਦੇਂਦੇ ਰਹਿੰਦੇ ਸਨ ਤਾਂਕਿ ਆਤਮਕ ਬਲ ਸਦਾ ਚੜ੍ਹਦੀ ਕਲਾ ਵਿਚ ਰਹੇ। ਆਪ ਵੀ ਸਦਾ ਪੂਰਾ ਨਿਤਨੇਮ ਕਰਦੇ ਸਨ। ਜਦੋਂ ਦੇ ਭੈਣੀ ਸਾਹਿਬ ਤੋਂ ਤੁਰੇ ਸਨ ਇਕ ਚਿੱਤ ਹੋ ਕੇ ਭਜਨ ਬੰਦਗੀ ਤਾਂ ਕਰ ਲੈਂਦੇ ਸਨ। ਆਪ ਦਾ ਪਾਠ ਕਰਨ ਦਾ ਨਿਤਨੇਮ ਵੀ ਕਾਇਮ ਸੀ ਪਰ ਚੋਣਵੀਆਂ ਬਾਣੀਆਂ ਦਾ ਪਾਠ ਕਰਨ ਦੀ ਲੋੜ ਮਹਿਸੂਸ ਕਰਦੇ ਹੋਏ ਆਪ ਨੇ ਸਰਕਾਰ ਕੋਲੋਂ ਦੋ ਪੋਥੀਆਂ ਦੀ ਮੰਗ ਕੀਤੀ।

ਪਹਿਲੀ ਪੋਥੀ ਪੰਜ ਗ੍ਰੰਥੀ ਸੀ ਜਿਸ ਵਿਚ (੧) ਜਪੁਜੀ ਸਾਹਿਬ (੨) ਬਾਣੀ ਰਹਿਰਾਸ (੩) ਕੀਰਤਨ ਸੋਹਿਲਾ (੪) ਦਖਣੀ ਓਅੰਕਾਰ (੫) ਬਾਵਨ ਅੱਖਰੀ (੬) ਸੁਖਮਨੀ ਸਾਹਿਬ (੭) ਆਸਾ ਦੀ ਵਾਰ (੮) ਨਾਵੇਂ ਗੁਰੂ ਦੇ ਸ਼ਬਦ ਤੇ ਸ਼ਲੋਕ ਬਾਣੀਆਂ ਹੋਣ। ਪੰਜ ਗ੍ਰੰਥੀ ਵੀ ਆਪ ਨੇ ਹਥਾਂ ਦੀ ਲਿਖੀ ਹੋਈ ਮੰਗੀ ਜਿਸ ਵਿਚ ਕੋਈ ਗਲਤੀ ਨਾ ਹੋਵੇ।

ਦੂਜੀ ਪੋਥੀ ਦਸਮ ਗੁਰੂ ਦੀਆਂ ਬਾਣੀਆਂ ਦਾ ਸੰਗ੍ਰਹਿ ਸੀ। ਜਿਸ ਵਿਚ (੧) ਜਾਪ ਸਾਹਿਬ (੨) ਅਕਾਲ ਉਸਤਤ (੩) ਚੰਡੀ ਦੀ ਵਾਰ (੪) ਚੰਡੀ ਚਰਿਤਰ (੫) ਸਵਈਏ (੬) ਬਚਿੱਤਰ ਨਾਟਕ (੭) ਗਿਆਨ ਪ੍ਰਬੋਧ ਆਦਿ ਬਾਣੀਆਂ ਸਨ।

ਬ੍ਰਿਟਿਸ਼ ਬ੍ਰਹਮਾ ਦੇ ਚੀਫ ਕਮਿਸ਼ਨਰ ਨੇ ਇਹ ਪੋਥੀਆਂ ਜਿਵੇਂ ਵੀ ਜਿੱਥੋਂ ਵੀ ਲੱਭਣ, ਲੈ ਕੇ ਭੇਜਣ ਲਈ ੧੧ ਮਈ ੧੮੭੨ ਈ: ਨੂੰ ਹੋਮ ਸਕੱਤਰ ਭਾਰਤ ਸਰਕਾਰ ਨੂੰ ਲਿਖਿਆ। ਉਥੋਂ ਚਿਠੀ ਪੰਜਾਬ ਭੇਜੀ ਗਈ ਅਤੇ ਲੈਫਟੀਨੈਂਟ ਗਵਰਨਰ ਨੂੰ ਪੁਛਿਆ ਗਿਆ

ਕਿ ਉਸਨੂੰ ਉਹਨਾਂ ਪੋਥੀਆਂ ਦੇ ਭੇਜਣ ਉਤੇ ਕੋਈ ਇਤਰਾਜ਼ ਤਾਂ ਨਹੀਂ। ਅੰਡਰ ਸੈਕਟਰੀ ਪੰਜਾਬ ਨੇ ੨੮ ਜੂਨ ੧੮੭੨ ਈਃ ਨੂੰ ਭਾਰਤ ਸਰਕਾਰ ਨੂੰ ਜੁਆਬ ਦਿਤਾ ਕਿ ਬਚਿਤਰ ਨਾਟਕ ਤੋਂ ਬਿਨਾ ਹੋਰ ਕਿਸੇ ਬਾਣੀ ਦੇ ਭੇਜਣ ਤੇ ਪੰਜਾਬ ਸਰਕਾਰ ਨੂੰ ਕੋਈ ਇਤਰਾਜ਼ ਨਹੀਂ।

ਇਸ ਤਰ੍ਹਾਂ ਕਾਂਟ ਛਾਂਟ ਕਰ ਕੇ ਉਹ ਪੋਥੀਆਂ ਸਤਿਗੁਰਾਂ ਨੂੰ ਭੇਜੀਆਂ ਗਈਆਂ।

ਸਿਆਸੀ ਕੈਦੀ ਹੋਣ ਕਰ ਕੇ ਸਤਿਗੁਰਾਂ ਦੀ ਸਿਹਤ ਦਾ ਨਿੱਕੀ ਤੋਂ ਨਿੱਕੀ ਗੱਲ ਦਾ ਵੀ ਪੂਰਾ ਖਿਆਲ ਰੱਖਿਆ ਜਾਂਦਾ। ਜੇ ਆਪ ਨੂੰ, ਖਾਧ ਖੁਰਾਕ, ਹਵਾ ਪਾਣੀ, ਵਾਤਾਵਰਣ ਬਦਲਣ ਕਰਕੇ ਮਰੋੜ ਆਦਿ ਲਗਣ ਦੀ ਸ਼ਿਕਾਇਤ ਵੀ ਹੋ ਗਈ ਤਾਂ ਸਿਵਲ ਸਰਜਨ ਐਚ ਗ੍ਰਿਫਿਥਸ ਨੂੰ ਆਪ ਇਲਾਜ ਕਰਕੇ, ਅਰੋਗ ਕਰਕੇ, ਸਰਕਾਰ ਨੂੰ ਰਿਪੋਰਟ ਭੇਜਣੀ ਪਈ। ਸੁਖ ਆਰਾਮ, ਸੈਰ ਸਪਾਟਾ ਵੀ ਉਸਦੀ ਸਲਾਹ ਨਾਲ ਹੀ ਕਰਵਾਇਆ ਜਾਂਦਾ।

ਸਰੀਰਕ ਰੂਪ ਵਿਚ ਭਾਵੇਂ ਸਤਿਗੁਰੂ ਜੀ ਕੈਦ ਭੁਗਤ ਰਹੇ ਸਨ। ਪਰ ਮਾਨਸਕ ਤੌਰ ਉਤੇ ਉਹ ਸੋਚ ਉਡਾਰੀ ਰਾਹੀਂ ਅਕਾਲ ਪੁਰਖ ਆਪਣੇ ਘਰ, ਪਰਵਾਰ, ਪੰਥ ਦੇਸ਼ ਅਤੇ ਕੌਮ ਨਾਲ ਹੀ ਜੁੜੇ ਰਹੇ। ਆਪ ਦਾ ਅਤੇ ਨਾਨੂੰ ਸਿੰਘ ਦਾ ਜੀਅ ਕੀਤਾ ਕਿ ਆਪ ਘਰ ਚਿਠੀ ਲਿਖ ਕੇ ਸੁਖਸਾਂਦ ਪੁਛਣ ਅਤੇ ਆਪਣਾ ਹਾਲ ਚਾਲ ਦੱਸਣ। ਉਨ੍ਹਾਂ ਨੇ ੨੪ ਜੂਨ ੧੮੭੨ ਈ. ਮੁਤਾਬਕ ਹਾੜ ਵਦੀ ਚੌਥ ਸੰਮਤ ੧੯੨੯ ਬਿਕਰਮੀ ਨੂੰ ਗੁਪਾਲ ਸਿੰਘ ਅਤੇ ਆਪਣੇ ਛੋਟੇ ਵੀਰ ਬੁਧ ਸਿੰਘ (ਗੁਰੂ ਹਰੀ ਸਿੰਘ) ਨੂੰ ਇਕ ਚਿਠੀ ਲਿਖੀ। ਇਸ ਚਿਠੀ ਦਾ ਅੰਗਰੇਜ਼ੀ ਅਨੁਵਾਦ ਨਾਹਰ ਸਿੰਘ ਐਮ. ਏ. ਨੇ ਸਰਕਾਰੀ ਦਸਤਾਵੇਜ਼ਾਂ ਦੀ ਤੀਜੀ ਪੋਥੀ ਵਿਚ ਦਿਤਾ ਹੈ। ਜਿਸ ਦਾ ਖੁਲ੍ਹਾ ਪੰਜਾਬੀ ਉਲਥਾ ਹੇਠ ਲਿਖਿਆ ਹੈ:

ਲਿਖਤੁਮ ਰਾਮ ਸਿੰਘ, ਨਾਨੂੰ ਸਿੰਘ ਅਗੇ ਭਾਈ ਗੋਪਾਲ ਸਿੰਘ ਅਤੇ ਬੁਧ ਸਿੰਘ ਜੀ। ਸਮੂਹ ਖਾਲਸੇ ਨੂੰ ਵਾਹਿਗੁਰੂ ਜੀ ਦੀ ਫਤਹ ਬੁਲਾਉਣੀ ਅਤੇ ਬੀਬੀ ਨੰਦਾ ਨੂੰ ਰਾਮ ਸੱਤ।

ਸਰੀਰਕ ਤੌਰ ਉਤੇ ਮੈਂ ਠੀਕ ਠਾਕ ਹਾਂ। ਸਰਕਾਰ ਸਾਨੂੰ ਅੰਨ ਤੇ ਕਪੜੇ ਦੇਂਦੀ ਹੈ। ਪਰ ਬਿਰਹੋਂ ਦੀ ਅੱਗ ਮੈਨੂੰ ਬੜਾ ਸਾੜਦੀ ਹੈ। ਸਾਨੂੰ ਕਲਕਤਿਉਂ ਸਾਢੇ ਚਾਰ ਦਿਨ ਯਾਤਰਾ ਕਰਨੀ ਪਈ। ਨਗਰ ਨੂੰ ਰੰਗੂਨ ਕਹਿੰਦੇ ਹਨ। ਇਹ ਬੰਦਰਗਾਹ ਹੈ। ਮੈਨੂੰ ਲਿਖੋ ਵੱਡੇ ਬਾਬਾ ਜੀ (ਬਾਬਾ ਜੱਸਾ ਸਿੰਘ) ਦਾ ਕੀ ਹਾਲ ਹੈ। ਕੀ ਗੁਜਰ ਤਾਂ ਨਹੀਂ ਗਏ? ਸਾਨੂੰ ਇਕੋ ਗੁਰੂ ਤੇ ਭਰੋਸਾ ਹੈ। ਜਿਸ ਨੇ ਸਾਡੀ ਅੱਜ ਵਾਲੀ ਬਦਕਿਸਮਤੀ ਭਾਗਾਂ ਵਿਚ ਲਿਖੀ ਹੈ, ਸਾਨੂੰ ਸਾਰਾ ਕੁਝ ਆਪਣੇ ਆਪ ਦਸੋ। ਇਹ ਵੀ ਦਸੋ ਕਿ ਸਰਕਾਰ ਨੇ ਸਾਰੀ ਜ਼ਾਇਦਾਦ, ਜਿਸ ਨੂੰ ਉਸ ਨੇ ਜ਼ਬਤ ਕਰ ਲਿਆ ਸੀ ਵਾਪਸ ਦੇ ਦਿਤੀ ਹੈ ਜਾਂ ਉਸ ਦਾ ਕੁਝ ਹਿੱਸਾ ਰਖਿਆ ਹੈ?

ਕੀ ਰਾਇਪੁਰ ਦੇ ਸਢੌਰੇ ਦੇ ਲੋਕਾਂ ਅਤੇ ਕਾਹਨ ਸਿੰਘ ਵਿਚੋਂ ਕਿਸੇ ਨੂੰ ਰਿਹਾ ਕਰ ਦਿਤਾ ਹੈ? ਅਤੇ ਉਹ ਕਿਥੇ ਹਨ?

ਤੁਹਾਨੂੰ ਦੋਹਾਂ (ਗੁਪਾਲ ਸਿੰਘ ਤੇ ਬੁਧ ਸਿੰਘ) ਨੂੰ ਮਿਤਰਤਾ ਪੂਰਬਕ ਰਹਿਣਾ ਚਾਹੀਦਾ ਹੈ। ਨਾਸ਼ਵਾਨ ਆਤਮਾਵਾਂ ਦਾ ਮਿਲਣਾ ਤੇ ਵਿਛੜਨਾ ਤਾਂ ਕਰਮਾਂ ਦੇ ਵੱਸ ਹੈ।

ਜਿਹੜੀਆਂ ਵੀ ਮਝਾਂ, ਬਲਦ ਜਾਂ ਗਾਂਵਾਂ ਤੁਹਾਨੂੰ ਦਾਨ ਦੇ ਰੂਪ ਵਿਚ ਮਿਲਣ ਉਨ੍ਹਾਂ ਨੂੰ ਗੁਰੂ ਦੇ ਨਾਂ ਤੇ ਲਾ ਦੇਣਾ ਉਨ੍ਹਾਂ ਨੂੰ ਨਾ ਰਖਣਾ। ਨੰਦਾਂ ਨੂੰ ਸੁਖੀ ਰੱਖਣਾ।

ਆਪਣੀ ਚਿਠੀ ਮੈਨੂੰ ਇਸ ਤਰ੍ਹਾਂ ਲਿਖਣਾ-

ਸੇਵਾ ਵਿਖੇ
ਰਾਮ ਸਿੰਘ ਰੰਗੂਨ,
ਜੇਲ੍ਹ ਦਫਤਰ
ਮਾਰਫਤ ਸੁਪਰਇੰਨਟੈਂਡੈਂਟ।

ਪਤਾ ਗੁਰਮੁਖੀ ਅਤੇ ਅੰਗਰੇਜ਼ੀ ਦੋਹਾਂ ਵਿਚ ਲਿਖਣਾ।

ਨਾਨੂੰ ਸਿੰਘ ਦੇ ਪਰਵਾਰ ਬਾਰੇ ਵੀ ਲਿਖਣਾ। ਆਪਣੀ ਚਿਠੀ ਨਾਲ ਰੁੜਕੀ ਤੋਂ ਨਾਨੂੰ ਸਿੰਘ ਦੇ ਚਾਚੇ ਦੇ ਹਥਾਂ ਦੀ ਲਿਖੀ ਚਿਠੀ ਵੀ ਭੇਜਣੀ। ਉਸ ਵਿਚ ਨਾਨੂੰ ਸਿੰਘ ਦੇ ਪਰਵਾਰ ਦਾ ਹਾਲ ਵੀ ਲਿਖਣਾ। ਸਤਿਗੁਰੂ ਬਾਬਤ ਵੀ ਲਿਖਣਾ ਕਿ ਹਜ਼ਰੋ ਸਭ ਠੀਕ ਠਾਕ ਹੈ ਜਾਂ ਨਹੀਂ (ਕਿਉਂਕਿ ਸਤਿਗੁਰੂ ਬਾਲਕ ਸਿੰਘ ਜੀ ੧੮੬੨ ਈਃ ਵਿਚ ਹੀ ਚੜ੍ਹਾਈ ਕਰ ਗਏ ਸਨ ਸੋ ਇਸ ਦਾ ਭਾਵ ਉਨ੍ਹਾਂ ਦੇ ਪਰਵਾਰ ਤੋਂ ਸੀ।) ਸਭ ਕੁਝ ਬਾਰੇ ਪੂਰੀ ਤਰ੍ਹਾਂ ਲਿਖਣਾ।

ਮੇਰੇ ਭਲੇ ਲਈ ਗ੍ਰੰਥ ਸਾਹਿਬ ਦੇ ਪਾਠ ਕਰੋ। ਮੇਰੇ ਫਾਇਦੇ ਲਈ ਦਾਨ ਕਰੋ, ਅਕਾਲ ਪੁਰਖ ਅਗੇ ਅਰਦਾਸ ਕਰੋ।

ਭੋਲੀ ਨੂੰ ਦਸ ਦੇਣਾ ਕਿ ਚੰਦੋ ਕੋਲੋਂ ਉਸ ਦੇ ਰੁਪਏ ਵਾਪਸ ਮਿਲਣ ਦੀ ਕੋਈ ਆਸ ਨਹੀਂ। ਉਹ ਸਮਝ ਲਵੇ ਕਿ ਉਸ ਨੇ ਆਪਣੇ ਭਲੇ ਲਈ ਚੰਦੋ ਨੂੰ ਪੈਸੇ ਪੁੰਨ-ਦਾਨ ਲਈ ਦਿਤੇ ਸਨ।

ਬੁਧ ਸਿੰਘ ਅਤੇ ਨੰਦਾਂ ਮੇਰੇ ਵਾਲੇ ਕਮਰੇ ਵਿਚ ਰਹਿਣ, ਜਿਹੜਾ ਕਦੀ ਖਾਲੀ ਨਾ ਛੱਡਿਆ ਜਾਵੇ।

ਸਭ ਅਕਾਲ ਪੁਰਖ ਦੇ ਹੁਕਮ ਵਿਚ ਹੋਇਆ ਹੈ।

ਚਿੱਠੀ ਦਾ ਜੁਆਬ ਜ਼ਰੂਰ ਦੇਣਾ। ਨਾਨੂੰ ਸਿੰਘ ਦੇ ਪਰਵਾਰ ਦਾ ਹਾਲ ਲਿਖਣਾ ਨਾ ਭੁਲਣਾ।

ਹਾੜ ਵਦੀ ਚੌਥ ਸੰਮਤ ੧੯੧੯ ਬਿਕਰਮੀ।

ਉਤੇ ਦਿਤੀ ਚਿਠੀ ਮੁਹਰਬੰਦ ਕਰਕੇ, ਬ੍ਰਿਟਿਸ਼ ਬ੍ਰਹਮਾ ਦੇ ਚੀਫ ਕਮਿਸ਼ਨਰ ਦੇ ਸਕੱਤਰ ਨੇ, ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਦੇ ਸਕੱਤਰ, ਸੀ. ਯੂ. ਐਚੀਸਨ ਨੂੰ, ੧੫ ਜੁਲਾਈ ੧੮੭੨ ਈ. ਨੂੰ ਭੇਜੀ ਤਾਕਿ ਸਰਕਾਰ ਇਸ ਚਿਠੀ ਨੂੰ ਵੇਖ ਪਰਖ ਕੇ ਨਿਰਨਾ ਦੇਵੇ ਕਿ ਇਹ ਭੈਣੀ ਸਾਹਿਬ ਪਹੁੰਚਾਈ ਜਾਵੇ ਜਾਂ ਨਾਂ। ਭਾਰਤ ਸਰਕਾਰ ਦੇ ਅੰਡਰ ਸੈਕਟਰੀ ਨੇ, ੨੯ ਅਗਸਤ ੧੮੭੨ ਈ. ਨੂੰ, ਇਹ ਚਿਠੀ ਭੈਣੀ ਸਾਹਿਬ ਪਹੁੰਚਾਉਣ ਬਾਰੇ, ਪੰਜਾਬ ਸਰਕਾਰ ਦੇ ਸੈਕਟਰੀ ਨੂੰ ਪੁੱਛਿਆ। ੪ ਸਤੰਬਰ ੧੮੭੨ ਈ. ਨੂੰ ਪੰਜਾਬ ਸਰਕਾਰ ਵਲੋਂ ਲੈਫਟੀਨੈਂਟ ਗਵਰਨਰ ਦੇ ਹੁਕਮ ਅਨੁਸਾਰ ਇਹ ਜੁਆਬ ਗਿਆ ਕਿ ਉਸ ਨੂੰ ਮੁਹਰਬੰਦ ਚਿਠੀ ਮੰਜਲ ਤਕ ਪਹੁੰਚਾਉਣ ਉਤੇ ਬਹੁਤ ਇਤਰਾਜ਼ ਸੀ। ਜੇ ਚਿਠੀ ਮੁਹਰਬੰਦ ਹੋਣ ਦੀ ਥਾਂ ਖੁਲੀ ਹੁੰਦੀ ਤਾਂ ਵੀ ਕੂਕਿਆਂ ਦੇ ਰਾਹਨੁਮਾ ਅਤੇ ਪੰਜਾਬ ਵਿਚ ਵਸਦੇ ਆਗੂਆਂ ਵਿਚਕਾਰ ਪੱਤਰ ਵਿਹਾਰ ਹੋਣਾ ਅਯੋਗ ਸੀ। ਇਹ ਜੁਆਬ ਗਵਰਨਰ ਜਨਰਲ ਵਲੋਂ ਬ੍ਰਹਮਾ ਦੇ ਚੀਫ ਕਮਿਸ਼ਨਰ ਨੂੰ ਵੀ ੧੭ ਸਤੰਬਰ ੧੮੭੨ ਈ. ਨੂੰ ਭੇਜ ਦਿਤਾ ਗਿਆ।

ਚਿੱਠੀ ਨੂੰ ਵਾਚਿਆਂ ਪਤਾ ਲਗਦਾ ਹੈ ਕਿ ਇਸ ਵਿਚ ਕੁਝ ਵੀ ਉਕਸਾਊ ਜਾਂ ਭੜਕਾਊ ਨਹੀਂ ਸੀ। ਇਹ ਇਕ ਸਰਵ ਸਾਧਾਰਨ ਪਰਵਾਰਕ ਤੇ ਭਾਈਚਾਰਕ ਚਿੱਠੀ ਸੀ। ਅੰਗਰੇਜ਼ ਤਾਂ ਸਤਿਗੁਰੂ ਰਾਮ ਸਿੰਘ ਦੇ ਅੱਖਰਾਂ ਤੋਂ ਵੀ ਤ੍ਰਹਿੰਦਾ ਸੀ, ਮਤੇ ਉਹ ਸਿੱਖਾਂ ਦੀ ਨਜ਼ਰੇ ਚੜ੍ਹ ਕੇ ਕੋਈ ਵਿਸਫੋਟਕ ਸਥਿਤੀ ਨਾ ਪੈਦਾ ਕਰ ਦੇਣ।

ਉਂਜ ਇਹ ਗੱਲ ਸੱਚ ਵੀ ਸੀ ਕਿ ਜੇ ਸਤਿਗੁਰੂ ਰਾਮ ਸਿੰਘ ਜੀ ਦਾ ਆਪਣੇ ਸ਼ਰਧਾਲੂ ਸਿਖਾਂ ਨਾਲ ਪੱਤਰ ਵਿਹਾਰ ਵੀ ਹੋ

ਜਾਂਦਾ ਤਾਂ ਕੁਦਰਤੀ ਤੌਰ ਉਤੇ ਆਪ ਨੇ ਉਨ੍ਹਾਂ ਨੂੰ ਅਧਿਆਤਮਕ ਸੂਝ ਅਤੇ ਰਾਜਨੀਤਕ ਅਗਵਾਈ ਵੀ ਦੇਂਦੇ ਰਹਿਣਾ ਸੀ। ਬਰਤਾਨਵੀ ਸਰਕਾਰ ਦੇ ਭਾ ਦੀ ਬਣ ਜਾਣੀ ਸੀ। ਕੋਈ ਵੀ ਸਿਆਣਾ ਹਾਕਮ ਖ਼ਤਰਾ ਮੁਲ ਨਹੀਂ ਲੈਣਾ ਚਾਹੁੰਦਾ। ਸੋ ਸਰਕਾਰ ਦੇ ਪਖੋਂ ਤਾਂ ਇਹ ਪੱਤਰ ਵਿਹਾਰ ਦੀ ਪਾਬੰਦੀ ਵਾਜਿਬ ਹੀ ਸੀ।

ਸਤਿਗੁਰੂ ਰਾਮ ਸਿੰਘ ਨੇ ਇਕ ਵਾਰ ਸਰਕਾਰ ਕੋਲੋਂ ਇਕ ਸੌ ਰੁਪਈਆਂ ਉਧਾਰਾ ਮੰਗਿਆ। ਜੋ ਮਿਲ ਗਿਆ। ਡੀ. ਸੀ. ਲੁਧਿਆਣਾ ਨੇ ਲੁਧਿਆਣੇ ਪਈ ਗੁਰੂ ਰਾਮ ਸਿੰਘ ਦੀ ਰਕਮ ਵਿਚੋਂ ਪੈਸੇ ਕੱਟ ਕੇ, ਪੈਸੇ ਬ੍ਰਹਮਾ ਸਰਕਾਰ ਨੂੰ ਭੇਜ ਦਿਤੇ।

ਸਤਿਗੁਰਾਂ ਦਰਸ਼ਨ ਭੇਟ, ਤੋਹਫਿਆਂ ਦੇ ਰੂਪ ਵਿਚ ਅਤੇ ਖਰੀਦੀਆਂ ਹੋਈਆਂ ਸਾਰੀਆਂ ਚੀਜ਼ਾਂ ਅਤੇ ਪਸ਼ੂ ਡੇਰੇ ਹੀ ਰਖੇ ਸਨ। ਉਸ ਸਭ ਕੁਝ ਦੇ ਮਾਲਕ ਆਪ ਹੀ ਸਨ। ਸੋ ਰੰਗੂਨ ਕੈਦ ਵਿਚ ਆਪ ਨੂੰ ਪੁਛਿਆ ਗਿਆ ਕਿ ਉਨ੍ਹਾਂ ਦੀ ਗ਼ੈਰ ਮੌਜੂਦਗੀ ਵਿਚ ਸਾਰੇ ਹੀਰੇ, ਜਵਾਹਾਰਾਤ, ਨਕਦੀ, ਗਹਿਣੇ, ਊਠਾਂ, ਘੋੜਿਆਂ, ਮੱਝਾਂ, ਗਾਵਾਂ, ਬਲਦਾਂ, ਘਰ, ਜ਼ਮੀਨ ਜਾਇਦਾਦ ਦਾ ਮਾਲਕ ਕੌਣ ਹੋਵੇਗਾ, ਆਪ ਨੇ ਆਪਣੇ ਛੋਟੇ ਵੀਰ ਬੁਧ ਸਿੰਘ (ਜੋ ਬਾਅਦ ਵਿਚ ਗੁਰੂ ਹਰੀ ਸਿੰਘ ਦੇ ਨਾਂ ਨਾਲ ਸਤਿਕਾਰੇ ਜਾਂਦੇ ਰਹੇ) ਦਾ ਨਾਂ ਲਿਆ। ਸਰਕਾਰ ਨੇ ਕਾਗਜ਼ੀ ਕਾਰਵਾਈ ਪੂਰੀ ਕੀਤੀ, ਸਤਿਗੁਰਾਂ ਦੇ ਦਸਖ਼ਤ ਕਰਵਾਏ, ਉਗਾਹੀਆਂ ਪਈਆਂ ਅਤੇ ਸਾਰੀ ਮਨਕੂਲਾ ਅਤੇ ਗ਼ੈਰ-ਮਨਕੂਲਾ ਜਾਇਦਾਦ ਉਨ੍ਹਾਂ ਦੇ ਨਾਂ ਕਰ ਦਿਤੀ। ਇਸ ਸੰਬੰਧੀ ਤਿਆਰ ਕੀਤੇ ਲੋੜੀਂਦੇ ਦਸਤਾਵੇਜ਼ ਉਤੇ ੧੬ ਰੁਪਏ ਖਰਚ ਆਇਆ ਜੋ ਖਜ਼ਾਨੇ ਪਈ ਸਤਿਗੁਰਾਂ ਦੀ ਰਕਮ ਵਿਚੋਂ ਲੈ ਲਿਆ ਗਿਆ।

ਉਂਜ ਤਾਂ ਆਪਣਾ ਰਾਜ ਭਾਗ ਬਚਾਉਣ ਲਈ ਬ੍ਰਿਟਿਸ਼ ਗੌਰਮਿੰਟ ਨੇ ਸਤਿਗੁਰਾਂ ਨੂੰ ਨਜ਼ਰਬੰਦ ਕੀਤਾ ਹੋਇਆ ਸੀ ਪਰ ਸਰਕਾਰ ਆਪ ਦੀ ਦੇਖ ਭਾਲ ਇਸ ਤਰ੍ਹਾਂ ਕਰਦੀ ਸੀ ਜਿਵੇਂ ਕਿਸੇ ਬਾਦਸ਼ਾਹ ਦੀ ਕੀਤੀ ਜਾਂਦੀ ਸੀ।

ਸਤਿਗੁਰੂ ਰਾਮ ਸਿੰਘ ਅਤੇ ਉਸਨੂੰ ਦਿਤੇ ਚਾਰ ਨੌਕਰਾਂ ਉਤੇ ਸਰਕਾਰ ਦਾ ਸਭ ਪ੍ਰਕਾਰ ਦਾ ਖਰਚਾ ਉਸ ਸਮੇਂ ੯੮ ਰੁਪਏ ੧੨ ਆਨੇ ਮਹੀਨਾ ਆਉਂਦਾ ਸੀ। ਸਤਿਗੁਰਾਂ ਨੂੰ ਚੌਲ, ਸਬਜ਼ੀ, ਲੂਣ, ਤੇਲ, ਦਾਲ, ਆਟਾ, ਘਿਉ, ਖੰਡ, ਕਾਲੀ ਮਿਰਚ, ਮਿਸ਼ਰੀ, ਇਲਾਇਚੀ, ਮਸਾਲਾ, ਬਦਾਮ, ਆਦਿ ਰੋਜ਼ਾਨਾ ਦੇ ਅਹਾਰ ਵਿਚ ਦਿਤੇ ਜਾਂਦੇ ਸਨ। ੧੮੭੩ ਈ. ਦੇ ਸਾਲ ਵਿਚ ਸਤਿਗੁਰਾਂ ਅਤੇ ਨਾਨੂੰ ਸਿੰਘ ਦੀ ਖੁਰਾਕ ਦਾ ਔਸਤਨ ਖਰਚਾ ੩੧ ਰੁਪਏ ੧ ਆਨਾ ੪ ਪਾਈ ਪ੍ਰਤੀ ਮਹੀਨਾ ਮਿਥਿਆ ਗਿਆ।

ਸਤਿਗੁਰੂ ਰਾਮ ਸਿੰਘ ਨੂੰ ਕੈਦ ਕੀਤਿਆਂ ਭਾਵੇਂ ਸਰਕਾਰ ਨੂੰ ੩ ਕੁ ਸਾਲ ਹੋ ਗਏ ਸਨ ਫਿਰ ਵੀ ਸਰਕਾਰ ਕਿਸੇ ਪੰਜਾਬੀ ਨੂੰ ਆਪ ਨੂੰ ਮਿਲਣ ਦੀ ਇਜਾਜ਼ਤ ਨਹੀਂ ਸੀ ਦੇਂਦੀ ਕਿਉਂਕਿ ਉਸ ਨੂੰ ਡਰ ਸੀ ਕਿ ਸਤਿਗੁਰੂ ਰਾਮ ਸਿੰਘ ਕੋਲੋਂ ਜਿਹੜਾ ਵੀ ਅਜ਼ਾਦੀ ਦੀ ਕੋਈ ਚਿਣਗ ਲੈ ਕੇ ਜਾਵੇਗਾ ਉਹ ਭਾਂਬੜ ਬਣ ਕੇ ਮਚੇਗੀ ਅਤੇ ਅੰਗਰੇਜ਼ਾਂ ਦਾ ਰਾਜ ਭਾਗ ਸਾੜ ਕੇ ਸੁਆਹ ਕਰ ਦੇਵੇਗੀ। ਇਸ ਡਰ ਕਾਰਨ ਹੀ, ੧੩ ਜਨਵਰੀ ੧੮੭੩ ਈ: ਦੀ ਗੁਰੂ ਹਰੀ ਸਿੰਘ ਦੀ ਸਤਿਗੁਰੂ ਰਾਮ ਸਿੰਘ ਨੂੰ ਮਿਲਣ ਦੀ ਅਰਜ਼ੀ ਰੱਦ ਕਰ ਦਿਤੀ ਗਈ। ਅਤੇ ਕਿਸੇ ਕੂਕੇ ਨੂੰ ਸੂਹ ਤਕ ਨਾ ਦਿਤੀ ਕਿ ਆਪ ਕਿੱਥੇ ਕੈਦ ਸਨ?

ਸਤਿਗੁਰੂ ਰਾਮ ਸਿੰਘ ਨੂੰ ਕੈਦ ਕੀਤਿਆਂ ਭਾਵੇਂ ਸਰਕਾਰ ਨੂੰ ੩ ਕੁ ਸਾਲ ਹੋ ਗਏ ਸਨ ਫਿਰ ਵੀ ਸਰਕਾਰ ਕਿਸੇ ਪੰਜਾਬੀ ਨੂੰ ਆਪ ਨੂੰ ਮਿਲਣ ਦੀ ਇਜਾਜ਼ਤ ਨਹੀਂ ਸੀ ਦੇਂਦੀ ਕਿਉਂਕਿ ਉਸ ਨੂੰ ਡਰ ਸੀ ਕਿ ਸਤਿਗੁਰੂ ਰਾਮ ਸਿੰਘ ਕੋਲੋਂ ਜਿਹੜਾ ਵੀ ਅਜ਼ਾਦੀ ਦੀ ਕੋਈ ਚਿਣਗ ਲੈ ਕੇ ਜਾਵੇਗਾ ਉਹ ਭਾਂਬੜ ਬਣ ਕੇ ਮਚੇਗੀ ਅਤੇ ਅੰਗਰੇਜ਼ਾਂ ਦਾ ਰਾਜ ਭਾਗ ਸਾੜ ਕੇ ਸੁਆਹ ਕਰ ਦੇਵੇਗੀ। ਇਸ ਡਰ ਕਾਰਨ ਹੀ, ੧੩ ਜਨਵਰੀ ੧੮੭੩ ਈ: ਦੀ ਗੁਰੂ ਹਰੀ ਸਿੰਘ ਦੀ ਸਤਿਗੁਰੂ ਰਾਮ ਸਿੰਘ ਨੂੰ ਮਿਲਣ ਦੀ ਅਰਜ਼ੀ ਰੱਦ ਕਰ ਦਿਤੀ ਗਈ। ਅਤੇ ਕਿਸੇ ਕੂਕੇ ਨੂੰ ਸੂਹ ਤਕ ਨਾ ਦਿਤੀ ਕਿ ਆਪ ਕਿੱਥੇ ਕੈਦ ਸਨ?

ਸਤਿਗੁਰੂ ਰਾਮ ਸਿੰਘ ਦੇ ਚਰਨਾਂ ਦੇ ਭੌਰੇ ਆਪ ਜੀ ਦਾ ਦਰਸ਼ਨ ਕਰਨ ਲਈ ਤਰਲੋ ਮੱਛੀ ਹੋ ਰਹੇ ਸਨ। ੧੮੭੪ ਈ: ਦੇ ਅਖੀਰ, ਦਰਬਾਰਾ ਸਿੰਘ ਗਰੇਵਾਲ ਰਾਇਪੁਰ ਵਾਸੀ ਵਾਰ ਬਟਨ ਕੋਲ ਕੰਮ ਗਿਆ। ਦਰਬਾਰਾ ਸਿੰਘ ਦੇ ਸਤਿਗੁਰਾਂ ਦਾ ਪਤਾ ਦਸਣ ਬਾਰੇ ਕੀਤੇ ਤਰਲਿਆਂ ਉਤੇ ਪਸੀਜ ਕੇ ਵਾਰ ਬਟਨ ਦੀ ਮੇਮ ਨੇ ਆਪਣੇ ਪਤੀ ਤੋਂ ਚੋਰੀ ਉਸ ਨੂੰ ਪਤਾ ਦੱਸ ਦਿਤਾ।

ਦਰਬਾਰਾ ਸਿੰਘ ਨੇ ਸਤਿਗੁਰਾਂ ਦਾ ਦਰਸ਼ਨ ਪਰਸਨ ਲਈ ਕਮਰ ਕੱਸਾ ਕਰ ਲਿਆ। ਭੇਸ ਵਟਾ ਲਿਆ। ਪਟਿਆਲਾ ਸ਼ਾਹੀ ਦਾੜ੍ਹੀ ਚੜ੍ਹਾ ਲਈ। ਠੋਕਵੀਂ ਪਗ ਬੰਨ ਲਈ। ਗਲ ਰੇਸ਼ਮੀ ਕੁੜਤਾ ਅਤੇ ਤੇੜ ਰੇਬ ਪਜਾਮਾ ਪਾ ਲਿਆ ਹੱਥ ਵਿਚ ਮੀਆਂ ਵਾਲੀ ਡਾਂਗ ਫੜ ਲਈ। ਅੰਬਾਲਿਓਂ ਗੱਡੀ ਉਤੇ ਬੈਠ ਕੇ ਕਲਕੱਤੇ ਪਹੁੰਚਿਆ। ਫਿਰ ਸਮੁੰਦਰੀ ਜਹਾਜ਼ ਵਿਚ ਸਵਾਰ ਹੋ ਕੇ ਰੰਗੂਨ ਅਪੜ ਗਿਆ ਅਤੇ ਲਗਾ ਸਤਿਗੁਰਾਂ ਦੀ ਸੂਹ ਲੈਣ ਅਤੇ ਉਨ੍ਹਾਂ ਦੇ ਟਿਕਾਣੇ ਦੀ ਭਾਲ ਕਰਨ।

ਤੁਰ ਫਿਰ ਕੇ, ਕਈ ਦਿਨ ਖੁਚੀਂ ਘੱਟਾ ਪੁਆ ਕੇ ਸਤਿਗੁਰਾਂ ਵਾਲਾ ਬੰਗਲਾ ਤਾ ਉਸ ਨੇ ਲਭ ਲਿਆ। ਪਰ ਸੰਗੀਨ ਪਹਿਰੇ ਵਿਚ ਅੰਦਰ ਕਿਵੇਂ ਜਾਵੇ? ਇਕ ਰਾਤ ਵੇਲਾ ਤਕ ਕੇ, ਸਤਿਗੁਰਾਂ ਕੋਲ ਪਹੁੰਚ ਗਿਆ। ਗੁਰੂ ਅਤੇ ਸਿੱਖ ਦੋਵੇਂ ਚਿਰੀਂ ਵਿਛੁਨੇ, ਮਿਲਾਪ ਹੋਣ ਉਤੇ ਪੰਘਰ ਗਏ ਪਰ ਕੁਝ ਵੀ ਕਹਿਣ ਤੋਂ ਪਹਿਲਾਂ ਸਤਿਗੁਰੂ ਉਸ ਨੂੰ ਕਮਰੇ ਦੇ ਅੰਦਰ ਲੈ ਗਏ। ਪਹਿਰੇਦਾਰਾਂ ਦੇ ਵੇਖ ਲੈਣ ਦੇ ਡਰ ਤੋਂ ਬੂਹਾ ਬੰਦ ਕਰਕੇ ਉਸ ਨਾਲ ਹੌਲੀ ਹੌਲੀ ਗੱਲਾਂ ਕਰਨ ਲੱਗੇ।

ਸਤਿਗੁਰਾਂ ਨੇ ਗਿਲਾ ਕੀਤਾ ਕਿ ਨਾਮਧਾਰੀਆਂ ਨੇ ਉਨ੍ਹਾਂ ਦਾ ਗੁਆਚੀ ਵੱਛੀ ਜਿੰਨ੍ਹਾਂ ਵੀ ਮੁੱਲ ਨਹੀਂ ਪਾਇਆ ਤਾਂ ਦਰਬਾਰਾ ਸਿੰਘ ਨੇ ਸਤਿਗੁਰਾਂ ਦੇ ਆਉਣ ਤੋਂ ਬਾਅਦ ਭੈਣੀ ਸਾਹਿਬ ਅਤੇ ਨਾਮਧਾਰੀਆਂ ਉਤੇ ਜੋ ਕਹਿਰ ਦਾ ਪਹਾੜ ਟੁੱਟਾ ਉਸ ਦਾ ਵਰਨਣ ਕੀਤਾ। ਉਸ ਨੇ ਭੈਣੀ ਸਾਹਿਬ ਪੁਲਿਸ ਚੌਂਕੀ ਬੈਠੇ ਹੋਣ, ਪੰਜ ਸਿੰਘਾਂ ਦੇ ਇਕਠੇ ਹੋਣ ਤੇ ਪਾਬੰਦੀ ਲਗਣ, ਭੈਣੀ ਸਾਹਿਬ ਨੂੰ ਪਾਣੀ ਹਾਂਡੇ ਤੱਕ ਪੁਟਣ, ਪੰਥਕ ਜ਼ਾਇਦਾਦ ਜ਼ਬਤ ਕਰਨ ਅਤੇ

ਨਾਮਧਾਰੀਆਂ ਨੂੰ ਤਸੀਹੇ ਦੇਣ ਦੀ ਵਾਰਤਾ ਸੁਣਾਈ ਤਾਂ ਸਤਿਗੁਰੂ ਜੀ ਵੀ ਪਤੀਜ ਗਏ।

ਦਰਸ਼ਨ ਪਿਆਸ ਬੁਝਾਉਣ ਬਾਅਦ ਦਰਬਾਰਾ ਸਿੰਘ ਵਾਪਸ ਤੁਰਿਆ ਤਾਂ ਸਤਿਗੁਰਾਂ ਉਸ ਨੂੰ ਇਕ ਹੁਕਮਨਾਮਾ ਦਿਤਾ ਜਿਸ ਵਿਚ ਲਿਖਿਆ ਕਿ ਭਾਈ ਬੁਧ ਸਿੰਘ ਅਗੋਂ ਤੋਂ ਸਿੱਖੀ ਦੀ ਸੰਭਾਲ ਕਰੇਗਾ ਅਤੇ ਉਸ ਦਾ ਨਾਂ ਗੁਰੂ ਹਰੀ ਸਿੰਘ ਹੋਏਗਾ। ਸਤਿਗੁਰਾਂ ਨੇ ਉਹ ਹੁਕਮਨਾਮਾ ਪੜ੍ਹ ਕੇ, ਹਾਜ਼ਰ ਸਿੱਖਾਂ ਨੂੰ ਸੁਣਾ ਕੇ, ਪਾੜ ਕੇ, ਸਾੜ ਦੇਣ ਦਾ ਹੁਕਮ ਕੀਤਾ, ਜੋ ਮੰਨਿਆ ਗਿਆ।

ਸਤਿਗੁਰਾਂ ਦੇ ਅੰਗਰੇਜ਼ ਦੀ ਕੈਦ ਵਿਚ ਰੰਗੂਨ ਹੋਣ ਦੀ ਖ਼ਬਰ ਕੂਕਿਆਂ ਵਿਚ ਖ਼ੁਸ਼ਬੂ ਵਾਂਗ ਫੈਲ ਗਈ। ਨਾਮਧਾਰੀ ਤਾਂ ਆਪ ਨੂੰ ਸਤਿਗੁਰੂ ਸਚੇ ਪਾਤਸ਼ਾਹ, ਪੀਰ ਪੈਗੰਬਰ ਅਤੇ ਅਕਾਲ ਪੁਰਖ ਮੰਨਦੇ ਸਨ। ਉਨ੍ਹਾਂ ਦੀ ਆਪ ਨਾਲ ਜਜ਼ਬਾਤੀ ਸਾਂਝ ਸੀ। ਸਤਿਗੁਰਾਂ ਦੇ ਦਰਸ਼ਨ ਨਾਲ ਹੀ ਉਨ੍ਹਾਂ ਦੇ ਜਨਮਾਂ ਜਨਮਾਂਤਰਾਂ ਦੇ ਪਾਪਾਂ ਦਾ ਨਾਸ ਹੁੰਦਾ ਸੀ, ਦੁਖ ਕੱਟੇ ਜਾਂਦੇ ਸਨ ਅਤੇ ਪਰਮ ਆਨੰਦ ਪ੍ਰਾਪਤ ਹੁੰਦਾ ਸੀ। ਉਨ੍ਹਾਂ ਦੀਦ ਦੇ ਪਿਆਸਿਆਂ ਨੇ ਦਰਸ਼ਨ ਪਰਸਨ ਦਾ ਪ੍ਰੋਗਰਾਮ ਬਣਾਇਆ।

ਇਨ੍ਹਾਂ ਦਰਸ਼ਨ ਅਭਿਲਾਸ਼ੀਆਂ ਵਿਚੋਂ ਹਰਨਾਮ ਸਿੰਘ ਅਤੇ ਉਸਦੀ ਪਤਨੀ ਚੰਦੋ ਵੀ ਸੀ। ਉਨ੍ਹਾਂ ਦੋਹਾਂ ਨੇ ਦਸੰਬਰ ੧੮੭੪ ਈ: ਨੂੰ ਲੈਫਟੀਨੈਂਟ ਗਵਰਨਰ ਪੰਜਾਬ ਨੂੰ ਇਕ ਚਿੱਠੀ ਲਿਖ ਕੇ ਸਤਿਗੁਰਾਂ ਦੇ ਦੀਦਾਰੇ ਕਰਨ ਦੀ ਇਜਾਜ਼ਤ ਮੰਗੀ। ਉਸ ਨੂੰ ਜੁਆਬ ਆਇਆ ਕਿ ਉਹ ਰੰਗੂਨ ਜਾ ਕੇ ਦਰਸ਼ਨ ਕਰਨ ਦੀ ਇਜਾਜ਼ਤ ਲੈ ਸਕਦੇ ਸੀ। ਉਨ੍ਹਾਂ ਦੋਹਾਂ ਨੇ ਚਾਈਂ ਚਾਈਂ ਕਮਰਕੱਸੇ ਕਰ ਲਏ। ਉਨ੍ਹਾਂ ਨੇ ਸਤਿਗੁਰਾਂ ਨੂੰ ਮਥਾ ਟੇਕਣ ਲਈ ੩੦੦ ਰੁਪਏ, ਮਣਕਿਆਂ ਦੀ ਇਕ ਮਾਲਾ, ਉਨ੍ਹਾਂ ਦੇ ਚਰਨਾਂ ਲਈ ਜੋੜਾ ਅਤੇ ਹੋਰ ਕਈ ਨਿਕ-ਸੁਕ ਪੱਲੇ ਬੰਨ੍ਹ ਲਿਆ, ਅਤੇ ਮਾਰਚ ੧੮੭੫ ਈ: ਨੂੰ ਆਪਣੇ ਨਗਰ ਫ਼ਰੀਦਕੋਟੋਂ ਚਲ ਪਏ। ਗਡੀ ਰਾਹੀਂ ਕਲਕੱਤੇ ਪਹੁੰਚੇ। ਉਥੋਂ ਸਟੀਮਰ ਫੜ ਕੇ ੧੬ ਅਪਰੈਲ ੧੮੭੫ ਈ. ਨੂੰ ਰੰਗੂਨ ਅਪੜੇ।

ਰੰਗੂਨ ਜਾ ਕੇ ਦੋਵੇਂ ਜੀਅ ਚੀਫ ਕਮਿਸ਼ਨਰ ਦੇ ਦਫਤਰ ਵਿਚ ਮਿਲੇ। ਪੰਜਾਬ ਸਰਕਾਰ ਦੀ ਚਿੱਠੀ ਵਿਖਾ ਕੇ ਸਤਿਗੁਰਾਂ ਨਾਲ ਮੁਲਾਕਾਤ ਕਰਨ ਦੀ ਇਜਾਜ਼ਤ ਮੰਗੀ। ਅਧਿਕਾਰੀਆਂ ਨੇ ਉਨ੍ਹਾਂ ਦੋਹਾਂ ਨੂੰ ਹਿਰਾਸਤ ਵਿਚ ਲੈ ਲਿਆ। ੨੫ ਅਪਰੈਲ ੧੮੭੫ ਈ: ਨੂੰ, ਇਕ ਸਿਪਾਹੀ ਮੁਹੰਮਦ ਸਾਹਿਬ ਦੀ ਨਿਗਰਾਨੀ ਹੇਠ, ਸਟੀਮਰ ਵਿਚ ਬਿਠਾ ਕੇ ਵਾਪਸ, ਕਲਕਤੇ ਮੋੜ ਦਿਤਾ।

ਇਸਤਰ੍ਹਾਂ ਸਰਕਾਰ ਨੇ ਉਨ੍ਹਾਂ ਨੂੰ ਇਕ ਵਾਰ ਇਜਾਜ਼ਤ ਦੇਣ ਦੀ ਹਾਂ ਕਰ ਕੇ ਅਤੇ ਫਿਰ ਸਾਫ ਇਨਕਾਰ ਕਰਕੇ ਖੱਜਲ ਖ਼ੁਆਰ ਕੀਤਾ।

ਦੋਹਾਂ ਨੇ ਭੈਣੀ ਸਾਹਿਬ ਆ ਕੇ ਆਪਣੀ ਵਾਰਤਾ ਸੁਣਾਈ ਤਾਂ ਅਗੋਂ ਲਈ ਕਿਸੇ ਵੀ ਨਾਮਧਾਰੀ ਦਾ ਇਜਾਜ਼ਤ ਲੈ ਕੇ ਜਾਣ ਦਾ ਰਾਹ ਬੰਦ ਸਮਝਿਆ ਗਿਆ। ਪਰ ਇਸ ਦਾ ਇਹ ਮਤਲਬ ਨਹੀਂ ਕਿ ਨਾਮਧਾਰੀ ਰੰਗੂਨ ਗਏ ਹੀ ਨਹੀਂ। ਉਹ ਭੇਸ ਬਦਲ ਕੇ ਰੰਗੂਨ ਜਾਣ ਲਈ ਮੌਕੇ ਲਭਣ ਲਗੇ।

ਫਲੌਰ ਦਾ ਨਾਰਾਇਣ ਸਿੰਘ ਹਿੰਗ ਮਸਾਲੇ ਵੇਚਣ ਵਾਲਾ ਬਣ ਕੇ ਗਿਆ। ਅੰਮ੍ਰਿਤਸਰ ਦਾ ਸੌਦਾ ਸਿੰਘ ਤਿਲਕ ਧਾਰੀ ਮਥਰਾ ਦੇ ਪਾਂਡੇ ਦਾ ਭੇਸ ਧਾਰ ਕੇ ਗਿਆ ਉਹ ਬ੍ਰਹਮੀ ਲੋਗਾਂ ਦੇ ਟੇਵੇ ਅਤੇ ਜੋਤਸ਼ ਲਾਉਣ ਲਗਾ।

ਬਹੁਤੀ ਵਾਰ ਨਾਮਧਾਰੀਆਂ ਨੂੰ ਸਤਿਗੁਰੂ ਰਾਮ ਸਿੰਘ ਨਾਲ ਬਚਨ ਬਿਲਾਸ ਕਰਨ ਦਾ ਮੌਕਾ ਨਾ ਮਿਲਦਾ। ਉਹ ਦੂਰੋਂ ਹੀ ਦਰਸ਼ਨ ਕਰਕੇ ਨਿਹਾਲ ਹੋ ਜਾਂਦੇ। ਪਰ ਹੁਣ ਉਨ੍ਹਾਂ ਨੇ ਆਪ ਦੇ ਹੁਕਮਨਾਮਿਆਂ ਨੂੰ ਅਧਾਰ ਬਣਾ ਲਿਆ ਸੀ। ਹੁਕਮਨਾਮੇ ਪ੍ਰਾਪਤ ਕਰਨ ਦਾ ਵਸੀਲਾ ਵੀ ਬਣ ਗਿਆ ਸੀ।

ਜਿਸ ਬੰਗਲੇ ਵਿਚ ਆਪ ਨੂੰ ਨਜ਼ਰਬੰਦ ਕੀਤਾ ਹੋਇਆ ਸੀ ਉਸ ਦੇ ਲਾਗੇ ਹੀ ਇਕ ਵੈਰਾਗੀ ਸਾਧੂ ਦਾ ਡੇਰਾ ਸੀ। ਨਾਮਧਾਰੀ ਉਸ ਵੈਰਾਗੀ ਸਾਧੂ ਨੂੰ ਮਿਲੇ। ਸਤਿਗੁਰੂ ਰਾਮ ਸਿੰਘ ਅਤੇ ਆਪ ਦੇ ਮਿਸ਼ਨ ਬਾਬਤ ਦੱਸਿਆ। ਅੰਗਰੇਜ਼ਾਂ ਦੇ ਕੀਤੇ ਗਏ ਜ਼ੁਲਮ ਜ਼ਬਰ ਬਾਰੇ ਵੀ ਦੱਸਿਆ। ਉਹ ਕੂਕਿਆਂ ਦਾ ਹਮਦਰਦ ਬਣ ਗਿਆ।

ਨਾਮਧਾਰੀ, ਸਤਿਗੁਰੂ ਹਰੀ ਸਿੰਘ ਦਾ ਭੈਣੀ ਸਾਹਿਬੋਂ ਆਇਆ, ਸਤਿਗੁਰੂ ਰਾਮ ਸਿੰਘ ਦੇ ਨਾਮ ਪੱਤਰ ਉਸਨੂੰ ਦੇਂਦੇ। ਉਹ ਮੌਕੇ ਦੀ ਤਾੜ ਵਿਚ ਰਹਿੰਦਾ, ਜਦੋਂ ਵੀ ਪਹਿਰੇਦਾਰ ਨੂੰ ਅਗੇ ਪਿਛੇ ਹੋਇਆ ਸਮਝਦਾ ਡਲੇ ਵਿਚ ਬੰਨ੍ਹ ਕੇ ਚਿਠੀ ਬੰਗਲੇ ਵਿਚ ਸੁਟ ਦੇਂਦਾ। ਸਤਿਗੁਰੂ ਰਾਮ ਸਿੰਘ ਜੀ ਉਹ ਪੱਤਰ ਪੜ੍ਹਦੇ, ਵਿਚਾਰਦੇ ਫਿਰ ਇਕਾਂਤ ਸਮੇਂ ਓਹਲੇ ਬੈਠ ਕੇ ਹੁਕਮਨਾਮਾ ਲਿਖਦੇ, ਕਿਸੇ ਵੱਟੇ ਵਿਚ ਵਲ੍ਹੇਟ ਕੇ ਵੈਰਾਗੀ ਸਾਧੂ ਦੇ ਡੇਰੇ ਵਿਚ ਸੁੱਟ ਦੇਂਦੇ। ਉਥੋਂ ਨਾਮਧਾਰੀ ਸਿੰਘ ਉਸ ਨੂੰ ਭੈਣੀ ਸਾਹਿਬ ਪਹੁੰਚਾ ਦੇਂਦੇ। ਇਨ੍ਹਾਂ ਹੁਕਮਨਾਮਿਆਂ ਵਿਚ ਆਪ ਆਪਣਾ ਗੁਪਤ ਨਾਮ, ਦਿਆਲ ਸਿੰਘ, ਲਿਖਦੇ ਦੂਜੇ ਪਾਸੇ ਗੁਰੂ ਹਰੀ ਸਿੰਘ ਦਾ ਨਾਂ ਵੀ ਅੰਗਰੇਜ਼ਾਂ ਰਿਕਾਰਡ ਵਿਚ ਬੁਧ ਸਿੰਘ ਹੀ ਸੀ ਸੋ ਦੋਵੇਂ ਨਾਂ ਹੀ ਸੰਕੇਤਕ ਸਨ ਤਾਂਕਿ ਜੇ ਰਾਹ ਵਿਚ ਕਿਤੇ ਹੁਕਨਾਮਾ ਨਾਮਧਾਰੀਆਂ ਦੀ ਜਾਮਾ ਤਲਾਸ਼ੀ ਲੈਣ ਕਰਕੇ ਫੜਿਆ ਵੀ ਜਾਵੇ ਤਾਂ ਪਤਾ ਨਾ ਲਗ ਸੱਕੇ ਕਿ ਕੌਣ, ਕਿਸ ਨੂੰ ਲਿਖ ਰਿਹਾ ਸੀ।

ਇਕ ਹੁਕਮਨਾਮੇ ਦੀ ਕੁਝ ਇਬਾਰਤ ਹੇਠ ਦਿਤੀ ਜਾ ਰਹੀ ਹੈ:-

ੴ ਸਤਿਗੁਰੂ ਪ੍ਰਸਾਦ।।

ਲਿਖਤੰਮ ਦਿਆਲ ਸਿੰਘ ਜੋਗ ਉਪਮਾ ਭਾਈ ਹਰੀ ਸਿੰਘ ਜੀ ਤੇ ਹੋਰ ਸੰਬ੍ਰਹ ਸੰਤ ਖਾਲਸੇ ਜੀ ਕੋ ਸ੍ਰੀ ਵਾਹਿਗੁਰੂ ਜੀ ਦੀ ਫਤੇ ਬੁਲਾਈ ਪ੍ਰਵਾਨ ਕਰਨੀ।

ਹੋਰ ਏਥੇ ਸਾਡੇ ਸੁਖ ਅਨੰਦ ਹੈ ਆਪ ਜੀ ਦੀ ਸੁਖ ਸਤਿਗੁਰੂ ਪਾਸੋਂ ਮੰਗਦੇ ਹਾਂ।

ਇਕ ਵਿਛੋੜੇ ਦਾ ਦੁਖ ਹੈ ਹੋਰ ਅਸੀਂ ਬਹੁਤ ਰਾਜੀ ਹਾਂ। ਖਾਣ ਪੈਨਣ ਦਾ ਕੁਛ ਘਾਟਾ ਨਹੀਂ ਜਗਾ ਬੀ ਬੱਡਾ ਸਾਰਾ ਬੰਗੁਲਾ ਹੈ ਏਸ ਮੇਂ ਅਗੇ ਦਿੱਲੀ ਵਾਲਾ ਬਾਦਸ਼ਾਹੁ ਰਹਿੰਦਾ ਸੀ।

ਹੋਰ ਤੇ ਤੁਸਾਂ ਲਿਖਾ ਹੈ ਤੇ ਏਹੁ ਨਹੀ ਲਿਖਾ ਲਹਨਾ ਲੋਕਾਂ ਤੇ ਲਿਆ ਹੈ ਕਿ ਨਹੀਂ ਦਿਤਾ। ਅਰ ਮੈਂ ਲਿਖਿਆ ਮਖਣਾ ਨਹਿਰ ਵਾਲੀ ਹੱਟੀ ਦਾ ਕਰਿੰਦਾ ਕਿਉਂ ਨਿਕਲਾ। ਇਹ ਬੀ ਨਹੀ ਲਿਖਾ। ਅਰ ਮਨੀ ਸਿੰਘ ਨੂੰ ਕਾਗਜ਼ ਦੇ ਦੇਣੇ ਸੇ ਭੀ ਨਹੀਂ ਲਿਖਾ, ਦਿਤਾ ਹੈ ਕਿ ਨਹੀਂ।

ਹੋਰ ਲਿਖਾ ਥਾ ਸੁੰਦ੍ਰ ਸਿੰਘ ਦੇ ਭਤੀਜੇ ਨੂੰ ਦੁਸ਼ਾਲਾ ਦੇਣਾ ਸੋ ਭੀ ਨਹੀਂ ਲਿਖਾ, ਦਿਤਾ ਹੈ ਕਿ ਨਹੀਂ। ਕਿਸੇ ਦੇ ਕਹੇ ਕਹਾਇ ਤੂੰ ਕਿਤੇ ਅਤਰੀ ਨੂੰ ਗਲ ਨਾ ਪਾ ਲਈਂ। ਭਜਨ ਬਾਣੀ ਨਹੀਂ ਹੋਊ ਜੇ ਗਲ ਪਾ ਲਈ। ਹੁਣ ਭਜਨ ਬਾਣੀ ਦਾ ਵੇਲਾ ਹੈ।

ਅਰ ਘੋੜਾ ਬੀ ਕੋਈ ਇਕੁ ਅਧਾ ਰੱਖੁ ਹੋਰ ਨਾ ਰੱਖੁ। ਸਮਾ ਅਗੇ ਦੇਖੇ ਕੀ ਜਾਪੇ ਕੀ ਹੁੰਦਾ ਹੈ ਤਾਂ ਘੋੜੇ ਨਹੀਂ ਰਹਿੰਦੇ। ਲੰਡਾ

ਉਚਕਾ ਉਠ ਖੜਾ ਹੁੰਦਾ ਹੈ ਬਾਨਾ ਉਤੋ ਖੋਲ੍ਹ ਕੇ ਲੈ ਜਾਂਦੇ ਹਨ।

ਹੋਰ ਭਾਈ ਕੁੜੀ ਨੰਦਾਂ ਦੀ ਬੀ ਆਦਰ ਰਖੀਂ।

ਹੋਰ ਮੇਰੇ ਕੜੇ ਬੀ, ਗਹਿਣੇ ਬੀ ਜਨਾਨਾ ਮਰਦਾਨਾ ਸਭ ਬੇਚ ਕੇ ਹਰਿ ਕੇ ਲੇਖੇ ਲਾ ਦੇ। ਏ ਸਾਡੇ ਨਾਂ ਖਰਾ ਸੌਦਾ ਕਰ ਦੇਈਂ। ਜਿਸ ਨੇ ਰੁਪਈਏ ਦਿਤੇ ਨਹੀਂ, ਉਸ ਤੋਂ ਲੈ ਲੈਣੇ, ਕਾਗਤ ਦੇਖ ਕੇ, ਮਾਝੇ ਤੋਂ ਲੈ ਲੈਣੇ ਅਗੇ ਮੈਂ ਲਿਖਾ ਹੈ ਜਿਸ ਤੇ ਲੈਣੇ ਹੈ। ਉਹ ਚਿਠੀ ਦੇਖ ਕੇ ਲੈ ਲੈਣੇ।

ਹੋਰ ਤਾਂ ਭੋਗ ਬਹੁਤ ਪਾਏ ਹਨ ਪਰ ਕੋਈ ਭੋਗ ਬੇਬੇ ਦੇ ਨਮਿਤ ਹੀ ਪਾਇਆ ਹੈ ਸੋ ਤੈਂ ਏਹੁ ਬੀ ਕੰਮ ਕਰਨਾ। ਮਾਈ ਦੇ ਨਮਿਤ ਪੰਜ ਭੋਗ ਪਾ ਦੇਣੇ ਕੁਝ ਲੀੜਾ ਕਪੜਾ ਬੀ ਦੇਣਾ। ਸਾਡੀ ਤਿਆਰੀ ਬੀ ਵਿਚੇ ਹੀ ਇਹ ਭਾਣਾ ਵਰਤ ਗਿਆ।

ਮੰਗਤੇ ਲੋਕਾਂ ਨੂੰ ਯਥਾ ਸ਼ਕਤਿ ਜੋ ਬਣ ਆਵੇ ਸੋ ਦੇਣਾ। ਇਹੁ ਪ੍ਰਿਥੀ ਤਾ ਪ੍ਰਮੇਸ਼ਰ ਦੇ ਰਜਾਉਣ ਦੀ ਹੈ। ਮਨੁਖ ਦੇ ਰਜਾਉਣ ਦੀ ਨਹੀਂ ਹੈ। ਤੂ ਯਥਾ ਸ਼ਕਤ ਵਰਤੀਂ ਜੋ ਪੁਜਿ ਆਵੈ।

ਹੋਰ ਘੁਮੰਡਾ ਤਾਂ ਬਾ ਈ ਬੇਈਮਾਨ ਕਾਨ੍ਹੇ ਬੀ ਹੁਣ ਚੁਗਲੀਆਂ ਕਰਨ ਲਗ ਪਈ ਤਾਂ ਪਈ ਝਖ ਮਾਰੇ। ਜਿਥੇ ਹੋਰ ਲੋਕਾਂ ਨੇ ਖੇਹ ਖਾਧੀ ਹੈ ਇਹ ਬੀ ਪਈ ਖਿਰੇ ਖਾਵੇ, ਮੂੰਹ ਕਾਲਾ ਕਰਾਵੈ।

ਹੋਰ ਮਨੀ ਸਿੰਘ ਨੂੰ ਏਥੇ ਕੁਝ ਪਦਾਰਥ ਦਿਤਾ ਸੀ ੧੬੦ ਰੁਪਏ ਬਾਬੇ ਜਵਾਹਰ ਸਿੰਘ ਹੁਰਾਂ ਤਿਹਾਂ ਨੇ ਬਾਸਤੇ ਭੋਗਾਂ ਦੇ। ਸੋ ਮਨੀ ਸਿੰਘ ਭੋਗ ਪੁਆਏ ਹੈ ਕਿ ਨਹੀਂ। ਹੋਰ ਮੈਂ ਲਿਖਾ ਸੀ ਜੋ ਸਭ ਨੇ ਬਾਣੀ ਕੰਠ ਕਰਨੀ ਹੋਰ ਤੁਸਾਂ ਕੁਛ ਨਹੀਂ ਲਿਖਾ, ਕੰਠ ਕਰਨ ਲਗੇ ਹੈ ਕਿ ਨਹੀਂ। ਹੋਰ ਤੁਸੀਂ ਹੁਣੇ ਛੇਤੀ ਸਿੰਘ ਨਾ ਭੇਜ ਦਿਓ, ਕੁਛ ਸਰੂਪ ਸਿੰਘ (ਰੂਸ) ਦਾ ਮੇਲ ਦੇਖ ਕੇ ਆਵੇ, ਬਰਸ ਤਾਈ ਦਿਸ ਆਊ ਜੈਸਾ ਹੋਊ।

ਇਸ ਚਿਠੀ ਵਿਚ ਇਕ ਪਾਸੇ ਦੁਨਿਆਵੀ ਲੈਣ ਦੇਣ ਦਾ ਜ਼ਿਕਰ ਸੀ। ਗੁਰੂ ਹਰੀ ਸਿੰਘ ਨੂੰ ਉੱਚਾ ਸੁੱਚਾ ਚਾਲਚਲਣ ਰੱਖਣ ਲਈ ਆਦੇਸ਼ ਸੀ, ਪੁੰਨਦਾਨ, ਭਜਨ ਬੰਦਗੀ ਪੂਜਾ ਪਾਠ ਕਰਨ ਲਈ ਸੁਮੱਤ ਸੀ, ਸਭ ਕੁਝ ਦੁਨੀਆਂਦਾਰੀ ਅਤੇ ਰੂਹਾਨੀਅਤ ਨਾਲ ਸੰਬੰਧਤ, ਦੂਜੇ ਪਾਸੇ ਸਰੂਪ ਸਿੰਘ ਭਾਵ ਰੂਸ ਦੇ ਪੰਜਾਬ ਆਉਣ ਦਾ ਸੰਕੇਤ ਹੈ, ਰਾਜਨੀਤਕ ਪਖ-ਕਿਉਂਕਿ ਬਾਬਾ ਬਿਸ਼ਨ ਸਿੰਘ ਅਤੇ ਗੁਰਚਰਨ ਸਿੰਘ ਆਦਿ ਕੂਕੇ ਆਗੂ ਰੂਸ ਤੱਕ ਪਹੁੰਚ ਚੁਕੇ ਸਨ। ਉਨ੍ਹਾਂ ਨੇ ਭਾਰਤ ਨੂੰ ਅੰਗਰੇਜ਼ਾਂ ਦੇ ਪੰਜੇ ਵਿਚੋਂ ਛੁਡਾਉਣ ਲਈ ਜੋੜ ਤੋੜ ਸ਼ੁਰੂ ਕਰ ਦਿਤੀ ਸੀ। ਰੂਸ ਨੂੰ ਰਾਜਨੀਤਕ ਉਦੇਸ਼ ਦੀ ਪ੍ਰਾਪਤੀ ਲਈ ਭਰਪੂਰ ਮਦਦ ਕਰਨ ਲਈ ਪ੍ਰੇਰਿਆ ਜਾ ਰਿਹਾ ਸੀ।

ਸਤਿਗੁਰੂ ਰਾਮ ਸਿੰਘ ਜੀ ਦੂਰਦਰਸ਼ੀ ਸਨ। ਆਪ ਧਰਮ ਅਤੇ ਰਾਜਨੀਤੀ ਦੋਹਾਂ ਪੱਖਾਂ ਤੋਂ ਸੁਚੇਤ ਸਨ।

ਭਾਵੇਂ ਸਤਿਗੁਰੂ ਰਾਮ ਸਿੰਘ ਜੀ ਨੇ ਸਿਖਾਂ ਨੂੰ ਰੰਗੂਨ ਜਾਣੋ ਮਨ੍ਹਾ ਕੀਤਾ ਪਰ ਦਰਸ ਪਿਆਸੇ ਸਿਖਾਂ ਨੂੰ ਚੈਨ ਕਿਥੋਂ। ਉਹ ਦੁਖੜੇ ਝਾਗ ਕੇ ਵੀ ਜ਼ਰੂਰ ਰੰਗੂਨ ਅਪੜਦੇ। ਜਾਂਦੇ ਹੋਏ ਸਤਿਗੁਰੂ ਹਰੀ ਸਿੰਘ ਨੂੰ ਮਿਲ ਕੇ ਸਦ ਸੁਨੇਹੇ ਵੀ ਲੈ ਜਾਂਦੇ। ਵਾਪਸ ਆ ਕੇ ਵੀ ਹੁਕਮਨਾਮਾ ਦੇ ਦੇਂਦੇ ਸਨ। ੮੦ ਸਿੰਘ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਰੰਗੂਨ ਗਏ।

ਇਕ ਇਕ ਪਿੰਡ ਦੇ ਕਈ ਕਈ ਨਾਮਧਾਰੀ, ਖਾਰੇ ਸਮੁੰਦਰ ਨੂੰ ਲੰਘ ਕੇ ਆਪਣੇ ਗੁਰੂ ਨੂੰ ਮਿਲਣ ਗਏ। ਇਹ ਸਾਰਾ ਸਫ਼ਰ ਗੁਰੂ ਰਾਮ ਸਿੰਘ ਦੇ ਸ਼ਰਧਾਲੂ ਮੁਸੀਬਤਾਂ ਝਾਗ ਕੇ ਭੇਸ ਬਦਲ ਕੇ, ਸਰਕਾਰ ਦੇ ਅਖੀਂ ਘਟਾ ਪਾ ਕੇ ਹੀ ਪੂਰਾ ਕਰਦੇ ਰਹੇ।

ਕਈ ਵਾਰ ਸਰਕਾਰੀ ਅਧਿਕਾਰੀਆਂ ਨੂੰ ਜੇ ਕਿਸੇ ਉਤੇ ਸ਼ੱਕ ਵੀ ਹੋ ਗਿਆ ਤਾਂ ਸੰਦੇਹ ਜਨਕ ਅਵਸਥਾ ਵਿਚ ਕੂਕਾ ਸਮਝ ਕੇ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਉਸ ਦੀ ਤਲਾਸ਼ੀ ਲਿਆਂ ਜੇ ਉਸ ਕੋਲੋਂ ਸਤਿਗੁਰਾਂ ਦੀ ਚਿਠੀ ਨਿਕਲੀ ਤਾਂ ਅਫਸਰਾਂ ਨੇ ਪੱਕਾ ਭਰੋਸਾ ਕਰ ਲਿਆ ਕਿ ਗੁਰੂ ਰਾਮ ਸਿੰਘ ਦਾ ਪੰਜਾਬ ਨਾਲ ਤਾਲ ਮੇਲ ਕਾਇਮ ਸੀ। ਇਸ ਤਰ੍ਹਾਂ ਦੇ ਕੁਝ ਕੇਸ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਾਹਮਣੇ ਆਏ ਤਾਂ ਉਹ ਬਹੁਤ ਚਿੰ... ਹੋਇਆ।

੧੨ ਨਵੰਬਰ ੧੮੭੭ ਈ: ਨੂੰ ਕਾਰਜਕਾਰਨੀ ਸਕੱਤਰ ਪੰਜਾਬ ਨੇ ਗ੍ਰਿਹ ਵਿਭਾਗ, ਭਾਰਤ ਸਰਕਾਰ ਦੇ ਸਕੱਤਰ ਨੂੰ ਲਿਖਿਆ ਕਿ ਰੰਗੂਨ ਵਿਚ ਰਾ... ...ਕੈਦੀ, ਗੁਰੂ ਰਾਮ ਸਿੰਘ ਏਨਾ ਬਦਨਾਮ ਸੀ ਕਿ ਉਨ੍ਹਾਂ ਦੇ ਰੋਕਣ ਦੇ ਬਾਵਜੂਦ ਅਤੇ ਸਰਕਾਰੀ ਹੁਕਮ ਦੇ ਬਾਵਜੂਦ ਆਮ ਤੌਰ ਉਤੇ ਪੰਜਾਬ ਨਾਲ ਪੱਤਰ ਵਿਹਾਰ ਰਖਦਾ ਸੀ। ਉਸ ਦੀਆਂ ਕੁਝ ਚਿਠੀਆਂ ਗੁਪਤ ਸਰੂਪ ਵਿਚ ਗਵਰਨਰ ਜਨਰਲ ਕੋਲ ਵੀ ਪਹੁੰਚ ਗਈਆਂ ਸਨ। ਉਸ ਦਾ ਅਸਰ ਇਹ ਹੋਇਆ ਕਿ ਬਹੁਤ ਸਾਰੇ ਸਿੱਖਾਂ ਵਲੋਂ ਗੁਰੂ ਰਾਮ ਸਿੰਘ ਨੂੰ ਛੁਡਾਉਣ ਬਾਰੇ ਸਰਕਾਰੇ ਦਰਬਾਰੇ ਦਰਖਾਸਤਾਂ ਦਿਤੀਆਂ ਗਈਆਂ। ਕੂਕਿਆਂ ਵਿਚ ਫਿਰ ਜਾਨ ਪਈ ਲਗਦੀ ਸੀ ਜਿਸ ਕਰਕੇ ਲੈਫਟੀਨੈਂਟ ਗਵਰਨਰ ਨੇ ਸਲਾਹ ਦਿਤੀ ਸੀ ਕਿ ਗੁਰੂ ਰਾਮ ਸਿੰਘ ਨੂੰ ਅਦਨ ਵਰਗੀ ਕਿਸੇ ਹੋਰ ਥਾਂ ਉਤੇ ਭੇਜਿਆ ਜਾਵੇ ਜਿਥੇ ਨਿਗਰਾਨੀ ਹੋਰ ਵੱਧ ਰੱਖੀ ਜਾ ਸਕੇ।

੧੨ ਨਵੰਬਰ ੧੮੭੭ ਈ: ਨੂੰ ਕਾਰਜਕਾਰਨੀ ਸਕੱਤਰ ਪੰਜਾਬ ਨੇ ਗ੍ਰਿਹ ਵਿਭਾਗ, ਭਾਰਤ ਸਰਕਾਰ ਦੇ ਸਕੱਤਰ ਨੂੰ ਲਿਖਿਆ ਕਿ ਰੰਗੂਨ ਵਿਚ ਰਾਜਸੀ ਕੈਦੀ, ਗੁਰੂ ਰਾਮ ਸਿੰਘ ਏਨਾ 'ਬਦਨਾਮ' ਸੀ ਕਿ ਉਨ੍ਹਾਂ ਦੇ ਰੋਕਣ ਦੇ ਬਾਵਜੂਦ ਅਤੇ ਸਰਕਾਰੀ ਹੁਕਮ ਦੇ ਬਾਵਜੂਦ ਆਮ ਤੌਰ ਉਤੇ ਪੰਜਾਬ ਨਾਲ ਪੱਤਰ ਵਿਹਾਰ ਰਖਦਾ ਸੀ। ਉਸ ਦੀਆਂ ਕੁਝ ਚਿਠੀਆਂ ਗੁਪਤ ਸਰੂਪ ਵਿਚ ਗਵਰਨਰ ਜਨਰਲ ਕੋਲ ਵੀ ਪਹੁੰਚ ਗਈਆਂ ਸਨ। ਉਸ ਦਾ ਅਸਰ ਇਹ ਹੋਇਆ ਕਿ ਬਹੁਤ ਸਾਰੇ ਸਿੱਖਾਂ ਵਲੋਂ ਗੁਰੂ ਰਾਮ ਸਿੰਘ ਨੂੰ ਛੁਡਾਉਣ ਬਾਰੇ ਸਰਕਾਰੇ ਦਰਬਾਰੇ ਦਰਖਾਸਤਾਂ ਦਿਤੀਆਂ ਗਈਆਂ। ਕੂਕਿਆਂ ਵਿਚ ਫਿਰ ਜਾਨ ਪਈ ਲਗਦੀ ਸੀ ਜਿਸ ਕਰਕੇ ਲੈਫਟੀਨੈਂਟ ਗਵਰਨਰ ਨੇ ਸਲਾਹ ਦਿਤੀ ਸੀ ਕਿ ਗੁਰੂ ਰਾਮ ਸਿੰਘ ਨੂੰ ਅਦਨ ਵਰਗੀ ਕਿਸੇ ਹੋਰ ਥਾਂ ਉਤੇ ਭੇਜਿਆ ਜਾਵੇ ਜਿਥੇ ਨਿਗਰਾਨੀ ਹੋਰ ਵੱਧ ਰੱਖੀ ਜਾ ਸਕੇ।

ਉਂਜ ਸਰਕਾਰ ਨੇ ਰੰਗੂਨ ਵੀ ਨਿਗਰਾਨੀ ਵਲੋਂ ਪੱਕਾ ਪਰਬੰਧ ਕੀਤਾ ਹੋਇਆ ਸੀ। ਸਤਿਗੁਰਾਂ ਵਾਲੇ ਬੰਗਲੇ ਦੇ ਦੁਆਲੇ ਸਾਢੇ ਅੱਠ ਫੁੱਟ ਉਚਾ ਜੰਗਲਾ ਸੀ। ਚਾਰ ਚੁਫੇਰੇ ਡੂੰਘੀ ਖਾਈ ਸੀ। ਦੋ ਸਿਪਾਹੀ ਦਿਨ ਰਾਤ ਪਹਿਰੇ ਉਤੇ ਰਹਿੰਦੇ ਸਨ। ਫਿਰ ਵੀ

ਬੰਗਲੇ ਦੀ ਕੁਰਸੀ ਬਹੁਤ ਉਚੀ ਹੋਣ ਕਰਕੇ ਜਦੋਂ ਸਤਿਗੁਰੂ ਜੀ ਬਰਾਂਡੇ ਵਿਚ ਹੁੰਦੇ ਤਾਂ ਰੰਗੂਨ ਪੁਜੇ ਸਿਖਾਂ ਨੂੰ ਸੌਖਿਆਂ ਹੀ ਆਪ ਦੇ ਦਰਸ਼ਨ ਹੋ ਜਾਂਦੇ। ਕਈ ਵਾਰ ਸਿਪਾਹੀ ਵੀ ਰਹਿਮ ਦਿਲ ਹੋਣ ਕਰਕੇ ਕੂਕਿਆਂ ਨੂੰ ਤੰਗ ਕਰਨ ਜਾਂ ਸਤਿਗੁਰਾਂ ਨੂੰ ਬਾਹਰ ਬੈਠਣੋ ਵਰਜਨ ਦੀ ਲੋੜ ਘਟ ਹੀ ਮਹਿਸੂਸ ਕਰਦੇ।

ਚੀਫ ਕਮਿਸ਼ਨਰ ਦਾ ਇਕ ਹੋਰ ਵਿਚਾਰ ਸੀ ਕਿ ਚਾਰ ਚੁਫੇਰੇ ਦਾ ਜੰਗਲਾ ਹੋਰ ਉਚਾ ਕੀਤਾ ਜਾਵੇ। ਦੂਜਾ ਵਿਚਾਰ ਇਹ ਵੀ ਸੀ ਕਿ ਆਪ ਨੂੰ ਵਾਪਸ ਸੈਂਟਰਲ ਜੇਹਲ ਹੀ ਭੇਜ ਦਿਤਾ ਜਾਵੇ ਜਾਂ ਤਵਾਇ ਜਾਂ ਮਰਗੋਈ ਭੇਜ ਦਿਤਾ ਜਾਵੇ ਤਾਕਿ ਗੁਰੂ ਰਾਮ ਸਿੰਘ ਅਤੇ ਪੰਜਾਬ ਦੇ ਤਾਲਮੇਲ ਅਤੇ ਸੰਚਾਰ ਦਾ ਸਿਲਸਲਾ ਟੁਟ ਜਾਵੇ।

ਸਤਿਗੁਰੂ ਰਾਮ ਸਿੰਘ ਨੂੰ ਤਵਾਇ ਜਾਂ ਮਰਗੋਈ ਭੇਜਣ ਦੀ ਰਾਇ ਚੀਫ ਕਮਿਸ਼ਨਰ ਨੇ ੨੮ ਦਸੰਬਰ ੧੮੭੭ ਈ: ਚਿਠੀ ਵਿਚ, ਭਾਰਤ ਸਰਕਾਰ ਨੂੰ ਕਲਕੱਤੇ ਭੇਜੀ। ਕੌਂਸਲ ਦੇ ਗਵਰਨਰ ਜਨਰਲ ਨੇ ਆਪ ਨੂੰ ਤਵਾਇ ਜਾਂ ਮਰਗੋਈ ਭੇਜਣ ਦੀ ਮਨਜ਼ੂਰੀ ਦੇ ਦਿਤੀ।

ਹਿੰਦੁਸਤਾਨ ਵਿਚ ਬਗ਼ਾਵਤ ਦਾ ਤੌਖਲਾ ਖਤਮ ਕਰਨ ਲਈ, ਸਤਿਗੁਰਾਂ ਦਾ ਪੰਜਾਬ ਨਾਲੋਂ ਸੰਬੰਧ ਤੋੜਨ ਲਈ, ਆਪ ਨੂੰ ਮਰਗੋਈ ਜਾਂ ਤਵਾਇ ਭੇਜਣ ਲਈ ਲੋੜੀਂਦਾ ਪ੍ਰਬੰਧ ਕਰਨ ਲਈ ਮੌਲਮੀਨ ਦੇ ਕਮਿਸ਼ਨਰ ਨੂੰ ਲਿਖਿਆ ਗਿਆ। ਉਸ ਨੇ ਤਵਾਇ ਦੇ ਡੀ. ਸੀ. ਕਰਨਲ ਸਲਿੰਬਰੀ ਅਤੇ ਮਰਗੋਈ ਦੀ ਜੇਲ੍ਹ ਵਿਚ ਰਖਣ ਦਾ ਨਿਰਨਾ ਕੀਤਾ।

ਮਰਗੋਈ ਜੇਲ੍ਹ ਦੇ ਇਕ ਪਾਸੇ ਬਾਗਵਾਲੀ ਥਾਂ ਆਪ ਲਈ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ। ਉਚੇਚਾ ੩੦ ਫੁਟ ਲੰਮੀ ੧੦ ਫੁਟ ਚੌੜੀ ਥਾਂ ਛਤੀ ਗਈ, ਜਿਸ ਵਿਚ ਇਕ ਕਮਰਾ, ਬਰਾਂਡਾ, ਰਸੋਈ, ਪਖਾਨਾ, ਗੁਸਲਖਾਨਾ ਆਦਿ ਅਤੇ ਦੁਆਲੇ ਉਚਾ ਜੰਗਲਾ ਬਣਾਏ ਗਏ। ਇਸ ਉਤੇ ਉਸ ਸਮੇਂ ਦੀ ਸਰਕਾਰ ਦੇ ੩੭੮੩ ਰੁਪਏ ਖਰਚ ਆਏ।

ਸਤਿਗੁਰਾਂ ਦੀ ਨਿਗਰਾਨੀ ਲਈ ੭ ਸਿਪਾਹੀ ਤਾਇਨਾਤ ਕੀਤੇ ਗਏ ਉਨ੍ਹਾਂ ਦਾ ਸਾਲਾਨਾ ਖਰਚ ਉਸ ਸਮੇਂ ੧੦੫੨ ਰੁਪਏ ਸੀ।

ਮਰਗੋਈ ਵਿਚ ਸਤਿਗੁਰਾਂ ਨੂੰ ਰਖਣ ਦੀ ਤਿਆਰੀ ੩੧ ਅਕਤੂਬਰ ੧੮੭੮ ਈ: ਤਕ ਮੁਕੰਮਲ ਹੋ ਗਈ। ਪਰ ਫਿਰ ਚੀਫ ਕਮਿਸ਼ਨਰ ਨੂੰ ਸ਼ਕ ਹੋ ਗਿਆ ਕਿ ਮਰਗੋਈ ਦੀ ਸਰਕਾਰ ਆਪ ਨੂੰ ਆਪ ਦੇ ਪੈਰੋਕਾਰਾਂ ਨਾਲੋਂ ਨਹੀਂ ਤੋੜ ਸਕੇਗੀ। ਸੋ ਉਸ ਦਾ ਵਿਚਾਰ ਬਣਿਆਂ ਕਿ ਆਪ ਨੂੰ ਜਾਂ ਤਾਂ ਰੰਗੂਨ ਹੀ ਰਖਿਆ ਜਾਵੇ, ਉਥੇ ਪੁਲਿਸ ਦੀ ਥਾਂ ਫੌਜੀ ਨਿਗਰਾਨੀ ਰਖੀ ਜਾਵੇ ਕਿਉਂਕਿ ਫੌਜੀਆਂ ਦੀ ਛੇਤੀ ਛੇਤੀ ਤਬਦੀਲੀ ਹੋਣ ਕਰ ਕੇ ਭਰਸ਼ਟਾਚਾਰ ਦੀ ਸੰਭਾਵਨਾ ਬੜੀ ਘੱਟ ਸੀ। ਉਸ ਦਾ ਦੂਜਾ ਵਿਚਾਰ ਸੀ ਕਿ ਆਪ ਨੂੰ ਨਿਕੋਬਾਰ ਦੀਪ ਸਮੂਹ ਵਿਚ ਕਾਰਮੋਤਰਾ ਭੇਜਿਆ ਜਾਵੇ। ਤੀਸਰਾ ਵਿਚਾਰ ਇਹ ਵੀ ਸੀ ਕਿ ਕਿਸੇ ਉਚੇਚੀ ਥਾਂ ਰਖਣ ਦੀ ਥਾਂ ਤੇ ਆਪਨੂੰ ਜੇਲ੍ਹ ਵਿਚ ਹੀ ਰਖਿਆ ਜਾਵੇ।

ਇਨ੍ਹਾਂ ਤਿੰਨਾ ਥਾਵਾਂ ਵਿਚੋਂ ਕੋਈ ਥਾਂ ਪਰਵਾਨ ਕਰਨ ਬਾਰੇ ਪੰਜਾਬ ਦਾ ਪ੍ਰਤੀਕਰਮ ਪੁਛਿਆ ਗਿਆ ਅਤੇ ਫਿਰ ਗਵਰਨਰ ਜਨਰਲ ਕੋਲੋਂ ਵੀ ਸਲਾਹ ਲਈ ਗਈ। ਇਸ ਸੰਬੰਧੀ ਪਤਰ ਵਿਹਾਰ ਪੌਣੇ ਦੋ ਸਾਲ ਚਲਿਆ ਅਤੇ ਨਿਰਨਾ ਹੋਇਆ ਕਿ ਹਾਲ ਦੀ ਘੜੀ ਮਰਗੋਈ ਵਾਲੀ ਥਾਂ ਹੀ ਉਚਿਤ ਸੀ। ਜੇ ਏਥੇ ਵੀ ਸਤਿਗੁਰੂ ਰਾਮ ਸਿੰਘ ਨੂੰ ਉਤਰੀ ਭਾਰਤ ਨਾਲ ਸੰਬੰਧ ਕਾਇਮ ਰਖਣੋ ਨਾ ਰੋਕਿਆ ਜਾ ਸਕਿਆ ਤਾਂ ਦੁਬਾਰਾ ਵਿਚਾਰ ਕੀਤੀ ਜਾ ਸਕੇਗੀ।

੧੮ ਸਤੰਬਰ ੧੮੮੦ ਈ: ਨੂੰ ਆਪ ਨੂੰ ਆਨੰਦ ਨਾਂ ਦੇ ਜਹਾਜ਼ ਵਿਚ ਬਿਠਾਇਆ ਗਿਆ। ਆਪ ਨਾਲ ਆਪ ਦਾ ਨਿਜੀ ਸੇਵਕ ਨਾਨੂੰ ਸਿੰਘ ਵੀ ਸੀ। ੨੧ ਸਤੰਬਰ ੧੮੮੦ ਈ: ਨੂੰ ਆਪ ਮਰਗੋਈ ਜੇਲ੍ਹ ਵਿਚ ਪਹੁੰਚਾਏ ਗਏ। ਬੰਦੀ ਖਾਨੇ ਦੇ ਅਧਿਕਾਰੀ ਨੂੰ ਗਵਰਨਰ ਜਨਰਲ ਦੇ ਹੁਕਮ ਨਾਲ, ਵਰੰਟ ਵੀ ੨੭ ਅਕਤੂਬਰ ੧੮੭੨ ਈ: ਨੂੰ ਪਹੁੰਚਾ ਦਿਤੇ ਗਏ।

ਸਰਕਾਰ ਨੇ ਸਤਿਗੁਰਾਂ ਨੂੰ ਮਰਗੋਈ ਭੇਜਣ ਦਾ ਉਹਲਾ ਰਖਿਆ। ਕਿਸੇ ਛੋਟੇ ਅਫਸਰ ਨੂੰ ਵੀ ਪਤਾ ਨਹੀਂ ਸੀ ਕਿ ਆਪ ਨੂੰ ਕਿਸ ਕੈਦਖ਼ਾਨੇ ਵਿਚ ਰੱਖਿਆ ਗਿਆ ਸੀ। ਪਰ ਖੋਜ ਕਾਢ ਦੀ ਮਾਂ ਹੈ। ਕੂਕਿਆਂ ਨੂੰ ਤਾਂ ਆਪਣੇ ਰਹਿਬਰ ਨਾਲ ਜੁੜੇ ਰਹਿਣ ਦੀ ਲੋੜ ਸੀ। ਉਨ੍ਹਾਂ ਸੂਹ ਕਢ ਹੀ ਲਈ। ਉਹੀ ਮੇਲ ਜੋਲ ਦਾ ਸਿਲਸਿਲਾ ਚੱਲ ਪਿਆ। ਜਿਹੜੇ ਹੁਕਮ ਨਾਮੇ ਰੰਗੂਨ ਦੇ ਬੰਗਲੇ ਵਿਚੋਂ ਜਾਰੀ ਹੁੰਦੇ ਸਨ ਹੁਣ ਮਰਗੋਈ ਦੇ ਕੈਦਖ਼ਾਨੇ ਵਿਚੋਂ ਜਾਣ ਲਗੇ। ਕੂਕੇ ਭੇਸ ਬਦਲ ਕੇ, ਤਕਲੀਫਾਂ ਸਹਿ ਕੇ, ਸਰਕਾਰ ਦੇ ਅਖੀਂ ਘਟਾ ਪਾ ਕੇ ਮਰਗੋਈ ਵੀ ਪਹੁੰਚ ਜਾਂਦੇ।

ਦੂਜੇ ਪਾਸੇ ਸਰਕਾਰ ਵੀ ਹੁਣ ਪਹਿਲਾਂ ਨਾਲੋਂ ਜ਼ਿਆਦਾ ਚੁਸਤ ਅਤੇ ਚੇਤੰਨ ਸੀ। ਉਹ ਵੀ ਪਰਛਾਵੇਂ ਵਾਂਗ ਕੂਕਿਆਂ ਦੀਆਂ ਕਾਰਵਾਈਆਂ ਦੀ ਗੁਪਤ ਨਿਗਰਾਨੀ ਰਖਦੀ ਸੀ। ਦਬੇ ਪੈਰੀਂ ਪਿਛਾ ਕਰਦੇ ਠੀਕ ਸਮੇਂ ਉਤੇ ਝਪਟ ਪੈਂਦੀ ਸੀ। ੧੮੮੦ ਈ: ਵਿਚ ਹੀ ਸਤਿਗੁਰੂ ਰਾਮ ਸਿੰਘ ਨੂੰ ਮਿਲ ਕੇ ਆਉਂਦੇ, ਧਨ ਸਿੰਘ ਗੁਮਟੀ ਵਾਲੇ ਨੂੰ ਹਿਰਾਸਤ ਵਿਚ ਲੈ ਲਿਆ। ਉਸਦੀ ਜਾਮਾ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ ਸਤਿਗੁਰਾਂ ਦੇ ਦੋ ਪੱਤਰ ਨਿਕਲੇ।

੧੮੮੭ਈ: ਵਿਚ ਮੀਹਾਂ ਸਿੰਘ ਜੀ ਸਰਹਾਲੀ ਵਾਲੇ ਅਤੇ ਸਮੁੰਦ ਸਿੰਘ ਨੂੰ ਸਤਿਗੁਰਾਂ ਦੇ ਦਰਸ਼ਨ ਕਰਕੇ ਮੁੜ ਰਿਹਾਂ ਨੂੰ ਅਧਿਕਾਰੀਆਂ ਨੇ ਕਾਬੂ ਕਰ ਲਿਆ ਅਤੇ ਮੌਲਮੀਨ ਜੇਲ੍ਹ ਭੇਜ ਦਿਤਾ ਉਨ੍ਹਾਂ ਨੂੰ ਬਾਮੁਸ਼ਕਤ ਕੈਦ ਦੀ ਸਜ਼ਾ ਮਿਲੀ।

੧੭ ਮਾਰਚ ੧੮੮੧ ਈ: ਨੂੰ, ਸੁਖੂ ਨੰਬਰਦਾਰ ਨੇ ਪੁਲਿਸ ਸੁਪਰਇੰਟੈਂਡੈਂਟ ਜੇ. ਪੀ.ਵਾਰਬਟਨ ਨੂੰ ਚੁਗਲੀ ਲਾਈ ਕਿ ਲਲਤੋਂ ਦੇ ਚਕ ਵਿਚ ੧੫੦ ਕੂਕੇ ਇਕਠੇ ਹੋਏ ਸਨ ਅਤੇ ਸਰਕਾਰ ਦੇ ਖਿਲਾਫ ਗੋਂਦਾ ਗੁੰਦ ਰਹੇ ਸਨ। ਉਸ ਨੇ ਡਿਪਟੀ ਇਨਸਪੈਕਟਰ ਸਰਫਰਾਜ਼ ਖਾਂ ਨੂੰ ਤਹਿਕੀਕਾਤ ਲਈ ਭੇਜਿਆ। ਪੁਲਿਸ ਨੇ ੩੯ ਕੂਕੇ ਫੜ ਲਏ। ਇਨ੍ਹਾਂ ਵਿਚ ਅਤਰੀ ਵੀ ਸੀ। ਜਿਸ ਦੀ ਪੋਥੀ ਵਿਚੋਂ ਤਲਾਸ਼ੀ ਲੈਣ ਉਤੇ ਗੁਰੂ ਰਾਮ ਸਿੰਘ ਦੇ ਦੋ ਪੱਤਰ ਮਿਲੇ ਜਿਹੜੇ ੧੮੮੦ ਈ: ਵਿਚ ਭਗਵਾਨ ਸਿੰਘ ਅਤੇ ਸੁੰਦਰ ਸਿੰਘ ਲੈ ਕੇ ਆਏ ਸਨ।

ਵਾਰਬਟਨ ਦੀ ਰਿਪੋਰਟ ਅਨੁਸਾਰ ਉਨ੍ਹਾਂ ਚਿੱਠੀਆਂ ਵਿਚ ਅਫਗਾਨਿਸਤਾਨ ਦੇ ਯੁਧ ਦੀ, ਉਥੇ ਰੂਸ ਆਉਣ ਦੀ, ਅਫਗਾਨ ਫ਼ੌਜ ਦੀ ਅੰਗਰੇਜ਼ਾਂ ਖਿਲਾਫ਼ ਮਦਦ ਕਰਨ ਦੀ, ਉਸ ਦੇ ਜਿਤ ਜਾਂ ਹਾਰ ਦੀ, ਗੱਡੀ ਪਿਸ਼ਾਵਰ ਤੱਕ ਪਹੁੰਚਣ ਦੀ, ਸਰਹੰਦ ਨਹਿਰ ਵਿਚ ਪਾਣੀ ਆਉਣ ਦੀ ਅਤੇ ਹੋਰ ਪਰਵਾਰਕ ਅਤੇ ਪੰਥਕ ਗਲਾਂ ਦੀ ਪੁਛ ਪੜਤਾਲ ਕੀਤੀ ਗਈ।

ਇਹ ਗੱਲ ਵੀ ਸਪਸ਼ਟ ਹੀ ਹੈ ਕਿ ਪੰਜਾਬ ਦੇ ਨਾਲ ਨਾਲ ਦੁਨੀਆਂ ਦੇ ਬਦਲਦੇ ਹਾਲਾਤ ਨਾਲ ਆਪ ਦੀ ਪੂਰੀ ਸਾਂਝ ਸੀ।

ਆਪ ਉਨ੍ਹਾਂ ਹਾਲਾਤ ਦਾ ਫਾਇਦਾ ਉਠਾ ਕੇ ਵੀ ਦੇਸ਼ ਦੀ ਸੁਤੰਤਰਤਾ ਦੀ ਮੰਗ ਪੂਰੀ ਕਰਨਾ ਚਾਹੁੰਦੇ ਸਨ।

ਅਤਰੀ ਕੋਲੋਂ ਪ੍ਰਾਪਤ ਕੀਤੀਆਂ ਚਿੱਠੀਆਂ ਬਾਰੇ ਡਬਲਿਊ. ਐਮ. ਯੰਗ ਸਕੱਤਰ ਪੰਜਾਬ, ਨੇ ਭਾਰਤ ਸਰਕਾਰ ਦੇ ਗ੍ਰਹਿ ਸਕੱਤਰ ਨੂੰ ਲਿਖਿਆ।

"ਸਤਿਕਾਰ ਯੋਗ ਲੈਫਟੀਨੈਂਟ ਗਵਰਨਰ, ਭਾਰਤ ਸਰਕਾਰ ਦਾ ਧਿਆਨ ਇਨ੍ਹਾਂ ਚਿਠੀਆਂ ਦੀ ਖ਼ਾਸੀਅਤ ਵਲ ਦੁਆਉਣਾ ਚਾਹੁੰਦੇ ਹਨ। ਉਹ ਇਹ ਸਿੱਟਾ ਕਢਣਾ ਚਾਹੁੰਦੇ ਹਨ ਕਿ (ਗੁਰੂ) ਰਾਮ ਸਿੰਘ ਉਤੇ ਮਰਗੋਈ ਵਿਚ ਪਹਿਰਾ ਸਖ਼ਤ ਨਹੀਂ ਹੈ"- ੪ ਅਪਰੈਲ ੧੮੮੧

ਸਰਕਾਰ ਫਿਰ ਸੋਚੀਂ ਪੈ ਗਈ ਕਿ ਆਪ ਨੂੰ ਕਿੱਥੇ ਰਖਿਆ ਜਾਵੇ? ਇਕ ਵਿਚਾਰ ਇਹ ਸੀ ਕਿ ਆਪ ਨੂੰ ਟੇਬਲ ਲੈਂਡ ਟਾਪੂ ਵਿਚ ਭੇਜ ਦਿਤਾ ਜਾਵੇ। ਪਰ ਜਦ ਲਾਰਡ ਰਿਪਨ, ਵਾਇਸਰਾਇ ਨੇ, ਥੋਮਸਨ ਨੂੰ ਇਸ ਬਾਰੇ ਪੁਛਣ ਲਈ ਫਾਈਲ ਭੇਜੀ ਤਾਂ ੩ ਜੂਨ ੧੮੮੧ ਨੂੰ ਅਗੋਂ ਜੁਆਬ ਆਇਆ ਕਿ:

"ਜਿਸ ਸ਼ਿਦਤ ਅਤੇ ਹਠ ਧਰਮੀ ਨਾਲ ਗੁਰੂ ਰਾਮ ਸਿੰਘ ਦੇ ਪੈਰੋਕਾਰ ਉਸ ਨੂੰ ਲਭ ਲੈਂਦੇ ਹਨ ਅਤੇ ਉਨ੍ਹਾਂ ਦੇ ਪਰਬੰਧ ਦੇ ਤਰੀਕੇ ਇਹ ਪ੍ਰਗਟ ਕਰਦੇ ਹਨ ਕਿ ਆਪ ਨੂੰ, ਪੰਜਾਬ ਦੇ, ਆਪ ਦੇ ਮੁਰੀਦਾਂ ਨਾਲੋਂ ਟੇਬਲ ਲੈਂਡ ਵਿਚ ਵੀ ਆਪ ਦਾ ਪੱਤਰ ਵਿਹਾਰ ਬੰਦ ਕਰਾਉਣਾ ਔਖਾ ਹੀ ਹੈ। ਉਥੇ ਉਹ ਇਸ ਮੁਖ ਧਰਤੀ ਦੀ ਥਾਂ ਜ਼ਿਆਦਾ ਆਜ਼ਾਦ ਹੋਣਗੇ।"

ਉਸ ਨੇ ਡਰ ਪ੍ਰਗਟ ਕੀਤਾ ਕਿ ਕੂਕੇ ਸੁਨੇਹੇ ਲਿਆਉਣ ਅਤੇ ਲੈ ਜਾਣ ਲਈ ਆਪਣਾ ਸਮੁੰਦਰੀ ਜਹਾਜ਼ ਵੀ ਖਰੀਦ ਸਕਦੇ ਸਨ। ਸੋ ਸਭ ਕੁਝ ਬਾਰੇ ਸੋਚ ਵਿਚਾਰ ਪਿਛੋਂ ਸਤਿਗੁਰਾਂ ਨੂੰ ਮਰਗੋਈ ਰਖਣ ਦਾ ਹੀ ਨਿਰਨਾ ਹੋਇਆ।

ਨੈਣਾ ਸਿੰਘ ਜੱਦ ਆਪ ਨੂੰ ਮਰਗੋਈ ਮਿਲ ਕੇ ਗਿਆ ਤਾਂ ਉਸ ਸਤਿਗੁਰਾਂ ਕੋਲੋਂ ਪ੍ਰਾਪਤ ਕੀਤੇ ਹੁਕਮਨਾਮੇ ਦੀਆਂ ਨਕਲਾਂ ਕਰਵਾ ਲਈਆਂ ਅਤੇ ਨਾਮਧਾਰੀਆਂ ਵਿਚ ਵੰਡ ਦਿਤੀਆਂ। ਪੰਜਾਬ ਸਰਕਾਰ ਨੂੰ ਫਿਰ ਤੌਖਲਾ ਹੋਇਆ। ਉਸ ਮਰਗੋਈ ਦੇ ਅਧਿਕਾਰੀਆਂ ਨੂੰ ਲਿਖਿਆ। ਉਨ੍ਹਾਂ ਸਤਿਗੁਰਾਂ ਨੂੰ ਪੰਜਾਬ ਨਾਲ ਸਾਂਝ ਖ਼ਤਮ ਕਰਨ ਲਈ ਕਿਹਾ ਅਤੇ ਨਾਲ ਹੀ ਧਮਕੀ ਦਿਤੀ ਕਿ ਨਹੀਂ ਤਾਂ ਆਪ ਨੂੰ ਹੋਰ ਕਿਤੇ ਦੂਰ ਦਰਾਜ਼ ਲੈ ਜਾਣਗੇ। ਆਪ ਨੇ ਨਿਰਭੈ ਹੋ ਕੇ ਜੁਆਬ ਦਿਤਾ ਕਿ ਉਹ ਆਪ ਨੂੰ ਜਿਥੇ ਮਰਜੀ ਲੈ ਜਾਣ ਆਪ ਦੀ ਬਾਲੀ ਆਜ਼ਾਦੀ ਦੀ ਅੱਗ ਬੁਝਣ ਨਹੀਂ ਲੱਗੀ। ਆਪ ਨੂੰ ਮਿਲਣ ਦੇ ਚਾਹਵਾਨ ਦੀਵਾਨੇ ਆਪ ਨੂੰ ਲੱਭ ਹੀ ਲੈਣਗੇ।

ਹਾਕਮਾਂ ਨੇ ਪੰਜਾਬ ਤੋਂ ਮਰਗੋਈ ਤਕ ਦੇ ਰਾਹ ਉਤੇ ਸਖਤੀਆਂ ਵਧਾ ਦਿਤੀਆਂ। ਸਿੱਖ ਭਾਵੇਂ ਕਿਸੇ ਵੀ ਭੇਸ ਵਿਚ ਹੁੰਦਾ ਨਾ ਮਾਤਰ ਸ਼ਕ ਹੋਣ ਦੀ ਹਾਲਤ ਵਿਚ ਵੀ ਉਸ ਦੀ ਤਲਾਸ਼ੀ ਲਈ ਜਾਂਦੀ।

ਬੰਦੀ ਜੀਵਨ ਸਮੇਂ ਆਪ ਜੀ ਦੀ ਸਿਹਤ ਬਿਲਕੁਲ ਠੀਕ ਠਾਕ ਰਹੀ। ਆਪ ਨੂੰ ਕੋਈ ਗ਼ਮ ਨਹੀਂ ਸੀ। ਪੰਜਾਬ ਨਾਲ ਤਾਲਮੇਲ ਕਾਇਮ ਹੋਣ ਕਰਕੇ ਤਾਂ ਆਪ ਹੋਰ ਵੀ ਚੜ੍ਹਦੀ ਕਲਾ ਵਿਚ ਰਹਿੰਦੇ। ਖਾਲੀ ਸਮੇਂ ਚਿੰਤਨ ਕਰਦੇ।

ਜੇਲ੍ਹ ਦੇ ਡਾਕਟਰ ਨੂੰ ਸਮੇਂ ਸਮੇਂ ਆਪ ਦੀ ਸਿਹਤ ਦੀ ਰੀਪੋਰਟ ਭੇਜਣੀ ਪੈਂਦੀ ਸੀ। ੧੧ ਅਗਸਤ ੧੮੮੪ ਈ: ਨੂੰ ਵੀ ਉਸ ਨੇ ਆਪ ਦੀ ਸਿਹਤ ਪਹਿਲਾਂ ਨਾਲੋਂ ਵੀ ਚੰਗੀ ਲਿਖੀ।

ਸਤਿਗੁਰੂ ਰਾਮ ਸਿੰਘ ਨੇ ਪੰਜਾਬ ਨਾਲ ਆਪਣੇ ਸੰਬੰਧ ਕਾਇਮ ਰਖ ਕੇ ਵਿਖਾ ਦਿਤਾ ਸੀ ਕਿ ਸਾਰੀ ਫ਼ੌਜੀ, ਗ਼ੈਰਫ਼ੌਜੀ ਅਤੇ ਤੋਪਾਂ ਬੰਦੂਕਾਂ ਦੀ ਤਾਕਤ ਹੋਣ ਦੇ ਬਾਵਜੂਦ ਸਰਕਾਰ ਦਾ ਉਨ੍ਹਾਂ ਉਤੇ ਅਧਿਕਾਰ ਨਹੀਂ। ਉਹ ਬੰਦੀ ਖਾਨੇ ਵਿਚ ਰਹਿ ਕੇ ਵੀ ਆਜ਼ਾਦ ਸਨ।

ਇਕ ਦਿਨ ਸਤਿਗੁਰਾਂ ਨੇ ਸਰਕਾਰ ਨੂੰ ਚਕਮਾ ਦੇਣ ਬਾਰੇ ਸੋਚ ਲਿਆ। ਉਹ ਆਪਣੀ ਗਿਣੀ ਮਿਥੀ ਚਾਲ ਅਨੁਸਾਰ ਰੂਪੋਸ਼ ਹੋ ਗਏ। ਜਦ ਪਹਿਰੇਦਾਰ ਨੇ ਰਿਪੋਰਟ ਕੀਤੀ ਤਾਂ ਜੇਲ੍ਹ ਅਧਿਕਾਰੀਆਂ ਨੂੰ ਹਥਾਂ ਪੈਰਾਂ ਦੀ ਪੈ ਗਈ। ਇਹ ਤਾਂ ਉਸ ਸਰਕਾਰ ਦੀ ਵੀ ਹੇਠੀ ਸੀ ਜਿਸ ਦੇ ਰਾਜ ਵਿਚ ਸੂਰਜ ਨਹੀਂ ਸੀ ਡੁਬਦਾ, ਜਿਹੜੀ ਬੜੀ ਚਤੁਰ ਸੁਜਾਨ ਸੀ। ਕੁਝ ਦਿਨ ਜੰਗੀ ਪਧਰ ਉਤੇ ਆਪ ਜੀ ਦੀ ਭਾਲ ਹੁੰਦੀ ਰਹੀ। ਅੰਤ ਆਪਣੇ ਆਪ ਨੂੰ ਨਮੋਸ਼ੀ ਤੋਂ ਬਚਾਉਣ ਲਈ ਐਲਾਨ ਕਰ ਦਿਤਾ ਗਿਆ ਕਿ ਆਪ ੨੯ ਨਵੰਬਰ ੧੮੮੫ ਈ: ਨੂੰ ਮਰਗੋਈ ਜੇਲ੍ਹ ਵਿਚ ਚਲਾਣਾ ਕਰ ਗਏ ਸਨ।

ਪਰ ਸ੍ਰੀ ਸਤਿਗੁਰੂ ਰਾਮ ਸਿੰਘ ਦਾ ਗੁਪਤਵਾਸ ਦਾ ਸਮਾ ਵੀ ਇੱਕ ਬੜੀ ਵੱਡੀ ਬੁਝਾਰਤ ਹੈ। ਆਪ ਜੀ ਦੇ ਸ਼ਰਧਾਲੂ ਤਾਂ ਜਿਸ ਦਿਨ ਤੋਂ ਅੰਗਰੇਜ਼ ਹਾਕਮ ਆਪ ਜੀ ਨੂੰ ਪਰਦੇਸ ਲੈ ਗਏ ਸਨ, ਨਿੱਤ ਨਵੇਂ ਸੂਰਜ, ਆਪ ਜੀ ਦੀ ਉਡੀਕ, ਪੰਜ ਭੂਤਕ ਸਰੀਰ ਵਿਚ ਹੀ, ਬੜੀ ਬਿਹਬਲਤਾ ਨਾਲ ਕਰਦੇ ਆ ਰਹੇ ਹਨ। ਸਰਕਾਰੀ ਰਿਕਾਰਡ ੨੯ ਨਵੰਬਰ ੧੮੮੫ ਤੱਕ ਆਪ ਜੀ ਨੂੰ ਬੰਦੀ ਜੀਵਨ ਵਿਚ, ਮਰਗੋਈ ਵਿਚ ਰਖਦਾ ਹੈ। ਉਸ ਤੋਂ ਬਾਅਦ ਉਸ ਵਿਚ ਵੀ ਸੱਚ-ਝੂਠ ਦਾ ਰਲਾ ਲੁਕਿਆ ਨਹੀਂ ਰਹਿੰਦਾ।

ਸਿਵਲ ਸਰਜਨ ਮਰਗੋਈ ਦੀ ਰਪੋਰਟ ਅਨੁਸਾਰ ਆਪ ੨੯ ਨਵੰਬਰ ੧੮੮੫ ਨੂੰ ਸ਼ਾਮੀਂ ੪.੩੦ ਵਜੇ, ਜ਼ਿਆਦਾ ਦਸਤ ਆਉਣ ਕਾਰਨ, ਕਮਜ਼ੋਰੀ ਕਰਕੇ ਅਤੇ ਬਿਰਧ ਅਵਸਥਾ ਹੋਣ ਕਾਰਨ, ਚਲਾਣਾ ਕਰ ਗਏ।

ਜੇਲ੍ਹ ਰਿਪੋਰਟ ੧੮੮੫ ਉਤਲੀ ਗੱਲ ਦੀ ਪੁਸ਼ਟੀ ਨਹੀਂ ਕਰਦੀ। ਇਹ ਰਿਪੋਰਟ ਇੱਕ ਸਟੇਟਮੈਂਟ ਹੈ, ਜਿਸ ਦਾ ਨੰਬਰ ੧੬ ਹੈ। ਇਸ ਵਿਚ ਬ੍ਰਿਟਿਸ਼ ਬਰਮਾ ਦੀਆਂ ਮੁੱਖ ਅਤੇ ਸਹਾਇਕ ਜੇਲ੍ਹਾਂ ਵਿਚ, ੧੮੮੫ ਵਿਚ, ਦਾਖ਼ਲ ਹੋਏ ਅਤੇ ਮੁੱਖ ਘਾਤਕ ਰੋਗ ਨਾਲ ਚਲਾਣਾ ਕਰ ਗਏ, ਕੈਦੀਆਂ ਦੀ ਗਿਣਤੀ ਸੰਬੰਧਤ ਖਾਨਿਆਂ ਵਿਚ ਦਿੱਤੀ ਹੋਈ ਹੈ। ਪਰ ਇਸ ਰਿਪੋਰਟ ਵਿਚ ਮਰਗੋਈ ਜੇਲ੍ਹ ਵਿਚ ਜੰਗਲ ਜਾਂ ਦਸਤ ਆਦਿ ਦੇ ਕਿਸੇ ਇੱਕ ਵੀ ਰੋਗੀ ਦੀ ਗਿਣਤੀ ਨਹੀਂ ਦੱਸੀ ਗਈ। ਭਾਵ ਨਾ ਹੀ ਕੋਈ ਉਕਤ ਰੋਗ ਦਾ ਬਿਮਾਰ ੧੮੮੫ ਵਿਚ ਮਰਗੋਈ ਵਿਚ ਦਾਖ਼ਲ ਹੋਇਆ ਅਤੇ ਨਾ ਹੀ ਕੋਈ ਉਸ ਰੋਗ ਨਾਲ ਪੂਰਾ ਹੋਇਆ। ਫਿਰ ਸਿਵਲ ਸਰਜਨ ਨੇ ਕਿਉਂ ੧੮੮੫ ਵਿਚ ਆਪ ਦੇ ਅਕਾਲ ਚਲਾਣੇ ਦੀ ਖ਼ਬਰ ਦਿੱਤੀ - ਇਹ ਸੱਚਮੁਚ ਹੀ ਇਕ ਗੁੰਝਲ ਹੈ।

ਸਰ ਚਾਰਲਸ ਬਰਨਾਰਡ, ਚੀਫ ਕਮਿਸ਼ਨਰ ਬਰਮਾ ਦੀ ੨੩ ਅਗਸਤ ੧੮੮੬ ਦੀ ਸ: ਅਤਰ ਸਿੰਘ ਭਦੌੜ ਨੂੰ ਲਿਖੀ ਚਿਠੀ ਵਿਚ ਦਰਜ ਹੈ, "ਰਾਮ ਸਿੰਘ ਕੂਕੇ ਨੂੰ ਹੋਰ ਜ਼ਿਆਦਾ ਦੂਰ ਥਾਂ ਉਤੇ ਤਬਦੀਲ ਕੀਤਾ ਜਾ ਰਿਹਾ ਹੈ, ਜਿਥੇ ਉਸ ਨਾਲ ਸੰਚਾਰ ਕਾਇਮ ਰੱਖਣਾ ਘੱਟ ਸੌਖਾ ਹੋਵੇਗਾ।"

ਸੋ ਉਤੇ ਦਿਤਾ ਗਿਆ ਵੇਰਵਾ ਇਹ ਸਾਬਤ ਕਰਦਾ ਹੈ ਕਿ ਸਤਿਗੁਰੂ ਰਾਮ ਸਿੰਘ ਦੇ ਅਕਾਲ ਚਲਾਣੇ ਦੀ ਸਿਵਲ ਸਰਜਨ ਦੀ ਰਿਪੋਰਟ ਅਰਥ-ਹੀਣ ਬੇਬੁਨਿਆਦ ਅਤੇ ਝੂਠੀ ਹੈ।

■

ਗੁਰਦੀਪ ਸਿੰਘ ਨਾਮਧਾਰੀ

ਮੈਂ ਏਸੇ ਦੇਹ ਵਿਚ ਆਵਾਂਗਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ੧੭ ਜਨਵਰੀ ੧੯੯੬ ਈ: ਨੂੰ ਸ਼ਹੀਦੀ ਮੇਲਾ ਮਲੇਰਕੋਟਲਾ ਸਮੇਂ ਆਪਣੇ ਉਪਦੇਸ਼ ਵਿਚ ਕਿਹਾ ਕਿ:- "ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜ਼ਰੂਰ ਵਾਪਸ ਆਉਣਾ ਹੈ। ਉਹਨਾਂ ਦੇ ਆਇਆਂ ਸਾਰੇ ਸੰਸਾਰ ਤੇ ਪੂਰਨ ਸ਼ਾਂਤੀ ਹੋਣੀ ਹੈ।"



੧੯ਵੀਂ ਸਦੀ ਦਾ ਦੂਸਰਾ ਅੱਧ ਨਾਮਧਾਰੀ ਸਿੱਖ ਇਤਿਹਾਸ ਵਿਚ ਖਾਸ ਥਾਂ ਰੱਖਦਾ ਹੈ। ਏਸ ਸਮੇਂ ਵਿਚ ਹੀ ਨਾਮਧਾਰੀ ਪੰਥ ਨਾਲ ਸੰਬੰਧਿਤ ਮੁੱਖ ਘਟਨਾਵਾਂ ਵਾਪਰੀਆਂ। ਸਤਿਗੁਰੂ ਰਾਮ ਸਿੰਘ ਜੀ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾ ਚੁੱਕੀ ਸਿੱਖੀ ਨੂੰ ਨਵੇਂ ਸਿਰੇ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਸੰਤ ਖਾਲਸੇ ਦੀ ਮੁੜ ਸਥਾਪਨਾ ਕੀਤੀ ਗਈ ਅਤੇ ੧੦ ਸਾਲਾਂ ਵਿਚ ਸਾਢੇ ਸਤ ਲੱਖ ਨਾਮਧਾਰੀ ਸਿੱਖ ਸਜਾਏ। ਧਰਮ, ਗਊ-ਗਰੀਬ ਦੀ ਰਖਿਆ ਅਤੇ ਦੇਸ਼ ਅਜ਼ਾਦੀ ਖਾਤਰ ਧਾਰਮਿਕ, ਸਮਾਜਕ ਅਤੇ ਰਾਜਨੀਤਿਕ ਬਹੁਤ ਸਾਰੇ ਕੰਮ ਕੀਤੇ ਗਏ। ਥੋੜੇ ਸਾਲਾਂ ਵਿਚ ਹੀ ਪੰਜਾਬ ਅਤੇ ਭਾਰਤ ਦੇ ਦੂਸਰੇ ਲੋਕ ਜੋ ਅੰਗ੍ਰੇਜ਼ ਦੀ ਗੁਲਾਮੀ ਹੇਠ ਆਪਣਾ ਜਿਊਣਾ ਨਰਕ ਸਮਝਦੇ ਸਨ, ਸ੍ਰੀ ਸਤਿਗੁਰੂ ਜੀ ਵਲੋਂ ਚਲਾਏ ਗਏ ਅੰਗ੍ਰੇਜ਼ ਸਰਕਾਰ ਵਿਰੁਧ ਨਾਮਿਲਵਰਤਨ ਅਤੇ ਅਸਹਿਯੋਗ ਅੰਦੋਲਨ ਵਿਚ ਲੱਖਾਂ ਦੀ ਗਿਣਤੀ ਵਿਚ ਸ਼ਾਮਲ ਹੋਣ ਲੱਗੇ।

ਅੰਗ੍ਰੇਜ਼ਾਂ ਵਲੋਂ ਕੀਤੀਆਂ ਜਾਂਦੀਆਂ ਵਧੀਕੀਆਂ ਨੂੰ ਥਾਂ ਥਾਂ ਤੇ ਭੰਡਿਆ ਜਾਣ ਲੱਗਾ। ੧੮੭੧-੭੨ ਵਿਚ ਨਾਮਧਾਰੀ ਸਿੰਘਾਂ ਨੇ ਧਰਮ ਸਥਾਨਾਂ ਦੀ ਬੇਪਤੀ ਹੁੰਦੀ ਨਾਂ ਸਹਾਰਦਿਆਂ ਹੋਇਆਂ, ਅੰਮ੍ਰਿਤਸਰ, ਰਾਏਕੋਟ ਅਤੇ ਮਲੇਰ ਕੋਟਲਾ ਬੁੱਚੜਖਾਨਿਆਂ ਤੇ ਹੱਲੇ ਬੋਲ ਕੇ ਬੁੱਚੜਾਂ ਦਾ ਘਾਤ ਕੀਤਾ ਅਤੇ ਗਊਆਂ ਨੂੰ ਛੁਡਾਇਆ। ਭਾਵੇਂ ਇਹਨਾਂ ਸਾਕਿਆਂ ਵਿਚ ਗੁਰੂ ਰਾਮ ਸਿੰਘ ਜੀ ਦਾ ਕੋਈ ਹੱਥ ਨਹੀਂ ਸੀ ਸਗੋਂ ਉਹ ਤਾਂ ਰੋਕਦੇ ਸਨ ਤੇ ਕਹਿੰਦੇ ਸਨ ਕਿ ਜੋ ਕੰਮ ਤੁਸੀਂ ਹਥਿਆਰਾਂ ਨਾਲ ਕਰਨਾਂ ਚਾਹੁੰਦੇ ਹੋ ਉਹ ਮੈਂ ਮਾਲਾ ਨਾਲ ਹੀ ਕਰ ਦਿਆਂਗਾ ਪਰ ਸਿੱਖਾਂ ਨੇ ਬਾਰ ਬਾਰ ਅਰਜ਼ਾਂ ਕਰਕੇ ਮਲੇਰ ਕੋਟਲੇ ਵੱਲ ਜਾਣ ਦਾ ਪੂਰਾ ਇਰਾਦਾ ਧਾਰ ਲਿਆ। ਜਦੋਂ ਜਥਾ ਸ੍ਰੀ ਭੈਣੀ ਸਾਹਿਬ ਤੋਂ ਚਾਲੇ ਪਾ ਤੁਰਿਆ ਤਾਂ ਆਪ ਨੇ ਸੂਬਾ ਲੱਖਾ ਸਿੰਘ ਨੂੰ ਲੁਧਿਆਣੇ ਮਸਤਾਨਿਆਂ ਦੇ ਜਥੇ ਦੀ ਇਤਲਾਹ ਦੇਣ ਲਈ ਭੇਜਿਆ। ਸੂਬਾ ਲੱਖਾ ਸਿੰਘ ਨੂੰ ਤਾਂ ਓਥੇ ਹੀ ਫੜ ਲਿਆ ਗਿਆ ਕਿਉਂਕਿ ਅੰਗ੍ਰੇਜ਼ ਸਰਕਾਰ ਨੂੰ ਤਾਂ ਕੂਕਿਆਂ ਬਾਰੇ ਕੋਈ ਨ ਕੋਈ ਬਹਾਨਾ ਹੀ ਚਾਹੀਦਾ ਸੀ।

ਡੀ. ਸੀ. ਕਾਵਨ ਨੇ ਮਲੌਦ ਦੀ ਘਟਨਾਂ ਪਿਛੋਂ ਸਤਿਗੁਰੂ ਜੀ ਤੋਂ ਪੁਛ ਪੜਤਾਲ ਕਰਨ ਲਈ ਨਾਇਬ ਤਹਿਸੀਲਦਾਰ ਲਹਿਣਾ ਸਿੰਘ ਨੂੰ ਸਤਿਗੁਰੂ ਜੀ ਨੂੰ ਮਲੌਦ ਪੁੱਜਣ ਲਈ, ਸ੍ਰੀ ਭੈਣੀ ਸਾਹਿਬ ਭੇਜਿਆ। ਸ੍ਰੀ ਸਤਿਗੁਰੂ ਜੀ ਸੂਬਾ ਜਵਾਹਰ ਸਿੰਘ, ਕਾਹਨ ਸਿੰਘ, ਸਾਹਿਬ ਸਿੰਘ, ਖਜਾਨ ਸਿੰਘ ਅਤੇ ਜੋਗਾ ਸਿੰਘ ਸਹਿਤ ਘੋੜਿਆਂ ਤੇ ਚੜ੍ਹ ੧੬ ਜਨਵਰੀ ੧੮੭੨ ਨੂੰ ਮਲੌਦ ਪੁੱਜੇ। ਉਸ ਸਮੇਂ ਤਕ ਡੀ. ਸੀ. ਕਾਵਨ ਨੂੰ ਮਲੇਰ ਕੋਟਲੇ ਹੋਈ ਵਾਰਦਾਤ ਦਾ ਵੀ ਪਤਾ ਲਗ ਚੁੱਕਾ ਸੀ। ਉਸ ਨੇ ਸ੍ਰੀ ਸਤਿਗੁਰੂ ਜੀ ਨੂੰ ਦਰੋਗੇ ਅਤੇ ਕਾਜੀ ਦਾ ਕੂਕਿਆਂ ਹੱਥੋਂ ਮਾਰੇ ਜਾਣ ਦਾ ਉਲਾਂਭਾ ਦਿੱਤਾ ਅਤੇ ਉਥੋਂ ਚਲਾ ਗਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੂਬਿਆਂ ਸਮੇਤ ਵਾਪਸ ਪਰਤੇ। ਸਿਆੜ ਪਿੰਡ ਵਿਚ ਆਪ ਭਾਈ ਬੇਲਾ ਸਿੰਘ ਦੇ ਘਰ ਠਹਿਰੇ। ਏਥੇ ਹੀ ਆਪ ਜੀ ਨੂੰ ਇਕ ਸਿੰਘ ਰਾਹੀਂ ਮਲੇਰ ਕੋਟਲੇ ਹੋਈ ਵਾਰਦਾਤ ਬਾਰੇ ਪੂਰੀ ਜਾਣਕਾਰੀ ਮਿਲੀ। ਬਰਸਾਤ ਹੋਣ ਕਰਕੇ ਆਪ ਜੀ ੧੭ ਜਨਵਰੀ ਸ਼ਾਮ ਤਕ ਏਥੇ ਹੀ ਰਹੇ। ਏਥੇ ਹੀ ਆਪ ਨੇ ਆਪਣੇ ਕੰਨੀਂ ਆਪ ਦੇ ਸਿੱਖਾਂ ਨੂੰ ਤੋਪਾਂ ਨਾਲ ਉਡਾਏ ਜਾਣ ਦੀ ਗੜਗੜਾਹਟ ਸੁਣੀ ਅਤੇ ਫਿਰ ਸ੍ਰੀ ਭੈਣੀ ਸਾਹਿਬ ਨੂੰ ਸੇਵਕਾਂ ਸਹਿਤ ਚਾਲੇ ਪਾ ਦਿੱਤੇ।

ਓਧਰ ਦੂਸਰੇ ਪਾਸੇ ਅੰਗ੍ਰੇਜ਼ ਸਲਤਨਤ ਸਤਿਗੁਰੂ ਰਾਮ ਸਿੰਘ ਦੇ ਸਿੰਘਾਂ ਵਲੋਂ ਵਾਪਰੀਆਂ ਘਟਨਾਵਾਂ ਤੋਂ ਏਨੀ ਭੈ ਭੀਤ ਹੋ ਗਈ ਕਿ ਉਹਨਾਂ ਨੂੰ ਸਤਿਗੁਰੂ ਰਾਮ ਸਿੰਘ ਤੇ ਉਹਨਾਂ ਦੇ ਸਿੱਖਾਂ ਤੋਂ ਕਾਲ ਵਰਗਾ ਭੈ ਲਗਣ ਲੱਗਾ। ਏਸੇ ਕਰ ਕੇ ਉਹਨਾਂ ਆਪਣੇ ਭਾਰਤੀ ਸਾਮਰਾਜ ਨੂੰ ਬਚਾਈ ਰਖਣ ਲਈ ਮਲੇਰ ਕੋਟਲੇ ਦੀ ਘਟਨਾ ਦਾ ਸਹਾਰਾ ਲੈ ਕੇ ੧੯੧੮ ਦੇ ਬੰਗਾਲ ਰੈਗੂਲੇਸ਼ਨ ਐਕਟ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਤੇ ਸੂਬਿਆਂ ਨੂੰ ਗ੍ਰਿਫਤਾਰ ਕਰਕੇ ਕਿਸੇ ਦੁਰੇਡੇ ਥਾਂ ਭੇਜਣਾ ਚਾਹਿਆ।

ਸਭਹਨ ਕੇ ਸਿਰਮੌਰ ਪੁਸਤਕ ਵਿਚ ਸ੍ਰੀ ਤਾਰਾ ਸਿੰਘ ਅਨਜਾਣ ਲਿਖਦੇ ਹਨ:- "੧੭ ਜਨਵਰੀ ੧੮੭੨ ਈ: ਨੂੰ ਕਮਿਸ਼ਨਰ ਟੀ. ਡੀ. ਫੋਰਸਿਥ ਨੇ ਲੁਧਿਆਣਾ ਸਰਕਲ ਦੇ ਡੀ. ਆਈ. ਜੀ. ਪੁਲਿਸ ਲੈਫਟੀਨੈਂਟ ਕਰਨਲ ਜੇ. ਸੀ. ਪੀ. ਨੂੰ ਸਤਿਗੁਰੂ ਰਾਮ ਸਿੰਘ ਅਤੇ ਸੂਬਿਆਂ ਨੂੰ ਗਰਿਫ਼ਤਾਰ ਕਰਨ ਦੀ ਜ਼ੁੰਮੇਵਾਰੀ ਸੌਂਪੀ, ਉਸਨੂੰ ਕਿਹਾ ਗਿਆ ਕਿ ਗਰਿਫ਼ਤਾਰੀ ਲਈ ਪੁਲਿਸ ਅਤੇ ਫ਼ੌਜ ਦੀ ਮਦਦ ਵੀ ਲੈ ਲਈ ਜਾਵੇ। ਗਰਿਫ਼ਤਾਰ ਕੀਤੇ ਵਿਅਕਤੀਆਂ ਕੋਲੋਂ ਡਾਂਗਾਂ, ਖੂੰਡੇ, ਗੰਡਾਸੇ, ਸਫਾਜੰਗ ਤੇ ਹੋਰ ਹਰ ਪ੍ਰਕਾਰ ਦੇ ਹਥਿਆਰ ਲੈ ਲਏ ਜਾਣ। ਉਹਨਾਂ ਨੂੰ ਲੁਧਿਆਣੇ ਪਹੁੰਚਾਇਆ ਜਾਵੇ।

ਮਿ: ਬੇਲੀ ਨੂੰ ਪਤਾ ਲੱਗਾ ਕਿ ਆਪ ਮਲੌਦ ਹਨ ਤਾਂ ਉਹ ੧੨ ਨੰਬਰ ਰਸਾਲੇ ਦੇ ੨੫ ਘੁੜ ਸਵਾਰ ਸਿਪਾਹੀ ਲੈ ਕੇ ਮਲੌਦ ਨੂੰ ਤੁਰ ਪਿਆ। ਉਸ ਨਾਲ ਲੈਫਟੀਨੈਂਟ ਗ੍ਰਿਨ ਵੀ ਸੀ। ਰਸਤੇ ਵਿਚ ਹੀ ਡੇਹਲੋਂ ਅਪੜਨ ਉਤੇ ਉਸਨੂੰ ਪਤਾ ਲੱਗ ਗਿਆ ਕਿ ਸਤਿਗੁਰੂ ਜੀ ਭੈਣੀ ਸਾਹਿਬ ਨੂੰ ਚਲੇ ਗਏ ਹਨ। ਉਹ ਸਾਹਨੇਵਾਲ ਥਾਣੇ ਪੁੱਜਾ। ਥਾਣੇ ਦੇ ਸਬ ਇਨਸਪੈਕਟਰ ਸ਼ਾਹ ਵਲੀ ਸ਼ਾਹ ਨੂੰ ਗਰਿਫ਼ਤਾਰੀ ਲਈ ਭੈਣੀ ਸਾਹਿਬ ਭੇਜਿਆ - - - -।"

ਜਦੋਂ ਸਤਿਗੁਰੂ ਜੀ ਸਿਆੜ ਤੋਂ ਸ੍ਰੀ ਭੈਣੀ ਸਾਹਿਬ ਪੁੱਜੇ ਤਾਂ ਸ਼ਾਹ ਵਲੀ ਸ਼ਾਹ ਨੇ ਕਮਿਸ਼ਨਰ ਦਾ ਹੁਕਮ ਸੁਣਾ ਦਿੱਤਾ। ਸਤਿਗੁਰੂ ਜੀ ਅੰਤਰਜਾਮੀ ਸਨ ਉਹ ਸਮੇਂ ਦੀ ਨਜ਼ਾਕਤ ਨੂੰ ਸਮਝ ਗਏ।

ਇਸ ਵੇਲੇ ਭੈਣੀ ਸਾਹਿਬ ਦੀ ਸੰਗਤ ਸਹਿਮੀ, ਡਰੀ ਅਤੇ ਸਜਲ ਨੇਤਰਾਂ ਨਾਲ ਹੱਥ ਜੋੜੀ ਖੜੀ ਸੀ ਕਿਉਂਕਿ ਪਤਾ ਨਹੀਂ ਕੀ ਭਾਣਾ ਵਰਤਨਾ ਸੀ। ਸਤਿਗੁਰੂ ਜੀ ਦੇ ਛੋਟੇ ਭਰਾ ਭਾਈ ਬੁਧ ਸਿੰਘ (ਸਤਿਗੁਰੂ ਹਰੀ ਸਿੰਘ ਜੀ) ਵੀ ਸੰਗਤ ਵਿਚ ਖੜਿਆਂ ਹੋਇਆਂ ਜਦੋਂ ਸ਼ਾਹ ਵਲੀ ਸ਼ਾਹ ਰਾਹੀਂ ਸੁਨੇਹਾ ਸੁਣਿਆ ਤਾਂ ਆਪ ਨੇ ਸਤਿਗੁਰੂ ਜੀ ਦੀ ਥਾਂ ਆਪ ਲੁਧਿਆਣੇ ਜਾ ਕੇ ਸਾਰੇ ਜੁਰਮਾਂ ਦੀ ਸਜਾ ਭੁਗਤਣ ਲਈ ਅਰਜ਼ ਕੀਤੀ ਪਰ ਸਤਿਗੁਰੂ ਰਾਮ ਸਿੰਘ ਜੀ ਹੁਕਮ ਕੀਤਾ ਇਹ ਕੰਮ ਮੇਰੇ ਜਾਣ ਬਿਨਾਂ ਨਹੀਂ ਹੋਣਾ। ਆਪ ਨੇ ਬਾਬਾ ਗੁਰਦਿੱਤ ਸਿੰਘ ਤੋਂ ਗੱਡਾ ਜੁਆਇਆ ਨਾਲ ਭਾਈ ਨਾਨੂੰ ਸਿੰਘ, ਸੂਬਾ ਸਾਹਿਬ ਸਿੰਘ ਤੇ ਸੂਬਾ ਜਵਾਹਰ ਸਿੰਘ ਨੂੰ ਲੈ ਲੁਧਿਆਣੇ ਜਾਣ ਦੀ ਤਿਆਰੀ ਕੀਤੀ। ਸੰਗਤ ਹਾਲੋਂ ਬੇਹਾਲ ਹੋ ਰੋ ਰਹੀ ਸੀ। ਭੁੱਬਾਂ ਮਾਰ ਮਾਰ ਕੇ, ਸਿਰ ਦੇ ਵਾਲ ਖੋਹ ਰਹੀ ਸੀ ਤੇ ਸਤਿਗੁਰੂ ਦੇ ਵਿਛੋੜੇ ਵਿਚ ਬੇਹਬਲ ਹੋ ਰਹੀ ਸੀ। 'ਅੱਖਾਂ ਸਾਹਮਣੇ ਜਿਹਦਾ ਮਹਿਬੂਬ ਤੁਰ ਜਾਏ, ਉਹਦੀ ਹਾਲਤ ਨੂੰ ਉਹ ਹੀ ਜਾਣਦੀ ਏ।' ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਬੁਧ ਸਿੰਘ (ਸਤਿਗੁਰੂ ਹਰੀ ਸਿੰਘ) ਨੂੰ ਜਾਣ ਸਮੇ ਆਖਿਆ ਜੋ ਜੁਗ ਪਲਟਾਊ ਸਤਿਗੁਰੂ ਵਿਚ ਇੰਜ ਲਿਖਿਆ ਹੈ:

"ਭਾਈ ਬੁਧ ਸਿੰਘ ਜੀ! ਘਬਰਾਓ ਨਹੀਂ! ਅਕਾਲ ਪੁਰਖ ਜੀ ਦੀ ਆਗਯਾ ਐਸੀ ਹੀ ਹੈ, ਹਰ ਇਕ ਚੀਜ਼ ਦੀ ਕੀਮਤ ਅਦਾ ਕਰਨੀ ਪੈਂਦੀ ਹੈ। ਹੁਣ ਅਸੀਂ ਉਸ ਸ਼ੈ ਦਾ ਮੁੱਲ ਅਦਾ ਕਰਨ ਲਈ ਤਿਆਰ ਹੋਏ ਹਾਂ ਜਿਸ ਤੋਂ ਬਿਨਾਂ ਭਾਰਤ ਵਰਸ਼ ਅਤੇ ਮੇਰਾ ਪਿਆਰਾ ਪੰਜਾਬ ਦਾਸਤਾਂ ਦੇ ਬੰਧਨਾਂ ਵਿਚ ਬੇਵਸ ਹੋ ਕੇ ਜਕੜੇ ਪਏ ਹਨ, ਇਹਨਾਂ ਬੰਧਨਾਂ ਨੂੰ ਤੋੜਨ ਵਾਲੀ ਸੁਤੰਤਰਤਾ ਦੀ ਰੂਹ ਹੁਣ ਦੇਸ਼ ਵਾਸੀਆਂ ਅੰਦਰ ਫੂਕੀ ਜਾ ਚੁੱਕੀ ਹੈ। ਮੈਂ ਅਜੇਹੀ ਮਸਾਲ ਬਾਲ ਦਿਤੀ ਹੈ ਜੋ ਹੁਣ ਫੂਕਾਂ ਮਾਰਿਆਂ ਨਹੀਂ ਬੁਝ ਸਕਦੀ, ਦਿਲੋਂ ਸੁਆਗਤ ਕਰਾਂਗਾ। ਤੁਹਾਡੇ ਸਾਹਮਣੇ ਸਿੰਘ ਤੋਪਾਂ ਅਗੇ ਉਡੇ ਤੇ ਫਾਸੀਆਂ ਤੇ ਲਟਕ ਚੁੱਕੇ ਹਨ। ਅਗੋਂ ਨੂੰ ਪਤਾ ਨਹੀਂ ਕੀ ਹੋਣਾ ਹੈ। ਮੈਂ ਚੱਲਿਆਂ ਹਾਂ। ਹੋ ਸਕਦਾ ਹੈ ਮੇਰੇ ਤੁਰ ਜਾਣ ਪਿਛੋਂ ਪੰਥ ਤੇ ਮੁਸੀਬਤਾਂ ਦੇ ਝਖੜ ਝੁਲਣ, ਪਰ ਤੁਸਾਂ ਦ੍ਰਿੜ ਚਿਤ ਰਹਿਣਾ, ਸੰਗਤਾਂ ਨੂੰ ਧੀਰਜ ਦੇ ਕੇ ਪੰਥ ਅਤੇ ਦੇਸ਼ ਦੀ ਸੇਵਾ ਵਿਚ ਲਾਈ ਰਖਣਾ।"

ਇਹ ਠੀਕ ਓਸੇ ਤਰ੍ਹਾਂ ਦਾ ਹੀ ਸਮਾਂ ਬਣਿਆ ਹੋਇਆ ਸੀ ਜਦੋਂ ਭਗਵਾਨ ਰਾਮ ਬਨਵਾਸ ਨੂੰ ਚਲੇ ਸਨ ਤਾਂ ਭਰਥ ਦੇ ਅਰਜ ਕਰਨ ਤੇ ਕਿ ਤੁਸੀਂ ਅਯੁਧਿਆ ਦਾ ਰਾਜ ਭਾਗ ਸਾਂਭੋ ਤੇ ਮੈਂ ਬਨਵਾਸ ਜਾਂਦਾ ਹਾਂ। ਪਰ ਭਗਵਾਨ ਰਾਮ ਨੇ ਭਰਥ ਨੂੰ ਅਯੁਧਿਆ ਦਾ ਸਾਰਾ ਰਾਜ ਕਾਜ ਸੰਭਾਲ ਦਿੱਤਾ ਸੀ ਤੇ ਆਪ ਬਨਵਾਸ ਚਲੇ ਗਏ ਸਨ। ਏਸੇਤਰ੍ਹਾਂ ਹੀ ਸਤਿਗੁਰੂ ਰਾਮ ਸਿੰਘ ਜੀ ਕੀਤਾ ਤੇ ਜਾਣ ਲੱਗੇ ਭਾਈ ਬੁਧ ਸਿੰਘ ਨੂੰ ਹੁਕਮ ਕੀਤਾ:-

ਬੋਲੇ ਤੁਮ ਪੀਛੇ ਸਭ ਸਾਰਾ।
ਈਹਾਂ ਰਾਖੋ ਭਲੀ ਪ੍ਰਕਾਰਾ।
ਕਰੀਓ ਭਜਨ ਕਰਾਵੋ ਔਰਨ।
ਬਿਨਾ ਰਾਮ ਕਾਹੂ ਕੋਊ ਠੌਰਨ।
ਸਾਰ ਸਮਾਲ ਰਖੋ ਸਭ ਸੰਗਤ।
ਇਤ ਦਰ ਕੀ ਹੋਵੇ ਲਖ ਮੰਗਤ।
ਤੁਮ ਨਿਰ ਭੈ ਬੈਠੋ ਨਿਸ ਗਾਮਾਂ।
ਬੀਚ ਭਜਨ ਕਾਟੋ ਬੁਢ ਸਮਾਂ।

(ਸਤਿਜੁਗ ਦਾ ਪ੍ਰਦੇਸ ਗਵਨ ਸ਼ਤਾਬਦੀ ਅੰਕ)

ਏਸੇ ਤਰ੍ਹਾਂ ਸਤਿਗੁਰੂ ਜੀ ਸੰਗਤ ਨੂੰ ਦਿਲਾਸਾ ਦੇਂਦੇ ਹੋਏ ਜਾਣ ਲੱਗੇ ਕਹਿੰਦੇ ਹਨ ਜੋ ਸਤਿਜੁਗ ਦੇ ਪ੍ਰਦੇਸ ਗਵਨ ਸ਼ਤਾਬਦੀ ਅੰਕ' ਵਿਚ ਇੰਜ ਲਿਖਿਆ ਹੈ:-

"ਭਾਈ ਸਭ ਨਾਮ ਜਪੋ! ਗੁਰੂ ਤੇ ਭਰੋਸਾ ਰਖੋ!! ਇਹ ਭਾਣਾ

ਵਰਤ ਕੇ ਹੀ ਰਹਿਣਾ ਸੀ। ਸਤਿਗੁਰਾਂ ਦੇ ਬਚਨਾਂ ਤੇ ਭਰੋਸਾ ਰੱਖੋ। ਜਿਵੇਂ ਮੇਰਾ ਬਦੇਸ਼ ਜਾਣਾ ਲਿਖਿਆ ਹੈ ਤਿਵੇਂ ਮੁੜ ਦੇਸ ਔਣ ਦਾ ਵੀ ਮੈਨੂੰ ਹੁਕਮ ਹੈ, ਇਸ ਵਾਸਤੇ ਤੁਸੀਂ ਧੀਰਜ ਰਖੋ, ਕੁਝ ਸਮਾਂ ਬਤੀਤ ਕਰਕੇ ਮੈ ਜ਼ਰੂਰ ਦੇਸ਼ ਆਵਾਂਗਾ। ਅਵਸ਼ ਆਵਾਂਗਾ!! ਤੇ ਜ਼ਰੂਰ ਆਵਾਂਗਾ!!!"

ਇਹ ਬਚਨ ਕਰਕੇ ਸਤਿਗੁਰੂ ਜੀ ਨੇ ਸਿਰ ਤੇ ਉੱਨ ਦਾ ਪਰਨਾ ਬੱਧਾ ਤੇ ਉਪਰ ਕਾਲੀ ਕੰਬਲੀ (ਜੋ ਕੁਝ ਦਿਨ ਪਹਿਲਾਂ ਮਾਈ ਕਰਮੋ ਨੇ ਲਿਆਂਦੀ ਸੀ ਤੇ ਆਪ ਨੇ ਆਖਿਆ ਸੀ, 'ਮਾਈ ਲੈ ਆਈ ਹੈਂ ਦੇਸ਼ ਨਿਕਾਲੇ ਦੀ ਨਿਸ਼ਾਨੀ।") ਲੈ ਆਪ ਅਰਦਾਸਾ ਕਰ ਗੱਡੇ ਤੇ ਸਵਾਰ ਹੋ ਚਾਰਾਂ ਸਿੰਘਾਂ ਸਮੇਤ ਪੁਲਿਸ ਦੀ ਨਿਗਰਾਨੀ ਹੇਠ ਲੁਧਿਆਣੇ ਨੂੰ ਚਲ ਪਏ।

੧੭ ਜਨਵਰੀ ਦੀ ਰਾਤ ੧ ਵਜੇ ਆਪ ਲੁਧਿਆਣੇ ਪਹੁੰਚੇ। ਏਥੇ ੨-੩ ਘੰਟੇ ਅੰਗਰੇਜ਼ ਅਫਸਰਾਂ ਨਾਲ ਗੱਲਾਂਬਾਤਾਂ ਹੁੰਦੀਆਂ ਰਹੀਆਂ ਅਤੇ ੧੮ ਜਨਵਰੀ ਤੜਕੇ ਚਾਰ ਵਜੇ ਰੇਲ ਗੱਡੀ ਤੇ ਚੜ੍ਹਾਇਆ ਗਿਆ ਜੋ ਸਪੈਸ਼ਲ ਤਿਆਰ ਕੀਤੀ ਗਈ ਸੀ ਇਲਾਹਾਬਾਦ ਜਾਣ ਲਈ। ਯੂਰਪੀਅਨ ਅਫਸਰ ਜੈਕਸਨ ਅਤੇ ਇਕ ਦਰਜਨ ਡੋਗਰਿਆਂ ਦੀ ਗਾਰਦ ਆਪ ਜੀ ਦੀ ਨਿਗਰਾਨੀ ਲਈ ਨਾਲ ਭੇਜੀ ਗਈ ।

ਇਸ ਉਪਰੰਤ ਜੋ ਹਾਲਤ ਭੈਣੀ ਸਾਹਿਬ ਦੀ ਹੋਈ, ਓਥੇ ਰਹਿੰਦੀ ਸਾਧ ਸੰਗਤ ਦੀ ਹੋਈ ਉਹ ਕਹਿਣ ਕਥਨ ਤੋਂ ਬਾਹਰੀ ਹੈ। ਲੈਫਟੀਨੈਂਟ ਕਰਨਲ ਬੇਲੀ ਅਜੇ ਸਾਹਨੇਵਾਲ ਹੀ ਬੈਠਾ ਸੀ, ਜਿਸਦੇ ਇਸ਼ਾਰੇ ਦੀ ਉਡੀਕ ਕਰ ਰਹੇ ਸਨ ੪੦ ਗੋਰਖੇ ੧੨ ਸਿਪਾਹੀ ਅਤੇ ਹੋਰ ਅਮਲਾ ਫੈਲਾ ਜੋ ਸਤਿਗੁਰੂ ਜੀ ਨੂੰ ਗੱਡੀ ਚੜ੍ਹਾਉਣ ਤੋਂ ਬਾਅਦ ਲੁਧਿਆਣਿਓਂ ਭੇਜੇ ਗਏ ਸਨ ਤਾਂ ਕਿ ਸ੍ਰੀ ਭੈਣੀ ਸਾਹਿਬ ਜਾ ਕੇ ਮਿ: ਬੇਲੀ ਉਹਨਾਂ ਦੀ ਸਹਾਇਤਾ ਨਾਲ ਬਾਕੀ ਦੇ ਸੂਬਿਆਂ ਨੂੰ ਗਰਿਫਤਾਰ ਕਰ ਸੱਕੇ ਅਤੇ ਹੋਰ ਭੈਣੀ ਸਾਹਿਬ ਵਿਚ ਰਹਿੰਦੇ ਸਿੱਖਾਂ ਨੂੰ ਤੰਗ ਕੀਤਾ ਜਾ ਸਕੇ।

ਕਰਨਲ ਬੇਲੀ ਨੇ ਇਸੇ ਤਰ੍ਹਾਂ ਹੀ ਕੀਤਾ ਕੁਝ ਸਿਪਾਹੀਆਂ ਦੀ ਮਦਦ ਨਾਲ ਸੂਬਿਆਂ ਨੂੰ ਗਰਿਫਤਾਰ ਕੀਤਾ ਤੇ ਅਲਾਹਬਾਦ ਭੇਜ ਦਿੱਤਾ। ਜੋ ਬਾਅਦ ਵਿਚ ਅਲੱਗ ਅਲੱਗ ਦੂਰ ਦੂਰ ਥਾਵਾਂ ਤੇ ਨਜ਼ਰਬੰਦ ਕੀਤੇ ਗਏ। ਸ੍ਰੀ ਭੈਣੀ ਸਾਹਿਬ ਦੀ ਧਰਤੀ ਨੂੰ ਤਿੰਨ ਵੇਰ ਪਾਣੀ ਹਾਂਡੇ ਤਕ ਪੁੱਟਿਆ ਗਿਆ। ਭੈਣੀ ਸਾਹਿਬ ਦੇ ਮੁਖ ਦਰਵਾਜ਼ੇ ਦੇ ਅੱਗੇ ਪੁਲਿਸ ਚੌਕੀ ਬਿਠਾ ਦਿੱਤੀ ਗਈ। ਪੰਜ ਬੰਦੇ ਵੀ ਇਕੱਠੇ ਨਹੀਂ ਸਨ ਹੋਣ ਦਿੱਤੇ ਜਾਂਦੇ। ਪਿੰਡਾਂ ਵਿਚ ਵੀ ਜਿਥੇ ਕੋਈ ਨਾਮਧਾਰੀ ਰਹਿੰਦਾ ਸੀ ਉਸਦੀ ਪੂਰੀ ਨਿਗਰਾਨੀ ਰੱਖੀ ਜਾਂਦੀ, ਜੇ ਉਸਨੇ ਕਿਤੇ ਜਾਣਾ ਹੁੰਦਾ ਤਾਂ ਪੁਲਿਸ ਚੌਕੀ ਵਿਚ ਪਹਿਲਾਂ ਲਿਖ ਕੇ ਦੇਣਾ ਪੈਂਦਾ ਸੀ ਕਿ ਮੈਂ ਫਲਾਣੇ ਥਾਂ, ਫਲਾਣੇ ਕੋਲ ਇਸ ਕੰਮ ਵਾਸਤੇ ਇੰਨੇ ਦਿਨਾਂ ਲਈ ਜਾ ਰਿਹਾ ਹਾਂ ਆਦਿ ਆਦਿ।

ਸੰਗਤਾਂ ਤੋਂ ਇਕ ਪ੍ਰੀਤਮ ਪਿਆਰੇ ਦਾ ਵਿਛੜਨਾ, ਦੂਜਾ ਉਹਨਾਂ ਉੱਤੇ ਸਖਤੀਆਂ ਦਾ ਦੌਰ ਸ਼ੁਰੂ ਹੋ ਗਿਆ ਜਿਸ ਨਾਲ ਉਸ ਸਮੇਂ ਉਹਨਾਂ ਦੀ ਹਾਲਤ ਤਰਸਯੋਗ ਬਣ ਗਈ ਸੀ। ਇਹ ਉਹ ਹੀ ਜਾਣ ਸਕਦਾ ਹੈ ਜਿਸਦਾ ਕੋਈ ਵਿਛੜਿਆ ਹੋਵੇ। ਜਿਵੇਂ ਜਿਸ ਪਤੀਬਰਤਾ ਪਤਨੀ ਦਾ ਪਤੀ ਵਿਛੜ ਜਾਏ ਤਾਂ ਜੋ ਉਸ ਨਾਲ ਬੀਤਦੀ ਹੈ ਉਸ ਨੂੰ ਹੀ ਪਤਾ ਹੁੰਦਾ ਹੈ ਦੂਸਰੇ ਨੂੰ ਨਹੀਂ। ਇਕ ਕਵੀ ਲਿਖਦਾ ਹੈ:

ਵਿਛੜਿਆਂ ਦੀ ਸਾਰ ਵਿਛੜੇ ਜਾਨਣ,
ਕੀ ਜਾਨਣ ਲੋਗ ਗਵਾਰੀ।
ਵਿਛੜਿਆਂ ਦੀ ਸਾਰ ਰਾਜਾ ਦਸਰਥ ਜਾਣੈ,
ਜਿਸ ਪ੍ਰਾਣ ਤਜੇ ਇਕ ਵਾਰੀ।
ਵਿਛੜਿਆਂ ਦੀ ਸਾਰ ਗੋਪੀਆਂ ਜਾਨਣ,
ਜਿੰਨਾਂ ਦਾ ਵਿਛੜਿਆ ਕ੍ਰਿਸ਼ਨ ਮੁਰਾਰੀ।
ਵਿਛੜਿਆਂ ਦੀ ਸਾਰ ਕੂਕੇ ਜਾਨਣ,
ਜਿੰਨਾਂ ਦਾ ਵਿਛੜਿਆ ਰਾਮ ਮੁਰਾਰੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੯ ਜਨਵਰੀ ਨੂੰ ਅਲਾਹਬਾਦ ਪੁੱਜ ਗਏ ਤੇ ਏਥੇ ਪ੍ਰਯਾਗ ਰਾਜ ਕਿਲੇ ਵਿਚ ਆਪ ੧੦ ਮਾਰਚ ਤਕ ਰਹੇ। ਜਦੋਂ ਅਲਾਹਾਬਾਦ ਪ੍ਰਯਾਗ ਦੇ ਕਿਲੇ ਵਿਚ ਸਤਿਗੁਰੂ ਜੀ ਨੂੰ ਨਜ਼ਰਬੰਦ ਕੀਤਾ ਗਿਆ ਤਾਂ ਅੰਗ੍ਰੇਜ਼ ਸਰਕਾਰ ਨੂੰ ਉਹਨਾਂ ਦੇ ਝੋਲੀ ਚੁੱਕਾਂ ਸਿੱਖੀ ਨਾਲ ਗਦਾਰੀ ਕਰਨ ਵਾਲਿਆਂ ਸਿੱਖਾਂ ਸਰਦਾਰਾਂ ਨੇ ਪ੍ਰਸੰਸਾ ਪੱਤਰ ਲਿਖੇ ਕਿ ਇਹ ਤੁਸੀਂ ਬੜਾ ਚੰਗਾ ਕੀਤਾ ਹੈ ਜੋ ਸਤਿਗੁਰੂ ਰਾਮ ਸਿੰਘ ਨੂੰ ਨਜ਼ਰਬੰਦ ਕੀਤਾ ਹੈ। ਪਰ ਨਾਲ ਹੀ ਇਹ ਵੀ ਕਈਆਂ ਨੇ ਲਿਖਿਆ ਕਿ ਕੂਕਿਆਂ ਦੇ ਕੁਝ ਆਗੂ ਕੁਝ ਰਾਜਿਆਂ ਤੇ ਦੂਸਰੇ ਦੇਸ਼ਾਂ ਦੇ ਨਾਲ ਸੰਪਰਕ ਕਾਇਮ ਕਰ ਰਹੇ ਹਨ। ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਅੰਗ੍ਰੇਜ਼ ਸਰਕਾਰ ਏਨੀ ਭੈ ਭੀਤ ਹੋ ਗਈ ਕਿ ਜੇ ਸਤਿਗੁਰੂ ਰਾਮ ਸਿੰਘ ਨੂੰ ਭਾਰਤ ਵਿਚ ਹੀ ਰੱਖਿਆ ਗਿਆ ਤਾਂ ਏਹਨਾਂ ਨੂੰ ਏਥੇ ਸਾਰੀ ਹਾਲਾਤ ਦਾ ਪਤਾ ਲਗਦਾ ਰਹੇਗਾ ਤੇ ਕੂਕਿਆਂ ਨਾਲ ਸੰਪਰਕ ਬਣਿਆ ਰਹੇਗਾ ਅਤੇ ਉਹਨਾਂ ਦੇ ਰਾਜ ਨੂੰ ਖਤਰਾ ਬਣਿਆ ਰਹੇਗਾ। ਇਨ੍ਹਾਂ ਪੱਤਰਾਂ ਨੂੰ ਲੈ ਕੇ ਸਤਿਗੁਰੂ ਰਾਮ ਸਿੰਘ ਨੂੰ ੧੧ ਮਾਰਚ ੧੮੭੨ ਨੂੰ ਬਿਨਾਂ ਕਿਸੇ ਮੁਕਦਮਾ ਚਲਾਏ ਤੇ ਬਿਨਾ ਦੱਸੇ ਪੁੱਛੇ ਰੰਗੂਨ (ਬਰਮਾ) ਭੇਜਿਆ ਗਿਆ ਤਾਂਕਿ ਇਹਨਾਂ ਦਾ ਨਾਤਾ ਨਾਮਧਾਰੀ ਸਿੱਖਾਂ ਨਾਲੋਂ ਬਿਲਕੁਲ ਟੁੱਟ ਜਾਏ। ਮਾਰਚ ੧੮੭੨ ਨੂੰ ਭਾਈ ਨਾਨੂੰ ਸਿੰਘ ਆਪ ਦੇ ਨਾਲ ਹੀ ਬਰਮਾ ਵਾਸਤੇ ਕਲਕੱਤੇ ਤੋਂ ਸਮੁੰਦਰੀ ਜਹਾਜ ਵਿਚ ਚਾੜ ਕੇ ਭੇਜ ਦਿੱਤਾ ਗਿਆ। ਇਹ ਜਹਾਜ ੧੬ ਮਾਰਚ ੧੮੭੨ ਨੂੰ ਬਰਮਾਂ (ਰੰਗੂਨ) ਵਿਖੇ ਪਹੁੰਚਿਆ। ਏਥੇ ੧੮ ਸਤੰਬਰ ੧੮੮੦ ਤਕ ਸਤਿਗੁਰੂ ਜੀ ਰਹੇ।

ਪ੍ਰਦੇਸ ਗਵਨ ਤੋਂ ੩ ਸਾਲ ਬਾਦ ਜਦੋਂ ਨਾਮਧਾਰੀ ਸਿੰਘਾਂ ਸੂਬਿਆਂ ਨੂੰ ਹੌਲੀ ਹੌਲੀ ਆਪਣੇ ਪ੍ਰੀਤਮ ਪਿਆਰੇ ਦੇ ਰਹਿਣ ਦਾ ਪਤਾ ਲਗ ਗਿਆ ਤਾਂ ਉਹ ਭੇਸ ਬਦਲ ਬਦਲ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਜਾਂਦੇ। ਨਾਮਧਾਰੀ ਸਿੰਘਾਂ ਨੇ ਗੁਰੂ ਰਾਮ ਦਾਸ ਜੀ ਦੀਆਂ ਲਿਖੀਆਂ ਪੰਗਤੀਆਂ ਨੂੰ ਸਾਕਾਰ ਕਰ ਵਿਖਾਇਆ ਜੋ ਕਿ ਸੂਹੀ ਰਾਗ ਵਿਚ ਲਿਖੀਆਂ ਹਨ:-

ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ।।
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ
ਗੁਰਸਿਖ ਲੰਘਿ ਗੁਰ ਪਹਿ ਜਾਈ।

ਸਿੱਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ ਲੈ ਆਉਂਦੇ ਗੁਰੂ ਹਰੀ ਸਿੰਘ ਵਾਸਤੇ। ਸ੍ਰੀ ਭੈਣੀ ਸਾਹਿਬ ਤੋਂ ਏਧਰੋਂ ਸਤਿਗੁਰੂ ਹਰੀ ਸਿੰਘ ਜੀ ਦੀਆਂ ਅਰਜੋਈਆਂ ਲੈ ਜਾਂਦੇ। ਰਸਤੇ ਵਿਚ ਕਈ ਵੇਰ ਫੜੇ ਵੀ ਜਾਣਾ ਤੇ ਕੈਦ ਵੀ ਹੋਣੀ ਤੇ ਜੇਹਲਾਂ

ਵਿਚ ਵੀ ਰਹਿੰਦੇ ਰਹੇ। ਪਰ ਕੂਕੇ ਸਿੰਘ ਡਰੇ ਨਹੀਂ ਸਗੋਂ ਆਪਣੇ ਮਹਿਬੂਬ ਪਿਆਰੇ ਦੇ ਰੰਗੂਨ ਦਰਸ਼ਨ ਕਰਨ ਵੱਧ ਤੋਂ ਵੱਧ ਗਿਣਤੀ ਵਿਚ ਜਾਂਦੇ ਰਹੇ।

ਸਰਕਾਰ ਨੂੰ ਇਸ ਸਾਰੇ ਭੇਦ ਦਾ ਪਤਾ ਚਲ ਗਿਆ ਤਾਂ ਉਹਨਾਂ ਸਤਿਗੁਰੂ ਰਾਮ ਸਿੰਘ ਨੂੰ ਕਿਸੇ ਹੋਰ ਦੂਰ ਦੁਰੇਡੇ ਥਾਂ ਰਖਣਾ ਚਾਹਿਆ ਜਿਥੇ ਕੂਕੇ ਸਿੰਘਾਂ ਦਾ ਉਹਨਾਂ ਨਾਲ ਮਿਲਾਪ ਨਾ ਹੋ ਸਕੇ। ਸੋ ਉਹਨਾਂ ਨੇ ਮਰਗੋਈ ਟਾਪੂ ਇਸ ਵਾਸਤੇ ਨਿਸਚਿਤ ਕੀਤਾ, ਜਿਥੇ ਆਪ ਨੂੰ ੧੮ ਸਤੰਬਰ ੧੮੮੦ ਈ: ਵਿਚ ਆਨੰਦ ਨਾਮਕ ਜਹਾਜ ਤੇ ਬਿਠਾ ਕੇ ਨਾਨੂੰ ਸਿੰਘ ਸੇਵਕ ਸਹਿਤ ਮਰਗੋਈ ਭੇਜਿਆ ਗਿਆ। ਇਹ ਜਹਾਜ ੨੧ ਸਤੰਬਰ ਨੂੰ ਮਰਗੋਈ ਪਹੁੰਚਿਆ। ਭਾਵੇਂ ਸਰਕਾਰ ਨੇ ਮਰਗੋਈ ਭੇਜਣ ਦਾ ਭੇਦ ਕਿਸੇ ਨੂੰ ਨਹੀਂ ਸੀ ਦਸਿਆ ਪਰ ਕੂਕੇ ਸਿੱਖਾਂ ਨੇ ਇਹ ਵੀ ਥਾਂ ਲੱਭ ਹੀ ਲਈ ਕਿਉਂਕਿ ਕਹਿੰਦੇ ਹਨ, "ਲੋੜ ਕਾਢ ਦੀ ਮਾਂ ਹੈ" ਸੋ ਉਹਨਾਂ ਨੂੰ ਆਪਣੇ ਪ੍ਰੀਤਮ ਪਿਆਰੇ ਦੇ ਦਰਸ਼ਨਾਂ ਦੀ ਖਿੱਚ ਸੀ ਉਹਨਾਂ ਨੇ ਲਭਣਾ ਹੀ ਸੀ। ਏਥੇ ਵੀ ਕਈ ਵੇਰਾਂ ਸਿੰਘ ਫੜੇ ਗਏ ਤੇ ਜੇਹਲਾਂ ਦੀ ਹਵਾ ਖਾਧੀ। ਸਰਕਾਰ ਨੇ ਮਰਗੋਈ ਜਾਣ ਆਉਣ ਵਾਲਿਆਂ ਤੇ ਹੋਰ ਸਖਤੀਆਂ ਵਧਾ ਦਿੱਤੀਆਂ। ਜਿਹੜੀ ਗੱਲ ਵਾਸਤੇ ਸਰਕਾਰ ਨੇ ਸਤਿਗੁਰਾਂ ਨੂੰ ਮਰਗੋਈ ਭੇਜਿਆ ਉਹ ਏਥੇ ਵੀ ਨਾਂ ਟਲੀ। ਸਤਿਜੁਗ ਦੇ ਪ੍ਰਦੇਸ ਗਵਨ ਸ਼ਤਾਬਦੀ ਅੰਕ ਅਨੁਸਾਰ ੯੧ ਸਰੀਰਾਂ ਨੇ ਰੰਗੂਨ ਜਾਂ ਮਰਗੋਈ ਜਾ ਸਤਿਗੁਰਾਂ ਦੇ ਦਰਸ਼ਨ ਕੀਤੇ।

ਮਰਗੋਈ ਜੇਹਲ ਵਿਚ ਇਕ ਦਿਨ ਸਤਿਗੁਰਾਂ ਅਜਿਹਾ ਕੌਤਕ ਰਚਾਇਆ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਨਰ ਨਾਟਕ ਖੇਡਿਆ ਸੀ। ਸਤਿਗੁਰੂ ਰਾਮ ਸਿੰਘ ਜੀ ਮਰਗੋਈ ਵਿਚੋਂ ਬਿਨਾਂ ਕਿਸੇ ਨੂੰ ਦੱਸੇ ਪੁੱਛੇ ਆਪਣੀ ਮਰਜੀ ਨਾਲ ਅਲੋਪ ਹੋ ਗਏ। ਜੇਹਲ ਅਧਿਕਾਰੀਆਂ ਤੇ ਨਿਗਰਾਨੀ ਰੱਖਣ ਵਾਲਿਆਂ ਦੀ ਜਾਨ ਨੂੰ ਖਤਰਾ ਹੋ ਗਿਆ ਕਿਉਂਕਿ ਉਹਨਾਂ ਨੂੰ ਹਰ ਰਾਜਸੀ ਕੈਦੀ ਬਾਰੇ ਸਮੇਂ ਸਮੇਂ ਸਿਰ ਜਾਣਕਾਰੀ ਭੇਜਣੀ ਪੈਂਦੀ ਸੀ। ਉਹਨਾਂ ਨੇ ਕੁਝ ਦਿਨ ਜੰਗੀ ਪਧਰ ਤੇ ਭਾਲ ਕੀਤੀ ਪਰ ਆਪਦਾ ਕੁਝ ਪਤਾ ਨਾ ਲੱਗਾ। ਇਸ ਨਮੋਸ਼ੀ ਤੋਂ ਬਚਣ ਲਈ ਝੂਠੇ ਝੂਠ ਹੀ ਐਲਾਨ ਕਰ ਦਿੱਤਾ ਗਿਆ ਕਿ ਆਪ ੨੯ ਨਵੰਬਰ ੧੮੮੫ ਨੂੰ ਮਰਗੋਈ ਜੇਹਲ ਵਿਚ 'ਡਾਇਰੀਆ' ਨਾਮਕ ਬਿਮਾਰੀ ਨਾਲ ਚੜ੍ਹਾਈ ਕਰ ਗਏ ਹਨ।

ਜਦੋਂ ਸਰਕਾਰ ਪਾਸੋਂ ਸਤਿਗੁਰੂ ਹਰੀ ਸਿੰਘ ਜੀ ਨੇ ਬਸਤਰ, ਗੜਵਾ, ਗੁਟਕਾ ਆਦਿ ਮੰਗੇ ਤਾਂ ਗੜਵਾ ਗੁਟਕਾ ਤਾਂ ਮਿਲਿਆ ਹੀ ਨਾਂ ਜੋ ਬਸਤਰ ਮਿਲੇ ਉਹ ਸਤਿਗੁਰੂ ਹਰੀ ਸਿੰਘ ਜੀ ਨੂੰ ਵੀ ਪੂਰੇ ਨਹੀਂ ਸਨ ਆਏ ਜਦ ਕਿ ਸਤਿਗੁਰੂ ਰਾਮ ਸਿੰਘ ਜੀ ਉਹਨਾਂ ਤੋਂ ਲੰਮੇ ਤੇ ਤਗੜੇ ਸਰੀਰ ਦੇ ਸਨ।

ਦੂਸਰਾ, ਸਰ ਚਾਰਲਸ ਬਰਨਾਰਡ, ਚੀਫ ਕਮਿਸ਼ਨਰ ਬਰਮਾ ਦੀ ੨੩ ਅਗਸਤ ੧੮੮੬ ਦੀ ਸ੍ਰ: ਅਤਰ ਸਿੰਘ ਭਦੌੜ ਨੂੰ ਲਿਖੀ ਚਿੱਠੀ ਵਿਚ ਦਰਜ ਹੈ, "(ਗੁਰੂ) ਰਾਮ ਸਿੰਘ ਕੂਕੇ ਨੂੰ ਹੋਰ ਜ਼ਿਆਦਾ ਦੂਰ ਥਾਂ ਤੇ ਤਬਦੀਲ ਕੀਤਾ ਜਾ ਰਿਹਾ ਹੈ, ਜਿਥੇ ਉਸ ਨਾਲ ਸੰਚਾਰ ਕਾਇਮ ਰੱਖਣਾ ਘਟ ਸੌਖਾ ਹੋਵੇ।"

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ੨੯ ਨਵੰਬਰ ੧੮੮੫ ਵਿਚ ਚੜ੍ਹਾਈ ਨਹੀਂ ਕੀਤੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਦੀ ਉਮਰ ਢਾਈ ਸੌ ਸਾਲ ਲਿਖੀ ਹੈ ਦੇਖੋ ਸੌ ਸਾਖੀ ਪ੍ਰਤਾਪ ਸਿੰਘ ਮਹਿਤਾ ਦਾ ਟੀਕਾ ਕੀਤੀ ਹੋਈ। ਉਹ ਲਿਖਦੇ ਹਨ:-

ਮਾਰ ਮਲੇਸ਼ ਧਰਮ ਦ੍ਰਿੜ ਬੰਦਾ।
ਪੰਚ ਪਚਾਸ ਰਹੇ ਦੇਹ ਸੰਦਾ।

ਪੰਚ ਪੰਚਾਸ ਭਾਵ ਢਾਈ ਸੌ ਸਾਲ ਤੋਂ ਹੈ। ੧੮੮੫ ਵਿਚ ਤਾਂ ਕੇਵਲ ਸਤਿਗੁਰੂ ਰਾਮ ਸਿੰਘ ਦੀ ਉਮਰ ੭੦ ਸਾਲ ਦੇ ਕਰੀਬ ਹੀ ਬਣਦੀ ਸੀ। ਨਾਮਧਾਰੀ ਕਿਵੇਂ ਮੰਨ ਸਕਦੇ ਸਨ ਕਿ ਸਤਿਗੁਰੂ ਜੀ ੧੮੮੫ ਵਿਚ ਮਰਗੋਈ ਜੇਹਲ ਵਿਚ ਚੜ੍ਹਾਈ ਕਰ ਗਏ ਸਨ। ਗੁਰਬਾਣੀ ਵਿਚ ਲਿਖਿਆ ਹੈ:-

ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ।
ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਅਗਾਧਾ।

ਜੇਕਰ ਇਕ ਸਾਧ ਦਾ ਕੀਤਾ ਹੋਇਆ ਬਚਨ ਅਟੱਲ, ਸੱਚਾ ਹੋ ਸਕਦਾ ਹੈ ਤਾਂ ਸਾਧਾਂ ਨੂੰ ਬਨਾਉਣ ਵਾਲੇ ਦਾ ਬਚਨ ਝੂਠਾ ਕਿਵੇਂ ਹੋ ਸਕਦਾ ਹੈ?

੧੮੮੫ ਈ: ਤੋਂ ਬਾਅਦ ਵੀ ਕਈਆਂ ਸਿੰਘਾਂ ਨੇ ਪ੍ਰਤਖ ਰੂਪ ਵਿਚ ਦਰਸ਼ਨ ਕੀਤੇ ਤੇ ਕਈਆਂ ਨੇ ਗੁਪਤ ਰੂਪ ਵਿਚ ਵੀ। ਸਤਿਜੁਗ ਦੇ ਪ੍ਰਦੇਸ ਗਵਨ ਸ਼ਤਾਬਦੀ ਅੰਕ ਅਨੁਸਾਰ (੧) ਬਾਬਾ ਦੇਵਾ ਸਿੰਘ ਅੰਮ੍ਰਿਤਸਰ ਵਾਲਿਆਂ ਸੰਮਤ ੧੯੫੦ ਬਿਕਰਮੀ (੧੮੯੩ ਈ:) ਵਿਚ ਰੂਸ ਦੇ ਇਕ ਥਾਂ ਜਾ ਕੇ ਦਰਸ਼ਨ ਕੀਤੇ। (੨) ਬਾਬਾ ਹੀਰਾ ਸਿੰਘ ਜੀ (ਜੋ ਸ੍ਰੀ ਭੈਣੀ ਸਾਹਿਬ ਰਹਿੰਦੇ ਸਨ) ਇਹਨਾਂ ਸੰਮਤ ੧੯੬੨ ਬਿਕ੍ਰਮੀ (੧੯੦੫ ਈ:) ਵਿਚ ਮਰਗੋਈ ਤੋਂ ੧੦ ਮੀਲ ਉਚੀ ਇਕ ਪਹਾੜੀ ਤਨਾਸੇਰੀ ਤੇ ਜਾ ਕੇ ਸਤਿਗੁਰਾਂ ਦੇ ਚਰਨ ਪਰਸੇ। - - - -"

ਪੁਸਤਕ 'ਲਾਲ ਏਹਿ ਰਤਨ- ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ' ਵਿਚ ਆਉਂਦਾ ਹੈ- "੧੯੧੪ ਵਿੱਚ ਸਤਿਗੁਰ ਜਰਮਨ ਵਿਚ ਥੇ"

੧੮੮੫ ਈ: ਤੋਂ ਬਾਅਦ ਵੀ ਕਈਆਂ ਸਿੰਘਾਂ ਨੇ ਪ੍ਰਤਖ ਰੂਪ ਵਿਚ ਦਰਸ਼ਨ ਕੀਤੇ ਤੇ ਕਈਆਂ ਨੇ ਗੁਪਤ ਰੂਪ ਵਿਚ ਵੀ। ਸਤਿਜੁਗ ਦੇ ਪ੍ਰਦੇਸ ਗਵਨ ਸ਼ਤਾਬਦੀ ਅੰਕ ਅਨੁਸਾਰ (੧) ਬਾਬਾ ਦੇਵਾ ਸਿੰਘ ਅੰਮ੍ਰਿਤਸਰ ਵਾਲਿਆਂ ਸੰਮਤ ੧੯੫੦ ਬਿਕਰਮੀ (੧੮੯੩ ਈ:) ਵਿਚ ਰੂਸ ਦੇ ਇਕ ਥਾਂ ਜਾ ਕੇ ਦਰਸ਼ਨ ਕੀਤੇ। (੨) ਬਾਬਾ ਹੀਰਾ ਸਿੰਘ ਜੀ (ਜੋ ਸ੍ਰੀ ਭੈਣੀ ਸਾਹਿਬ ਰਹਿੰਦੇ ਸਨ) ਇਹਨਾਂ ਸੰਮਤ ੧੯੬੨ ਬਿਕ੍ਰਮੀ (੧੯੦੫ ਈ:) ਵਿਚ ਮਰਗੋਈ ਤੋਂ ੧੦ ਮੀਲ ਉਚੀ ਇਕ ਪਹਾੜੀ ਤਨਾਸੇਰੀ ਤੇ ਜਾ ਕੇ ਸਤਿਗੁਰਾਂ ਦੇ ਚਰਨ ਪਰਸੇ। - - - -" ਪੁਸਤਕ 'ਲਾਲ ਏਹਿ ਰਤਨ- ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ' ਵਿਚ ਆਉਂਦਾ ਹੈ- "੧੯੧੪ ਵਿੱਚ ਸਤਿਗੁਰ ਜਰਮਨ ਵਿਚ ਥੇ"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਬਾਅਦ ਉਹਨਾਂ ਦੇ ਦਰਸ਼ਨਾਂ ਨਮਿਤ ਖੁਲ੍ਹੇ ਅਤੇ ਅਖੰਡ ਪਾਠ ਕਰਵਾਉਣ ਦਾ ਪ੍ਰੋਗਰਾਮ ਸਤਿਗੁਰੂ ਹਰੀ ਸਿੰਘ ਜੀ ਨੇ ਬਣਾਇਆ। ਅਖੰਡ ਪਾਠਾਂ ਦੀ ਸ਼ੁਰੂਆਤ ਸ੍ਰੀ ਭੈਣੀ ਸਾਹਿਬ ਲੰਗਰ ਦੇ ਨਜ਼ਦੀਕ ਇਕ ਭੋਰਾ ਪੁਟ ਕੇ ਉਸ ਵਿਚ ਧੂਪ ਦੀਪ ਕੁੰਭ ਜੋਤ, ਸੁਗੰਧਿਤ ਸਮਗਰੀ ਆਦਿ ਦੁਆਰਾ ਸੰਯੁਕਤ ਵਿਧੀ ਅਨੁਸਾਰ ਅਖੰਡ ਪਾਠ ਸ਼ੁਰੂ ਕੀਤੇ ਗਏ ਤਾਂਕਿ ਪੁਲਿਸ ਚੌਕੀ ਨੂੰ ਪਤਾ ਨਾ ਲਗੇ। ਫਿਰ ਵੀ ਇਕ ਦਿਨ ਉਹਨਾਂ ਨੂੰ ਪਤਾ ਚਲ ਹੀ ਗਿਆ ਤੇ ਚੁਬਾਰੇ ਉਪਰ ਚਲ ਰਹੇ ਸਾਧਾਰਨ ਪਾਠਾਂ ਨਾਲ ਧੂਪ ਦੀਪ ਕੁੰਭ ਸਮਗਰੀ ਸਾਰਾ ਸਮਾਨ ਤਿਆਰ ਕਰਕੇ ਤੁਕ ਨਾਲ ਤੁਕ ਮਿਲਾ ਕੇ ਭੋਰੇ ਤੋਂ ਚੁਬਾਰੇ ਵਿਚ ਅਖੰਡ ਪਾਠਾਂ ਦੀ ਲੜੀ ਤੋਰੀ ਗਈ। ਜਦੋਂ ਇਹ ਕੰਮ ਕੀਤਾ ਤਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਪ੍ਰਦੇਸ ਵਿਚ ਤਕਲੀਫ ਹੋਈ ਜੋ ਉਹਨਾਂ ਭਾਈ ਦਰਬਾਰਾ ਸਿੰਘ ਹੱਥੀਂ ਆਏ ਹੁਕਮਨਾਮੇ ਵਿਚ ਲਿਖਿਆ ਕਿ "ਜਦੋਂ ਸ੍ਰੀ ਭੈਣੀ ਸਾਹਿਬ ਅਖੰਡ ਪਾਠ ਟੁਟਾ ਤਾਂ ਮੇਰੇ ਸਰੀਰ ਨੂੰ ਬੜਾ ਕਸ਼ਟ ਹੋਇਆ।"

ਇਸ ਉਪਰੰਤ ਸਤਿਗੁਰੂ ਰਾਮ ਸਿੰਘ ਜੀ ਦੀ ਦੱਸੀ ਮਰਯਾਦਾ ਅਨੁਸਾਰ ਕਠਿਨਾਈਆਂ ਅਤੇ ਸਖਤੀਆਂ ਦੇ ਬਾਵਜੂਦ ਸਤਿਗੁਰੂ ਹਰੀ ਸਿੰਘ ਜੀ ਨੇ ਸਾਧਾਰਨ ਪਾਠਾਂ ਤੇ ਅਖੰਡ ਪਾਠਾਂ ਨੂੰ ਸਮੇਂ ਅਨੁਸਾਰ ਜਾਰੀ ਰੱਖਿਆ। ਸੰਮਤ ੧੯੩੧ ਵਿੱਚ ਤੇ ੧੯੩੩ ਵਿਚ ੧੦੧-੧੦੧ ਅਖੰਡ ਪਾਠ ਕਰਵਾਏ।

ਗੁਰੂ ਦੇ ਦਰਸ਼ਨਾਂ ਦੇ ਪਿਆਰਿਆਂ ਸਿੱਖਾਂ ਵਲੋਂ ਵੀ ਸਾਧਾਰਨ ਤੇ ਅਖੰਡ ਪਾਠ ਕੀਤੇ ਜਾਣ ਲਗੇ ਜਿੰਨਾਂ ਦੇ ਬਦਲੇ ਕਈਆਂ ਨੂੰ ਕੈਦ ਤੇ ਜੁਰਮਾਨੇ ਵੀ ਹੋਏ। ਸੰਮਤ ੧੯੩੩ ਵਿਚ ਸਰਕਾਰੀ ਨਿਗਰਾਨੀ ਪਾਠਾਂ ਵਾਸਤੇ ਹਟ ਗਈ ਤੇ ਸਿੰਘਾਂ ਨੇ ਪਿੰਡਾਂ ਵਿਚ ਵੀ ਪਾਠ ਕਰਵਾਉਣੇ ਸ਼ੁਰੂ ਕੀਤੇ ਸਤਿਗੁਰੂ ਹਰੀ ਸਿੰਘ ਦੇ ਭੇਜੇ ਹੁਕਮ ਅਨੁਸਾਰ। ਸਤਿਗੁਰੂ ਹਰੀ ਸਿੰਘ ਵੇਲੇ ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਨਮਿਤ ਹੋਏ ਪਾਠਾਂ ਦਾ ਵੇਰਵਾ ਇਸ ਪ੍ਰਕਾਰ ਹੈ ਜੋ ਸਤਿਜੁਗ ਦੇ ਪ੍ਰਦੇਸ ਗਵਨ ਸ਼ਤਾਬਦੀ ਅੰਕ ਅਨੁਸਾਰ ਹੈ:-

- ੧੯੩੩ ਬਿਕ੍ਰਮੀ ਦੀ ਮਾਘੀ ਉਤੇ ਮੁਕਤਸਰ ਦੀ ਸੰਗਤ ਵਲੋਂ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਪੰਜ ਅਖੰਡ ਪਾਠਾਂ ਦੇ ਭੋਗ ਦਰਸ਼ਨ ਨਮਿਤ ਪੁਆਏ।
- ਸੰਮਤ ੧੯੩੪ ਦੀ ਵਿਸਾਖੀ ਉਤੇ ਦਮਦਮਾ ਸਾਹਿਬ ਪੰਜ ਅਖੰਡ ਪਾਠਾਂ ਦੇ ਪਾਠ ਸਤਿਗੁਰਾਂ ਦੀ ਹਜ਼ੂਰੀ ਵਿਚ ਦਰਸ਼ਨ ਨਮਿਤ ਪਾਏ ਗਏ।

  ਇਸੇ ਤਰ੍ਹਾਂ ੧੯੩੨ ਤੋਂ ੧੯੫੦ ਤਕ ਜੋ ਹੋਲੇ ਜਾਂ ਮੇਲੇ ਭੈਣੀ ਸਾਹਿਬ ਹੁੰਦੇ ਰਹੇ ਸਾਰਿਆਂ ਤੇ ੧੦੧ ਅਖੰਡ ਪਾਠ ਹਰ ਵਾਰੀ ਕੀਤੇ ਜਾਂਦੇ ਰਹੇ।
- ਸੰਮਤ ੧੯੫੧ ਦੀ ਮਾਘੀ ਤੇ ਮੁਕਤਸਰ ਇਲਾਕੇ ਦੀ ਸੰਗਤ ਨੇ ੩੦੦ ਸਾਧਾਰਨ ਪਾਠਾਂ ਦੇ ਭੋਗ ਸਤਿਗੁਰਾਂ ਦੀ ਹਜ਼ੂਰੀ ਵਿਚ ਦਰਸ਼ਨ ਨਮਿਤ ਪੁਆਏ।
- ਸੰਮਤ ੧੯੫੪ ਵਿਚ ਸ੍ਰ: ਕਰਤਾਰ ਸਿੰਘ ਜੀ ਵਿਲੋਕਿਆਂ ਵਾਲਿਆਂ ੧੦੧ ਅਖੰਡ ਪਾਠ ਦਰਸ਼ਨ ਨਮਿਤ ਸ੍ਰੀ ਭੈਣੀ ਸਾਹਿਬ ਆ ਕੇ ਕਰਵਾਏ, ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ।
- ਸੰਮਤ ੧੯੫੬ ਨੂੰ ਸ੍ਰ: ਕੇਹਰ ਸਿੰਘ ਜੀ ਰਾਇ ਕੇ ਬੁਰਜ ਵਾਲਿਆਂ ਹੋਲਾ ਕਰਵਾਉਣ ਸਮੇਂ ੧੦੧ ਸਧਾਰਨ ਪਾਠ ਵੀ ਦਰਸ਼ਨ ਨਮਿਤ ਕਰਵਾਏ।
- ਸੰਮਤ ੧੯੫੯ ਦੀ ਮਾਘੀ ਮੁਕਤਸਰ ਇਲਾਕੇ ਦੀ ਸੰਗਤ ਨੇ ਸਤਿਗੁਰਾਂ ਦੀ ਹਜ਼ੂਰੀ ਵਿਚ ੧੯੦ ਖੁਲ੍ਹੇ ਪਾਠਾਂ ਦੇ ਭੋਗ ਦਰਸ਼ਨ ਨਮਿਤ ਪੁਆਏ।
- ਸੰਮਤ ੧੯੬੦ ਵਿਚ ਭਾਈ ਬਘੇਲ ਸਿੰਘ ਨੇ ੧੦੧ ਅਖੰਡ ਪਾਠ ਸ੍ਰੀ ਭੈਣੀ ਸਾਹਿਬ ਦਰਸ਼ਨ ਨਮਿਤ ਕਰਵਾਏ।
- ਸੰਮਤ ੧੯੬੧ ਨੂੰ ਫਿਰ ਮੁਕਤਸਰ ਦੀ ਮਾਘੀ ਤੇ ੧੩੦ ਸਾਧਾਰਨ ਪਾਠਾਂ ਦੇ ਭੋਗ ਪਾਏ ਗਏ।
- ਇਸਤਰ੍ਹਾਂ ੧੦੧ ਅਖੰਡ ਪਾਠ ਪਿੰਡ ਰੁਪਾਣੇ ਵਿਚ ਵੀ ਸਤਿਗੁਰਾਂ ਦੇ ਦਰਸ਼ਨਾਂ ਨਮਿਤ ਕਰਵਾਏ ਗਏ ਜਿਨਾਂ ਦਾ ਪੱਕਾ ਸੰਮਤ ਨਹੀ ਮਿਲਦਾ।"
- ਹਰ ਨਾਮਧਾਰੀ ਅਰਦਾਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਦੇ ਨਾਮ ਨਾਲ "ਜਿਨਾਂ ਸੁਚ ਸੋਧ ਨਾਮ ਬਾਣੀ ਦਾ ਪ੍ਰਵਾਹ ਦਿੱਤਾ ਚਲਾਏ" ਜ਼ਰੂਰ ਕਹਿੰਦਾ ਹੈ। ਇਸ ਤੋਂ ਹੀ ਪਤਾ ਲਗ ਜਾਂਦਾ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਦੇ ਸਮੇਂ ਨਾਮ ਬਾਣੀ ਦਾ ਪ੍ਰਵਾਹ ਚਲਿਆ।

ਗੁਰਗੱਦੀ ਉਤੇ ਬਿਰਾਜਮਾਨ ਹੋਣ ਉਪਰੰਤ ਆਪ ਨੇ ਨਾਮ ਸਿਮਰਨ ਵਲ ਸਾਧ ਸੰਗਤ ਦੀ ਰੁਚੀ ਵਧਾਉਣ ਹਿਤ ਪੂਰਨੇ ਪਾਏ। ਸੰਮਤ ੧੯੬੩ ਸੰਨ ੧੯੦੬ ਵਿਚ ਸਰਹੰਦ ਨਹਿਰ ਕਿਨਾਰੇ ਜਪ-ਪ੍ਰਯੋਗ ਅਰੰਭਿਆ ਜੋ ਸਾਥੀਆਂ ਸਮੇਤ ੪੦ ਦਿਨ ਚਲਿਆ। ਇਹ ਜਪ-ਪ੍ਰਯੋਗ ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਨਮਿਤ ਹਰ ਸਾਲ ਹੋਣ ਲੱਗਾ। ਇਕ ਜੇਠ ੧੯੯੭ ਬਿਕ੍ਰਮੀ ਤੋਂ ਇਕ ਘੰਟਾ ਨਾਮ ਸਿਮਰਨ ਬਾਕੀ ਪਾਠ ਪੂਜਾ ਤੋਂ ਵਖਰਾ ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਨਮਿਤ ਹਰ ਨਾਮਧਾਰੀ ਨੂੰ ਕਰਨ ਦਾ ਹੁਕਮ ਦਿੱਤਾ। ਕਿਉਂਕਿ ਨਾਮ ਹੀ ਸਾਰੇ ਦੁਖਾਂ ਦਾ ਨਾਸ ਕਰਨ ਵਾਲਾ ਹੈ ਤੇ ਸੁਖਾਂ ਦੀ ਖਾਨ ਹੈ। ੧੦,੦੦੦ ਅਖੰਡ ਪਾਠ ਆਦਿ ਗ੍ਰੰਥ ਸਾਹਿਬ, ੧੦੦੦ ਦਸਮ ਗ੍ਰੰਥ ਤੇ ੬,੦੦,੦੦੦ ਸਾਧਾਰਨ ਪਾਠਾਂ ਦੇ ਭੋਗ ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਨਮਿਤ ਪਵਾਏ। ਸੰਮਤ ੧੯੯੦ (੧੯੩੩ ਈ.) ਵਿਚ ਸ੍ਰੀ ਭੈਣੀ ਸਾਹਿਬ ਤੇ ੨੦੦੪ ਬਿਕ੍ਰਮੀ (੧੯੪੭ ਈ.) ਵਿਚ ਸ੍ਰੀ ਜੀਵਨ ਨਗਰ ਭਜਨ ਦੀਆਂ ਵਰਨੀਆਂ ਚਾਲੂ ਕਰਵਾਈਆਂ। ਦੋ ਵਾਰ ਚੰਡੀ ਦੀ ਵਾਰ ਦੇ ਸਵਾ ਸਵਾ ਲੱਖ ਪਾਠਾਂ ਨਾਲ ਹਵਨ ਯੱਗ ਕੀਤਾ ਗਿਆ। ਇਹ ਸਾਰਾ ਕੁਝ ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਨਮਿਤ ਹੀ ਹੋਇਆ।

– ਵਰਤਮਾਨ ਸਤਿਗੁਰੂ ਜਗਜੀਤ ਸਿੰਘ ਦੀ ਛਤਰ ਛਾਇਆ ਹੇਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਨਾਮ ਸਿਮਰਨ, ਕਥਾ, ਕੀਰਤਨ ਤੇ ਪਾਠਾਂ ਦਾ ਪ੍ਰਵਾਹ–

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਗੱਦੀ ਤੇ ਬੈਠਦਿਆਂ ਹੀ ੧੯੫੯ ਈ. ਤੋਂ ਹੀ ਸਤਿਗੁਰੂ ਪ੍ਰਤਾਪ ਸਿੰਘ ਦੇ ਪਾਏ ਪੂਰਨਿਆਂ ਤੇ ਚਲਣਾ ਸ਼ੁਰੂ ਕਰ ਦਿੱਤਾ। ਆਪ ਨੇ ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਨਮਿੱਤ ਲੱਖਾਂ ਸਾਧਾਰਨ ਪਾਠ ਤੇ ਹਜ਼ਾਰਾਂ ਅਖੰਡ ਪਾਠ ਕਰਵਾਏ ਤੇ ਕਰਵਾ ਰਹੇ ਹਨ। ਪਹਿਲਾਂ ਆਪ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਵਲੋਂ ਅਰੰਭੇ ਹੋਏ ਸਵਾ ਲੱਖ ਪਾਠਾਂ ਨੂੰ ਪੂਰੇ ਕਰਵਾ ਕੇ ਭੋਗ ਪਵਾਏ। ਫਿਰ ੧੯੭੦ ਈ. ਵਿਚ ਪ੍ਰਦੇਸ ਗਵਨ ਸ਼ਤਾਬਦੀ ਸਮੇਂ ਸਵਾ ਲੱਖ

ਇਸ ਕਲਿਜੁਗੀ ਸਮੇਂ ਦੌਰਾਨ ੧੬ ਥਾਵਾਂ ਤੇ ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਚਲ ਰਹੀਆਂ ਹਨ। ਹਰ ਜੀਅ ਪ੍ਰਤੀ ਇਕ ਘੰਟਾ ਹਰ ਰੋਜ ਨਾਮ ਸਿਮਰਨ ਤੇ ਹਰ ਘਰ ਪ੍ਰਤੀ ੧ ਸਾਧਾਰਨ ਪਾਠ ਆਦਿ ਜਾਂ ਦਸਮ ਗ੍ਰੰਥ ਦਾ ਹਰ ਮਹੀਨੇ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਨਮਿਤ ਭੋਗ ਪਾਉਣ ਦਾ ਹੁਕਮ ਹੈ।

ਪਾਠਾਂ ਦਾ ਅਰੰਭ ਕਰ ਦਿੱਤਾ ਜਿਸ ਦਾ ਭੋਗ ੧੯੭੪ ਈ. ਵਿਚ ਸੰਤ ਨਗਰ (ਸਰਸਾ) ਵਿਚ ਅਸੂ ਦੇ ਮੇਲੇ ਸਮੇਂ ਪਾਇਆ ਗਿਆ। ਉਸ ਤੋਂ ਉਪਰੰਤ ੧੯੭੫ ਈ. ਵਿਚ ਫਿਰ ਸਵਾ ਲੱਖ ਸਾਧਾਰਨ ਪਾਠਾਂ ਦਾ ਅਰੰਭ ਹੋਇਆ ਜਿਸਦਾ ਭੋਗ ਛੇਤੀ ਹੀ ਪੈਣ ਦੀ ਆਸ ਹੈ। ਇਸ ਤੋਂ ਇਲਾਵਾ ੨ ਵਾਰ ਸਵਾ ਸਵਾ ਲੱਖ ਚੰਡੀ ਦੀ ਵਾਰ ਦੇ ਪਾਠ ਤੇ ਹਵਨ ਯੱਗ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਨਮਿਤ ਤੇ ਵਿਸ਼ਵ ਸ਼ਾਂਤੀ ਨਮਿਤ ਕੀਤੇ ਗਏ।

ਇਸ ਕਲਿਜੁਗੀ ਸਮੇਂ ਦੌਰਾਨ ੧੬ ਥਾਵਾਂ ਤੇ ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਚਲ ਰਹੀਆਂ ਹਨ। ਹਰ ਜੀਅ ਪ੍ਰਤੀ ਇਕ ਘੰਟਾ ਹਰ ਰੋਜ ਨਾਮ ਸਿਮਰਨ ਤੇ ਹਰ ਘਰ ਪ੍ਰਤੀ ੧ ਸਾਧਾਰਨ ਪਾਠ ਆਦਿ ਜਾਂ ਦਸਮ ਗ੍ਰੰਥ ਦਾ ਹਰ ਮਹੀਨੇ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਨਮਿਤ ਭੋਗ ਪਾਉਣ ਦਾ ਹੁਕਮ ਹੈ। ਇਸ ਤੋਂ ਇਲਾਵਾ ਸਾਧ ਸੰਗਤ ਅਨੇਕਾਂ ਹੀ ਸਾਧਾਰਨ ਪਾਠਾਂ ਤੇ ਅਖੰਡ ਪਾਠਾਂ ਦੇ ਭੋਗ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਪਵਾਉਂਦੀ ਹੀ ਰਹਿੰਦੀ ਹੈ। ਕਿਉਂਕਿ ਸਤਿਗੁਰੂ ਰਾਮ ਸਿੰਘ ਨੇ ਦਰਸ਼ਨ ਦੇ ਕੇ ਸਭ ਦੁਖਾਂ ਦਾ ਨਾਸ ਕਰਨਾ ਹੈ। ਉਹਨਾਂ ਦੇ ਦਰਸ਼ਨ ਦੀ ਸਾਰੇ ਆਸ ਰਖਦੇ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤਰ ਉਪਦੇਸ਼ ਵਿਚ ਆਉਂਦਾ ਹੈ। ਜੋ ਸਤਿਜੁਗ ਦੇ ੪ ਤੋਂ ੧੦ ਜਨਵਰੀ ੧੯੯੬ ਦੇ ਮੁਖ ਪੰਨੇ ਤੇ "ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਹੋਵੇਗਾ" ਹੈਡਿੰਗ ਹੇਠ ਛਪਿਆ ਹੈ ਕਿ-

"ਉਹ ਨਾਮਧਾਰੀ ਚੜ੍ਹ ਗਏ, ਅਜੇ ਵੀ ਕੋਈ ਕੋਈ ਹੈਨ, ਜਿਨ੍ਹਾਂ ਦੀ ਇਸ ਗੱਲ ਉਤੇ ਆਸ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਹੋਵੇਗਾ- ਗਊ ਗਰੀਬ ਦੇ ਗਲ ਤੋਂ ਛੁਰੀ ਲਹੇਗੀ, ਧਰਤੀ ਉਤੇ ਕੋਈ ਝੂਠ ਨਹੀਂ ਬੋਲੇਗਾ - ਸਾਰੀ ਦੁਨੀਆਂ ਸੱਚ ਬੋਲਣ ਵਾਲੀ ਹੋ ਜਾਵੇਗੀ - ਪਰ ਪਹਿਲਾਂ ਉਦੂੰ ਇਕ ਵੇਰ ਸੁਹਾਗਾ ਜ਼ਰੂਰ ਫਿਰੇਗਾ।- - - -"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ੧੭ ਜਨਵਰੀ ੧੯੯੬ ਈ: ਨੂੰ ਸ਼ਹੀਦੀ ਮੇਲਾ ਮਲੇਰਕੋਟਲਾ ਸਮੇਂ ਆਪਣੇ ਉਪਦੇਸ਼ ਵਿਚ ਕਿਹਾ ਕਿ:-

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜ਼ਰੂਰ ਵਾਪਸ ਆਉਣਾ ਹੈ। ਉਹਨਾਂ ਦੇ ਆਇਆਂ ਸਾਰੇ ਸੰਸਾਰ ਤੇ ਪੂਰਨ ਸ਼ਾਂਤੀ ਹੋਣੀ ਹੈ।"

ਹੋਰ ਵੀ ਕਈਆਂ ਉਪਦੇਸ਼ਾਂ ਵਿਚ ਆਪ ਨੇ ਹੁਕਮ ਕੀਤਾ:-

- ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਨਾਮ ਜਪਿਆ ਜਾਵੇ, ਪਾਠਾਂ ਦੇ ਭੋਗ ਪਾਏ ਜਾਣ। ਤਾਂਕਿ ਸਤਿਗੁਰੂ ਜੀ ਦੇ ਦਰਸ਼ਨ ਹੋਣ ਤੇ ਸਾਰੇ ਦੁਖ ਦੂਰ ਹੋਣ।
- ਇਕ ਇਕ ਘੰਟਾ ਨਾਮ ਸਿਮਰਨ ਹਰ ਜੀਅ ਪ੍ਰਤੀ, ਹਰ ਘਰ ਪ੍ਰਤੀ, ਇਕ ਇਕ ਪਾਠ ਆਦਿ ਜਾਂ ਦਸਮ ਦਾ ਜ਼ਰੂਰ ਕਰਿਆ ਕਰੋ- ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ।

ਗੁਰਬਾਣੀ ਵਿਚ ਵੀ ਲਿਖਿਆ ਹੈ:-

ਹਰਿ ਦਰਸਨੁ ਦੇਹੁ ਹਰਿ ਆਸ ਤੁਮਾਰੀ।।
ਕਰਿ ਕਿਰਪਾ ਲੋਚ ਪੂਰਿ ਹਮਾਰੀ।। ਰਹਾਉ।।
ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੀ।।
ਮਿਲੈ ਪਿਆਰੇ ਸਭ ਦੁਖ ਤਿਆਗੀ।।

ਇਸੇ ਪ੍ਰਕਾਰ ਹੀ ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਦੀ ਸਾਰੇ ਨਾਮਧਾਰੀ ਸਿੱਖਾਂ ਨੂੰ ਆਸ ਹੈ ਕਵੀਆਂ ਨੇ ਤਾਂ ਉਹਨਾਂ ਦੇ ਵਿਛੋੜੇ ਵਿਚ ਬੇਅੰਤ ਕਵਿਤਾਵਾਂ ਲਿਖੀਆਂ ਹਨ ਅਤੇ ਜਿਵੇਂ ਜਿਸ ਪਤਨੀ ਦਾ ਪਤੀ ਪ੍ਰਦੇਸ ਗਿਆ ਹੋਵੇ ਉਸ ਨੂੰ ਹਾਰ ਸ਼ਿੰਗਾਰ ਰਾਗ ਰੰਗ, ਮੌਸਮ ਆਦਿ ਚੰਗਾ ਨਹੀ ਲਗਦਾ ਇਸੇਤਰ੍ਹਾਂ ਦੀ ਕਈ ਨਾਮਧਾਰੀਆਂ ਦੀ ਵੀ ਦਸ਼ਾ ਰਹੀ ਹੈ ਤੇ ਅਜ ਵੀ ਹੈ ਸੰਤ ਇਕਬਾਲ ਸਿੰਘ ਮਨਚੰਦਾ ਬਾਰਾਂਮਾਹ ਵਿਚ ਲਿਖਦੇ ਹਨ:-

ਚੇਤਰ ਚਿਤ ਹੈ ਉਦਾਸ ਪੀਆ ਮੇਰੇ ਨਹੀਂ ਪਾਸ
ਮਨ ਮੇਰੇ 'ਚ ਹੁਲਾਸ ਕਦੋਂ ਦਰਸ ਮੈਂ ਪਾਵਸਾ।
ਮੇਰੇ ਮਨ ਵਿਚ ਪੀਰ ਲੱਗਾ ਪ੍ਰੇਮ ਵਾਲਾ ਤੀਰ,
ਵਗੇ ਨੈਣਾਂ ਵਿਚੋਂ ਨੀਰ ਕੀਕੂੰ ਮਨ ਸਮਝਾਵਸਾਂ।
ਹੋਈ ਹਾਲ ਤੋਂ ਬੇਹਾਲ ਖੁਲ੍ਹੇ ਗਲ ਵਿਚ ਵਾਲ,
ਲੋਕੀਂ ਆਖਦੇ ਬੇਤਾਲ ਕਿਹਨੂੰ ਦੁਖੜਾ ਸੁਣਾਵਸਾਂ।
ਪ੍ਰੀਤਮ ਪਿਆਰੇ ਗੁਰੂ ਰਾਮ ਸਿੰਘ ਆਵੇ ਦੇਸ,
ਦੁਖਾਂ ਤੋਂ ਛੁਡਾਵੇ ਦਿਨ ਰਾਤ ਇਹ ਗਾਵਸਾਂ।

ਸੰਤ ਤੇਜਾ ਸਿੰਘ ਸੇਖਲ ਪੁਸਤਕ ਬਾਰਾਂਮਾਹ ਵਿਚ ਲਿਖਦੇ ਹਨ:-

ਚੇਤਰ ਚਿੰਤਾ ਸਤਿਗੁਰੂ ਵਾਲੀ ਪੀਆ ਗਏ ਪ੍ਰਦੇਸ,
ਜੋਗਣ ਬਣ ਕੇ ਢੂਡਣ ਜਾਵਾਂ ਕਰਕੇ ਭਗਵਾ ਭੇਸ
ਲੋਕਾਂ ਹਾਰ ਸ਼ਿੰਗਾਰ ਲਗਾਏ, ਸਾਡੇ ਖੁਲ੍ਹੇ ਕੇਸ।
ਚੀਨੀ ਵਾਲੇ ਸਤਿਗੁਰ ਬਾਝੋਂ, ਸੁੰਞਾ ਹੋਇਆ ਦੇਸ!

ਸੂਬਾ ਮੀਹਾਂ ਸਿੰਘ ਜੀ ਬਾਰਾਂ ਮਾਹ ਵਿਚ ਲਿਖਦੇ ਹਨ

ਪੀਆ ਜਿਨ੍ਹਾਂ ਦੇ ਘਰੀਂ ਨਾ ਹੋਣ ਭੈਣੋਂ,
ਰੁਤ ਆਈ ਨੂੰ ਵੇਖ ਕੇ ਤਾਰ ਵੱਜੇ।
ਬਾਝੋਂ ਪੀਆ ਦੇ ਤਾਰ ਸੁਹਾਂਵਦੀ ਨਾ,
ਭਾਵੇਂ ਤਾਰ ਹਜ਼ਾਰ ਅਪਾਰ ਵੱਜੇ।

ਏਸ ਤਰ੍ਹਾਂ ਹੀ ਅਨੇਕਾਂ ਕਵੀਆਂ ਨੇ ਕਵਿਤਾਵਾਂ ਦੁਆਰਾ

ਮਨੋ ਭਾਵ ਪ੍ਰਗਟ ਕੀਤੇ। ਜਥੇਦਾਰ ਵੀ ਸਤਿਗੁਰੂ ਰਾਮ ਸਿੰਘ ਦੇ ਵਿਛੋੜੇ ਵਿਚ ਧਾਰਨਾਵਾਂ ਪੜ੍ਹਦੇ ਸਨ:-

- "ਗਊਆਂ ਦੇ ਰਖਵਾਲੇ ਕਬ ਘਰ ਆਵਹੁਗੇ।" -ਸੰਤ ਭਗਤ ਸਿੰਘ ਦਾਤੇਵਾਲੀਏ।
- "ਦਰਸ਼ਨ ਬਿਨ ਅਖੀਆਂ ਤਰਸਨ ਮੇਰੇ ਨੈਣ ਛਮਾਛਮ ਬਰਸਨ।" -ਸੰਤ ਸੁੰਦਰ ਸਿੰਘ ਪੁੰਗਾਂ ਵਾਲੇ।
- "ਰੁਤੜੀਆਂ ਫਿਰ ਆਈਆਂ ਸਹੀਓ ਪੀਆ ਅਜੇ ਨ ਆਏ।" -ਸੰਤ ਸੁੰਦਰ ਸਿੰਘ ਰਜਾਦੇ ਵਾਲੇ।

ਏਸੇ ਤਰ੍ਹਾਂ ਨਾਮਧਾਰੀ ਆਸਾ ਦੀ ਵਾਰ ਵਿਚ ਹਰ ਰੋਜ 'ਤੁਮ ਘਰਿ ਆਵਹੁ ਮੇਰੇ ਮੀਤ' ਸ਼ਬਦ ਪੜ੍ਹਦੇ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜ਼ਰੂਰ ਦਰਸ਼ਨ ਦੇਣੇ ਹਨ ਉਹਨਾਂ ਦੇ ਇਹ ਕਹੇ ਹੋਏ ਸ਼ਬਦ ਜ਼ਰੂਰ ਪੂਰੇ ਹੋਣੇ ਹਨ ਜੋ ਬਾਕੀ ਦੇ ਪੂਰੇ ਹੋ ਚੁੱਕੇ ਹਨ ਤਾਂ ਇਹ ਵੀ ਪੂਰੇ ਹੋਣਗੇ। ਜੋ ਉਹਨਾਂ ਪ੍ਰਦੇਸ ਜਾਣ ਲਗੇ ਕਹੇ ਸਨ ਕਿ:-

"ਮੈਂ ਇਸੇ ਦੇਹ ਵਿਚ ਜ਼ਰੂਰ ਵਾਪਸ ਆਵਾਂਗਾ। ਜਿੰਨਾਂ ਚਿਰ ਸਾਰੀ ਸ੍ਰਿਸ਼ਟੀ ਤੇ ਧਰਮ ਨਹੀਂ ਵਰਤਦਾ ਮੈਂ ਕਿਧਰੇ ਨਹੀਂ ਜਾਂਦਾ। ਸੂਰਜ ਭਾਵੇਂ ਲਹਿੰਦੇ ਵਲੋਂ ਚੜ੍ਹਨ ਲਗ ਪਵੇ ਪਰ ਇਹ ਕਦੇ ਨਹੀਂ ਹੋ ਸਕਦਾ ਕਿ ਮੈਂ ਨਾਂ ਆਵਾਂ।"

ਇਹਨਾਂ ਸ਼ਬਦਾਂ ਦੀ ਪੁਸ਼ਟੀ ਕਰਦਿਆਂ ਸ੍ਰ. ਗੁਰਬਖਸ਼ ਸਿੰਘ ਸ਼ੌਕ ਆਪਣੀ ਪੁਸਤਕ ਸ਼ੌਕ ਤਰਾਨੇ ਵਿਚ ਲਿਖਦੇ ਹਨ:-

ਸੰਭਵ ਹੈ ਨਦੀਓਂ ਕੇ ਵਹਿਨ ਉਲਟ ਜਾਏਂ,
ਧਰਤੀ ਸਮੁੰਦਰ ਹੋ ਜਾਏ ਯਾ ਭੀ ਹੋ ਸਕੈ।
ਚੰਦ ਅਤੇ ਸੂਰਜ ਨ ਉਦੈ ਤੇ ਅਸਤ ਹੋਏਂ,
ਪਰਬਤ ਅਕਾਸ਼ ਏਕ ਥਾਏ ਯਾ ਹੋ ਸਕੈ।
ਖਾਂਡ ਸੇ ਮਿਠਾਸ ਜਾਏ, ਫੂਲਨ ਸੇ ਬਾਸ ਜਾਏ,
ਨਾਗ ਜੋ ਪੈ ਅੰਮ੍ਰਿਤ ਚੁਆਏ, ਯਾ ਭੀ ਹੋ ਸਕੈ।
ਐਪਰ ਯਾ ਸੰਭਵ ਨਹੀਂ ਕਿ ਚੀਨੀ ਵਾਲਾ 'ਸ਼ੌਕ'
ਕਭੂੰ ਪ੍ਰਦੇਸ ਸੋਂ ਨ ਆਏ ਯਾ ਭੀ ਹੋ ਸਕੈ।

-ਭਾਈ ਚੰਦਾ ਸਿੰਘ ਆਪਣੇ ਬਾਰਾਂਮਾਹ ਵਿਚ ਲਿਖਦੇ ਹਨ:-

ਸਤਿਗੁਰ ਫੇਰ ਪੰਜਾਬੇ ਆਵਣ,
ਅਗਲੀਆਂ ਸਫਾਂ ਸਭ ਉਠਾਵਣ,
ਨਵੇਂ ਹੋਰ ਨਿਸ਼ਾਨ ਝੁਲਾਵਣ,
ਜਗ ਵਿਚ ਸ੍ਰੀ ਅਕਾਲ ਜਪਾਵਣ,
ਅਸੁਰ ਸੰਘਾਰ ਕੇ।

ਗੁਰਬਾਣੀ ਦੀ ਇਸ ਪੰਗਤੀ ਅਨੁਸਾਰ ਕਿ:-

ਅਸਥਿਰ ਰਹਹੁ ਡੋਲਹੁ ਮਤ ਕਬਹੂ
ਗੁਰ ਕੈ ਬਚਨਿ ਅਧਾਰ॥

ਲੋੜ ਹੈ ਕਿ ਸਾਧ ਸੰਗਤ, ਸਤਿਗੁਰੂ ਰਾਮ ਸਿੰਘ ਜੀ ਦੇ ਬਚਨਾਂ ਤੇ ਪੂਰਨ ਭਰੋਸਾ ਰੱਖ ਕੇ, ਡੋਲਣ ਤੋਂ ਬਚ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਾਂ ਨੂੰ ਮੰਨ ਕੇ ਕਿ "ਸਤਿਗੁਰੂ ਰਾਮ ਸਿੰਘ ਜੀ ਜ਼ਰੂਰ ਵਾਪਸ ਆਉਣਾ ਹੈ।" ਵੱਧ ਤੋ ਵੱਧ ਨਾਮ ਸਿਮਰਨ ਤੇ ਗੁਰਬਾਣੀ ਦੇ ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਕਰਨ ਦੀ ਕਿਰਪਾ ਕਰਦੀ ਰਹੇ।

■

ਲੈ ਕੇ ਤੁਰ ਗਇਓਂ ਕਾਲੀ ਕਮਲੀ

■ *ਅਵਤਾਰ ਸਿੰਘ ਨਾਮਧਾਰੀ*

ਲੈ ਕੇ ਤੁਰ ਗਇਓਂ ਕਾਲੀ ਕਮਲੀ
ਮੇਰੇ ਮਾਹੀਆ ਦਗਾ ਕਮਾਇਆ ਈ।
ਵੇ ਮਾਹੀ ਤੈਨੂੰ ਤਰਸ ਨ ਆਇਆ ਈ।
ਲੈ ਕੇ ਤੁਰ ਗਇਓਂ ਕਾਲੀ ਕਮਲੀ
ਮੇਰੇ ਮਾਹੀਆ ਦਗਾ ਕਮਾਇਆ ਈ।

ਕਿਹੜੇ ਵੱਲ ਦੇਸਾਂ ਦੇ ਜਾਣਾਂ।
ਨਾ ਕੋਈ ਦੱਸ ਕੇ ਗਿਉਂ ਟਿਕਾਣਾ।
ਨਾ ਕੋਈ ਪਤਾ ਬਤਾਇਆ ਈ।
ਲੈ ਕੇ ਤੁਰ - - - -

ਸੰਗਤਾਂ ਧਾਹਾਂ ਮਾਰ ਕੇ ਰੋਈਆਂ।
ਜਿੰਦਾਂ ਤੜਪ-ਤੜਪ ਕੇ ਮੋਈਆਂ।
ਕਿਸੇ ਨਾ ਚੁੱਪ ਕਰਾਇਆ ਈ,
ਲੈ ਕੇ ਤੁਰ - - - -

ਤੇਰੀ ਚੀਨੀ ਤੇਰੀ ਘੋੜੀ।
ਅਜੇ ਤੱਕ ਨਾ ਵਾਗ ਤੂੰ ਮੋੜੀ।
ਕਿਉਂ ਸਾਨੂੰ ਮਨੋਂ ਭੁਲਾਇਆ ਈ
ਲੈ ਕੇ ਤੁਰ - - - -

ਰੌਲੀ ਪਵੈ ਦੇਸ ਸਭ ਰੋਵੈ।
ਵੇ ਰੌਲੀ ਪਵੈ ਦੇਸ ਸਭ ਰੋਵੈ।
ਗੁਰ ਜਗਜੀਤ ਬਚਾਇਆ ਈ,
ਲੈ ਕੇ ਤੁਰ - - - -

■

ਸਾਧੂ ਸਿੰਘ ਕਿਸਾਨ

ਬਾਣੀ ਤੇ ਬਾਣੇ ਦਾ ਬਾਣ



ਅਸੀਂ ਚਾਰ ਜਣੇ ਚੰਡੀਗੜ੍ਹੋਂ ਵਾਪਸ ਮੁੜ ਰਹੇ ਸਾਂ, ਸੁਨਾਮੋਂ ਮਾਨਸਾ ਨੂੰ ਔਂਦਿਆਂ, ਸੱਜੇ ਹੱਥ ਸੜਕ ਨੇੜੇ ਕਨਾਤਾਂ ਲਾਕੇ ਤਗੜਾ ਪੰਡਾਲ ਬਣਾਇਆ ਪਿਆ ਸੀ। ਸੜਕ ਤੇ ਵੀ ਕਾਫੀ ਗਹਿਮਾ ਗਹਿਮੀ ਸੀ। ਕਾਰ ਹੌਲੀ ਕਰਕੇ ਲੰਘਦਿਆਂ ਸਪੀਕਰ ਚੋਂ ਕੀਰਤਨ ਦੀ ਆਵਾਜ਼ ਕੰਨੀ ਪਈ, ਲਾੜਾ ਦੇਖਣ ਲਾੜੀਆਂ ਚਉਗਿਰਦੇ ਹੋਈਆਂ ਢੋਲਕ ਵਾਜੇ ਨਾਲ, ਬੜੀ ਮਿਠੀ ਸੁਰ ਵਿਚ, ਕੋਈ ਚੰਡੀ ਦੀ ਵਾਰ ਨੂੰ, ਵਾਰ ਦੀ ਤਰਜ਼ ਤੇ ਅਗੇ ਗਾ ਰਿਹਾ ਸੀ ਤੇ ਤਿੰਨ ਚਾਰ ਜਣੇ ਉਸਦੇ ਮਗਰ ਗੌਂ ਰਹੇ ਸਨ। ਬੜਾ ਠਾਟ ਬਝਿਆ ਪਿਆ ਸੀ। ਜਕੋ ਤੱਕੋ ਕਰਦਿਆਂ ਅਸਾਂ ਥੋੜਾ ਅਗੇ ਜਾਕੇ ਕਾਰ ਖਲ੍ਹਾਰੀ, ਪਹਿਲਾਂ ਤਾਂ ਵਿਚ ਬਹਿ ਕੇ ਰਸ ਮਾਣਦੇ ਰਹੇ, ਜਦੋਂ ਨਾ ਰਿਹਾ ਗਿਆ ਤਾਂ ਸੋਚ ਸਲਾਹ ਕਰਕੇ ਬਾਹਰ ਨਿਕਲੇ ਕਿ ਚੱਲ ਕੇ ਵੇਖੀਏ ਏਨੀ ਮਿਠੀ ਅਵਾਜ਼ ਨਾਲ ਕੀਰਤਨ, ਉਹ ਵੀ ਚੰਡੀ ਦੀ ਵਾਰ ਦਾ, ਕਰਨ ਵਾਲਾ ਕੌਣ ਹੋਵੇ। ਸੁਰ ਸਵਾਦ ਤੇ ਕੌਤੂਹਲ ਵੱਸ, ਅਸੀਂ ਪੰਡਾਲ ਨੂੰ ਤੁਰ ਪਏ। ਕੀਰਤਨ ਭੇਟ ਕਰਨ ਵਾਸਤੇ ਪੈਸੇ ਹੱਥਾਂ ਚ ਲੈ ਕੇ ਨਮਸਕਾਰ ਕਰਨ ਵਾਲਿਆਂ ਦੀ ਲਾਈਨ 'ਚ ਲਗ ਗਏ। ਪੰਡਾਲ ਵਿਚ ਡੇਢ ਦੋ ਹਜ਼ਾਰ ਦੀ ਗਿਣਤੀ ਚ ਸੰਗਤ ਬੈਠੀ ਸੀ ਪਰ ਰੌਲੇ ਗੌਲੇ ਦਾ ਨਾਂ ਨਿਸ਼ਾਨ ਨਹੀਂ ਸੀ। ਨੇੜੇ ਜਾਕੇ ਵੇਖਿਆ ਇਕ ਸੱਠ ਪੈਂਹਠ ਸਾਲਾ ਸਿੰਘ, ਧੁੰਨੀ ਤਕ ਪਲਮਦੇ ਚਿੱਟੇ ਦਾਹੜੇ, ਭਰਪੂਰ ਮੁਛਹਿਰੇ, ਮੋਟੇ ਮਖ਼ਮੂਰ ਨੇਤਰ, ਲਾਲ ਗੋਰਾ ਰੰਗ, ਕਾਲੀ ਕਫ਼ਨੀ ਤੇ ਕਾਲੀ ਭਾਰੀ ਦਸਤਾਰ ਸਜਾਈ ਵਾਜੇ ਨਾਲ ਝੂਮ ਝੂਮ ਕੇ, 'ਧੂਹ ਤਲਵਾਰਾਂ ਤਿਖੀਆਂ ਨਾਲ ਲੋਹੂ ਧੋਈਆਂ।।" ਅਗੇ ਗਾ ਰਿਹਾ ਸੀ ਤੇ ਇਕ ਹੋਰ ਵਾਜੇ ਦੇ ਢੋਲਕੀਆਂ ਤੇ ਦੋ ਚਿਮਟਿਆਂ ਵਾਲੇ ਓਨੇ ਈ ਜੋਸ਼ ਤੇ ਮਸਤੀ ਨਾਲ ਮਗਰ ਚੰਡੀ ਦੀ ਵਾਰ ਦਾ ਉਚਾਰਨ ਕਰ ਰਹੇ ਸਨ। ਸਾਡੇ ਵਲੋਂ ਕੀਰਤਨ ਨੂੰ ਨਮਸਕਾਰ ਕਰਦਿਆਂ ਜਥੇ ਨੇ ਪੌੜੀ ਦਾ ਭੋਗ ਪਾ ਦਿਤਾ।

ਸਾਡੇ ਬਹਿਣ ਤੋਂ ਪਹਿਲਾਂ ਈ ਜਥੇਦਾਰ ਜੀ ਨੇ ਕਹਿਣਾ ਸ਼ੁਰੂ ਕਰ ਦਿਤਾ, "ਆਹ! ਹਾ! ਧੰਨ ਮੇਰਾ ਸਤਿਗੁਰ, ਧੰਨ ਮੇਰੇ ਸਤਿਗੁਰ ਦੇ ਸਿੱਖ ਅਸੀ ਕਿੱਡੇ ਵਡਭਾਗੇ ਆਂ ਕਿ ਸਤਿਗੁਰ ਦੇ ਸਿਖਾਂ ਦੇ ਸੁੰਦਰ ਦੀਦਾਰੇ, ਸਾਨੂੰ ਅਚਨਚੇਤੀ ਹੀ ਪ੍ਰਾਪਤ ਹੋ ਗਏ ਨੇ, ਅਸੀਂ ਸਤਿਗੁਰੂ ਦੇ ਸਿਖਾਂ ਦਾ ਕਿਸ ਢੰਗ ਨਾਲ ਸਤਕਾਰ ਕਰੀਏ। ਇਸ ਰੰਗ ਰੰਗੀਲੀ ਸੰਗਤ ਵਿਚ ਇਹ ਚਾਰੇ ਅਕਾਸ਼ੋਂ ਉਤਰੇ ਹੰਸ ਪ੍ਰਤੀਤ ਪਏ ਹੋਂਦੇ ਨੇ। ਮੈਂ ਤਾਂ ਇਹਨਾਂ ਸਿੰਘਾਂ ਦੇ ਦਰਸ਼ਨ ਕਰਕੇ ਸੁਧ ਬੁਧ ਵੀ ਖੋ ਬੈਠਾ ਆਂ, ਮੈਨੂੰ ਸਮਝ ਨਹੀਂ ਆ ਰਹੀ ਮੈਂ ਇਹਨਾਂ ਮੇਰੇ ਸਤਿਗੁਰੂ ਦੇ ਪਿਆਰਿਆਂ ਨੂੰ ਬਿਠਾਵਾਂ ਤਾਂ ਬਿਠਾਵਾਂ ਕਿਥੇ ਜੇ ਮੈਂ ਇਨ੍ਹਾਂ ਨੂੰ ਸਟੇਜ ਤੇ ਬੈਠਾਂਦਾਂ ਹਾਂ ਤਾਂ ਕੀਰਤਨ ਕਰਦਿਆਂ ਇਹਨਾਂ ਵਲ ਮੇਰੀ ਕੰਡ ਹੋ ਜਾਇਗੀ। ਮੈਨੂੰ ਇਹਨਾਂ ਦੇ ਦਰਸ਼ਨ ਨਹੀਂ ਹੋ ਸਕਣਗੇ। ਜੇ ਮੈ ਇਹਨਾਂ ਨੂੰ ਆਪਣੇ ਸਾਹਮਣੇ ਬਿਠਾਂਦਾ ਹਾਂ ਤਾਂ ਇਹ ਮੇਰੇ ਨਾਲੋਂ ਨੀਵੇਂ ਥਾਂ ਬੈਠਣਗੇ ਤਾਂ ਫਿਰ ਇਹਨਾਂ ਦੀ ਨਿਰਾਦਰੀ ਹੋ ਜਾਇਗੀ। ਜਿਹੜੀ ਮੈਂ ਜਹਾਰ ਨਹੀ ਸਕਦਾ। ਮਸਤੀ ਵਿਚ ਸਜੇ ਖਬੇ ਸਿਰ ਮਾਰਦਿਆਂ ਕਹਿਣ ਲਗੇ ਮੈਨੂੰ ਹੋਰ ਤੇ ਕੁਝ ਸੁਝਦਾ ਨਹੀਂ। ਮੇਰਾ ਜੀ ਕਰਦਾ ਏ ਇਹ ਮੇਰੇ ਸਾਹਮਣੇ ਈ ਖੜੇ ਰਹਿਣ ਤੇ ਮੈਂ ਇਹਨਾਂ ਵਿਚ ਆਪਣੇ ਸਤਿਗੁਰ ਦੇ ਦਰਸ਼ਨ ਕਰਦਾ ਰਵਾਂ।

ਏਨੇ ਚਿਰ ਨੂੰ ਸੰਗਤ ਨੇ ਸਾਨੂੰ ਸਟੇਜ ਦੇ ਸਾਹਮਣੇ ਈ ਬੈਠਣ ਵਾਸਤੇ ਜਗਾ ਦੇ ਦਿਤੀ ਤੇ ਅਸੀ ਬੈਠ ਗਏ। ਕੀਰਤਨ ਫਿਰ ਸ਼ੁਰੂ ਹੋਇਆ, ਅਗਲੀ ਪੌੜੀ ਦਾ ਭਰਪੂਰ ਮਸਤੀ ਨਾਲ ਕੀਰਤਨ ਕਰਕੇ ਜਥੇਦਾਰ ਜੀ ਨੇ ਭੋਗ ਪਾ ਦਿਤਾ। ਅਰਦਾਸ ਬਾਦ ਬੜੀ ਸ਼ਾਂਤੀ ਨਾਲ ਕੜਾਹ ਪ੍ਰਸ਼ਾਦ ਵਰਤਿਆ। ਸਾਨੂੰ ਉਚੇਚ ਕਰਕੇ ਦੋਹਰਾ ਵਰਤਾਰਾ ਛਕਣ ਵਾਸਤੇ ਮਜਬੂਰ ਕੀਤਾ ਗਿਆ। ਏਨੇ ਚਿਰ ਨੂੰ ਸੰਤ ਜੀ ਦੇ ਇਸ਼ਾਰੇ ਨਾਲ ਇਕ ਸੇਵਕ ਇਕ ਝੋਲਾ ਲੈ ਕੇ ਹਾਜਰ ਹੋਇਆ, ਜਥੇਦਾਰ ਸੰਤ ਜੀ ਨੇ ਸਟੇਜ ਤੋ ਉਤਰ ਕੇ ਪ੍ਰਸਪਰ ਸਾਡੀ ਚਰਨੀ ਹੱਥ ਲਾਇਆ ਤੇ ਸਾਡੇ ਨਾਂਹ ਨਾਂਹ ਕਰਦਿਆਂ ਵੀ ਕੈਮਰਿਆਂ ਦੀ ਲਿਸ਼ਕੋਰ ਵਿਚ ਸਾਨੂੰ ਚੋਹਾਂ ਨੂੰ ਵਾਰੀ ਵਾਰੀ ਗੂੜੇ ਬਸੰਤੀ ਪਰਨਿਆਂ ਦੇ ਰੂਪ ਚ ਸਰੋਪੇ ਭੇਟ ਕੀਤੇ ਗਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁਖ ਸਾਂਦ ਪੁਛੀ ਗਈ, ਘੜੀ ਮੁੜੀ ਸਾਡੇ ਵਿਚਕਾਰ ਖਲੋ ਕੇ ਫੋਟੋ ਖਿਚਵਾਈਆਂ। ਸਾਰੀ ਸੰਗਤ ਜਿਨਾਂ ਨੂੰ ਨਮਸਕਾਰ ਕਰਨ ਲਈ ਉਤਾਵਲੀ ਸੀ, ਉਹਨਾਂ ਨੂੰ ਸਾਡੀ ਪੈਰੀਂ ਪੈਂਦਿਆਂ ਤੇ ਸਾਡੇ ਨਾਲ ਬਗਲਗੀਰ ਹੋਂਦਿਆਂ ਵੇਖ ਵੇਖ ਉਹ ਹੈਰਾਨ ਹੋਈ ਜਾ ਰਹੀ ਸੀ। ਫੇਰ ਹੱਥ ਜੋੜ ਕੇ ਬੜੀ ਨਿਮਰਤਾ ਨਾਲ ਲੰਗਰ ਛਕਣ ਦੀ ਅਰਜ ਕੀਤੀ ਗਈ। ਪਰ ਅਸੀਂ ਤਾਂ ਪਹਿਲਾਂ ਈ ਕੜਾਹ ਪ੍ਰਸ਼ਾਦ ਨਾਲ ਉਤੋਂ ਦੀ ਹੋਏ ਪਏ ਸਾਂ।

ਭੀੜ ਵਿਚੋ ਆਪ ਨਾਲ ਹੋ ਕੇ, ਪੰਡਾਲ ਤੋਂ ਦੂਰ ਖੜੋਤੀ ਸਾਡੀ ਕਾਰ ਤਕ ਸਾਨੂੰ ਵਿਦਿਆ ਕਰਨ ਆਏ। ਵਾਰ ਵਾਰ ਧੰਨ ਮੇਰਾ ਸਤਿਗੁਰ ਧੰਨ ਮੇਰੇ ਸਤਿਗੁਰ ਦੇ ਸਿਖ ਜਿਨਾਂ ਸਾਨੂੰ ਦਰਸ਼ਨ ਦੇ ਕੇ ਨਿਵਾਜਿਆ ਕਹਿੰਦੇ, ਏਡੇ ਅਨੋਖੇ ਸਤਿਕਾਰ ਨਾਲ ਬਿਹਬਲ ਹੋਏ ਅਸੀ ਧੰਨ ਸਤਿਗੁਰੂ ਰਾਮ ਸਿੰਘ ਜੀ ਜਿਦੇ ਬਾਣੇ ਨੇ ਸਾਡਾ ਓਪਰੇ ਥਾਂ ਏਨਾਂ ਆਦਰ ਕਰਾਇਆ ਦੀਆਂ ਸਿਫਤਾਂ ਨਾਲ ਸਰਸ਼ਾਰ ਬਾਕੀ ਦਾ ਪੰਧ ਪਲਾ ਚ ਤਹਿ ਕੀਤਾ।

■

ਰਾਮ ਮ੍ਰਿਗਿੰਦ ਆਏ ਤਨਧਾਰੀ

■ ਸੰਤ ਧਿਆਨ ਸਿੰਘ ਕਾਦਰਾਬਾਦੀ

ਅਥ ਉਸਤਤਿ ਸ੍ਰੀ ਸਤਿਗੁਰੂ ਰਾਮ ਸਿੰਘ ਦੀਨ ਦਇਆਲ ਜੀ ਕੀ

ਸ੍ਵੈਯਾ॥

ਸਾਰਦ ਸੇ ਜਿਨ ਕੇ ਗੁਨ ਗਾਵਤ ਸੇਸ ਜਪੈ ਜਿਹ ਨੈ ਤਨ ਨਾਮੂ॥
ਦੇਖ ਕਲੂ ਗਤਿ ਕੋ ਪਤਿ ਸੀਜ ਸੁ ਆਇ ਗਏ ਜਨ ਕੇ ਸੁਖ ਧਾਮੂ।
ਦਾਸਨ ਕੇ ਦੁਖ ਦੋਖਨ ਕੋ ਹਰਿ ਰਾਮ ਸੁਮੱਗ ਦਯੋ ਅਭਿਰਾਮੂ॥
ਕੇਹਰਿ ਧਿਆਨ ਨਮੋ ਲਖ ਤਾਹਿ ਕੋ ਨਾਮ ਰਰੋ ਵਹਿ ਕੋ ਅਠ ਜਾਮੂ॥ ੩੩॥
ਮੈਂ ਗਹਿ ਹੌਂ ਪਗ ਪੰਕਜ ਤੇ ਜਿਨ ਬੋਧ ਦਯੋ ਸਭ ਸੁਧ ਦਈ ਹੈ॥
ਪੂਰਨ ਪਾਵਨ ਪੀਰ ਸਹੀ ਜਨ ਪੀਰਨ ਕਾਟਤ ਬੀਰ ਸਹੀ ਹੈ।
ਕੈ ਹਿੰਦਵਾਨ ਧਰਾ ਧਰਮਾਂ, ਤਮ ਦੂਰ ਥੀਓ ਦਿਰਸਟਾਏ ਨਹੀਂ ਹੈ।
ਮੂਲ ਅਹੈ ਸਭ ਸਾਖ ਤਰੋਵਰ ਸੋ ਗੁਰ ਰਾਮ ਮਿਰਗਿੰਦ ਵਹੀ ਹੈ॥ ੩੪॥
ਕੀਮਤ ਕੌਨ ਕਹੈ ਕਰਣਾ ਨਿਧ ਕੀ ਮਤਿ ਕੀਰ ਕਮੀਨ ਕਵੀ ਕੋ॥
ਕੂਕ ਕਹੀ ਕਵਿਤਾ ਕਈ ਕੋਟਕ ਕਾਲ ਕਮਾਲ ਕਰਯੋ ਰਮਣੀਕੋ॥
ਕੇਸਰ ਸੀ ਕਥਨੀਕ ਸੁਭਾਵ ਕੁਸੁੰਭਵਤੀ ਕੁਸਮੇ ਛਬ ਫੀਕੇ॥
ਕੇਵਲ ਕੰਤ ਕੇ ਦੇਖ ਚਰਿਤਰ ਬੋਲ ਉਠੀ ਸੁਧ ਆਹਿ ਨ ਜੀ ਕੋ॥੩੫॥
ਸੀਸ ਹਰੇ ਦਸ ਸੀ ਸੁਰ ਹੇਤ ਸੁ ਸੂਖ ਬਸਾ ਸਭ ਅਉਧ ਪੁਰਾ ਮੇ॥
ਸਾਵਲ ਸੁੰਦਰ ਸੰਗ ਸਖੀਅਨ ਸਾਪਹਿ ਤਾਰ ਧਰਾ ਗਿਰ ਸਾਮੈ॥
ਸੋ ਕਲਿ ਕੀ ਖਲਤਾ ਦਿਖਕੈ ਗੁਰ ਨਾਨਕ ਗੋਬਿੰਦ ਕੇਹਿਰ ਨਾਮੇ॥
ਪੰਥ ਸਜਾ ਜਿਨ ਸਿੰਘਨ ਕੇ ਪੁਨ ਤੇਰਕ ਇੰਦ ਕੀਓ ਕਤਲਾਮੇ॥ ੩੬॥
ਕਾਜਹਿ ਧਰਮ ਦੀਏ ਜਿਹ ਸੀਸ ਵਾ ਲਾਜ ਰਖੀ ਹਿੰਦਵਾਨ ਸਭੀ ਸੇ॥
ਸਵਾਸਹਿ ਸਵਾਸ ਜਪੋ ਗੁਰ ਭਾਈਓ ਤਾਹਿ ਬਿਸਾਰਹੁ ਨਾਹਿ ਕਬੀ ਸੇ॥
ਸੋ ਦਿਨ ਭੂਲ ਗਯੋ ਮਨ ਰੇ ਗਰਭਾ ਜਠਰਾਗਨਿ ਹੋਤ ਜਬੀ ਸੇ॥
ਤਾਹਿ ਨਿਕਾਲ ਸੁ ਰਾਖ ਦਈ ਬੁਧਿ ਰਾਮ ਮਿਰਗਿੰਦ ਸੋ ਮੀਤ ਤਬੀ ਸੇ॥ ੩੭॥
ਮੂਰਖ ਜਾਹਿ ਕਰੀ ਮਨ ਮੂਰਖ ਤਾਹਿ ਬਿਸਾਰਤ ਲਾਜ ਨ ਐਹੈ॥
ਏ ਮਨੂਆ ਤਨ ਵਾ ਧਨ ਜੋ ਸਭ ਵਾਹਿ ਕੇ ਨਾਮ ਸਦਾ ਅਰਪੈਹੈ॥
ਦੇਵ ਧਰਾ ਧਰਮ ਰਾਖਨ ਕੇ ਹਿਤ ਸੀਸ ਦੀਏ ਵਾ ਬਿਦੇਸ ਸਿਧੈਹੈ॥
ਤਾਂਤੇ ਸੁਨੋ ਮਿਤ ਅਓ ਮਨ ਮੋ ਤੁਮ ਤਾਹਿ ਕੇ ਨਾਮ ਸਦੀਵ ਬਿਕੈਹੈ॥ ੩੮॥
ਸੀਸ ਦੀਏ ਅਰ ਸੀ ਨ ਕਰੀ ਜਿਨ ਸਿਖਨ ਤਾਹਿ ਕੇ ਮੈ ਬਲਿਹਾਰੀ॥
ਗੌ ਹਿਤ ਰੋਇ ਤਨੀਸਹਿ ਕੇ ਜਿਨ ਬੁਚੜ ਮਾਰ ਕੇ ਧੈਨ ਉਬਾਰੀ॥
ਤੇ ਸਿਖ ਵਾ ਗੁਰ ਕੇਹਰਿ ਰਾਮ ਸੁ ਧਿਆਨ ਮਿਰਗਿੰਦ ਕਰੋਰ ਜੁਹਾਰੀ॥
ਗੋਇ ਗਰੀਬਨ ਪਾਲਨ ਕੈ ਹਿਤ ਰਾਮ ਮ੍ਰਿਗਿੰਦ ਅਏ ਤਨ ਧਾਰੀ॥੩੯॥

ਆਈ ਰੁੱਤ ਬਸੰਤ ਸੁਹਾਵਣੀ ਏ

ਸੰਤ ਖਜ਼ਾਨ ਸਿੰਘ 'ਇਨਸਾਫ਼'

ਸਿਰ ਖਿਸਰ ਗਈ ਖ਼ਿਜ਼ਾ ਦੇ ਦਿਨ ਪੁੰਨੇ, ਆਈ ਰੁੱਤ ਬਸੰਤ ਸੁਹਾਵਣੀ ਏ।
ਸੁੰਞੇ ਸਾਂਨ ਬੂਟੇ ਪੱਤੇ ਝੜੇ ਜਿੰਨਾ, ਸਬਜ਼ ਸੋਹਣੀ ਸ਼ਕਲ ਵਟਾਵਣੀ ਏ।
ਡਾਲੇ ਡਾਲ ਕਰੂੰਬਲੀਆਂ ਜਨਮ ਲੈ ਕੇ, ਨਵਜੋਬਨੀ ਚਮਕ ਦਿਖਾਵਣੀ ਏ।
ਐਸੇ ਸਮੇਂ ਸੁੰਦਰ ਰਮਣੀਕ ਅੰਦਰ, ਰਾਮ ਸਿੰਘ ਸਤਿਗੁਰੂ ਦੀ ਆਵਣੀ ਏ।

ਬਨਾਸਪਤੀ ਸਾਰੇ ਜਿੰਨੀ ਵਿਚ ਦੁਨੀਆਂ, ਮਾਨੋਂ ਨਵੀਂ ਪੁਸ਼ਾਕ ਸਜਾਵਣੀ ਏ।
ਰੰਗ ਰੰਗ ਦੇ ਫੁਲਾਂ ਬਹਾਰ ਲਾ ਕੇ, ਖ਼ਾਤਰ ਪਿਆਰੇ ਸੁਗੰਧ ਫੈਲਾਵਣੀ ਏ।
ਰਲ ਮਿਲ ਜਾਣਾ ਸਹੀਆਂ ਬਾਗ ਅੰਦਰ, ਫੁੱਲਾਂ ਟੋਕਰੀ ਭਰ ਲਿਆਵਣੀ ਏ।
ਰਾਮ ਸਿੰਘ ਸਤਿਗੁਰੂ ਦੇ ਬੈਠਣੇ ਨੂੰ, ਸਹਿਤ ਪੁਸ਼ਪਾਂ ਸੇਜ ਵਿਛਾਵਣੀ ਏ।

ਕਿਸੇ ਸ਼ਬਦ ਦਾ ਹਾਰ ਸ਼ਿੰਗਾਰ ਲਾਣਾ, ਕਿਸੇ ਨਾਮ ਰੂਪੀ ਅੰਜਨ ਪਾਵਣੀ ਏ।
ਭੂਖਣ ਪਹਿਰਨੇ ਕਿਸੇ ਪ੍ਰੇਮ ਵਾਲੇ, ਕਿਨ੍ਹੇ ਭਜਨ ਦੀ ਝੜੀ ਲਗਾਵਣੀ ਏ।
ਕਿਧਰੇ ਪਾਠ ਅਖੰਡ ਦੇ ਭੋਗ ਪੈਣੇ, ਕਿਨ੍ਹੇ ਲੰਗਰ ਦੀ ਦੇਗ ਵਰਤਾਵਣੀ ਏ।
ਖੁੱਲੇ ਕੇਸ ਗਲੀਂ ਕਈਆਂ ਭੌਰਿਆਂ ਦੇ, ਹੋਣਾ ਮਸਤ ਨਾ ਸੁਰਤ ਰਹਾਵਣੀ ਏ।

ਕਵੀ ਜਨਾਂ ਤੇ ਵਿਦਿਆਵਾਨ ਕਈਆਂ, ਜਸ ਗੁਰਾਂ ਲਈ ਕਲਮ ਉਠਾਵਣੀ ਏ।
ਧਰਤ ਮਾਤ ਬਸੰਤ ਦਾ ਧਾਰ ਬਾਣਾ, ਜੀ ਆਇਆਂ ਨੂੰ ਮੁੱਖੋਂ ਅਲਾਵਣੀ ਏ।
ਗਊ ਮਾਤ ਨੂੰ ਖੁਸ਼ੀ ਬੇਅੰਤ ਹੋਣੀ, ਰੱਖਕ ਜਿੰਨਾਂ ਦੀ ਜੋਤ ਪ੍ਰਗਟਾਵਣੀ ਏ।
ਭਾਰਤ ਮਾਤ ਜੀ ਕੂਕਦੀ ਚਿਰਾਂ ਦੀ ਨੂੰ, 'ਚੀਨੀ ਵਾਲੇ' ਅਜ਼ਾਦ ਕਰਾਵਣੀ ਏ।

ਬ੍ਰਹਮਾਂ ਵਿਸ਼ਨੂੰ ਵੀ ਚੜ੍ਹ ਅਕਾਸ਼ ਆਕੇ, ਜੈ ਜੈ ਕਾਰ ਦੀ ਗੂੰਜ ਗੂੰਜਾਵਣੀ ਏ।
ਵਰਖਾ ਫੁੱਲਾਂ ਦੀ ਦੇਵਤੇ ਕਰਨ ਆਏ, ਰਾਜੇ ਇੰਦ ਨੇ ਮੇਘ ਬਰਸਾਵਣੀ ਏ।
ਸ਼ੇਸ਼ਨਾਗ ਵੀ ਰਿਹਾ ਉਚਾਰ ਮੁੱਖੋਂ, ਧਰਮ ਮੂਰਤੀ ਜੋਤ ਪ੍ਰਗਟਾਵਣੀ ਏ।
ਹੋਈ ਖੁਸ਼ੀ ਸਾਰੇ ਦੇਵ ਲੋਕ ਅੰਦਰ, ਨਰ ਸਿੰਘਾ ਔ ਤੁਰੀ ਵਜਾਵਨੀ ਏ।

ਤਾੜੀ ਸ਼ਿਵਾ ਦੀ ਖੁਲ੍ਹੀ ਹੈਰਾਨ ਹੋਏ, ਨਾਰਦ ਮੁਨੀ ਵੀ ਬੀਨ ਬਜਾਵਣੀ ਏ।
ਚੀਨੀ-ਵਾਲੇ ਸਤਿਗੁਰੂ ਦੇ ਆਵਨੇ ਦੀ, ਭਿੰਨ ਭਿੰਨ ਕਰ ਖੁਸ਼ੀ ਮਨਾਵਣੀ ਏ।
ਉੱਠੇ ਗੂੰਜ ਅਕਾਸ਼ ਪਤਾਲ ਸਾਰਾ, ਥਿੱਤ ਖਸ਼ਟਮੀਂ ਜਦੋਂ ਲਗਾਵਣੀ ਏ।
ਤੁੱਛ ਬੁਧੀ 'ਇਨਸਾਫ਼' ਇਹ ਚਾਰ ਅੱਖਰ, ਚੀਨੀ ਵਾਲੇ ਦੀ ਭੇਟ ਝੜਾਵਣੀ ਏ।

ਯੁਗ ਪੁਰਸ਼
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ



■ ਜੀਵਨ ਪ੍ਰਕਾਸ਼ 'ਜੀਵਨ'

ਦਿੱਲ ਚਿੱਤਰ ਧਰਮ ਸੈਨਾਨੀ ਦਾ
ਗੁਰੂ ਰਾਮ ਸਿੰਘ ਲਾਸਾਨੀ ਦਾ।

ਮਾਂ ਸਦਾ ਕੌਰ ਦੀ ਦਿਵ ਜੋਤੀ,
ਪਿਤਾ ਜੱਸਾ ਸਿੰਘ ਦੇ ਪ੍ਰਾਣ ਸੀ ਜੋ।
ਸਨ ਪੰਜਨਦ ਪੰਚਵਟੀ ਗੌਰਵ,
ਭਾਰਤ ਮਾਤਾ ਦੀ ਸ਼ਾਨ ਸੀ ਜੋ।

ਨਿਰਾਕਾਰ ਨਿਰੰਜਨ ਦੀ ਪ੍ਰਤਿਮਾ
ਸਾਕਾਰ ਰੂਪ ਕੁਰਬਾਨੀ ਦੇ।
ਕਲਪਾਂਤ ਤਲਕ ਹੀ ਗੂੰਜਣ ਗੇ,
ਸਵਰ ਪਾਵਨ ਅੰਮ੍ਰਿਤ ਬਾਣੀ ਦੇ।

ਅਮਿਟ ਜਿਨ੍ਹਾਂ ਦਾ ਹਰ ਅੱਖਰ,
ਮਹਾਂਕੋਸ਼ ਅਨਸ਼ਵਰ ਭਗਤੀ ਦਾ।
ਮਾਲਾ ਦੇ ਮਣਕਿਆਂ 'ਚੋਂ ਜਿਨ੍ਹਾਂ-
ਸਾਗਰ ਲਹਿਰਾਇਆ ਸ਼ਕਤੀ ਦਾ।

ਬ੍ਰਹਮ ਰੂਪ ਜੋ ਨਰ ਦੇਹ ਅੰਦਰ,
ਸੀ ਆਪਣੇ ਯੁਗ ਦੇ ਯੁਗ ਦ੍ਰਸ਼ਟਾ।
ਸਨ ਪ੍ਰੇਮ ਅਹਿੰਸਾ ਦੀ ਮੂਰਤ,
ਪੁਰਸ਼ੋਤਮ ਸਨ ਜੋ ਯਗ ਸ੍ਰਸ਼ਟਾ।

ਜਿਨ੍ਹਾਂ ਦੀ ਪਦਰਜ ਪਾਰਸ ਬਣ
ਲੋਹੇ ਨੂੰ ਕੰਚਨ ਕਰਦੀ ਸੀ।
ਬਰਫਾਂ ਤੋਂ ਸੀਤਲ ਹਿਰਦੇ ਵਿਚ,
ਬਣ ਜਵਾਲਾ ਸ਼ਕਤੀ ਭਰਦੀ ਸੀ।

ਮਾਲਾ ਨਿਘ ਦੇਂਦੀ ਜਵਾਲਾ ਸੀ,
ਸਨ ਮਣਕੇ ਭੱਖਦੇ ਅੰਗਿਆਰੇ।
ਸ਼ਕਤੀ ਭਗਤੀ ਦਾ ਸੰਗਮ ਸੀ
ਬਦਲਾਂ ਵਿਚ ਬਿਜਲੀ ਲਿਸ਼ਕਾਰੇ।

ਜਿਨਾਂ ਦੇ ਅਣਖੀ ਵੀਰ ਸਿੰਘ,
ਸਨ ਸ਼ਮਾਂ ਵਤਨ ਦੇ ਪਰਵਾਨੇ।
ਜੋ ਰੱਖ ਕੇ ਸੀਸ ਹਥੇਲੀ ਤੇ,
ਕਰਦੇ ਸੀ ਸਿਮਰਨ ਮਸਤਾਨੇ।

ਜਿਨਾਂ ਨੇ ਦੇਸ਼ ਆਜ਼ਾਦੀ ਲਈ,
ਕਰ ਦਿੱਤਾ ਤਨ ਮਨ ਧਨ ਅਰਪਣ।
ਸੀ ਪਰਮ ਪੁਰਖ ਦੇ ਹੁਕਮਾਂ ਦਾ
ਕੀਤਾ ਆਜੀਵਨ ਹੀ ਪਾਲਣ।

ਨਿਸਚੇ ਜਿਨ੍ਹਾਂ ਦੇ ਹਿਰਦੇ ਵਿਚ,
ਦਸਮੇਸ਼ ਪਿਤਾ ਦਾ ਵਾਸਾ ਸੀ।
ਭੈ ਭੀਤ ਇੰਜ ਗੋਰਾ ਸ਼ਾਸਕ ਸੀ,
ਕੀਤਾ ਜਿਉਂ ਕੰਸ ਨੇ ਪਾਸਾ ਸੀ।

ਫੌਜ 'ਚ ਭਰਤੀ ਹੋ ਕੇ ਵੀ,
ਜੋ ਸੌਰੇ ਸੰਤ ਸਿਪਾਹੀ ਸਨ,
ਮਸਤਾਨੇ ਇਨ੍ਹਾਂ ਦੀ ਪਦਰਜ ਦੇ,
ਵਿੱਚ ਫੌਜ ਅਨੇਕ ਅਨੁਯਾਈ ਸਨ।

ਭਵਸਾਗਰ ਦੇ ਵਿਚ ਰਹਿ ਕੇ ਵੀ,
ਛੂਹ ਸਕੀ ਨਾ ਮਮਤਾ ਆਸ਼ਕਤੀ।
ਭਗਤੀ ਜਿਨ੍ਹਾਂ ਦੀ ਸ਼ਕਤੀ ਸੀ,
ਸੀ ਜਿਨ੍ਹਾਂ ਦੀ ਸ਼ਕਤੀ ਭਗਤੀ।

ਭਗਤੀ ਸ਼ਕਤੀ ਦਾ ਸੰਗਮ ਸੀ,
ਨਰ ਦੇਹ ਦੇ ਵਿਚ ਨਾਰਾਇਣ ਸਨ।
ਜਿਨ੍ਹਾਂ ਦੇ ਮਾਲਾ ਦੇ ਮਣਕੇ
ਗਏ ਨੀਲ ਗਗਨ ਦੇ ਤਾਰੇ ਬਣ।

ਝੁਕ ਗਿਆ ਨੀਲਾਂਬੰਰ ਚਰਨਾਂ 'ਤੇ,
ਥਿਰ ਨਾਮ ਗੰਗਾ ਵੀ ਰਹਿ ਨਾ ਸਕੀ।
ਭੈ ਭੀਤ ਪਵਨ ਦੇ ਪ੍ਰਾਣ ਰੁਕੇ,
'ਵੀਣਾ ਪਾਣੀ' ਕੁਝ ਕਹਿ ਨਾ ਸਕੀ।

ਮਿਟ ਚੁਕੇ ਖਾਲਸਾ ਸ਼ਾਸਨ ਦੇ,
ਸੁਫਨੇ ਸਾਕਾਰ ਸੀ ਕਰ ਦਿੱਤੇ।
ਜੁਗ ਜੁਗ ਤੋਂ ਸੁੱਤੇ ਸਿੰਘ ਵੀਰ
ਮੁੜ ਕੇ ਬੇਦਾਰ ਸੀ ਕਰ ਦਿੱਤੇ।

ਸਮਦਰਸ਼ੀ ਸਤਿਗੁਰ ਨੇ ਜਗ ਨੂੰ,
ਦਿੱਤਾ ਸੰਦੇਸ਼ ਸੀ ਸਮਤਾ ਦਾ।
ਜੀਵਤ ਹੀ ਮਰਨ ਸਿਖਲਾਇਆ,
ਪੱਲਾ ਛੁਡਵਾ ਕੇ ਮਮਤਾ ਦਾ।

ਪ੍ਰਤੀਬਿੰਬਤ ਹੋ ਮਨ ਦਰਪਣ ਵਿਚ,
ਨਿਰਾਕਾਰ ਤੋਂ ਸੀ ਸਾਕਾਰ ਬਣੇ।
ਸੁੱਧ ਪ੍ਰੇਮ ਦੇ ਵਿੱਚ ਹਰਿ ਦੇ ਦਰਸ਼ਨ,
ਮਨ ਨਿਰਮਲ ਮੋਖ ਦਾ ਦੁਆਰ ਬਣੇ।

ਕਰ ਕਮਲਾਂ ਵਿੱਚ ਉੱਨ ਦੀ ਮਾਲਾ,
ਤਨ ਤੇ ਸੀ ਚੋਲਾ ਖਾਦੀ ਦਾ।
ਜਿਨ੍ਹਾਂ ਦੇਸ਼ ਦੇ ਵਿਚ ਸਭ ਤੋਂ ਪਹਿਲਾਂ
ਸੀ ਫੂਕਿਆ ਨਾਦ ਆਜ਼ਾਦੀ ਦਾ।

ਜਦੋਂ ਰਾਜੇ ਗੋਰਾਸ਼ਾਹੀ ਨੂੰ,
ਝੁਕ ਝੁਕ ਕੇ ਸਲਾਮਾਂ ਕਰਦੇ ਸੀ।
ਬਣ ਦੇਸ਼ ਧ੍ਰੋਹੀ ਅਧਮ ਨੀਚ,
ਉਨ੍ਹਾਂ ਦਾ ਪਾਣੀ ਭਰਦੇ ਸੀ।

ਸਰਦਾਰ ਬਹਾਦੁਰ ਬਣ ਬਣ ਕੇ,
ਕਰ ਰਹੇ ਹੜੱਪ ਜਗੀਰਾਂ ਸੀ,
ਗੁਲਾਮੀ ਦੀਆਂ ਬਣ ਕੇ ਬੇਗ਼ੈਰਤ,
ਕਰਦੇ ਪੱਕੀਆਂ ਜੰਜ਼ੀਰਾਂ ਸੀ।

ਦਿੱਤੇ ਫੂਕ ਵਿਦੇਸ਼ੀ ਸੀ ਵਸਤਰ,
ਕੂਕਿਆਂ ਪਹਿਨੀ ਸੀ ਖਾਦੀ।
ਰਾਜ ਆਗਿਆ ਦਾ ਕਰ ਉਲੰਘਣ,
ਨਿਕਲੇ ਸੂਰੇ ਲੈਣ ਆਜ਼ਾਦੀ।

ਅੰਗਰੇਜ਼ੀ ਸਿਖਿਆ ਸਦਨਾ ਨੂੰ ਵੀ,
ਦੂਰੋਂ ਹੀ ਕੀਤਾ ਪਰਣਾਮ,
ਜਿਤਨਾ ਸੀ ਸਾਮਾਨ ਵਿਦੇਸੀ,
ਕੀਤਾ ਅੱਗ ਦੀ ਭੇਟ ਤਮਾਮ।

ਈਸ਼ਵਰ ਭਗਤੀ ਦੇ ਸੰਗ ਸੰਗ ਹੀ,
ਸੱਚੇ ਦੇਸ਼ ਪੁਜਾਰੀ ਸਨ।
ਭਾਵੇਂ ਪਰਿਵਾਰ ਸਹਿਤ ਉਨ੍ਹਾਂ ਨੂੰ-
ਸਹਿਣੇ ਪਏ ਸੰਕਟ ਭਾਰੀ ਸਨ।

ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦੇ,
ਕੂਕੇ ਕੱਟੜ ਅਨੁਯਾਈ ਸਨ।
ਸੀ ਵੈਰੀ ਗੋਰਾਸ਼ਾਹੀ ਦੇ,
ਆਜ਼ਾਦੀ ਦੇ ਸ਼ੈਦਾਈ ਸਨ।

ਸਤਿਗੁਰਾਂ ਦੀ ਦੱਸੀ ਰਾਹ ਤੇ ਚਲ,
ਕਰ ਦਿੱਤਾ ਸਭ ਕੁਝ ਕੁਰਬਾਨ।
ਆਪਣੇ ਪਿਆਰੇ ਦੇਸ਼ ਦੀ ਖਾਤਿਰ,
ਅੱਣਖ ਨਾ ਛਡੀ ਵਾਰੇ ਪ੍ਰਾਣ।

ਦਿੱਤਾ ਵਾਰ ਧਰਮ ਲਈ ਸਭ ਕੁਝ
ਉਪਜੀ ਦਿਲ 'ਚੋਂ ਐਸੀ ਹੂਕ।
ਅੰਮ੍ਰਿਤਧਾਰੀ ਕੂਕੇ ਬਣ ਗਏ,
ਇਨਕਲਾਬ ਦੀ ਗੂੰਜੀ ਕੂਕ।

ਆਜ਼ਾਦੀ ਦੀ ਲਹਿਰ 'ਚ ਕੁੱਦ ਪਏ,
ਤਜ ਕੇ ਨਿਜ ਪ੍ਰਾਣਾਂ ਦਾ ਮੋਹ।
ਗੋਰਿਆਂ ਦੀ ਦ੍ਰਿਸ਼ਟੀ ਵਿਚ ਬਣਿਆ,
ਦੇਸ-ਪ੍ਰੇਮ ਕੂਕਾ ਵਿਦ੍ਰੋਹ।

ਗਏ ਜਿਧਰ ਵੀ ਗੋਰਿਆਂ ਦੁਆਰਾ,
ਰਜਵਾਂ ਪ੍ਰਬਲ ਵਿਰੋਧ ਹੋਇਆ।
ਬਣਨ ਲਈ ਕੁੰਦਨ ਤਪ ਭੱਠੀ ਵਿੱਚ,
ਕੰਚਨ ਨੂੰ ਸੀ ਬੋਧ ਹੋਇਆ।

ਭਾਵ ਜਿਨ੍ਹਾਂ ਦੀ ਕੁਰਬਾਨੀ ਦੇ,
ਕਾਲ ਵੀ ਮੱਧਮ ਕਰ ਨਾ ਸਕਿਆ।
ਲਾ ਲਿਆ ਗੋਰੇ ਵੀ ਟਿੱਲ ਪੂਰਾ,
ਜਜ਼ਬਾ ਸ਼ਹੀਦੀ ਮਰ ਨਾ ਸਕਿਆ।

ਸੀ ਜਿਨ੍ਹਾਂ ਦੀ ਮਮਤਾ ਸਮਤਾ ਸੰਗ,
ਸੱਚ ਪ੍ਰੇਮ ਅਹਿੰਸਾਂ ਦੇ ਸਿੰਧੂ।
ਗ਼ੁਲਾਮੀ ਦੀ ਕਾਲੀ ਰਾਤ ਲਈ,
ਅਰਸ਼ਾਂ ਤੇ ਚਮਕੇ ਬਣ ਬਿੰਦੂ।

ਛੁਡਵਾ ਕੇ ਪੂਜਾ ਪੱਥਰਾਂ ਦੀ.
ਰੱਬ ਦਾ ਨਾਮ ਜਪਾਇਆ ਸੀ।
ਜਾਤੀ ਦੇ ਡੁਬਦੇ ਬੇੜੇ ਨੂੰ,
ਬਣ ਨਾਨਕ ਪਾਰ ਲਗਾਇਆ ਸੀ।

ਜਿਨ੍ਹਾਂ ਦੇ ਸੁਣ ਸੁਣ ਜੈਕਾਰੇ,
ਪੰਜਾਬ ਦੀ ਧਰਤੀ ਜਾਗ ਪਈ।
ਅੱਖ ਖੋਲ੍ਹੀ-ਸੁੱਤੀ ਜਵਾਨੀ ਨੇ,
ਬਣ ਰੋਂਸੀ ਫਨੀਅਰ ਨਾਗ ਗਈ।

ਮੁੱਖ ਤੋਪਾਂ ਦੇ ਮੋੜ ਦਿੱਤੇ,
ਜਿਨ੍ਹਾਂ ਦੇ ਵੀਰ ਅਨੁਯਾਈਆਂ ਨੇ।
ਕਿਹਾ ਜੀ ਆਇਆਂ ਸੀ ਗੋਲੀਆਂ ਨੂੰ,
ਸਿਰ ਕਫ਼ਨ ਬੰਨ੍ਹ ਸ਼ੈਦਾਈਆਂ ਨੇ।

ਜਿਨ੍ਹਾਂ ਦੇਸ਼ ਦੇ ਹਰ ਕਿਣਕੇ ਵਿਚ
ਸੱਚ ਸੁੱਚ ਦਾ ਸੰਚਾਰ ਸੀ ਕੀਤਾ।
ਜਿਨ੍ਹਾਂ ਦੇ ਵੀਰਾਂ ਕੁਰਬਾਨੀ ਦੇ.
ਗਊਆਂ ਦਾ ਉਧਾਰ ਸੀ ਕੀਤਾ।

ਜਿਨ੍ਹਾਂ ਦਾ ਸਹਾਇਕ ਸਤਿਗੁਰੂ ਸੀ,
ਅਗੇ ਲਗੇ ਯੁੱਧ ਮੈਦਾਨਾਂ ਵਿੱਚ।
ਮਰਜੀਵੜੇ ਬਣ ਕੇ ਜੂਝੇ ਜੋ,
ਪਰਲੋ ਰੂਪੀ ਤੂਫਾਨਾਂ ਵਿੱਚ।

ਪਾਪੀ ਤੇ ਜ਼ਾਲਿਮ ਗੋਰੇ ਨੇ,
ਜਦ ਦਿੱਤਾ ਦੇਸ਼ ਨਿਕਾਲਾ ਸੀ।
ਆਪਣੇ ਹੱਥੀਂ ਆਪ ਹੀ ਆਪਣਾ,
ਕਰ ਲੀਤਾ ਮੂੰਹ ਕਾਲਾ ਸੀ।

ਫਿਰ ਪਰਵਾਸੀ ਸੋਹਣੇ ਮਾਹੀ,
ਬੁੱਧ ਸਿੰਘ ਹਰੀ ਸਿੰਘ ਬਣਾਇਆ।
ਦੋ ਸਿੰਘਾਂ ਨੂੰ ਪਰਗਟ ਕਰ ਕੇ.
ਸਦ ਬੁੱਧੀ ਕੌਤਕ ਦਿਖਲਾਇਆ।

ਜਿਨ੍ਹਾਂ ਦੀ ਅਗਵਾਈ ਦੇ ਵਿਚ
ਕੂਕਾ ਲਹਿਰ ਵਧੀ ਤੇ ਫੁੱਲੀ।
ਡੁਬਿਆ ਗੋਰਾ ਸ਼ਾਹੀ ਦਾ ਸੂਰਜ
ਅਰਸ਼ੀ ਜਿਹੀ ਅਨ੍ਹੇਰੀ ਝੁਲੀ।

ਕੀਤੇ ਵਿਕਸਿਤ ਸੁਮਨ ਸੁਗੰਧਿਤ
ਪੰਜ ਨਦ ਉਪਵਨ ਦਾ ਬਣ ਮਾਲੀ।
ਕਥਾ ਸ੍ਰੀ ਭੈਣੀ ਸਾਹਿਬ ਦੀ,
ਕਥਾ ਲਹੂ ਲਿਬੜੀ ਲਿਖ ਡਾਲੀ।

ਮੁਖੜੇ ਤੇ ਰੱਖੀ ਲਾਲੀ ਏ,
ਗਲ ਸੁੰਦਰ ਸਿਮਰਨ ਮਾਲਾ ਏ।
ਇਹ ਸੱਚਾ ਸੰਤ ਸਿਪਾਹੀ ਏ,
ਇਹ ਵਾਲੀ ਚੀਨੀ ਵਾਲਾ ਏ।

ਜਿਸ ਦੇ ਵੀਰ ਰਸੀ ਨਗਮੇਂ,
ਭੈਣੀ ਦੀ ਧਰਤੀ ਗਾਉਂਦੀ ਏ।
ਸਹਰਸ਼ ਜਿਨ੍ਹਾਂ ਦੇ ਚਰਣਾਂ ਤੇ,
ਮੁਕਤੀ ਵੀ ਸੀਸ ਝੁਕਾਉਂਦੀ ਏ।

ਗੁਣ ਗਾਨ ਨਾ ਮੈਥੋਂ ਹੋ ਸਕਦਾ,
ਇਨ੍ਹਾਂ ਦੀ ਅੰਮ੍ਰਿਤ ਬਾਣੀ ਦਾ।
ਦਿੱਲ ਚਿੱਤਰ ਹੈ ਧਰਮ ਸੇਨਾਨੀ ਦਾ,
ਸਤਿਗੁਰ ਰਾਮ ਸਿੰਘ ਲਾਸਾਨੀ ਦਾ।

■

BEANT KAUR

SRI SATGURU RAM SINGH JI

THE STATE OF AFFAIRS IN INDIA- When Sri Satguru Ram Singh Ji Was Born-

The circumstances prevalent in the country were miserable and pitiable. The spirit of Sikhism had withered away so much that the Sikhs had recoursed to shaving, smoking and drinking. Scarcely any Sikh recited Gurbani or carried out any religious service. The holy Granth Sahib was neglected and confined to almirahs only. The spirit of nationalism and patriotism was rapidly fading away. Having disposed of the Moghul empire, the Sikhs were now gladly capitulating to the British imperialism. Such was the state of circumstances when Guru Ram Singh appeared on the scene and assumed the responsibility to restore and revitalize the divine spirit of Sikhism.

PIONEER OF FREEDOM MOVEMENT-

Birth : 3rd February 1816 AD on the Basant Panchami, Thursday

Place : Village Raian (Sri Bhaini Sahib) 25 km to the east of Ludhiana.

Father : Baba Jassa Singh Ji

Mother : Mata Sadda Kaur Ji

- Sri Satguru Ram Singh Ji served in Maharaja Ranjit Singh's Army from 1837 to 1845.
- Guru Gaddi from Satguru Balak Singh Ji-1841
- Unfurled his white Triangular flag of freedom & peace at Sri Bhaini Sahib District Ludhiana on 13.4.1857.
- Confinement at Sri Bhaini Sahib 1863-1866
- Baptised the women at Siaar in 1863
- Ist Mass Marriage performed at Khote 3.6.1863
- Ist Satyagreh-Hola Anandpur 1866
- 2nd Satyagreh-Hola Anandpur 19.3.1867.
- 3rd Satyagreh-Hola Anandpur 26.10.1867
- Deportation from Punjab 18.1.1872
- Satguru Ji Shifted from Allahabad Jail to Rangoon Central Jail 16.3.1872
- Shifted to Mergui in Burma 21.9.1880
- Disappeared from Burma Jail 12.1885

IMPORTANT CHARACTERISTICS OF KUKA MOVEMENT

RELIGIOUS-

- Rise before dawn and take bath from head to heel.
- Have faith in God, The almighty.
- Do Meditation and Recite Gur sani.
- Be kind and affectionate to all.
- Wear white and simple dress.
- Be pure in Words, Thoughts and Deeds.

SOCIAL

- Do Not kill female infants.
- Do not lend or borrow money on interest.
- Do not tell lies. Do not steal.
- Do not imbibe tobacco, Alcohal or meat of anykind.
- Minimum age of marriage
- Boys 18 years. Girls 16 years.
- Protect cow and other animals from slaughter.

NON COOPERATION

- Boycott of roads, school, courts, trains, post-offices, clothes, Government-services.

POLITICAL

CIVIL DISOBEDIENCE-NON VIOLENT SATYSGREH

- Ist In March 1866 for Holamohalla functions at Anandpur Sahib.
- 2nd 19-3-1867 - Hola Mohalla Anandpur Sahib
- 3rd 26-10-1867 - For Deepmala functions at Amritsar.

FOREIGN LINKS

- Kukas created powerful contacts with the Rajas of Kashmir and Nepal to enlist their support for the Noble cause. They sent their emmissaries to Russia during the second Afghan war. The names of Kukas and Russian agents were Gurcharan Singh, Ram Charan Tora, Narain Dass, Maya and

Shanker Rai. By the year 1883, the Kukas and the Russians had fixed between themselves the pass word, 'Red' and 'White'.

SUBAS OF SATGURU RAM SINGH JI

Satguru Ram Singh ji had segregated the entire Punjab into 22 subas under the charge of one suba & his deputy in each case.

- Suba Jawar Singh Ji	- Suba Bhagwan Singh Ji
- Suba Kahn Singh Ji	- Suba Raja Singh Ji
- Suba Sopodh Singh Ji	- Suba Malook Singh Ji
- Suba Lakha Singh Ji	- Suba Jota Singh Ji
- Suba Roor Singh Ji	- Suba Khajan Singh Ji
- Suba Sumookh Singh Ji	- Suba Narain Singh Ji
- Suba Jamit Singh Ji	- Suba Samund Singh Ji
- Suba Giani Singh Ji	- Suba Pahara Singh ji
- Suba Maan Singh Ji	- Suba Khushal Singh ji
- Suba Brahma Singh Ji	- Suba Gopal Singh Ji

COW PROTECTION

KUKA MASSACRE AT AMRITSAR 15.9:1871

- Sant Lehna Singh Ji Amritsar
- Sant Fateh Singh Ji Amritsar
- Sant Hakam Singh Ji Amritswar
- Sant Beehla Singh Ji Lahore

LIFE IMPRISONMENT (KALA PANI) TO 3 KUKAS

- Sant Lehna Singh Ji S/o Mussada Singh
- Sant Lehna Singh Ji S/o Bulaka Singh
- Sant Lall Singh Ji.

KUKA MASSACRE AT RAIKOT 15.7.1871

- *3 Kukas Hanged on 5.8.1871*
  1. Sant Mastan Singh Ji
  2. Sant Mangal Singh Ji
  3. Sant Gurmukh Singh Ji

KUKAS HANGED AT LUDHIANA ON 26.11.1871

1. Suba Giani Singh Ji
2. Sant Rattan Singh Ji

KUKA MASSACRE AT MALERKOTLA 15.1.1872

- Died at Malaud on 14.1.1872- 2
- Died on the spot at Malerkotla 15.1.1872- 7
- Injured and died on 15.1.1872- 1
- Namdharis blown by canons on 17.1.1872- 49
- Cut to pieces (Bishan Singh) on 17.1.1872
- Blown by canons on 18.1.1872 - 16
- Given life imprisonment (Kalapani) And died their. - 4 **Total = 80**
- Satguru Ram Singh Ji's Farewell to his Grief-Stricken Followers 17.1.1872
- Satguru Ram Singh Ji was taken to (Allahabad) from Ludhiana Junction by Train 1872

EXTRACTS FROM KUKA DOCUMENTS-

Document VLI by J.M. Macnabb Dated 4.11.1871

I see in the earlier papers that Ram Singh was looked upon As a successor or actual reembodiment of Guru Nanak the Saint. He is now Representative of Govind Singh, the Warrior.

FROM OLD RECORDS

The Subas I have seen are young, daring looking men. The Kukas I have seen are with a few exceptions, as observed, I think by Mr. C.P.Elliot, remarkable for their powerful frames.

LUDHIANA DISTRICT GAZETTEER 1904 RG 30

The truth is that it is not possible for a kuka to be a loyal subject of the British government.

NETA JI SUBHASH CHANDRA BOSE SAID

"Under the banner of freedom given unto the Indians by Satguru Ram Singh Ji, the sacrifices done by the Namdharis will be a matter of great pride for the Indians. Once again the Indians are to be tested for their love for the motherland. The Namdharis experienced for three quarters of a century for their peaceful Non-cooperation movement are expected to carry forward the banner of freedom in the forefront and will encourage their country men for sacrifice. Guru Ram Singh Ji is the first leader of the peaceful Non-cooperation movement in India."

DR. RAJENDRA PRASAD SAID IN 1935

"In fact, it is a historical cooperation and Swadeshi movement which was started by Satguru Ram Singh shook the very foundations of British rule in India and with the help of this instrument Mahatma Gandhi was ultimately able to remove the fetters of slavery from India."

"I maintain friendship only with those who devote themselves, whoever they may be. To worship and prayer."

The Sikh is told on the day of baptism first embrace death disposessing all worldly ambition -the false pride then come to me (Guru Gobind Singh)

WE WANT SWARAJ

A beautiful account of the high spirit that animated the Kuka prisoners on the eve of their deaths is found in the "Satgur Bilas".

The blue eyed farangi said to Hira Singh, "Why have you created disturbance?"

Hira Singh replied, "We do not want the farangi Raj. We want our own brothers' Raj. Until your raj is ended, we will not cease to create disturbance, we will take heads and give heads, we will not rest until you are expelled from here, we shall be born again and again to destroy your power."

■

AJIT SINGH NAMDHARI

-NAMDHARIS- THE FREEDOM FIGHTERS

Sri Satguru Ram Singh Ji, the master planner of freedom movement in India, founded Namdhari Sect, on 12th April, 1857, at Sri Bhaini Sahib. At that time, India was under the yoke of British Empire. Simultaneously, the people of India were depressed under the evil customs of the society also.

Sri Satguru Ram Singh Ji mobilized the Indian people for the freedom of their country and against evil customs of the society as well. He inculcated religious awareness among the people because it evokes the feelings of self-respect and sacrifices for the sake of the country. In a short period, lakhs of people flocked to him and they became fully aware of their serfdom and bondage.

SOCIAL REFORMS

In the 19th century, killing girl-children in infancy and their sale-purchase was a daily occurrence in India. The main cause behind these pernicious customs was the enormous burden of marriage expenses and illiteracy. Sri Satguru Ram Singh Ji laid emphasis on the education of both boys and girls. He introduced a new expense-less system of mass-marriages which is called "Anand Marriage." The dowry, marriage procession and various other formalities associated with wed-lock were discontinued. The first ever intercaste mass marriages were performed on 3rd June 1863.

Sri Satguru Ram Singh Ji made every effort to give respect and equal status to women in the society. S.Kapoor Singh I.C.S writes in his book 'Sapat Singh'.

"If we set aside all good deeds of Sri Satguru Ram Singh Ji one side which he preached for the enhancement of whole mankind and the country, only his preaching for providing equal rights for men and women in the society enlists him among supreme reformers of the world"

NON CO-OPERATION MOVEMENT

Sri Satguru Ram Singh Ji was the pioneer and first in the world history who ever used Non Co-operation as a weapon to free his country from the yokes of British Empire. It was much earlier than Mahatma Gandhi even talked of it. Dr. Rajinder Prasad, the first President of India, wrote in 1935.

"Guru Ram Singh believed in the political freedom as part of religion. The organisation of the Namdhari Sikhs became considerably strong. The movement of Boycott and Non Co-operation, which Mahatma Gandhi later started so vigorously in our times was preached by Guru Ram Singh 50 years ago as a cult for the Namdharis.

1. Boycott of Government services.
2. Boycott of educational institutions opened by British.
3. Boycott of law-courts started by the British.
4. Boycott of foreign goods.
5. Refusal to obey and resistance to the laws & orders which one's conscience abhors."

Sri Satguru Ram Singh Ji organised his own postal system. Diplomatic relations were established with native states & neighbouring countries such as Nepal, Afghanistan & Russia etc. In 1869-70, a separate regiment "Kooka Platoon" was created in Kashmir State.

Col. R.C. Lawrance C.B., British residence at Nepal, mentioned in his letter dt. 27.11.1971.

"His excellency (Sir Jung Bahadur) appeared to have been impressed with a sense of strength & standing they (Kooka) had already obtained in the country". He further remarked "They (Kooka) would probably prove a source of trouble to the British Government".

SACRIFICES

To consolidate their power, the Britishers had adopted the policy of dividing the population on religion and communal basis. They first issued orders that " No one should be allowed to interfere with the customs practiced by his neighbour which that neighbours' religion either enjoins or permits. " Then Muslims were allowed to practice cow–killing. This was totally against the religious practices and sentiments of Hindus and Sikhs. Namdhari sikhs recognized the policy of British Government.

Namdharis revolted against the British rule. Namdhari Sikhs raided the slaughter house at Amritsar on 15th June 1871 and then Rajkot on 15th July 1871. The British government reacted quickly. It could not arrest the real persons who had raided the slaughter houses. As per British Govt. document No. 1060, dated 10.9.1871

"No evidence was available in the case till on the orders of Guru Ram Singh, the real culprits (Namdhari) presented themselves before the judge".

Three Namdharis were hanged on 5th August, 1871, at Raikot, Four Namdharis at Amritsar on 15th of September 1871 and Two Namdharis at Ludhiana on 26th November, 1871.

Under the leadership of S. Hira Singh and S. Lehna Singh, Namdhari sikhs attacked Malerkotla on 15th January, 1872. There was fierce fighting. The Kukas fought bravely, persons from both the sides were killed. S. Hira Singh also lost his left arm. In the evening, this group of Namdharis went to village Rarh S. Hira Singh addressed the group, " We had achieved our target. We have conveyed our feelings to the British Government that now the Indians had woken up. They would neither tolerate foreign rule nor allow anyone to hurt their religious sentiments and self respect. "Then all of them resolved to surrender before the authority. At that time the ruler of Malerkotla State was a minor. Mr. Cowen was working as a superintendent of the Council of Administration. He immediately sent the force to bring all the arrested Namdharis revolutionists to Malerkotla parade ground. He had fixed nine cannons from neighbouring state. He had made up his mind to blow all the Namdharies with cannons who had attacked Malerkotla. It was the evening of 17th January 1871, when the brave Namdharis reached the parade gound of Malerkotla. Now a days this gound is known as "Kukian da Saheedi Rakkar".

Mr. Cowen conducted no trial. Even the name of persons were not recorded. He immediately ordered to tie the rebels to the cannon's barrel. But the Namdharis refused saying "They would come and face the cannons afront themselves turn by turn." Once again Mr. Cowen proposed them to stand with their backs to the cannons. But again the Kukas replied that only the cowards die a death by receiving the shots on their backs. They would die a brave death by getting the shots in their chest. Before ordering to shoot. Mr. Cowen questioned group leader S. Hira Singh, 'Why they had attacked Malerkotla'?

S. Hira Singh replied very firmly and boldly, "They want rule of their own brothers......................Your justice is just a lie. Your death and downfall is near..........................We shall be born again, hold the sword in own hands and wage a war which will destroy your rule."

Seven connons were set to fire & seven brave Namdhari Sikhs were blown up. Seven times the seven Cannons were set to fire and all the times seven Namdharis i.e. 49 in total bestowed their lives for the Independence of India. A young boy of twelve, Bishan Singh was asked by Mr. & Mrs. Cown to renunciate Guru Ram Singh Ji and Namdharism to save his life. As soon as Bishan Singh heard these words which insulted his master his eyes became balls of fire like a lion with a leap he pointed on Mr . Cowen and caught hold of his beared and pulled it so hard that Mr. Cowen's life was put in danger Mr. Cowen wrote about this incident later as follows.

"One man escaped from the guards and made a furious attack on me, seizing me by the beard

and endeavouring to strangle me and as he was a very powerful man. I had a considerable difficulty in releasing myself."

Mr. Cowen was saved by native officers who cut the hands & head of Bishan Singh with their swords. Next day on 18th January, 16 more Namdharies were blown off with the cannons. On this day, S. Waryam Singh was rather short. He was asked to go back as he had fallen short of cannon range. As a matter of fact he was related to the Maharaja of Patiala, so Waryam Singh,was asked to go back. Waryam Singh ran at once, gathered some pebbles and stones from the nearby fields and erected a small platform. Standing upon it, he challenged the gunman to fire as his height was now at the level with the cannon barrel.

Mr. Henry cotton writes later in his book 'Indian and home memories.'

"These reminiscences of 1872, would be incomplete without some reference to what I can only describe as the massacre of Malerkotla.........for my part I can recall nothing during my service in India more revolting and shocking than these executions."

Actually, it was the only inhuman and illegal action of its kind in the history. The friend of India,' on Ist February 1872, strongly protested and wrote,

"We protest, without waiting for official documents, against the wholesale military execution ordered by Mr. Deputy Commisssioner Cowen".

NAMDHARI SIKHS ARE REBELLIOUS

The Government was waiting since long time for an appropriate opportunity. The government took this occasion of Malerkotla as affording an opportunity for exercising its absolute power for crushing the Namdharis. Satguru Ram Singh Ji and prominent Namdhari Subas were arrested and exiled. The residence of Sri Satguru Ram Singh Ji, now called Gurudwara Sri Bhaini Sahib, was raided by the police. A strong police post was stationed at the main gate of residence of Sri Satguru Ram Singh Ji which remained stationed there for full 50 years. Namdhari Sikhs were ordered not to hold meeting and leave place of residence without informing the police or village head. More than five Namdhari Sikhs could not assemble at a place. The whole Namdhari Community was treated like rebellious. Hundred of Namdhari Sikhs were sent to jails or deported to Andemann. But Namdharis were undaunted by rigorous imprisoned life and the prosecution of the police.

They continously fought for the freedom of India under the benign & inspiring guidance of Satguru Hari Singh Ji & Satguru Partap Singh Ji.

In the mean time, Indian National Congress had been organised. Namdhari Sikhs joined hands with the Congress. They organised a number of conferences at various places in Punjab to arouse the people against the Bristish Tyrany. In 1925, the congress started a special campaign from Bradla Hall in Lahore. Namdhari Sikhs participated in this movement fully, stood at the forefront and faced arrest. On 31st Dec. 1929, annual session of Congress was organised in Lahore. Akali leader Baba Kharak Singh advised the Sikhs to boycott the conference. Namdhari Sikhs had not only taken part in the session but also provided free food to every participant.

At State People Conference on 17th Feb. 1939, a great procession was organised in protest of British rule in India. Pt. Nehru was heading this procession. It was Namdharis whose number was impressing the procession. When Netaji Subash Chander Bose organised the Azad Hind Fauj with its centre in Bangkok (Thailand), Namdharis of Thailand helped him all the way.

In 1945, Vavel conference was held in Shimla. All the patriots and political parties participated in the conference. Sri. Satguru Partap Singh Ji also reached Shimla with Namdhari Sikhs. Pt. Nehru asked Sri Satguru Ji, 'What do you want? What are your demands ?' Satguru Partap Singh Ji replied "My want, wish and demand is only India's freedom".

On account of these pioneering efforts & sacrifies of Namdhari Sikhs and all other patriotic forces, India attained independence on 15th august. 1947. Pt Nehru had written in the 'Satyug'

"Sri Satguru Ram Singh Ji played such an important role and put supreme efforts to free India that no Indian can set aside the importance of these great efforts. Congress has achieved sucesses while adopting the path shown by Sri Satguru Ram Singh Ji.

Mrs. Indira Gandhi, the late Prime Minister of India had stated on March 16, 1981.

"Our freedom movement gathered strength by attracting every important section of society from every region. The contribution of the Namdhari sect of Sikhs to the movement has been specially significant and unique in its own way." ■

डॉ. भगवान दास निर्मोही, डॉ. धर्मस्वरुप गुप्ता

नामधारी गुरु रामसिंह

भारत का इतिहास वीर पुरुषों और संत - फकीरों की गाथाओं से भरा पड़ा है। भारत पहले स्वतन्त्रता - संग्राम के जहाँ महारानी लक्ष्मीबाई ने अपने देश के लिए आत्म - बलिदान किया, वहाँ पंजाब में इससे पूर्व ही स्वतन्त्रता के युद्ध का बिगुल बज चुका था। पंजाब के सात लाख नामधारियों ने अंग्रज़ी राज्य से छुटकारा पाने के लिए अपने आपको संगठित किया। इतिहास में ये लोग कूका तथा संत खालसा के नाम से प्रसिद्ध हैं। कूका साहसी तथा वीरपूरुष थे। अंग्रेज़ उनकी शक्ति का लोहा मानते थे। इसलिए अंग्रेज़ों ने भयभीत होकर उन्हें समाप्त करने में अपनी पूरी शक्ति लगा दी। अनेक वीर पुरुषों को जेलों में ठूँस दिया। बहुत से नामधारियों को तोपों से उड़ा दिया और कुछ को देश-निकाला दे दिया। जिनके हृदय में देश-भक्ति की लहर दौड़ती है, वे भला कब किसी तूफान से डरते हैं। इसीलिए नामधारियों के मन में देश को स्वतन्त्र करवाने की ज्वाला सदैव धधकती रही। देश की रक्षा की खातिर मर मिटने का पाठ पढ़ाने वाले नामधारियों के नेता गुरु रामसिंह का नाम आज भी बड़ी श्रद्धा से लिया जाता है।

पंजाब के प्रसिद्ध नगर लुधियाना से २३ किलोमीटर की दूरी पर भैणी राईयां गाँव है। इसी गाँव में गुरु रामसिंह का जन्म ३ फरवरी. १८१६ ई. को हुआ। उनके पिता का नाम भाई जस्सा सिंह एंव माता का नाम सदा कौर था। भाई जस्सा सिंह को गाँव वाले लक्खा पुकारते थे। गाँव में वह बढ़ई का काम करता था। रामसिंह अपने माता-पिता की पहली सन्तान होने के कारण अत्यधिक स्नेह के पात्र थे। परिवार के सभी सदस्यों में आपस में बहुत प्रेम था। इनका एक छोटा भाई और एक बहन थी ।

गुरु रामसिंह का बचपन बहुत ही साधारण ढंग से व्यतीत हुआ। उन को शिक्षा के लिए बिलगा गाँव के एक साधु के पास भेजा गया, परन्तु थोड़े समय के बाद ही उन्हें अपने गाँव लौटना पड़ा। उन्होंने गुरमुखी अक्षरों की वर्णमाला का ज्ञान अपनी माँ से ही प्राप्त किया। इनकी माता ने वीरता तथा साहस की कहानियाँ सुना-सुना कर इनके मन में निर्भयता, दृढ़ता तथा श्रद्धा की भावनाएँ कूट-कूट कर भर दी थी।

गुरु रामसिंह के बहनोई काबुल सिंह महाराजा रणजीत सिंह की सेना में थे। गुरु रामसिंह को उन्हों

ने सेना में भर्ती करवा दिया। गुरु रामसिंह के भर्ती होने के लगभग तीन वर्ष बाद महाराजा रणजीत सिंह की मृत्यु हो गई। महाराजा के ही शासनकाल में अनेक सिक्ख सरदार जागीरें प्राप्त कर के बहुत धनी बन गए थे। उन्होंने धार्मिक नियमों को तोड़ डाला था। उनके नैतिक स्तर का पतन हो गया था। वे सामाजिक कुरीतियों में फँस चुके थे। उनकी ऐसी दशा देखकर गुरु रामसिंह ने यह भविष्यवाणी की थी कि यदि ऐसी हालत बनी रही तो शीघ्र ही सिक्ख राज्य का अन्त हो जायेगा। महाराजा की मृत्यु के पश्चात् इनकी भविष्यवाणी पूर्ण रूप से सत्य सिद्ध हुई।

गुरु रामसिंह सैनिक जीवन में भी भगवान् का भजन किया करते थे। सेवा करना इनका व्रत था। इनकी प्रभु के प्रति आस्था तथा भजन संकीर्तन के प्रति लगन देखकर इनके साथी उन्हें भाई रामसिंह के नाम से पुकारने लगे थे। जिस तरह चन्दन के वृक्ष दूसरों को भी अपनी सुगन्ध देता है, उसी तरह इन्होंने अपने साथियों को भी भजन-बन्दगी में लगा दिया। यही कारण था की इनकी रेजीमेंट 'भक्तों की रेजीमेंट' नाम से प्रसिद्ध हो गई।

सन् १८४५ में अंग्रेज़ों एव सिक्ख-सेना में युद्ध हुआ। सिक्ख-सेना की हार हुई। सिक्ख राज्य समाप्त हो गया। अंग्रेज़ों ने अपने राज्य को शक्तिशाली बनाने के लिए अपने आज्ञाकारी पिट्ठुओं को जागीरें तथा सरकारी इमारतों के ठेके देकर अपने आपको बहुत ही शक्तिशाली बना लिया। किन्तु भाई रामसिंह को पंजाब पर अंग्रेज़ों की बढ़ती हुई शक्ति एवं अधिकार अच्छे नहीं लगे। इन्होंने अपने देश-वासियों को जागृति का संदेश देना आरम्भ किया। अपने आपको परतन्त्रता से मुक्त करवाने के लिए अपने अनुयायियों में प्रचार आरभ कर दिया। जिस तरह महात्मा गांधी ने असहयोग आन्दोलन शुरू किया था, उसी प्रकार गुरु रामसिंह ने भी बर्षों पहले नामधारियों के लिए कुछ ऐसे ही नियम बनाए। इन्हीं नियमों के अधीन अंग्रेज़ों द्वारा लाई गई वस्तुओं का बहिष्कार कर दिया; सरकारी स्कूलों में अपने बच्चों को पढ़ाना बंद कर दिया; सरकारी नौकरी के लिए मनाही कर दी; सरकारी अदालतों का बहिष्कार कर दिया तथा विदेश से अंग्रेज़ जो वस्त्र लाते थे, उनका भी बहिष्कार कर दिया।

भारतीयों को अंग्रेज़ी राज्य की दासता से छुटकारा दिलाने के लिए गुरु रामसिंह ने वैशाखी के अवसर पर सामाजिक शिक्षा का प्रचार आरम्भ कर दिया। इन्होंने स्वच्छ रहने, सत्य बोलने और अच्छा कार्य करने की शिक्षा दी। इन्होंने इस बात पर बल दिया कि भारतवासियों को सादा जीवन व्यतीत करना चाहिए। जहाँ इन्होंने परोपकार एवं जनता की सेवा का व्रत लिया, वहाँ सामाजिक कुरीतियों को दूर करने पर भी पूरा बल दिया। हमारे समाज में शादी-विवाह पर वर-वधू दोनों वर्ग अपनी शक्ति से अधिक धन व्यय करते हैं। बहुत बार कर्ज़ लेकर भी वे झूठी शान को बनाए रखने के लिए मजबूर हो जाते हैं। गुरु रामसिंह ने इस सामाजिक बुराई को दूर करने के लिए आनन्द-कार्य में जाति का भेद-भाव मिटा कर सीधे-सादे ढंग से विवाह करवाना शुरू किया। नामधरियों में आज भी यह प्रथा प्रचलित है। इनके विवाह पर केवल सवा रुपया ही खर्च किया जाता है। नामधारी गुरु की उपस्थिति में सैंकड़ों विवाह एक साथ किए जाते हैं। कितना ही अच्छा हो यदि हम समाज में बढ़ रही दहेज प्रथा की कुरीति को गुरु रामसिंह के बताए मार्ग पर चल कर मिटा सकें।

गुरु रामसिंह की शिक्षा से पंजाब के लोग बहुत प्रभावित हुए। लाखों व्यक्ति इनके अनुयायी बन गए। इनका दृढ़ इरादा, साहस और भारत को परतन्त्रता की बेड़ियों से छुड़वाने का जोश देखकर अंग्रेज़ सरकार के पाँवों तले ज़मीन निकल गई। वह इस तरह बौखला उठी कि उसने तरह-तरह के झूठे आरोप लगाकर नामधारियों को अनेक कष्ट दिए, देश-निकाला दिया। परन्तु देश की आज़ादी के दीवाने अपने मार्ग से टस से मस न हुए। वे अपने सामाजिक एवं धार्मिक सुधारों के लिए सदैव दत्तचित रहे। एक बार मलेरकोटला शहर पर देश भक्त और गो रक्षक नामधारियों ने गो हत्या के विरुद्ध हमला किया और बाद में आत्म समर्पण कर दिया। उसमें भाग लेने वाले ६६ नामधारियों को बिना मुकदमा चलाए तोपों से उड़ा दिया गया। अंग्रेज़ सरकार ने मलेरकोटला की घटना का बहाना बना कर गुरु रामसिंह और उनके कुछ अनुयायियों को पंजाब से निष्कासित करके इलाहाबाद भेज दिया। वहाँ से कुछ दिनों के बाद इन्हें रंगून भेज दिया।

मेहनत और देश भक्ति को ही इन्होंने जीवन का आधार माना। इनकी कर्त्तव्य-परायणता हमारे जीवन की सबसे बड़ी सम्पत्ति है।

■

ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਧਾਰਮਿਕ ਆਗੂਆਂ, ਰਾਜਨੀਤਕ ਨੇਤਾਵਾਂ, ਵਿਸ਼ਵ ਵਿਖਿਆਤ ਸੰਗੀਤ ਦੇ ਉਸਤਾਦਾਂ ਅਤੇ ਹੋਰ ਪਤਵੰਤੇ ਵਿਅਕਤੀਆਂ ਨਾਲ

ਟਾਈਟਲ ਸਫਾ 2 ਉਪਰੋਂ ਖਬਿਓਂ ਸੱਜੇ:-

1. ਪ੍ਰਧਾਨ ਮੰਤਰੀ ਨਿਵਾਸ ਵਿਖੇ ਸ੍ਰੀ ਪੀ. ਵੀ. ਨਰਸਿਮਹਾ ਰਾਉ ਜੀ ਨੂੰ ਦਰਸ਼ਨ। ਨਾਲ ਖੜ੍ਹੇ ਹਨ ਸ੍ਰੀ ਰਮੇਸ਼ ਭੰਡਾਰੀ, ਗਵਰਨਰ ਗੋਆ ਅਤੇ ਸੇਠ ਤਰਲੋਕ ਸਿੰਘ ਚਾਵਲਾ।
2. ਬੀਬੀ ਸੋਨੀਆਂ ਗਾਂਧੀ ਨੂੰ ਦਰਸ਼ਨ ਦੇਣ ਸਮੇਂ ਸ੍ਰ. ਹਰਵਿੰਦਰ ਸਿੰਘ ਹੰਸਪਾਲ, ਸੰਤ ਜਗਤਾਰ ਸਿੰਘ ਤੇ ਬੀਬੀ ਸਾਹਿਬ ਕੌਰ ਨਾਲ।
3. ਸ੍ਰੀ ਭੈਣੀ ਸਾਹਿਬ ਵਿਖੇ ਮੁਖ ਮੰਤਰੀ ਪੰਜਾਬ ਸ੍ਰ. ਹਰਚਰਨ ਸਿੰਘ ਬਰਾੜ ਸਤਿਗੁਰੂ ਸਚੇ ਪਾਤਸ਼ਾਹ ਕੋਲੋਂ ਇਕ ਲੱਖ ਰੁਪਈਆ ਹੜ੍ਹ ਪੀੜਤਾਂ ਵਾਸਤੇ ਪ੍ਰਸਾਦਿ ਵਜੋਂ ਪ੍ਰਾਪਤ ਕਰਦੇ ਹੋਏ। ਸ੍ਰ. ਗੁਰਚਰਨ ਸਿੰਘ ਗਾਲਿਬ, ਸ੍ਰ. ਜਗੀਰ ਸਿੰਘ ਦਰਦ ਦੋਨੋਂ ਐਮ. ਪੀ. ਨਜ਼ਰ ਆ ਰਹੇ ਹਨ।
4. ਬੀਬੀ ਸੋਨੀਆਂ ਗਾਂਧੀ ਗ਼ਰੀਬ ਨਿਵਾਜ਼ ਜੀ ਪਾਸੋਂ ਸ਼ਾਲ ਪ੍ਰਾਪਤ ਕਰਨ ਸਮੇਂ।
5. ਪੰਡਤ ਸੁਖ ਰਾਮ ਸੰਚਾਰ ਮੰਤਰੀ ਭਾਰਤ ਸਰਕਾਰ ਅਸ਼ੀਰਵਾਦ ਪ੍ਰਾਪਤ ਕਰ ਰਹੇ ਹਨ।
6. ਰਾਜ ਭਵਨ ਚੰਡੀਗੜ੍ਹ ਵਿਖੇ ਜਨਰਲ ਬੀ. ਕੇ. ਐਨ. ਛਿੱਬਰ ਗਵਰਨਰ ਪੰਜਾਬ ਨਾਲ।
7. ਸ੍ਰੀ ਨਰ ਬਹਾਦੁਰ ਭੰਡਾਰੀ ਮੁਖ ਮੰਤਰੀ ਸਿੱਕਮ ਆਪ ਦੇ ਦਰਸ਼ਨ ਕਰਦਿਆਂ ਹੋਏ।
8. ਮੁਖ ਮੰਤਰੀ ਚੌਧਰੀ ਭਜਨ ਲਾਲ ਹਰਿਆਣਾ ਦੋਨੋਂ ਹੱਥ ਜੋੜ ਨਮਸ਼ਕਾਰ ਕਰਦੇ ਹੋਏ।
9. ਸ੍ਰੀ ਅਰਜਨ ਸਿੰਘ ਆਪਣੀ ਧਰਮ ਪਤਨੀ ਰਾਣੀ ਸਾਹਿਬਾ ਸਮੇਤ ਆਸ਼ੀਰਵਾਦ ਪ੍ਰਾਪਤ ਕਰਨ ਆਏ।
10. ਮਲੇਰਕੋਟਲੇ ਵਿਖੇ ਬੀਬੀ ਰਾਜਿੰਦਰ ਕੌਰ ਭੱਠਲ ਮੰਤਰੀ ਪੰਜਾਬ ਸਰਕਾਰ ਪਧਾਰੇ।
11. ਬੀਬੀ ਜਸਵੰਤ ਕੌਰ ਧਰਮ ਪਤਨੀ ਸਵਰਗੀ ਮੁੱਖ ਮੰਤਰੀ ਪੰਜਾਬ ਸ੍ਰ. ਬੇਅੰਤ ਸਿੰਘ ਆਪਣੇ ਪ੍ਰਵਾਰ ਸਮੇਤ ਸ੍ਰੀ ਭੈਣੀ ਸਾਹਿਬ ਵਿਖੇ ਸ੍ਰ. ਜੀ ਨਮਿਤ ਪਾਏ ਪਾਠਾਂ ਦੇ ਭੋਗ ਸਮੇਂ।
12. ਸ੍ਰ. ਇੰਦਰ ਸਿੰਘ ਨਾਮਧਾਰੀ ਮੰਤਰੀ ਬਿਹਾਰ ਸਰਕਾਰ ਬਖਸ਼ਿਸ਼ ਵਜੋਂ ਸ੍ਰੀ ਭੈਣੀ ਸਾਹਿਬ ਵਿਖੇ ਸਿਰੋਪਾ ਪ੍ਰਾਪਤ ਕਰਦੇ ਹੋਏ।

ਟਾਈਟਲ ਪੇਜ 3 ਤੇ ਉਪਰੋਂ ਖਬਿਓਂ ਸੱਜੇ:-

1. ਕੁਲਪਤੀ ਡਾਕਟਰ ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲਾ ਵਾਰਾਣਸੀ ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨਾਭਿਨੰਦਨ ਸਮੇਂ।
2. ਸਤਿਗੁਰੂ ਜੀ ਦੇ ਹਜ਼ੂਰ ਪੰਡਤ ਕ੍ਰਿਸ਼ਨ ਮਹਾਰਾਜ ਪ੍ਰਸਿਧ ਤਬਲਾ ਵਾਦਕ ਬਨਾਰਸ ਵਿਖੇ।
3. ਵਿਸ਼ਵ ਵਿਖਿਆਤ ਸਰੋਦ ਵਾਦਕ ਉਸਤਾਦ ਅਮਜਦ ਅਲੀ ਖਾਂ ਸਾਹਿਬ ਸ੍ਰੀ ਸਤਿਗੁਰੂ ਜੀ ਤੋਂ ਚੰਡੀਗੜ੍ਹ ਵਿਖੇ ਬਖਸ਼ਿਸ਼ ਪ੍ਰਾਪਤ ਕਰਦੇ ਹੋਏ।
4. ਸ੍ਰੀ ਸਤਿਗੁਰੂ ਜੀ ਮਿ. ਯਸ਼ੋਕੀ ਅਤੇ ਮਿ. ਕੋਡਾਮਾ, ਕਿਯੋਵਾ ਸੀਡ ਕੰਪਨੀ, ਜਾਪਾਨ, ਨਾਲ ਸ੍ਰੀ ਭੈਣੀ ਸਾਹਿਬ ਵਿਖੇ।
5. ਪ੍ਰਸਿਧ ਕੀਰਤਨੀਏ ਸ੍ਰ. ਗੁਰਚਰਨ ਸਿੰਘ ਅਵਤਾਰ ਸਿੰਘ ਖੁਸ਼ੀਆਂ ਪ੍ਰਾਪਤ ਕਰਦੇ ਹੋਏ।
6. ਸੰਸਾਰ ਪ੍ਰਸਿੱਧ ਨ੍ਰਿਤਕ ਪੰਡਤ ਬਿਰਜੂ ਮਹਾਰਾਜ ਆਪਣੇ ਅਸਥਾਨ ਤੇ ਚਰਨ ਪਵਾ ਕੇ ਕ੍ਰਿਤਗਤਾ ਪ੍ਰਗਟ ਕਰਦੇ ਹੋਏ।
7. ਅਕਾਲੀ ਨੇਤਾ ਜਥੇਦਾਰ ਰਛਪਾਲ ਸਿੰਘ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਦਰਸ਼ਨ ਕਰਨ ਸਮੇਂ।
8. ਸ੍ਰ. ਮਲਕੀਤ ਸਿੰਘ ਦਾਖਾ ਐਮ. ਐਲ. ਏ. ਲੁਧਿਆਣੇ ਸ਼ਹੀਦੀ ਮੇਲੇ ਸਮੇਂ।
9. ਡਾਕਟਰ ਥਾਮਸ ਡੈਫਰਿਨ ਯੂ. ਕੇ. ਦੇ ਪ੍ਰਧਾਨ ਸ੍ਰ. ਰਾਜਿੰਦਰ ਸਿੰਘ ਚਾਨਾ ਦੇ ਨਾਲ ਸ੍ਰੀ ਭੈਣੀ ਸਾਹਿਬ ਦਰਸ਼ਨ ਕਰਨ ਆਏ।
10. ਮਹਾਰਾਜਾ ਫਰੀਦਕੋਟ ਦੇ ਛੋਟੇ ਭਰਾ ਕੰਵਰ ਸਾਹਿਬ ਮਨਜੀਤ ਇੰਦਰ ਸਿੰਘ ਸ੍ਰੀ ਸਤਿਗੁਰੂ ਜੀ ਨਾਲ।
11. ਮਹਾਰਾਜਾ ਨਾਭਾ ਹਿਜ਼ ਹਾਈਨੈਸ ਹਨੂਵੰਤ ਸਿੰਘ ਆਪਣੇ ਪ੍ਰਵਾਰ ਸਮੇਤ ਸਤਿਗੁਰੂ ਜੀ ਦੇ ਹਜ਼ੂਰ।
12. ਸ੍ਰੀ ਸਤਿਗੁਰੂ ਜੀ ਨਾਲ ਬੈਠੇ ਹੋਏ ਮਹਾਰਾਜਾ ਨਾਭਾ ਹਿਜ਼ ਹਾਈਨੈਸ ਹਨੂਵੰਤ ਸਿੰਘ, ਸ੍ਰ. ਭੁਪਿੰਦਰ ਸਿੰਘ ਭੁਰਜੀ, ਰਾਜਮਾਤਾ ਨਾਭਾ ਉਰਮਿਲਾ ਦੇਵੀ ਜੀ ਹੱਥ ਜੋੜੇ ਸਤਿਗੁਰੂ ਜੀ ਨੂੰ ਅਰਜ਼ ਕਰਦੇ ਹੋਏ।
13. ਸ੍ਰੀ ਲਛਮਨ ਦਾਸ ਅਰੋੜਾ ਮੰਤਰੀ ਹਰਿਆਣਾ ਸਰਕਾਰ ਸਿਰਸੇ ਵਿਖੇ ਖੁਸ਼ੀਆਂ ਪ੍ਰਾਪਤ ਕਰਦੇ ਹੋਏ।
14. ਸ੍ਰ. ਹਰਚਰਨ ਸਿੰਘ ਬਰਾੜ ਮੁਖ ਮੰਤਰੀ ਪੰਜਾਬ, ਸ੍ਰੀ ਭੈਣੀ ਸਾਹਿਬ ਵਿਖੇ ਬੈਂਕੋਕ ਤੋਂ ਆਏ ਨੌਜਵਾਨਾਂ ਅਤੇ ਬੀਬੀਆਂ ਨਾਲ।

ਟਾਈਟਲ ਪੇਜ 4 ਤੇ ਉਪਰੋਂ ਖਬਿਓਂ ਸੱਜੇ:-

1. ਪੰਜੋਖੜੇ ਵਿਖੇ ਅਯੋਜਿਤ ਪਹਿਲੀ ਸਰਬਤ ਦਾ ਭਲਾ ਵਿਸ਼ਵ ਕਾਨਫਰੰਸ ਨੂੰ ਸ੍ਰੀ ਸਤਿਗੁਰੂ ਜੀ ਸੰਬੋਧਨ ਕਰ ਰਹੇ ਹਨ। ਸਟੇਜ ਤੇ ਭਾਈ ਸਾਹਿਬ ਭਾਈ ਜਸਬੀਰ ਸਿੰਘ ਰੋਡੇ, ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਅਤੇ ਬਾਬਾ ਸੁੱਚਾ ਸਿੰਘ ਜਵੱਦੀ ਕਲਾਂ।
2. ਗਿਆਨੀ ਜ਼ੈਲ ਸਿੰਘ ਜੀ ਦੇ ਵਰ੍ਹੀਣੇ ਦੇ ਭੋਗ ਸਮੇਂ ਪਿੰਡ ਸੰਧਵਾਂ ਜ਼ੈਲ ਸਿੰਘ (ਫਰੀਦਕੋਟ) ਵਿਖੇ, ਸਟੇਜ ਤੇ ਵਿਸ਼ੇਸ਼ ਪਤਵੰਤਿਆਂ ਵਿੱਚ, ਮਹੰਤ ਤੀਰਥ ਸਿੰਘ, ਸ੍ਰ. ਪ੍ਰਕਾਸ਼ ਸਿੰਘ ਬਾਦਲ।
3. ਡਬਵਾਲੀ ਅਗਨੀ ਕਾਂਡ ਵਿੱਚ ਚਲਾਣਾ ਕੀਤੇ ਸਰੀਰਾਂ ਨਮਿਤ ੨੦ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦਾ ਪ੍ਰਕਾਸ਼। ਪ੩੫ ਪਾਠਾਂ ਦੇ ਭੋਗ ਪਾਏ ਗਏ।
4. ਸਿੰਘ ਸਾਹਿਬ ਯੋਗੀ ਹਰਭਜਨ ਸਿੰਘ ਜੀ ਖਾਲਸਾ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਸੰਗਤ ਨੂੰ ਸੰਬੋਧਨ ਕਰ ਰਹੇ ਹਨ।
5. ਵਿਸ਼ਵ ਪ੍ਰਸਿੱਧ ਹਾਕੀ ਖਿਡਾਰੀ ਕਪਤਾਨ ਪ੍ਰਗਟ ਸਿੰਘ ਸਮਰਾਲੇ ਵਿਖੇ ਸਤਿਗੁਰੂ ਜੀ ਤੋਂ ਆਸ਼ੀਰਵਾਦ ਪ੍ਰਾਪਤ ਕਰਦੇ ਹੋਏ।
6. ਸੰਤ ਬਲਬੀਰ ਸਿੰਘ ਜੀ ਨਿਰਮਲੇ ਸਤਿਗੁਰੂ ਜੀ ਪ੍ਰਤੀ ਸ਼ਰਧਾ ਪ੍ਰਗਟ ਕਰ ਰਹੇ ਹਨ।
7. ਸਤਿਗੁਰੂ ਜੀ ਨਿਹੰਗ ਸਿੰਘ ਨੂੰ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਦਿੱਲੀ ਵਿਖੇ ਸਿਰੋਪਾਓ ਬਖਸ਼ਸ਼ ਕਰਦੇ ਹੋਏ।
8. ਸ੍ਰੀ ਭੈਣੀ ਸਾਹਿਬ ਵਿਖੇ ਬੀਬੀ ਹਰਭਜਨ ਕੌਰ ਖਾਲਸਾ (ਸੁਪਤਨੀ ਸਿੰਘ ਸਾਹਿਬ ਯੋਗੀ ਜੀ) ਮਾਤਾ ਚੰਦ ਕੌਰ ਜੀ ਪਾਸੋਂ ਮੋਮੈਂਟੋ ਪ੍ਰਾਪਤ ਕਰਦੇ ਹੋਏ।
9. ਸ੍ਰੀ ਸਤਿਗੁਰੂ ਜੀ ਦਾ ਆਪਣੇ ਡੇਰੇ ਵਿਖੇ ਮਹੰਤ ਓਂਕਾਰ ਸਿੰਘ ਸੰਤ ਪੁਰਾ ਦਿੱਲੀ ਸਵਾਗਤ ਕਰਦੇ ਹੋਏ॥
10. ਰਾਈਆਂ ਮੇਲਾ ਬਸੰਤ ਪੰਚਮੀ ਸਮੇਂ ਜ਼ਿਲਾ ਲੁਧਿਆਣਾ ਦੇ ਕੁਝ ਪਤਵੰਤੇ, ਪੰਚ, ਸਰਪੰਚ, ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੇ ਮੁਖੀ ਮੈਂਬਰ ਸ੍ਰੀ ਸਤਿਗੁਰੂ ਜੀ ਨਾਲ।
11. ਮਹੰਤ ਤੀਰਥ ਸਿੰਘ ਜੀ ਨਮਸਕਾਰ ਕਰਦੇ ਹੋਏ। ਪਿੱਛੇ ਦਿਸ ਰਹੇ ਹਨ ਐਸ. ਐਸ. ਚੰਨੀ ਡਿਪਟੀ ਕਮਿਸ਼ਨਰ ਲੁਧਿਆਣਾ।

ਫੋਟੋਆਂ: *ਐਸ. ਐਚ. ਆਰ. ਸਿੰਘ, ਨਿਸ਼ਾਨ ਸਿੰਘ ਅਤੇ ਗੁਰਮੁਖ ਸਿੰਘ ਦਿੱਲੀ।*



RNI No.55658/93 Delhi
Postal Regd. No. DL-11303/96



THE SATJUG WEEKLY, Namdhari Dharamshala
Ramesh Nagar, New Delhi-110015